

73 ਅਪ੍ਰੈਲ-ਜੂਨ, 2024
ਕਹਾਣੀ ਧਾਰਾ
80/-
ਖੜ੍ਹਾ ਮਕਤਲ 'ਚ ਉਹ ਬੇਬਾਕ ਇਹ ਐਲਾਨ ਕਰਦਾ ਹੈ,
ਕਿ ਮੈਂ ਹੀ ਅਸਲ ਵਾਰਿਸ ਹਾਂ ਇਹ ਸਰਮਦ ਦੀ ਵਿਰਾਸਤ ਦਾ।
-ਅਜੈ ਤਨਵੀਰ
73 ਕਹਾਣੀ ਧਾਰਾ ਅਪ੍ਰੈਲ-ਜੂਨ, 2024

73 ਅਪ੍ਰੈਲ-ਜੂਨ, 2024

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971
ISSN: 2321-4449



e-mail:
kahanidhara@gmail.com
bhagwantrasulpuri@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇੱਕ ਅੰਕ 80/- (ਸਧਾਰਨ ਡਾਕ)
100/-(ਰਜਿ. ਡਾਕ), 10 ਅੰਕ 800/-
10 ਅੰਕ : ਡਾਲਰ 150/ ਪੌਂਡ 120

**ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ**

Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

**ਰੈਫਰੀਡ ਪੈਨਲ / ਸਲਾਹਕਾਰ ਬੋਰਡ**

**ਡਾ. ਸਰਬਜੀਤ ਸਿੰਘ**
ਮੁੱਖੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਡਾ. ਮਨਜਿੰਦਰ ਸਿੰਘ**
ਮੁੱਖੀ, ਪੰਜਾਬੀ ਅਧਿਐਨ ਸਕੂਲ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ

**ਡਾ. ਰਵੀ ਰਵਿੰਦਰ**
ਮੁੱਖੀ, ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ

**ਡਾ. ਕੁਲਦੀਪ ਸਿੰਘ**
ਮੁੱਖੀ, ਪੰਜਾਬੀ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

**ਡਾ. ਗੁਰਮੁੱਖ ਸਿੰਘ**
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਭੀਮ ਇੰਦਰ ਸਿੰਘ**
ਮੁੱਖੀ ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਮੋਹਨ ਸਿੰਘ ਤਿਆਗੀ**
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਯਾਦਵਿੰਦਰ ਸਿੰਘ**
ਪੰਜਾਬੀ ਵਿਭਾਗ,
ਦਿੱਲੀ ਯੂਨੀਵਰਸਿਟੀ, ਦਿੱਲੀ



Title Painting
Pawan Kumar
98154-26869

Account Name
**Bhagwant Rasulpuri**
Account No.: 65089711724
IFS Code: SBIN0050485
State Bank of India
G.T.B. Nagar, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Krihanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ : 10 ਅਪ੍ਰੈਲ, 2024)

# ਕਹਾਣੀ ਧਾਰਾ

*ਅੰਕ:73 ਅਪ੍ਰੈਲ-ਜੂਨ,2024*


**ਸੰਪਾਦਕੀ**

**ਚੰਗੀ ਕਹਾਣੀ ਲੱਭਣ ਵਾਲੀ ਕਸੌਟੀ ਦਾ ਸੰਕਟ**- ਭਗਵੰਤ ਰਸੂਲਪੁਰੀ-2

**ਗੋਸ਼ਟੀ-6**

**ਇਤਿਹਾਸ ਅਤੇ ਸਾਹਿਤ ਦੇ ਆਪਸੀ ਸੰਬੰਧ**- 3

ਮੈਨੇਜਰ ਪਾਂਡੇ, ਰਾਜੇਂਦਰ ਯਾਦਵ, ਪੰਕਜ ਬਿਸ਼ਟ, ਅਰਚਨਾ ਵਰਮਾ ਤੇ ਰਾਮ ਸ਼ਰਨ ਜੋਸ਼ੀ

**ਪੋਲਿਸ਼ ਕਹਾਣੀ**

**ਬੂਜ਼ਨਾ**

**ਮੂਲ ਲੇਖਕ :**

ਆਈਜ਼ਾਕ ਬਸ਼ੇਵਿਸ ਸਿੰਗਰ

**ਉਲਥਾਕਾਰ :**

ਮਕਸੂਦ ਸਾਕਿਬ

**ਲਿੱਪੀਆਂਤਰ :**

ਜੋਗਿੰਦਰ ਪਾਲ ਮਾਨ-27

**ਸ਼ਬਦ ਚਿੱਤਰ**

**ਤੁਰਦੇ-ਫਿਰਦੇ ਚਿਹਰੇ : ਨਰਿੰਦਰ ਬੇਦੀ**

**ਮੂਲ : ਰਜਿੰਦਰ ਸਿੰਘ ਬੇਦੀ**

**ਅਨੁਵਾਦ : ਅਜੈ ਤਨਵੀਰ**-35

**ਸਵੈ ਕਥਨ**

ਚਿੱਟੇ ਕਾਗ਼ਜ਼ ਦੀ ਚੁੱਪ...

**ਬਲੀਜੀਤ**-40

**ਮੇਰਾ ਸਟੱਡੀ ਟੇਬਲ**

**ਭਗਵੰਤ ਰਸੂਲਪੁਰੀ**-154

**ਪੰਜਾਬੀ ਕਹਾਣੀਆਂ**

**ਸੁਪਨੇ ਕੱਚ-ਕਿੱਰਚਾਂ-2**

ਸੁਰਜੀਤ ਕਲਸੀ-43

**ਮਿਰਗ ਛਲ**

ਵਿਪਨ ਗਿੱਲ-54

**ਬਾਬਲ ਹੋਇਆ ਬੇਗਾਨੜਾ**

ਸਵਾਮੀ ਸਰਬਜੀਤ-61

**ਹੈਪੀ ਐਂਡਿੰਗ**

ਭੁਪਿੰਦਰ ਸਿੰਘ ਮਾਨ-81

**ਘਰ**

ਮਨਦੀਪ ਰਿੰਪੀ-89

**ਆਇਤ**

ਗੁਰਪ੍ਰੀਤ ਡੈਨੀ-99

**ਸਮੀਖਿਆ**

**ਸੇਫ਼ਟੀ ਕਿੱਟ** : ਡਾ. ਚੰਦਰ ਪ੍ਰਕਾਸ਼-107

**ਉੱਚੀਆਂ ਆਵਾਜ਼ਾਂ:**

ਡਾ. ਰਮਨਪ੍ਰੀਤ ਕੌਰ-115

**ਕੂੰਜਾਂ:** ਡਾ. ਸੰਦੀਪ ਰਾਣਾ-121

**ਧੁੱਪ ਛਾਂ ਦੇ ਖ਼ਤ:**

ਡਾ. ਜਸਵਿੰਦਰ ਕੌਰ ਬਿੰਦਰਾ-126

**ਮਿੱਟੀ ਦੀ ਚਿੜੀ** : ਡਾ. ਕੁਲਵਿੰਦਰ ਸਿੰਘ-129

**ਸਫ਼ਰ...:** ਡਾ. ਕੁਲਵਿੰਦਰ ਸਿੰਘ-131

**ਓਹਦੀਆਂ ਅੱਖਾਂ 'ਚ ਸੂਰਜ ਹੈ:**

ਐੱਚ. ਐੱਸ. ਡਿੰਪਲ-134

**ਮਸਤ** : ਡਾ. ਪਰਗਟ ਸਿੰਘ ਟਿਵਾਣਾ-138

**ਚਾਲੀ ਦਿਨ:** ਨਿਰੰਜਣ ਬੋਹਾ -142

**ਸੰਵਾਦ**

**ਕਹਾਣੀ ਧਾਰਾ**

ਨਿਰੰਜਣ ਬੋਹਾ-144

ਡਾ. ਬਲਵੀਰ ਕੌਰ ਰੀਹਲ-148

ਡਾ. ਸੰਦੀਪ ਰਾਣਾ-152

ਸੰਪਾਦਕੀ

# ਚੰਗੀ ਕਹਾਣੀ ਲੱਭਣ ਵਾਲੀ ਕਸੌਟੀ ਦਾ ਸੰਕਟ


ਅਜੇ ਅਸੀਂ ਚੰਗੀ ਕਹਾਣੀ ਲੱਭਣ ਵਾਲੀ ਕਸੌਟੀ ਦੀ ਖੋਜ ਕਰਨ ਹੀ ਲੱਗੇ ਹੋਏ ਹਾਂ। ਸਾਡੇ ਚੋਣਕਾਰ ਵਿਦਵਾਨ, ਜਿਊਰੀਆਂ ਦੇ ਮੈਂਬਰ, ਕਹਾਣੀ ਦੇ ਪਾਠਕ ਇਤਿਹਾਸ ਅਤੇ ਨਵੇਂ ਸਮਾਜ ਦਾ ਸਿਰਜਣਾਤਮਿਕ ਬਦਲ ਬਣ ਰਹੀ ਕਹਾਣੀ ਦੇ ਪੱਧਰ ਤੱਕ ਅਜੇ ਪਹੁੰਚ ਨਹੀਂ ਸਕੇ। ਉਦੋਂ ਸਧਾਰਨ ਪੱਧਰ ਦੀਆਂ ਕਹਾਣੀਆਂ ਵਜ਼ਨਦਾਰ ਕਹਾਣੀਆਂ ਵਜੋਂ ਉਭਰਨ ਲੱਗ ਪੈਂਦੀਆਂ ਨੇ ਜਦੋਂ ਵਿਦਵਾਨ ਸਧਾਰਨ ਵਜ਼ਨ ਦੀਆਂ ਕਹਾਣੀਆਂ ਨੂੰ ਵਜ਼ਨਦਾਰ ਸਿੱਧ ਕਰਨ ਲਈ ਸਿਧਾਂਤਕੀ ਘੜਨ ਲੱਗ ਪੈਂਦੇ ਨੇ। ਇਸ ਨਾਲ ਸਧਾਰਨ ਪੱਧਰ ਦੀਆਂ ਕਹਾਣੀਆਂ ਨੂੰ ਵਕਤੀ ਠੁੰਮਣਾ ਤਾਂ ਮਿਲ ਜਾਂਦਾ ਏ ਪਰ ਉਹ ਆਪਣੇ ਸਧਾਰਨਾ 'ਗੁਣਾਂ' ਕਾਰਨ ਕਹਾਣੀ ਦੀ ਸਮਝ ਰੱਖਣ ਵਾਲੇ ਪਾਠਕਾਂ ਦੀਆਂ ਨਜ਼ਰਾਂ ਵਿੱਚੋਂ ਗਿਰ ਜਾਂਦੀਆਂ ਨੇ। ਚੋਣਕਾਰ ਵਿਦਵਾਨਾਂ ਦੀ ਇਸ ਕਿਸਮ ਦੀ ਸਿਧਾਂਤਕੀ ਅਕਸਰ ਹੀ ਕਹਾਣੀਕਾਰਾਂ ਵਿੱਚ ਬੌਧਿਕ ਦਹਿਸ਼ਤ ਪੈਦਾ ਕਰਦੀ ਰਹਿੰਦੀ ਏ। ਬਹੁਤੇ ਕਥਾਕਾਰ ਵਿਦਵਾਨਾਂ ਦੀ ਇਸ ਕਿਸਮ ਦੀ ਸਿਧਾਂਤਕੀ ਦੇ 'ਟ੍ਰੈਪ' ਵਿਚ ਫਸ ਕੇ ਕਹਾਣੀਆਂ ਦੇ 'ਫ੍ਰੇਮ' ਘੜਨ ਲੱਗ ਪੈਂਦੇ ਨੇ। ਕਹਾਣੀਆਂ ਦੇ ਯਥਾਰਥ, ਪੇਸ਼ਕਾਰੀ ਅਤੇ ਕਹਾਣੀ ਦੀ ਵਸਤੂ ਸਥਿਤੀ ਵਿੱਚ ਭਾਵੇਂ ਪੇਤਲਾਪਨ ਹੋਵੇ ਪਰ ਉਨ੍ਹਾਂ ਨੂੰ ਸੰਘਣਾ ਯਥਾਰਥ ਤੇ ਕਮਾਲ ਦੀ ਪੇਸ਼ਕਾਰੀ ਬਣਾ ਕੇ ਪੇਸ਼ ਕੀਤਾ ਜਾਂਦਾ ਏ। ਦੂਜੇ ਪਾਸੇ ਨਿਵੇਕਲੇ ਵਿਸ਼ੇ, ਪ੍ਰੰਪਰਕ ਕਥਾ ਸ਼ਿਲਪ ਨੂੰ 'ਡੈਂਟ' ਪਾਉਣ ਵਾਲੇ ਬਿਰਤਾਂਤ ਵਾਲੀ ਕਹਾਣੀ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਏ। ਬਹੁ ਪਰਤੀ, ਅਛੂਤੀਆਂ ਮਨੋ ਗੁੰਝਲਾ, ਸੰਘਣੇ ਬਿਰਤਾਂਤ ਨਾਲ ਸਿਰਜੀ ਕਹਾਣੀ ਨੂੰ ਵਕਤੀ ਤੌਰ ਉੱਤੇ ਤਾਂ ਹਨੇਰੇ 'ਚ ਸੁੱਟਿਆ ਜਾ ਸਕਦਾ ਏ ਪਰ ਉਹ ਆਪਣੀ ਸ਼ਕਤੀ ਨਾਲ ਉਭਰ ਆਉਂਦੀਆਂ ਰਹੀਆਂ ਨੇ ਤੇ ਆਉਂਦੀਆਂ ਰਹਿਣਗੀਆਂ।

2023 ਦੀਆਂ ਚੰਗੀਆਂ ਕਹਾਣੀਆਂ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਮੇਰੇ ਸਾਹਮਣੇ ਤਿੰਨ ਉਦਾਰਨਾ ਨੇ, ਇਕ ਬਲਦੇਵ ਸਿੰਘ ਧਾਲੀਵਾਲ ਦਾ 2023 ਦੀ ਪੰਜਾਬੀ ਕਹਾਣੀ ਦਾ ਵਿਸ਼ਲੇਸ਼ਣ ਕਰਨ ਵਾਲਾ 'ਨਵਾਂ ਜ਼ਮਾਨਾਂ' ਦਾ ਲੇਖ ਏ, ਦੂਜੀ ਪ੍ਰੇਮ ਮਾਨ ਦੀ ਸੰਪਾਦਕ ਕੀਤੀ ਕਿਤਾਬ 'ਗੱਲਾਂ ਕਰਨ ਕਹਾਣੀਆਂ' ਏ ਤੇ ਤੀਜੀ ਸੁਕੀਰਤ ਵੱਲੋਂ ਸੰਪਾਦਤ ਕਿਤਾਬ '2023 ਦੀਆਂ ਪ੍ਰਤੀਨਿਧ ਕਹਾਣੀਆਂ' ਨੇ। ਬਲਦੇਵ ਧਾਲੀਵਾਲ ਜਿਹੜੀਆਂ ਕਹਾਣੀਆਂ ਨੂੰ ਉੱਤਮ ਕਹਾਣੀਆਂ ਕਹਿ ਕੇ ਇਕ ਸਿਧਾਂਤਕੀ ਘੜਦਾ ਏ ਉਨ੍ਹਾਂ ਕਹਾਣੀਆਂ ਨੂੰ ਪ੍ਰੇਮ ਮਾਨ ਤੇ ਸੁਕੀਰਤ ਮੂਲੋ ਹੀ ਰੱਦ ਕਰਕੇ ਆਪਣੀ ਆਪਣੀ ਪਸੰਦ ਦੀਆਂ ਉੱਤਮ ਕਹਾਣੀਆਂ ਲੈਂਦੇ ਨੇ (ਦੋ-ਤਿੰਨ ਕਹਾਣੀਆਂ ਨੂੰ ਛੱਡ ਕੇ) ਤਿੰਨ੍ਹਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਏ। ਸੂਝਵਾਨ ਕਹਾਣੀ ਦਾ ਪਾਠਕ ਦਵੰਦ ਵਿਚ ਪੈ ਜਾਂਦਾ ਏ। ਬਈ ਅਸੀਂ ਕਿਹਦੀ ਗੱਲ ਮੰਨੀਏ ਤੇ ਕਿਹਦੀ ਰੱਦ ਕਰੀਏ। ਜਸਵਿੰਦਰ ਧਰਮਕੋਟ ਦੀ ਜੋ ਕਹਾਣੀ 'ਮੈਲਾਨਿਨ' ਸਾਲ ਦੀ ਉਤਮ ਕਹਾਣੀ ਚੁਣੀ ਜਾਂਦੀ ਏ (ਸੁਕੀਰਤ ਦੇ ਮੁਤਾਬਿਕ ਚੋਣਕਾਰਾਂ ਵੱਲੋਂ), ਉਸ ਕਹਾਣੀ ਦਾ ਬਲਦੇਵ ਧਾਲੀਵਾਲ ਸਿਰਫ ਨਾਂ ਲਿਖਦਾ ਏ ਤੇ ਪ੍ਰੇਮ ਮਾਨ ਤਾਂ ਉਹ ਕਹਾਣੀ ਨੂੰ ਆਪਣੀ ਸੰਪਾਦਤ ਕਿਤਾਬ ਵਿਚ ਸ਼ਾਮਿਲ ਹੀ ਨਹੀਂ ਕਰਦਾ। ਧਾਲੀਵਾਲ ਜਿਨ੍ਹਾਂ ਕਹਾਣੀਆਂ (ਜਗਜੀਤ ਬਰਾੜ(ਦੋ ਗੁਆਚੇ ਪਿਓ), ਵਿਪਨ ਗਿੱਲ (ਰੰਗ ਤਲਿੱਸਮ), ਸੁਖਪਾਲ ਥਿੰਦ (ਫ਼ਸਲਾ ਦੇ ਫ਼ੈਸਲੇ), ਹਰਮੇਸ਼ ਮਾਲੜੀ (ਹੁਣ ਕੀ ਹੋਇਆ), ਬਲਬੀਰ ਪਰਵਾਨਾ (ਅੱਕ ਦੇ ਫੰਬੇ), ਬਲੀਜੀਤ (ਸਿਰ ਦੇ ਵਾਲ਼), ਗੁਰਮੀਤ ਪਨਾਗ (ਮੁਖਿ ਮਣੀ ਸੋਹੇ), ਭੋਲਾ ਸਿੰਘ ਸੰਘੇੜਾ (ਨਹੀਂ ਪਾਪਾ ਨਹੀਂ) ਨੂੰ ਉਤਮ ਕਹਾਣੀਆਂ ਕਹਿ ਕੇ ਉਨ੍ਹਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਦਾ ਏ ਉਹ ਕਹਾਣੀਆਂ ਨਾ ਤਾਂ ਸੁਕੀਰਤ ਦੀਆਂ 11 ਤੇ ਨਾ ਪ੍ਰੇਮ ਮਾਨ ਦੀਆਂ 10 ਕਹਾਣੀਆਂ ਵਿੱਚ ਆਉਂਦੀਆਂ ਨੇ। ਹੁਣ ਕੀ ਇਨ੍ਹਾਂ ਤਿੰਨਾਂ ਦੀ ਨਿੱਜੀ ਰਾਏ ਕਹੀਏ? ਮਸਲਾ ਇਥੇ ਇਹ ਏ ਕਿ ਆਪੋ ਆਪਣੀ ਨਿੱਜੀ ਪਸੰਦ-ਨਾ ਪਸੰਦ ਸਮੂਹ ਦੀ ਪਸੰਦ ਕਿਵੇਂ ਬਣੇ? ਕੀ ਇਹ ਮਸਲਾ ਭਵਿੱਖ ਤਹਿ ਕਰੇਗਾ? ਕੀ ਚੰਗੀ-ਮਾੜੀ ਰਚਨਾ ਦਾ ਫੈਸਲਾ ਸਮਾਂ ਆਪੇ ਕਰ ਦਿੰਦਾ ਏ?

**- ਭਗਵੰਤ ਰਸੂਲਪੁਰੀ**

ਗੋਸ਼ਟੀ-6


# ਇਤਿਹਾਸ ਅਤੇ ਸਾਹਿਤ ਦੇ ਆਪਸੀ ਸੰਬੰਧ



ਸੁਧੀਰ ਚੰਦਰ


ਮੈਨੇਜਰ ਪਾਂਡੇ


ਰਾਜੇਂਦਰ ਯਾਦਵ

*(ਗੋਸ਼ਟੀ ਵਿੱਚ ਭਾਗ ਲੈਣ ਵਾਲੇ–ਇਤਿਹਾਸਕਾਰ ਸੁਧੀਰ ਚੰਦਰ, ਪ੍ਰਸਿੱਧ ਆਲੋਚਕ ਤੇ ਚਿੰਤਕ ਮੈਨੇਜਰ ਪਾਂਡੇ, ਸਿਰਕੱਢ ਗਲਪਕਾਰ ਤੇ 'ਹੰਸ' ਮੈਗਜ਼ੀਨ ਦੇ ਸਾਬਕਾ ਸੰਪਾਦਕ ਰਾਜੇਂਦਰ ਯਾਦਵ, ਕਥਾਕਾਰ ਤੇ 'ਸਮਯਾਂਤਰ' ਦੇ ਸੰਪਾਦਕ ਪੰਕਜ ਬਿਸ਼ਟ, ਕਥਾਕਾਰ ਤੇ ਸਮੀਖਿਆਕਾਰ ਅਰਚਨਾ ਵਰਮਾ ਤੇ ਸੂਤਰਧਾਰ ਰਾਮਸ਼ਰਨ ਜੋਸ਼ੀ। ਇਤਿਹਾਸ ਅਤੇ ਸਾਹਿਤ ਦੋ ਅਜਿਹੀਆਂ ਧਾਰਵਾਂ ਹਨ ਜਿਨ੍ਹਾਂ ਦਾ ਸੰਬੰਧ ਮਨੁੱਖ ਦੇ ਵਰਤਮਾਨ, ਭਵਿੱਖ ਤੇ ਅਤੀਤ ਨਾਲ ਏ। ਇਤਿਹਾਸ ਅਤੇ ਸਾਹਿਤ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਇਨ੍ਹਾਂ ਵਿਦਵਾਨਾਂ ਨੇ ਕੁਝ ਸਾਲ ਪਹਿਲਾਂ ਇਕ ਗੋਸ਼ਟੀ ਦਿੱਲੀ ਵਿਖੇ ਕੀਤੀ। ਜਿਨ੍ਹਾਂ ਮੁੱਦਿਆਂ ਉੱਤੇ ਇਨ੍ਹਾਂ ਨੇ ਵਿਚਾਰ ਚਰਚਾ ਕੀਤੀ ਉਹ ਮੁੱਦੇ ਪੰਜਾਬੀ ਸਾਹਿਤ ਤੇ ਇਤਿਹਾਸ ਨਾਲ ਵੀ ਸੰਬੰਧ ਰੱਖਦੇ ਨੇ। ਜਿਸ ਕਾਰਨ ਇਸ ਗੋਸ਼ਟੀ ਨੂੰ 'ਕਹਾਣੀ ਧਾਰਾ' ਵਿਚ ਛਾਪਣ ਦੀ ਖੁਸ਼ੀ ਲੈ ਰਿਹਾ ਆ। ਇਤਿਹਾਸ ਸਮਾਜ ਦਾ ਦਸਤਾਵੇਜ਼ੀਕਰਨ ਕਰਦਾ ਏ ਅਤੇ ਸਾਹਿਤ ਸਿਰਜਣਾ ਰਾਹੀਂ ਉਸ ਦਾ* ਪ੍ਰਛਾਵਾਂ ਸਾਹਿਤ ਵਿਚ ਪੈਂਦਾ ਰਹਿੰਦਾ ਏ। ਇਹ ਗੱਲ ਵੀ ਸੋਚਣ ਵਾਲੀ ਏ ਕਿ ਸਾਹਿਤ ਵਿੱਚ ਇਤਿਹਾਸ ਅਤੇ ਇਤਿਹਾਸ ਵਿਚ ਸਾਹਿਤ ਦੇ ਲਈ ਕੋਈ ਸਪੇਸ ਸੰਭਵ ਏ? ਮਿੱਥ ਅਤੇ ਇਤਿਹਾਸ ਦੇ ਸੰਦਰਭ ਵਿਚ ਸਾਹਿਤ ਦੀ ਕਿਸ ਕਿਸਮ ਦੀ ਭੂਮਿਕਾ ਰਹੀ ਏ ਤੇ ਹੁੰਦੀ ਏ। ਇਸ ਵੀ ਵਿਚਾਰਨ ਵਾਲਾ ਮੁੱਦਾ ਏ। ਹਰ ਭਾਸ਼ਾ ਵਿਚ ਬਹੁਤ ਸਾਰੀਆਂ ਅਜਿਹੀਆਂ ਵੱਡੀਆਂ ਰਚਨਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ ਨੇ ਜਿਨ੍ਹਾਂ ਰਾਹੀਂ ਅਸੀਂ ਇਤਿਹਾਸ ਨੂੰ ਸਮਝ ਸਕਦੇ ਹਾਂ ਤੇ ਜੋ ਇਤਿਹਾਸ ਲਿਖਣ ਲਈ ਸਹਾਈ ਹੁੰਦੀਆਂ ਨੇ। **- ਸੰਪਾਦਕ**)


ਪੰਕਜ ਬਿਸ਼ਟ


ਰਾਮਸ਼ਰਨ ਜੋਸ਼ੀ

**ਰਾਮਸ਼ਰਨ ਜੋਸ਼ੀ**-ਮਿਤਰੋ! ਤੁਸੀਂ ਇਸ ਧਾਰਨਾ ਨਾਲ ਕਿੰਨਾ ਕੁ ਸਹਿਮਤ ਹੋ ਕਿ ਜਿੱਥੇ ਸਾਹਿਤ ਸਮਾਜ ਦੇ ਅੰਦਰੂਨੀ ਜਗਤ ਨੂੰ ਪ੍ਰਭਾਸ਼ਤ ਕਰਦਾ ਹੈ, ਉੱਥੇ ਇਤਿਹਾਸ ਇਸਦੇ ਬਾਹਰੀ ਜਗਤ ਨੂੰ ਵਿਓਂਤ ਨਾਲ ਪ੍ਰਗਟਾਉਂਦਾ ਹੈ?

**ਸੁਧੀਰ ਚੰਦਰ**-ਦੇਖੋ! ਮੈਨੂੰ ਤਾਂ ਇਹ ਲੱਗਦਾ ਹੈ ਕਿ ਜਿਸ ਤਰ੍ਹਾਂ ਇਹ ਸਵਾਲ ਰੱਖਿਆ ਗਿਆ ਹੈ, ਹੁਣ ਤੱਕ ਸਾਹਿਤ ਤੇ ਇਤਿਹਾਸ ਕਿਸ ਪ੍ਰਕਾਰ ਰਚਿਆ ਜਾਂਦਾ ਰਿਹਾ ਹੈ, ਮੋਟੀ-ਮੋਟੀ ਇਸ ਉੱਤੇ ਗੱਲ ਹੁੰਦੀ ਹੈ। ਲੇਕਿਨ ਫਿਰ ਵੀ ਸਵਾਲ ਇਹ ਉੱਠਦਾ ਹੈ ਕਿ ਕੀ ਸਾਰਾ ਸਾਹਿਤ ਅਤੇ ਇਤਿਹਾਸ ਆਪਣੇ ਆਪਣੇ ਖੇਤਰ 'ਚ ਕਾਰਜ ਕਰਦਾ ਰਿਹਾ ਹੈ। ਕੀ ਇਹ ਸੰਭਵ ਨਹੀਂ ਹੈ ਕਿ ਇਤਿਹਾਸ ਵੀ ਉਹ ਕਰ ਸਕਣ ਦੀ ਇੱਛਾ ਰੱਖੇ ਜਿਹੜਾ ਸਾਹਿਤ ਹੁਣ ਤੱਕ ਕਰਦਾ ਹੈ, ਮਤਲਬ ਕਿ ਬਾਹਰੀ ਜਗਤ ਤੋਂ ਅੰਦਰੂਨੀ ਜਗਤ ਦੇ ਵੱਲ ਇਤਿਹਾਸ ਨੂੰ ਜਾਣਾ ਪਵੇਗਾ, ਘੁੰਮਣਾ ਹੋਵੇਗਾ ਅਤੇ ਮੈਨੂੰ ਲੱਗਦਾ ਹੈ ਕਿ ਘੱਟ ਤੋਂ ਘੱਟ ਪਿਛਲੇ ਪੰਦਰਾ ਵੀਹ ਸਾਲਾਂ ਤੋਂ ਇਸ ਤਰ੍ਹਾਂ ਦੀ ਕੋਸ਼ਿਸ਼ ਇਤਿਹਾਸਕਾਰਾਂ ਨੇ ਕੀਤੀ ਵੀ ਹੈ। ਮੈਂ ਮੰਨਦਾ ਹਾਂ ਕਿ ਜਿਹੜੇ ਅੰਦਰੂਨੀ ਪਰਦੇ ਹਨ ਉਸਦੀ ਜਾਂਚ-ਪੜਤਾਲ ਕੀਤੀ ਜਾਵੇ, ਖੋਜ ਕੀਤੀ ਜਾਵੇ। ਮੈਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਨਾਲ ਫਰਾਸ਼ ਵਿੱਚ ਇਨਾਲਿਸਟ ਨੇ ਇਸ ਕੰਮ ਨੂੰ ਅੱਗੇ ਵਧਾਇਆ ਸੀ ਕਿ ਸਾਹਿਤ ਦੇ ਵੱਲ ਜਾਇਆ ਜਾਵੇ, ਅੱਜ ਅਨੇਕ ਇਤਿਹਾਸਕਾਰ ਵੀ ਸਾਹਿਤ ਦੇ ਵੱਲ ਜਾ ਰਹੇ ਹਨ, ਮਨੋਵਿਗਿਆਨ ਦੇ ਵੱਲ ਜਾ ਰਹੇ ਹਨ। ਇਕ ਸਾਹਿਤ ਦੀ ਕਿਤਾਬ ਉੱਤੇ ਪੂਰੇ ਇਤਿਹਾਸ ਦੀ ਕਿਤਾਬ ਲਿਖੀ ਜਾ ਸਕਦੀ ਹੈ ਜਾਂ ਇਤਿਹਾਸ ਨੂੰ ਹੀ ਸਾਹਿਤ ਦੀ ਕਿਤਾਬ ਬਣਾਇਆ ਜਾ ਸਕਦਾ ਹੈ।

ਮੈਂ ਇਥੇ ਇਹ ਵੀ ਯਾਦ ਦਵਾਉਣਾ ਚਾਹੁੰਦਾ ਹਾਂ ਕਿ ਫਰਾਸ਼ ਦੇ ਇਤਿਹਾਸਕਾਰ ਇਮਾਨੂੰਏਲ ਨਾਰੂਵਾਲਾ ਲਦੂਰੀ ਦੀ ਪ੍ਰਸਿੱਧ ਪੁਸਤਕ 'ਸਾਂਤਾਇਯੂ' ਇਕ ਛੋਟੇ ਪਿੰਡ ਦੀ ਕਹਾਣੀ ਹੈ। ਕੇਵਲ ਤੀਹ ਸਾਲ ਦੀ ਕਹਾਣੀ। 1290 ਤੋਂ ਲੈ ਕੇ 1330 ਤੱਕ। ਪ੍ਰੰਤੂ ਜਦੋਂ ਤੁਸੀਂ ਇਸ ਕਿਤਾਬ ਨੂੰ ਪੜ੍ਹਦੇ ਹੋ ਤਾਂ ਅੰਗਰੇਜ਼ੀ 'ਚ ਜਿਹੜਾ ਇਸਦਾ ਅਨੁਵਾਦ ਛਪਿਆ ਹੈ ਉਹੀ ਲਗਭਗ 600-625 ਪੰਨਿਆ ਦਾ ਹੈ। ਇਹ ਪੂਰੀ ਦੀ ਪੂਰੀ ਕਿਤਾਬ ਇਕਵੀਜਿਸ਼ਨ ਰਿਕਾਰਡਸ ਉੱਤੇ ਆਧਾਰਿਤ ਹੈ। ਪਰ ਇਸ ਇਕਵੀਜਿਸ਼ਨ ਦੇ ਰਿਕਾਰਡਸ ਨੂੰ ਪੜ੍ਹ ਕੇ ਇਮਾਨੂੰਰੂਲ ਨਾਰੂਵਾਲਾ ਨੇ ਉਸ ਜ਼ਮਾਨੇ ਦੇ ਸਮਾਜ ਦਾ ਅਜਿਹਾ ਚਿੱਤਰ ਖਿੱਚਿਆ ਹੈ ਕਿ ਵੱਡੇ ਵੱਡੇ ਸਾਹਿਤਕਾਰ ਵੀ ਹੈਰਾਨ ਹੋ ਕੇ ਰਹਿ ਜਾਂਦੇ ਹਨ। ਕਿਉਂਕਿ ਜਿਹੜਾ ਚਿੱਤਰ ਖਿੱਚਿਆ ਹੈ, ਉਹ ਕਮਾਲ ਦਾ ਹੈ। ਉਹ ਇਹ ਹੈ ਕਿ ਇਹ ਕਿਤਾਬ ਕੇਵਲ ਤੀਹ ਸਾਲਾਂ ਦੀ ਨਹੀਂ ਰਹਿ ਜਾਂਦੀ ਹੈ, ਕੇਵਲ ਉਸ 'ਚ ਇਕ ਪਿੰਡ ਦਾ ਇਤਿਹਾਸ ਨਹੀਂ ਹੁੰਦਾ। ਨਿਸਚੇ ਹੀ ਇਹ ਮਾਨਵੀ ਨੀਤੀ ਹੈ ਅਤੇ ਸੱਤਾ ਕੀ ਕਰ ਸਕਦੀ ਹੈ ਵਿਅਕਤੀ ਦੇ ਨਾਲ, ਇਨ੍ਹਾਂ ਸਵਾਲਾਂ ਨੂੰ ਇਹ ਉਜਾਗਰ ਕਰਨ ਲੱਗਦੀ ਹੈ। ਉਦੋਂ ਤੁਹਾਨੂੰ ਇਹ ਲੱਗਦਾ ਹੈ ਕਿ ਇਹ ਤਾਂ ਮਾਨਵ ਦੀ ਨੀਤੀ ਦੀ ਕਿਤਾਬ ਹੈ। ਤੁਸੀਂ ਸਰਵੇਂਟ ਸਿਸਟਮ ਵੀ ਉੱਥੇ ਵੇਖ ਸਕਦੇ ਹੋ ਅਤੇ ਡਿਕਟੇਟਰਸਿੱਪ ਵੀ ਦੇਖ ਸਕਦੇ ਹੋ, ਜਿਵੇਂ ਕਿ ਔਰਵਿਲ ਨੇ ਆਪਣੀ 'ਐਨਿਮਲ ਫਾਰਮ' ਨਾਂ ਦੀ ਛੋਟੀ ਜਿਹੀ ਕਿਤਾਬ 'ਚ ਜਿਹੜੀ ਕਮਾਲ ਕੀਤੀ ਹੈ ਉਹ ਇਮਾਨੂੰਏਲ ਦੀ ਕਿਤਾਬ 'ਚ ਲੱਭਦੀ ਹੈ। ਮੈਂ ਤਾਂ ਇਥੋਂ ਤੱਕ ਕਹਿਣ ਨੂੰ ਤਿਆਰ ਹਾਂ ਕਿ ਮੋਨਤਾਯੂ 'ਨੋਬਲ' ਪੁਰਸਕਾਰ ਦੇ ਲਈ ਡਿਜ਼ਰਵ ਕਰਦੀ ਹੈ।

**ਰਾਮਸ਼ਰਮ ਜੋਸ਼ੀ**-ਚਲੋਂ ਇਸ ਵਿਚਾਰ ਚਰਚਾ ਨੂੰ ਅੱਗੇ ਤੋਰੀਏ। ਪਾਂਡੇ ਜੀ, ਤੁਸੀਂ ਇਤਿਹਾਸਕਾਰ ਸੁਧੀਰ ਚੰਦਰ ਜੀ ਦੇ ਵਿਚਾਰ ਸੁਣ ਲਏ ਹਨ। ਤੁਸੀਂ ਇਸ ਨਾਲ ਕਿੱਥੇ ਕੁ ਤੱਕ ਸਹਿਮਤ ਹੋ।

**ਮੈਨੇਜਰ ਪਾਂਡੇ**-ਦੇਖੋ! ਇਨ੍ਹਾਂ ਨਾਲ ਸਹਿਮਤ-ਅਸਹਿਮਤ ਹੋਣਾ ਐਨਾ ਮਹੱਤਵਪੂਰਨ ਨਹੀਂ ਹੈ ਜਿੰਨਾਂ

ਕਿ ਉਨ੍ਹਾਂ ਨੇ ਜੋ ਕੁਝ ਕਿਹਾ ਉਸ ਨਾਲ ਸੰਕੇਤ ਗ੍ਰਹਿਣ ਕਰਨਾ ਹੈ। ਸੁਧੀਰ ਹੁਰਾਂ ਦਾ ਅਸਲ 'ਚ ਮੂਲ ਸਵਾਲ ਇਹ ਹੈ ਕਿ ਪਿਛਲੇ ਤੀਹ-ਚਾਲੀ ਸਾਲਾਂ 'ਚ ਇਤਿਹਾਸ ਦੀ ਧਾਰਨਾ, ਇਤਿਹਾਸ ਦਾ ਸਰੂਪ ਅਤੇ ਇਤਿਹਾਸ ਸੰਬੰਧੀ ਦ੍ਰਿਸ਼ਟੀਕੋਣ 'ਚ ਬਹੁਤ ਪਰਿਵਰਤਨ ਹੋਇਆ ਹੈ। ਇਸ ਲਈ ਇਤਿਹਾਸ ਦੇ ਸੰਬੰਧ 'ਚ ਕੇਵਲ 19 ਵੀਂ ਸਦੀ 'ਚ ਜਿਹੜੀਆਂ ਧਾਰਨਾਵਾਂ ਸਨ, ਉਨ੍ਹਾਂ ਦੇ ਸਬੰਧ 'ਚ ਸੋਚਦੇ ਹੋਏ ਸਾਹਿਤ ਨਾਲ ਸੰਬੰਧ ਤਹਿ ਕਰਾਂਗੇ, ਤਾਂ ਉਹ ਸਵਾਲ ਜਾਇਜ਼ ਹੋਵੇਗਾ। ਜਿਹੜਾ ਤੁਹਾਡਾ ਪਹਿਲਾ ਸਵਾਲ ਹੈ। ਬੀਤੇ ਤੀਹ ਚਾਲੀ ਸਾਲਾਂ 'ਚ ਜਿਸਨੂੰ ਉਤਰ ਆਧੁਨਿਕਵਾਦ ਕਿਹਾ ਜਾਂਦਾ ਹੈ, ਉਸਦੇ ਫ਼ਲਸਰੂਪ ਇਤਿਹਾਸ ਦੀ ਸਮਝ 'ਚ ਬੁਨਿਆਦੀ ਫ਼ਰਕ ਆਇਆ ਹੈ। ਇਤਿਹਾਸ ਦੇ ਇਕ ਦਰਸ਼ਨਿਕ ਹਨ-ਹੇਡੇਨਵਾਇਟ। ਹੇਡੇਨਵਾਇਟ ਨੇ ਸਭ ਤੋਂ ਪਹਿਲਾਂ ਵਿਸਥਾਰ ਨਾਲ ਇਸਦੀ ਸਥਾਪਨਾ ਕੀਤੀ ਸੀ ਕਿ ਇਤਿਹਾਸ ਵੀ ਇਕ ਨੈਰੇਟਿਵ ਹੈ, ਪੇਸ਼ਕਰਤਾ ਹੈ। ਉਤਰ-ਆਧੁਨਿਕਵਾਦ ਦੇ ਕਾਰਨ ਵੀ ਇਤਿਹਾਸ 'ਚ ਕਈ ਮੋੜ ਆਏ ਜਿਸ ਦਾ ਪਹਿਲਾ ਅਹਿਮ ਮੋੜ ਮੰਨਿਆ ਜਾਂਦਾ ਹੈ ਵਰਨਣਕਰਨ ਵਾਲਾ ਮੋੜ। ਉਸ ਨਾਲ ਜੁੜਿਆ ਹੋਇਆ ਹੈ ਦੂਜਾ ਮੋੜ 'ਲਿੰਗਿਵਿਸਟਕ ਟਰਨ'। ਇਤਿਹਾਸ ਨੂੰ ਦੇਖਣ-ਲਿਖਣ ਅਤੇ ਸਮਝਣ 'ਚ ਭਾਸ਼ਾ ਦੀ ਜਿਹੜੀ ਮਹੱਤਵਪੂਰਨ ਭੂਮਿਕਾ ਹੈ, ਉਸ ਉੱਪਰ ਧਿਆਨ ਦੇਣਾ ਹੈ। ਤੀਸਰਾ ਜਿਹੜਾ ਹੈ, ਉਹ ਹੈ 'ਅਸਥੈਟਿਕ ਟਰਨ'। ਭਾਵ ਕਿ ਇਤਿਹਾਸ ਵੀ ਇਕ ਤਰ੍ਹਾਂ ਨਾਲ 'ਅਸਥੈਟਿਕ ਪਲੇਜਰ' ਜਾਂ 'ਅਸਥੈਟਿਕ ਸੈਂਸ' ਦੇ ਸਕਦਾ ਹੈ। ਚੌਥਾ ਮੋੜ ਜਿਹੜਾ ਹੈ, ਉਹ ਬਾਅਦ ਦੇ ਦਿਨਾਂ 'ਚ ਹੋਰ ਆਇਆ ਸੀ, ਇਹ ਉਹ 'ਟੈਕਸਚੁਅਲ ਟਰਨ' ਹੈ, ਮਤਲਬ ਪੜ੍ਹਨ-ਗੁੜਨ ਵਾਲਾ ਮੋੜ। ਖੁਦ ਦੇਰਿਦਾ ਦਾ ਪ੍ਰਸਿੱਧ ਵਾਕ ਹੈ ਜਿਸ ਉੱਪਰ ਬਹੁਤ ਬਹਿਸ ਹੋਈ ਹੈ ਕਿ 'ਨਥਿੰਗ ਇਜ਼ ਬਿਯੋਂਡ ਟੈਕਸਟ' ਦੇਰਿਦਾ ਮੰਨਦਾ ਸੀ ਅਤੇ ਕਹਿੰਦਾ ਸੀ ਕਿ ਸਭ ਕੁਝ ਇਸ ਦੁਨੀਆ 'ਚ ਜਿਹੜੀਆਂ ਘਟਨਾਵਾਂ ਹਨ, ਸਥਿਤੀਆਂ ਹਨ, ਉਹ ਸਾਰੀਆਂ ਟੈਕਸਟ ਹਨ। ਉਨ੍ਹਾਂ ਦੀ ਉਸੇ ਤਰ੍ਹਾਂ ਨਾਲ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ ਜਿਵੇਂ ਲਿਟਰੇਰੀ ਟੈਕਸਟ ਦੀ ਵਿਆਖਿਆ ਕੀਤੀ ਜਾਂਦੀ ਹੈ। ਇਨ੍ਹਾਂ ਸਾਰਿਆਂ ਦਾ ਨਤੀਜਾ ਇਹ ਹੋਇਆ ਕਿ ਇਤਿਹਾਸ ਕੁਲ ਮਿਲਾ ਕੇ ਸਾਹਿਤ ਦੇ ਬਰਾਬਰ ਹੋ ਗਿਆ। ਕਿਉਂਕਿ ਜਿਹੜੇ ਚਾਰ-ਪੰਜ ਮੋੜ ਹਨ, ਉਹ ਪਹਿਲਾਂ ਤੋਂ ਹੀ ਸਾਹਿਤ ਵਿਚ ਮੌਜੂਦ ਸਨ। ਸਾਹਿਤ ਦੇ ਪ੍ਰਸੰਗ ਵਿਚ ਉਨ੍ਹਾਂ ਦੀ ਚਰਚਾ ਕੀਤੀ ਜਾਂਦੀ ਰਹੀ ਸੀ।

ਦੂਜੀ ਗੱਲ ਜਿਹੜੀ ਮੈਂ ਇਸ ਨਾਲ ਕਹਿਣੀ ਚਾਹੁੰਦਾ ਹਾਂ ਕੀ ਹੈ ਕਿ ਇਹ ਜਿਹੜੀ ਇਤਿਹਾਸ ਦੀਆਂ ਨਵੀਆਂ ਧਾਰਨਾਵਾ ਬਣੀਆਂ, ਉਸ ਤੋਂ ਜੇਕਰ ਸਾਹਿਤ ਦੇ ਸੰਬੰਧ ਨੂੰ ਦੇਖਿਆ ਜਾਵੇ ਤਾਂ ਬਾਹਰ ਅਤੇ ਅੰਦਰ ਦਾ ਜਿਹੜਾ ਫ਼ਰਕ ਹੈ ਕਿ ਇਕ ਬਾਹਰੀ ਜਗਤ ਨੂੰ ਮੌਜੂਦ ਕਰਨਾ ਹੈ ਅਤੇ ਦੂਜਾ ਬਾਹਰੀ ਜਗਤ ਨੂੰ, ਇਹ ਦਵੰਦ ਖਤਮ ਹੋ ਜਾਂਦਾ ਹੈ। ਇਕ ਗੱਲ ਇਸ ਦੇ ਨਾਲ ਹੋਰ ਹੈ। ਦੇਖੋ! ਮੈਂ 'ਹੇਡੇਨਵਹਇਟ' ਦੇ ਹਵਾਲੇ ਨਾਲ ਕਹਿ ਰਿਹਾ ਹਾਂ ਕਿ ਬਹੁਤ ਹੀ ਮੁੱਢਲੇ ਦੌਰ 'ਚ 19ਵੀਂ ਸਦੀ ਤੋਂ ਪਹਿਲਾਂ, ਸਥਿਤੀ ਵੱਖਰੀ ਸੀ। ਇਸ ਸੰਦਰਭ 'ਚ ਮੈਨੂੰ ਲਖਨਵੀ ਇਤਿਹਾਸ ਚੇਤੇ ਆਉਂਦਾ ਹੈ। ਜੇਕਰ ਇਸ ਨੂੰ ਇਤਿਹਾਸ ਮੰਨ ਲਿਆ ਜਾਵੇ ਤਾਂ ਕੁਲ ਮਿਲਾ ਕੇ ਵਿਆਪਿਕ ਰੂਪ ਨਾਲ ਸਾਹਿਤ ਦਾ ਇਕ ਰੂਪ ਜਾਂ ਸਾਹਿਤ ਦਾ ਇਕ ਹਿੱਸਾ ਸੀ। ਪ੍ਰੰਤੂ ਬਾਅਦ ਦੇ ਦੌਰ 'ਚ ਇਤਿਹਾਸ ਦੇ ਪ੍ਰਸੰਗ 'ਚ ਜੋ ਵਿਗਿਆਨਿਕਤਾ ਦਾ ਰੁਝਾਨ ਵਧਿਆ ਅਤੇ ਇਹ ਵੀ ਵਿਸ਼ੇਸ਼ ਰੂਪ ਨਾਲ 19 ਵੀਂ ਸਦੀ 'ਚ ਹੀ ਹੋਇਆ। 19 ਵੀਂ ਸਦੀ ਨੂੰ ਗਣਵਿਗਿਆਨ ਦੀ ਸ਼ਤਾਬਦੀ ਵੀ ਕਿਹਾ ਜਾਂਦਾ ਹੈ ਅਤੇ ਇਤਿਹਾਸਵਾਦ ਦੀ ਸ਼ਤਾਬਦੀ ਵੀ ਕਿਹਾ ਜਾਂਦਾ ਹੈ। ਇਤਿਹਾਸ ਜਿਵੇਂ ਜਿਵੇਂ ਵਿਗਿਆਨ ਹੋਣ ਲੱਗਾ ਤਿਓਂ ਤਿਓਂ ਸਾਹਿਤ ਅਤੇ ਇਤਿਹਾਸ ਵਿਚ ਦੂਰੀ ਵੱਧਦੀ ਗਈ। ਇਸ ਲਈ ਫਿਰ, ਇਕ ਤਰ੍ਹਾਂ ਨਾਲ ਇਹ ਦੁਬਾਰਾ ਹੋਇਆ ਕਿ ਸਾਹਿਤ ਅਤੇ ਇਤਿਹਾਸ ਦੋਵੇਂ ਇਕ ਦੂਜੇ ਦੇ ਕਰੀਬ ਆਏ ਹਨ। ਦੂਜੀ ਗੱਲ ਸਾਹਿਤਕ ਰਚਨਾਵਾਂ।

**ਜੋਸ਼ੀ**-ਇਸ ਉੱਤੇ ਅੱਗੇ ਚਰਚਾ ਹੋਵੇਗੀ...।

**ਮੈਨੇਜਰ ਪਾਂਡੇ**-ਨਹੀਂ-ਨਹੀਂ। ਮੈਂ ਜੋ ਕਹਿ ਰਿਹਾ ਹਾਂ ਉਸ ਤੋਂ ਅੱਗੇ ਆਵੇਗਾ ਤਾਂ ਉਸਦੀ ਦੂਜੀ ਚਰਚਾ ਕਰਾਂਗੇ। ਮੈਂ ਇਹ ਕਹਿ ਰਿਹਾ ਹਾਂ ਕਿ ਦੇਖਣਾ ਇਹ ਹੈ ਕਿ ਅਸੀਂ ਸਾਹਿਤ ਅਤੇ ਇਤਿਹਾਸ ਦੀ ਪ੍ਰਕ੍ਰਿਆ ਦੇ ਆਪਸੀ ਰਿਸ਼ਤੇ ਨੂੰ ਦੇਖੀਏ ਤਾਂ ਤਿੰਨ ਪ੍ਰਕ੍ਰਿਆ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਜਿਹੜੇ ਆਪਸ ਵਿਚ ਇਕ ਦੂਜੇ ਨਾਲ ਜੁੜੇ ਹੋਏ ਹਨ। ਉਸਦੇ ਅੰਦਰ ਸਾਹਿਤ ਦੀ ਪ੍ਰਕ੍ਰਿਆ ਹੈ, ਇਸ ਤਾਂ ਉਹ ਜਿਸ ਨੂੰ ਤੁਸੀਂ ਇਤਿਹਾਸ ਕਹਿੰਦੇ ਹੋ, ਉਹ ਬਹੁਤ ਦੂਰ ਤੱਕ ਪਹਿਲੇ ਦੌਰ 'ਚ ਰਾਜਨੀਤਿਕ ਇਤਿਹਾਸ ਹੁੰਦਾ ਸੀ। ਉਸਤੋਂ ਬਾਅਦ 'ਚ ਉਹ ਸਮਾਜਿਕ ਇਤਿਹਾਸ ਹੋਇਆ। ਸਮਾਜਿਕ ਪ੍ਰਕ੍ਰਿਆ ਦਾ ਅਧਿਐਨ-ਅਧਿਆਪਨ ਇਤਿਹਾਸ ਵਿਚ ਉਜਾਗਰ ਹੋਣ ਲੱਗਾ। ਫਿਰ ਉਸ ਦੇ ਨਾਲ ਹੀ ਸਭਿਆਚਾਰਕ ਪ੍ਰਕ੍ਰਿਆ ਦਾ ਅਧਿਐਨ-ਅਧਿਆਪਨ ਹੋਣ ਲੱਗਾ। ਹੁਣ ਜੇਕਰ ਤੁਸੀਂ ਸਾਹਿਤ ਨੂੰ ਇਸ ਨਾਲ ਜੋੜ ਕੇ ਦੇਖੋ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਸਾਹਿਤ ਦੀ ਆਪਣੀ ਜਿਹੜੀ ਪ੍ਰਕ੍ਰਿਆ ਹੈ ਉਹ ਉਸਦੇ ਸਭ ਤੋਂ ਨੇੜੇ ਵਿਸਤ੍ਰਿਤ ਰੂਪ ਨਾਲ ਸੱਭਿਆਚਾਰਕ ਪ੍ਰਕ੍ਰਿਆ ਹੈ। ਸੱਭਿਆਚਾਰਕ ਪ੍ਰਕ੍ਰਿਆ ਹੋਂਦ 'ਚ ਆਉਂਦੀ ਹੈ ਸਮਾਜਿਕ ਪ੍ਰਕ੍ਰਿਆ ਦੇ ਅੰਦਰ ਅਤੇ ਸਮਾਜਿਕ ਪ੍ਰਕ੍ਰਿਆ ਹੋਂਦ 'ਚ ਆਉਂਦੀ ਹੈ ਰਾਜਨੀਤਿਕ ਪ੍ਰਕ੍ਰਿਆ ਦੇ ਅੰਦਰ। ਇਸ ਲਈ ਸਾਹਿਤ ਅਤੇ ਇਤਿਹਾਸ ਦੇ ਸੰਬੰਧ ਨੂੰ ਦੇਖਣਾ ਹੈ ਤਾਂ ਇਨ੍ਹਾਂ ਤਿੰਨਾਂ-ਚਾਰਾਂ ਪ੍ਰਕ੍ਰਿਆਵਾਂ ਦੇ ਆਪਸੀ ਰਿਸ਼ਤੇ ਨੂੰ ਦੇਖਣਾ ਹੋਵੇਗਾ, ਉਦੋਂ ਸਾਹਿਤ ਅਤੇ ਇਤਿਹਾਸ ਦਾ ਸੰਬੰਧ ਸਾਹਮਣੇ ਆਵੇਗਾ।

**ਜੋਸ਼ੀ**-ਯਾਦਵ ਜੀ ਤੁਸੀਂ ਇਤਿਹਾਸਕਾਰ ਸੁਧੀਰ ਜੀ ਅਤੇ ਆਲੋਚਕ ਮੈਨੇਜ਼ਰ ਪਾਂਡੇ ਜੀ ਕੇ ਵਿਚਾਰਾਂ ਦੇ ਵਿਚਕਾਰ ਸਾਹਿਤ ਅਤੇ ਇਤਿਹਾਸ ਦੇ ਸੰਬੰਧਾਂ ਨੂੰ ਕਿਸ ਰੂਪ 'ਚ ਵੇਖਣਾ ਚਾਹੋਗੇ?

**ਰਾਜੇਂਦਰ ਯਾਦਵ**-ਮੈਨੂੰ ਅਜਿਹਾ ਲੱਗਦਾ ਹੈ ਕਿ ਜਿਸ ਨੂੰ ਆਪਾਂ ਇਤਿਹਾਸ ਕਹਿੰਦੇ ਹਾਂ ਉਹ ਬਹੁਤ ਨਵੀਂ ਧਾਰਨਾ ਹੈ, ਯਾਨੀ ਸਾਡੇ ਇਥੇ ਘੱਟ ਤੋਂ ਘੱਟ ਇਤਿਹਾਸ ਵਰਗੀ ਕੋਈ ਚੀਜ਼ ਦਿਸਦੀ ਨਹੀਂ ਹੈ। ਜੇ ਕੁਝ ਹੈ ਤਾਂ 'ਕੱਾਨਿਕੱਲ' ਹੈ ਰਾਜਿਆਂ-ਮਹਾਰਾਜਿਆਂ ਦੀ, ਬਾਕੀ ਤਾਂ ਫਿਰ ਰਾਸੋ ਹੈ। ਸ਼ੁੱਧ ਇਤਿਹਾਸ ਕਦੋਂ ਤੋਂ ਸ਼ੁਰੂ ਹੋਇਆ, ਮੈਂ ਨਹੀਂ ਕਹਿ ਸਕਦਾ। ਪ੍ਰੰਤੂ ਸਾਹਿਤ ਦੇ ਮਧਿਆਮ ਹੀ ਅਸੀਂ ਪੁਰਾਣੇ ਇਤਿਹਾਸ ਦਾ ਥੋੜ੍ਹਾ ਬਹੁਤਾ ਅੰਦਾਜ਼ਾ ਲਗਾਉਂਦੇ ਹਾਂ ਅਤੇ ਉਸ ਅਧਾਰ ਉੱਤੇ ਇਤਿਹਾਸ ਦਾ ਮਿਲਾਪ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਿਸ ਨੂੰ ਕਹਿ ਸਕਦੇ ਹਾਂ ਕਿ ਸਾਹਿਤ 'ਇਜ਼ ਏ ਕਾੱਨਿਕੱਲ ਆਫ਼ ਸੋਲ' ਇਹ ਆਤਮਾ ਦੀਆਂ ਜਿਹੜੀਆਂ ਘਟਨਾਵਾਂ ਬਾਹਰ ਹੁੰਦੀਆਂ ਹਨ, ਉਨ੍ਹਾਂ ਦਾ ਅੰਦਰੂਨੀ ਪੱਧਰ ਉੱਤੇ ਜਿਹੜਾ ਪ੍ਰਤੀਬਿੰਬ ਅਤੇ ਪ੍ਰਤਿਫ਼ਲ ਬਣਦਾ ਹੈ, ਉਸ ਤੋਂ ਸਾਹਿਤ ਬਣਦਾ ਹੈ। ਇਹ ਵੀ ਕਹਿ ਸਕਦੇ ਹਾਂ ਕਿ ਇਤਿਹਾਸ 'ਚ ਸਥਿਤੀਆਂ ਨੀਤੀ ਨਿਰਧਾਰਤ ਕਰਦੀਆਂ ਹਨ, ਫਿਰ ਵੀ ਨੀਤੀ ਨਾਲ ਲੜਦੇ, ਉਹ ਹੀਰੋ ਬਣਦੇ ਹਨ। ਸਮਾਜਿਕ ਘਟਨਾਵਾਂ ਦੀ ਨੀਤੀ ਸਥਿਰ ਹੁੰਦੀ ਹੈ। ਇਹ ਸਥਿਰਤਾ ਇਤਿਹਾਸ ਨੂੰ ਨਿਸਚਤ ਕਰਦੀ ਹੈ, ਜਦਕਿ ਸਾਹਿਤ 'ਚ ਉਹ ਨੀਤੀ ਲੇਖਕ ਦੇ ਕੋਲ ਹੁੰਦੀ ਹੈ। ਸਾਹਿਤ ਵਿਚ ਲੇਖਕ ਆਪਣੇ ਪਾਤਰਾਂ ਨੂੰ ਕਿੱਥੋਂ ਤੱਕ ਲੈ ਜਾਂਦਾ ਹੈ, ਕੀ ਕਹਿਣਾ ਹੈ, ਕਿਸ ਮੁਕਾਮ ਤੱਕ ਉਨ੍ਹਾਂ ਨੂੰ ਪਹੁੰਚਾ ਦਿੰਦਾ ਹੈ, ਐਨੀ ਉਡਾਰੀ ਇਤਿਹਾਸ 'ਚ ਨਹੀਂ ਹੈ। ਮੈਨੂੰ ਸਭ ਤੋਂ ਵੱਡਾ ਅੰਤਰ ਤਾਂ ਇਹੀ ਲੱਗਦਾ ਹੈ ਕਿ ਨੀਤੀ ਨੂੰ ਜਿੱਤਣ ਦੀ ਕੋਸ਼ਿਸ਼ 'ਚ ਸਾਹਿਤ ਲਿਖਿਆ ਜਾਂਦਾ ਹੈ ਅਤੇ ਨੀਤੀ ਨਾਲ ਲੜਨ ਜਾਂ ਉਸ ਉੱਤੇ ਸਮਰਪਤ ਹੋਣ ਦੀ ਸਥਿਤੀ 'ਚ ਇਤਿਹਾਸ ਲਿਖਿਆ ਜਾਂਦਾ ਹੈ। ਕਿਉਂਕਿ ਸਾਹਿਤ 'ਚ ਸਾਡੇ ਕੋਲ ਇਨਸਟ੍ਰਊਮੰਨ ਕਲਪਨਾ ਦੇ ਹਨ, ਅਨੁਭਵ ਦੇ ਹਨ, ਅਬਜਰਵੇਸ਼ਨ ਦੇ ਹਨ। ਉਹੀ ਚੀਜ਼ਾਂ ਹਨ ਜਿਨ੍ਹਾਂ ਨਾਲ ਅਸੀਂ ਸਾਹਿਤ ਦਾ ਨਿਰਮਾਣ ਕਰਦੇ ਹਾਂ ਅਤੇ ਉਥੇ ਉਨ੍ਹਾਂ ਦੀਆਂ ਦੂਜੀਆਂ ਸਮਾਜਿਕ ਸ਼ਕਤੀਆਂ ਹਨ। ਜਿਹੜਾ ਅਸੀਂ ਦੇਖਦੇ ਰਹੇ ਹਾਂ ਕਿ ਸਾਹਿਤ ਨੇ ਤਾਂ ਇਤਿਹਾਸ ਦਾ ਬਹੁਤ ਸਹਾਰਾ ਲਿਆ ਹੈ। ਬਹੁਤ ਦਾ ਭਾਵ ਕਿ ਸਾਡੇ

ਇਤਿਹਾਸਕ ਨਾਵਲ ਕਹੀਏ ਜਾਂ ਇਤਿਹਾਸਕ ਘਟਨਾਵਾਂ ਕਹੀਏ ਜਾਂ ਦੂਜੀਆਂ ਚੀਜਾਂ, ਵੀਹ ਅਜਿਹੀਆਂ ਚੀਜਾਂ ਹਨ ਜਿਨ੍ਹਾਂ ਉੱਤੇ ਸਾਹਿਤ 'ਚ ਕੋਈ ਨਾ ਕੋਈ ਰਚਨਾ ਸਾਨੂੰ ਦਿਖਾਈ ਦਿੰਦੀ ਹੈ। ਇਤਿਹਾਸ ਨੇ ਬਹੁਤ ਘੱਟ ਸਾਹਿਤ ਦਾ ਸਹਾਰਾ ਲਿਆ ਹੈ, ਬਾਹਰ ਵਿਦੇਸ਼ਾਂ ਦੀ ਤਾਂ ਮੈਨੂੰ ਬਹੁਤੀ ਜਾਣਕਾਰੀ ਨਹੀਂ, ਪਾਂਡੇ ਜੀ, ਸੁਧੀਰ ਜੀ ਦੱਸਣਗੇ। ਪ੍ਰੰਤੂ ਏਥੇ ਬਹੁਤ ਘੱਟ ਹੋਇਆ ਹੈ। ਫਿਰ ਵੀ ਕਿਸੇ ਇਤਿਹਾਸਕਾਰ ਨੇ ਏਧਰ ਕੁਝ ਕਰਨ ਲਈ ਛੱਡ ਦਿੱਤਾ ਹੈ। ਜਿਵੇਂ ਪ੍ਰੇਮ ਚੰਦ ਦਾ ਗ੍ਰੰਥ, ਕੱਲ ਦੀਆਂ ਸਮਾਜਿਕ ਸਥਿਤੀਆਂ, ਉਹ ਸਮਾਜ ਸ਼ਾਸਤਰ ਦਾ ਵਿਸ਼ਾ ਹੈ। ਜਿੱਥੇ ਪ੍ਰੇਮ ਚੰਦ ਦਾ ਅਧਿਐਨ ਹੋਵੇ ਜਾਂ ਰੇਣੂ ਦਾ ਅਧਿਐਨ ਹੋਵੇ ਜਾਂ ਉਸਦੇ ਰਾਹੀਂ ਸਮੁੱਚੇ ਸਮਾਜ ਦਾ, ਪ੍ਰੰਤੂ ਇਤਿਹਾਸ ਨੂੰ ਸਮਝਣ ਦੀ ਕੋਸ਼ਿਸ਼ ਸਾਹਿਤ ਦੇ ਮਧਿਅਮ ਨਾਲ ਕਿੱਥੇ ਹੋਈ ਹੈ, ਮੈਂ ਨਹੀਂ ਜਾਣਦਾ।

**ਮੈਨੇਜਰ ਪਾਂਡੇ**-ਏਥੇ ਹੋਈ ਹੈ, ਟੋਕ ਕੇ ਆਪ ਨੂੰ ਚੇਤੇ ਕਰਵਾ ਰਿਹਾ ਹਾਂ। ਖੁਦ ਸੁਧੀਰ ਚੰਦਰ ਦੀ ਇਕ ਕਿਤਾਬ ਹੈ "Oppressive Present"। ਉਸ ਕਿਤਾਬ ਦਾ ਹੀ ਢਾਂਚਾ-ਖਾਕਾ ਅਤੇ ਸਾਰਾ ਅਧਿਐਨ-ਵਿਸ਼ਲੇਸ਼ਣ ਇਹ ਹੈ ਕਿ 19ਵੀਂ ਸਦੀ ਦੇ ਹਿੰਦੀ ਸਾਹਿਤ ਦੇ ਮਧਿਅਮ ਨਾਲ ਉਸ ਕਾਲ ਦੀ ਚੇਤਨਾ, ਦੁਬਿਧਾਵਾਂ, ਅੰਤਰਵਿਰੋਧ ਅਤੇ ਗਤੀਵਿਧੀਆਂ ਦਾ ਵਿਸ਼ਲੇਸ਼ਣ ਹੀ ਉਸ ਕਿਤਾਬ ਦਾ ਮੂਲ ਵਿਸ਼ਾ ਹੈ।

**ਰਾਜੇਂਦਰ ਯਾਦਵ**- ਦੇਖੋ, ਇਕ ਗੱਲ ਸੁਣੋ। ਸਾਡੇ ਲੋਕਾਂ ਦੀ ਸਥਿਤੀ ਇਹ ਹੈ ਕਿ ਸਾਨੂੰ ਨਹੀਂ ਪਤਾ ਕਿ ਇਤਿਹਾਸ ਵਿਚ ਕੀ ਕੀ ਰੱਖਿਆ ਜਾ ਰਿਹਾ ਹੈ। ਮੈਂ ਇਤਿਹਾਸ ਅਤੇ ਸਾਹਿਤ ਦੇ ਇਕ ਦੂਜੇ ਨਾਲ ਸੰਬੰਧਾਂ ਨੂੰ ਲੈ ਕੇ ਬਹੁਤ ਜਿਆਦਾ ਜਾਣੂ ਨਹੀਂ ਹਾਂ। ਸੁਣੀਆਂ ਸੁਣਾਈਆਂ ਗੱਲਾਂ ਅਸੀਂ ਜਾਣਦੇ ਹਾਂ ਅਤੇ ਸੁਧੀਰ ਚੰਦਰ ਜੀ ਨੇ ਲਿਖਿਆ ਹੋਵੇਗਾ ਕਿਉਂਕਿ ਇਸ ਦੇ ਨਾਲ ਸਾਹਿਤਕ ਬੈਕਗ੍ਰਊਂਡ ਹੈ ਅਤੇ ਸਾਹਿਤਕ ਸੈਨੱਸਿਬੱਲਟੀ ਹੈ। ਸੱਚ ਤਾਂ ਇਹ ਹੈ ਕਿ ਮੈਂ ਇਹ ਸਵਾਲ ਆਪਣੇ ਆਪ ਨੂੰ ਪੁੱਛ ਰਿਹਾ ਹਾਂ ਕਿ ਇਤਿਹਾਸ ਅਤੇ ਸਾਹਿਤ ਦੇ ਕਿਹੜੇ ਅੰਤਰ ਵਿਰੋਧ ਹਨ? ਜਾਂ ਇਕ ਦੂਜੇ ਦੇ ਕੋਲ ਆ ਕੇ ਕਦੀ ਕਦੀ ਸੱਚ ਦੀ ਜਾਂਚ ਪੜਤਾਲ ਵੀ ਕਰਦੇ ਹਾਂ ਭਾਵ ਕਿ ਇਸ ਦੂਜੇ ਨੂੰ ਟੈਸਟ ਕਰਨ ਦੀ ਕੋਸ਼ਿਸ਼ ਕਰਦੇ ਹਾਂ ਕਿ ਉਹ ਕਿੱਥੇ ਤੱਕ ਇਕ ਦੂਜੇ ਲਈ ਸਹਾਇਕ ਹਨ, ਜਾਂ ਨਹੀਂ? ਸਾਹਿਤ ਤਾਂ ਇਤਿਹਾਸ ਦੇ ਕੋਲ ਗਿਆ ਹੈ, ਇਤਿਹਾਸ ਸਾਹਿਤ ਦੇ ਕੋਲ ਬਹੁਤ ਘੱਟ ਗਿਆ ਹੈ, ਅਤੇ ਉਹ ਵੀ ਏਧਰ ਆਇਆ ਹੈ।

**ਜੋਸ਼ੀ**-ਪੰਕਜ ਜੀ, ਤੁਸੀਂ ਯਾਦਵ ਜੀ ਨੂੰ ਸੁਣਿਆ ਕਿ ਸਾਹਿਤ ਜੋ ਹੈ ਇਤਿਹਾਸ ਦੇ ਕੋਲ ਗਿਆ, ਇਤਿਹਾਸ ਸਾਹਿਤ ਦੇ ਕੋਲ ਨਹੀਂ ਆਇਆ। ਤੁਸੀਂ ਇਸ ਨਾਲ ਕਿੱਥੋਂ ਤੱਕ ਸਹਿਮਤ ਹੋ?

**ਪੰਕਜ**-ਸੁਧੀਰ ਜੀ ਅਤੇ ਪਾਂਡੇ ਜੀ ਦੀਆਂ ਗੱਲਾਂ ਤੋਂ ਕੁਝ ਮੁੱਢਲੇ ਸਵਾਲ ਮੇਰੇ ਦਿਮਾਗ਼ ਵਿਚ ਹਨ। ਦੇਖੋ! ਇਨ੍ਹਾਂ ਦੀਆਂ ਗੱਲਾਂ ਤੋਂ ਇੰਝ ਲੱਗਦਾ ਹੈ ਕਿ ਜਿਵੇਂ ਕਿ ਇਤਿਹਾਸ ਮੰਨ ਲਓ ਸਾਹਿਤ ਦਾ ਇਕ ਹਿੱਸਾ ਹੈ ਜਾਂ ਸਾਹਿਤ ਜੋ ਹੈ ਉਹ ਇਤਿਹਾਸ ਦੇ ਅਧੀਨ ਉਸ ਦਾ ਇਕ ਹਿੱਸਾ ਹੈ। ਉਂਝ ਵੀ ਦੇਖਿਆ ਜਾਵੇ ਤਾਂ ਗਿਆਨ ਦਾ ਜਿਹੜਾ ਵੀ ਅਨੁਸ਼ਾਸ਼ਨ ਹੈ, ਉਹ ਮਾਨਵੀ ਨੀਤੀ, ਉਸਦਾ ਭਵਿੱਖ, ਉਸਦੇ ਵਰਤਮਾਨ ਨੂੰ ਸਮਝਣ 'ਚ ਸਹਾਇਕ ਹੁੰਦਾ ਹੈ ਅਤੇ ਇਕ ਦੂਜੇ ਦੀ ਸਹਾਇਤਾ ਕਰਦਾ ਹੈ। ਇਸ ਵਿਚ ਕਿਤੇ ਕੋਈ ਦੋ ਦਲੀਲਾ ਨਹੀਂ ਹਨ। ਇਸ ਦੇ ਬਾਵਜੂਦ ਅਨੁਸ਼ਾਸ਼ਨਾਂ ਦਾ ਡਿਮਾਰਕੇਸ਼ਨ ਹੈ ਕਿ ਉਹ ਕਿੱਥੇ ਤੱਕ ਜਾਂਦੇ ਹਨ ਅਤੇ ਉਹ ਕੀ ਕੁਝ ਸਮਝਦੇ ਹਨ। ਜਿੱਥੇ ਤੱਕ ਮੈਂ ਸਮਝਦਾ ਹਾਂ ਕਿ ਇਤਿਹਾਸ ਅਤੇ ਸਾਹਿਤ ਇਕ ਦੂਜੇ ਦੇ ਉਲਟ ਹੈ, ਉਹ ਸਮਾਨਾਂਤਰ ਨਹੀਂ ਹੈ, ਉਹ ਕਿਤੇ ਵੀ ਇਕ ਦੂਜੇ ਨਾਲ 'ਮਰਜ਼' ਨਹੀਂ ਕਰਦੇ। ਇਤਿਹਾਸ ਬੀਤੀਆਂ ਹੋਈਆਂ ਘਟਨਾਵਾਂ ਨੂੰ ਜਿਹੜੀਆਂ ਬੀਤ ਚੁੱਕੀਆਂ ਹਨ ਉਨ੍ਹਾਂ ਦਾ ਰਿਕਾਰਡ, ਉਨ੍ਹਾਂ ਦਾ ਵਿਸ਼ਲੇਸ਼ਣ ਅਤੇ ਉਨ੍ਹਾਂ ਨੂੰ ਇੰਟਰਪ੍ਰੇਟੇਸ਼ਨ ਕਰਦਾ ਹੈ, ਜਦੋਂ ਕਿ ਸਾਹਿਤ ਲਗਾਤਾਰ ਸਮਕਾਲੀਨ ਵਿੱਚ ਜਿਉਂਦਾ ਹੈ। ਆਪਣੇ ਸਮੇਂ ਨੂੰ ਆਪਣੇ ਸਮਾਜ ਨੂੰ ਉਸਦੀਆਂ ਇਛਾਵਾਂ ਨੂੰ ਉਨ੍ਹਾਂ ਦੀਆਂ ਖਾਹਿਸ਼ਾਂ ਨੂੰ

ਸਾਹਿਤ ਇਕ ਤਰ੍ਹਾਂ ਨਾਲ ਇੰਟਰਪਰੇਟ ਅਤੇ ਉਨ੍ਹਾਂ ਨੂੰ ਪੇਸ਼ ਕਰਦਾ ਹੈ। ਇਹ ਮੋਟਾ ਜਿਹਾ ਅੰਤਰ ਮੈਨੂੰ ਇਤਿਹਾਸ ਅਤੇ ਸਾਹਿਤ ਵਿੱਚ ਨਜ਼ਰ ਆਉਂਦਾ ਹੈ। ਜਦੋਂ ਜਦੋਂ ਆਦਮੀ, ਜਦੋਂ ਜਦੋਂ ਸਾਹਿਤ ਜਿਵੇਂ ਰਾਜੇਂਦਰ ਜੀ ਕਹਿ ਰਹੇ ਹਨ ਕਿ ਇਤਿਹਾਸ ਨੇ ਸਾਹਿਤ ਦੀ ਵਰਤੋਂ ਨਹੀਂ ਕੀਤਾ ਤਾਂ ਮੇਰਾ ਮੰਨਣਾ ਹੈ ਕਿ ਸਾਹਿਤ ਜੋ ਹੈ ਇਤਿਹਾਸ ਦੀ ਵਰਤੋਂ ਕਰਦਾ ਹੈ। ਉਦੋਂ ਵੀ ਉਹ ਆਪਣੀਆਂ ਸ਼ਰਤਾਂ ਉੱਤੇ ਕਰਦਾ ਹੈ। ਜਦੋਂ ਸਾਹਿਤ ਇਤਿਹਾਸਕ ਵਿਸ਼ਿਆ ਤੋਂ ਲੈਂਦਾ ਹੈ, ਉਦੋਂ ਵੀ ਉਹ ਵਰਤਮਾਨ ਨੂੰ ਇੰਟਰਪਰੇਟ ਕਰਨ ਦੇ ਲਈ ਉਸਦਾ ਸਹਾਰਾ ਲੈਂਦਾ ਹੈ, ਉਹ ਉਸ 'ਚ ਉੱਤਰਦਾ ਨਹੀਂ ਹੈ। ਸੰਖੇਪ 'ਚ ਉਹ ਇਤਿਹਾਸ ਹੋਣ ਦੀ ਕੋਸ਼ਿਸ਼ ਨਹੀਂ ਕਰਦਾ ਬਲਕਿ ਉਸਨੂੰ ਸਮਕਾਲੀਨ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਇਹ ਮਹੱਤਵਪੂਰਨ ਹੈ। ਜਦਕਿ ਇਤਿਹਾਸ ਜੋ ਹੈ ਉਹ ਸਾਹਿਤ ਦੀਆਂ ਜਿੰਨੀਆਂ ਵੀ ਵਿਧਾਵਾਂ ਹਨ, ਜਿੰਨੀ ਵੀ ਸਮੱਗਰੀ ਹੈ, ਉਸਨੂੰ ਬਾਅਦ 'ਚ ਇੰਟਰਪਰੇਟ ਕਰਕੇ ਇਕ ਦੌਰ ਦੇ ਸਮਾਜ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਨੀਤੀ ਅਤੇ ਮਾਨਵ ਦਾ ਜਿਹੜਾ ਸੰਘਰਸ਼ ਹੈ, ਉਸਦਾ ਜੀਵਨ ਹੈ, ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਹੈ। ਇਸ ਮਾਮਲੇ 'ਚ ਜਿਵੇਂ ਕਿ ਸਵਾਲ ਸੀ ਕਿ ਨਿਸਚਿਤ ਰੂਪ ਨਾਲ ਸਾਹਿਤ ਅੰਦਰੂਨੀ ਜਗਤ ਨੂੰ ਉਜਾਗਰ ਤਾਂ ਕਰਦਾ ਹੀ ਕਰਦਾ ਹੈ ਪ੍ਰੰਤੂ ਇਸ ਤੋਂ ਇਲਾਵਾ ਪੂਰੇ ਸਮਾਜ ਨੂੰ ਵੀ ਇਤਿਹਾਸ ਅਤੇ ਸਾਹਿਤ 'ਚ ਦੇਖ ਸਕਦਾ ਹੈ। ਇਸ ਮਾਮਲੇ 'ਚ ਸਵਾਲ ਥੋੜਾ ਜਿਹਾ ਮੈਨੂੰ ਲੱਗਦਾ ਹੈ ਕਿ ਸੀਮਿਤ ਹੈ।

**ਰਾਮਸ਼ਰਨ ਜੋਸ਼ੀ**-ਅਰਚਨਾ ਜੀ ਤੁਹਾਡੇ ਸਾਹਮਣੇ ਜਿਹੜੇ ਵੱਖ-ਵੱਖ ਵਿਚਾਰ ਆਏ ਹਨ ਅਤੇ ਇਨ੍ਹਾਂ ਚਾਰਾ ਵਿਚ ਇਕ ਦੂਜੇ ਨਾਲ ਟਕਰਾਅ ਵੀ ਹੈ, ਅਤੇ ਉਸ 'ਚ ਕਿਤੇ ਇਕ ਟੁੱਟਵੀਆਂ ਸਮਾਨਤਾਵਾਂ ਵੀ ਹਨ। ਤੁਸੀਂ ਇਸ ਸੰਬੰਧ ਵਿਚ ਕੀ ਕਹਿਣਾ ਚਾਹੁੰਦੇ ਹੋ।

**ਅਰਚਨਾ**-ਮੈਂ ਕਿਉਂਕਿ ਹਿੰਦੀ ਸਾਹਿਤ ਦੀ ਮੂਲ ਰੂਪ ਨਾਲ ਅਧਿਆਪਕਾ ਹਾਂ ਅਤੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਸੁਣਦੀ-ਸਮਝਦੀ ਹਾਂ। ਐਨਾ ਤਾਂ ਮੈਨੂੰ ਪਤਾ ਹੈ ਕਿ ਪਿਛਲੇ ਤਕਰੀਬਨ 40-50 ਸਾਲਾਂ 'ਚ ਦੁਨੀਆ ਅਤੇ ਪਿਛਲੇ 15-20 ਸਾਲਾਂ 'ਚ ਭਾਰਤ 'ਚ ਵੀ ਗਿਆਨ ਮੀਮਾਂਸਾ 'ਚ ਬਹੁਤ ਗਹਿਰੀ ਉਥਲ-ਪੁਥਲ ਹੁੰਦੀ ਰਹੀ ਹੈ। ਸਮਾਜ ਸ਼ਾਸਤਰ, ਇਤਿਹਾਸ ਅਤੇ ਸਾਹਿਤ ਦਾ ਇਕ ਤਰ੍ਹਾਂ ਦੀ ਅਸਥਿਰਤਾ ਵਰਗੀ ਸਥਿਤੀ ਹੈ। ਪ੍ਰੰਤੂ ਇਨ੍ਹਾਂ ਅਨੁਸ਼ਾਸ਼ਨਾ ਦੇ ਅਸਤਿਤਵ ਤੇ ਸੰਘਰਸ਼ਾਂ ਨੂੰ ਬਹੁਤ ਸਾਫ਼ ਸਾਫ਼ ਰੂਪ 'ਚ ਪਰਿਭਾਸ਼ਤ ਕਰਨਾ ਵੀ ਮੁਸ਼ਕਲ ਹੈ ਕਿ ਕਿੱਥੋਂ ਸਾਹਿਤ ਖਤਮ ਹੁੰਦਾ ਹੈ ਅਤੇ ਇਤਿਹਾਸ ਕਿੱਥੋਂ ਸ਼ੁਰੂ ਹੁੰਦਾ ਹੈ ਜਾਂ ਕਿੱਥੋਂ ਸਾਹਿਤ ਖਤਮ ਹੁੰਦਾ ਹੈ ਅਤੇ ਸਮਾਜ ਸ਼ਾਸਤਰ ਸ਼ੁਰੂ ਹੁੰਦਾ ਹੈ ਜਾਂ ਤਿੰਨੋਂ ਹੀ ਚੀਜਾਂ ਤਕਰੀਬਨ ਇਕ ਦੂਜੇ 'ਚ ਰਚ-ਮਿਚ ਚੁੱਕੀਆਂ ਹਨ।

ਪ੍ਰੰਤੂ ਹੁਣੇ ਜਿਵੇਂ ਕਿ ਮੈਂ ਕਿਹਾ ਇਕ ਅਧਿਆਪਕ ਦੀ ਹੈਸੀਅਤ ਨਾਲ ਜਦੋਂ ਮੈਂ ਸਾਹਿਤ ਅਤੇ ਇਤਿਹਾਸ ਦੇ ਸੰਬੰਧਾਂ ਨੂੰ ਦੇਖਦੀ ਹਾਂ ਤਾਂ ਜ਼ਰੂਰ ਇਹ ਗੱਲ ਮੇਰੇ ਮਨ 'ਚ ਆਉਂਦੀ ਹੈ ਕਿ ਇਕ ਸਾਹਿਤਕਾਰ ਦੇ ਲਈ ਜਿਹੜਾ ਇਤਿਹਾਸ ਦਾ ਮਤਲਬ ਹੈ ਅਤੇ ਇਕ ਇਤਿਹਾਸਕਾਰ ਦੇ ਲਈ ਜਿਹੜਾ ਸਾਹਿਤ ਦਾ ਮਤਲਬ ਹੈ ਉਨ੍ਹਾਂ ਦੋਹਾਂ ਵਿਚ ਕਿਤੇ ਕੋਈ ਇਕ ਅੰਤਰ ਹੋਵੇਗਾ, ਤਾਂ ਪੜ੍ਹਾਉਣ 'ਚ ਇਕ ਵਿਵਹਾਰਕ ਅਨੁਭਵ ਵਿਚ ਤਾਂ ਇਕ ਲੰਮਾ ਚੌੜਾ ਅੰਤਰ ਹੈ। ਫਿਰ ਵੀ ਸਾਹਿਤ ਰਚਦੇ ਸਮੇਂ ਵੀ ਉਹ ਜਿਸ ਤਰ੍ਹਾਂ ਨਾਲ ਭਾਵੇਂ ਕਿ ਸਮੱਸਿਆ ਭਰਪੂਰ ਹੋਵੇ, ਕੇਵਲ ਇਸ ਕਰਕੇ ਕਿ ਉਹ ਇਕ ਲਿਖਤੀ ਰਚਨਾ ਕਰ ਰਹੇ ਹਨ, ਲਿਖਤੀ ਸ਼ਬਦ 'ਚ ਜੇਕਰ ਕੁਝ ਛੱਡਿਆ ਜਾ ਰਿਹਾ ਹੈ ਤਾਂ ਉਹ ਇਤਿਹਾਸ 'ਚ ਹਿੱਸੇਦਾਰੀ ਕਰ ਰਿਹਾ ਹੈ ਅਤੇ ਇਤਿਹਾਸਕਾਰ ਜਦੋਂ ਸਾਹਿਤ ਨੂੰ ਆਪਣੀ ਖੁਰਾਕ ਵਾਂਗ ਲੈਂਦਾ ਹੈ ਉਦੋਂ ਤਾਂ ਸਾਹਿਤ ਕੁਝ ਖਾਸ ਤਰ੍ਹਾਂ ਨਾਲ ਜਿਵੇਂ ਦੇਖਦਾ ਹੈ, ਉਂਜ ਦੇਖਦਾ ਹੀ ਹੈ। ਖੁਦ ਇਤਿਹਾਸ ਨੂੰ ਵੀ ਜਦੋਂ ਇਕ ਅਖਿਆਨ ਦੇ ਵਾਂਗ,

ਇਕ ਦੁਖਾਂਤ ਦੇ ਵਾਂਗ ਰਚ ਰਿਹਾ ਹੈ ਤਾਂ ਲਗਭਗ ਉਹ ਇਕ ਸਾਹਿਤ ਦਾ ਪ੍ਰਤਿਰੂਪ ਵਰਗਾ ਵੀ ਬਣ ਰਿਹਾ ਹੈ। ਸਵਾਲ 'ਚ ਇਹ ਜਿਹੜੀ ਚੀਜ਼ ਹੈ ਕਿ ਅੰਦਰੂਨੀ ਜਗਤ ਅਤੇ ਬਾਹਰੀ ਜਗਤ। ਇਹ ਤਾਂ ਬਿਲਕੁਲ ਇਕ ਗ਼ਲਤ ਕਿਸਮ ਦੀ ਵੰਡ ਹੈ। ਇਸ ਤਰ੍ਹਾਂ ਦੀ ਜਿਹੜੀ ਵੰਡ ਹੈ ਉਹ ਸਾਹਿਤ ਦੇ ਨਾਲ ਅਨਿਆ ਕਰਦੀ ਹੈ ਅਤੇ ਸਾਹਿਤਕਾਰ ਦੇ ਨਾਲ ਵੀ। ਸਾਡੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵੀ ਇਕ ਅਜੀਬ ਜਿਹੇ ਭੁਲੇਖੇ 'ਚ ਪਾ ਦਿੰਦਾ ਹੈ ਕਿਉਂਕਿ ਕੋਈ ਵੀ ਘਟਨਾ, ਕੋਈ ਵੀ ਅਸਤਿਤਵ ਇਕ ਸਾਥ ਓਪਰੇ ਵੀ ਹੁੰਦੇ ਹਨ ਤੇ ਗੂੜੇ ਸੰਬੰਧ ਵੀ ਹੁੰਦੇ ਹਨ ਅਤੇ ਤੁਸੀਂ ਉਨ੍ਹਾਂ ਨੂੰ ਓਪਰੇ ਛੂਹ ਕੇ ਵੀ ਉਨ੍ਹਾਂ ਦੇ ਅੰਦਰ ਉਤਰ ਸਕਦੇ ਹੋ ਅਤੇ ਗਹਿਰਾਈ ਤੱਕ ਜਾ ਸਕਦੇ ਹੋ ਅਤੇ ਗਹਿਰਾਈ ਵੱਲੋਂ ਸ਼ੁਰੂ ਕਰੋਗੇ ਤਾਂ ਵੀ ਓਪਰੀ ਪੱਧਰ ਵੱਲ ਜਾ ਸਕਦੇ ਹੋ। ਕਿਉਂਕਿ ਬਿਨਾ ਕਾਇਆ, ਬਿਨਾ ਸਰੀਰ ਦੇ ਤਾਂ ਕੋਈ ਅਸਤਿਤਵ ਸੰਭਵ ਹੀ ਨਹੀਂ ਹੈ।

**ਜੋਸ਼ੀ**-ਪਾਂਡੇ ਜੀ ਨੇ ਸ਼ੁਰੂ 'ਚ ਇਕ ਗੱਲ ਪ੍ਰੇਮ ਚੰਦ ਦੇ ਸੰਦਰਭ 'ਚ ਕੀਤੀ ਸੀ। ਜਦੋਂ ਇਹ ਇਕ ਸਵਾਲ ਉੱਠਦਾ ਹੈ ਕਿ ਸੁਧੀਰ ਜੀ ਦੀ ਗੱਲ ਜੇਕਰ ਮੰਨ ਲਈਏ ਪ੍ਰੇਮ ਚੰਦ ਨੂੰ ਹਿੰਦੁਸਤਾਨ ਦੇ ਸਮਕਾਲੀ ਖੇਤੀ ਸੰਬੰਧਾਂ ਦਾ ਅਤੇ ਸਮਾਜਿਕ ਸੰਬੰਧਾਂ ਦਾ ਗਿਆਨ ਨਹੀਂ ਹੁੰਦਾ, ਕੀ ਉਹ 'ਗੋਦਾਨ' ਅਤੇ ਉਨ੍ਹਾਂ ਦੀਆਂ ਦੂਜੀਆਂ ਕਹਾਣੀਆਂ ਹਨ, ਉਸ 'ਚ ਸਮਕਾਲੀਨ ਸਮਾਜ ਨੂੰ ਸਹੀ ਢੰਗ ਨਾਲ ਪੇਸ਼ ਕਰ ਸਕਦੇ ਸਨ ਜਾਂ ਨਹੀਂ? ਉਦੋਂ ਜਿਵੇਂ 1857 ਨੂੰ ਜੇਕਰ ਅਸੀਂ ਲਈਏ। 1857 ਉੱਤੇ ਕਾਫੀ ਕੁਝ ਲਿਖਿਆ ਗਿਆ ਹੈ, ਪਿਛਲੇ ਦੋ ਸਾਲ 'ਚ ਸਾਹਮਣੇ ਆਇਆ ਵੀ ਹੈ। ਕੁਝ ਨਾਵਲ ਅਤੇ ਨਾਟਕ ਵੀ ਪ੍ਰਕਾਸ਼ਿਤ ਹੋਏ ਹਨ। ਮੇਰਾ ਅਗਲਾ ਸਵਾਲ ਇਹ ਹੈ ਕਿ ਇਤਿਹਾਸ ਸਮਾਜ ਦਾ ਦਸਤਾਵੇਜ਼ੀਕਰਨ ਕਰਦਾ ਹੈ ਅਤੇ ਉਹੀ ਸਮਾਜ ਸਾਹਿਤ 'ਚ ਆਪਣਾ ਸਿਰਜਣਾਤਮਿਕ ਪ੍ਰਤਿਬਿੰਬ ਦੇਖਦਾ ਹੈ। ਸਵਾਲ ਇਹ ਹੈ ਕਿ ਕੀ ਕੋਈ ਸਾਹਿਤਕ ਰਚਨਾ ਜਿਹੜੀ ਇਕ ਘਟਨਾ ਵਿਸ਼ੇਸ਼ ਉੱਤੇ ਅਧਾਰਿਤ ਹੈ, ਕੀ ਬਗੈਰ ਇਤਿਹਾਸ ਦੇ, ਅਧਿਐਨ ਦੇ ਇਸਦੀ ਰਚਨਾ ਸੰਭਵ ਹੈ ਜਾਂ ਨਹੀਂ?

**ਸੁਧੀਰ**-ਮੈਨੂੰ ਲਗਦਾ ਹੈ ਕਿ ਗੋਸ਼ਟੀ ਦਾ ਜਿਹੜਾ ਪਹਿਲਾ ਦੌਰ ਸੀ, ਉਸ ਉੱਤੇ ਸਾਨੂੰ ਵਾਪਸ ਪਰਤਣ ਦੀ ਜ਼ਰੂਰਤ ਹੈ। ਇਸ ਤੋਂ ਪਹਿਲਾਂ ਕਿ ਅਰਚਨਾ ਜੀ ਨੇ ਅਤੇ ਮੈਨੇਂਜ਼ਰ ਪਾਂਡੇ ਜੀ ਨੇ ਬਹੁਤ ਮਹੱਤਵਪੂਰਨ ਗੱਲ ਕਹੀ। ਜਦੋਂ ਉਨ੍ਹਾਂ ਨੇ ਕਿਹਾ ਕਿ ਬਾਹਰੀ ਅਤੇ ਅੰਦਰਲਾ ਜੋ ਦਵੰਧ ਹੈ, ਇਹ ਤਾਂ ਚਲ ਹੀ ਨਹੀਂ ਸਕਦਾ, ਜਦੋਂ ਜੀਵਨ ਵਿਚ ਅਤੇ ਯਥਾਰਥ ਵਿੱਚ ਉਹ ਦਵੰਧ ਨਹੀਂ ਹੈ। ਇਹ ਮੈਨੂੰ ਲਗਦਾ ਹੈ ਕਿ ਇਹ ਕਾਫੀ ਮਹੱਤਵਪੂਰਨ ਸਵਾਲ ਹੈ ਅਤੇ ਜੇਕਰ ਇਹ ਅੰਤਰ ਨਹੀਂ ਹੈ ਤਾਂ ਉਹ ਇਤਿਹਾਸ ਜਿਹੜਾ ਕੇਵਲ ਬਾਹਰੀ ਜਗਤ ਨੂੰ ਦੇਖਣ ਦੀ ਕੋਸ਼ਿਸ਼ ਕਰਦਾ ਹੈ, ਉਸਦਾ ਮਹੱਤਵ ਕੀ ਰਹਿ ਜਾਂਦਾ ਹੈ?

ਹੁਣੇ ਤੁਸੀਂ ਜਿਹੜਾ ਦੂਜਾ ਰਾਊਂਡ ਸ਼ੁਰੂ ਕੀਤਾ ਜਿਸ ਵਿੱਚ ਤੱਥ ਅਤੇ ਘਟਨਾ, ਇਹ ਦੋ ਮਹੱਤਵਪੂਰਨ ਸ਼ਬਦ ਆਏ ਹਨ। ਮੈਂ ਇਨ੍ਹਾਂ ਦੋ ਸ਼ਬਦਾਂ ਨੂੰ ਲੈ ਕੇ ਗੱਲ ਨੂੰ ਅੱਗੇ ਵਧਾਉਣਾ ਚਾਹੁੰਦਾ ਕਿ ਸਾਹਿਤਕਾਰ ਹੋਵੇ ਚਾਹੇ ਇਤਿਹਾਸਕਾਰ ਹੋਵੇ, ਜੇਕਰ ਉਹ ਤੱਥ ਅਤੇ ਘਟਨਾ ਵਿੱਚ ਫਸਿਆ ਰਹੇਗਾ ਤਾਂ ਸੱਚ ਉਸ ਦੇ ਪੱਲੇ ਨਹੀਂ ਪਵੇਗਾ। ਸੱਚ ਹੁੰਦਾ ਹੈ ਘਟਨਾ ਤੇ ਤੱਥ ਤੋਂ ਪਾਰ। ਗਾਂਧੀ 2 ਅਕਤੂਬਰ, 1869 ਨੂੰ ਪੈਦਾ ਹੋਏ, ਉੱਥੇ ਪੜ੍ਹੇ, ਉੱਥੇ ਪਲ਼ੇ, ਉੱਥੇ ਅੱਗੇ ਵਧੇ, ਉਥੇ ਹੀ ਉਨ੍ਹਾਂ ਨੇ ਅੰਦੋਲਨ ਕੀਤਾ। ਇਨ੍ਹਾਂ ਸਾਰੇ ਤੱਥਾਂ ਨੂੰ ਏਥੇ ਤੁਸੀਂ ਤਰੀਕਾਂ ਵਿੱਚ ਵੀ ਦੇ ਸਕਦੇ ਹੋ ਅਤੇ ਉਨ੍ਹਾਂ ਨਾਲ ਸੰਬੰਧਤ ਜਿਹੜੇ ਵਿਅਕਤੀ ਸਨ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਨਾਮ ਗਿਣਾ ਸਕਦੇ ਹੋ। ਪ੍ਰੰਤੂ ਫਿਰ ਵੀ ਸਾਡੀ ਸਮਝ ਵਿਚ ਕੁਝ ਨਹੀਂ ਆਵੇਗਾ, ਨਾ ਹੀ ਭਾਰਤੀ ਰਾਸ਼ਟਰੀ ਅੰਦੋਲਨ ਆਵੇਗਾ, ਨਾ ਮਹਾਤਮਾ ਗਾਂਧੀ ਦੀ ਪ੍ਰਸਨੈਲਿਟੀ ਆਵੇਗੀ। ਜੇਕਰ ਅਸੀਂ ਇਨ੍ਹਾਂ ਤੱਥਾਂ ਅਤੇ ਨਾਮਾਂ ਦੇ ਪਿੱਛੇ ਜੋ ਸੱਚ ਲੁਕਿਆ ਹੋਇਆ ਹੈ ਉਸ ਨੂੰ ਫੜਨ ਦੀ ਕੋਸ਼ਿਸ਼ ਨਾ ਕਰੀਏ।

ਪਾਂਡੇ ਜੀ ਨੇ ਦੇਰਿਦਾ ਦੇ ਸਹਾਰੇ ਇਕ ਬਹੁਤ ਹੀ ਜ਼ਬਰਦਸਤ ਗੱਲ ਕਹੀ ਹੈ, ਉਸਦੇ ਵੱਲ ਮੈਂ ਇਸ਼ਾਰਾ ਕਰਨਾ ਚਾਹੁੰਦਾ ਹਾਂ ਅਤੇ ਉਹ ਇਸ਼ਾਰਾ ਕਰਨ ਤੋਂ ਪਹਿਲਾਂ ਪੰਕਜ ਜੀ ਨੇ ਜੋ ਗੱਲ ਕਹੀ ਹੈ, ਉਸ ਨੂੰ ਰੱਖਣਾ ਚਾਹੁੰਦਾ ਹਾਂ। ਮੈਂ ਪੰਕਜ ਜੀ ਨੂੰ ਬਹੁਤ ਹੀ ਧਿਆਨ ਨਾਲ ਸੁਣ ਰਿਹਾ ਸੀ। ਉਦੋਂ ਮੈਂ ਸੋਚ ਰਿਹਾ ਸੀ ਕਿ ਦੇਖੋ ਇਹ ਕਿਸ ਤਰ੍ਹਾਂ ਦੀ ਗੱਲ ਹੈ ਕਿ ਉਹ ਬਿਲਕੁਲ ਤਹਿ ਤੱਕ ਚਲੇ ਗਏ ਸਨ ਅਤੇ ਜਦੋਂ ਮੈਨੂੰ ਲੱਗਾ ਕਿ ਉਹ ਗੱਲ ਦੇ ਬਿਲਕੁਲ ਤਹਿ ਤੱਕ ਚਲੇ ਗਏ ਹਨ ਤਾਂ ਅਚਾਨਿਕ ਉਨ੍ਹਾਂ ਦੇ ਬੋਲਣ ਨੂੰ ਲੈ ਕੇ ਟਰਨ ਲਈ। ਜਿਸ ਵਿੱਚ ਉਹ ਕਿਤੇ ਹੱਥ ਵਿੱਚੋਂ ਤਿਲਕ ਗਈ ਅਤੇ ਸਾਹਿਤ ਅਤੇ ਇਤਿਹਾਸ ਦਾ ਜਿਹੜਾ ਭੇਦ ਸੀ, ਉਹ ਭੇਦ ਫਿਰ ਸਾਹਮਣੇ ਆ ਗਿਆ, ਜਿਵੇਂ ਕਿ ਉਹ ਅਸਲੀਅਤ ਵਿੱਚ ਕੋਈ ਯਥਾਰਥ ਹੋਵੇ। ਤੁਸੀਂ ਜਿਹੜੀ ਗਿਆਨ ਦੀ ਗੱਲ ਕਹੀ ਸੀ ਕਿ ਸਾਰਾ ਗਿਆਨ ਇਕ ਹੈ। ਪ੍ਰੰਤੂ ਜਦੋਂ ਇਹ ਵੱਖ ਵੱਖ ਅਨੁਸ਼ਾਸ਼ਨ ਬਣ ਜਾਂਦੇ ਹਨ ਤਾਂ ਉਨ੍ਹਾਂ ਦਾ ਕਿਸੇ ਵੀ ਸਮੇਂ ਕੋਈ ਸਪੱਸ਼ਟ ਰੂਪ ਨਿਸਚਿਤ ਨਹੀਂ ਹੁੰਦਾ। ਜਿਵੇਂ ਕਿ ਸਾਹਿਤ ਦੀਆਂ ਵਿਧਾਵਾਂ ਸਮੇਂ ਸਮੇਂ ਉੱਤੇ ਬਦਲਦੀਆਂ ਰਹਿੰਦੀਆਂ ਹਨ, ਨਾਵਲ ਕਿੱਥੋਂ ਸ਼ੁਰੂ ਹੁੰਦਾ ਹੈ ਅਤੇ ਕਿੱਥੇ ਚਲਾ ਜਾਂਦਾ ਹੈ, ਨਾਂ ਉਸ ਦਾ ਨਾਵਲ ਹੀ ਰਹਿੰਦਾ ਹਨ। ਉਸੇ ਤਰ੍ਹਾਂ ਨਾਲ ਸਾਹਿਤ ਕਿੱਥੋਂ ਸ਼ੁਰੂ ਹੋ ਕੇ ਕਿੱਥੇ ਚਲਾ ਜਾਂਦਾ ਹੈ ਅਤੇ ਇਤਿਹਾਸ ਕਿੱਥੋਂ ਸ਼ੁਰੂ ਹੋ ਕੇ ਕਿੱਥੇ ਚਲਾ ਜਾਂਦਾ ਹੈ।

**ਜੋਸ਼ੀ**-ਪ੍ਰੰਤੂ ਸਮਾਜ ਨੂੰ ਲੈ ਕੇ ਸਾਹਿਤ, ਜਾਂ ਇਤਿਹਾਸ, ਜਾਂ ਸੋਸੀਆਂਲਅਜੀ ਦਾ ਟ੍ਰੀਟਮੈਂਟ ਤਾਂ ਵੱਖ ਵੱਖ ਹੁੰਦਾ ਹੈ ਨਾ?

**ਸੁਧੀਰ**-ਦੇਖੋ, ਇਸ ਦਾ ਜਵਾਬ ਹੈ-ਹਾਂ ਅਤੇ ਨਹੀਂ ਵੀ ਮੰਨਿਆ ਜਾਂਦਾ ਹੈ। ਪਾਂਡੇ ਜੀ ਨੇ ਇਕ ਗੱਲ ਕਹੀ ਹੈ ਕਿ ਇਕ ਜ਼ਮਾਨਾ ਸੀ ਜਦੋਂ ਸੰਸਕ੍ਰਿਤਕ ਸਾਹਿਤ, ਸੰਸਕ੍ਰਿਤਕ ਇਤਿਹਾਸ ਦੀ ਗੱਲ ਹੁੰਦੀ ਸੀ ਤਾਂ ਤੁਹਾਨੂੰ ਪੁਰਾਣੀਆਂ ਕਿਤਾਬਾਂ ਯਾਦ ਹੋਣਗੀਆਂ। ਅੰਤ ਵਿਚ ਇਕ ਅਧਿਆਏ ਹੋਇਆ ਕਰਦਾ ਸੀ। ਉਸ ਵਿੱਚ ਸਮਾਜ, ਸਾਹਿਤ ਅਤੇ ਸੰਸਕ੍ਰਿਤੀ ਵਰਗੇ ਪਾਠ ਵੀ ਹੁੰਦੇ ਸਨ। ਅੱਜ ਇਹ ਵੰਨਗੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਨਹੀਂ ਆਉਂਦੇ। ਜੇਕਰ ਉਹ ਪਾਠਾਂ ਦੇ ਰੂਪ ਵਿਚ ਨਹੀਂ ਆਉਂਦੇ ਤਾਂ ਜਿਹੜਾ ਪਹਿਲਾਂ ਫ਼ਰਕ ਸੀ ਕਿ ਆਰਕਾਈਵਲ ਰਿਸਰਚ ਹਾਰਡਐਵੀਂਡੈਂਸ। ਅੱਜ ਆਰਕਾਈਵਲ ਰਿਸਰਚ ਜ਼ਰੂਰੀ ਨਹੀਂ ਹੈ ਇਤਿਹਾਸ ਨੂੰ ਦੇਖਣ ਦੇ ਲਈ। ਉਹ ਜਿਹੜੀ ਤੁਸੀਂ ਗੱਲ ਕਰ ਰਹੇ ਹੋ , ਉਹ ਜਿਹੜਾ ਤਰੀਕਾ ਜਿਹੜਾ ਹੋਵੇਗਾ ਉਹ ਵੱਖਰਾ ਹੋਵੇਗਾ। ਸੰਭਵ ਹੈ ਕੁਝ ਲੋਕਾਂ ਨੂੰ ਇਹ ਤਰੀਕਾ ਸਹੀ ਨਾ ਲੱਗੇ।

ਅੱਜ ਖੁਸ਼ੀ ਦੀ ਗੱਲ ਇਹ ਹੈ ਕਿ ਪਹਿਲਾ ਇਹ ਪੁੱਛਿਆ ਜਾ ਸਕਦਾ ਸੀ ਕਿ ਭਾਈ ਤੁਹਾਡੇ ਸਰੋਤ ਕੀ ਹਨ? ਅੱਜ ਇਹ ਸਵਾਲ ਪੁੱਛਿਆ ਨਹੀਂ ਜਾਵੇਗਾ। ਮੈਂ ਤੁਹਾਨੂੰ ਦੱਸਾਂ ਕਿ ਮੇਰੇ ਪਿਤਾ ਜੀ ਜਦੋਂ ਬੀ. ਏ. ਕਰ ਰਹੇ ਸਨ ਤਾਂ ਮੈਨੂੰ ਇਕ ਕਿਤਾਬ ਦਿੱਤੀ 'ਹੈਡਸਨ ਸਟੱਡੀ ਆਫ਼ ਲਿਚਰੇਚਰ'। ਅਤੇ ਉਸ ਸਮੇਂ ਮੈਂ 1956-58 ਦੀ ਗੱਲ ਕਰ ਰਿਹਾ ਸੀ ਜਦੋਂ ਮੈਂ ਬੀ. ਏ. ਕਰ ਰਿਹਾ ਸੀ। ਹੈਡਸਨ ਦਾ ਇਕ ਕਮਾਲ ਦਾ ਪ੍ਰਸੰਗ ਆਉਂਦਾ ਹੈ ਅਤੇ ਉਹ ਹੈ, 'ਇਨ ਲਿਟਰੇਚਰ ਏਵਰੀਥਿੰਗ ਇਜ਼ ਟੂ ਐਕਸੇਪਟ ਨੇਮਸ ਐਂਡ ਡੇਜ਼, ਇਸ ਹਿਸਟਰੀ ਨਥਿੰਗ ਇਜ਼ ਟੂ ਐਕਸੇਪਟ ਨੇਮਸ ਐਂਡ ਡੇਜ਼।' ਅੱਜ ਇਤਿਹਾਸਕਾਰਾਂ ਇਸ ਗੱਲ ਨੂੰ ਸਮਝ ਲਿਆ ਹੈ ਕਿ 'ਡੇਟਸ ਔਰ ਨੇਮਸ' ਮਿਲੇ... ਬਹੁਤ ਚੰਗਾ ਹੈ, ਨਾ ਮਿਲੇ ਤਾਂ ਤੇ ਅਸਲ ਖੋਜ ਹੈ ਉਹ ਸੱਚ ਹੀ ਹੈ। ਇਤਿਹਾਸ ਦੀ ਜਿਹੜੀ ਫ਼ਿਕਸ਼ਨ ਹੈ ਕਿ ਉਹ ਤੱਥਾਂ ਉੱਤੇ ਆਧਾਰਿਤ ਹੈ। ਜਿਹੜਾ ਬੀਤ ਗਿਆ ਉਸ ਦੀ ਗੱਲ ਕਰਦਾ ਹੈ ਇਤਿਹਾਸ। ਜਿਹੜਾ ਬੀਤ ਗਿਆ ਹੈ ਉਹ ਕੀ ਬੀਤਿਆ ਮੰਨਿਆ ਜਾਵੇ? ਕਿਹੜੀ ਘਟਨਾ ਮੰਨੀ ਜਾਵੇਗੀ? ਇਤਿਹਾਸ ਅਸਲ ਵਿਚ ਇਤਿਹਾਸ ਉਦੋਂ ਹੁੰਦਾ ਹੈ ਜਦੋਂ ਉਹ ਘਟਨਾ ਤੋਂ ਪਰੇ ਜਾਂਦਾ ਹੈ।

**ਮੈਨੇਜਰ ਪਾਂਡੇ**-ਦੇਖੋ, ਮੈਂ ਦੁਹਰਾਣਾ ਚਾਹੁੰਦਾ ਹਾਂ ਇਕ ਗੱਲ ਨੂੰ ਕਿ ਬਹਿਸ ਵਿਚ ਸਾਰੀ ਸਮੱਸਿਆ

ਇਸ ਗੱਲ ਤੋਂ ਪੈਦਾ ਹੋ ਰਹੀ ਹੈ ਕਿ ਇਤਿਹਾਸ ਅਤੇ ਸਾਹਿਤ ਦੋਵਾਂ ਦੀਆਂ ਧਾਰਨਾਵਾਂ ਅਤੇ ਦੋਵਾਂ ਦਾ ਸਰੂਪ ਕਾਫੀ ਬਦਲ ਗਿਆ ਹੈ ਅਤੇ ਅਸੀਂ ਲੋਕ ਜੇਕਰ ਪੁਰਾਣੇ ਇਤਿਹਾਸ ਅਤੇ ਪੁਰਾਣੇ ਸਾਹਿਤ ਦੇ ਢਾਂਚੇ ਵਿੱਚ ਇਸ ਸਵਾਲ ਉੱਤੇ ਚਰਚਾ ਕਰੀਏ ਤਾਂ ਉਹ ਚਰਚਾ ਅਤੇ ਉਸ ਤੋਂ ਨਿਕਲਣ ਵਾਲੀ ਗੱਲਬਾਤ ਥੋੜ੍ਹੀ ਇਕ ਤਰ੍ਹਾਂ ਨਾਲ ਕਹੀਏ ਕਿ ਉਹ 'ਆਉਟ ਆਫ਼ ਡੇਟ' ਹੋਵੇਗੀ। ਇਸ ਲਈ ਇਸ ਗੱਲ ਨੂੰ ਚੇਤੇ ਰੱਖੀਏ ਕਿ ਦੋ-ਤਿੰਨ ਗੱਲਾਂ ਚਲਦੇ ਚਲਦੇ ਦੱਸਾਗਾ। ਇਕ ਮਿਸ਼ਾਲ ਤੁਹਾਡੇ ਸਾਹਮਣੇ ਹੈ ਕਿ ਸਾਹਿਤਕ ਰਚਨਾਵਾਂ ਇਤਿਹਾਸ ਵਿੱਚੋਂ ਪੈਦਾ ਹੁੰਦੀਆਂ ਹਨ। ਇਤਿਹਾਸ ਵਿੱਚ ਹੀ ਉਸ ਦਾ ਜੀਵਨ ਹੁੰਦਾ ਹੈ ਅਤੇ ਉਨ੍ਹਾਂ ਵਿੱਚੋਂ ਕੁਝ ਕਦੇ ਕਦੇ ਇਤਿਹਾਸ ਦੇ ਅੰਦਰ ਹੀ ਮਰ ਜਾਂਦੀਆਂ ਹਨ। ਹੁਣ ਜਦੋਂ ਮੈਂ ਕਿ ਇਹ ਇਤਿਹਾਸ ਦੀ ਪ੍ਰਕ੍ਰਿਆ ਕਹਿ ਰਿਹਾ ਹਾਂ ਤਾਂ ਉਹ ਤਿੰਨੋਂ ਹੀ ਜਿਸਦੀ ਥੋੜ੍ਹੀ ਦੇਰ ਪਹਿਲਾਂ ਚਰਚਾ ਮੈਂ ਕਰ ਚੁੱਕਾ ਹਾਂ-ਰਾਜਨੀਤਿਕ ਇਤਿਹਾਸ, ਸਮਾਜਿਕ ਇਤਿਹਾਸ ਅਤੇ ਸੱਭਿਆਚਾਰਕ ਇਤਿਹਾਸ। ਦੂਜੀ ਗੱਲ ਜਿਹੜੀ ਦੇਖੋ ਸਾਹਿਤ ਅਤੇ ਇਤਿਹਾਸ ਦੇ ਵਿਚ ਇਕ ਦਵੰਧ ਹੈ ਬਹੁਤ ਦਿਨਾਂ ਤੋਂ ਅਤੇ ਇਹ ਹਮੇਸ਼ਾ ਰਹੇਗਾ। ਦਵੰਧ ਉਹ ਇਹ ਹੈ ਕਿ ਕੁਝ ਸਾਹਿਤਕ ਵਿਧਾਵਾਂ ਇਤਿਹਾਸ ਦੇ ਵਧੇਰੇ ਨੇੜੇ ਹੁੰਦੀਆਂ ਹਨ। ਅਤੇ ਕੁਝ ਸਾਹਿਤਕ ਵਿਧਾਵਾਂ ਇਤਿਹਾਸ ਵਿੱਚੋਂ ਪੈਦਾ ਹੋ ਕੇ ਵੀ ਇਤਿਹਾਸ ਤੋਂ ਮੁਕਤੀ ਦੀ ਚਿੰਤਾਂ ਤੋਂ ਤੜਫਦੀਆਂ ਰਹਿੰਦੀਆਂ ਹਨ। ਜਿਵੇਂ -ਵਿਧਾਵਾਂ ਵਿਚ ਨਾਵਲ ਇਤਿਹਾਸ ਦੇ ਸਭ ਤੋਂ ਨੇੜੇ ਹੁੰਦਾ ਹੈ ਕਿਉਂਕਿ ਜਿਸ ਦੌਰ ਵਿੱਚ ਨਾਵਲ ਪੈਦਾ ਹੋਇਆ ਉਸ ਦੌਰ ਦੀ ਵੀ ਇਹ ਮੰਗ ਸੀ ਕਿ ਇਤਿਹਾਸ ਨਾਲ ਉਸ ਦਾ ਸੰਬੰਧ ਬਣੇ। ਇਸ ਲਈ ਇਕ ਫਰਾਸ਼ੀਸੀ ਆਲੋਚਕ ਹੈ, ਉਸ ਨੇ ਲਿਖਿਆ ਹੈ ਕਿ ਕਥਾ ਦੇ ਜਿਹੜੇ ਪੁਰਾਣੇ ਰੂਪ ਹਨ-ਜਿਵੇਂ ਮੰਨ ਲਓ ਕਿ ਪਰੀ ਕਥਾਵਾਂ ਹਨ ਜਾਂ ਜਾਤਕ ਕਥਾਵਾਂ ਹਨ ਅਤੇ ਸਾਡੇ ਏਥੇ ਹਿਤੋਪਦੇਸ਼ ਹਨ ਅਤੇ ਦੂਜੇ ਪ੍ਰਚੱਲਤ ਰੂਪ ਹਨ-ਉਨ੍ਹਾਂ ਵਿੱਚ ਅਤੇ ਨਾਵਲ ਦੀ ਕਥਾ ਵਿੱਚ ਮੁੱਢਲੇ ਫ਼ਰਕ ਕੀ ਹਨ? ਮੁੱਢਲੇ ਫ਼ਰਕ ਇਹ ਹੈ ਕਿ ਨਾਵਲ ਵਿਚ ਜਿਹੜੇ ਮਨੁੱਖ ਆਉਂਦੇ ਹਨ, ਉਨ੍ਹਾਂ ਦਾ ਦੇਸ਼ਕਾਲ ਨਿਸਚਿਤ ਹੁੰਦਾ ਹੈ। 'ਹੋਰੀ' ਹਿੰਦੁਸਤਾਨ ਦੇ ਉੱਤਰੀ ਭਾਰਤ ਦੇ ਪਿੰਡ ਦਾ ਹੈ, ਉਹ ਯੂਰੋਪ ਦੇ ਕਿਸੇ ਪਿੰਡ ਦਾ ਨਹੀਂ ਹੋ ਸਕਦਾ। ਉਹ ਹਿੰਦੋਸਤਾਨ ਦੇ 20 ਵੀਂ ਸਦੀ ਦੇ ਸ਼ੁਰੂ ਦੇ ਦੋ ਦਹਾਕਿਆਂ ਵਿੱਚ ਪੈਦਾ ਹੋਇਆ ਹੈ। ਉਹ 21 ਵੀ ਸਦੀ ਵਿੱਚ ਪੈਦਾ ਨਹੀਂ ਹੋ ਸਕਦਾ। ਮਤਲਬ ਇਤਿਹਾਸ ਤੋਂ ਮੋਟੇ ਤੌਰ ਤੇ ਡਿਫਾਇੰਡ ਹਿਊਮਨ ਬੀਂਗਸ ਅਤੇ ਉਸ ਦੀਆਂ ਸਾਰੀਆਂ ਸਰਗਰਮੀਆਂ ਡਿਟੇਲ ਵਿੱਚ, ਵਿਸਤਾਰ ਨਾਲ। ਜੇਕਰ 'ਗੋਦਾਨ' ਦੇ 'ਹੋਰੀ' ਦੀ ਪੂਰੀ ਕਥਾ ਵਿਚ ਉਸਦੇ ਵਿਸਥਾਰ ਨੂੰ ਦੇਖਿਆ ਜਾਵੇ ਤਾਂ ਉਸਦਾ ਇਤਿਹਾਸ ਕਿਸ ਤਰ੍ਹਾਂ ਦਾ ਬਣਦਾ ਹੈ। ਦੂਜੀ ਗੱਲ ਜਿਹੜੀ ਵਿਚਕਾਰ 'ਚ ਤੁਸੀਂ ਕਹੀ ਸੀ ਉਸ ਨੂੰ ਮੈਂ ਯਾਦ ਦਵਾਉਂਦਾ ਹਾਂ। ਉਸ ਦੌਰ ਦੀਆਂ ਕੁਝ ਕਿਤਾਬਾਂ ਤੁਸੀਂ ਧਿਆਨ ਵਿਚ ਰੱਖੋਂ। ਮੈਂ ਦੋ ਕਿਤਾਬਾਂ ਦਾ ਨਾਂ ਲੈਂਦਾ ਹਾਂ। 1904 ਵਿਚ ਬੰਗਲਾ ਵਿੱਚ ਇਕ ਕਿਤਾਬ ਲਿਖੀ ਗਈ। ਉਸਦਾ ਕੁਝ ਕੁ ਹਿੱਸਾ ਸੰਪਾਦਨ ਕਰਕੇ ਮੈਂ ਐਨ. ਬੀ. ਟੀ. ਵਿਚ ਛਪਵਾਇਆ ਸੀ। ਬੰਗਲਾ ਵਿਚ ਕਿਤਾਬ ਲਿਖੀ ਗਈ 'ਦੇਸ਼ੇਰ ਕਥਾ' ਨਾਂ ਸੀ। ਲੇਖਕ ਹੈ ਉਸਦਾ ਸਖਾਰਾਮ ਗਣੇਸ਼ (1908)। ਮਹਾਵੀਰ ਪ੍ਰਸਾਦ ਦ੍ਵਿਵੇਦੀ ਨੇ 1915 ਜਾਂ 1914 ਦੇ ਆਸ ਪਾਸ ਵੀ ਇਕ ਕਿਤਾਬ ਲਿਖੀ ਸੀ ਬਿਨਾ ਨਾਂ ਤੋਂ 'ਅਵਧ ਕੇ ਕਿਸਾਨੋਂ ਕੀ ਬਰਬਾਦੀ' ਇਹ ਤਿੰਨ ਚਾਰ ਕਿਤਾਬਾਂ ਜਿਹੜੀਆਂ ਇਤਿਹਾਸ, ਅਰਥ ਸ਼ਾਸਤਰ, ਰਾਜਨੀਤਿਕ ਸ਼ਾਸਤਰ ਦੀਆਂ ਕਿਤਾਬਾਂ ਹਨ, ਉਨ੍ਹਾਂ ਨੂੰ ਮਿਲਾ ਕੇ ਜੇਕਰ 'ਗੋਦਾਨ' ਅਤੇ ਪ੍ਰੇਮ ਚੰਦ ਦੀਆਂ ਕਹਾਣੀਆਂ ਦੇ ਕਿਸਾਨਾਂ ਨੂੰ ਤੁਸੀਂ ਦੇਖੋਂ ਤਾਂ ਪਤਾ ਲੱਗੇਗਾ ਕਿ ਪ੍ਰੇਮ ਚੰਦ ਆਪਣੀਆਂ ਕਹਾਣੀਆਂ ਅਤੇ ਨਾਵਲਾਂ ਵਿੱਚ ਕਿਸਾਨਾਂ ਰਾਹੀ ਸਿੱਧਾ ਇਤਿਹਾਸ ਨਹੀਂ ਲਿਆ ਰਹੇ, ਪ੍ਰੰਤੂ ਇਤਿਹਾਸ ਨੂੰ ਪੇਸ਼ ਕਰ ਰਹੇ ਹਨ। ਤਾਂ ਇਸ ਨਾਲ ਇਕ ਤਾਂ ਰਚਨਾ ਦਾ ਸੰਬੰਧ ਇਤਿਹਾਸ ਨਾਲ ਪਤਾ ਚਲਦਾ ਹੈ। ਦੂਜਾ ਮੈਂ ਤੁਹਾਨੂੰ ਵਿੱਚੋਂ ਟੋਕ ਕੇ ਕਹਿ ਰਿਹਾ ਸੀ ਕੁਝ ਵਿਧਾਵਾਂ

ਇਤਿਹਾਸ ਦੇ ਵਧੇਰੇ ਕਰੀਬ ਹੁੰਦੀਆਂ ਹਨ ਅਤੇ ਕੁਝ ਵਿਧਾਵਾਂ ਇਤਿਹਾਸ ਤੋਂ ਦੂਰ ਜਾਂਦੀਆਂ ਹਨ। ਹਿੰਦੀ ਦੀ ਇਕ ਮਿਸਾਲ ਤੁਹਾਨੂੰ ਦੇਵਾਂਗਾ। ਇਤਿਹਾਸ ਦੇ ਕਰੀਬ ਅਤੇ ਦੂਰ ਜਾਣ ਦੇ ਪ੍ਰਸੰਗ ਵਿੱਚ। ਮੈਂ ਇਹ ਗੱਲ ਕਹਿੰਦਾ ਹਾਂ ਅਤੇ ਕਹਿ ਚੁੱਕਾ ਹਾਂ ਕਿ ਹਿੰਦੁਸਤਾਨ ਦੇ ਇਤਿਹਾਸ ਦੀ ਸਭ ਤੋਂ ਭਿਆਨਕ ਘਟਨਾ ਹੈ 'ਦੇਸ਼ ਦੀ ਵੰਡ' ਉਸ ਨਾਲ ਬਾਕੀ ਹੋਰ ਵੀ ਚੀਜਾਂ ਜੁੜੀਆਂ ਹੋਈਆਂ ਹਨ। ਟ੍ਰੈਜਿਡੀ ਦੇ ਅਨੇਕ ਰੂਪ ਹਨ, ਉਹ ਸਾਰੇ ਦੇ ਸਾਰੇ ਲੋਕਾਂ ਨੂੰ ਪਤਾ ਹੈ।

ਹਿੰਦੀ ਸਾਹਿਤ ਨੂੰ ਹੀ ਜੇਕਰ ਅਸੀਂ ਦੇਖੀਏ ਤਾਂ ਪਤਾ ਹੋਵੇਗਾ ਕਿ ਜਿਸ ਸਮੇਂ ਦੇਸ਼ ਦੀ ਵੰਡ ਹੋਈ ਉਸ ਸਮੇਂ ਹਿੰਦੀ ਦੇ ਛਾਇਆਵਾਦ ਦੇ ਚਾਰ ਕਵੀ ਜੀਉਂਦੇ ਸਨ-ਸੁਰਿਆਕਾਂਤ ਤ੍ਰਿਪਾਠੀ ਨਿਰਾਲਾ, ਮਹਾਂਦੇਵੀ ਵਰਮਾ, ਸੁਮਿਤ੍ਰਾਨੰਦਨ ਪੰਤ ਅਤੇ ਧਰਮਵੀਰ ਭਾਰਤੀ। ਇਨ੍ਹਾਂ ਵਿੱਚੋਂ ਕਿਸੇ ਨੇ ਵੀ ਵੰਡ ਦੀ ਤ੍ਰਾਸ਼ਦੀ ਉੱਤੇ ਚਾਰ ਸਤਰਾਂ ਕਵਿਤਾ ਦੀਆਂ ਨਹੀਂ ਲਿਖੀਆਂ। ਉਸ ਸਮੇਂ ਪ੍ਰਗਤੀਸ਼ੀਲ ਅੰਦੋਲਨ ਦੇ ਪੰਜ ਕਵੀ ਜੀਉਂਦੇ ਸਨ ਅਤੇ ਕਵਿਤਾ ਲਿਖ ਰਹੇ ਸਨ। ਉਦਾਹਰਨ ਦੇ ਲਈ ਨਾਗਾਅਰਜੁਨ, ਕੇਦਾਰਨਾਥ ਅਗਰਵਾਲ, ਮੁਕਤੀਬੋਧ, ਸ਼ਮਸ਼ੇਰ ਬਹਾਦੁਰ ਸਿੰਘ ਅਤੇ ਤ੍ਰਿਲੋਚਨ। ਇਨ੍ਹਾਂ ਪੰਜਾਂ ਵਿੱਚੋਂ ਕਿਸੇ ਇਕ ਨੇ ਵੀ ਇਕ ਕਵਿਤਾ ਨਹੀਂ ਲਿਖੀ ਦੇਸ਼ ਦੀ ਵੰਡ ਦੀ ਤ੍ਰਾਸ਼ਦੀ ਉੱਪਰ। ਪ੍ਰੰਤੂ ਉਸ ਤੋਂ ਬਾਅਦ ਵੀ ਕੇਵਲ ਕਥਾਕਾਰਾਂ ਨੇ ਕੁਝ ਪ੍ਰਭਾਵ ਕਬੂਲਿਆ।... ਖੁਦ ਅਗੇਯ ਨੇ ਤਾਂ ਖੈਰ ਉਨ੍ਹਾਂ ਲੋਕਾਂ ਤੋਂ ਵੱਖਰਾ ਜਾ ਕੇ ਇਕ ਹੋਰ ਕੰਮ ਕੀਤਾ। 'ਸ਼ਰਨਾਰਥੀ' ਨਾਂ ਨਾਲ 1948 'ਚ ਅਗੇਯ ਜੀ ਦੀ ਇਕ ਹੋਰ ਕਿਤਾਬ ਛਪੀ ਸੀ। ਉਸ ਵਿਚ ਦੇਸ਼ ਦੀ ਵੰਡ ਦੀ ਤ੍ਰਾਸਦੀ ਉੱਤੇ ਗਿਆਰਾਂ ਕਵਿਤਾਵਾਂ -ਹਰ ਮਹੀਨੇ ਉਹ ਇਕ ਕਵਿਤਾ ਲਿਖਦੇ ਸਨ। ਗਿਆਰਾ ਕਵਿਤਾਵਾਂ ਹਨ ਅਤੇ ਉਸ ਤੋਂ ਇਲਾਵਾ ਉਨ੍ਹਾਂ ਦੀਆਂ ਉਸ ਉੱਤੇ ਕਹਾਣੀਆਂ ਦਾ ਪੂਰਾ ਕਹਾਣੀ ਸੰਗ੍ਰਹਿ 'ਚੱਕਰ' ਹੈ। ਫਿਰ ਯਸ਼ਪਾਲ ਆਏ, ਕ੍ਰਿਸ਼ਨਾ ਸੋਬਤੀ ਆਈ, ਭੀਸ਼ਮ ਸਾਹਨੀ ਆਏ। ਮੈਂ ਕੇਵਲ ਇਹ ਕਹਿ ਰਿਹਾ ਹਾਂ ਕਿ ਇਹ ਜਿਹੜਾ ਕਥਾਕਾਰ ਹੈ, ਉਹ ਇਤਿਹਾਸ ਨਾਲ ਸਿੱਧਾ ਮੁੱਠਭੇੜ ਕਰਦਾ ਦਿਖਾਈ ਦਿੰਦਾ ਹੈ। ਆਪਣੀਆਂ ਰਚਨਾਵਾਂ ਵਿਚ ਅਤੇ ਕਵੀ ਤਕਰੀਬਨ ਉਸ ਤੋਂ ਵੱਖਰੇ ਦਿਖਾਈ ਦਿੰਦੇ ਹਨ। ਪ੍ਰੰਤੂ ਜਿਹੜੀ ਇਸ ਪ੍ਰਸੰਗ ਵਿੱਚ ਮੈਂ ਆਖਰੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਤਿਹਾਸ ਅਤੇ ਸਾਹਿਤ ਦੇ ਪ੍ਰਸੰਗ ਵਿੱਚ ਨਾਵਲ ਨੂੰ ਧਿਆਨ ਵਿੱਚ ਰੱਖ ਕੇ ਇਹ ਹੈ ਕਿ ਨਾਵਲ ਇਤਿਹਾਸ ਤੋਂ ਮੁਕਤ ਹੋ ਕੇ ਨਹੀਂ, ਇਤਿਹਾਸ ਤੋਂ ਮੁਕਤ ਹੋ ਕੇ ਵੀ ਮਨੁੱਖ ਨੂੰ ਇਤਿਹਾਸ ਦੇ ਆਤੰਕ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰਦਾ ਹੈ- ਨਾਵਲ। ਇਤਿਹਾਸ ਦਾ ਆਤੰਕ ਕੀ ਹੈ? ਚਲਦੇ ਚਲਦੇ ਮੈਂ ਇਹ ਕਹਾਂਗਾ ਕਿ ਮਨੁੱਖ ਇਤਿਹਾਸ ਵਿੱਚ ਦੋ ਰੂਪਾਂ ਵਿੱਚ ਹੁੰਦਾ ਹੈ-ਇਕ ਤਾਂ ਇਤਿਹਾਸ ਦੇ ਨਿਰਮਾਣ ਦੇ ਰੂਪ ਵਿੱਚ 'ਸਬਜੈਕਟ ਆਫ਼ ਹਿਸਟਰੀ' ਦੂਜੀ ਤਰ੍ਹਾਂ ਇਤਿਹਾਸ ਦੀ ਇਕ ਵਸਤੂ ਦੇ ਰੂਪ ਵਿੱਚ ਹੁੰਦਾ ਹੈ, ਭਾਵ 'ਅੱਬਜੈਕਟ ਆਫ਼ ਹਿਸਟਰੀ' ਅਤੇ ਜਦੋਂ ਤੱਕ ਮਨੁੱਖ ਇਤਿਹਾਸ ਦੇ ਨਿਰਮਾਤਾ ਦੇ ਰੂਪ ਵਿੱਚ ਨਹੀਂ ਹੋਵੇਗਾ ਉਦੋਂ ਤੱਕ ਉਹ ਇਤਿਹਾਸ ਦੇ ਭੈਅ ਤੋਂ ਮੁਕਤ ਨਹੀਂ ਹੋਵੇਗਾ। ਇਸ ਲਈ ਸਾਹਿਤ ਇਹ ਕੰਮ ਕਰਦਾ ਹੈ ਕਿ ਮਨੁੱਖ ਨੂੰ ਇਤਿਹਾਸ ਦਾ ਨਿਰਮਾਤਾ ਬਣਾਉਂਦੇ ਹੋਏ ਇਤਿਹਾਸ ਦੇ ਆਤੰਕ ਤੋਂ ਮਨੁੱਖ ਨੂੰ ਮੁਕਤ ਕਰਦਾ ਰਹੇ।

**ਜੋਸ਼ੀ**-ਪੰਕਜ ਜੀ, ਪਾਂਡੇ ਜੀ ਦਾ ਕਹਿਣਾ ਹੈ ਕਿ ਸਾਹਿਤ, ਵਿਸ਼ੇਸ਼ ਕਰਕੇ ਨਾਵਲ ਸਾਨੂੰ ਇਤਿਹਾਸ ਦੇ ਭੈਅ ਤੋਂ ਮੁਕਤ ਕਰਦਾ ਹੈ। ਕੀ ਅਜਿਹਾ ਹੈ?

**ਪੰਕਜ**- ਇਤਿਹਾਸ ਦੀ ਦਹਿਸ਼ਤ ਨਾਲ ਇਹ ਹੋ ਸਕਦਾ ਹੈ ਕਿ ਜਿਹੜੀ ਪੂਰੀ ਪਰੰਪਰਾ, ਜਿਹੜੀਆਂ ਘਟਨਾਵਾਂ ਹੋਈਆਂ ਹਨ, ਹੁਣ ਤੱਕ ਦੀ ਚਰਚਾ ਵਿਚ ਇਹ ਨਵੀਂ ਗੱਲ ਹੈ। ਜਿਨ੍ਹਾਂ ਨੂੰ ਇਤਿਹਾਸ ਦੇ ਰੂਪ ਵਿਚ ਅਸੀਂ ਜਾਣਦੇ। ਉਨ੍ਹਾਂ ਤੋਂ ਜਿਹੜੀ ਮਾਨਸਿਕਤਾ ਬਣਦੀ ਹੈ, ਉਨ੍ਹਾਂ ਨਾਲ ਉਹ ਮੁਕਤ ਕਰਨ ਦੀ ਕੋਸ਼ਿਸ ਕਰਦਾ ਹੈ, ਅਤੇ ਚੀਜਾਂ ਨੂੰ ਵਧੇਰੇ ਸਮਕਲੀਨ ਸੰਦਰਭਾਂ ਨਾਲ ਸਮਝਣ ਦੇ ਲਈ ਆਪ ਨੂੰ ਸਮਝਾ

ਦਿੰਦਾ ਹੈ। ਪ੍ਰੰਤੂ ਮੈਂ ਇਸ ਤੋਂ ਪਹਿਲਾਂ ਸੁਧੀਰ ਜੀ ਦੀਆਂ ਕੁਝ ਗੱਲਾਂ ਨੂੰ ਲੈਂਦਾ ਹਾਂ। ਦੇਖੋਂ ਮੈਂ ਇਹ ਮੰਨਦਾ ਹਾਂ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਇਤਿਹਾਸ ਵਿੱਚ ਲਗਾਤਾਰ ਇਕ ਰਾਜਨੀਤਿਕ ਤੱਤ ਵਿਦਮਾਨ ਹੁੰਦਾ ਹੈ, ਜਿਸਦੇ ਸੰਦਰਭ ਵਿਚ ਉਹ ਸਾਰੀਆਂ ਘਟਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਇੰਟਰਪ੍ਰੇਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਿਹੜਾ ਰਾਜਨੀਤੀ ਦਾ ਤੱਤ ਹੈ ਉਹ ਡੋਮਿਨੇਟਿੰਗ ਹੈ। ਇਹ ਇਕ ਗੱਲ ਹੈ। ਦੂਜੀ ਗੱਲ ਇਹ ਹੈ ਕਿ ਜੋ ਵੀ ਸਮੱਗਰੀ ਮਿਲ ਜਾਂਦੀ ਹੈ ਇਤਿਹਾਸ ਉਹ ਸਾਰੀ ਸਮੱਗਰੀ ਦੀ ਵਰਤੋ ਕਰਦਾ ਹੈ। ਤੁਹਾਡੀ ਗੱਲ ਨੂੰ ਕਹਿਣ ਦੇ ਲਈ ਭਾਵ ਕਿ ਇਕੋ ਸਮੇਂ ਵਿਸ਼ੇਸ਼ ਦੇ ਸੰਦਰਭ ਵਿਚ ਸਮਾਜ ਨੂੰ ਮਾਨਵ ਨੀਤੀ ਨੂੰ ਸਮਝਣ ਅਤੇ ਉਸਨੂੰ ਇੰਟਰਪ੍ਰੇਟ ਕਰਨ ਦੇ ਲਈ ਇਤਿਹਾਸ ਦੂਜਾ ਕੰਮ ਕਰਦਾ ਹੈ। ਤੀਜੀ ਗੱਲ ਇਹ ਹੈ ਕਿ ਗਿਆਨ ਦੇ ਵਿਧਾ ਤੇ ਸਰੋਤ ਬਦਲਦੇ ਹਨ, ਜਿਸ ਵਿਚ ਇਤਿਹਾਸ ਵੀ ਹੈ। ਇਤਿਹਾਸ ਆਪਣਾ ਫੈਲਾਅ ਇਕ ਅਨੁਸ਼ਾਸ਼ਨ ਦੇ ਰੂਪ ਵਿਚ ਕਰਦਾ ਹੈ, ਆਪਣੀਆਂ ਪ੍ਰਵਿਰਤੀਆਂ ਨੂੰ ਵੀ ਵਧਾਉਂਦਾ ਹੈ, ਨਵੀਆਂ ਪ੍ਰਵਿਰਤੀਆਂ ਨੂੰ ਜੋੜਦਾ ਹੈ ਅਤੇ ਪੁਰਾਣੀਆਂ ਪ੍ਰਵਿਰਤੀਆਂ ਨੂੰ ਛੱਡਦਾ ਵੀ ਹੈ ਅਤੇ ਇਸ ਸੰਦਰਭ ਵਿਚ ਉਹ ਆਪਣਾ ਵਿਕਾਸ ਕਰਦਾ ਹੈ। ਉਸ ਵਿਚ ਨਵੀਆਂ ਚੀਜਾਂ ਜੁੜਦੀਆਂ ਹਨ ਅਤੇ ਉਹ ਲਗਾਤਾਰ ਨਵੇਂ ਸਿਰੇ ਨਾਲ ਜੁੜ ਜਾਂਦੀਆਂ ਹਨ। ਜਿੱਥੇ ਤੱਕ ਨਾਵਲ ਦਾ ਸਵਾਲ ਹੈ, ਇਹ ਆਪਣੇ ਆਪ ਨੂੰ ਬਦਲਦਾ ਹੈ, ਆਪਣੀਆਂ ਵਿਧਾਵਾਂ ਵਿੱਚ ਤਬਦੀਲੀ ਕਰਦਾ ਹੈ। ਅਤੇ ਇਹ ਜਿਹੜੀ ਵਿਕਾਸ ਦੀ ਪ੍ਰਕ੍ਰਿਆ ਹੈ ਉਸਦੇ ਅੰਤਰਗਤ ਅਤੇ ਜੋ ਉਸਦੇ ਸਮਕਾਲੀਨ ਦਬਾਅ ਹਨ ਉਹ ਸਦਾ ਹਰ ਅਨੁਸ਼ਾਸ਼ਨ ਦੇ ਲਈ ਜਾਂ ਹਰ ਸਾਹਿਤ ਦੀ ਹਰ ਵਿਧਾ ਦੇ ਲਈ ਹੁੰਦੇ ਹਨ।

ਮੇਰੇ ਖਿਆਲ ਨਾਲ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਤੁਸੀਂ ਸਾਹਿਤ ਤੋਂ ਕਿਹੜੀ ਮੰਗ ਕਰਦੇ ਹੋ? ਜਿਹੜਾ ਉਸ ਦਾ ਆਪਣੇ ਕੰਮ ਕਰਨ ਦਾ ਦਾਇਰਾ ਹੈ, ਜਿਸ ਮਧਿਆਮ ਨਾਲ ਉਹ ਚੀਜ਼ਾਂ ਨੂੰ ਵੇਖਦਾ ਹੈ ਜਾਂ ਜਿਸ ਤਰ੍ਹਾਂ ਨਾਲ ਉਹ ਆਪਣੇ ਆਪ ਨੂੰ ਪੇਸ਼ ਕਰਦਾ ਹੈ, ਇਹ ਸਮਝਣਾ ਚਾਹੀਦਾ ਹੈ। ਉਸ ਵਿਚ ਦੇਖੋ ਇਕ ਜ਼ਰੂਰੀ ਨਹੀਂ ਹੈ ਕਿ ਉਹ ਕਿਸੇ ਵੀ ਦੌਰ ਦੀਆਂ ਸਾਰੀਆਂ ਮਹੱਤਵਪੂਰਨ ਘਟਨਾਵਾਂ ਨੂੰ ਆਪਣਾ ਵਿਸ਼ਾ ਵਸਤੂ ਬਣਾਵੇ ਹੀ ਬਣਾਵੇ ਅਤੇ ਜੇ ਉਹ ਨਹੀਂ ਬਣਾਉਂਦਾ ਤਾਂ ਇਸ ਨਾਲ ਵੀ ਕੋਈ ਫ਼ਰਕ ਨਹੀਂ ਪੈਂਦਾ ਹੈ। ਮੂਲ ਗੱਲ ਇਹ ਹੈ ਕਿ ਕੀ ਉਹ ਆਪਣੇ ਸਮੇਂ ਦੀ ਜਿਹੜੀ ਉਸਦੀ 'ਸਿਪਰਿਟ' ਹੈ, ਉਸਨੂੰ ਫੜਦਾ ਹੈ ਜਾਂ ਨਹੀਂ ਫੜਦਾ। ਇਹ ਸ਼ਾਇਦ ਵਧੇਰੇ ਮਹੱਤਵਪੂਰਨ ਹੁੰਦਾ ਹੈ। ਜਦ ਕਿ ਇਤਿਹਾਸ ਵਿਚ ਅਜਿਹਾ ਨਹੀਂ ਹੋ ਸਕਦਾ। ਜਿਵੇਂ ਉਦਾਹਰਨ ਦੇਵਾਂ ਕਿ ਭਾਰਤ ਵੰਡ ਦਾ ਮਤਲਬ, ਭਾਰਤੀ ਦੌਰ ਤਤਕਲੀਨ ਭਾਰਤੀ ਇਤਿਹਾਸ ਵਿੱਚ ਜੇਕਰ ਇਕ ਘਟਨਾ ਨੂੰ ਵੱਖਰਾ ਛੱਡਿਆ ਜਾਵੇਗਾ ਤਾਂ ਨਿਸਚਿਤ ਰੂਪ ਨਾਲ ਉਸ ਨੂੰ ਇਤਿਹਾਸ ਨਹੀਂ ਮੰਨਿਆ ਜਾਵੇਗਾ। ਉਹ ਇਤਿਹਾਸ ਦੀ ਸਭ ਤੋਂ ਵੱਡੀ ਘਾਟ ਹੋਵੇਗੀ। ਪ੍ਰੰਤੂ ਸਾਹਿਤ ਨੂੰ ਸਮਝਣ ਦੇ ਲਈ ਸਾਹਿਤ ਦੀ ਕਿਸੇ ਵੀ ਵਿਧਾ ਨੂੰ ਸਮਝਣ ਦੇ ਲਈ ਉਸਦੀ ਇੰਟਰਪਟੇਸ਼ਨ ਦੇ ਲਈ ਜਾਂ ਉਸਦੇ ਵਿਸਥਾਰ ਦੇ ਲਈ ਜਾਂ ਵਿਆਖਿਆ ਦੇ ਲਈ ਇਹ ਹਰਗ਼ਿਜ਼ ਜ਼ਰੂਰੀ ਨਹੀਂ ਹੋਵੇਗਾ ਕਿ ਉਸ ਵਿਚ ਆਪਣੇ ਦੌਰ ਦੀਆਂ ਸਾਰੀਆਂ ਘਟਨਾਵਾਂ ਨੂੰ ਲਿਆ ਹੈ ਜਾਂ ਨਹੀਂ, ਇਹ ਇਕ ਮਹੱਤਵਪੂਰਨ ਗੱਲ ਹੈ। ਇਸਦੇ ਸੰਦਰਭ ਵਿਚ ਇਸ ਲਈ ਜਿਵੇਂ ਕਿ ਮੈਂ ਸ਼ੁਰੂ ਵਿਚ ਕਿਹਾ ਸੀ ਕਿ ਸਾਹਿਤ ਅਤੇ ਇਤਿਹਾਸ ਇਕ ਦੂਜੇ ਦੇ ਸਮਾਨਾਂਤਰ ਹੈ, ਇਕ ਬਿਲਕੁਲ ਤਤਕਲੀਨ ਸਮਾਜ ਨੂੰ ਲੈਂਦਾ ਹੈ ਅਤੇ ਇਕ ਜਿਹੜਾ ਹੋ ਚੁੱਕਾ ਹੁੰਦਾ ਹੈ ਉਸਨੂੰ ਇੰਟਰਪ੍ਰੇਟ ਕਰਨ ਦੀ ਕੋਸ਼ਿਸ਼ ਕਰਦਾ ਹੈ, ਇਹ ਮੇਰਾ ਮੰਨਣਾ ਹੈ।

**ਜੋਸ਼ੀ**-ਅਰਚਨਾ ਜੀ ਜੇਕਰ ਤੁਸੀਂ ਸਹਿਮਤ ਹੋਵੋ ਤਾਂ...।

**ਅਰਚਨਾ**-ਨਹੀਂ, ਮੈਨੂੰ ਥੋੜਾ ਜਿਹਾ ਅਜਿਹਾ ਲੱਗਦਾ ਹੈ ਕਿ ਇਸ ਨਾਲ ਕੁਝ ਸਿਰਜਣਾਤਮਿਕ ਨਤੀਜੇ ਨਿਕਲ ਸਕਦੇ ਹਨ। ਅਜੇ ਵੀ ਅਸੀਂ ਜੇਕਰ ਇਹ ਸੋਚ ਕੇ ਚੱਲ ਰਹੇ ਹਾਂ ਕਿ ਇਤਿਹਾਸ ਦਾ ਅਰਥ

ਅਤੀਤ ਹੈ ਅਤੇ ਜ਼ਹਿਰ ਗੱਲ ਹੈ ਕਿ ਇਹ ਕੁਝ ਤੱਥ ਅਤੇ ਘਟਨਾਵਾਂ ਅਤੇ ਇਤਿਹਾਸ ਉਸਦੇ ਸੰਕਲਨ ਦਾ। ਪ੍ਰੰਤੂ ਨਾਲ ਹੀ ਜਿਹੜਾ ਉਸ ਵਿੱਚ ਨਵਾਂ ਜੁੜਿਆ ਹੋਇਆ ਹੈ, ਉਸ ਦੀ ਗਹਿਰਾਈ ਵਿੱਚ ਜਾਣ ਦਾ ਅਤੇ ਮਾਨਵੀ ਨੀਤੀ ਅਤੇ ਸੱਚ ਦੀ ਤਲਾਸ਼ ਦੀ ਦਿਸ਼ਾ ਦੇ ਅਵਿਸ਼ਕਾਰ ਦਾ ਯਤਨ ਹੈ, ਇਤਿਹਾਸ ਵੀ ਜੇਕਰ ਇਹ ਆਖਰੀ ਸੱਚ ਹੈ, ਆਖਰੀ ਉਦੇਸ਼ ਹੈ ਉਹ ਤਾਂ ਸਾਹਿਤ ਅਤੇ ਇਤਿਹਾਸ ਦਾ ਸਮਾਨ ਰੂਪ ਹੀ ਹੈ। ਅੰਤਰਪ੍ਰਵਿਧੀ ਦਾ ਹੋ ਸਕਦਾ ਹੈ ਪ੍ਰੰਤੂ ਪ੍ਰਵਿਧੀਆਂ ਵਿੱਚ ਵੀ ਬਹੁਤ ਕੁਝ ਸਮਾਨਤਾ ਆਉਂਦੀ ਜਾ ਰਹੀ ਹੈ ਅਤੇ ਜਿਹੜੀ ਸਮੱਸਿਆ ਸਰੋਕਾਰ ਦੀ ਗੱਲ ਜਿਸ ਸਾਹਿਤ ਦੇ ਸੰਦਰਭ ਵਿੱਚ ਅਸੀਂ ਕਰ ਰਹੇ ਹਾਂ, ਉਸ ਨੂੰ ਅਸੀਂ ਜੇਕਰ ਵਿਧੀ ਵਿਧਾਨ ਨਾਲ ਕਹਿਣਾ ਚਾਹੀਏ ਤਾਂ ਸਮੇਂ ਅਨੁਸਾਰ ਰੱਚਿਆ ਇਤਿਹਾਸ ਵੀ ਕਹਿ ਸਕਦੇ ਹਾਂ, ਜਿਹੜੀ ਕਿ ਅਜੇ ਬਣਨ ਦੀ ਪ੍ਰਕ੍ਰਿਆ ਵਿਚ ਹੈ। ਵਰਤਮਾਨ ਸਮੇਂ ਰਚ ਹੋ ਰਹੇ ਇਤਿਹਾਸ ਦਾ ਮਤਲਬ ਸਾਇਦ ਰਾਜਨੀਤੀ ਹੈ ਅਤੇ ਦੂਜੇ ਪੱਧਰ ਉੱਤੇ ਦੇਖੋ ਤਾਂ ਉਹ ਯਥਾਰਥ ਉਹ ਵਸਤੂਗਤ ਤੱਥ ਜਿਸ ਨਾਲ ਉਹ ਪ੍ਰਸਥਿਤੀਆਂ ਬਣਦੀਆਂ ਹਨ ਜਿਸਦੇ ਡਿਸਟ੍ਰੀਬਿਊਸ਼ਨ ਤੋਂ ਅੱਗੇ ਚਲ ਕੇ ਅਸੀਂ ਇਤਿਹਾਸਕ ਦ੍ਰਿਸ਼ਟੀ ਨਾਲ ਤੱਥਾਂ ਦੇ ਵਾਂਗ ਸੰਕਲਿਤ ਵੀ ਕਰ ਸਕਦੇ ਹਾਂ। ਉਸ ਵਿੱਚ ਜਿਹੜਾ ਜਿਉਂਦਾ ਰਹਿਣ ਦਾ ਅਨੁਭਵ ਹੈ, ਇਕ ਜੀਵਤ ਮਨੁੱਖ ਦੀ ਧੜਕਣ ਦੇ ਨਾਲ ਸੰਪਾਦਨ ਦੇ ਨਾਲ ਜਿੰਦਾ ਰਹਿਣ ਦਾ ਜਿਹੜਾ ਅਨੁਭਵ ਹੈ, ਉਸ ਨੂੰ ਦਰਜ ਕਰਨ ਦਾ ਕੰਮ ਸਾਹਿਤ ਕਰਦਾ ਹੈ। ਜਾਂ ਇਕ ਤਰ੍ਹਾਂ ਨਾਲ ਸਾਹਿਤ ਵੀ ਜਿਵੇਂ ਮੈਂ ਪਿਛਲੀ ਵਾਰ ਕਿਹਾ ਸੀ, ਇਤਿਹਾਸ ਦੇ ਨਿਰਮਾਣ ਵਿੱਚ ਆਪਣਾ ਹਿੱਸਾ ਪਾ ਰਿਹਾ ਹੈ। ਸਾਹਿਤ ਵੀ ਇਤਿਹਾਸ ਹੀ ਇਕ ਤਰ੍ਹਾਂ ਨਾਲ ਰਚ ਰਿਹਾ ਹੈ। ਪ੍ਰੰਤੂ ਉਸ ਵਿਚ ਦੂਜੀ ਗੱਲ ਮੈਨੂੰ ਵਧੇਰੇ ਮਹੱਤਵਪੂਰਨ ਲੱਗਦੀ ਹੈ ਜਿਹੜੀ ਮੈਨੇਂਜ਼ਰ ਪਾਂਡੇ ਜੀ ਨੇ ਕਹੀ ਸੀ ਕਿ ਕਹਾਣੀ ਅਤੇ ਉਸ ਤੋਂ ਵੱਧ ਨਾਵਲ ਇਤਿਹਾਸ ਦੇ ਨਾਲ ਟਕਰਾਉਂਦਾ ਹੈ। ਤਾਂ ਇਤਿਹਾਸ ਦੇ ਨਾਲ ਟਕਰਾਅ ਦੀ ਪ੍ਰਕ੍ਰਿਆ ਵਿਚ ਉਹ ਅਸਲ ਵਿੱਚ ਕਰਦਾ ਕੀ ਹੈ? ਉਹ ਪ੍ਰਸਥਿਤੀਆਂ, ਉਹ ਸਮੱਸਿਆਵਾਂ ਉਹ ਤੱਥ ਵਸਤੂ ਨਾਲ ਜੁੜਿਆ ਹੋਇਆ ਯਥਾਰਥ ਰਚ ਕੇ ਉਹ ਪਰਤ ਦਰ ਪਰਤ ਉਸ ਜੀਵਨ ਸੰਘਰਸ਼ ਨੂੰ ਬਹੁਤ ਅੰਦਰ ਤੱਕ ਕਿਸੇ ਪਰਤ ਨਾਲ ਢੱਕ ਦਿੰਦਾ ਹੈ। ਪ੍ਰੰਤੂ ਉਹ ਧੜਕਣ ਉੱਥੇ ਹੈ ਅਤੇ ਉਸ ਅੱਜ ਮਤਲਬ ਇਕ ਆਪਣੇ ਆਪ ਇਹ ਵੀ ਇਕ ਵੱਡਾ ਮਾਨਸਿਕ ਕਿਸਮ ਦਾ ਆਨੰਦ ਹੋ ਸਕਦਾ ਹੈ ਕਿ ਇਹ ਜਾਣ ਸਕਣਾ ਕਿ 1902,1907,1909 ਵਿੱਚ ਇਹ ਰਚਨਾਵਾਂ ਅਤੇ ਇਹ ਇਤਿਹਾਸ ਵਿੱਚ ਹੋਇਆ, ਇਹ ਰਾਜਨੀਤੀ ਵਿਚ ਹੋਇਆ ਅਤੇ ਸਾਹਿਤ ਵੀ ਇਸ ਨੂੰ ਕਨਫਰਮ ਕਰ ਰਿਹਾ ਹੈ। ਅਸੀਂ ਹੁਣ ਤੱਕ ਤਾਂ ਇਹੀ ਮੰਨਦੇ ਆਏ ਹਾਂ ਕਿ ਸਾਹਿਤ ਦਾ ਕਨਫ਼ਰਮੇਸ਼ਨ ਇਤਿਹਾਸ ਨਾਲ ਅਤੇ ਰਾਜਨੀਤੀ ਨਾਲ ਹੈ, ਅਤੇ ਹੁਣੇ ਹੁਣੇ ਇਹ ਵੀ ਹੋਣ ਲੱਗਾ ਹੈ ਕਿ ਸਾਹਿਤ ਨਾਲ ਕਨਫਰਮੇਸ਼ਨ ਹੋਣ ਲੱਗਾ ਹੈ ਇਤਿਹਾਸ ਦਾ ਜਾਂ ਰਾਜਨੀਤੀ ਦਾ ਵੀ। ਇਹ ਆਪਣੇ ਆਪ ਵਿਚ ਉਹ ਇਕ ਅੱਛਾ-ਖਾਸਾ ਸਮਝ ਦਾ ਅਤੇ ਵਿਵੇਚਨ ਦਾ ਆਨੰਦ ਹੈ। ਪ੍ਰੰਤੂ ਅੱਜ ਜਦੋਂ ਅਸੀਂ 'ਹੋਰੀ' ਨੂੰ ਅਤੇ 'ਗੋਦਾਨ' ਨੂੰ ਪੜ੍ਹਦੇ ਹੋਏ ਇਸਦੇ ਬਾਵਜੂਦ ਕਿ ਹੁਣ ਜਦੋਂ ਜ਼ਿੰਮੀਦਾਰੀ ਸਿਸਟਮ ਨਹੀਂ ਹੈ ਅਤੇ ਉਸ ਤਰ੍ਹਾਂ ਨਾਲ ਲਗਾਨ ਨਹੀਂ ਹੈ, ਫਿਰ ਵੀ ਉਹ ਸਾਨੂੰ ਓਨਾ ਹੀ ਸਮਾਜਿਕ ਅਤੇ ਜੀਵੰਤ ਲੱਗਦਾ ਹੈ। ਉਹ ਸ਼ਾਇਦ ਇਸ ਲਈ ਕਿ ਇਤਿਹਾਸ ਦੀਆਂ ਉਹ ਸਾਰੀਆਂ ਪਰਤਾਂ ਉਸ ਦੇ ਉਪਰੋਂ ਅਸੀਂ ਰਗੜ ਰਗੜ ਕੇ ਹਟਾ ਸਕਦੇ ਹਾਂ ਅਤੇ ਉਸ ਮੂਲ ਮਨੁੱਖ ਦੇ ਦਰਸ਼ਨ ਕਰ ਸਕਦੇ ਹਾਂ, ਜਿਹੜਾ ਉਸ ਤ੍ਰਾਸਦੀ ਦਾ ਬਾਹਰੀ ... ਦੇਸਕਾਲ ਦੇ ਸਾਰੇ ਵਖਰੇਵਿਆਂ ਨੂੰ ਅਤੇ ਭਿੰਨਤਾਵਾਂ ਦੇ ਬਾਵਜੂਦ ਉਸੇ ਤਰ੍ਹਾਂ ਜੀਵੰਤ ਅਤੇ ਓਨਾ ਹੀ ਤ੍ਰਾਸਦਿਕ ਅਨੁਕੂਲ ਪੀੜਾ ਦੇ ਨਾਲ ਧੜਕਦਾ ਹੋਇਆ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ। ਇਸ ਲਈ ਇਤਿਹਾਸ ਜੇਕਰ ਤੱਥਾਂ ਦੀਆਂ ਪਰਤਾਂ ਚੜ੍ਹਾਉਂਦਾ ਹੈ ਨਾਵਲ ਵਿਚ ਤਾਂ ਦੂਜੀ ਤਰ੍ਹਾਂ ਦਾ ਸਾਹਿਤ ਉਨ੍ਹਾਂ ਪਰਤਾਂ ਨੂੰ ਉਤਾਰ ਕੇ ਇਕ ਵਾਰ ਫਿਰ ਤੋਂ ਉਸ ਜੀਵਤ ਮਨੁੱਖ ਨੂੰ ਸਾਡੇ ਸਾਹਮਣੇ

ਲਿਆ ਕੇ ਖੜਾ ਕਰਨ ਵਿੱਚ ਸਮਰੱਥ ਨਹੀਂ ਹੁੰਦਾ।

**ਜੋਸ਼ੀ**-ਯਾਦਵ ਜੀ, 'ਸਾਹਿਤ ਮਨੁੱਖ ਨੂੰ ਇਤਿਹਾਸ ਦੇ ਆਤੰਕ ਤੋਂ ਮੁਕਤ ਕਰਦਾ' ਦੇ ਵੱਲ ਪਰਤਦਾ ਹੈ। ਤੁਸੀਂ ਇਸ ਨੂੰ ਕਿਵੇਂ ਵੇਖਦੇ ਹੋ।

**ਅਰਚਨਾ**-ਰੁਕੋ... ਮੈਂ ਇਕ ਗੱਲ ਹੋਰ ਜੋੜਨਾ ਚਾਹੁੰਦੀ ਹਾਂ ਕਿ ਇਤਿਹਾਸ ਦਾ ਆਤੰਕ, ਇਹ ਜੋ ਤੁਸੀਂ ਕਹਿ ਰਹੇ ਹੋ ਅੰਦਰੂਨੀ ਜਗਤ ਅਤੇ ਬਾਹਰੀ ਯਥਾਰਥ। ਸਾਡਾ ਜਿਹੜਾ ਸਮਾਜਿਕ ਯਥਾਰਥ ਜਾਂ ਵਸਤੂ ਜਗਤ ਹੈ ਉਥੇ ਮੈਂ ਮਨੁੱਖ ਦੇ ਸਾਹਮਣੇ ਖੜਾ ਇਤਿਹਾਸ ਦੇ ਆਤੰਕ ਦੇ ਵੱਲ ਦੇਖਣਾ ਚਾਹੁੰਦਾ ਹਾਂ।

**ਯਾਦਵ**-ਦੇਖੋ, ਮੈਂ ਸ਼ੁਰੂ ਵਿਚ ਕਿਹਾ ਸੀ ਕਿ ਇਤਿਹਾਸ ਦੀਆਂ ਸਰਗਰਮੀਆਂ ਨਿਸਚਿਤ ਕਰਨ ਵਾਲੇ ਅਸੀਂ ਨਹੀਂ ਹਾਂ ਕਿਉਂਕਿ ਉਸ ਵਿਚ ਬਹੁਤ ਸਾਰੀਆਂ ਸ਼ਕਤੀਆਂ ਹਨ। ਹੋ ਸਕਦਾ ਹੈ ਕਿ ਉਸਨੇ ਇਤਿਹਾਸ ਨੂੰ ਇਕ ਮੋੜ ਦਿੱਤਾ ਹੋਵੇ। ਕਹਿਣਾ ਚਾਹੀਦਾ ਹੈ ਕਿ ਇਤਿਹਾਸਕ ਪ੍ਰਸਥਿਤੀਆਂ ਸਥਿਤੀਆਂ ਦਾ ਜਨਮਦਾਤਾ ਹੋਵੇ, ਪ੍ਰੰਤੂ ਉਹ ਇਕ ਵੱਡਾ ਵਿਸ਼ਾਲ ਇਤਿਹਾਸਕ ਫ੍ਰੇਮ ਦੇ ਅੰਦਰ ਹੀ ਕੰਮ ਕਰ ਰਿਹਾ ਸੀ। ਉਹ ਜਿਸ ਇਤਿਹਾਸ ਦਾ ਨਿਰਮਾਣ ਕਰ ਰਿਹਾ ਸੀ, ਉਹ ਕਿਸੇ ਇਕ ਚਲਦੇ ਹੋਏ ਸਿਲਸਿਲੇ ਜਾਂ ਪ੍ਰਕ੍ਰਿਆ ਦਾ ਇਕ ਹਿੱਸਾ ਸੀ। ਉਹ ਨੀਤੀ ਸਾਡੇ ਹੱਥਾਂ ਵਿਚ ਨਹੀਂ ਹੁੰਦੀ ਹੈ। ਉੱਥੇ ਇਕ ਸਮਾਜਿਕ ਨੀਤੀ ਹੁੰਦੀ ਹੈ, ਇਕ ਇਤਿਹਾਸਕ ਨੀਤੀ ਹੁੰਦੀ ਹੈ, ਇਕ ਵਿਅਕਤੀਗਤ ਨੀਤੀ ਹੁੰਦੀ ਹੈ, ਜਿਸਨੂੰ ਉਹ ਚਾਹੇ ਉਦੋਂ ਵੀ ਨਹੀਂ ਬਦਲ ਸਕਦਾ। ਨਾਵਲ ਵਿਚ ਸਥਿਤੀਆਂ ਸਾਡੇ ਹੱਥ ਵਿਚ ਹੁੰਦੀਆਂ ਹਨ, ਨੀਤੀ ਸਾਡੇ ਹੱਥ ਵਿਚ ਹੁੰਦੀ ਹੈ। ਉਹ ਚਾਹੇ ਉੱਥੇ ਹੋਵੇ ਜਾਂ ਨਾ ਹੋਵੇ। ਸਾਡੇ ਅੰਦਰ ਹੁੰਦੀ ਹੈ। ਤਾਂ ਏਥੇ ਅਸੀਂ ਉਸ ਨੀਤੀ ਦਾ ਨਿਰਮਾਣ ਕਰਦੇ ਹਾਂ ਜਿਹੜਾ ਇਤਿਹਾਸ ਵਿੱਚ ਥਾਂ ਥਾਂ ਇਕ ਨਿਸਚਿਤ ਤੱਤ ਦੇ ਵਾਂਗ ਦਿਖਾਈ ਦਿੰਦਾ ਹੈ ਅਤੇ ਜਿਵੇਂ ਪੰਕਜ ਜੀ ਨੇ ਕਿਹਾ ਉਹ ਗੱਲ ਸਹੀ ਹੈ ਕਿ ਨਾਵਲ ਵਿਚ ਅਸੀਂ ਇਤਿਹਾਸਕ ਘਟਨਾਵਾਂ ਨੂੰ ਵੀ ਸਮਾਜਿਕ ਬਣਾ ਕੇ ਲਿਆ ਸਕਦੇ ਹਾਂ। ਜਦੋਂ ਅਸੀਂ ਇਤਿਹਾਸ ਦੀ ਕੋਈ ਘਟਨਾ ਲੈਂਦੇ ਹਾਂ, ਅੱਜ ਤਾਂ ਅਸੀਂ ਇਤਿਹਾਸ ਦੇ ਉਨ੍ਹਾਂ ਤੱਥਾਂ ਦੀ ਵਰਤੋਂ ਕਰ ਰਹੇ ਹੁੰਦੇ ਹਾਂ, ਲਿਖ ਰਹੇ ਹੁੰਦੇ ਹਾਂ ਆਪਣਾ ਵਰਤਮਾਨ। ਏਥੇ ਅਸੀਂ ਇਕ ਤਰ੍ਹਾਂ ਨਾਲ ਸਮੇਂ ਨੂੰ ਤੋੜ ਕੇ ਇਥੇ ਲਿਆਉਂਦੇ ਹਾਂ ਅਤੇ ਉਥੇ ਆਪਣੇ ਲਈ ਵਰਤੋਂ ਕਰਦੇ ਹਾਂ।

**ਜੋਸ਼ੀ**-ਪ੍ਰੰਤੂ ਕੀ ਇਹ ਸੰਭਵ ਹੈ ਕਿ 21ਵੀਂ ਸਦੀ ਵਿਚ ਤੁਸੀਂ ਨਾਵਲ ਲਿਖੋ ਅਤੇ 20 ਵੀਂ ਸਦੀ ਦੀ ਵਸਤੂ ਸਥਿਤੀਆਂ ਨੂੰ ਸਾਹਮਣੇ ਰੱਖ ਕੇ 'ਹੋਰੀ' ਨੂੰ ਉਸੇ ਢੰਗ ਨਾਲ ਪੇਸ਼ ਕਰ ਦਿਓ? ਤੁਸੀਂ ਕਿਸੇ ਵੀ ਪਾਤਰ ਨੂੰ ਉਸਦੀ ਸਮਕਾਲੀਨਤਾ ਨਾਲੋਂ ਤੋੜ ਕੇ ਉਸਨੂੰ ਰੱਖ ਸਕਦੇ ਹੋ ਜਾਂ ਨਹੀਂ? ਇਹ ਵੀ ਇਕ ਸੋਚਣ ਦੀ ਗੱਲ ਹੈ।

**ਪੰਕਜ**-ਮੈਂ ਇਥੇ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਾਹਿਤ ਦਾ ਜਿਹੜਾ ਚ੍ਰਿਤਰ ਹੈ, ਭਾਵ ਨਾਵਲੀ ਚ੍ਰਿਤਰ ਹੈ ਅਤੇ ਇਤਿਹਾਸ ਦਾ ਜੋ ਚ੍ਰਿਤਰ ਹੈ ਉਸ ਨਾਲ ਨਾ ਮਿਲਾਓ।

**ਜੋਸ਼ੀ**- ਨਹੀਂ, ਨਾਵਲ ਵਿੱਚ ਜਿਹੜਾ ਇਤਿਹਾਸਕ ਚ੍ਰਿਤਰ ਆਉਂਦਾ ਹੈ, ਉਸਨੂੰ ਸਾਫ਼ ਕਹਿਣਾ ਪਵੇਗਾ। ਹੁਣ ਗੱਲ ਹੈ ਸੁਧੀਰ ਜੀ ਦੀ... 'ਬਾਬਰਨਾਮਾ' 16ਵੀਂ ਸਦੀ ਵਿਚ ਲਿਖਿਆ ਗਿਆ ਅਤੇ ਕਈ ਸੌ ਸਾਲ ਦੇ ਬਾਅਦ 'ਬਾਬਰ' ਨਾਵਲ ਲਿਖਿਆ ਗਿਆ। ਹੁਣ 'ਬਾਬਰਨਾਮਾ'... ਬਾਬਰ ਦੀ ਆਤਮ ਕਥਾ ਹੈ ਅਤੇ 'ਬਾਬਰ' ਜਿਹੜਾ ਨਾਵਲ ਹੈ, ...ਦੋਹਾਂ ਦੇ ਇੰਟਰ ਰਿਲੇਸ਼ਨਸ਼ਿਪ ਨੂੰ ਤੁਸੀਂ ਕਿਸ ਰੂਪ ਵਿੱਚ ਦੇਖੋਗੇ?

**ਯਾਦਵ**-ਭਾਈ ਦੇਖੋ, ਹੁਣ 'ਬਾਬਰ' ਜਿਹੜਾ ਹੈ ਇਕ ਲੇਖਕ ਅਤੇ ਦੂਜਾ ਲੇਖਕ ਦੀ ਸਿਰਜਣਾ ਹੈ।

**ਜੋਸ਼ੀ**-ਮੈਂ ਉਹੀ ਗੱਲ ਕਹਿ ਰਿਹਾ ਹਾਂ। ਪ੍ਰੰਤੂ ਬਾਬਰਨਾਮਾ ਪਹਿਲਾ ਆ ਚੁੱਕਾ ਸੀ।

**ਯਾਦਵ**-ਸੁਣੋ ! ਉਸਨੇ ਆਪਣੇ ਢੰਗ ਨਾਲ ਉਸ ਬਾਬਰ ਦੀ ਨੀਤੀ ਨੂੰ ਨਿਸਚਿਤ ਕੀਤਾ ਹੈ ਅਤੇ

ਉਸਦੇ ਲਈ ਯਤਨ ਕੀਤਾ ਹੈ।

**ਜੋਸ਼ੀ**-ਨਹੀਂ, ਉਸ ਦੇ ਕੋਲ ਉਹ ਤੱਥ ਸਨ ਜਾਂ ਨਹੀਂ? ਜਾਣਕਾਰੀਆਂ ਸਨ ਜਾਂ ਨਹੀਂ? ਕੀ ਉਨ੍ਹਾਂ ਇਤਿਹਾਸਕ ਜਾਣਕਾਰੀਆਂ ਤੋਂ ਅਣਜਾਣਤਾ ਨਾਲ ਲੇਖਕ '**ਬਾਬਰ**' ਨਾਵਲ ਲਿਖ ਸਕਦਾ ਸੀ ਜਾਂ ਨਹੀਂ?

**ਪੰਕਜ**-ਨਹੀਂ, ਇਸ ਲਈ ਕੋਈ ਜ਼ਰੂਰੀ ਨਹੀਂ ਹੈ ਕਿ ਆਪ ਬਾਬਰ ਨੂੰ ਜਿਹੜਾ ਤੱਥਆਤਮਕ ਬਾਬਰ ਹੈ ਉਸ ਨੂੰ ਲਿਖਿਆ ਜਾਵੇ। ਤੁਸੀਂ ਬਾਬਰ ਦੀ ਪ੍ਰਤੀਕਾਤਮਿਕ ਤੌਰ ਤੇ ਵਰਤੋ ਕਰਕੇ ਆਪਣੇ ਸਮੇਂ ਦੀ ਕੋਈ ਘਾਟ ਨੂੰ ਜਾਂ ਆਪਣੇ ਸਮੇਂ ਦੀ ਕੋਈ ਖਾਹਿਸ ਨੂੰ ਇੰਟਰਪੈਕਟ ਕਰ ਰਹੇ ਹੁੰਦੇ ਹੋ। ਜਿਵੇਂ ਰਾਮ, ਆਪ ਉਹ ਵਾਸਤਵਿਕ ਪਾਤਰ ਹੈ ਜਾਂ ਨਹੀਂ, ਤੁਸੀਂ ਨਹੀਂ ਜਾਣਦੇ ਅਤੇ ਜੇਕਰ ਸਨ ਇਹ ਕਹਿੰਦੇ ਹਨ ਸੀ। ਜਾਂ ਮਹਾਂ ਭਾਰਤ ਦੀਆਂ ਜਿਹੜੀਆਂ ਕਥਾਵਾਂ ਹਨ ਉਨ੍ਹਾਂ ਨੂੰ ਟ੍ਰਾਂਸੇਂਟ ਕਰ ਦੇਣ। ਉਨ੍ਹਾਂ ਦਾ ਉਸ ਇਤਿਹਾਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਫ਼ਰਕ ਲਗਾਤਾਰ ਹੈ। ਇਹ ਵੀ ਹੋ ਸਕਦਾ ਹੈ।

**ਯਾਦਵ**-ਉਸਦੀ ਸਮੱਸਿਆ ਕੀ ਸੀ ਅਤੇ ਕੀ ਹੈ ਇਹ ਕਿੰਨੀ ਕੁ ਪ੍ਰਮਾਣਿਕਤਾ ਹੈ? ਪ੍ਰੰਤੂ ਉਸ ਦੇ ਜਰੀਏ ਇਸਤਰੀ ਮੁਕਤੀ, ਇਸਤਰੀ ਨੀਤੀ ਨੂੰ ਜਿਸ ਤਰ੍ਹਾਂ ਪ੍ਰਸਾਦ ਜੀ ਨੇ ਵਿਸ਼ਲੇਸ਼ਣ ਕੀਤਾ ਹੈ, ਉਹ ਸਾਡੇ ਲਈ ਵਧੇਰੇ ਪ੍ਰਮਾਣਿਕ ਹੈ। ਨੰਬਰ ਇਕ, ਜਿਹੜੀ ਗੱਲ ਮੈਂ ਕਹਿ ਰਿਹਾ ਸੀ ਸ਼ੁਰੂ ਵਿਚ ਕਿ ਜਿਵੇਂ ਪਾਂਡੇ ਜੀ ਕਹਿ ਰਹੇ ਸੀ ਕਿ ਸਾਰੇ ਸਾਮਾਜਿਕ ਅਤੇ ਆਰਥਿਕ ਸੰਬੰਧਾਂ ਨੂੰ ਸਮਝੇ ਬਿਨਾ ਪ੍ਰੇਮ ਚੰਦ 'ਗੋਦਾਨ' ਨਹੀਂ ਲਿਖ ਸਕਦਾ ਸੀ, ਮੈਂ ਨਹੀਂ ਮੰਨਦਾ। ਉਦਾਹਰਣ ਦੇ ਲਈ 1857 'ਚ ਪੂਨਾ ਤੋਂ ਚੱਲ ਕੇ ਵਿਸ਼ਨੂੰ ਗੋਡਸੇ ਨਾਮ ਦਾ ਮਰਾਠੀ ਪੰਡਿਤ ਉੱਤਰ ਭਾਰਤ ਵਿੱਚ ਆਉਂਦਾ ਹੈ। ਇਹ ਪੰਡਤ ਬਿਲਕੁਲ ਕਰਮਕਾਂਡੀ ਹੁੰਦਾ ਹੈ, ਪੂਜਾ ਪਾਠ ਕਰਦਾ ਹੈ ਪ੍ਰੰਤੂ 1857 ਦੇ ਘਟਨਾ ਚੱਕਰ ਨੂੰ ਆਪਣੀਆਂ ਅੱਖਾਂ ਨਾਲ ਵੇਖਦਾ ਹੈ ਅਤੇ ਆਪਣੀ ਮਰਾਠੀ ਪੁਸਤਕ 'ਮਾਝਾ ਪ੍ਰਵਾਸ' ਵਿੱਚ ਉਸਦਾ ਯਥਾਰਥ ਵਰਣਨ ਕਰ ਦਿੰਦਾ ਹੈ। ਉਹ ਇਤਿਹਾਸਕਾਰ ਨਹੀਂ ਹੁੰਦਾ। ਉਹ ਇਕ ਤਰ੍ਹਾਂ ਬਿਲਕੁਲ ਅਨਪੜ੍ਹ ਆਦਮੀ ਹੁੰਦਾ ਹੈ। ਪ੍ਰੰਤੂ ਜਿਹੜੀਆਂ ਉਸ ਨੇ ਸਾਰੀਆਂ ਘਟਨਾਵਾਂ ਨੂੰ ਲੈ ਕੇ ਲਿਖਿਆ, ਉਹੀ ਸਾਡੇ ਲਈ ਇਤਿਹਾਸ ਦਾ ਸਭ ਤੋਂ ਪ੍ਰਮਾਣਿਤ ਇਕ ਦਸਤਾਵੇਜ਼ ਬਣ ਜਾਂਦਾ ਹੈ। ਜੋ ਉਸ ਨੇ ਲਿਖਿਆ ਆਪਣੇ ਸਮੇਂ ਵਿਚ। ਕਦੀ ਕਦੀ ਸਾਹਿਤ ਦਾ ਨਾਵਲ ਜਾਂ ਨਿੱਜੀ ਨਾਵਲ, ਅਨੁਭਵ ਨਾਲ ਲਿਖਿਆ ਜਾਣ ਵਾਲਾ ਹੁੰਦਾ ਹੈ। ਨਿੱਜੀ ਅਨੁਭਵ ਵੀ ਇਤਿਹਾਸਕ ਪ੍ਰਮਾਣ ਹਨ, ਐਵਿਡੈਂਨਸ ਦੇ ਵਾਂਗ ਪੇਸ਼ ਕੀਤੇ ਜਾਂਦੇ ਹਨ ਜਿਵੇਂ 'ਡਾਇਰੀ ਆਫ਼ ਏਨੀ ਫ੍ਰੈਂਕ'। ਬਾਹਰ ਦੇ ਅੱਤਿਆਚਾਰ ਤੇ ਹੱਤਿਆਕਾਂਡ ਇਨ੍ਹਾਂ ਸਾਰਿਆਂ ਦੇ ਵਿਚਕਾਰ ਜਿਹੜੀ ਇਕ ਛੋਟੀ ਜਿਹੀ ਅਣਜਾਣ ਲੜਕੀ ਦੇ ਅੰਦਰ ਜੋ ਕੁਝ ਉਬਲ ਰਿਹਾ ਸੀ, ਉਸਦੇ ਅਤੰਕ ਨੂੰ ਵਧੇਰੇ ਸਕਾਰ ਕਰ ਦਿੱਤਾ, ਬਜਾਇ ਉਨ੍ਹਾਂ ਤੱਥਾਂ ਵਾਲੀਆਂ ਘਟਨਾਵਾਂ ਨੂੰ। ਤਾਂ ਇਕ ਤਰ੍ਹਾਂ ਨਾਲ ਕਹਿਣਾ ਚਾਹੁੰਦਾ ਕਿ ਇਤਿਹਾਸ ਨੂੰ ਅਸੇਮਿਲੇਟ ਕਰਕੇ ਰਚਨਾਕਾਰ ਉਸ ਇਤਿਹਾਸ ਨੂੰ ਪੂਰੇ ਵਾਤਾਵਰਨ ਮਾਹੌਲ ਅਤੇ ਵੈਲਯੂ ਨੂੰ ਪੁਨਰਜੀਵਿਤ ਕਰਦਾ ਹੈ, ਇਹ ਮੈਨੂੰ ਲੱਗਦਾ ਹੈ।

**ਜੋਸ਼ੀ**- ਸੁਧੀਰ ਜੀ ਜੇਕਰ ਸਵਾਲ ਹੈ ਕਿ ਕਿਆ ਸਾਹਿਤ ਵਿੱਚ ਇਤਿਹਾਸ ਅਤੇ ਇਤਿਹਾਸ ਵਿੱਚ ਸਾਹਿਤ ਦੇ ਲਈ ਸਪੇਸ ਸੰਭਵ ਹੈ?

**ਸੁਧੀਰ**-ਦੇਖੋ! ਮੈਨੂੰ ਤਾਂ ਇਹ ਲੱਗਦਾ ਹੈ ਕਿ ਸਾਡੇ ਵਿੱਚ ਥੋੜ੍ਹੀ ਬਹੁਤ ਅਸਹਿਮਤੀ ਹੈ। ਪ੍ਰੰਤੂ ਉਸ ਅਸਹਿਮਤੀ ਦੇ ਬਾਅਦ ਵੀ ਮੈਨੂੰ ਇਹ ਨਹੀਂ ਲੱਗਦਾ ਕਿ ਸਾਡੇ ਵਿੱਚੋਂ ਕੋਈ ਇਹ ਕਹੇ ਇਸਦੀ ਸੰਭਾਵਨਾ ਨਹੀਂ ਹੁੰਦੀ। ਜਿੱਥੇ ਹੁੰਦੀ ਹੈ ਤਾਂ ਜ਼ਹਿਰ ਹੈ ਕਿ ਸੰਭਾਵਨਾ ਹੈ। ਇਸ ਵਿੱਚ ਮਾਤਰਾ ਦਾ ਅੰਤਰ ਹੋ ਸਕਦਾ ਹੈ। ਦੇਖੋ, ਇਹ ਨਾ ਤਾਂ ਸਾਹਿਤ ਵਿੱਚ ਇਸਦਾ ਕੋਈ ਸੰਬੰਧ ਹੈ, ਨਾ ਇਤਿਹਾਸ ਨਾਲ ਕੋਈ ਸੰਬੰਧ ਹੈ।

ਇਸਦਾ ਸਿੱਧਾ ਸੰਬੰਧ ਹੈ ਉਸ ਦ੍ਰਿਸ਼ਟੀ ਤੋਂ ਹੈ ਜਿਸ ਨਾਲ ਸਾਹਿਤ ਲਿਖਿਆ ਜਾ ਰਿਹਾ ਹੈ ਜਾਂ ਇਤਿਹਾਸ ਲਿਖਿਆ ਜਾ ਰਿਹਾ ਹੈ। ਅਸੀਂ ਆਪਣੀ ਨੀਤੀ ਦੇ ਨਿਰਮਾਤਾ ਹਾਂ। ਜਿਸ ਤਰ੍ਹਾਂ ਅਸੀਂ ਚਾਹਾਗੇ ਉਸ ਤਰ੍ਹਾਂ ਅਸੀਂ ਭਵਿੱਖ ਬਣਾਵਾਗੇ। ਇਤਿਹਾਸ ਜਦੋਂ ਹੀਰੋ ਵਰਸ਼ਿੱਪ ਵਾਲਾ ਹੁੰਦਾ ਹੈ ਤਾਂ ਸਾਰਾ ਜੋ ਸੰਸਾਰ ਹੈ ਉਹ ਇਕ ਵਿਅਕਤੀ ਨਾਲ ਅਣਭਿੱਜ ਨਹੀਂ ਚੱਲਣ ਲੱਗ ਜਾਂਦਾ ਹੈ। ਤੁਸੀਂ ਇਹ ਤਾਂ ਕਹਿ ਸਕਦੇ ਹੋ ਕਿ ਇਹ ਗ਼ਲਤ ਹੈ, ਪ੍ਰੰਤੂ ਉਹ ਇਤਿਹਾਸ ਲਿਖਿਆ ਜਾ ਰਿਹਾ ਹੈ, ਸਾਹਿਤ ਨਹੀਂ ਲਿਖਿਆ ਜਾ ਰਿਹਾ। ਤਾਂ ਇਹ ਕਹਿਣਾ ਕਿ ਇਤਿਹਾਸ ਉੱਤੇ ਹਮਲਾ ਹੁੰਦਾ ਰਹਿੰਦਾ ਹੈ, ਇਹ ਗੱਲ ਆਪਣੇ ਆਪ ਵਿਚ ਨਾ ਠੀਕ ਹੈ, ਨਾ ਗ਼ਲਤ ਹੈ। ਕੁਝ ਇਤਿਹਾਸਕਾਰਾਂ ਦੀਆਂ ਰਚਨਾਵਾਂ 'ਚ ਤਾਹਨੂੰ ਨੂੰ ਇਹ ਸਹੀ ਮਿਲੇਗਾ ਅਤੇ ਕੁਝ ਵਿੱਚ ਇਸਤੋਂ ਬਿਲਕੁਲ ਉੱਲਟ ਮਿਲੇਗਾ ਅਤੇ ਉਸੇ ਤਰ੍ਹਾਂ ਦੇ ਨਾਲ ਕਾਫ਼ਕਾ ਦਾ ਸਾਹਿਤ ਤੁਹਾਡੇ ਤੋਂ ਕੀ ਕਰਵਾਉਂਦਾ ਹੈ। ਕਿਹੜੀ ਨੀਤੀ ਤੋਂ ਮੁਕਤੀ ਦਾ ਅਭਾਸ ਤੁਹਾਨੂੰ ਕਰਵਾਉਂਦਾ ਹੈ? ਟਾਲਸਟਾਏ ਦਾ 'ਵਾਰ ਐਂਡ ਪੀਸ' ਐਨਾ ਵਿਸ਼ਾਲ ਹੈ। ਟਾਲਸਟਾਏ ਦੇ 'ਵਾਰ ਐਂਡ ਪੀਸ' ਦਾ ਅੰਤ ਕਿੱਥੇ ਹੁੰਦਾ ਹੈ? ਉਸ ਨੂੰ ਪਤਾ ਸੀ। ਤਾਂ ਲਿਟਰੇਰੀ ਰਚਨਾਵਾਂ ਦੀ ਸਾਹਿਤਕ ਅਤੇ ਇਤਿਹਾਸ ਦੀਆਂ ਰਚਨਾਵਾਂ ਦਾ ਜ਼ਿਕਰ ਇਸ ਲਈ ਕਰ ਰਿਹਾ ਹਾਂ ਕਿ ਮੈਨੂੰ ਲੱਗਦਾ ਹੈ ਕਿ ਇਹ ਜਿਹੜਾ ਅੰਤਰ ਅਸੀਂ ਮੰਨ ਲਿਆ ਹੈ ਕਿ ਸਾਹਿਤ ਉਸਤੋਂ ਮੁਕਤੀ ਦਵਾਉਂਦਾ ਹੈ, ਮੈਂ ਇਸ ਗੱਲ ਨੂੰ ਨਹੀਂ ਮੰਨਦਾ। ਅਸਲ ਵਿੱਚ ਦ੍ਰਿਸ਼ਟੀ ਮੁਕਤੀ ਦਿੰਦੀ ਹੈ ਜਾਂ ਫਸਾਉਂਦੀ ਹੈ। ਰਾਜੇਦਰ ਜੀ ਇਹ ਗੱਲ ਅਸਾਨੀ ਨਾਲ ਕਹਿ ਸਕਦੇ ਹਨ। ਅਤੇ ਅੱਜ ਕੱਲ ਬਹੁਤ ਸਾਰੇ ਲੋਕ ਮੰਨ ਵੀ ਲੈਣਗੇ। ਕਿ ਕਿਸੇ ਇਕ ਵਿਅਕਤੀ ਦੇ ਚਲਾਇਆ ਇਤਿਹਾਸ ਨਹੀਂ ਚੱਲਦਾ। ਕਿੰਨੀਆਂ ਅਜਿਹੀਆਂ ਸ਼ਕਤੀਆਂ ਹਨ। ਜਿਨ੍ਹਾਂ ਦਾ ਸਾਨੂੰ ਗਿਆਨ ਤੱਕ ਨਹੀਂ। ਪਤਾ ਤੱਕ ਨਹੀਂ ਹੁੰਦਾ। ਜਦੋਂ ਉਨ੍ਹਾਂ ਦੁਆਰਾ ਚਲਾਉਣ ਉਪਰੰਤ ਕੋਈ ਸਾਹਿਤ ਲਿਖਿਆ ਜਾਵੇ, ਇਤਿਹਾਸ ਲਿਖਿਆ ਜਾਵੇ ਤਾਂ ਪਰ ਰਾਜੇਂਦਰ ਜੀ ਕਹਿੰਦੇ ਹਨ ਕਿ ਲੇਖਕ ਤਾਂ ਸੁਤੰਤਰ ਹੁੰਦਾ ਹੈ। ਜਿਹੜੀ ਦਿਸ਼ਾ ਚਾਹੇ ਆਪਣੇ ਪਾਤਰਾਂ ਨੂੰ ਦੇ ਸਕਦਾ ਹੈ। ਕਿੱਥੋਂ ਤੱਕ ਦੇ ਦੇਵੇਗਾ ਪਾਤਰ? ਯਕੀਨ ਕਰਨ ਯੋਗ ਗੁਜਾਇਸ਼ ਵੀ ਤਾਂ ਹੋਣੀ ਚਾਹੀਦੀ ਹੈ। ਜਿਵੇਂ ਕਿ ਤੁਸੀਂ ਹੀ ਕਿਹਾ ਕਿ ਹੋਰੀ ਬਾਰੇ, ਕਿੰਨੀ ਕੁ ਸੁਤੰਤਰਤਾ ਤੁਸੀਂ 'ਹੋਰੀ' ਨੂੰ ਦੇ ਸਕਦੇ ਹੋ? ਤੁਸੀਂ ਇਹੀ ਸੁਤੰਤਰਤਾ ਹੀ ਦੇ ਸਕਦੇ ਹੋ ਕਿ ਤੁਸੀਂ 'ਹੋਰੀ' ਦੀ ਬਜਾਏ ਕੋਈ ਹੋਰ ਕਰਜ਼ੇ ਥੱਲੇ ਦੱਬ ਕੇ ਮਰ ਜਾਵੇ। ਤੁਸੀਂ ਵਿਦਰੋਹ ਕਰਵਾ ਦਿਓ 'ਹੋਰੀ' ਤੋਂ। ਜਿਹੜਾ ਕਿ 19ਵੀਂ ਸਦੀ ਵਿਚ ਹੋਇਆ ਵੀ ਹੈ। ਤੁਸੀਂ 19ਵੀਂ ਸਦੀ ਦੇ ਸਾਹਿਤ ਨੂੰ ਦੇਖ ਲਓ। ਟੈਗੋਰ ਦੀ 'ਚੌਖੇਬਾਲੀ' ਵਿਚ ਜਿਹੜੀ ਵਿਧਵਾ ਹੈ, ਜੋ ਵਿਆਹ ਕਰ ਸਕਦੀ ਹੈ ਤੁਸੀਂ ਪ੍ਰੇਮੀ ਤੋਂ, ਪਰ ਉਹ ਨਹੀਂ ਕਰਦੀ। ਪ੍ਰੰਤੂ ਉਸ ਵਿਆਹ ਦੇ ਨਾ ਕਰਨ ਉੱਤੇ ਜੇਕਰ ਉਸ ਦੀ ਕੋਈ ਮਜ਼ਬੂਰੀ ਹੈ ਤਾਂ ਉਸਦੀ ਆਪਣੀ ਇੱਛਾ ਸ਼ਕਤੀ ਹੈ। ਗੋਵਿੰਦਰ ਗ੍ਰਾਮ ਤ੍ਰਿਪਾਠੀ ਦੇ 'ਸਰਸਵਤੀ ਚੰਦਰ' ਵਿਚ ਜੇਕਰ ਨਾਇਕਾ ਵਿਧਵਾ ਵਿਆਹ ਨਹੀਂ ਕਰਦੀ ਹੈ ਤਾਂ ਉਹ ਬੇਵੱਸ ਸੀ। ਤਾਂ ਵਿਦਰੋਹ ਵੀ ਕਰਵਾ ਸਕਦੀ ਹੈ ਲੇਖਕ, ਕਮਜ਼ੋਰ ਵੀ ਬਣਾ ਸਕਦਾ ਹੈ ਲੇਖਕ। ਵਿਦਰੋਹ ਅਤੇ ਕਮਜ਼ੋਰ ਕਿਸੇ ਵੀ ਤਰ੍ਹਾਂ ਕਰ ਰਿਹਾ ਹੋਵੇ, ਇਸਦਾ ਜਿਹੜਾ ਪ੍ਰਭਾਵ ਪਵੇਗਾ ਪਾਠਕ ਉੱਤੇ ਉਹ ਬਿਲਕੁਲ ਇਸਦੇ ਉਲਟ ਹੀ ਹੋ ਸਕਦਾ ਹੈ, ਜਿਵੇਂ ਕਿ ਅਸਲ ਵਿਚ ਉਹ ਘਟਦਾ ਹੈ।

**ਜੋਸ਼ੀ**-ਪ੍ਰੰਤੂ ਇੱਥੇ ਇਤਿਹਾਸ ਦੀ ਕਿੰਨੀ ਕੁ ਭੂਮਿਕਾ ਹੈ?

**ਸੁਧੀਰ**-ਮੈਂ ਕਹਿ ਰਿਹਾ ਹਾਂ ਕਿ ਇਤਿਹਾਸਕਾਰ ਇਤਿਹਾਸ ਦੇ ਵੱਲ ਮੋੜਾ ਕੱਟਦਾ ਹੈ। ਕੋਈ ਵੀ ਅਜਿਹਾ ਇਤਿਹਾਸ ਨਹੀਂ ਹੈ ਜਿਹੜਾ ਸਮੱਸਿਆ ਭਰਪੂਰ ਨਾ ਹੋਵੇ। ਕਦੋਂ ਤੱਕ ਇਕ ਗੱਲ ਚੱਲੀ ਆ ਰਹੀ ਹੈ -'ਆਲ ਹਿਸਟਰੀ ਇਜ਼ ਕੰਟੇਂਪਰੇਰੀ ਹਿਸਟਰੀ।' ਤੁਸੀਂ ਲੱਖ ਕੋਸ਼ਿਸ਼ ਕਰੋ, ਅੱਬਜੈਕਟਿਵੀਟੀ ਦਾ ਜ਼ਮਾਨਾ ਗਿਆ। ਜਦੋਂ ਅਸੀਂ ਕਿਹਾ ਕਰਦੇ ਸੀ ਕਿ ਜਿਵੇਂ ਚੀਜ ਹੋਈ ਹੈ, ਉਸ ਨੂੰ ਦੱਸਿਆ ਜਾਵੇ। ਇਹ

ਅੱਬਜੈਕਿਟਿਵ ਹਿਸਟਰੀ ਤਾਂ ਹੁਣ ਮਿੱਥ ਹੋ ਗਈ ਹੈ। ਅਸੀਂ ਅੱਜ ਦੇ ਸੰਦਰਭ ਵਿੱਚ ਅਤੀਤ ਨੂੰ ਵੇਖਦੇ ਹਾਂ ਅਤੇ ਇਕ ਚਿਹਰਾ ਸਾਡੇ ਦਿਮਾਗ ਵਿਚ ਬਣਦਾ ਹੈ ਜਿਹੜਾ ਸਾਨੂੰ ਅੱਗੇ ਵੀ ਲੈ ਜਾਂਦਾ ਹੈ।

**ਯਾਦਵ**-ਜੇਕਰ ਇਤਿਹਾਸ ਵਿਆਖਿਆ ਦੀ ਖੇਡ ਹੈ ਕਿਉਂਕਿ ਅਸੀਂ ਵਿਆਖਿਆ ਕਰਦੇ ਹਾਂ, ਉਹ ਹੁਣ ਸਮਾਜਿਕ ਬਣਾਉਣ ਦੇ ਲਈ ਜਾਂ ਉਸਨੂੰ ਇਕ ਤੱਥ ਭਰਪੂਰ ਬਣਾਉਣ ਦੇ ਲਈ ਪ੍ਰਮਾਣਿਤ ਨਾ ਕੀਤਾ ਜਾਵੇ।

**ਜੋਸ਼ੀ**-ਨਹੀਂ ਤੁਸੀਂ 1857 ਨੂੰ ਲੈ ਲਓ। ਜਿਸ ਨੂੰ ਗ਼ਦਰ ਵੀ ਕਹਿੰਦੇ ਹਾਂ ਅਤੇ ਹੋਰ ਕ੍ਰਾਂਤੀਕਾਰੀ ਵੀ ਕਹਿੰਦੇ ਹਨ। ਕਈ ਤਰ੍ਹਾਂ ਦੀਆਂ ਵਿਆਖਿਆਵਾਂ ਹਨ।

**ਯਾਦਵ**- ਤਾਂ ਜਦੋਂ ਅਸੀਂ ਇਤਿਹਾਸ ਨੂੰ ਫਿਕਸ਼ਨ ਬਣਾਉਂਦੇ ਹਾਂ ਤਾਂ ਸਿੱਧੀ ਫਿਕਸ਼ਨ ਤੋਂ ਫਿਰ ਇਤਿਹਾਸ ਬਣਾਉਣ ਦੀ ਜ਼ਰੂਰਤ ਕਿਉਂ ਪਈ।

**ਸੁਧੀਰ**-ਮੇਰੀ ਬੇਨਤੀ ਇਹ ਹੈ ਕਿ ਬਿਲਕੁਲ ਮੈਂ ਅਜਿਹਾ ਨਹੀਂ ਕਿਹਾ। ਮੈਂ ਕਿਹਾ ਕਿ ਜਿਹੜੀ ਤੁਸੀਂ ਸੁਤੰਤਰਤਾ ਲੇਖਕ ਨੂੰ ਦੇ ਰਹੇ ਹੋ ਉਹ ਸੁਤੰਤਰਤਾ ਹੁੰਦੀ ਨਹੀਂ ਹੈ। ਅਸਲ ਵਿਚ ਪਾਤਰ ਨਿਸਚਿਤ ਕਰੇਗਾ ਲੇਖਕ ਦੀ ਸੁਤੰਰਤਾ ਨੂੰ।

**ਯਾਦਵ**-ਨਹੀਂ ਇਹ ਗੱਲ ਵੀ ਨਹੀਂ ਹੁੰਦੀ। ਤੁਹਾਡਾ ਕਹਿਣਾ ਉਹ ਇਨਕਾਰ ਨਹੀਂ ਕਰ ਸਕਦੀ ਸੀ।

**ਸੁਧੀਰ**-ਨਹੀਂ ਨਹੀਂ ਮੈਂ ਕੁਝ ਹੋਰ ਗੱਲ ਕਰ ਰਿਹਾ ਸੀ। ਤੁਸੀਂ ਉਸਨੂੰ ਬਿਲਕੁਲ ਖਾਰਜ਼ ਕਰੋ। ਮੇਰੀ ਗੱਲ ਉਦਾਹਰਨ ਉੱਤੇ ਅਧਾਰਤ ਨਹੀਂ ਹੈ। ਮੈਂ ਜਿਹੜੀ ਗੱਲ ਕਹਿ ਰਿਹਾ ਹਾਂ ਉਹ ਇਹ ਕਿ ਇਹ ਦੰਭ ਜੇਕਰ ਸਾਹਿਤਕਾਰ ਵਿਚ ਹੈ ਕਿ ਉਸਨੂੰ ਸੰਪੂਰਨ ਸੁਤੰਤਰਤਾ ਹੈ ਜਿਸ ਦਿਸ਼ਾ ਵਿਚ ਚਾਹੇ ਉਹ ਆਪਣੀ ਰਚਨਾ ਨੂੰ ਲੈ ਜਾ ਸਕਦਾ ਹੈ ਜਾਂ ਲੈ ਜਾ ਸਕੇ। ਇਹ ਕੋਰਾ ਹੰਕਾਰ ਹੈ।

**ਮੈਨੇਜਰ ਪਾਂਡੇ**-ਮੈਂ ਇਹ ਕਹਿ ਰਿਹਾ ਹਾਂ ਕਿ ਇਤਿਹਾਸ ਦੀ ਦਹਿਸ਼ਤ ਤੋਂ ਮੁਕਤੀ ਦੀ ਗੱਲ ਜਿਹੜੀ ਮੈਂ ਕਹੀ ਸੀ ਤੁਸੀਂ ਉਸ ਸੰਬੰਧੀ ਜਿਹੜੀਆਂ ਗੱਲਾਂ ਕਹੀਆਂ। ਮੈਂ ਉਨ੍ਹਾਂ ਗੱਲਾਂ ਨਾਲ ਇਕ ਹੋਰ ਚੀਜ ਜੋੜਨੀ ਚਾਹੁੰਦਾ ਹਾਂ। ਦੇਖੋ! ਸੁਧੀਰ ਜੀ ਦੀਆਂ ਗੱਲਾਂ ਤੋਂ ਉਹ ਗੱਲ ਮੇਰੇ ਧਿਆਨ ਵਿਚ ਆਈ ਹੈ। ਦੇਖੋਂ ਅਸਲ ਵਿੱਚ ਤੁਸੀਂ ਜਿਹੜੀ ਇਕ ਹੋਰ ਗੱਲ ਕਹੀ ਸੀ ਓਧਰ ਜਾਓਗੇ ਤਾਂ ਬਾਅਦ ਵਿੱਚ ਆਓਗੇ ਕਿ ਭਾਈ ਇਤਿਹਾਸ ਵਿੱਚ ਕਿੰਨਾ ਸਾਹਿਤ ਹੈ ਅਤੇ ਸਾਹਿਤ ਵਿੱਚ ਕਿੰਨਾ ਇਤਿਹਾਸ ਹੈ? ਇਹ ਬਾਅਦ ਵਿਚ ਲੈਂਦੇ ਹਾਂ ਪਹਿਲਾਂ ਜਿਹੜਾ ਮੁਕਤ ਸੁਤੰਤਰਤਾ ਦਾ ਸਵਾਲ ਹੈ ਉਸ ਉੱਤੇ ਥੋੜਾ ਜਿਹਾ ਧਿਆਨ ਦਈਏ। ਮੈਂ ਇਹ ਕਹਿ ਰਿਹਾ ਹਾਂ ਕਿ ਅਸਲ ਵਿੱਚ ਇਤਿਹਾਸ ਚਾਹੇ ਜਿੰਨਾ ਬਦਲਿਆ ਹੈ, ਇਤਿਹਾਸ ਦੀ ਧਾਰਨਾ ਬਦਲੀ ਹੈ ਅਤੇ ਸਾਰਾ ਕੁਝ ਕੁਲ ਮਿਲਾ ਕੇ ਇਤਿਹਾਸ ਅਤੀਤ ਦਾ ਗਿਆਨ ਦੇਣ ਦਾ ਇਕ ਜ਼ਰੀਆ ਹੈ। ਹੈ ਨਾ, ਮਤਲਬ ਜਿਹੜਾ ਹੈ ਉਸਦੀ ਵਿਆਖਿਆ ਦਾ ਅਨੁਸ਼ਾਸ਼ਨ ਹੈ। ਪ੍ਰੰਤੂ ਕੇਵਲ ਸਾਹਿਤ ਇਕ ਕੰਮ ਕਰਦਾ ਹੈ ਜਿਹੜਾ ਇਤਿਹਾਸ ਦੇ ਸੁਭਾਅ ਤੋਂ ਬਾਹਰ ਹੈ। ਉਹ ਇਹ ਹੈ ਕਿ ਜੋ ਹੋ ਸਕਦਾ ਹੈ ਸੰਭਾਵਨਾ ਵਾਲਾ ਹੋਵੇ। ਮਤਲਬ ਸਾਹਿਤ ਜਿਹੜਾ ਹੈ ਸਾਡੀਆਂ ਖਾਹਸਾਂ ਦੀ ਵੀ ਪੇਸ਼ਕਾਰੀ ਕਰਦਾ ਹੈ, ਉਹ ਕੇਵਲ ਜੋ ਹੈ ਅਸਲੀਅਤ ਦੀ ਹੀ ਪੇਸ਼ਕਾਰੀ ਨਹੀਂ ਕਰਦਾ ਹੈ। ਇਸ ਦੇ ਲਈ ਸਾਹਿਤ ਦੇ ਅਨੇਕਾਂ ਰੂਪ ਡਵੈੱਲਪ ਹੋਏ... ਜਿਵੇਂ ਸਭ ਦਾ ਜਾਣਿਆ ਪਛਾਣਿਆ ਸਾਰੀ ਦੁਨੀਆ ਵਿੱਚ ਸਾਹਿਤ ਦਾ ਜਿਹੜਾ ਰੂਪ ਹੈ। ਜਿਸਨੂੰ ਮੋਟੇ ਤੌਰ ਉੱਤੇ 'ਯੁਟੋਪੀਆ' ਕਿਹਾ ਜਾਂਦਾ ਹੈ। ਸਾਰੀ ਦੁਨੀਆ ਵਿਚ ਲਿਖਿਆ ਗਿਆ ਹੈ। 1984 ਤੋਂ ਲੈ ਕੇ ਬਾਕੀ ਸਾਰੀ ਦੁਨੀਆ ਵੀਹ-ਪੰਜਾਹ ਉਦਾਹਰਨਾ ਆਪ ਸਭ ਨੂੰ ਚੇਤੇ ਹੋਣਗੀਆਂ। ਜਿਹੜਾ ਯੁਟੋਪੀਆ ਹੈ ਜਾਂ ਪ੍ਰਚੀਨਕਾਲ ਵਿੱਚ ਵੀ ਯੁਟੋਪੀਆ ਹੈ, ਅੱਜ ਕੱਲ ਜਿਸ ਦਾ ਜਾਪ ਹੋ ਰਿਹਾ ਹੈ... ਰਾਮ ਰਾਜ ਦਾ, ਤੁਲਸੀ ਦਾਸ ਦਾ। ਇਹ ਜਿਹੜੀਆਂ ਯੁਟੋਪੀਆ ਦੀ ਰਚਨਾ ਹੈ ਇਹ ਅਸਲ ਵਿਚ

ਵਰਤਮਾਨ ਵਿੱਚੋਂ ਉੱਠੀ ਬੇਚੈਨੀ ਤੇ ਰੋਹ ਦਾ ਨਤੀਜਾ ਹੁੰਦਾ ਹੈ ਯੂਟੋਪੀਆ ਦੀ ਰਚਨਾ। ਜਿੱਥੇ ਵਰਤਮਾਨ ਦੀਆਂ ਸਾਰੀਆਂ ਸੀਮਾਵਾਂ, ਕਠਿਨਾਈਆਂ, ਮੁਸ਼ਕਲਾ, ਦੁੱਖਾਂ ਆਦਿ ਤੋਂ ਮੁਕਤੀ ਦੀ ਖਾਹਿਸ਼ਾ ਤੋਂ ਉਤਪਨ ਹੁੰਦਾ ਹੈ ਯੂਟੋਪੀਆ। ਹੁਣ ਇਹ ਕੰਮ ਅਜਿਹਾ ਹੈ ਜਿਹੜਾ ਕੇਵਲ ਸਾਹਿਤ ਦੇ ਮਧਿਆਮ ਤੋਂ ਹੋ ਸਕਦਾ ਹੈ। ਇਹ ਇਤਿਹਾਸ ਦਾ ਕੰਮ ਹੀ ਨਹੀਂ ਹੈ, ਇਤਿਹਾਸ ਉਸ ਵੱਲ ਜਾ ਨਹੀਂ ਸਕਦਾ।

**ਜੋਸ਼ੀ**-ਇਨ੍ਹਾਂ ਵਿਆਖਿਆਵਾਂ ਵਿੱਚ ਅੰਤਰ ਨਹੀਂ ਹੋ ਸਕਦਾ?

**ਮੈਨੇਜਰ ਪਾਂਡੇ**-ਬਹੁਤ ਹੁੰਦਾ ਹੈ।

**ਜੋਸ਼ੀ**-ਜੇਕਰ ਵਿਆਖਿਆ ਦੇ ਅੰਤਰ ਨੂੰ ਤੁਸੀਂ ਸਵੀਕਾਰ ਕਰਦੇ ਹੋ ਤਾਂ ਕੀ ਇਹ ਸੰਭਵ ਨਹੀਂ ਹੈ ਕਿ ਉੱਥੇ ਇਕ ਵਿਆਖਿਆ ਦੇ ਮਧਿਆਮ ਤੋਂ ਖਾਹਿਸ਼ਾ ਨੂੰ ਕਿਤੇ ਨਾ ਕਿਤੇ ਪੇਸ਼ ਕੀਤਾ ਜਾਵੇ? ਕੀ ਇਹ ਸੰਭਵ ਹੈ?

**ਪੰਕਜ**-ਜਿਵੇਂ ਕਿ ਮੈਂ ਇਹ ਕਹਿੰਦਾ ਹਾਂ ਅਤੇ ਮੈਂ ਇਹ ਲਿਖਿਆ ਵੀ ਹੈ ਕਿ ਸਾਹਿਤ ਜਿਹੜਾ ਹੈ ਅਤੇ ਜਿਹੜਾ ਹੋਣਾ ਚਾਹੀਦਾ ਉਸ ਦੇ ਵਿਚਕਾਰ ਦਾ 'ਪੁਲ਼' ਹੈ। ਮੈਂ ਸ਼ੁਰੂ ਵਿਚ ਇਹ ਕਿਹਾ ਸੀ ਕਿ ਸਾਹਿਤ ਦਾ ਸੰਬੰਧ ਮਾਨਵੀ ਖਾਹਿਸ਼ਾ ਤੋਂ ਵੀ ਬਹੁਤ ਵੱਡੇ ਪੱਧਰ ਤੱਕ ਹੈ ਅਤੇ ਲਗਾਤਾਰ ਬਦਲਾਅ ਦੇ ਲਈ ਉਸਦੀ ਇਹ ਕਾਮਨਾ ਹੈ ਤੁਹਾਨੂੰ ਉਸਦੀ ਰਚਨਾ ਵਿੱਚ ਦਿਖਾਈ ਦਿੰਦਾ ਹੈ। ਇਨ੍ਹਾਂ ਵਿਚ ਕੋਈ ਦੋ ਰਾਏ ਨਹੀਂ ਹੈ। ਇਨ੍ਹਾਂ ਅਰਥਾਂ ਵਿੱਚ ਉਹ ਇਤਿਹਾਸ ਅਤੇ ਸਾਹਿਤ ਦਾ ਸਭ ਤੋਂ ਵੱਡਾ ਇਹੀ ਹੈ। ਦੂਜੀ ਗੱਲ ਮੇਰੇ ਖਿਆਲ ਨਾਲ ਜਿਹੜੀ ਰਚਨਾਕਾਰ ਦੀ ਜਿਹੜੀ ਸੁਤੰਤਰਤਾ ਹੈ ਜਿਸ ਉੱਤੇ ਸੁਧੀਰ ਜੀ ਨੇ ਸਵਾਲ ਖੜਾ ਕੀਤਾ ਹੈ, ਉਹ ਇਸ ਮਸਲੇ ਉੱਤੇ ਵਾਕਿਆ ਠੀਕ ਹੈ। ਇਹ ਗੱਲ ਠੀਕ ਹੈ। ਪੂਰੀ ਤਰ੍ਹਾਂ ਨਾਲ ਕੋਈ ਵੀ ਲੇਖਕ ਕੋਈ ਵੀ ਰਚਨਾਕਾਰ ਸੁਤੰਤਰ ਨਹੀਂ ਹੋ ਸਕਦਾ। ਉਸ ਉੱਪਰ ਕੋਈ ਬੰਧਨ ਨਾ ਹੋਵੇ। ਕੋਈ ਸੀਮਾ ਨਾਲ ਹੋਵੇ। ਅਜਿਹਾ ਨਹੀਂ ਹੋ ਸਕਦਾ। ਇਹ ਗੱਲ ਬਿਲਕੁਲ ਠੀਕ ਹੈ। ਇਸ ਤੋਂ ਇਲਾਵਾ ਇਕ ਗੱਲ ਹੋਰ ਠੀਕ ਹੈ। ਉਹ ਇਹ ਕਿ ਇਕ ਰਚਨਾਕਾਰ ਇਕ ਖਾਸ ਦੌਰ , ਜਿਹੜਾ ਮੂਲ ਸਿਸਟਮ ਹੈ, ਉਸ ਦੇ ਅਧੀਨ ਉਹ ਆਪਣੀਆਂ ਰਚਨਾਵਾਂ ਨੂੰ ਲਿਖਦਾ ਹੈ ਅਤੇ ਉਸ ਦੇ ਸਮਕਾਲ ਵਿਚ ਰੱਖਦਾ ਹੈ। ਜੇਕਰ ਟੈਗੋਰ ਆਪਣੀਆਂ ਸੀਮਾਵਾਂ ਨੂੰ ਤੋੜ ਨਹੀਂ ਸਕਦਾ ਜਾਂ ਇਕ ਸੀਮਾ ਵਿੱਚ ਬੱਝੇ ਨਜ਼ਰ ਆਉਂਦੇ ਹਨ ਤਾਂ ਉਹ ਇਤਿਹਾਸ ਦੀ ਦਹਿਸ਼ਤ ਐਨੀ ਨਹੀਂ ਹੈ ਜਿਹੜਾ ਮੈਨੇਂਜ਼ਰ ਪਾਂਡੇ ਜੀ ਕਹਿ ਰਹੇ ਹਨ। ਜਦਕਿ ਉੱਥੇ ਸਮਕਾਲੀ ਸਰੋਕਾਰ ਦੇ ਦਬਾਅ ਵਧੇਰੇ ਕਾਰਜ ਕਰ ਰਹੇ ਹਨ। ਅਤੇ ਇਹੀ ਸਾਰੇ ਇਤਿਹਾਸ ਵਿੱਚ ਨਜ਼ਰ ਆਉਂਦਾ ਹੈ। ਅਸੀਂ ਆਪਣੇ ਪਾਤਰਾਂ ਨੂੰ ਸਮਕਲੀਨਤਾ ਵਿੱਚ ਸਮਕਾਲ ਦੀਆਂ ਜਿਹੜੀਆਂ ਵੈਲਯੂ ਸਿਸਟਮ ਹੈ ਉਸ ਵਿੱਚ ਰੱਖਦੇ ਹਾਂ ਅਤੇ ਉਨ੍ਹਾਂ ਨੂੰ ਤੋੜਨ ਦੇ ਲਈ ਉਨ੍ਹਾਂ ਦੀ ਵਰਤੋ ਕਰਦੇ ਹਾਂ ਅਤੇ ਉਸ ਤੋਂ ਬਾਅਦ ਇਕ ਨਵੀਂ ਦੁਨੀਆ, ਇਕ ਨਵੇਂ ਆਦਮੀ ਦੇ ਚ੍ਰਿਤਰ ਨੂੰ ਬਣਾਉਣ ਦੇ ਲਈ ਵਰਤੋ ਕਰਿਆ ਕਰਦੇ ਹਾਂ। ਇਹ ਸਭ ਤੋਂ ਵਧੇਰੇ ਮਹੱਤਵ ਪੂਰਨ ਹੈ। ਇਕ ਹੋਰ ਗੱਲ ਹੈ ਕਿ ਜਿਹੜੀ ਰਚਨਾ ਹੈ। ਮਿਸ਼ਾਲ ਦੇ ਲਈ ਤੁਸੀਂ 'ਵਾਰ ਐਂਡ ਪੀਸ' ਨੂੰ ਲੈ ਲਓ, 'ਵਾਰ ਐਂਡ ਪੀਸ' ਦਾ ਨਾਮ ਵਾਰ ਵਾਰ ਇਸ ਲਈ ਲਿਆ ਜਾਂਦਾ ਹੈ ਕਿਉਂਕਿ ਉਹ ਸਭ ਤੋਂ ਵੱਡਾ ਨਾਵਲ ਹੈ। ਤੁਸੀਂ ਇਹ ਨਾ ਭੁੱਲੋ ਕਿ 'ਵਾਰ ਐਂਡ ਪੀਸ' ਦਾ ਅਰਥ ਭਾਵ ਯੁੱਧ ਦਾ ਕੋਈ ਇਤਿਹਾਸ ਨਹੀਂ ਹੈ ਅਤੇ ਨਾ ਹੀ ਯੁੱਧ ਦਾ ਕੋਈ ਡੈਕੂਮੈਂਟ ਹੈ। ਭਾਵ ਕਿ ਉਹ ਇਕ ਪ੍ਰੇਮ ਕਹਾਣੀ ਹੈ ਜਿਹੜੀ ਇਕ ਦੌਰ ਦੇ ਮਨੁੱਖੀ ਸੰਬੰਧਾਂ ਦੀ ਕਹਾਣੀ ਹੈ। ਮਤਲਬ ਮੈਨੂੰ ਤਾਂ ਕਈ ਵਾਰ ਹੈਰਾਨੀ ਹੁੰਦੀ ਹੈ ਕਿ ਉਸਦਾ ਨਾਵਲ 'ਵਾਰ ਐਂਡ ਪੀਸ' ਕਿਓਂ ਰੱਖਿਆ ਗਿਆ ਹੈ? ਉਸ ਦਾ ਨਾਂ ਤਾਂ ਪ੍ਰੇਮ ਕਥਾ ਵਰਗਾ ਹੋਣਾ ਚਾਹੀਦਾ ਸੀ।

**ਯਾਦਵ**-ਜੇਕਰ ਸਾਡੀਆਂ ਉਮੰਗਾ ਤੇ ਖਾਹਿਸ਼ਾ ਤੋਂ ਮੁਕਤੀ ਵਰਗੀ ਕੋਈ ਗੱਲ ਹੁੰਦੀ ਤਾਂ ਉਸ ਸਮੇਂ

ਦੀ ਦਹਿਸ਼ਤ ਤੋਂ ਹੈ ਜਿਵੇਂ 'ਹੋਰੀ' ਸ਼ੁਰੂ ਤੋਂ ਅਖੀਰ ਤੱਕ ਨਿਰਾਸ਼ਾਵਾਂ ਦੀ ਕਹਾਣੀ ਹੈ। ਭਾਵ ਕਿ ਹੋਰੀ ਉਸ ਸਮੇਂ ਉਹੀ ਕਰ ਸਕਦਾ ਸੀ, ਤੁਸੀਂ ਉਸਦੀ ਉਹ ਨੀਤੀ ਕਹਿ ਲਓ। ਤੁਸੀਂ ਉਸਦਾ ਪ੍ਰਬੰਧ ਕਹਿ ਲਓ ਜਾਂ ਇਕ ਮਜਬੂਰੀ ਕਹਿ ਲਓ, ਉਹ ਅਚਾਨਕ ਹਥਿਆਰ ਚੁੱਕ ਕੇ ਨਕਸਲਾਇਟ ਨਹੀਂ ਹੋ ਸਕਦਾ ਸੀ।

**ਜੋਸ਼ੀ**-ਯਾਦਵ ਜੀ ਨੇ ਬੜੀ ਅਹਿਮ ਗੱਲ ਕਹੀ ਕਿ 'ਹੋਰੀ' ਨਕਸਲਾਇਟ ਨਹੀਂ ਹੋ ਸਕਦਾ ਸੀ। ਪ੍ਰੰਤੂ ਜੇਕਰ ਅਸੀਂ ਇਤਿਹਾਸ ਨੂੰ ਪੜ੍ਹੀਏ ਤਾਂ 18 ਵੀਂ ਸਦੀ ਤੋਂ ਲੈ ਕੇ ਅਤੇ 20 ਵੀਂ ਸਦੀ ਤੱਕ ਅਨੇਕ ਆਦਿਵਾਸੀ ਅਤੇ ਕਿਸਾਨ ਵਿਦਰੋਹ ਇਸ ਦੇਸ਼ ਵਿਚ ਹੋਏ ਹਨ। ਇਸ ਦੇ ਨਾਲ ਹੀ ਜੁੜਿਆ ਮੇਰਾ ਸਵਾਲ ਹੈ ਕਿ ਪ੍ਰੇਮ ਚੰਦ ਆਪਣੇ ਨਾਇਕ ਨੂੰ ਵਿਦਰੋਹ ਤੱਕ ਕਿਓਂ ਨਹੀਂ ਲੈ ਕੇ ਜਾਂਦਾ?

**ਯਾਦਵ**- ਪ੍ਰੇਮ ਚੰਦ ਜੀ ਆਪਣੇ ਸਮਾਜ ਦੀ ਗੱਲ ਕਰ ਰਿਹਾ ਹੈ। ਉਂਝ ਤਾਂ 'ਬਿਰਸਾ ਮੁੰਡਾ' ਨੇ ਵੀ ਵਿਦਰੋਹ ਕੀਤਾ ਅਤੇ ਅਵਧ 'ਚ ਵੀ ਕਿਸਾਨ ਵਿਦਰੋਹ ਹੋਇਆ ਹੈ। ਪ੍ਰੰਤੂ ਪ੍ਰੇਮ ਚੰਦ ਆਪਣੇ ਸਮੇਂ ਦੇ ਕਿਸਾਨ ਸਮਾਜ ਦੀ ਗੱਲ ਕਰ ਰਿਹਾ ਸੀ।

**ਪੰਕਜ**-ਦੇਖੋ, ਜੋਸ਼ੀ ਜੀ, ਤੁਸੀਂ 1857 ਨੂੰ ਲੈ ਲਓ। 1857 ਦਾ ਜਿਹੜਾ ਉਭਾਰ ਹੈ, ਜਿਹੜੀ ਐਨੀ ਵੱਡੀ ਘਟਨਾ ਸੀ ਉੱਤਰੀ ਭਾਰਤ ਵਿੱਚ, ਉਸ ਦੀ ਪੇਸ਼ਕਾਰੀ ਸਾਹਿਤ ਵਿਚ ਕਿਓਂ ਨਹੀਂ ਹੋਈ? ਕਿਉਂਕਿ ਕਈ ਤਰ੍ਹਾਂ ਦੇ ਦਬਾਅ ਉਸ ਪਿੱਛੇ ਕੰਮ ਕਰ ਰਹੇ ਸੀ। ਅਤੇ ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਸਾਰੀਆਂ ਦੀਆਂ ਸਾਰੀਆਂ ਘਟਨਾਵਾਂ ਜਿਹੜੀਆਂ ਉਸ ਦੌਰ ਵਿਚ ਹੋ ਰਹੀਆਂ ਸਨ ਉਹ ਸਾਹਿਤ ਵਿੱਚ ਵੀ ਹੋਣਗੀਆਂ। ਜੇਕਰ ਤੁਸੀਂ ਇਹ ਸ਼ਰਤ ਲਗਾਓ ਤਾਂ ਇਹ ਸ਼ਰਤ ਇਤਿਹਾਸ ਉੱਤੇ ਵੀ ਲਾਗੂ ਹੋਵੇਗੀ, ਇਹ ਸਾਹਿਤ ਉੱਤੇ ਲਾਗੂ ਨਹੀਂ ਹੁੰਦੀ।

**ਜੋਸ਼ੀ**-ਨਹੀਂ, ਮੈਂ ਇਹ ਸ਼ਰਤ ਨਹੀਂ ਲਗਾ ਰਿਹਾ। ਮੈਂ ਇਹ ਕਹਿ ਰਿਹਾ ਹਾਂ ਕਿ ਜੋ 'ਹੋਰੀ' ਤੋਂ ਪਹਿਲਾਂ ਅਜਿਹਾ ਹੋ ਚੁੱਕਾ ਸੀ। ਪ੍ਰਤੀਰੋਧ ਦੀਆਂ ਮਿਸ਼ਾਲਾ ਪ੍ਰੇਮ ਚੰਦ ਦੇ ਸਾਹਮਣੇ ਸੀ।

**ਮੈਨੇਜਰ ਪਾਂਡ**-ਜੋਸ਼ੀ ਜੀ, ਤੁਹਾਡੇ ਨਾਲ ਮੈਂ ਹੋਰੀ ਦੇ ਪ੍ਰਸੰਗ ਨਾਲ ਆਪਣੀ ਗੱਲ ਜੋੜਨਾ ਚਾਹੁੰਦਾ ਹਾਂ। ਪ੍ਰੇਮ ਚੰਦ ਜੋ ਕਹਿਣਾ ਚਾਹੁੰਦੇ ਸਨ ਉਹ ਉਨ੍ਹਾਂ ਨੇ ਕਿਹਾ। ਉਹ ਇਕ ਬਸਤੀਵਾਦੀ ਸਮਾਜ ਵਿੱਚ ਕਿਸਾਨ ਦੀ ਦੁਰਗਤੀ ਦਾ ਚਿਤਰਨ ਹੈ। ਨਾਲ ਹੀ ਉਸ ਵਿੱਚ ਅੱਖੜ ਕਿਸਮ ਦਾ ਸਮੰਤੀ ਸਮਾਜ ਵੀ ਹੈ। ਉਸੇ ਹੋਰੀ ਦਾ ਬੇਟਾ ਵੱਖਰੇ ਸੁਭਾ ਦਾ ਹੈ। ਉਸ ਵਿੱਚ ਇਹ ਵੀ ਪ੍ਰੇਮ ਚੰਦ ਨੇ ਦਿਖਾਇਆ ਹੈ। ਉਸਨੇ ਉਸਨੂੰ ਨਕਸਲਾਇਟ ਨਹੀਂ ਬਣਾਇਆ ਜਾਂ ਬਿਰਸਾ ਮੁੰਡਾ ਨਹੀਂ ਬਣਾਇਆ। ਇਹ ਠੀਕ ਹੈ ਪ੍ਰੰਤੂ ਜੋ 'ਗੋਬਰ' ਹੈ ਉਹ 'ਹੋਰੀ' ਤੋਂ ਵੱਖਰੀ ਮਾਨਸਿਕਤਾ ਵਾਲਾ ਹੈ। ਇਹ ਪ੍ਰੇਮ ਚੰਦ ਸੰਕੇਤ ਕਰਦਾ ਹੈ। ਇਸ ਤੋਂ ਵੱਡਾ ਦੂਜਾ ਸਵਾਲ ਹੈ ਕਿ ਕੁਲ ਮਿਲਾ ਕੇ ਉਸ ਦੌਰ ਨੂੰ ਧਿਆਨ ਵਿਚ ਰੱਖੀਏ ਤਾਂ ਇਸ ਉੱਤੇ ਜ਼ਰਾ ਸੋਚੀਏ ਕਿ ਉਸ ਦੌਰ ਦੀਆਂ ਹਿੰਦੀ ਦੀਆਂ ਤਿੰਨ ਵੱਡੀਆਂ ਰਚਨਾਵਾਂ ਹਨ 36 ਦੇ ਆਸ ਪਾਸ ਦੀਆਂ। ਸਾਲ ਕੁ ਦੇ ਅੰਦਰ ਲਿਖੀਆਂ ਗਈਆਂ ਸਨ। ਤਿੰਨੋਂ ਵੱਡੀਆਂ ਰਚਨਾਵਾਂ ਇਕ ਤਾਂ 'ਗੋਦਾਨ', ਦੂਜੀ 'ਰਾਮ ਕੀ ਸ਼ਕਤੀ ਪੂਜਾ' ਅਤੇ ਤੀਜੀ 'ਕਾਮਯਾਨੀ' ਇਨ੍ਹਾਂ ਤਿੰਨਾਂ ਦਾ ਇਕ ਸੱਚ ਹੈ ਕਿ ਤਿੰਨ੍ਹਾਂ ਦਾ ਜਿਹੜਾ ਵਿਸਥਾਰ ਹੈ ਉਸ ਵਿੱਚ ਅੰਧਕਾਰ, ਨਿਰਾਸ਼ਾ ਦਾ ਬਹੁਤ ਵਿਸਥਾਰ ਹੈ। ਰਾਮ ਦੀ ਸ਼ਕਤੀ ਪੂਜਾ ਦਾ,... ਵਗੈਰਾ ਵਗੈਰਾ ਨੂੰ ਛੱਡ ਵੀ ਦਈਏ ਜਿਹੜਾ ਉਸ ਦਾ ਬਹੁਤ ਕਮਜ਼ੋਰ ਪੱਖ ਹੈ। ਅਤੇ ਉਸੇ ਤਰ੍ਹਾਂ ਨਾਲ 'ਕਾਮਾਯਾਨੀ' ਦਾ ਜਿਹੜਾ ਸੱਭ ਤੋਂ ਕਮਜ਼ੋਰ ਪੱਖ ਹੈ ਜਦੋਂ ਉਹ ਸਭ ਦੇ ਸਭ ਲੋਕ ਹਿਮਾਲਿਆ ਦੇ ਵੱਲ ਯਾਤਰਾ ਕਰਦੇ ਹਨ। ਤਾਂ ਉਨ੍ਹਾਂ ਤਿੰਨਾਂ ਦੇ ਮਹੱਤਵਪੂਰਨ ਪੱਖ ਹਨ ਜਿਹੜੇ ਉਸ ਸਮੇਂ ਦੇ ਮਨੁੱਖ ਅਤੇ ਭਾਰਤੀ ਮਨੁੱਖ ਦੇ ਜੀਵਨ ਵਿੱਚ ਛਾਏ ਹੋਏ ਹਨੇਰੇ ਅਤੇ ਨਿਰਾਸ਼ਾ ਦੀ ਸਥਿਤੀ ਹੈ। ਇਸਦਾ ਇਕ ਹੋਰ ਸੰਦਰਭ ਹੈ, ਜਿਸ ਉੱਤੇ ਧਿਆਨ ਦੇਣਾ ਚਾਹੀਦਾ ਹੈ ਉਹ ਕੀ ਹੈ ਕਿ ਇਹ ਤਿੰਨੋਂ ਯੂ. ਪੀ. ਦੇ ਲੇਖਕ ਸੁਤੰਤਰਤਾ ਅੰਦੋਲਨਾ ਦਾ ਜਿਹੜਾ

ਵਿਕਾਸ ਹੋ ਰਿਹਾ ਸੀ, ਉਨ੍ਹਾਂ ਦਾ ਜਿਹੜਾ ਚ੍ਰਿਤਰ ਬਣ ਰਿਹਾ ਸੀ, ਇਹ ਤਿੰਨੋਂ ਦੇ ਤਿੰਨੋਂ ਉਸ ਨਾਲ ਸਹਿਮਤ ਨਹੀਂ ਸਨ। ਇਸ ਲਈ ਇਹ ਜਿਹੜਾ ਅੰਧਕਾਰ ਅਤੇ ਨਿਰਾਸ਼ਾ ਦਾ ਪ੍ਰਸਾਰ ਵਿਸਥਾਰ ਇਨ੍ਹਾਂ ਤਿੰਨ੍ਹਾਂ ਰਚਨਾਵਾਂ ਵਿੱਚ ਹੈ ਉਸਦਾ ਇਕ ਕਾਰਨ ਉਹ ਵੀ ਮੈਨੂੰ ਘੱਟ ਤੋਂ ਘੱਟ ਲਗਦਾ ਹੈ, ਦੂਜਿਆ ਨੂੰ ਭਾਵੇਂ ਲੱਗੇ ਜਾ ਨਾ ਲੱਗੇ। ਇਸ ਲਈ ਅਜਿਹਾ ਨਹੀਂ ਹੈ ਕਿ ਆਪਣੇ ਸਮੇਂ 'ਚ ਉਨ੍ਹਾਂ ਦਾ ਸੰਘਰਸ਼ ਨਹੀਂ ਹੈ। ਭਾਰਤੀ ਆਮ ਲੋਕ, ਵਿਸ਼ੇਸ਼ ਰੂਪ 'ਚ ਕਿਸਾਨਾਂ ਅਤੇ ਦੂਜੇ ਵਰਗਾਂ ਦੇ ਜੀਵਨ ਵਿੱਚ ਜਿਹੜਾ ਹਨੇਰਾ ਅਤੇ ਨਿਰਾਸ਼ਾ ਹੈ ਅਤੇ ਉਮੀਦ ਨਹੀਂ ਹੈ, ਉਸਦੀ ਪੇਸ਼ਕਾਰੀ ਵਿੱਚ ਇਹ ਜਿਹੜੇ ਯੂ. ਪੀ. ਦੇ ਤਿੰਨੋਂ ਰਚਨਾਕਾਰ ਹਨ, ਇਕੱਠੇ ਕਰਦੇ ਹਨ।

**ਜੋਸ਼ੀ**-ਕੀ ਤੁਹਾਨੂੰ ਅਜਿਹਾ ਨਹੀਂ ਲੱਗਦਾ ਕਿ ਦ੍ਰਿਸ਼ਟੀ ਇਕ ਵੱਡੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਨ੍ਹਾਂ ਤਿੰਨ੍ਹਾਂ ਰਚਨਾਕਾਰਾਂ ਵਿੱਚ?

**ਪੰਕਜ**-ਦੇਖੋ! ਸਾਹਿਤ ਵਿੱਚ ਜਿਹੜੀ ਦ੍ਰਿਸ਼ਟੀ ਹੈ ਉਹ ਹੀ ਲੇਖਕ ਦੀ ਫੈਸਲਾਕੁਨ ਸਥਿਤੀ ਹੁੰਦੀ ਹੈ।

**ਯਾਦਵ**-ਪਾਂਡੇ ਜੀ, ਪ੍ਰਸ਼ਾਦ ਨੇ ਕਾਮਾਯਾਨੀ ਅਤੇ ਨਿਰਾਲਾ ਨੇ ਰਾਮ ਦੀ ਸ਼ਕਤੀ ਪੂਜਾ ਦੀ ਗੱਲ ਕੀਤੀ ਹੈ। ਮੈਨੂੰ ਲੱਗਦਾ ਹੈ ਕਿ ਇਹ ਸਥਿਤੀ ਦੀ ਯਾਤਨਾ ਅਤੇ ਦਹਿਸ਼ਤ ਤੋਂ ਪਲਾਇਨ ਹੈ, ਇਕ ਨੇ ਰਾਮ ਦੇ ਕਾਲ ਵਿੱਚ ਜਾ ਕੇ ਸ਼ਕਤੀ ਸਾਧਨਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਆਰਥਿਕ ਸਥਿਤੀਆਂ ਦਾ ਸਾਹਮਣਾ ਕੀਤਾ ਜਾ ਸਕੇ, ਅਤੇ ਦੂਜੇ ਨੇ ਇਕ ਨਵਾਂ ਅਧਿਆਤਮਿਕ ਕਿਸਮ ਦਾ ਪਲਾਇਨ ਕੀਤਾ। ਜਿਹੜਾ 'ਕਾਮਯਾਨੀ' ਵਿੱਚ ਅਧਿਆਤਮਿਕ ਪਲਾਇਨ ਹੈ ਉਹ 'ਗੋਦਾਨ' ਵਿੱਚ ਇਕ ਤਰ੍ਹਾਂ ਨਾਲ ਸਾਇਦ ਗੋਬਰ ਕਰਦਾ ਹੈ। ਗੋਬਰ ਆਪਣੀਆਂ ਸਥਿਤੀਆਂ ਤੋਂ ਭੱਜ ਜਾਂਦਾ ਹੈ। ਉਨ੍ਹਾਂ ਸਥਿਤੀਆਂ ਨੂੰ ਮੈਂ ਮੁੜ ਸਮਝਣਾ ਚਾਹੁੰਦਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗੋਬਰ ਇਸਦੇ ਇਲਾਵਾ ਕੁਝ ਕਰ ਨਹੀਂ ਸਕਦਾ ਸੀ ਕਿਉਂਕਿ ਪ੍ਰੇਮ ਚੰਦ ਨੇ ਅਜਿਹੀਆਂ ਸਥਿਤੀਆਂ ਬਣਾ ਦਿੱਤੀਆਂ ਸਨ। ਬਲਕਿ ਪ੍ਰੇਮ ਚੰਦ ਦੀ ਦ੍ਰਿਸ਼ਟੀ ਉਸ ਦੀ ਯਾਤਨਾ ਦੇ ਨਾਲ ਉਸਦੇ ਪੂਰੇ ਟੋਟਲਿਟੀ ਵਿੱਚ ਜੋੜਦਾ ਹੈ, ਇਸ ਲਈ ਲੇਖਕ ਇਸ ਨੂੰ 'ਅਨਰੀਅਲਇਸਟਕ' ਨਹੀਂ ਕਰਨਾ ਚਾਹੁੰਦਾ ਸੀ। ਭਾਵ ਕਿ ਆਪਣੇ ਪਾਤਰ ਨੂੰ ਵਿਦਰੋਹੀ ਬਣਾ ਕੇ, ਜ਼ਿਮੀਦਾਰ ਦੇ ਖਿਲਾਫ਼ ਹਥਿਆਰ ਚੁੱਕ ਕੇ ਉਸ ਨੂੰ ਬਾਗੀ ਨਹੀਂ ਬਣਾਉਣਾ ਚਾਹੁੰਦਾ ਸੀ ਅਤੇ ਬੇਲੋੜਾ ਆਸ਼ਾਵਾਦ ਦਾ ਸ਼ਿਕਾਰ ਨਹੀਂ ਬਣਾਉਣਾ ਚਾਹੁੰਦਾ ਸੀ। ਉਹ ਇਹ ਨਹੀਂ ਦਿਖਾਉਣਾ ਚਾਹੁੰਦਾ ਸੀ ਕਿ ਹੋਰੀ ਉੱਠ ਕੇ ਖੜ੍ਹਾ ਹੋ ਗਿਆ ਹੈ ਅਤੇ ਉਸਨੇ ਕਿਹਾ ਹੈ ਕਿ ਕਿੱਥੇ ਹੈ ਜ਼ਿੰਮੀਦਾਰ ਮੈਂ ਉਸ ਨੂੰ ਵੇਖਦਾ ਹਾਂ... ਵਗੈਰਾ ਵਗੈਰਾ। ਅਜਿਹਾ ਪ੍ਰੇਮ ਚੰਦ ਨੇ ਕੁਝ ਨਹੀਂ ਕਿਹਾ। ਉਸਦਾ ਨਾਇਕ ਹੋਰੀ ਸਿੱਧਾ ਸਿੱਧਾ ਮਰ ਗਿਆ। ਗੋਦਾਨ ਵਿਚ ਪ੍ਰੇਮ ਚੰਦ ਦੀ ਇਹ ਸਭ ਤੋਂ ਵੱਡੀ ਸ਼ਕਤੀ ਹੈ ਜਿਹੜੀਆਂ ਉਸ ਸਮਾਜ ਦੀਆਂ ਰੂੜੀਆਂ ਹਨ। ਜਿਹੜੇ ਇਕ ਖਾਸ ਤਰ੍ਹਾਂ ਦੇ ਕੰਜਰਵੇਟਿਵ ਕਿਸਮ ਦੇ ਲੋਕ ਉਸ ਵਿੱਚ ਵੜੇ ਹੋਏ ਹਨ, ਗੁੰਥੀਆਂ ਹਨ, ਉਨ੍ਹਾਂ ਨੂੰ ਹੀ ਉਨ੍ਹਾਂ ਨੇ ਹੋਰੀ ਦੀ ਸ਼ਕਤੀ ਬਣਾਇਆ ਹੈ। ਭਾਵ ਕਿ ਜਿਨ੍ਹਾਂ ਰੂੜੀਆਂ ਨੂੰ ਜਿਨ੍ਹਾਂ ਵਿੱਚ ਜਿਹੜੇ ਅੰਧਵਿਸ਼ਵਾਸ਼ ਹਨ ਕਿ ਗਾਂ ਦੀ ਪੂਜਾ ਕਰਨਾ, ਆਪਣੇ ਚ੍ਰਿਤਰ ਨੂੰ ਸ਼ਕਤੀ ਦੇਣ ਦੇ ਲਈ ਪ੍ਰੇਮ ਚੰਦ ਨੇ ਉਨ੍ਹਾਂ ਅੰਧਵਿਸ਼ਵਾਸ਼ਾ ਦੀ ਵਰਤੋ ਕੀਤੀ ਹੈ। ਇਸ ਨਾਲ ਪਾਤਰਾਂ ਦੀ ਮਾਨਸਿਕਤਾ ਹੋਰ ਵੱਧ ਤਰੀਕੇ ਨਾਲ ਦਿਆਲੂ ਅਤੇ ਲਚਾਰ ਕਿਸਮ ਦੀ ਸਾਡੇ ਸਾਹਮਣੇ ਆਉਂਦੀ ਹੈ। ਇੱਥੇ ਇਕ ਚੀਜ਼ ਹੋਰ ਹੈ। ਉਸ ਸਮੇਂ ਦੂਜੇ ਸਮਕਾਲੀ ਨਾਵਲਕਾਰ ਵੀ ਸਨ ਜਿਵੇਂ ਜੈਨੇਦਰ ਜੀ। ਜੈਨੇਦਰ ਜੀ ਉਹ ਸਾਰੀ ਸਮਾਜਿਕ ਦਹਿਸ਼ਤ ਜਾਂ ਬਸਤੀਵਾਦੀ ਦਹਿਸ਼ਤ ਦੇ ਵਿਚਕਾਰ ਨਾਰੀ-ਪੁਰਸ਼ ਸੰਬੰਧਾਂ ਦੀ ਗੱਲ ਕਰ ਰਹੇ ਹਨ। ਇਹ ਇਕ ਹੋਰ ਗੱਲ ਹੈ। ਜਿਹੜੀ ਪੰਕਜ ਨੇ ਕਹੀ ਹੈ ਕਿ ਨਾਵਲ ਇਕ ਵਿਸ਼ੇਸ਼ ਸਮੇਂ ਵਿੱਚ ਵਿਸ਼ੇਸ਼ ਸਮਾਜ ਦੇ ਮਨੁੱਖ ਨੂੰ ਆਪਸੀ ਸੰਬੰਧਾਂ ਦੇ ਵਿਸ਼ਲੇਸ਼ਣ ਦਾ ਨਾਮ ਹੈ। ਕੀ ਇਤਿਹਾਸ ਆਰਥਿਕ ਸੰਬੰਧਾਂ ਦੀ ਗੱਲ ਕਰਦਾ ਹੈ?

**ਜੋਸ਼ੀ**-ਸੁਧੀਰ ਜੀ ਇਸ ਸੰਬੰਧ ਵਿਚ ਤੁਹਾਡਾ ਕਿਸ ਤਰ੍ਹਾਂ ਦਾ ਪ੍ਰਤੀਕਰਮ ਹੈ?

**ਸੁਧੀਰ**-ਦੇਖੋ! ਮੈਂ ਇਕ ਵਾਰ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਇਨ੍ਹਾਂ ਉਦਾਹਰਣਾਂ ਦੀ ਡਿਟੇਲਸ ਵਿੱਚ ਕੋਈ ਦਿਲਚਸਪੀ ਨਹੀਂ ਹੈ। ਜਿਹੜਾ ਅਸਲ ਸਵਾਲ ਹੈ ਜਿਹੜਾ ਰਾਜੇਂਦਰ ਜੀ ਖੁਦ ਹੋਰੀ ਦੇ ਬਾਰੇ ਵਿੱਚ ਕਹਿ ਚੁੱਕੇ ਹਨ ਜਿਹੜਾ ਅਸੀਂ ਵੀ ਕਹਿ ਚੁੱਕੇ ਹਾਂ। ਮੈਂ ਇਹ ਗੱਲ ਨਹੀਂ ਕਰਾਂਗਾ ਕਿ ਇਤਿਹਾਸ ਅਤੇ ਸਾਹਿਤ ਵਿੱਚ ਇਕ ਬੁਨਿਆਦੀ ਅੰਤਰ ਇਹ ਹੈ ਕਿ ਇਤਿਹਾਸਕਾਰ ਤੱਥਾਂ ਨਾਲ ਬੰਨ੍ਹਿਆ ਹੋਇਆ ਹੈ ਅਤੇ ਸਾਹਿਤਕਾਰ ਨੂੰ ਪੂਰੀ ਸੁਤੰਤਰਤਾ ਹੈ। ਇਸ ਲਈ ਮੈਂ ਖਾਹਿਸ਼ਾ ਅਤੇ ਦ੍ਰਿਸ਼ਟੀ ਦੋਹਾਂ ਦੀ ਗੱਲ ਕੀਤੀ। ਜੈਨੇਦਰ ਅਤੇ ਪ੍ਰੇਮ ਚੰਦ ਦੀ ਗੱਲ ਛੱਡੋ। ਪ੍ਰੇਮ ਚੰਦ ਹੀ 'ਪ੍ਰੇਮਾਸ਼ਰਮ' ਵਿੱਚ ਕੀ ਕਰਦਾ ਹੈ? ਵਿੱਚੋਂ ਹੀ 'ਕਰਮਭੂਮੀ' ਵਿੱਚ ਰਤਾ ਕੁ ਕਿਹੜਾ ਅੰਤਰ ਆਉਂਦਾ ਹੈ ਕਿ ਅਤੇ ਫਿਰ 'ਗੋਦਾਨ' ਵਿਚ ਕੀ ਅੰਤਰ ਆਉਂਦਾ ਹੈ? ਪ੍ਰੇਮ ਚੰਦ ਜੇਕਰ ਪੂਰੀ ਤਰ੍ਹਾਂ ਨਾਲ ਨਿੱਜਵਾਦੀ ਹੁੰਦੇ ਤਾਂ ਤੁਹਾਨੂੰ ਇਹ ਅੰਤਰ ਨਾ ਮਿਲਦਾ। ਪ੍ਰੇਮ ਚੰਦ ਦੀ ਦ੍ਰਿਸ਼ਟੀ ਹੌਲੀ ਹੌਲੀ ਪੱਕ ਰਹੀ ਸੀ। ਉਹ ਸਮਝ ਰਹੇ ਸਨ ਕਿ ਕਿਹੜਾ ਸੰਦਰਭ ਹੈ, ਕਿਹੜਾ ਸੰਦਰਭ ਨਹੀਂ ਹੈ। ਕਿਸਦਾ ਕੀ ਪ੍ਰਭਾਵ ਹੋਵੇਗਾ। ਕਿਸਦਾ ਦੂਜਾ ਪ੍ਰਭਾਵ ਹੋਵੇਗਾ। ਐਸਥੈਟਿਕਲੀ ਪ੍ਰੇਮ ਚੰਦ ਜੀ ਡਵੈੱਲਪ ਹੋ ਰਹੇ ਸਨ, ਪੋਲਿਟਿਕਲੀ ਮਿਚਿਊਰ ਹੋ ਰਹੇ ਸਨ। ਤਾਂ ਪਹਿਲਾਂ ਤਾਂ ਮੈਂ ਇਸ ਗੱਲ ਉੱਤੇ ਵਾਰ ਵਾਰ ਜੋਰ ਦੇ ਰਿਹਾ ਹਾਂ ਕਿ ਇਤਿਹਾਸ ਅਤੇ ਸਾਹਿਤ ਨੂੰ ਲੈ ਕੇ ਦੋ ਵਿਧਾਵਾਂ ਦੀ ਗੱਲ ਅਸੀਂ ਜੋ ਕਰ ਰਹੇ ਹਾਂ ਦੋ ਖੇਤਰਾਂ ਦੀ ਗੱਲ ਕਰ ਰਹੇ ਹਾਂ ਜਿਹੜੇ ਮੰਨੇ ਜਾਂਦੇ ਹਨ ਕਿ ਵੱਖਰੇ ਵੱਖਰੇ ਹਨ। ਇਨ੍ਹਾਂ ਦੇ ਸੰਬੰਧ ਵਿਚ ਐਨੇ ਸਾਰੇ ਉਦਾਹਰਣ ਦਿੱਤੇ ਗਏ ਭਾਵ ਉਨ੍ਹਾਂ ਵਖਰੇਵਿਆ ਨੂੰ ਦਰਸਾਉਣ ਦੇ ਲਈ। ਮੈਂ ਉਨ੍ਹਾਂ ਵਖਰੇਵਿਆ ਨੂੰ ਹੀ ਸਵਾਲ ਕਰਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਥੋੜਾ ਜਿਹਾ ਤਾਂ ਸੋਚੀਏ, ਜੋ ਤੁਸੀਂ ਕਿਹਾ ਕਿ ਉਹ ਕਿੰਨਾ ਕੁ ਠੀਕ ਹੈ? ਤਾਂ ਮੇਰੇ ਲਈ ਦ੍ਰਿਸ਼ਟੀ ਅਤੇ ਦਹਿਸ਼ਤ ਅਤੇ ਉਹ ਵੀ ਸਮੇਂ ਨਾਲ ਬੰਨ੍ਹੇ ਹੋਏ ਹਨ। ਤਾਂ ਜਦੋਂ ਲਦੂਰੀ ਮਾਂਤਾਇਯੂ ਲਿਖਦਾ ਹੈ ਤਾਂ ਮੈਂ ਉਸਨੂੰ ਆਪਣੀ ਇਕ ਯਾਤਰਾ ਦੇ ਦੌਰਾਨ (ਸੰਦਰਭ 1995-96) ਪੈਰਿਸ ਵਿਚ ਪੁੱਛਿਆ ਸੀ, Did you have Soviet System in mind? ਤਾਂ ਉਹ ਕਹਿੰਦਾ ਹੈ ਕਿ I am glad that you noticed it. ਤਾਂ ਇਤਿਹਾਸਕਾਰ ਕੋਲ ਆਪਣੀਆਂ ਖਹਿਸ਼ਾ ਨੂੰ ਲਿਆਉਣ ਲਈ, ਆਪਣੇ ਸੁਪਨਿਆ ਨੂੰ ਲਿਆਉਣ ਲਈ ਅਨੇਕ ਤਰੀਕੇ ਹੁੰਦੇ ਹਨ। ਜਿਹੜੀ ਆਪਾਂ ਸਮੂਹਿਕ ਇਤਿਹਾਸ ਦੀ ਗੱਲ ਕਰ ਰਹੇ ਹਾਂ, ਜਿਹੜੀ ਤੁਸੀਂ ਕਲਪਨਾ ਦੀ ਗੱਲ ਕਰ ਰਹੇ ਹੋ ਉਹ ਬਿਲਕੁਲ ਠੀਕ ਉਦਾਹਰਣ ਹੈ। ਪ੍ਰੰਤੂ ਇਕੱਲੀ ਇਸ ਦੀ ਹੀ ਗੱਲ ਨਾ ਕਰੋ। ਤੁਸੀਂ ਆਲਟੇਕਰ ਦੀ ਗੱਲ ਵੀ ਕਹੋ। ਜਦੋਂ Position of Woman in Ancient India ਦੀ ਜਿਹੜੀ ਗੱਲ ਹੁੰਦੀ ਹੈ ਤਾਂ ਇਹ ਕਿਤਾਬ ਕਿਸ ਲਈ ਲਿਖੀ ਜਾ ਰਹੀ ਹੈ? ਭਾਰਤੀ ਅਤੇ ਮੁਖਰਜੀ ਜੇਕਰ ਅਸ਼ੋਕ ਉੱਤੇ ਲਿਖ ਰਹੇ ਹਨ ਤਾਂ ਕਿਸ ਲਈ ਲਿਖ ਰਹੇ ਹਨ?

**ਯਾਦਵ**-ਇਕ ਸੁਰ ਹੋ ਕੇ ਦੱਸੋ ਕਿ ਕੀ ਸਾਹਿਤਕਾਰ ਇਤਿਹਾਸ ਨੂੰ ਆਪਣੀ ਯੋਜਨਾ ਅਨੁਸਾਰ ਸਵੀਕਾਰ ਕਰਦਾ ਹੈ। ਜਿਵੇਂ ਪ੍ਰਸ਼ਾਦ ਦੇ ਨਾਟਕਾਂ ਦੇ ਥੀਮ ਅਕਸਰ ਇਹ ਹੈ ਕਿ ਵਿਦੇਸ਼ੀ ਹਮਲਾਵਰ ਹਮਲਾ ਕਰ ਰਹੇ ਹਨ ਅਤੇ ਉਨ੍ਹਾਂ ਦਾ ਮੁਕਾਬਲਾ ਕਰਨਾ ਹੈ। ਉਨ੍ਹਾਂ ਦਬਾਆ ਦੇ ਨਾਲ ਜਿਹੜੀ ਤਬਦੀਲੀ ਆਉਂਦੀ ਹੈ ...ਉਸ ਸਮੇਂ ਵਿਦੇਸ਼ੀ ਸਾਡੇ ਉੱਤੇ ਸ਼ਾਸ਼ਨ ਕਰ ਰਹੇ ਸਨ। ਇਹ ਇਕ ਤਰ੍ਹਾਂ ਨਾਲ ਮਾਨਸਿਕ ਤਰੀਕੇ ਨਾਲ ਸਾਡੇ ਉੱਤੇ ਦਬਾਅ ਪੈਂਦਾ ਹੈ ਅਤੇ ਉਸਦਾ ਵਿਰੋਧ ਉਹ ਇਤਿਹਾਸ ਵਿੱਚ ਕਰ ਰਹੇ ਹਨ। ਤਾਂ ਇਹ ਕਿਹੜਾ ਪਲਾਇਨ ਹੈ ਜਾਂ ਸਾਡੀ ਜਿਹੜੀ ਬਸਤੀਵਾਦੀ ਪੀੜਾ ਹੈ ਉਸ ਦਾ ਕਥਾਰਸਿਸ ਹੈ?

**ਅਰਚਨਾ**-ਪਲਾਇਨ ਦੀ ਗੱਲ ਤਾਂ ਸਾਇਦ ਕਿਤੇ ਨਹੀਂ ਗਈ। ਬਈ, ਇਸ ਸੰਦਰਭ ਵਿੱਚ ਇਤਿਹਾਸ ਦਾ ਆਪਣੇ ਵੱਲ ਪਰਤਣਾ ਜਿਹੜਾ ਹੈ ਉਹੀ ਪਲਾਇਨ ਦੀ ਗੱਲ ਤਾਂ ਨਹੀਂ ਹੈ। ਭਾਰਤੀ ਸੰਘਰਸ਼ ਉਸ

ਸੰਦਰਭ ਵਿੱਚ ਤਾਂ ਉਸ ਨੂੰ ਅਸੀਂ ਲੋਕ ਦੇਖਦੇ ਅਤੇ ਪੜ੍ਹਦੇ ਹਾਂ। ਤਾਂ ਇਤਿਹਾਸ ਦੇ ਸੰਦਰਭ ਵਿੱਚ ਇਹ ਜਿਹੜੀ ਗੱਲ ਇਤਿਹਾਸਕ ਨਾਵਲਾਂ ਦੀ ਹੈ ਉਸ ਵਿੱਚ ਖਾਸ ਗੱਲ ਬਿਲਕੁਲ ਅਜਿਹੇ ਨਾਵਲ ਵੀ ਇਤਿਹਾਸਕ ਦੇਖੇ ਗਏ ਜਿਨ੍ਹਾਂ ਦੇ ਇਤਿਹਾਸਕ ਤੱਥਾਂ ਦੇ ਪਿੱਛੇ ਪਿੱਛੇ ਚਲਦੇ ਹੋਏ ਕੇਵਲ ਉਨ੍ਹਾਂ ਪਾਤਰਾਂ ਦੇ ਜੀਵਨ ਨੂੰ ਪੁਨਰਜੀਵਤ ਕਰਨ ਦਾ ਕੰਮ ਕੀਤਾ ਹੈ। ਪੁਨਰਵਿਆਖਿਆ ਨਹੀਂ। ਵੰਦਨ ਲਾਲ ਵਰਮਾ ਦੇ ਨਾਵਲਾਂ ਨੂੰ ਤੁਸੀਂ ਚੇਤੇ ਕਰੋ–'ਝਾਂਸੀ ਦੀ ਰਾਣੀ', 'ਮਹਾਰਾਜਾ ਸਿੰਧੀਆਂ', ਉਨ੍ਹਾਂ ਦੇ ਨਾਵਲਾਂ ਵਿੱਚ ਕੋਈ ਪੁਨਰ ਵਿਆਖਿਆ ਨਹੀਂ ਹੈ। ਜਿਵੇਂ ਇਤਿਹਾਸਕ ਰਸ ਦੀ ਜਿਵੇਂ ਕੋਈ ਚੀਜ਼ ਹੋਵੇ। ਤਾਂ ਉਸਨੂੰ ਅਸੀਂ ਗ੍ਰਹਿਣ ਕਰ ਸਕੇ ਅਤੇ ਇਸ ਲਈ ਸ਼ਾਇਦ ਉਸਦੀ ਪ੍ਰੰਪਰਾ ਉਸ ਤੋਂ ਅੱਗੇ ਵੀ ਨਹੀਂ ਰਹੀ। ਉਸਦੇ ਪਿੱਛੇ ਜਿਨੀ ਕੁ ਖੋਜ ਪੜਤਾਲ ਅਤੇ ਉਸ ਤੋਂ ਬਾਅਦ ਮਤਲਬ ਸਾਇਦ ਉਸ ਵਿੱਚ ਨਾ ਤਾਂ ਰਚਨਾ ਕਰਨ ਵਾਲੇ ਦੇ ਲਈ ਅਤੇ ਨਾ ਹੀ ਪੜ੍ਹਨ ਵਾਲੇ ਦੇ ਲਈ ਕੋਈ ਕ੍ਰੀਏਟਿਵ ਐਕਸਪੀਰੀਅੰਸ਼ ਬਾਕੀ ਰਹਿੰਦਾ ਹੈ।

**ਜੋਸ਼ੀ**-ਅਰਚਨਾ ਜੀ, ਮੈਂ ਇਕ ਸਵਾਲ ਤੁਹਾਨੂੰ ਕਰਨਾ ਚਾਹੁੰਦਾ ਹਾਂ ਕਿ ਰਚਨਾਕਾਰ ਆਪਣੇ ਕਾਲ ਨੂੰ ਟ੍ਰਾਸੇਂਟ ਨਹੀਂ ਕਰਦਾ ਹੈ?

**ਅਰਚਨਾ**-ਕਰਦਾ ਹੀ ਹੈ। ਮੈਂ ਤਾਂ ਪਹਿਲਾਂ ਤੋਂ ਇਹੀ ਕਹਿ ਰਹੀ ਹਾਂ ਕਿ ਮੁਕਤੀਕਾਲ ਹੈ। ਸਾਰੇ ਦੇ ਸਾਰੇ ਤੱਥ ਮੂਲਕ ਇਤਿਹਾਸ ਦੀ ਬਹੁਤ ਹੇਠਾਂ ਦੀ ਤਹਿ ਵਿੱਚ ਜਮਾ ਹੋਇਆ ਘੱਟ ਤੋਂ ਘੱਟ ਸਾਹਿਤ ਵਿੱਚ ਉਹ ਹੈ ਹੀ ਅਤੇ ਜਦੋਂ ਉਹ ਆਪਣੇ ਸਮੇਂ ਤੋਂ ਬਾਅਦ ਪੜ੍ਹਿਆ ਜਾਂਦਾ ਹੈ ਉਦੋਂ ਉਪਰ ਦੀਆਂ ਸਾਰੀਆਂ ਚੀਜ਼ਾਂ ਸਾਰੀਆਂ ਪਰਤਾਂ ਜਿਹੜੀਆਂ ਹਨ ਉਹ ਛਿਲਕਿਆ ਦੇ ਵਾਂਗ ਉੱਤਰ ਜਾਂਦੀਆਂ ਹਨ। ਉਦੋਂ ਉਹ ਉਸ ਸਮੇਂ ਦਾ ਜਿਹੜਾ ਪਾਠਕ ਹੈ ਉਸ ਰਚਨਾ ਵਿੱਚ ਆਪਣੇ ਸਮੇਂ ਦਾ ਸਾਹਮਣਾ ਕਰ ਰਿਹਾ ਹੈ। ਮਤਲਬ ਮੈਂ ਇਹ ਨਹੀਂ ਕਹਿ ਰਿਹਾ ਕਿ ਉਸ ਸਮੇਂ ਵਿੱਚ ਵੀ ਜਿਹੜਾ ਲਿਖਿਆ ਜਾ ਰਿਹਾ ਹੈ ਉਹ...

**ਯਾਦਵ**-ਕੀ ਕਾਰਨ ਹਨ ਕਿ ਸੁਤੰਤਰਤਾ ਤੋਂ ਬਾਅਦ ਵੰਦਨ ਲਾਲ ਵਰਮਾ ਵਰਗਾ ਇਤਿਹਾਸ ਦਾ ਕੋਈ ਮਹੱਤਵਪੂਰਨ ਲੇਖਕ ਨਹੀਂ ਹੋਇਆ? ਕਿਸੇ ਵੀ ਮਹੱਤਵਪੂਰਨ ਲੇਖਕ ਨੇ ਕੋਈ ਇਤਿਹਾਸਕ ਰਚਨਾ ਨਹੀਂ ਲਿਖੀ। ਕਹਿਣ ਦੇ ਲਈ ਤਾਂ ਆਨੰਦ ਕੁਮਾਰ ਜੈਨ, ਅਚਾਰੀਆਂ ਚਤੁਰਸੈਨ ਸ਼ਾਸਤਰੀ, ਨਰੇਂਦਰ ਕੋਹਲੀ ਵਰਗੇ ਲੇਖਕ ਵੀ ਹਨ ਜਿਨ੍ਹਾਂ ਨੇ ਇਤਿਹਾਸਕ ਅਤੇ ਮਿਥਿਹਾਸਕ ਪਾਤਰਾਂ ਉੱਤੇ ਆਪਣੀ ਕਲਮ ਚਲਾਈ ਹੈ।

**ਅਰਚਨਾ**-ਯਾਦਵ ਜੀ, ਉਨ੍ਹਾਂ ਨੇ ਵੇਖੋਂ ਕੁਝ ਪਾਤਰ ਤਾਂ ਨਾਵਲਾਂ ਵਿਚ ਲੈ ਕੇ ਆਂਦੇ ਹਨ।

**ਯਾਦਵ**-ਛੱਡੋ ਜੀ ! ਉਨ੍ਹਾਂ ਪਾਤਰਾਂ ਨੂੰ।

**ਅਰਚਨਾ**-ਉਨ੍ਹਾਂ ਦੀ ਚੋਣ ਦੇ ਪਿੱਛੇ ਕੋਈ ਦ੍ਰਿਸ਼ਟੀ ਦਿਖਾਈ ਦਿੰਦੀ ਹੈ, ਯਾਦਵ ਜੀ।

**ਮੈਨੇਜਰ ਪਾਂਡੇ**-ਨਹੀਂ , ਬਾਅਦ ਵਿਚ ਵੀ ਇਤਿਹਾਸਕ ਮਹੱਤਵ ਵਾਲੇ ਕਈ ਨਾਵਲ ਲਿਖੇ ਗਏ ਹਨ ਅਤੇ ਮਹੱਤਵਪੂਰਨ ਲਿਖੇ ਜਾ ਰਹੇ ਹਨ।

**ਯਾਦਵ**-ਮੈਂ 1947 ਦੀ ਗੱਲ ਦੱਸ ਰਿਹਾ ਹਾਂ।

**ਮੈਨੇਜਰ ਪਾਂਡੇ**-1947 ਵਿੱਚ ਨਹੀਂ, 2000 ਵਿੱਚ ਲਿਖੇ ਗਏ ਹਨ।

**ਯਾਦਵ**-ਕਿਹੜੇ ਇਤਿਹਾਸਕ ਨਾਵਲ ਲਿਖੇ ਗਏ?

**ਮੈਨੇਜਰ ਪਾਂਡੇ**–ਯਾਦਵ ਜੀ, ਦੋ ਨਾਵਲਾਂ ਦੇ ਨਾਂ ਤੁਹਾਨੂੰ ਦੱਸਦਾ ਹਾਂ। ਇਕ ਨਾਵਲ ਲਿਖਿਆ ਹੈ ਲਕਸ਼ਮੀ ਵਰਮਾਂ ਨੇ 'ਮੁਨਸ਼ੀ ਰਾਏ ਯਾਦਵ' ਅਤੇ ਇਹ ਨਾਵਲ ਅਸਲ ਵਿੱਚ 19ਵੀਂ ਸਦੀ ਵਿੱਚ ਗੋਰਖਪੁਰ ਬਸਤੀ ਦੇ ਕਇਸਥਾ ਦੇ ਇਕ ਵਰਗ ਦੀ ਮਾਨਸਿਕਤਾ, ਸਥਿਤੀਆਂ ਅਤੇ ਬਸਤੀਵਾਦ ਦੇ ਉਨ੍ਹਾਂ ਨਾਲ ਬਣਦੇ ਵਿਗੜਦੇ ਸੰਬੰਧਾਂ ਦਾ ਇਤਿਹਾਸ ਹੈ।

**ਪੰਕਜ**-ਪਾਂਡੇ ਜੀ, ਏਥੇ ਯਾਦਵ ਜੀ ਦਾ ਕਹਿਣਾ ਉਸ ਇਤਿਹਾਸ ਦੇ ਹੀਰੋਇਜ਼ ਨੂੰ ਲੈ ਕੇ ਹੈ। ਉਹ ਗੱਲ ਕਰੋ ਨਾ?

**ਮੈਨੇਜਰ ਪਾਂਡੇ**-ਹੀਰੋਇਜ਼ ਨੂੰ ਲੈ ਕੇ ਵੀ ਲਿਖੇ ਗਏ ਹਨ।

**ਪੰਕਜ**-ਕਿਹੜੇ ਕਿਹੜੇ ਹੀਰੋ (ਨਾਇਕ) ਆਪ ਖੋਜ ਕਰਕੇ ਲਿਆਓ? ਮੈਨੂੰ ਵੀ ਪਤਾ ਲੱਗੇ।

**ਪਾਂਡੇ**-ਹੁਣੇ ... ਪਿਛਲੇ ਚਾਲ ਸਾਲ ਦੇ ਅੰਦਰ ਦਾਰਾਸ਼ਿਕੋਹ ਉੱਤੇ ਦੋ ਮਹੱਤਵਪੂਰਨ ਰਚਨਾਵਾਂ ਗਿਆਨਪੀਠ ਨੇ ਪ੍ਰਕਾਸ਼ਿਤ ਕੀਤੀਆਂ ਹਨ। ਸਭ ਤੋਂ ਪਹਿਲਾਂ ਭੋਲਾ ਸ਼ੰਕਰ ਵਿਆਸ ਦਾ 'ਸਮੁੰਦਰ ਸੰਗਰਾਮ' ਪ੍ਰਕਾਸ਼ਿਤ ਹੋਇਆ, ਜਿਹੜਾ ਕਿ ਦਾਰਾਸ਼ਿਕੋਹ ਦੇ ਗੁਰੂ ਪੰਡਿਤ ਰਾਜ ਜਗਨ ਨਾਥ ਦੀ ਆਤਮ ਕਥਾ ਹੈ, ਪ੍ਰੰਤੂ ਇਸਦੇ ਕੇਂਦਰ ਵਿੱਚ ਦਾਰਾਸ਼ਿਕੋਹ ਹੀ ਹੈ। ਦੂਜਾ ਨਾਵਲ ਗਿਆਨਪੀਠ ਤੋਂ ਹੀ ਹੈ ਮੇਵਾ ਰਾਮ ਦਾ 'ਦਾਰਾਸ਼ਿਕੋਹ' ਪ੍ਰਕਾਸ਼ਿਤ ਹੋਇਆ ਹੈ।

**ਯਾਦਵ**-ਐਦਾਂ ਤਾਂ ਇਕ ਨਾਵਲ ਆਨੰਦ ਪ੍ਰਕਾਸ਼ ਦਾ 'ਰਸ ਕਪੂਰ' ਵੀ ਹੈ। ਤੁਸੀਂ ਇਹਦਾ ਕਿਤੇ ਨਾਂ ਵੀ ਨਹੀਂ ਸੁਣਿਆ ਹੋਵੇਗਾ। ਆਨੰਦ ਪ੍ਰਕਾਸ਼ ਸ਼ਰਮਾਂ ਦਾ ਇਹ ਨਾਵਲ ਮੈਨੂੰ ਬੜਾ ਚੰਗਾ ਲੱਗਾ। ਇਹ ਨਾਵਲ ਰਾਜਸਥਾਨ ਦੀਆਂ ਅੰਦਰੂਨੀ ਸਥਿਤੀਆਂ ਨਾਲ ਸੰਬੰਧਤ ਹੈ। ਅਜਿਹੇ ਹੀ ਕਈ ਹੋਰ ਵੀ ਨਾਵਲ ਹਨ ਜਿਹੜੇ ਮੁੱਖ ਧਾਰਾ ਨਾਲ ਸੰਬੰਧ ਨਹੀਂ ਰੱਖਦੇ।

**ਪੰਕਜ**-ਭਰਾਵੋ ! ਇਹਦੇ ਵਿਚ ਬਹਿਸ ਕਰਨ ਵਾਲੀ ਕਿਹੜੀ ਗੱਲ ਹੈ। ਬਸ ਤੁਸੀਂ ਇਹ ਮੰਨ ਲਓ ਕਿ ਅਸੀਂ ਨਹੀਂ ਲਿਖਿਆ ਤਾਂ ਵਾਕਿਆ ਹੀ ਨਹੀਂ ਲਿਖਿਆ।

**ਜੋਸ਼ੀ**-ਤਾਂ ਸੁਧੀਰ ਜੀ, ਤੁਸੀਂ ਵੇਖਿਆ ਕਿ ਇਕ ਬੜੀ ਗਰਮਾ ਗਰਮ ਵਿਚਾਰ ਚਰਚਾ ਹੋਈ ਅਤੇ ਉਸਦੀ ਕੋਈ ਚੀਜ਼ ਚੰਗੀ ਵੀ ਲੱਗੀ। ਜਦੋਂ ਤੱਕ ਦਵੰਧ ਪੈਦਾ ਨਹੀਂ ਹੋਣਗੇ ਤਾਂ ਮੈਂ ਸਮਝਦਾ ਹਾਂ ਕਿ ਸਹਿਮਤੀ ਹੋਣ ਤੇ ਵੀ ਕੋਈ ਮਜ਼ਾ ਨਹੀਂ ਆਵੇਗਾ। ਤਾਂ ਵਾਪਸ ਮੈਂ ਇਤਿਹਾਸ ਵੱਲ ਪਰਤਦਾ ਹਾਂ। ਤਾਂ ਹੁਣ ਤੁਸੀਂ ਇਕ ਇਤਿਹਾਸਕਾਰ ਦੀ ਦ੍ਰਿਸ਼ਟੀ ਤੋਂ ਕਿਉਂਕਿ ਦੋਵੇਂ ਵਿਧਾਵਾਂ ਨੂੰ ਤੁਸੀਂ ਚੰਗੇ ਤਰੀਕੇ ਨਾਲ ਸਮਝਦੇ ਹੋ। ਦੋਵੇਂ ਖੇਤਰਾਂ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹੋ। ਇਹ ਜਿਹੜੇ ਸਵਾਲ ਤਿੰਨਾਂ ਚਾਰਾ ਨੇ ਚੁੱਕੇ ਹਨ। ਉਸ ਨੂੰ ਤੁਸੀਂ ਕਿਵੇਂ ਸੰਬੋਧਤ ਕਰਨਾ ਚਾਹੁੰਦੇ ਹੋ।

**ਸੁਧੀਰ**-ਦੇਖੋ ! ਮੇਰੀ ਸਭ ਤੋਂ ਵੱਡੀ ਪ੍ਰੇਸ਼ਾਨੀ ਤਾਂ ਇਹ ਹੈ ਕਿ ਇੱਥੇ ਜਿਹੜੇ ਤੱਥ ਦਿੱਤੇ ਜਾਂਦੇ ਹਨ, ਉਹ ਬਿਲਕੁਲ ਉਸਦੇ ਉਲਟ ਹਨ ਜਿਹੜਾ ਆਰੰਭ ਵਿਚ ਤਰਕ ਦਿੱਤਾ ਗਿਆ ਸੀ। ਤਰਕ ਅਤੇ ਤੱਥ ਵਿਚ ਕੋਈ ਤਾਂ ਤਾਲਮੇਲ ਹੋਣਾ ਚਾਹੀਦਾ। ਤਾਂ ਮੈਂ ਅਜੇ ਤੱਕ ਵੀ ਸਮਝ ਨਹੀਂ ਸਕਿਆ ਹਾਂ ਕਿ ਜਿਸ ਅੰਤਰ ਨੂੰ ਜਾਂ ਜਿਸ ਦੇਵਤਾ ਸਮੂਹ ਨੂੰ ਮੈਂ ਦੈਰੀਦਾ ਅਤੇ ਲਾਕਾ ਦੇ ਸਹਾਰੇ ਨਕਾਰਨ ਦੀ ਕੋਸ਼ਿਸ਼ ਕੀਤੀ ਉਹ ਕਿਉਂ ਨਹੀਂ ਨਕਾਰਿਆ ਜਾ ਸਕਦਾ ਅਤੇ ਕਿਉਂ ਨਹੀਂ ਨਕਾਰਿਆ ਜਾਣਾ ਚਾਹੀਦਾ? ਇਹ ਸੱਚਮੁੱਚ ਮੇਰੀ ਸਮਝ ਤੋਂ ਪਰੇ ਹੈ। ਮੈਂ ਇਹ ਮੰਨਦਾ ਹਾਂ ਕਿ ਅੱਜ ਜਿਹੜੀ ਸਥਿਤੀ ਹੈ ਉਸ ਵਿੱਚ ਸਾਹਿਤ ਵੱਖਰਾ ਹੈ ਅਤੇ ਇਤਿਹਾਸ ਵੱਖਰਾ ਹੈ। ਪ੍ਰੰਤੂ ਜਿਸ ਦਿਸ਼ਾ ਵਿਚ ਮੈਂ ਇਤਿਹਾਸ ਨੂੰ ਵੱਧਦੇ ਹੋਇਆ ਦੇਖਣਾ ਚਾਹੁੰਦਾ ਹਾਂ ਜਿਹੜੀ ਮੈਨੂੰ ਮਹੱਤਵਪੂਰਨ ਦਿਸ਼ਾ ਲੱਗ ਰਹੀ ਹੈ। ਉਸ ਵਿੱਚ ਇਹ ਦੂਰੀ ਦਿਨੋਂ ਦਿਨ ਘੱਟ ਹੁੰਦੀ ਜਾ ਰਹੀ ਹੈ। ਅੱਜ ਇਤਿਹਾਸਕਾਰ ਤੱਥਾਂ ਤੋਂ ਅੱਗੇ ਅਤੇ ਤੱਥ ਦੇ ਥੱਲੇ ਜਾਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਅੱਬਜੈਕਟਵਿਟੀ ਦੀ ਖਾਹਿਸ਼ ਹੁਣ ਨਹੀਂ ਆ ਰਹੀ। ਜਿਹੜੇ ਦੁਨੀਆ ਦੇ ਬੁਨਿਆਦੀ ਸਵਾਲ ਹਨ-ਮਨੁੱਖ ਦੀ ਕੀ ਪ੍ਰਵਿਰਤੀ ਹੁੰਦੀ ਹੈ? ਇਤਿਹਾਸ ਕਿਸ ਤਰ੍ਹਾਂ ਨਾਲ ਉਸਰਦਾ ਹੈ। ਕੀ ਧਾਰਾ ਇਤਿਹਾਸ ਦੀ ਹੁੰਦੀ ਹੈ? ਇਸ ਤਰ੍ਹਾਂ ਦੇ ਵੱਡੇ ਸਵਾਲ ਉਨ੍ਹਾਂ ਇਤਿਹਾਸਕਾਰਾਂ ਨੂੰ ਵੀ ਪਰੇਸ਼ਾਨ ਕਰ ਰਹੇ ਹਨ ਜੋ ਸੰਭਵ ਹੈ ਕਿਸੇ ਇਕ ਵਿਸ਼ੇ ਉੱਤੇ ਦਸ ਸਾਲ ਦਾ ਇਤਿਹਾਸ ਲਿਖ ਰਹੇ ਹੋਣ, ਜਾਂ ਕਿਸੇ ਇਸ ਵਿਅਕਤੀ ਦਾ ਇਤਿਹਾਸ ਲਿਖ

ਰਹੇ ਹੋਵੋ। ਪ੍ਰੰਤੂ ਜੇਕਰ ਉਹ ਇਕ ਵਿਅਕਤੀ ਦਾ ਇਤਿਹਾਸ ਵੀ ਲਿਖਦੇ ਹਨ ਤਾਂ ਉਹ ਇਕ ਵਿਅਕਤੀ ਦਾ ਇਤਿਹਾਸ ਨਹੀਂ ਹੁੰਦਾ। ਉਸਦੇ ਪਿੱਛੇ ਕੋਈ ਇਕ ਵੱਡੀ ਗੱਲ ਵੀ ਹੁੰਦੀ ਹੈ। ਮੈਂ ਕੇਵਲ ਆਪਣੀ ਗੱਲ ਕਰਾਗਾਂ। ਹੋਰਨਾ ਦੀ ਨਹੀਂ। 19ਵੀਂ ਸਦੀ ਦੀ ਇਕ ਇਸਤਰੀ ਸੀ–ਰਕਮਾ ਦੇਵੀ, ਜਿਸ ਨੇ ਆਪਣੇ ਪਤੀ ਦੇ ਕੋਲ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਅਦਾਲਤ ਵਿਚ ਇਕ ਬਹੁਤ ਜ਼ਬਰਦਸਤ ਮੁਕੱਦਮਾ ਸ਼ੁਰੂ ਹੋ ਗਿਆ। ਕੇਵਲ ਢਾਈ ਤਿੰਨ ਸਾਲ ਵਿਚ। ਜੋ 1884 ਵਿੱਚ ਸ਼ੁਰੂ ਹੋਇਆ ਅਤੇ ਸੰਨ 1888 ਵਿੱਚ ਖਤਮ ਹੋ ਗਿਆ। ਤਾਂ ਇਕ ਮੁਕੱਦਮਾ ਦੇ ਅਧਾਰ ਉੱਤੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਗਈ ਕਿ ਇਸਤਰੀ ਦੇ ਪ੍ਰਤੀ ਕਿਸ ਤਰ੍ਹਾਂ ਦਾ ਰਵੱਈਆ ਉਸ ਜ਼ਮਾਨੇ ਵਿਚ ਸੀ। ਵੱਖ ਵੱਖ ਵਰਗਾ ਦਾ, ਹਿੰਦੋਸਤਾਨੀਆਂ ਦਾ ਅਤੇ ਅੰਗਰੇਜ਼ਾਂ ਦਾ। ਜਿਹੜੀ ਕਾਨੂੰਨ ਵਿਵਸਥਾ ਅੰਗਰੇਜ਼ਾਂ ਨੇ ਸ਼ੁਰੂ ਕੀਤੀ ਉਸ ਵਿਚ ਔਰਤ ਦੀ ਕਿਸ ਤਰ੍ਹਾਂ ਦੀ ਸਥਿਤੀ ਸੀ। ਅਤੇ ਜਿਸ ਦਾ ਦਾਅਵਾ ਅਸੀਂ ਕਰਦੇ ਹਾਂ ਕਿ ਸਾਡੇ ਕਾਨੂੰਨ ਵਿੱਚ ਇਸ ਤਰ੍ਹਾਂ ਦੀ ਗੱਲ ਸੰਭਵ ਹੀ ਨਹੀਂ ਹੈ। ਉਹ ਕਾਨੂੰਨ ਕਿਸ ਤਰ੍ਹਾਂ ਦੇ ਸਨ? ਤਾਂ ਇਕ ਮੁਕੱਦਮੇ ਦੇ ਅਧਾਰ ਉੱਤੇ। ਅਤੇ ਜਦੋਂ ਮੈਂ ਇਹ ਸਮਝ ਰਿਹਾ ਸੀ ਕਿ ਮੈਂ ਵੂਮੈਨ ਹਿਸਟਰੀ ਦੀ ਇਕ ਮੂਵਮੈਂਟ ਦੀ ਸਟੱਡੀ ਕਰ ਰਿਹਾ ਹਾਂ , ਇਹ ਕਿਤਾਬ ਲਿਖਦੇ ਸਮੇਂ ਅਚਾਨਕ ਇਕ ਕੇਸ ਬੰਬੇ ਦਿੱਲੀ ਹਾਈਕੋਰਟ ਵਿੱਚ ਆਇਆ ਉਸ ਤਰ੍ਹਾਂ ਦਾ। ਇਕ ਕੇਸ ਆਂਧਰਾ ਪ੍ਰਦੇਸ਼ ਵਿਚ ਆਇਆ। ਜਿਨ੍ਹਾਂ ਵਿਚ ਔਰਤ ਨੇ ਆਪਣੇ ਪਤੀ ਕੋਲ ਰਹਿਣ ਤੋਂ ਇਨਕਾਰ ਕਰ ਦਿੱਤਾ ਸੀ। ਪੂਰੇ 100 ਸਾਲ ਬਾਅਦ 1984 ਵਿੱਚ ਉਸੇ ਤਰ੍ਹਾਂ ਦਾ ਕੇਸ ਆਂਧਰਾ ਪ੍ਰਦੇਸ਼ ਹਾਈਕੋਰਟ ਅਤੇ ਦਿੱਲੀ ਹਾਈਕੋਰਟ ਵਿੱਚ ਆਇਆ ਜਿਸ ਵਿਚ ਪਤਨੀ ਨੇ ਆਪਣੇ ਪਤੀ ਦੇ ਕੋਲ ਜਾਣ ਤੋਂ ਇਨਕਾਰ ਕਰ ਦਿੱਤਾ। ਉਦੋਂ ਮੇਰੀ ਸਮਝ ਵਿਚ ਆਇਆ ਕਿ ਜਿਸ ਨੂੰ ਮੈਂ ਇਕ ਪਲ ਬਸਤੀਵਾਦੀ ਭਾਰਤੀ ਇਤਿਹਾਸ ਮੰਨ ਰਿਹਾ ਸੀ, ਉਹ ਪਲ ਤਾਂ ਸਵਾ ਸੌ ਸਾਲ ਤੋਂ ਚਲਿਆ ਆ ਰਿਹਾ ਹੈ। ਅਤੇ ਜੇਕਰ ਮੈਂ ਤੁਹਾਨੂੰ ਦੱਸਾਂ ਕਿ ਆਂਧਰਾ ਪ੍ਰਦੇਸ਼ ਹਾਈਕੋਰਟ ਨੇ ਔਰਤ ਦੇ ਪੱਖ ਵਿੱਚ ਆਪਣਾ ਫੈਸਲਾ ਦਿੱਤਾ ਅਤੇ ਦਿੱਲੀ ਹਾਈਕੋਰਟ ਨੇ ਔਰਤ ਦੇ ਵਿਰੁੱਧ। ਅਤੇ ਜਦੋਂ ਦੋ ਹਾਈਕੋਰਟ, ਜਦੋਂ ਇਕ ਦੂਜੇ ਦੇ ਸਮਾਂਨਤਰ ਵਿਰੋਧੀ ਫੈਸਲੇ ਦਿੰਦੀ ਹੈ ਤਾਂ ਅੰਤਿਮ ਫੈਸਲਾ ਤਾਂ ਸੁਪਰੀਮ ਕੋਰਟ ਦਾ ਹੁੰਦਾ ਹੈ, ਅਤੇ ਇਤਫਾਕ ਨਾਲ ਇਸੇ ਤਰ੍ਹਾਂ ਦਾ ਇਕ ਕੇਸ Restitution of Conjugal Rights ਦਾ ਸੁਪਰੀਮ ਕੋਰਟ ਦੇ ਸਾਹਮਣੇ ਵੀ ਆਇਆ 1985 ਵਿੱਚ। ਅਤੇ ਸੁਪਰੀਮ ਕੋਰਟ ਨੇ ਆਂਧਰਾ ਪ੍ਰਦੇਸ਼ ਹਾਈਕੋਰਟ ਦੀ ਰੈਡੀਕਲ ਜਜਮੈਂਟ ਨੂੰ ਰੱਦ ਕਰ ਦਿੱਤਾ ਅਤੇ ਦਿੱਲੀ ਹਾਈਕੋਰਟ ਦੀ ਜੱਜਮੈਂਟ ਨੂੰ ਮੰਨ ਲਿਆ। ਤਾਂ ਹੁਣ ਕਹਿਣ ਦੇ ਲਈ ਤਾਂ ਮੈਂ ਰਕਮਾ ਬਾਈ ਦੀ ਜ਼ਿੰਦਗੀ ਦੇ ਚਾਰ ਸਾਲ ਦੀ ਕਹਾਣੀ ਲਿਖੀ ਪ੍ਰੰਤੂ ਜਿਹੜਾ ਪੜ੍ਹਨਾ ਚਾਹੇ ਉਹ ਉਸ ਨੂੰ ਸਵਾ ਸੌ ਸਾਲ ਦੀ ਨਾ ਕੇਵਲ ਹਿਸਟਰੀ ਦੀ ਬਲਕਿ ਪੂਰੇ ਭਾਰਤੀ ਸਮਾਜ ਦੀ ਮੰਨ ਸਕਦਾ ਹੈ।

ਮੈਂ ਇਹ ਜ਼ਰੂਰ ਮੰਨਦਾ ਹਾਂ ਕਿ ਲੇਖਕ ਅੰਦਰ ਉਹ ਕਲਪਨਾਸ਼ੀਲਤਾ ਹੁੰਦੀ ਹੈ ਜਿਹੜੀ ਇਕ ਨਾਵਲਕਾਰ ਵੀ ਹੁੰਦੀ ਹੈ ਤਾਂ ਇਹ ਤਾਂ 'ਰਕਮਾ ਬਾਈ' ਉੱਤੇ ਅਧਾਰਿਤ ਨਾਵਲ ਲਿਖਦਾ ਜਾਂ ਮੇਰੀ ਇਕ ਇਤਿਹਾਸ ਦੀ ਕਿਤਾਬ ਹੈ। ਉਹ ਉਸ ਤੋਂ ਕਿਤੇ ਚੰਗੀ ਹੁੰਦੀ ਜਿਵੇਂ ਕਿ ਹੁਣ ਬਣੀ ਹੈ। ਤਾਂ ਕਲਪਨਾ ਦੀ ਜ਼ਰੂਰਤ ਸਾਹਿਤ ਵਿੱਚ ਤਾਂ ਹੈ ਹੀ, ਇਤਿਹਾਸ ਵਿੱਚ ਵੀ ਓਨੀ ਹੀ ਹੁੰਦੀ ਹੈ, ਜਿੰਨੀ ਸਾਹਿਤ ਵਿੱਚ ਹੁੰਦੀ ਹੈ। ਅਫਸੋਸ ਕੇਵਲ ਇਹ ਹੈ ਕਿ ਇਤਿਹਾਸ ਵਿੱਚ ਅਜਿਹੇ ਆਦਮੀ ਅਤੇ ਔਰਤਾਂ ਆ ਜਾਂਦੀਆਂ ਹਨ, ਜਿਨ੍ਹਾਂ ਵਿਚ ਕਲਪਨਾ ਦੀ ਮਾਤਰਾ ਦੀ ਅਣਹੋਂਦ ਹੁੰਦੀ ਹੈ।

**ਪੰਕਜ**- ਮੈਂ ਸੁਧੀਰ ਦੀਆਂ ਗੱਲਾਂ ਤੋਂ ਕੁਝ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਇਕ ਗੱਲ ਤਾਂ ਇਹ ਹੈ ਕਿ ਮੈਨੂੰ ਇਸ ਵਿੱਚ ਦੋ ਡਸਿਪਲਿਨ ਹੋਰ ਅਜਿਹੇ ਲੱਗਦੇ ਹਨ ਮਤਲਬ ਇਹ ਕਿ ਸੁਧੀਰ ਜੀ ਦੀਆਂ ਇਤਿਹਾਸ ਨੂੰ ਲੈ ਕੇ ਜਿਹੜੀਆਂ ਧਾਰਨਾਵਾਂ ਹਨ, ਉਹ ਐਨੀਆਂ ਵਿਸ਼ਾਲ ਹਨ ਕਿ ਸਾਹਿਤ ਅਤੇ

ਇਤਿਹਾਸ ਦੇ ਸੰਬੰਧਾਂ ਨੂੰ ਲੈ ਕੇ ਉਸ ਵਿੱਚ ਕਿਸੇ ਨੂੰ ਵੀ ਸਮੇਟਿਆ ਜਾ ਸਕਦਾ ਹੈ। ਜਿਵੇਂ ਮਿਸ਼ਾਲ ਦੇ ਤੌਰ ਉੱਤੇ ਦੋ ਅਨੁਸ਼ਾਸ਼ਨ ਅਜਿਹੇ ਹਨ ਜਿਹੜੇ ਵਧੇਰੇ ਕਰਕੇ ਸਾਹਿਤ ਅਤੇ ਇਤਿਹਾਸ ਦੇ ਨਜ਼ਦੀਕ ਆਉਂਦੇ ਹਨ। ਜਿਵੇਂ ਉਨ੍ਹਾਂ ਵਿੱਚ ਸਮਾਜ ਸ਼ਾਸ਼ਤਰ ਅਤੇ ਮਨੋਵਿਗਿਆਨ। ਤਕਰੀਬਨ ਇਹ ਦੋਵੇਂ ਅਨੁਸ਼ਾਸ਼ਨ ਮਾਨਵੀ ਨੀਤੀ ਅਤੇ ਵਿਹਾਰ ਦੇ ਹਨ, ਉਸ ਦਾ ਉਸੇ ਤਰ੍ਹਾਂ ਅਧਿਐਨ ਕਰਦੇ ਹਨ ਜਿਸ ਤਰ੍ਹਾਂ ਨਾਲ ਇਤਿਹਾਸ ਦਾ ਕਰਦੇ ਹਨ। ਉਹ ਲਗਾਤਾਰ ਉਸ ਵਿੱਚ ਇਕ ਦੂਜੇ ਵਿੱਚ ਸਮਾ ਜਾਣ ਦੀ ਕੋਸ਼ਿਸ਼ ਵਿੱਚ ਨਜ਼ਰ ਆਉਂਦੇ ਹਨ। ਤਾਂ ਇਸ ਲਈ ਇਸ ਦਾ ਐਨਾ ਵਿਸਥਾਰ ਤੁਸੀਂ ਕਰੋਗੇ। ਸੋ ਜਿਵੇਂ ਕਿ ਮੈਂ ਸ਼ੁਰੂ ਵਿੱਚ ਕਿਹਾ ਕਿ ਸਾਰੇ ਵਿਸ਼ੇ ਇਕ ਹੋ ਜਾਣਗੇ ਅਤੇ ਉਹ ਇੱਕ ਹੀ ਮੰਨੇ ਜਾਣਗੇ। ਇਸ ਲਈ ਕਿਤੇ ਨਾ ਕਿਤੇ, ਕੋਈ ਨਾ ਕੋਈ ਡਿਮਾਰਕੇਸ਼ਨ ਦਾ ਐਨਾ ਹੋਣ ਜ਼ਰੂਰੀ ਹੈ ਅਤੇ ਹੋਣਾ ਚਾਹੀਦਾ।

ਦੂਜੀ ਗੱਲ ਇਹ ਹੈ ਕਿ ਸਾਹਿਤਕਾਰ ਦੇ ਲਈ ਜਿਹੜੀ ਨਿੱਜੀ ਗੱਲ ਰਜੇਂਦਰ ਜੀ ਨੇ ਕਹੀ ਸੀ, ਜਿਹੜੀ ਸਾਹਿਤਕਾਰ ਦੇ ਲਈ ਸਭ ਤੋਂ ਵੱਡੀ ਸਹੂਲਤ ਹੈ। ਭਾਵ ਕਿ ਕੋਈ ਘਟਨਾ ਘਟ ਜਾਵੇ ਅਤੇ ਉਸ ਤੋਂ ਬਾਅਦ ਸਾਹਿਤ ਰਚਿਆ ਜਾਵੇ ਇਹ ਕੋਈ ਜ਼ਰੂਰੀ ਨਹੀਂ। ਇਹ ਕੀ ਕਿਹਾ ਜਾਵੇ ਜਿਹੜੀ ਘਟਨਾ ਦੇ ਰੂਪ ਵਿੱਚ ਤਰ੍ਹਾਂ ਤਰ੍ਹਾਂ ਦਾ ਰੂਪ ਲੈ ਲਵੇ ਜਿਸਨੂੰ ਸਮੇਂ ਤੋਂ ਬਾਅਦ ਵੀ ਉਸ ਨੂੰ ਚੇਤੇ ਕੀਤਾ ਜਾਵੇ, ਉਸਦੀ ਜ਼ਰੂਰਤ ਉਸ ਵਿੱਚ ਨਜ਼ਰ ਨਹੀਂ ਆਉਂਦੀ ਹੈ। ਕਿਉਂਕਿ ਜਿਹੜੇ ਸਾਹਿਤ ਵਿੱਚ ਜਿਹੜਾ ਘਟ ਰਿਹਾ ਹੈ ਤਾਂ ਉਸ ਤੋਂ ਬਾਅਦ ਉਸਦੀ ਰਚਨਾ ਜ਼ਰੂਰੀ ਨਹੀਂ ਹੈ। ਜਦੋਂ ਕਿ ਇਤਿਹਾਸ ਦੇ ਲਈ ਇਹ ਜ਼ਰੂਰੀ ਹੈ ਕਿ ਇਕ ਘਟਨਾ ਘਟੇ ਅਤੇ ਉਸ ਘਟਨਾ ਦਾ ਇੰਟਰਪ੍ਰਿਟੇਸ਼ਨ ਹੋਵੇ ਉਸਦੇ ਬਹਾਨੇ ਉਹ ਤਤਕਲੀਨ ਸਮਾਜ ਨੂੰ ਸਮਝੇ। ਉਸਤੋਂ ਪਹਿਲੇ ਸਮਾਜ ਨੂੰ ਸਮਝੇ ਅਤੇ ਉਸ ਤੋਂ ਆਉਣ ਵਾਲੇ ਸਮਾਜ ਨੂੰ ਸਮਝੇ। ਫਿਰ ਵੀ ਸਾਹਿਤ ਦੇ ਲਈ ਇਹ ਮੇਰੇ ਖਿਆਲ ਵਿੱਚ ਇਹੀ ਕੋਈ ਜ਼ਰੂਰੀ ਨਹੀਂ ਹੈ, ਕਿ ਇਸ ਮਾਮਲੇ ਵਿੱਚ ਥੋੜ੍ਹੀ ਜਿਹੀ ਭਿੰਨਤਾ ਦੇ ਲਈ ਜਾਣਾ ਜ਼ਰੂਰੀ ਹੈ।

**ਯਾਦਵ**-ਇਨ੍ਹਾਂ ਗੱਲਾਂ ਤੋਂ ਅਤੇ ਪੰਕਜ ਅਤੇ ਸੁਧੀਰ ਜੀ ਦੀਆਂ ਗੱਲਾਂ ਤੋਂ ਜਿਹੜੀ ਗੱਲ ਕਨਫਰੰਮ ਹੁੰਦੀ ਹੈ ਕਿ ਇਤਿਹਾਸ ਦਾ ਅੰਤ ਹੋ ਗਿਆ ਹੈ। ਮੈਂ ਸਾਹਿਤ ਦਾ ਆਦਮੀ ਹਾਂ। ਸਾਹਿਤ ਵਿੱਚ ਸਮਾਜ ਸ਼ਾਸ਼ਤਰ ਵੀ ਹੈ, ਮਨੋਵਿਗਿਆਨ ਵੀ ਹੈ ਅਤੇ ਰਾਜਨੀਤੀ ਵੀ ਹੈ। ਸਾਰੀ ਖੇਡ ਰਾਜਨੀਤੀ ਭਾਵ ਸੱਤਾ ਦੀ ਹੈ, ਚਾਹੇ ਸਾਹਿਤ ਹੋਵੇ ਜਾਂ ਕੁਝ ਹੋਰ। ਇਹ ਸਭ ਸਾਹਿਤ ਵਿੱਚ ਦਿਖਾਈ ਦਿੰਦਾ ਹੈ। ਹੁਣ ਭਵਿੱਖ ਸਾਹਿਤ ਦਾ ਹੈ, ਇਤਿਹਾਸ ਦਾ ਨਹੀਂ।

**ਜੋਸ਼ੀ**-ਸੁਧੀਰ ਜੀ ਦੇਖੋ ! ਫੁਕੂਯਾਮਾ ਨੇ ਕੁਝ ਸਾਲ ਪਹਿਲਾਂ 'ਐਂਡ ਆਫ ਹਿਸਟਰੀ' ਦਾ ਐਲਾਨ ਕੀਤੀ ਸੀ। ਇਹ ਗੱਲ ਮਖੌਲ ਲੱਗ ਸਕਦੀ ਹੈ ਫਿਰ ਵੀ ਕਿਸੇ ਦਿਨ ਪੱਛਮ ਦਾ ਨਵ ਉੱਤਰ ਆਧੁਨਿਕਵਾਦੀ ਚਿੰਤਕ 'ਸਾਹਿਤ ਦੇ ਅੰਤ' ਦਾ ਵੀ ਐਲਾਨ ਕਰ ਦੇਵੇ, ਤਾਂ ਫਿਰ ਕੀ ਹੋਵੇਗਾ?

**ਸੁਧੀਰ**-ਜੋਸ਼ੀ ਜੀ ਮੈਂ ਯਕੀਨ ਦੇ ਨਾਲ ਕਹਿ ਸਕਦਾ ਹਾਂ ਕਿ ਦੋਵਾਂ ਵਿੱਚੋਂ ਕਿਸੇ ਦਾ ਵੀ ਅੰਤ ਨਹੀਂ ਹੋਵੇਗਾ। ਫੂਕੂਯਾਮਾ ਨੂੰ ਤਾਂ ਪਹਿਲਾਂ ਹੀ ਡਿਸਕ੍ਰੇਡਿਟ ਕਰ ਦਿੱਤਾ ਗਿਆ ਹੈ।

**ਅਨੁਵਾਦ : ਭਗਵੰਤ ਰਸੂਲਪੁਰੀ**



**ਪੋਲਿਸ਼ ਕਹਾਣੀ/ ਬੂਜ਼ਨਾ/ ਲੇਖਕ : ਆਈਜ਼ਾਕ ਬਸ਼ੇਵਿਸ ਸਿੰਗਰ**
**ਉਲਥਾਕਾਰ: ਮਕਸੂਦ ਸਾਕਿਬ / ਲਿੱਪੀਆਂਤਰ : ਜੋਗਿੰਦਰਪਾਲ ਮਾਨ**

"ਬੂਜ਼ਨੇ ਹੈਨ।" ਚਾਚੀ ਯੀਟੰਲ ਆਖਿਆ "ਕਦੀਂ ਨਾ ਹਾਂਦੇ! ਹਕੀਕਤ ਏ ਬਹੁਤੇ ਚੋਖਾ ਜਾਣ ਨਹੀਂ ਕਰਦੇ... ਸਗੋਂ ਉਲਟ ਕਰਦੇ ਨੇਂ। ਇਹ ਥਾਂ ਤੇ ਬੰਦਿਆਂ ਉੱਤੇ ਹੋਂਦਾ ਏ।"

ਚਾਚੀ ਯੀਂਟਲ ਨੇ ਰੁਮਾਲ ਨਾਲ ਨੱਕ ਸੁਣਕਿਆ ਤੇ ਪਿੱਤਲ ਦੇ ਫਰੇਮ ਵਾਲੀ ਐਨਕ ਦੇ ਸ਼ੀਸ਼ੇ ਸਾਫ਼ ਕਰਨ ਲੱਗ ਪਈ ਹਾਲਾਂ ਉਹ ਕੋਈ ਕਿਤਾਬ ਨਹੀਂ ਸੀ ਪੜ੍ਹਦੀ ਪਈ। ਸਿਰ ਝਟਕਣ ਨਾਲ ਓਹਦੀ ਫ਼ੀਤੀਆਂ ਤੇ ਨਕਲੀ ਸ਼ੀਸ਼ਿਆਂ ਵਾਲੀ ਟੋਪੀ ਮਸਾਂ ਈ ਢੈਂਦੀ ਬਚੀ। ਚਾਚੀ ਯੀਂਟਲ ਸਾਡੀ ਸਕੀ ਸਕੀਰੀ ਨਹੀਂ ਸੀ। ਉਹ ਪਿੰਡ ਵਾਸ ਸਰਾਂਗੀਰਾਂ, ਜ਼ਿਮੀਂਦਾਰਾਂ ਦੇ ਕਰਿੰਦਿਆਂ ਤੇ ਦੋਧੀਆਂ ਵਿਚੋਂ ਸੀ। ਉਹਦੀਆਂ ਛਾਤੀਆਂ ਢੇਰ ਉੱਭਰੀਆਂ, ਮੋਢੇ ਚੌੜੇ ਤੇ ਰੁਖ਼ਸਾਰਾਂ ਦੀਆਂ ਹੱਡੀਆਂ ਹਾਲ਼ਿਆਂ ਵਾਕਣ ਨਿਕਲੀਆਂ ਹੋਈਆਂ ਸਨ। ਅੰਬਰੀ ਅੱਖਾਂ ਘੁੱਗੀਆਂ ਵਾਕਣ ਦੀਆਂ ਨਰਮੀਲੀਆਂ ਸਨ। ਚਾਚੇ ਜੋਜ਼ਫ਼ ਨੂੰ ਵਿਆਹ ਤੋਂ ਪਹਿਲਾਂ ਕਿਸੇ ਦੱਸਿਆ, ਉਹ ਦੁੱਧ ਚੋਂਦੀ ਹੁੰਦੀ ਸੀ।"

"ਤਾਂ ਤੇ ਦੁੱਧ ਗੋਸ਼ਤ ਇਕ ਹੋਇਆ ਹੋਵੇਗਾ।" ਚਾਚੇ ਦਾ ਵਲ਼ਦਾ ਏਹੋ ਹੋਣਾ ਸੀ।

ਚਾਚੀ ਯੀਂਟਲ ਨੇ ਐਨਕ ਦੇ ਸ਼ੀਸ਼ੇ ਏਨੇ ਕੁ ਲਿਸ਼ਕਾ ਦਿੱਤੇ ਕਿ ਵਿਚੋਂ ਲੌਢੇ ਵੇਲੇ ਦੇ ਸੂਰਜ ਦਾ ਲਿਸ਼ਕਾਰਾ ਪੈਣ ਲੱਗ ਪਿਆ। ਮੁੜ ਸਾਂਭ ਕੇ ਡੱਬੀ ਵਿਚ ਧਰ ਦਿੱਤਿਓਸ।

"ਅਸੀਂ ਕੀ ਗੱਲ ਪਏ ਕਰਦੇ ਸਾਂ?" ਪੁੱਛਣ ਲੱਗੀ।

"ਹਾਂ ਬੂਜ਼ਨੇ, ਮੇਰੇ ਪੇਕੇ ਘਰ ਵਿਚ ਵੀ ਇਕ ਹੋਂਦਾ ਸੀ। ਤੰਦੂਰ ਤੇ ਬਾਲਣ ਵਾਲੇ ਢਾਰੇ ਦੇ ਵਿਚਕਾਰ ਰਹਿੰਦਾ ਸੀ। ਅਸੀਂ ਛੱਡ ਆਏ, ਤਾਂ ਵੀ ਓਥੇ ਈ ਰਹਿਆ। ਏਹ ਟਕਾਣੇ ਨਹੀਂ ਬਦਲਦੇ। ਇਕ ਵਾਰ ਜਿੱਥੇ ਟਿਕ ਜਾਣ, ਜਾਂਦੇ ਨਹੀਂ ਮੁੜ। ਮੈਂ ਵੇਖਿਆ ਨਹੀਂ ਸੀ ਕਦੀਂ। ਵਖਾਲੀ ਨਹੀਂ ਦੇਂਦੇ ਹੋਂਦੇ। ਅਸੀਂ ਜਦੋਂ ਵਸਤ ਵਲੇਵਾ ਕੁੰਜ ਕੇ ਤਰਬਨ ਟੁਰੇ, ਮੈਂ ਬਾਲੜੀ ਈ ਸਾਂ। ਮੇਰੀ ਬੇਬੇ ਤੇ ਭੈਣ ਬਾਸ਼ਾ ਇੰਜੇ ਵਿਦਿਆ ਹੋਈਆਂ ਜਿਵੇਂ ਘਰੋਕੇ ਕਿਸੇ ਜੀਅ ਤੋਂ ਹੋਈਦਾ ਏ। ਈਸਾਈ ਲੋਕ ਘਰ ਦੇ ਬੂਜ਼ਨਿਆਂ ਨੂੰ 'ਘਰੋਕਾ ਰੂਹ" ਸੱਦਦੇ ਨੇਂ। ਬਅਜ਼ੇ ਵੇਲੇ ਬਾਸ਼ਾ ਨਿੱਛ ਮਾਰਦੀ ਤਾਂ ਕੋਲੋਂ "ਸ਼ੁਕਰ ਅਲਹਮਦ" ਆਖਦਾ।

ਸਾਡੇ ਵੇਹੜੇ ਇਕ ਹਮਾਮ ਹੋਂਦਾ ਸੀ। ਜੀਹਦੇ ਵਿੱਚ ਦੋ ਪੱਥਰ ਲੱਗੇ ਹੋਏ ਸਨ। ਸਾਡੀ ਪੋਲਿਸ਼ ਨੌਕਰਾਣੀ ਲੱਕੜੀਆਂ ਲਿਆ ਕੇ ਏਹਨਾਂ ਹੇਠ ਅੱਗ ਬਾਲਦੀ, ਜਦੋਂ ਪੱਥਰ ਵਾਹਵਾ ਭਖ ਜਾਂਦੇ ਤਾਂ ਉੱਤੇ ਪਾਣੀ ਦੀਆਂ ਬਾਲਣੀਆਂ ਭਰ ਭਰ ਪਾਈ ਜਾਂਦੀ ਏਥੋਂ ਤਾਂਈਂ ਜੋ ਖੁਰੇ ਵਿੱਚ ਮੈਦੇ ਵਾਕਣ ਚਿੱਟੀ ਗਾੜ੍ਹੀ ਭਾਫ਼ ਬਣ ਖਲੋਂਦੀ। ਬਾਲ ਕਾਹਨੂੰ ਮੁੜ੍ਹਕੋ-ਮੁੜ੍ਹਕੀ ਹੋਵੇ? ਪਰ ਮੈਂ ਉਸ ਵੇਲੇ ਖਿਡਾਵੀ ਤੋਂ ਭੱਜਕੇ ਉਹਨਾਂ ਨਾਲ ਜਾ ਰਲ਼ਦੀ। ਉਦੋਂ ਈ ਮੈਂ ਆਪਣੀ ਮਾਂ ਤੇ ਭੈਣ ਨਨਕੀਆਂ ਵੇਖੀਆਂ।


"ਸੱਚ ਚੇਤੇ ਆਇਆ, ਉਹ ਨੌਕਰਾਣੀ ਕੁੜੀ, ਯਦੀਸ਼ ਬੋਲਦੀ ਸੀ। ਮੇਰੀ ਮਾਂ ਨੇ ਵਾਜ ਮਾਰਨੀ, "ਸ਼ਫ਼ਲੇ!" ਤੇ ਉਹਨੇ ਝੱਟ ਬਾਲਟੀਆਂ ਪਾਣ ਲੱਗ ਪੈਣਾ, ਪਾਣੀ ਕਲਕਣ ਲੱਗਣਾ। ਜੇ ਬਾਹਲਾ ਤੱਤਾ ਹੋਣਾ ਤਾਂ ਬੱਪੇ ਸੌੜਿਆਂ ਪੈ ਕੇ ਆਖਣਾ, "ਨਿਰੀ ਅੱਗ।" ਕੁੜੀ ਨੇ ਠੰਢੀ ਵਾਅ ਲਈ ਝੱਟ ਮਾੜਾ ਜੇਹਾ ਬੂਹਾ ਲਾਹ ਦੇਣਾ। ਖੁਰੇ ਵਿੱਚ ਜਾਂਦਿਆਂ ਮੈਂ ਬੜੀ ਭੰਡੀ ਕਰਨੀ। ਭਾਜੜ 'ਚ ਮੇਰੀ ਭੈਣ ਅਕਸਰ ਤੌਲੀਆ ਬੰਨੇ ਈ ਭੁੱਲ ਜਾਣਾ। ਕੰਮ ਵਾਲੀ ਦਾ ਸੀ ਪਈ ਜਦੋਂ ਓਹਦੀ ਲੋੜ ਨਾ ਹੋਂਦੀ, ਵਾੜੇ ਵਿੱਚ ਗਾਂਈਆਂ ਵੇਖਣ ਟੁਰ ਜਾਂਦੀ। ਮਾਂ ਨੇ ਬਾਸ਼ਾ ਨੂੰ ਤੌਲੀਏ ਤੋਂ ਬੋਲਣਾ। ਇਕ ਦਿਨ ਇੰਜੇ ਈ ਹੋਇਆ ਤਾਂ ਏਹ ਤੁਕ ਪੜ੍ਹਣ ਲੱਗ ਪਈ,

ਬੂਜ਼ਨਿਆ, ਬੂਜ਼ਨਿਆ
ਤੌਲੀਆ ਲੈ ਆਵੀਂ।"

"ਤੇ ਬੂਜ਼ਨੇ ਤੌਲੀਆ ਲਿਆ ਫੜਾਇਆ। ਕਿਵੇਂ? ਮੈਨੂੰ ਚੇਤਾ ਨਹੀਂ ਸੀ ਪਰ ਬੇਬੇ ਤੇ ਬਾਸ਼ਾ ਤੋਂ ਏਹ ਸੁਣਿਆ ਕਈਂ ਵਾਰ। ਓਹਨਾਂ ਕੂੜ ਕਾਹਨੂੰ ਮਾਰਨਾ ਸੀ? ਅਗਲੇ ਸਮਿਆਂ 'ਚ ਇੰਜ ਹੋ ਜਾਂਦਾ ਸੀ। ਹੁਣ ਤੇ ਦੁਨੀਆ ਤੇ ਖੋਟ ਈ ਏਨਾ ਹੋ ਗਿਆ ਏ ਕਿ ਜਿੰਨ ਭੂਤਨੇ ਵੀ ਲੁਕ ਕੇ ਗੁਜ਼ਾਰਾ ਕਰਦੇ ਨੇਂ।


"ਜੇਹੜੀ ਕਹਾਣੀ ਮੈਂ ਸੁਣਾਣ ਲੱਗੀ ਆਂ ਏਹ ਸਾਡੇ ਘਰ ਦੀ ਨਹੀਂ ਏਹ ਤਰਬਨ ਦੀ ਏ। ਸਾਡੇ ਓਥੇ ਅੱਪੜਨ ਤੋਂ ਵਰ੍ਹਾ ਪਹਿਲਾਂ ਏਹਦਾ ਟੋਰਾ ਟੁਰਿਆ। ਉਥੇ ਇਕ ਬੰਦਾ ਹੋਂਦਾ ਸੀ ਮੋਰਦੇਕਾਈ ਯਾਰੋਸਲੇਵਰ। ਜੇਹਨਾਂ ਉਹਨੂੰ ਵੇਖਿਆ ਹੋਇਆ ਸੀ ਸਹੁੰ ਖਾਂਦੇ ਸਨ ਪਈ ਏਡਾ ਸੋਹਣਾ ਤੇ ਸੰਤ ਬੰਦਾ ਜੱਗ ਤੇ ਨਹੀਂ ਆਇਆ ਹੋਣਾ। ਉਹਦੀ ਜ਼ਨਾਨੀ ਦਾ ਨਾਂ ਬੈਲਾ ਫ਼ਰਾਮਾ ਸੀ। ਪਾਯਾ ਉਹਨਾਂ ਦੀ ਇੱਕੋ ਇੱਕ ਧੀ ਸੀ। ਕਿਸੇ ਕਿਤਾਬ ਵਿੱਚ ਲਿਖਿਆ ਹੋਇਆ ਏ, ਰੱਬ ਨੂੰ ਜੇਹੜੇ ਜੀਅ ਚੰਗੇ ਲੱਗਦੇ ਨੇ... ਉਹਨਾਂ ਨੂੰ ਕੋਲ ਸੱਦ ਲੈਂਦਾ ਏ। ਰੇਬ ਮੋਰਦਕਾਈ ਅਜੇ ਭਰ ਜਵਾਨ ਈ ਸੀ, ਏਹੋ ਚਾਲ੍ਹੀਆਂ ਕੁ ਵਰ੍ਹਿਆਂ ਦਾ ਕਿ ਉਹਦੀ ਹਿੱਕ ਉੱਤੇ ਉਠਾ ਜੇਹਾ ਉੱਠ ਪਿਆ। ਏਡਾ ਵੱਡਾ ਤੇ ਲਾਲ ਸੂਹਾ ਜਿਵੇਂ ਕਿਸੇ ਹਿੱਕ ਅੱਗ ਨਾਲ ਲੂਹ ਛੱਡੀ ਹੋਵੇ। ਏਹਦੋਂ ਅੱਗੇ ਹੋਰ ਵੀ ਕਿੰਨੇ ਫੋੜੇ ਨਿੱਕਲ ਪਏ, ਰੱਬ ਮੁਆਫ਼ੀ ਦਿੱਤੀ ਰੱਖੇ। ਵੱਡੇ ਤੋਂ ਵੱਡੇ ਡਾਕਟਰਾਂ ਵੀ ਹੀਲਾ ਕਰ ਵੇਖਿਆ ਪਰ ਉਹ ਕੋਈ ਨਾ ਬਚਿਆ। ਉਹਦਾ ਘਰ ਸ਼ਹਿਰ ਦੇ ਨਾਲ ਈ ਲੱਗਦਾ ਸੀ। ਏਹਦੇ ਵਿਚ ਇਕ ਬਗ਼ੀਚਾ, ਕਈਂ ਢਾਰੇ, ਇਕ ਅਨੈਕਸੀ ਤੇ ਇਕ ਬਨ (ਅਨਾਜ ਖ਼ਾਨਾ) ਸੀ। ਉਹ ਕਣਕ, ਸਣ ਤੇ ਮਾਲ ਡੰਗਰ ਦਾ ਵਪਾਰੀ ਸੀ। ਚੰਗਾ ਲੇਖੇ ਵਾਲਾ ਬੰਦਾ ਸੀ ਪਰ ਕੋਈ ਵਪਾਰੀ ਮਰੇ ਤਾਂ

**ਆਈਜ਼ਾਕ ਬਸ਼ੇਵਿਸ ਸਿੰਗਰ 1904 ਈ. ਵਿੱਚ ਪੋਲੈਂਡ ਜੰਮਿਆ। ਉਹਦਾ ਪਿਓ ਦਾਦਾ ਰਾਬੀ (ਯਹੂਦੀ ਪ੍ਰੋਹਤ) ਸਨ। ਉਹਨੇ ਮੁੱਢਲੀ ਪੜ੍ਹਾਈ ਵਾਰਸਾ ਵਿੱਚ ਕੀਤੀ। 1935 ਈ. ਵਿੱਚ ਉਹ ਆਪਣਾ ਦੇਸ ਭੱਜ ਕੇ ਅਮਰੀਕਾ ਟੁਰ ਗਿਆ। ਉਥੇ ਉਹ ਨਿਊਯਾਰਕ ਦੇ ਅਖ਼ਬਾਰ , 'ਜਿਊਸ਼ ਡੇਲੀ ਫ਼ਾਰਵਰਡ' ਲਈ ਮਜ਼ਮੂਨ ਤੇ ਕਾਲਮ ਲਿਖਦਾ ਰਹਿਆ। ਵਾਰਸਾ ਦਾ ਕੁਝ ਮੁਢਲਾ ਕੰਮ ਛੱਡ ਕੇ ਉਹਨੇ 'ਯਿਦਸ਼' ਵਿੱਚ ਕਹਾਣੀਆਂ ਨਾਵਲ ਲਿਖੇ। ਉਹਦੀਆਂ ਲਿਖਤਾਂ ਨੂੰ ਅੰਗਰੇਜ਼ੀ ਵਿੱਚ ਉਲਥਾ ਹੋਇਆਂ ਚੋਖਾ ਚਿਰ ਨਹੀਂ ਹੋਇਆ। ਉਹਦਾ ਕਸਬ ਉਹਦੀ ਕਿਰਤ ਆਮ ਪੜ੍ਹਾਕਾਂ ਤਾਈਂ ਅੱਪੜ ਕੇ ਸਲਾਹੁਤਾ ਖੱਟ ਚੁੱਕੀ ਏ। 1979 ਈ. ਵਿੱਚ ਉਹਨੂੰ ਲਿਟਰੇਚਰ ਦਾ ਨੋਬਲ ਇਨਾਮ ਮਿਲ਼ਿਆ। ਹੱਥਲੀ ਕਹਾਣੀ ਉਹਦੇ ਪਰਾਗੇ 'ਏ ਕਰਾਊਨ ਆਫ਼ ਫ਼ੀਦਰਜ਼ ਐਂਡ ਅਦਰ ਸਟੋਰੀਜ਼' ਵਿੱਚੋਂ ਉਲਥਾ ਹੋਈ ਏ।**



ਦੇਣਦਾਰ ਪੈਸੇ ਮੋੜਨ ਨਹੀਂ ਭੱਜ ਪੈਂਦੇ। ਉਹ ਇਤਬਾਰ ਵਿਹਾਰ ਦੇ ਸਮੇਂ ਸਨ। ਰੇਬ ਮੋਰਦੇਕਾਈ ਨੇ ਜੋ ਜੋ ਜੀਹਦੇ ਤੋਂ ਲੈਣਾ ਸੀ ਕਾਪੀ ਚਾੜ੍ਹਿਆ ਹੋਇਆ ਸੀ। ਪਰ ਕਾਪੀ ਖੌਰੇ ਕੇਹੜੀ ਲ਼ਾਮ ਨੂੰ ਉੱਡ ਗਈ।

ਬੈਲਾ ਫ਼ਰਾਮਾ ਸਦਾ ਦੀ ਰੋਗਣ ਸੀ। ਲੋਕਾਂ ਤੋਂ ਹਰ ਵੇਲੇ ਦੂਰ ਭੱਜਦੀ। ਉਹਦਾ ਘਰ ਵਾਲਾ ਹਰ ਕਿਸੇ ਦੇ ਜਿੰਨਾ ਨੇੜੇ ਸੀ, ਉਹ ਉਤਨੀ ਈ ਦੁਰਾਡੀ। ਤਰਬਨ ਓਹਦੇ ਭਾ ਦਾ ਫਿਟਕਿਆ ਸ਼ਹਿਰ ਸੀ। ਘਰ ਦਾ ਚਾਨਣ ਬੁਝਿਆ ਤਾਂ ਅਸਲੋਂ ਈ ਝੁੱਗਾ ਚੌੜ ਹੋ ਗਿਆ। ਮੋਰਦੇਕਾਈ ਦੇ ਕਬਰੀਂ ਸਮਾਂਦਿਆਂ ਈ ਬੈਲਾ ਫ਼ਰਾਮਾ ਨੇ ਅਜੇਹੀ ਮੰਜੀ ਮੱਲੀ ਕਿ ਮੋਇਆਂ ਈ ਛੱਡਿਓਸ। ਚੋਖੇ ਨਹੀਂ ਤਾਂ ਘੱਟੋ ਘੱਟ ਤਰੀਹ ਵਰ੍ਹੇ ਉਹ ਮੰਜੀ ਨਾਲ ਮੰਜੀ ਹੋਈ ਰਹੀ। ਸਭ ਨੌਕਰ ਉਹਨੇ ਕੱਢ ਛੱਡੇ। ਹੁਣ ਕੰਮ ਵਾਲੀ ਮਾਈ, ਖ਼ਾਨਾਸਾਮਾ ਤੇ ਬੈਲਾਫ਼ਰਾਮਾ ਦੀ ਨਰਸ ਇਕੱਲੀ ਇਕਹਿਰੀ ਪਾਯਾ ਈ ਸੀ। ਪਾਯਾ ਗੋਰੇ ਚਿੱਟੇ ਰੰਗ ਦੀ ਸਾਊ ਨਾਰ ਸੀ। ਮਾਂ ਵਾਲੀਆਂ ਕੁਝ ਗੱਲਾਂ ਤੇ ਹੈ ਸਨ ਓਹਦੇ ਵਿਚ ਪਰ ਚੋਖਾ ਉਹ ਆਪਣੇ ਪਿਉ ਤੇ ਈ ਗਈ ਸੀ। ਮੈਨੂੰ ਕੁਝ ਚੋਖਾ ਨਹੀਂ ਸੀ ਪਤਾ ਓਹਦਾ। ਅਸੀਂ ਜਦੋਂ ਤਰਬਨ ਆਏ ਸਾਂ ਸਭ ਕੁਝ ਅਖ਼ੀਰ ਨੂੰ ਅੱਪੜਿਆ ਪਿਆ ਸੀ। ਕੁੜੀਆਂ ਆਪਣੇ ਘਰ ਤੇ ਜਾਣਾ ਹੋਂਦਾ ਏ। ਵਚੋਲਿਆਂ ਰਿਸ਼ਤਿਆਂ ਦਾ ਮੇੜ੍ਹ ਪਾ ਦਿੱਤਾ। ਪਰ ਬੈਲਾਫ਼ਰਾਮਾ ਦੀ ਤੱਕ ਤੇ ਕੋਈ ਨਹੀਂ ਸੀ ਪੈਂਦਾ। ਉਹ ਲੰਮੀ ਪਈ ਪਈ ਹਰ ਕਿਸੇ ਨੂੰ ਨਿੰਦ ਛੱਡਦੀ ਸੀ। ਧੀ ਦੇ ਖ਼ੌਂਦ ਤੋਂ ਚੋਖਾ ਉਹਨੂੰ ਆਪਣੀ ਮਸਾਹਬੀ ਲਈ ਬੰਦਾ ਚਾਹੀਦਾ ਸੀ। ਉਹਨੇ ਸਭ ਵਚੋਲਿਆਂ ਦੇ ਕੰਨੋਂ ਕੱਢ ਛੱਡਿਆ ਸੀ, ਕੁੜੀ ਪੇਕੀਂ ਈ ਰਵ੍ਹੇਗੀ। ਆਪਣੀ ਖ਼ਾਤਰ ਉਹਨੇ ਪਾਯਾ ਲਈ ਏਨੀਆਂ ਕੁ ਔਖਿਆਈਆਂ ਬਣਾ ਦਿੱਤੀਆਂ ਕਿ ਅੰਤ ਓਸ ਵਚਾਰੀ ਨੂੰ ਇਕ ਬਹੁੰ ਈ ਮੂਰਖ ਬੰਦੇ ਦੇ ਪੱਲੇ ਬੱਝਣਾ ਪਿਆ। ਆਖਣ ਨੂੰ ਉਹ ਬੜਾ ਅਮੀਰ ਤੇ ਸੂਝਵਾਨ ਸੀ ਪਰ ਅਸਲ ਵਿਚ ਨਿਰਾ ਕੂੜ ਤੇ ਕੁੰਡ। ਤਰਬਨ ਸਾਰਾ ਏਸ ਹੋਣੀ ਤੋਂ ਜਾਣੂ ਸੀ, ਲੋਕਾਂ ਪਾਯਾ ਨੂੰ ਸਾਵਧਾਨ ਵੀ ਕੀਤਾ ਪਰ ਬੈਲਾ ਫ਼ਰਾਮਾ ਦੇ ਕਾਗ਼ਜ਼ਾਂ ਵਿਚ ਉਹ ਪਾਯਾ ਦੇ ਨਸੀਬੇ ਤੋਂ ਸੜਦੇ ਸਨ। ਮੈਂ ਪਾਯਾ ਤੋਂ ਮੁਆਫ਼ੀ ਨਾਲ ਆਹਨੀਂ ਆਂ ਜੋ ਉਹ



**ਮਕਸੂਦ ਸਾਕਿਬ**



**ਜੋਗਿੰਦਰ ਪਾਲ ਮਾਨ**

ਮਾਂ ਦੀ ਬਾਨ੍ਹੀ ਹੋ ਗਈ ਹੋਈ ਸੀ। ਬੈਲਾ਼ਫ਼ਰਾਮਾ ਓਹਨੂੰ ਟੋਏ ਵਿਚ ਡਿਗਣ ਦਾ ਆਂਹਦੀ ਤਾਂ ਉਹਨੇ ਏਥੋਂ ਵੀ ਘੱਟ ਨਹੀਂ ਸੀ ਕਰਨੀ। ਰੱਬ ਈ ਜਾਣੇ ਏਹੋ ਜੇਹੀਆਂ ਧੀਆਂ ਕਿਉਂ ਹੋ ਪੈਂਦੀਆਂ ਨੇਂ? ਗ਼ਰੀਬ ਘਰਾਂ ਵਿਚ ਵੀ ਉਹਨਾਂ ਦਾ ਈ ਹੁਕਮ ਚੱਲਦਾ ਏ ਜੇਹੜੇ ਕੁਝ ਤਕੜੇ ਹੋਂਦੇ ਨੇਂ।

"ਬੈਲਾ ਫ਼ਰਾਮਾ ਦਾ ਖ਼ਿਆਲ ਸੀ ਕਿ ਫ਼ੀਟਲ ਉਹਦੇ ਇਸ਼ਰਿਆਂ ਤੇ ਨੱਚਿਆ ਕਰੇਗਾ। ਪਰ ਉਹਨੂੰ ਆਖੇ ਵੇਖੇ ਦਾ ਉੱਕਾ ਨਿੰਦ ਵਿਚਾਰ ਈ ਨਹੀਂ ਸੀ! ਜੋ ਕੁਝ ਵਿਕ ਸਕਦਾ ਸੀ ਉਹਨੇ ਵੇਚ ਛੱਡਿਆ। ਜੋ ਕੁਝ ਚੋਰੀ ਹੋ ਸਕਦਾ ਸੀ ਉਹਨੇ ਚੋਰੀ ਕਰ ਲਿਆ। ਮੱਕੜੀ ਵਾਕਣ ਉਹਨੇ ਭਰਿਆ ਪੂਰਿਆ ਘਰ ਚੱਟ ਕੇ ਔਹ ਮਾਰਿਆ। ਪਾਯਾ ਨੂੰ ਆਸਾਂ ਲੱਗ ਪਈਆਂ। ਫੇਰ ਉਹਦੇ ਘਰ ਕੁੜੀ ਹੋ ਗਈ। ਸਾਰੇ ਆਂਹਦੇ ਮੈਰੀਲੇ ਸਗਵੇਂ ਆਪਣੇ ਨਾਨੇ ਤੇ ਗਈ ਸੀ। ਉਹਦੇ ਨਾਲ ਸਾਰੇ ਘਰ ਵਿਚ ਚਾਨਣ ਹੋ ਗਿਆ। ਉਹਦਾ ਪਿਓ ਹੋਰਨਾਂ ਈ ਸੋਚਾਂ ਵਿਚ ਸੀ। ਘਰ ਵਿਚ ਜਦੋਂ ਉਹਦੇ ਲਈ ਇਕ ਸ਼ੈ ਵੀ ਨਾ ਬਚੀ ਤਾਂ ਉਹਨੇ ਪਾਯਾ ਨੂੰ ਕਾਗ਼ਜ਼ ਦੇ ਦਿੱਤਾ ਤੇ ਆਪ ਰੱਬ ਈ ਜਾਣੇ ਕੇਹੜੀ ਲਾਮ ਨੂੰ ਮੂੰਹ ਕਰ ਗਿਆ।

ਇਕ ਬਾਲ ਸਣੇ ਛੇਕੀ ਹੋਈ ਜ਼ਨਾਨੀ ਹਰ ਵਾਰ ਬੇਵਟਕ ਵਸਤ ਨਹੀਂ ਹੋਂਦੀ ਪਰ ਹੁਣ ਬੈਲਾ਼ਫ਼ਰਾਮਾ ਆਪਣੀ ਧੀ ਨਾਲ ਕੋਈ ਬੰਦਾ ਨਹੀਂ ਸੀ ਚਾਹੁੰਦੀ। ਉਹਨੂੰ ਪਾਯਾ ਈ ਚਾਹੀਦੀ ਸੀ। ਪਾਯਾ 'ਚ ਵੀ ਹੁਣ ਸਾਹ ਸਤ ਨਹੀਂ ਸੀ ਰਿਹਾ। ਬੰਦੇ ਹੋਂਦੇ ਨੇ ਜਿੱਥੋਂ ਇਕ ਵਾਰੀ ਤਾਅ ਲੱਗ ਜਾਵੇ ਮੁੜਕੇ ਓਧਰ ਦਾ ਮੂੰਹ ਨਹੀਂ ਕਰਦੇ। ਪਾਯਾ ਦਾ ਹਾਲ ਵੀ ਇੰਜ ਦਾ ਈ ਸੀ। ਬੈਲਾ਼ਫ਼ਰਾਮਾ ਦੀ ਜੀ ਹਜ਼ੂਰੀ ਲਈ ਮੰਨਣਾ ਵੀ ਕੀਹਨੇ ਸੀ? ਉਂਜ ਵੀ ਬੰਦਾ ਤੇ ਆਪਣੇ ਲਈ ਜ਼ਨਾਨੀ ਚਾਹੁੰਦਾ ਏ, ਆਪਣੀ ਸੱਸ ਲਈ ਨੌਕਰਾਣੀ ਨਹੀਂ। ਮੁੱਕਦੀ ਗੱਲ, ਪਾਯਾ ਦੂਜੇ ਵਿਆਹ ਦੇ ਨੇੜੇ ਨਾ ਲੱਗੀ। ਫ਼ੀਟਲ ਨੇ ਘਰ ਵਿਚ ਕੁਝ ਨਹੀਂ ਸੀ ਛੱਡਿਆ। ਮਾਵਾਂ ਧੀਆਂ ਸਵੈਟਰ ਉਨਣ ਤੇ ਕਸ਼ੀਦਾ ਕੱਢਣ ਲੱਗ ਪਈਆਂ। ਪਾਯਾ ਦਰਜ਼ਣ ਵੀ ਬਣ ਗਈ। ਹਬਿਆਰੇ ਘਰ ਓਹਨਾਂ ਦਾ ਆਪਣਾ ਸੀ। ਓਹਨੀ ਦਿਨੀਂ ਰੋਟੀ ਟੁੱਕਰ ਸੌਖਾ ਢੀ ਪੈਂਦਾ ਸੀ। ਬਗੀਚੇ ਤੋਂ ਉਹਨਾਂ ਨੂੰ ਸਿਓ, ਬਗੂਗੋਸ਼ੇ ਤੇ ਚੈਰੀਆਂ ਹੋ ਜਾਂਦੀਆਂ ਸਨ। ਵਾਧੂ ਜ਼ਮੀਨ ਉਹਨਾਂ ਇਕ ਜੱਟ ਨੂੰ ਹਿੱਸੇ ਤੇ ਦੇ ਦਿੱਤੀ। ਉਹ ਹਿੱਸੇ ਵਿੱਚੋਂ ਉਹਨਾਂ ਨੂੰ ਸਬਜ਼ੀਆਂ ਦੇ ਛੱਡਦਾ। ਉਹਨਾਂ ਸਮਿਆਂ ਵਿੱਚ ਭੁੱਖਾ ਤਾਂ ਕੋਈ ਨਹੀਂ ਸੀ ਮਰਦਾ ਪਰ ਹੱਜ ਵੀ ਕੋਈ ਨਹੀਂ ਸੀ ਚੱਜ ਨਾਲ ਜੀਵਣ ਦਾ।

"ਚਾਣਚੱਕ ਪਾਯਾ ਬੀਮਾਰ ਹੋ ਗਈ ਤੇ ਉਹਨੇ ਵੀ ਮਾਂ ਦੀ ਕਾਰ ਮੰਜੀ ਮੱਲ ਲਈ। ਏਹ ਹੋਣੀ ਕਈ ਵਰ੍ਹੇ ਮਗਰੋਂ ਵਰਤੀ। ਮੈਰੀਲੇ ਉਸ ਵੇਲੇ ਸੱਤਾਂ ਅੱਠਾਂ ਵਰ੍ਹਿਆਂ ਦੀ ਸੀ। ਉਦੋਂ ਈ ਬੂਜ਼ਨੇ ਦੀ ਕਹਾਣੀ ਚਾਲੂ ਹੋਈ। ਉਹਨਾਂ ਦੇ ਘਰ ਇਕ ਬੂਜ਼ਨਾ ਹੋਂਦਾ ਸੀ। ਲੈ ਤੁਸੀਂ ਤੇ ਹੱਸਦੀਆਂ ਪਈਆਂ ਓ? ਤੁਹਾਡੇ ਭਾਣੇ ਹਾਸੇ ਬਖੇੜੇ ਦੀ ਗੱਲ ਏ। ਏਹ ਤੇ ਸਾਰਾ ਤਰਬਨ ਜਾਣਦਾ ਏ। ਦੋ ਜ਼ਨਾਨੀਆਂ ਹੋਵਣ ਮੰਜੀ ਨਾਲ ਮੰਜੀ ਹੋਈਆਂ ਤੇ ਇਕ ਫੋਹੇ ਜਿੱਡੀ ਬਾਲੜੀ... ਫੇਰ ਘਰ ਕਿਵੇਂ ਚੱਲ ਸਕਦਾ ਸੀ? ਚੇਤੇ ਕਰਨੀ ਆਂ ਤੇ ਮੇਰੀ ਕਨਕੋੜ ਵਿਚ ਕੀੜੀਆਂ ਸਰਕਣ ਲੱਗ ਪੈਂਦੀਆਂ ਨੇਂ।"

ਚਾਚੀ ਯੀਂਟਲ ਨੇ ਧੁੜਧੁੜੀ ਜੇਹੀ ਲਈ ਤੇ ਸੋਫ਼ੇ ਉੱਤੇ ਪਈ ਆਪਣੀ ਚਾਦਰ ਵੱਲ ਵੇਖਿਆ, ਜਿਵੇਂ ਸੋਚਦੀ ਹੋਵੇ ਕਹਾਣੀ ਅੱਗੇ ਟੋਰੇ ਜਾਂ ਨਾਂਹ। ਫੇਰ ਕਵਾਸੀ ਅੱਖੀਂ ਮੇਰੇ ਵੱਲ ਤੱਕਣ ਲੱਗੀ, ਜਿਵੇਂ ਆਂਹਦੀ ਹੋਵੇ, "ਤੈਨੂੰ ਨਿੱਕੀ ਜੇਹੀ ਨੂੰ ਕੀ ਪਤਾ ਹੋਵੇ?" ਏਨੇ ਵਿਚ ਬੇਬੇ ਬੋਲੀ, "ਯੀਤੇ ਅੱਗੇ ਫੇਰ ਕੀ ਹੋਇਆ?"

ਚਾਚੀ ਮੁੜ ਛਿੜ ਪਈ, "ਮੈਂ ਓਥੇ ਨਹੀਂ ਸਾਂ ਉਦੋਂ ਪਰ ਸਾਰੇ ਸ਼ਹਿਰ ਦੀ ਮੱਤ ਤਾਂ ਨਹੀਂ ਨਾ ਵੱਜ ਸਕਦੀ। ਘਰ ਰਹਿੰਦੇ ਬੂਜ਼ਨੇ ਨੇ ਸਾਰੀ ਗ੍ਰਹਿਸਤੀ ਸਾਂਭ ਲਈ। ਉਹੀਓ ਉਹਨਾਂ ਦੀਆਂ ਲੱਕੜਾਂ ਪਾੜਦਾ, ਖੂਹ ਤੋਂ ਪਾਣੀ ਭਰ ਭਰ ਲਿਆਂਵਦਾ। ਸਾਰੇ ਕੰਮ ਓਹ ਰਾਤ ਨੂੰ ਕਰਦਾ। ਦਿਨ ਵੇਲੇ ਉੱਕਾ ਨਾ। ਸਿਆਲ

ਹੋਂਦੇ ਤਾਂ ਅੰਗੀਠੀਆਂ ਭਖਾਂਦਾ। ਮੈਂ ਦੱਸਿਆ ਏ ਨਾ ਪਈ ਏਹ ਨਜ਼ਰ ਨਹੀਂ ਆਂਵਦੇ ਪਰ ਏਹ ਨਜ਼ਰ ਆਂਵਦਾ ਸੀ। ਸਿਆਲ ਦੀ ਉਸ ਰੁੱਤੇ ਤਰਬਨ ਵਿਚ ਅੰਤਾਂ ਦੀ ਬਰਫ਼ ਪਈ। ਬੁੱਢ ਬੁਢੇਰਿਆਂ ਵਧੇਰੀ ਵਾਹ ਲਾ ਵੇਖੀ ਪਰ ਉਹਨਾਂ ਨੂੰ ਅਜੇਹੀ ਬਰਫ਼ ਦਾ ਚੇਤਾ ਨਹੀਂ ਸੀ ਆਂਵਦਾ। ਚੰਦਰੇ ਵਾਕਣ ਸੁੱਕੀ ਲੂਣ ਬਰਫ਼ ਢੇਰਾਂ ਦੇ ਢੇਰ ਪਈ ਕਿਰਦੀ ਸੀ। ਮਕਾਨਾਂ ਦੀਆਂ ਛੱਤਾਂ ਢੱਠ ਗਈਆਂ। ਘਰ ਇੰਜ ਦਬੀਜ ਗਏ ਪਈ ਕਿੰਨੇ ਕਿੰਨੇ ਦੇਹਾੜੇ ਬਰਫ਼ ਪੱਟਦਿਆਂ ਲੱਗ ਗਏ। ਤਰਬਨ ਵਿਚ, "ਪੀੜਤਾਂ ਦਾ ਰਾਖਾ" ਇਕ ਸੇਵਾਦਾਰ ਜਥਾ ਹੋਂਦਾ ਸੀ। ਬੜੇ ਤਗੜੇ ਤਗੜੇ ਜੁੱਸਿਆਂ ਦੇ ਬੰਦੇ ਸਨ ਏਹਦੇ ਵਿਚ– ਕੋਚਵਾਨ, ਕਸਾਈ ਤੇ ਘੋੜਿਆਂ ਦੇ ਵਪਾਰੀ। ਸ਼ਹਿਰ ਵਿਚ ਕੋਈ ਬੀਮਾਰ ਹੋ ਜਾਂਦਾ, ਮਦਦ ਇਮਦਾਦ ਦੀ ਲੋੜ ਹੋਂਦੀ ਤਾਂ ਏਸ ਜਥੇ



ਵਾਲੇ ਝੱਟ ਅੱਪੜ ਪੈਂਦੇ। ਏਸ ਮੁਸੀਬਤ ਵਿਚ ਲੋਕਾਂ ਨੂੰ ਹਿਕੇਵਾਰੀ (ਇਕੇਵਾਰੀ) ਰੇਬ ਮੋਰਦੀਕਾਈ ਯਾਰੋਸਲੇਵਰ ਦਾ ਜੀਆ ਜੰਤ ਚੇਤੇ ਆਇਆ। ਜਥੇ ਦਾ ਇਕ ਸ਼ੀਂਹ ਬੰਦਾ ਮੋਤਲ ਬੈਂਟਰਸ ਖ਼ਬਰ ਲੈਣ ਟੁਰ ਪਿਆ। ਸਾਰਾ ਘਰ ਬਰਫ਼ ਦੇ ਟਿੱਬੇ ਹੇਠ ਦੱਬਿਆ ਪਿਆ ਸੀ। ਧੂੰਕਸ਼ਾਂ ਦੀਆਂ ਮਾੜੀਆਂ ਮਾੜੀਆਂ ਸਿਰੀਆਂ ਈ ਵਖਾਲ਼ੀ ਪਈਆਂ ਦੇਂਦੀਆਂ ਸਨ। ਮੋਤਲ ਬੈਂਟਰਸ ਬਰਫ਼ ਵਿਚ ਰਾਹ ਬਣਾਵਣ ਲੱਗ ਪਿਆ। ਪੱਟਦਿਆਂ ਪੱਟਦਿਆਂ ਉਹਨੂੰ ਦੂਜੇ ਪਾਸਿਉਂ ਵੀ ਗੈਂਤੀਆਂ ਚੱਲਣ ਦੀ ਆਵਾਜ਼ ਜੇਹੀ ਆਂਵਦੀ ਜਾਪੀ। ਜਿਵੇਂ ਕੋਈ ਬਾਹਰ ਨੂੰ ਰਾਹ ਪਿਆ ਬਣਾਂਵਦਾ ਹੋਵੇ। ਇਕ ਖੱਪਾ ਜੇਹਾ ਪੈ ਗਿਆ ਤਾਂ ਮੋਤਲ ਬੈਂਟਰਸ ਨੇ ਵੇਖਿਆ ਇਕ ਠੀਂਗਣੇ ਕੱਦ ਦਾ ਢੇਰ ਚੌੜਾ ਬੰਦਾ ਸਿਰ ਤੇ ਲੂੰਬੜ ਟੋਪੀ ਪਾਈ ਆਪਣੇ ਤੋਂ ਤ੍ਰੈ ਗੁਣਾ ਵੱਡੀ ਗੈਂਤੀ ਫੜੀ ਖਲ੍ਹਿਆ ਸੀ। ਸ਼ਾਮ ਡੂੰਘੀ ਹੋ ਗਈ ਹੋਈ ਸੀ। ਉਹਨੇ ਗੱਲ ਕਰਨੀ ਚਾਹੀ ਪਰ ਠੀਂਗਣੇ ਨੇ ਅੱਗੋਂ ਧੁੰਨੀ ਤਾਈਂ ਲੰਮੀ ਜੀਭ ਕੱਢ ਲਈ ਤੇ ਅਗਲੇ ਈ ਸਕਿੰਟ ਨਜ਼ਰੋਂ ਓਹਲੇ ਹੋ ਗਿਆ। ਉਹਦੀ ਗੈਂਤੀ ਫਾਂ ਕਰਦੀ ਮੋਤਲ ਉੱਤੇ ਆਣ ਡਿੱਗੀ। ਏਹ ਬੂਜ਼ਨਾ ਸੀ। ਮੋਤਲ ਸਾਰੀ ਕਹਾਣੀ ਪ੍ਰੋਹਤ ਨੂੰ ਜਾ ਸੁਣਾਈ। ਪ੍ਰੋਹਤ ਨੇ ਏਹਦਾ ਇਕ ਇਕ ਲਫ਼ਜ਼ ਬ੍ਰਾਦਰੀ ਦੇ ਰਜਿਸਟਰ ਵਿਚ ਉਤਾਰ ਲਿਆ।

"ਮੈਰੀਲੇ ਵੱਡੀ ਹੋ ਗਈ। ਏਹ ਨਾ ਪੁੱਛੋ, ਕਿਵੇਂ ਬਾਲ ਤੇ ਤੁਹਾਨੂੰ ਪਤਾ ਏ ਟੱਪਰੀਵਾਸਾਂ ਦੀਆਂ ਗੱਡੀਆਂ ਤੇ ਲੁਟੇਰਿਆਂ ਦੀਆਂ ਖੋਹਾਂ ਵਿਚ ਪਲ਼ ਪੌਂਦੇ ਨੇ। ਅੱਜ ਓਹ ਨਿੱਕੀ ਜੇਹੀ ਬਾਲੜੀ ਸੀ ਤੇ ਦੂਜੇ ਦਿਨ ਈ ਵੱਡੀ ਸਾਰੀ ਹੋਈ ਪਈ ਸੀ। ਓਹਦੀ ਮਾਂ ਨੂੰ ਤਾਂ ਸਾਰੇ ਨਿੱਕਿਆਂ ਹੋਂਦਿਆਂ ਤੋਂ ਈ ਤਿਆਗਣ ਸਮਝਦੇ ਸਨ। ਉਹ ਕਦੀਂ ਆਪਣੀਆਂ ਹਾਨਣਾਂ ਨਾਲ ਰਚਦੀ ਮਿਚਦੀ ਨਹੀਂ ਸੀ। ਉਤੋਂ ਬੈਲਾਫ਼ਰਾਮਾ ਵੀ

ਉਹਨੂੰ ਕਿਸੇ ਨਾਲ ਮਿਲਣ-ਗਿਲਣ ਨਹੀਂ ਸੀ ਦੇਂਦੀ। ਮੈਰੀਲੇ ਵਾਉਲ਼ਾ ਰੂਹ ਸੀ। ਉਹ ਨੱਚਦੀ ਗਾਂਵਦੀ ਕਈਆਂ ਥਾਵਾਂ ਤੇ ਫਿਰ ਟੁਰ ਆਂਵਦੀ। ਸਿਆਲਾਂ ਵਿਚ ਉਹ ਆਪਣੀਆਂ ਸੰਗਤੀਆਂ ਨਾਲ ਗੋਭੀ ਤੋੜਣ ਟੁਰ ਪੈਂਦੀ। ਹੁਨਾਲਾਂ ਵਿਚ ਉਹ ਸਾਰੀਆਂ ਜਣੀਆਂ ਜੰਗਲ ਵਿਚੋਂ ਬੇਰ ਤੇ ਖੁੰਬਾਂ ਚੁਗਣ ਜਾਂਦੀਆਂ। ਸੀਵਣ ਪਰੋਵਣ ਤੋਂ ਅੱਡ ਉਹਨੇ ਕਰੋਸ਼ੀਆ ਤੇ ਮੋਟੇ ਕੱਪੜੇ ਉੱਤੇ ਕਸੀਦਾ ਵੀ ਸਿੱਖ ਮਾਰਿਆ। ਲੋਕ ਪੁੱਛਦੇ , "ਹੈਂ ਨੀ, ਤੁਹਾਡੇ ਘਰ ਬੂਜ਼ਨਾ ਵੀ ਰਹਿੰਦਾ ਏ?" ਉਹ ਆਖਦੀ, "ਬੂਜ਼ਨਾ ਕੀਹ ਹੋਂਦਾ ਏ?" "ਤੁਹਾਡੇ ਘਰ ਹਾਂਡੀ ਰੋਟੀ ਤੇ ਹੋਰ ਨਿੱਕੇ ਨਿੱਕੇ ਕੰਮ ਕੌਣ ਕਰਦਾ ਏ?" "ਅਸੀਂ ਆਪ ਈ ਕਰਨੇ ਆਂ।" ਕੁੜੀਆਂ ਦਾ ਦਿਲ ਹੋਂਦਾ ਜੋ ਮੈਰੀਲੇ ਉਹਨਾਂ ਨੂੰ ਆਪਣੇ ਘਰ ਨੱਚਣ ਦਾ ਆਖੇ। ਉਹ ਏਸੇ ਪੱਜ ਉਹਨਾਂ ਦੇ ਸੂੰਹ ਲੈਣਾ ਚਾਂਹਦੀਆਂ ਸਨ। ਮੈਰੀਲੇ ਅੱਗੋਂ ਖਿਲਦੀ ਹੋਈ ਅਡੋਲ ਈ ਆਖ ਦੇਂਦੀ, "ਨਾ ਨੀ ਭੈਣਾ, ਮੇਰੀ ਨਾਨੀ ਗੁੱਸੇ ਹੋਵੇਗੀ।" ਲੋਕਾਂ ਸੂੰਹ ਲੈਣ ਦੇ ਉਹੋ ਪੁਰਾਣੇ ਨੁਸਖ਼ੇ ਵਰਤਣੇ, ਮੈਰੀਲੇ ਨੂੰ ਕੱਪੜੇ ਕੌਣ ਪਵਾਂਦਾ ਏ... ਕਿਵੇਂ ਹਰ ਵੇਲੇ ਨਵਾਬਜ਼ਾਦੀ ਬਣੀ ਰਹਿੰਦੀ ਏ। ਖ਼ਰਚਣ ਜੋਗੇ ਪੈਸੇ ਕਿੱਥੋਂ ਲੈਂਦੀ ਏ। ਉਹ ਨਾਨਵਾਈ ਕੋਲੋਂ ਅਕਸਰ ਈ ਖਤਾਈਆਂ ਖ਼ਰੀਦਦੀ। ਸਹੇਲੀਆਂ ਨਾਲ ਵਰਤਣ ਜੋਗੇ ਵੀ ਉਹਦੇ ਕੋਲ ਮਾੜੇ-ਮੋਟੇ ਪੈਸੇ ਹੋਂਦੇ ਈ ਸਨ।

"ਉਹਨਾਂ ਦੇ ਘਰ ਕਿਸੇ ਝੀਥ ਥਾਂਵਿਉਂ ਵੀ ਝਾਤ ਨਹੀਂ ਸੀ ਪੈਂਦੀ। ਬੂਹੇ ਤਾਈਂ ਇਕ ਛੱਤਿਆ ਹੋਇਆ ਰਾਹ ਜਾਂਦਾ ਸੀ, ਜੀਹਦੇ ਵਿਚੋਂ ਸਿਰ ਅੜਾ ਕੇ ਲੰਘਣਾ ਪੈਂਦਾ ਸੀ। ਏਸ ਰਾਹ ਦੇ ਦੋਵੇਂ ਪਾਸੀਂ ਹਰ ਵੇਲੇ ਜੱਟ ਦੇ ਕੁੱਤੇ ਫਿਰਦੇ ਰਹਿੰਦੇ। ਏਹ ਜੱਟ ਦੇ ਰਾਖਵੇਂ ਸਨ ਯਾ ਫੇਰ ਦੋਗਲੀ ਨਸਲ ਦੇ ਉਹ ਭੌਂਦੜ ਜੇਹਨਾਂ ਨੂੰ ਕਮੇਟੀ ਵਾਲ਼ੇ ਮਾਰਨਾ ਭੁੱਲ ਗਏ ਸਨ। ਮੈਰੀਲੇ ਪੁੱਛਿਆਂ ਹਰ ਗੱਲ ਦਾ ਜਵਾਬ ਦੇਂਦੀ ਸੀ ਪਰ ਹਕੀਕਤ ਦਾ ਕਿਸੇ ਨੂੰ ਵੀ ਚਾਨਣ ਨਹੀਂ ਸੀ ਹੋਂਦਾ।" ਹੈਂ ਨੀ ਤੇਰੀ ਮਾਂ ਬਿਸਤਰੇ ਤੋਂ ਉੱਠ ਪੈਂਦੀ ਏ? ... "ਆਹੋ, ਮਾੜਾ ਮੋਟਾ।" "ਡਾਕਟਰ ਦੇ ਕਿਉਂ ਨਹੀਂ ਜਾਂਦੀ?" ਆਹਲਕਣ ਬੜੀ ਏ ਨਾ।" ਮੈਰੀਲੇ ਅੱਗੋਂ ਬਖੇੜਾ ਕਰਦੀ ਆਖਦੀ।

ਅਸਲੋਂ ਨਿੱਕਾ ਜੇਹਾ ਸ਼ਹਿਰ ਸੀ। ਹਰ ਕੋਈ ਜਾਣਦਾ ਸੀ ਕੇਹਦੀ ਹਾਂਡੀ ਵਿਚ ਕੀ ਪਿਆ ਪੱਕਦਾ ਸੀ। ਸੋ ਉਹਨਾਂ ਦੇ ਘਰ ਦੀ ਅਚੰਭਾਕਾਰ ਕਿਵੇਂ ਗੁੱਝੀ ਰਹਿ ਸਕਦੀ ਸੀ।

"ਮੈਰੀਲੇ ਨੇ ਵੱਡੀ ਹੋ ਕੇ ਬੜਾ ਰੰਗ-ਰੂਪ ਕੱਢਿਆ। ਮੁੰਡਿਆਂ ਨੂੰ ਤੇ ਨਿੱਤ ਓਹਦੇ ਦੌਰੇ ਪਏ ਰਹਿੰਦੇ। ਵਚੋਲੇ ਮੱਖੀਆਂ ਵਾਕਣ ਝੁਰਮਟ ਘੱਤੀ ਰਹਿੰਦੇ ਪਰ ਬੇਲਾਫ਼ਰਾਮਾ ਤੇ ਪਾਯਾ ਤਾਈਂ ਕਿਸੇ ਦੀ ਪਹੁੰਚ ਨਹੀਂ ਸੀ। ਬੂਹੇ ਨੂੰ ਹਰ ਵੇਲੇ ਕੁੰਡੀ ਜੰਦਰਾ ਵੱਜਿਆ ਰਹਿੰਦਾ। ਵਚੋਲਿਆਂ ਓੜਕ ਮੈਰੀਲੇ ਨਾਲ ਈ ਗੱਲ ਟੋਰਨੀ ਚਾਹੀ। "ਮੈਨੂੰ ਕੀ ਪਤਾ ਹੋਵੇ?" ਉਹਦਾ ਅੱਗੋਂ ਸਿੱਧਾ ਜਵਾਬ ਸੀ।

ਉਹ ਆਂਹਦੇ, "ਓੜਕ ਬਿੱਲੀ ਨੇ ਪਾਣੀ ਤਾਂ ਲੰਘਣਾ ਈ ਏਂ।"

ਉਹ ਆਖਦੀ, "ਬਿੱਲੀ ਦੂਜੇ ਕੰਢੇ ਈ ਖਲ੍ਹੀ ਰਵ੍ਹੇ ਤਾਂ ਕੀ ਹੋਸੀ?"

ਸ਼ਹਿਰਾਂ ਵਿਚ ਦੂਜਿਆਂ ਤੋਂ ਅੱਡਰਿਆਂ ਨਹੀਂ ਰਿਹਾ ਜਾਂਦਾ। ਤੁਸੀਂ ਰਵ੍ਹੋਗੇ ਤਾਂ ਲੋਕ ਗੱਲਾਂ ਜੋੜਨ ਪਈ ਤੁਹਾਡੇ ਘਰ ਉੱਤੇ ਤਾਂ ਕਿਸੇ ਸ਼ੈਤਾਨੀ ਰੂਹ ਦਾ ਕਬਜ਼ਾ ਏ। ਜਿੱਥੇ ਉਹ ਰੂਹ ਲੱਕੜਾਂ ਪਾੜੇ, ਪਾਣੀ ਢੋਵੇ, ਘਰ ਉੱਤੋਂ ਬਰਫ਼ ਲ੍ਹਾਵੇ... ਉਥੇ ਤਾਂ ਲੋਕਾਂ ਅਸਲੋਂ ਕੁਝ ਹੋਰ ਸਮਝਣਾ ਏ। ਮੈਰੀਲੇ ਭਾਵੇਂ ਵੇਖਿਆਂ ਮਾਸੂਮ ਜੇਹੀ ਈ ਜਾਪਦੀ ਸੀ ਤਾਂ ਵੀ ਲੋਕ ਉਹਦੇ ਤੋਂ ਪਾਸਾ ਵੱਟਣ ਲੱਗ ਪਏ। ਸਬਾਤ ਤੇ ਕੁੜੀਆਂ ਉਹਦੇ ਤੋਂ ਪਰੇ ਪਰੇਰੇ ਈ ਰਹਿੰਦੀਆਂ। ਵਚੋਲੇ ਵੀ ਰਿਸ਼ਤਿਆਂ ਦੀ ਦੱਸ ਪਾਣੋ ਹਟ ਗਏ। ਉਹਨੂੰ ਮੰਗੇਵਿਆਂ-ਪਰਣੇਵਿਆਂ ਦੇ ਸੱਦੇ ਵੀ ਹੁਣ ਕੋਈ ਨਾ ਦੇਂਦਾ। ਮੈਂ ਸਾਂ ਤੇ ਅਸਲੋਂ ਬਾਲੜੀ ਪਰ ਸਾਰੀਆਂ ਗੱਲਾਂ ਸਮਝ ਆਂਵਦੀਆਂ ਸਨ ਮੈਨੂੰ। ਮੈਰੀਲੇ ਸਾਡੀ ਗਲੀ ਵਿਚ ਸ਼ਹਿਜ਼ਾਦੀਆਂ ਵਾਕਣ ਬਣੀ-ਸਵਰੀ ਆਂਵਦੀ ਪਰ

ਕੁੜੀਆਂ ਉਹਦੇ ਰਾਹ ਤੋਂ ਹਟ ਜਾਂਦੀਆਂ। ਦਰਜ਼ੀਆਂ ਦਾ ਸ਼ਾਗਿਰਦ ਪੇਸ਼ਾ ਤੇ ਬੁੱਚੜਾਂ ਦੀ ਆਲ-ਔਲਾਦ ਉਹਦੇ ਪਿੱਛੇ ਹੋ ਪੈਂਦੇ... ਨੇੜੇ ਲੱਗਣ ਦੀ ਹਿੰਮਤ ਤੇ ਭਾਵੇਂ ਨਹੀਂ ਸਨ ਨੇਂ ਪੈਂਦੀ। ਬਜ਼ਾਰੋਂ ਲੰਘਦੀ ਤਾਂ ਹਰ ਕੋਈ ਉਹਨੂੰ ਬਾਰੀਆਂ ਵਿਚੋਂ ਝਾਕਦਾ, ਖ਼ਬਰੇ ਕਿੱਥੇ ਟੁਰੀ ਏ? ਖ਼ਬਰੇ ਕੀ ਸਮਾਈ ਹੋਈ ਏ ਏਹਦੇ ਦਿਮਾਗ਼ ਵਿਚ? ਮੋਇਆਂ ਤੋਂ ਬਦਤਰ ਨਾਨੀ ਤੇ ਮਾਂ ਨਾਲ ਖ਼ਬਰੇ ਕਿਵੇਂ ਜੀਂਵਦੀ ਪਈ ਏ?

ਫੇਰ ਮੈਰੀਲੇ ਨੇ ਘਰੋਂ ਨਿਕਲਣਾ ਛੱਡ ਦਿੱਤਾ। ਬਸ ਕਦੀਂ ਕਦੀਂ ਨਿਕਲਦੀ ਤੇ ਲੋੜ ਦੀਆਂ ਸ਼ੈਵਾਂ ਇਕੱਠੀਆਂ ਈ ਲੈ ਜਾਂਦੀ। ਲੋਕਾਂ ਨੂੰ ਏਨੀ ਈ ਸੂੰਹ ਲੱਗੀ ਪਈ ਚਿੱਠੀ ਰਸੈਣ ਕਦੀਂ ਕਦੀਂ ਆਂਵਦਾ ਸੀ ਤੇ ਲਾਖ ਨਾਲ ਬੰਦ ਹੋਇਆ ਇਕ ਮੋਟਾ ਸਾਰਾ ਲਫ਼ਾਫ਼ਾ ਉਹਨਾਂ ਨੂੰ ਦੇ ਜਾਂਦਾ ਸੀ। ਉਹ...ਲਫ਼ਾਫ਼ਾ ਕਿੱਥੋਂ ਆਂਵਦਾ ਸੀ, ਕੌਣ ਘੱਲਦਾ ਸੀ ਤੇ ਉਹਦੇ ਵਿਚ ਕੀ ਹੋਂਦਾ ਸੀ, ਕਿਸੇ ਨੂੰ ਕੁਝ ਪਤਾ ਨਹੀਂ ਸੀ। ਬਰਫ਼ਾਂ ਦੇ ਮਹੀਨਿਆਂ ਵਿਚ ਉਹਨਾਂ ਦੀ ਖ਼ਬਰ ਸੁੱਖ ਦਾ ਕਿਸੇ ਨੂੰ ਚੇਤੇ ਨਾ ਰਹਿੰਦਾ। ਉਂਜ ਵੀ ਉਹਨਾਂ ਦੇ ਘਰ ਦੇ ਦਵਾਲੇ ਸਭ ਪਾਸਿਆਂ ਤੋਂ ਚੋਖੀ ਬਰਫ਼ ਪੈਂਦੀ। ਵਾਅ ਵਰੋਲ਼ੇ ਪੈਲ਼ੀਆਂ ਵਿਚੋਂ ਬਰਫ਼ ਦੇ ਗੱਪੇ ਉਡਾ ਕੇ ਉਹਨਾਂ ਦੇ ਬੂਹੇ ਅੱਗੇ ਢੇਰ ਕਰ ਜਾਂਦੇ।

"ਬੇਲਾਫ਼ਰਾਮਾ ਜੀਂਵਦੀ ਸੀ ਯਾ ਨਿਭ ਗਈ ਸੀ, ਏਹਦਾ ਵੀ ਕਿਸੇ ਨੂੰ ਕੁਝ ਪਤਾ ਨਹੀਂ ਸੀ। ਮਰਦੀ ਤਾਂ ਗੁਸਤਾਨ ਵਿਚ ਓਹਦੀ ਕਬਰ ਹੋਣੀ ਸੀ। ਬਸ ਏਥੋਂ ਈ ਉਹ ਜਿਉਂਦਿਆਂ ਵਿਚ ਗਿਣੀ ਜਾਂਦੀ। ਲੋਕਾਂ ਦੇ ਪਤੇ-ਸੁਰ ਦਾ ਏਹ ਹਾਲ ਸੀ ਉਸ ਨਿੱਕੇ ਜਿੰਨੇ ਸ਼ਹਿਰ ਵਿਚ, ਵੱਡੇ ਸ਼ਹਿਰਾਂ ਦਾ ਤੁਸੀਂ ਆਪ ਈ ਸੋਚ ਸਕਦੇ ਓ। ਅੱਲ੍ਹਾ ਬਖ਼ਸ਼ੇ ਮੇਰੇ ਪਿਓ ਨੂੰ, ਇਕ ਵਾਰੀ ਸਬਾਤ ਦੀ ਰੋਟੀ ਤੇ ਇਕ ਮੰਗਤੇ ਨੂੰ ਘਰ ਲੈ ਆਇਆ। ਅਸੀਂ ਉਹਨੂੰ ਲਿਬਲਨ ਸ਼ਹਿਰ ਦਾ ਪੁੱਛਿਆ। ਉਹ ਆਖਣ ਲੱਗਾ, ਉਹ ਤਾਂ ਮੁਰਦਿਆਂ ਦਾ ਸ਼ਹਿਰ ਏ। ਅਸੀਂ ਬੜੇ ਹੈਰਾਨ ਹੋਏ। ਉਹ ਬੋਲਿਆ, ਨਿੱਕੇ ਸ਼ਹਿਰ ਵਿਚ ਹਰ ਕਿਸੇ ਨੂੰ ਪਤਾ ਹੋਂਦਾ ਏ ਪਈ ਕੌਣ ਮਰਿਆ ਏ। ਏਸ ਪਾਰੋਂ ਮੁਰਦਾ ਕਬਰ ਵਿਚ ਪਿਆ ਰਹਿੰਦਾ ਏ। ਵੱਡੇ ਸ਼ਹਿਰਾਂ ਵਿਚ ਏਸ ਤੋਂ ਉਲਟ ਹੋਂਦਾ ਏ, ਹਰ ਕੋਈ ਤਾਂ ਇਕ ਦੂਜੇ ਲਈ ਓਭੜ ਹੋਂਦਾ ਏ। ਜਨਾਜ਼ੇ ਵਿਚ ਵੀ ਕੋਈ ਨਹੀਂ ਰਲ਼ਦਾ। ਏਸ ਲਈ ਮੁਰਦਾ ਕਬਰ ਵਿਚ ਨਹੀਂ ਟਿਕਦਾ। ਏਧਰੋਂ ਦੱਬ ਕੇ ਆਂਵਦੇ ਨੇਂ ਉਧਰੋਂ ਉਹ ਨਿੱਕਲ ਕੇ ਪਿੱਛੇ ਪਿੱਛੇ ਟੁਰ ਪੈਂਦਾ ਏ। ਲਿਬਲਨ ਸ਼ਹਿਰ ਵਿਚ ਮੈਂ ਇਕ ਬੰਦੇ ਨੂੰ ਮਿਲਿਆ। ਉਹ ਕਈ ਵਰ੍ਹੇ ਪਹਿਲੇ ਮਰ ਗਿਆ ਸੀ। ਸਮਰਲ ਸਰੋਤਸਕਰ ਉਹਦਾ ਨਾਂ ਸੀ। ਲੈਵਰਟੋ ਗਲ਼ੀ ਵਿਚ ਉਹ ਮੇਰੇ ਵਲੇ ਈ ਟੁਰਿਆ ਆਵੇ। ਮੈਂ ਖਲੋਤਾ ਤੇ ਉਹ ਵੀ ਖਲੋ ਗਿਆ। ਮੇਰਾ ਤਾਂ ਮੂੰਹ ਈ ਸੀਪ ਗਿਆ ਹੈਰਾਨੀ ਨਾਲ। ਹਿੰਮਤ ਕਰਕੇ ਜਦੋਂ ਮੈਂ ਉਹਦਾ ਨਾਂ ਲਿਆ ਉਹ ਅੱਗੋਂ ਏਨਾ ਆਖ ਕੇ ਅਲੋਪ ਹੋ ਗਿਆ, "ਤੂੰ ਤੇ ਜਾਣਨਾ ਏ ਮੈਨੂੰ?"

"ਅੱਛਾ ਤੇ ਕਿੱਥੇ ਸਾਂ ਮੈਂ? ਆਹੋ ਸੱਚ ਉਹ ਬੂਜ਼ਨਾ ਤਾਂ ਵਿਚੇ ਈ ਰਹਿ ਚੱਲਿਆ ਸੀ। ਖ਼ੈਰ ਮਿਹਰ ਹੋਵੇ ਤਾਂ ਏਹ ਬੂਜ਼ਨੇ ਕੋਠੜੀਆਂ ਢਾਰਿਆਂ ਵਿਚ ਈ ਵੜੇ ਰਹਿੰਦੇ ਨੇਂ ਤੇ ਜਦੋਂ ਬੰਦੇ ਖਜਗ ਜਾਣ ਏਹ ਡਾਢੇ ਤਗੜੇ ਹੋ ਖਲੋਂਦੇ ਨੇਂ। ਖ਼ਬਰੇ ਉਹ ਬੂਜ਼ਨਾ ਨਹੀਂ ਕੋਈ ਜਿੰਨ ਭੂਤ ਸੀ। ਪਤਾ ਨਹੀਂ ਏਹ ਮਖ਼ਲੂਕ ਪੱਦਬਹੇੜਿਆਂ ਵਾਕਣ ਗੰਦ-ਪਿਲ ਤੇ ਈ ਪਲ਼ਦੀ ਏ। ਬੈਲਾਫ਼ਰਾਮਾ ਨੇ ਪਾਯਾ ਦਾ ਜੀਵਣਾ ਔਤਰ ਕਰ ਛੱਡਿਆ ਸੀ। ਹੁਣ ਉਹ ਦੋਵੇਂ ਮੈਰੀਲੇ ਨੂੰ ਬਰਬਾਦ ਪਈਆਂ ਕਰਦੀਆਂ ਸਨ। ਮੈਰੀਲੇ ਹਰ ਵੇਲੇ ਉਹਨਾਂ ਦੇ ਨਾਲ ਰਹਿ ਰਹਿ ਕੇ ਰੋਗਣ ਹੋ ਗਈ ਸੀ। ਲੋਕਾਂ ਮੂਜਬ ਉਹ ਰਾਤਾਂ ਨੂੰ ਜਾਗਦੀ ਤੇ ਦਿਨੇ ਸਾਰਾ ਵੇਲਾ ਸੌਂ ਕੇ ਲੰਘਾਂਦੀ। ਚੌਂਕੀਦਾਰ ਜ਼ਲਮੋਨ ਦੱਸਦਾ ਸੀ ਉਹ ਰਾਤ ਨੂੰ ਘਰ ਦੇ ਪਛੌੜਿਉਂ ਕਿਧਰੇ ਜਾਂਦੀ ਸੀ ਫੇਰ ਉਹਨੇ ਮੈਰੀਲੇ ਨੂੰ ਸ਼ੁਦੈਣਾ ਹਾਰ ਹੱਸਦਿਆਂ ਵੀ ਸੁਣਿਆ ਸੀ। ਸ਼ੈਤਾਨ ਬਿੱਲੇ ਵਾਕਣ ਚਿਚਲਾਂਦਾ ਹੋਇਆ ਕੁਤਕਤਾੜੀਆਂ ਪਿਆ ਕੱਢਦਾ ਸੀ।"

"ਤੇਰੀ ਭਾਣੇ ਉਹ ਬੂਜ਼ਨੇ ਨਾਲ ਖ਼ਰਾਬ ਸਨ?" ਬੇਬੇ ਨੇ ਸੰਗਦਿਆਂ ਸੰਗਦਿਆਂ ਪੁੱਛਿਆ। ਚਾਚੀ

ਘੀਂਟਲ ਨੇ ਉਂਗਲਾਂ ਬੁੱਲ੍ਹਾਂ ਤੇ ਧਰ ਲਈਆਂ, "ਪਤਾ ਨਹੀਂ ਖ਼ਬਰੇ ਬੂਜ਼ਨੇ ਨਰ ਹੋਂਦੇ ਨੇ। ਰਾਈਟ ਮੇਜ਼ਰ ਵਿਚ ਇਕ ਸੁਨਿਆਰੇ ਦੀ ਕਹਾਣੀ ਏ। ਉਹ ਇਕ ਚੁੜੇਲ ਨਾਲ ਸੌਂਦਾ ਸੀ। ਉਹਦੇ ਵਿਚੋਂ ਪੰਜ ਬਾਲ ਵੀ ਸਾ ਸੂ। ਇੰਜ ਹੋਂਦਾ ਤੇ ਹੈ। ਤਿੰਨ ਜ਼ਨਾਨੀਆਂ ਦਾ ਬੰਦੇ ਬਾਝ ਕਿਵੇਂ ਗੁਜ਼ਰ ਹੋ ਸਕਦਾ ਸੀ। ਨਹੀਂ ਤਾਂ ਉਹ ਤਰਬਨ ਜੇਹੇ ਨਿੱਕੇ ਸ਼ਹਿਰ ਨੂੰ ਛੱਡ ਕੇ ਕਿਸੇ ਹੋਰ ਥਾਂ ਵੀ ਤਾਂ ਜਾ ਸਕਦੀਆਂ ਸਨ? ਅੱਲ੍ਹਾ ਮਾਫ਼ੀ ਲੋਕਾਂ ਨੂੰ ਬਦਦੁਆਵਾਂ ਵੀ ਤੇ ਹੋਂਦੀਆਂ ਨੇਂ। ਬੈਲਾਫ਼ਰਾਮਾ ਬੜੀ ਚਤਰ ਚਲਾਕ ਜ਼ਨਾਨੀ ਸੀ। ਖ਼ਸਮ ਦੇ ਜ਼ਮਾਨੇ ਵਿਚ ਵੀ ਉਹਦੀਆਂ ਬੜੀਆਂ ਗੱਲਾਂ ਧੁੰਮੀਆਂ ਹੋਈਆਂ ਸਨ। ਉਹਦੇ ਨਾਲ ਹਰ ਵੇਲੇ ਦੋ ਕਾਲ਼ੀਆਂ ਬਿੱਲੀਆਂ ਹੋਂਦੀਆਂ ਸਨ। ਚੌਧਵੀਂ ਦੀਆਂ ਰਾਤਾਂ ਨੂੰ ਪੈਲ਼ੀਆਂ ਬੰਨਿਆਂ ਤੇ ਮਾਖਿਉਂ ਲੱਭਦੀ ਰਹਿੰਦੀ ਸੀ। ਜਾਦੂ ਵੀ ਜਾਣਦੀ ਸਾਸੂ। ਪਾਯਾ ਅੱਗੋਂ ਕੁਸਕ ਵੀ ਨਹੀਂ ਸੀ ਸਕਦੀ। ਮੈਰੀਲੇ ਦੀ ਮੈਨੂੰ ਕੁਝ ਸਮਝ ਨਹੀਂ ਸੀ ਆਂਵਦੀ। ਸੱਚੀ ਗੱਲ ਏ ਸ਼ੈਤਾਨ ਨੂੰ ਚੀਚੀ ਨਪਾਓ ਤਾਂ ਉਹ ਸਾਰਾ ਹੱਥ ਈ ਨੱਪ ਲੈਂਦਾ ਏ। ਆਂਹਦੇ ਸਨ ਬੂਜ਼ਨਾ ਓਹਨਾਂ ਲਈ ਨੱਚਦਾ ਗਾਂਵਦਾ ਤੇ ਕਈਂ ਖੇਡਾਂ ਕਰਦਾ ਸੀ। ਕੁਝਨਾਂ ਉਹਨੂੰ ਭੰਡਾ ਵਾਕਣ ਨਕਲਾਂ ਕਰਦਿਆਂ ਵੀ ਸੁਣਿਆ। ਉਹਨਾਂ ਦੇ ਇਕ ਵੱਡਾ ਸਾਰਾ ਪਲੰਘ ਹੋਂਦਾ ਸੀ। ਲੋਕ ਦੱਸਦੇ ਪਈ ਉਹ ਸਾਰੀਆਂ ਉਹਦੇ ਉੱਤੇ ਬੂਜ਼ਨੇ ਸਣੇ ਸੌਂਦੀਆਂ ਸਨ। ਮੈਂ ਤੇ ਸੋਚ ਵੀ ਨਹੀਂ ਸਕਦੀ।

ਬੈਲਾਫ਼ਰਾਮਾ ਤੇ ਮੈਰੀਲੇ ਕਦੀਂ ਨਮਾਜ਼ ਪੜ੍ਹਨ ਨਹੀਂ ਸਨ ਆਈਆਂ। ਪਾਯਾ ਕਦੀਂ ਸੰਖ ਸੁਣਨ ਆ ਜਾਂਦੀ ਹੋਂਦੀ ਸੀ। ਮੈਂ ਉਹਨੂੰ ਇਕ ਵਾਰੀ ਉਥੇ ਈ ਡਿੱਠਾ। ਉਹਦਾ ਮੂੰਹ ਕਿੱਲਾਂ ਤੇ ਦਾਨਿਆਂ ਨਾਲ ਖਾਧਾ ਪਿਆ ਸੀ। ਉਹਦੀ ਇਕ ਅੱਖ ਗਾਬੇ (ਵਛੇਰੇ) ਦੀ ਅੱਖ ਜੇਡੀ ਵੱਡੀ ਸੀ ਤੇ ਦੂਜੀ ਉਂਜ ਈ ਪੂਰੀ ਨਹੀਂ ਸੀ ਖੁੱਲ੍ਹਦੀ। ਜਾਪਦਾ ਸੀ ਡੋਰੀ ਹੋ ਗਈ ਸੀ ਕਿਉਂ ਜੋ ਉਹ ਕਿਸੇ ਦੀ ਗੱਲ ਦਾ ਕੋਈ ਜਵਾਬ ਨਹੀਂ ਸੀ ਦੇਂਦੀ।

ਸਕਥ (ਯਹੂਦੀਆਂ ਦਾ ਇਕ ਦੇਹਾੜ) ਲੰਘਿਆ ਤੇ ਇਕ ਰਾਤੀਂ ਵੌਲਫ਼ ਕਾਸ਼ਤਨ ਦਾ ਬੂਹਾ ਖੜਕਿਆ। ਕਾਸ਼ਤਨ ਅੱਗ ਬੁਝਾਵਣ ਦੇ ਮਹਿਕਮੇ ਦਾ ਵੱਡਕਾ ਸੀ। ਮਹਿਕਮੇ ਕੋਲ ਇਕ ਮੋਈ ਮੁੱਕੀ ਘੋੜੀ ਤੇ ਇਕ ਪਾਣੀ ਦੀ ਟਾਂਚੀ ਵਾਲ਼ੀ ਰੇਹੜੀ ਹੋਂਦੀ ਸੀ। ਏਹ ਠਰੀ ਭਿੱਜੀ ਰਾਤ ਜਾ ਵਿਚਲਾ ਪਹਿਰ ਸੀ। ਕਾਸ਼ਤਨ ਨੇ ਬੂਹਾ ਲਾਹ ਕੇ ਵੇਖਿਆ ਇਕ ਤੀਲੇ ਵਾਕਣ ਪਤਲੀ ਮਖ਼ਲੂਕਾਤ ... ਨਾ ਜਣਾ ਨਾ ਜਣੀ, ਅੱਧਾ ਧੜ ਕੁੱਤੇ ਦਾ ਅੱਧਾ ਬਾਂਦਰ ਦਾ, ਜਟਾਧਾਰ... ਪਿੰਡੇ ਉੱਤੇ ਇਕ ਤੱਪੜ ਜੇਹਾ ਵਲ਼ੀ ਖਲੋਤੀ ਹੋਵੇ। ਕਾਸ਼ਤਨ ਦੇ ਪੁੱਛਣ ਤੇ ਉਹਨੇ ਬੈਲਾਫ਼ਰਾਮਾ ਕਿਆਂ ਦੇ ਅੱਗ ਲੱਗਣ ਦਾ ਦੱਸਿਆ ਤੇ ਕੁਹੇੜ (ਧੁੰਦ) ਵਿਚ ਗਵਾਚ ਗਈ।

"ਘੋੜੀ ਜੋਣ ਤੇ ਟਾਂਚੀ ਭਰਨ ਤਾਈਂ ਬੈਲਾਫ਼ਰਾਮਾ ਦਾ ਘਰ ਸੜਕੇ ਸਵਾਹ ਹੋ ਗਿਆ ਸੀ। ਤਿੰਨੇ ਜ਼ਨਾਨੀਆਂ ਵੀ ਵਿੱਚੇ ਸੜ ਭੁੱਜ ਗਈਆਂ ਸਨ। ਉਹਨਾਂ ਦਾ ਪੋਟਾ ਵੀ ਨਹੀਂ ਸੀ ਬਚਿਆ, ਦੱਬਦੇ ਕੀ। ਵੌਲਫ਼ ਕਾਸ਼ਤਨ ਦੀ ਗੱਲ ਤੋਂ ਪਤਾ ਲੱਗਦਾ ਸੀ ਬੂਜ਼ਨਾ ਈ ਉਹਨੂੰ ਸੁੱਤੇ ਪਏ ਨੂੰ ਜਗਾਣ ਆਇਆ ਸੀ।

"ਅੱਗ ਲੱਗੀ ਕਿਵੇਂ?" ਬੇਬੇ ਨੇ ਪੁੱਛਿਆ।

"ਕੱਖ ਪਤਾ ਨਾ ਲੱਗਾ।"

"ਭਾਵੇਂ ਤੇ ਉਸੇ ਬੂਜ਼ਨੇ ਲਾਈ ਹੋਵੇ।" ਬੇਬੇ ਕਹਿਣ ਲੱਗੀ।

"ਉਹਨੂੰ ਅੱਗ ਬੁਝਾਵਣ ਵਾਲਿਆਂ ਕੋਲ ਜਾਣ ਦੀ ਕੀ ਲੋੜ ਸੀ?"

ਬੇਬੇ ਕਿੰਨਾ ਚਿਰ ਚੁੱਪ ਕੀਤੀ ਵਚਾਰ ਕਰਦੀ ਰਹੀ ਫੇਰ ਆਖਣ ਲੱਗੀ, "ਏਹ ਭੂਤ ਪਰੇਤ ਵੀ ਇਨਸਾਨਾਂ ਵਾਕਣ ਆਪਣੇ ਲਾਏ ਜਾਲ਼ ਵਿਚ ਈ ਫਸ ਜਾਂਦੇ ਨੇਂ। ਹੋ ਸਕਦਾ ਏ ਬੂਜ਼ਨੇ ਨੇ ਵੀ ਕੀਤਾ ਪਾ ਪਿਆ ਹੋਵੇ। (**ਸੰਪਰਕ ਲਿਪੀਅੰਤਰ-89683-43252**)



## ਸ਼ਬਦ ਚਿੱਤਰ/ ਤੁਰਦੇ-ਫਿਰਦੇ ਚਿਹਰੇ : ਨਰਿੰਦਰ ਬੇਦੀ
## ਮੂਲ: ਰਜਿੰਦਰ ਸਿੰਘ ਬੇਦੀ/ ਅਨੁਵਾਦ: ਅਜੈ ਤਨਵੀਰ



ਇਸ ਸਮੇਂ ਮੈਂ ਇੱਥੇ ਸਿਰਫ ਇਕ ਚਿਹਰੇ ਦੀ ਗੱਲ ਕਰ ਰਿਹਾਂ ਹਾਂ। ਜੋ ਕਿ ਬਹੁਤ ਚਲੰਤ ਚਿਹਰਾ ਹੈ। ਉਹ ਚਿਹਰਾ ਹੈ ਅੱਜ ਦੇ ਨੌਜਵਾਨ ਦਾ।ਅਗਰ ਇੱਥੇ ਮੈਂ ਆਪਣੇ ਪੁੱਤਰ ਦਾ ਚਿਹਰਾ ਦਿਖਾਉਣ ਦੀ ਕੋਸ਼ਿਸ਼ ਕਰਾਂ ਤੁਸੀਂ ਇਸ ਵਿਚਾਰਾਂ ਦੀ ਲੜੀ ਵਿੱਚੋਂ ਮੇਰਾ ਚਿਹਰਾ ਵੀ ਵੇਖ ਸਕਦੇ ਹੋ। ਮੇਰਾ ਚਿਹਰਾ ਵੇਖਦੇ ਹੋਏ। ਤੁਸੀਂ ਨਾਰਾਜ਼ ਨਾ ਹੋਣਾ ਕਿਉਂਕਿ ਮੈਂ ਉਸ ਦਾ ਪਿਤਾ ਹਾਂ। ਮੈਂ ਆਪਣੇ ਪੁੱਤਰ ਕੋਲ ਹਾਂ ਪੁੱਤਰ ਮੇਰੇ ਕੋਲ ਹੈ। ਅਸੀਂ ਦੋਵੇਂ ਇਕੱਠੇ ਹਾਂ। ਇਸ ਲਈ ਤੁਸੀਂ ਜੋ ਕੁਝ ਵੀ ਪੁੱਤਰ ਦੇ ਖ਼ਿਲਾਫ਼ ਲਿਖਿਆ ਪੜ੍ਹੋਗੇ। ਉਹ ਅਸਲ ਵਿੱਚ ਮੇਰੇ ਖ਼ਿਲਾਫ਼ ਹੀ ਹੋਵੇਗਾ। ਕਿਉਂ ਕਿ ਉਸ ਨੂੰ ਇਸ ਦੁਨੀਆ ਵਿੱਚ ਲਿਆਉਣ ਤੋਂ ਇਲਾਵਾ ਉਸ ਦੀ ਸਰੀਰਕ ਅਤੇ ਮਾਨਸਿਕ ਸਿਖਲਾਈ ਦੀ ਜੁਮੇਵਾਰੀ ਵੀ ਮੈਂ ਹੀ ਨਿਭਾਈ ਹੈ। ਉਂਝ ਮੈਂ ਉਸ ਦੇ ਹੱਕ ਵਿੱਚ ਜੋ ਕਹਾਂਗਾ ਉਹ ਮੇਰੇ ਪੁੱਤਰ ਦੀ ਯੋਗਤਾ ਹੋਵੇਗੀ।। ਜਿਸ ਵਿੱਚ ਮੈਂ ਵੀ ਦੋਸ਼ੀ ਨਹੀਂ ਹਾਂ। ਮੇਰਾ ਪੁੱਤਰ ਲੰਮਾ ਹੈ ਰੰਗ ਦਾ ਗੋਰਾ ਹੈ। ਜਦ ਕਿ ਮੈਂ ਛੋਟਾ ਹਾਂ ਰੰਗ ਵਿੱਚ ਗੋਰਾ ਹਾਂ। ਇਹ ਸ਼ਾਇਦ ਮੇਰੀ ਪਤਨੀ ਦੇ ਕਾਰਨ ਹੈ। ਜਿਸਦੇ ਘਰ ਦੇ ਸਾਰੇ ਲੋਕ ਲੰਮੇ ਅਤੇ ਗੋਰੀ ਚਮੜੀ ਵਾਲੇ ਹਨ। ਪਤੀ ਪਤਨੀ ਦੇ ਮਿਲਾਪ ਦਾ ਨਤੀਜਾ ਹਮੇਸ਼ਾ ਹੀ ਸ਼ਾਨਦਾਰ ਹੁੰਦਾ ਹੈ। ਉਸ ਮਿਲਾਪ ਵਿੱਚ ਬਹੁਤ ਕੁਝ ਪਿਆ ਹੁੰਦਾ ਹੈ। ਉਦਾਰਨ ਲਈ ਅਭਿਨੇਤਰੀ ਹੈਲਨ ਟੈਰੀ ਨੇ ਜਾਰਜ ਬਰਨਾਰਡ ਸ਼ਾਅ ਨੂੰ ਲਿਖਿਆ। ਬੱਚਾ ਕਿੰਨਾ ਚੰਗਾ ਹੋਵੇਗਾ ਅਗਰ ਆਪਾਂ ਦੋਵੇਂ ਇਕੱਠੇ ਹੋ ਜਾਈਏ। ਇਸ ਤੇ ਬਰਨਾਰਡ ਸ਼ਾਅ ਨੇ ਜਵਾਬ ਦਿੱਤਾ ਮੈਡਮ ਬਦਕਿਸਮਤੀ ਨਾਲ ਜੇ ਬੱਚੇ ਨੂੰ ਮੇਰੀ ਦਿੱਖ ਅਤੇ ਸਮਝ ਮਿਲ ਗਈ ਤਾਂ ਤੁਸੀਂ ਜਾਣਦੇ ਨਹੀਂ ਅੰਜਾਮ ਕੀ ਹੋਵੇਗਾ। ਇਸ ਲਈ ਤੁਹਾਨੂੰ ਜੇ ਉਸ ਦਾ ਇਕ ਮਜਾਕ ਲੰਗੜਾ ਲਗਦਾ ਹੈ। ਤੁਸੀਂ ਫਿਰ ਦੁਬਾਰਾ ਸੋਚੋ। ਅਗਰ ਬੱਚੇ ਨੂੰ ਹੈਲਨ ਦੀ ਸ਼ਕਲ

ਅਤੇ ਬੁੱਧੀ ਮਿਲ ਗਈ ਤਾਂ ਕੀ ਹੋਏਗਾ। ਮੇਰਾ ਪੁੱਤਰ ਬਹੁਤ ਪਤਲਾ ਹੈ। ਉਸ ਦਾ ਸਰੀਰ ਛਾਂਟਵਾ ਹੈ। ਇਕ ਉਸ ਦੀ ਹੋਰ ਖਾਸੀਅਤ ਹੈ ਕਿ ਉਸ ਨੂੰ ਥੋੜੇ ਕੀਤੀ ਕੋਈ ਚੀਜ਼ ਪਸੰਦ ਨਹੀਂ ਆਉਂਦੀ। ਜਾਂ ਇਸ ਤਰ੍ਹਾਂ ਆਖ ਲਵੋ ਕਿ ਕੋਈ ਮੇਰੇ ਬੇਟੇ ਦੇ ਨੱਕ ਹੇਠ ਨਹੀਂ ਆਉਂਦਾ। ਉਸ ਦੇ ਚਿਹਰੇ ਤੇ ਇਕ ਮੋਟੀ ਨੱਕ ਹੈ। ਜੋ ਉਸ ਦੀਆਂ ਬਾਕੀ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹੈ। ਉਸ ਨੂੰ ਆਪਣੀ ਇਸ ਵਿਸ਼ੇਸ਼ਤਾਈ ਤੇ ਸ਼ਰਮਿੰਦਾ ਨਹੀਂ ਹੋਣਾ ਪੈਂਦਾ ਕਿਉਂਕਿ ਵਿਸ਼ੇਸ਼ ਹੋਣਾ ਤੇ ਵਿਸ਼ੇਸ਼ ਸਮਝਣਾ। ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਉਸ ਦੇ ਨੱਕ ਦੀਆਂ ਨਾਸ਼ਾ ਸਿਕੰਦਰ ਦੇ ਘੋੜੇ ਬੋਸ ਕਾਇਲਬ ਵਾਂਗ ਖੁੱਲ੍ਹੀਆਂ ਹਨ। ਤੇ ਬੰਦ ਹੁੰਦੀਆਂ ਹਨ। ਜੋ ਯੂਨਾਨ ਤੋਂ ਭਾਰਤ ਆਇਆ ਸੀ। ਕਈ ਵਾਰ ਉਹ ਆਪਣੇ ਨੱਕ ਦੀਆਂ ਨਾਸਾਂ ਦੀ ਵਰਤੋ ਉਦੋਂ ਵੀ ਕਰਦਾ ਹੈ। ਜਦੋਂ ਉਸ ਨੇ ਆਪਣੇ ਮਾਲਕ ਦੀ ਹਾਊਮੇ ਜਾਂ ਭਰਮ ਨੂੰ ਹਰਾਉਣਾ ਹੁੰਦਾ ਹੈ। ਠੰਡ ਵਿੱਚ ਕਈਆਂ ਦੇ ਨੱਕ ਵਗਦੇ ਹਨ ਪਰ ਮੇਰੇ ਪੁੱਤਰ ਦਾ ਨੱਕ ਠੰਡ ਵਿੱਚ ਬੰਦ ਹੋ ਜਾਂਦਾ ਹੈ। ਭਾਵ ਨਾਸਾਂ ਵਗਦੀਆਂ ਨਹੀਂ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਜਦੋਂ ਮੈਂ ਜਵਾਨ ਸੀ। ਮੈਨੂੰ ਅਕਸਰ ਠੰਡ ਲੱਗ ਜਾਂਦੀ ਸੀ। ਪਰ ਮੈਂ ਇਸ ਠੰਡ ਨੂੰ ਕਸਰਤ, ਸੌਣ, ਅਤੇ ਜਾਗਣ ਨਾਲ ਠੀਕ ਕਰ ਲੈਂਦਾ ਸੀ। ਪਰ ਮੇਰਾ ਬੇਟਾ ਇਸ ਜੁਕਾਮ ਨੂੰ ਬਿਲਕੁਲ ਕ੍ਰਾਂਤੀਕਾਰੀ ਤਰੀਕੇ ਨਾਲ ਠੀਕ ਕਰਦਾ ਹੈ। ਉਹ ਰਾਤ ਦੇ 1.30 ਵਜੇ ਤੀਕਰ ਜਾਗਦਾ ਰਹਿੰਦਾ ਹੈ। ਫਿਰ ਪੈਕਸ ਜਾਂ ਟਾਈਮ, ਨਿਊਯਾਰਕ ਦਾ ਹਫਤਾਵਾਰੀ ਰਸਾਲਾ ਪੜ੍ਹਦਾ ਹੈ। ਜਿਸ ਤੇ ਉਸ ਦਾ ਸੰਸਾਰ ਦਾ ਗਿਆਨ ਅਧਾਰਿਤ ਹੈ। ਫਿਰ ਸਵੇਰੇ ਆਰਾਮ ਨਾਲ ਉੱਠਦਾ ਹੈ। ਜਦੋਂ ਉਸਦੇ ਭੈਣ ਭਰਾ ਸਕੂਲ ਗਏ ਹੁੰਦੇ ਹਨ। ਮਾਂ ਘਰ ਦਾ ਸਾਰਾ ਕੰਮ ਕਰਦੀ ਹੈ। ਮੇਰਾ ਇਕ ਪੈਰ ਘਰ ਦੇ ਅੰਦਰ ਇਕ ਬਾਹਰ ਹੁੰਦਾ ਹੈ। ਜਦ ਮੈਂ ਘਰ ਪੈਰ ਰੱਖਾਂ ਤਾਂ ਉਸ ਦੀ ਮਾਂ ਅੱਖਾਂ ਵਿੱਚ ਨੀਂਦ ਲੈ ਕੇ ਮੇਰੇ ਕੋਲ ਆਉਂਦੀ ਹੈ। ਮੇਰੇ ਵੱਲ ਇਸ ਤਰ੍ਹਾਂ ਵੇਖਦੀ ਹੈ ਜਿਵੇਂ ਮੈਂ ਕੋਈ ਅਜਨਬੀ ਹੋਵਾਂ। ਜਦ ਉਸ ਨੂੰ ਵੇਖਦਾ ਹਾਂ ਤਾਂ ਮੈਂ ਉਸ ਨੂੰ ਨਮਸਕਾਰ ਕਰਦਾ ਹਾਂ। ਪਰ ਮੈਨੂੰ ਡਰ ਹੈ ਕਿ ਜਦੋਂ ਮੈਂ ਉਸ ਨੂੰ ਆਪਣੇ ਸਵਾਗਤ ਲਈ ਬੁਲਾਵਾਗਾਂ। ਉਹ ਮੈਨੂੰ ਨਮਸਕਾਰ ਨਹੀਂ ਕਰੇਗੀ। ਇਸ ਗੱਲ ਦਾ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ। ਪਰ ਮੇਰਾ ਸਾਰਾ ਦਿਨ ਹੀ ਘਰਾੜਿਆਂ ਵਿੱਚ ਬਰਬਾਦ ਹੋਵੇਗਾ ਫਿਰ ਸੋਚਦਾ ਹਾਂ ਬਸ ਇਹ ਹੀ ਜ਼ਿੰਦਗੀ ਹੈ। ਮੇਰੇ ਬੇਟੇ ਦੇ ਬੁੱਲ੍ਹ ਪਤਲੇ ਤੇ ਮਜਬੂਤ ਠੋਡੀ ਹੈ। ਜੋ ਮਜ਼ਬੂਤ ਇੱਛਾ ਸ਼ਕਤੀ ਨੂੰ ਦਰਸਾਉਂਦੀ ਹੈ। ਉਹ ਇਹ ਸ਼ਕਤੀ ਅਕਸਰ ਆਪਣੇ ਮਾਤਾ ਪਿਤਾ ਅਤੇ ਭੈਣ ਭਰਾਵਾਂ ਤੇ ਵਰਤਦਾ ਹੈ। ਉਸ ਦੀਆਂ ਅੱਖਾਂ ਛੋਟੀਆਂ ਹਨ ਨੇੜਲੀ ਚੀਜ ਨੂੰ ਅਸਾਨੀ ਨਾਲ ਵੇਖ ਸਕਦਾ ਹੈ। ਇਸ ਲਈ ਮੇਰਾ ਪੁੱਤਰ ਨਵੇਂ ਗਿਆਨ ਦੀ ਐਨਕ ਪਾਉਂਦਾ ਹੈ। ਉਸ ਦੀਆਂ ਭਰਵੀਆਂ ਮੋਟੀਆਂ ਅੱਖਾਂ ਮੈਨੂੰ ਈਮਾਨਦਾਰੀ ਦੀ ਨਿਸ਼ਾਨੀ ਲੱਗਦੀਆਂ ਹਨ। ਪਰ ਅਜਿਹਾ ਵੀ ਨਹੀਂ ਕਿ ਮੇਰੇ ਪੁੱਤਰ ਵਿੱਚ ਈਮਾਨਦਾਰੀ ਦੀ ਕਮੀ ਹੈ। ਉਸ ਵਿੱਚ ਬਹੁਤ ਸੁਹਿਰਦਤਾ ਹੈ। ਇਸ ਲਈ ਉਹ ਕਿਸੇ ਨੂੰ ਵੀ ਧੋਖਾ ਨਹੀਂ ਦਿੰਦਾ। ਮੈਨੂੰ ਅੱਜ ਇਹ ਸਮਝ ਨਹੀਂ ਆਈ ਕਿ ਉਸ ਕੋਲ ਸੁੱਧ ਦਿਲ ਹੈ। ਸ਼ੁੱਧ ਈਮਾਨਦਾਰੀ ਹੈ। ਪਰ ਫਿਰ ਵੀ ਉਹ ਪਤਾ ਨਹੀਂ ਧੋਖਾ ਕਿਓ ਨਹੀਂ ਦਿੰਦਾ। ਮੇਰੇ ਬੇਟੇ ਦਾ ਮੱਥਾ ਛੋਟਾ ਹੈ। ਅਕਸਰ ਹੀ ਕਿਹਾ ਜਾਂਦਾ ਹੈ ਕਿ ਤੰਗ ਮੱਥੇ ਵਾਲੇ ਬਹੁਤੇ ਸੋਹਣੇ ਨਹੀਂ ਹੁੰਦੇ। ਇਸਦਾ ਇਕ ਸਬੂਤ ਇਹ ਹੈ ਕਿ ਉਹ ਰੌਕਫੈਲਰ ਦੇ ਘਰ ਪੈਦਾ ਹੋਣ ਨਾਲੋਂ ਸਾਡੇ ਘਰ ਪੈਦਾ ਹੋਇਆ। ਜਦੋਂ ਵੇਖਦਾ ਹਾਂ ਕਿ ਉਸ ਦੀ ਮਾਂ ਕਿਵੇਂ ਮਰ ਮਰ ਕੇ ਕੰਮ ਕਰ ਰਹੀ ਹੈ। ਮੈਂ ਬਾਹਰ ਸਖਤ ਮਿਹਨਤ ਕਰਦਾ ਹਾਂ। ਉਹ ਆਪਣੇ ਕਮਰੇ ਵਿੱਚ ਅਨੰਦ ਲੈ ਰਿਹਾ ਹੈ। ਉਸ ਨੂੰ ਬਜ਼ੁਰਗ ਦੀ ਕਹੀ ਗੱਲ ਤੇ ਕੋਈ ਵਿਸ਼ਵਾਸ ਨਹੀਂ ਹੈ। ਉਹ ਸੁਭਾਅ ਤੋਂ ਵੱਖਰਾ ਹੀ ਹੈ। ਉਸ ਵਿਚ ਇਕ ਗੁਣ ਹੈ। ਉਹ ਆਪਾ ਭਾਵੇਂ ਕਿਸੇ ਤੇ ਵਿਸ਼ਵਾਸ ਕਰੇ ਜਾਂ ਨਾ ਕਰੇ ਪਰ ਦੂਜੇ ਨੂੰ ਆਪਣੇ ਤੇ ਵਿਸ਼ਵਾਸ਼ ਕਰਾਉਣ ਵਿੱਚ ਆਏ ਚਿਹਰੇ ਦਾ ਹਰ ਰੰਗ ਵਰਤਦਾ ਹੈ। ਫਿਰ ਨਾਲ ਹੀ ਆਖ ਦੇਵੇਗਾ ਮੈਂ ਤੁਹਾਡੀ ਗੱਲ ਪਹਿਲਾਂ ਹੀ ਸਮਝ ਗਿਆ ਸੀ। ਅੱਜ ਦੀ ਤੇਜ ਰਫਤਾਰ ਦੁਨੀਆ ਨੂੰ ਮੇਰਾ ਬੇਟਾ

ਆਪਣੇ ਅਨਕੂਲ ਹੀ ਚਲਾਉਂਦਾ ਹੈ। ਮੈਂ ਉਸ ਦੇ ਉੱਲਟ ਹਾਂ। ਉਸ ਨੂੰ ਤੇਜ ਕਾਰ ਚਲਾਉਣ ਦਾ ਸ਼ੌਕ ਹੈ। ਉਸ ਨਾਲ ਕਈ ਹਾਦਸੇ ਵੀ ਹੋਏ। ਕਈ ਹਾਦਸੇ ਖਤਰਨਾਕ ਵੀ ਹੋਏ। ਮੈਂ ਆਪਣੀ ਕਾਰ ਪੱਚੀ ਦੀ ਰਫ਼ਤਾਰ ਨਾਲ ਚਲਾਉਂਦਾ ਹਾਂ। ਉਸ ਦੇ ਨਾਲ ਹੋਏ ਕੀਮਤੀ ਹਾਦਸਿਆਂ ਦੀ ਕੀਮਤ ਮੈਨੂੰ ਬੜੀ ਮਹਿੰਗੀ ਤਾਰਨੀ ਪਈ। ਇਕ ਹਾਦਸੇ ਦੀ ਕੀਮਤ ਅਠਾਰਾਂ ਸੌ ਰੁਪਏ ਅਤੇ ਦੂਜੇ ਹਾਦਸੇ ਦੀ ਕੀਮਤ ਬਾਰਾਂ ਸੌ ਰੁਪਏ। ਇਕ ਦਿਨ ਮੇਰਾ ਬੇਟਾ ਮੇਰੇ ਨਾਲ ਕਾਰ ਵਿੱਚ ਬੈਠਾ ਸੀ। ਮੈਂ ਕਾਰ ਚਲਾ ਰਿਹਾ ਸੀ। ਮੈਂ ਕਾਰ ਵੀ ਆਮ ਰਫ਼ਤਾਰ ਵਾਂਗ ਹੌਲੀ ਚਲਾ ਰਿਹਾ ਸੀ। ਅਚਾਨਕ ਇੱਕ ਬੱਚਾ ਕਾਰ ਅੱਗੇ ਆ ਗਿਆ। ਕਾਰ ਨੇ ਉਸ ਨੂੰ ਟੱਕਰ ਮਾਰੀ। ਉਹ ਫੁੱਟਪਾਥ 'ਤੇ ਡਿੱਗ ਪਿਆ। ਖ਼ੁਸ਼ਕਿਸਮਤੀ ਨਾਲ ਉਸ ਦੀ ਜਾਨ ਬਚ ਗਈ। ਸਾਡੀ ਵੀ ਜਾਨ ਬਚ ਗਈ। ਅਸੀਂ ਹਸਪਤਾਲ ਤੋਂ ਪੱਟੀ ਕਰਾ ਕੇ ਘਰ ਲਈ ਰਵਾਨਾ ਹੋਏ। ਮੈਂ ਆਪਣੇ ਬੇਟੇ ਨੂੰ ਕਿਹਾ, "ਵੇਖੋ ਜੇ ਮੈਂ ਤੇਰੀ ਤਰ੍ਹਾਂ ਕਾਰ ਚਲਾਉਂਦਾ ਤਾਂ ਬੱਚੇ ਨੇ ਮਰ ਜਾਣਾ ਸੀ। ਮੇਰੀ ਸਾਰੀ ਗੱਲ ਮੇਰਾ ਬੇਟਾ ਚੁੱਪ ਕਰਕੇ ਸੁਣਦਾ ਰਿਹਾ ਅਤੇ ਬੋਲਿਆ ਅਗਰ ਤੁਸੀਂ ਮੇਰੀ ਰਫ਼ਤਾਰ ਨਾਲ ਕਾਰ ਚਲਾਉਂਦੇ ਤਾਂ ਬੱਚੇ ਦੇ ਅੱਗੇ ਆਉਣ ਨਾਲ ਤੁਸੀਂ ਪਹਿਲਾਂ ਨਿਕਲ ਜਾਣਾ ਸੀ। ਅਸੀਂ ਵੀ ਜ਼ਖ਼ਮੀ ਨਾ ਹੁੰਦੇ ਨਾ ਬੱਚੇ ਨੂੰ ਟੱਕਰ ਮਿਲਦੀ। ਉਸ ਦੀ ਗੱਲ ਸੁਣ ਕੇ ਮੈਂ ਸੋਚਿਆ ਸ਼ਾਇਦ ਖਲੀਲ ਜਿਬਰਾਨ ਨੇ ਸਹੀ ਹੀ ਕਿਹਾ ਹੈ। ਕਿ ਤੁਸੀਂ ਬੱਚੇ ਨੂੰ ਆਪਣਾ ਤਨ ਅਤੇ ਮਨ ਦੇ ਸਕਦੇ ਹੋ ਪਰ ਆਪਣੇ ਵਿਚਾਰ ਨਹੀਂ ਦੇ ਸਕਦੇ। ਅੱਜ ਦੇ ਬੱਚਿਆਂ ਦੀ ਗੱਲ ਕਈ ਵਾਰ ਸੁਣਨ ਨੂੰ ਦਿਲ ਵੀ ਕਰਦਾ ਹੈ। ਪਤਾ ਨਹੀਂ ਫਿਰ ਕਿਉਂ ਸੋਚਦੇ ਹਾਂ ਕਿ ਇਹ ਅਜੇ ਬੱਚੇ ਹਨ। ਜੋ ਹਕੀਕਤ ਨੂੰ ਹਰ ਸਮੇਂ ਸ਼ਬਦਾਂ ਵਿੱਚ ਕੈਦ ਕਰਦੇ ਹਨ। ਉਹ ਉਸ ਸਮੇਂ ਇਹ ਨਹੀਂ ਸੋਚਦੇ ਕਿ ਸੰਸਾਰ ਦੀ ਹਰ ਚੀਜ ਦਾ ਕੋਈ ਵਾਧੂ ਦਰਜਾ ਵੀ ਹੈ। ਕੋਈ ਵੀ ਅਸਲੀਅਤ ਪੂਰਨ ਨਹੀਂ ਹੁੰਦੀ। ਅਸਲੀਅਤ ਸਥਾਨਿਕ ਹੈ ਅਤੇ ਆਲਸੀ, ਸੰਜੀਵ ਮਨ ਕਈ ਵਾਰ ਪੜ੍ਹਨਾ ਅਤੇ ਸੋਚਣਾ ਬੰਦ ਕਰ ਦਿੰਦਾ ਹੈ। ਪਰ ਇਸ ਸੀਮਤ ਅਸਲੀਅਤ ਨੂੰ ਦੁਨੀਆ ਵਿੱਚ ਫੈਲਾਉਂਦਾ ਹੈ। ਹਾਂ ਚਲੋ ਬੱਚਿਆ ਦਾ ਵਿੱਚ ਹੀ ਰਹਿ ਗਿਆ ਸੀ। ਕਿਸੇ ਨੇ ਖਲੀਲ ਜ਼ਿਬਰਾਨ ਨੂੰ ਪੁੱਛਿਆ ਅਸੀਂ ਬੱਚਿਆਂ ਨੂੰ ਆਪਣੇ ਵਿਚਾਰ ਕਿਉਂ ਨਹੀਂ ਦੇ ਸਕਦੇ। ਸਾਨੂੰ ਕਿਉਂ ਕਿਹਾ ਜਾਂਦਾ ਹੈ। ਕਿ ਪਤੀ ਪਤਨੀ ਨੂੰ ਬੱਚਿਆਂ ਦੇ ਨਾਲ ਨਹੀਂ ਲੜਨਾ ਚਾਹੀਦਾ। ਭਾਵੇਂ ਕਿ ਇਹ ਕੁਦਰਤੀ ਟਕਰਾਅ ਹੈ। ਹਰ ਬੱਚੇ ਨੂੰ ਡੂੰਘੀ ਨਿਗ੍ਹਾ ਨਾਲ ਵੇਖਣਾ ਅਤੇ ਸਮਝਣਾ ਚਾਹੀਦਾ ਹੈ। ਬੱਚਿਆਂ ਤੋਂ ਸਿੱਖਣ ਲਈ ਬਹੁਤ ਕੁਝ ਮਿਲਦਾ ਹੈ। ਅਗਰ ਤੁਸੀਂ ਕੁਝ ਸਿੱਖਣਾ ਚਾਹੁੰਦੇ ਹੋ ਤਾਂ। ਅੱਜ ਕੱਲ ਹਜ਼ਾਰਾਂ ਬੱਚੇ ਆਪਣੇ ਵਿਚਾਰਾ ਨੂੰ ਆਪਣੇ ਕੰਨਾਂ ਅਤੇ ਅੱਖਾਂ ਰਾਹੀਂ ਆਪਣੇ ਅੰਦਰ ਸਮਾ ਲੈਂਦੇ ਹਨ। ਉਹ ਜਿਹੜੇ ਤਰੀਕਿਆਂ ਨਾਲ ਵਿਚਾਰਾਂ ਨੂੰ ਆਪਣੇ ਅੰਦਰ ਸਮਾ ਲੈਂਦੇ ਹਨ। ਇਹ ਨੁਕਤਾ ਨਾ ਮੈਂ ਸਮਝ ਸਕਿਆ ਨਾ ਤੁਸੀਂ ਸਮਝ ਸਕਦੇ ਹੋ। ਅੱਜ ਦਾ ਬੱਚਾ ਇਹ ਸਵੀਕਾਰ ਨਹੀਂ ਕਰਦਾ ਕਿ ਉਹ ਬੂੰਦ ਦੀ ਉਹ ਕਣੀ (ਭਾਵ ਨੀਂਦ ਦੀ ਉਹ ਕਣੀ) ਨਾਲ ਹੀ ਧਰਤੀ ਤੇ ਡਿੱਗਿਆਂ ਜਾਂ ਜੰਮਿਆ। ਉਹ ਆਪਣੇ ਬਜ਼ੁਰਗਾ ਨੂੰ ਆਪਣੇ ਅਤੇ ਉਹਨਾਂ ਦੇ ਜੰਮਣ ਬਾਰੇ ਸਵਾਲ ਪੁੱਛਦਾ ਹੈ। ਰਸਮੀ ਜਵਾਬ ਮਿਲਣ ਕਰਕੇ ਹੀ ਉਹ ਕਲਮ ਚੁੱਕਦਾ ਹੈ। ਫਿਰ ਉਹ ਉਸ ਦੇ ਜਵਾਬ ਵਿੱਚ ਲੇਖ ਲਿਖਦਾ ਹੈ। ਹਰ ਕੋਈ ਕੁਦਰਤੀ ਪੈਦਾ ਨਹੀਂ ਹੁੰਦਾ। ਸਾਰਿਆਂ ਨੂੰ ਪੈਦਾ ਕੀਤਾ ਜਾਂਦਾ ਹੈ। ਚਲੋ ਇਹ ਤਾਂ ਬੱਚਿਆ ਦਾ ਸਵਾਲ ਸੀ। ਸਾਡੇ ਲੇਖਕਾਂ ਨੇ ਵੀ ਬਹੁਤ ਗੜਬੜ ਕੀਤੀ ਹੈ। ਕ੍ਰਿਸ਼ਨ ਵਿਆਸ ਤੋਂ ਲੈ ਕੇ ਵਿਸ਼ਨੂੰ ਪ੍ਰਭਾਕਰ ਤੀਕਰ। ਉਸ ਸਮੇਂ ਤੋਂ ਉਨੇ ਹੀ ਪਿੱਛੇ ਹਨ। ਜਿੰਨਾ ਸਮਾਂ ਉਨ੍ਹਾਂ ਤੋਂ ਅੱਗੇ ਹੈ। ਸਮੇਂ ਦੇ ਲਿਹਾਜ ਨਾਲ ਵੇਖੀਏ ਤਾਂ ਅਸੀਂ ਓਨਾ ਪਾਇਆ ਨਹੀਂ ਜਿੰਨਾ ਗੁਆਇਆ ਹੈ। ਪਰ ਅਸੀਂ ਇਸ ਘਾਟੇ ਚੋਂ ਜੋ ਵੀ ਪਾਇਆ ਹੈ ਉਹ ਕਾਲੀਦਾਸ, ਭੁਭੂਤੀ ਅਤੇ ਸ਼ੈਕਸਪੀਅਰ ਹਨ। ਮੈਂ ਤੁਹਾਨੂੰ ਬੇਨਤੀ ਕਰਾਂਗਾ ਅੱਜ ਦੇ ਦ੍ਰਿਸ਼ਟੀਕੋਣ ਤੋਂ ਕਿ ਮੈਨੂੰ ਇਹਨਾ ਮਹਾਂਪੁਰਖਾਂ ਦੇ ਦਰਸ਼ਨ ਨਾ ਕਰਨ ਦਿਓ। ਮੈਂ ਇਹਨਾਂ ਅੱਗੇ ਬਹੁਤ ਨਿਕੰਮਾ ਆਦਮੀ ਹਾਂ। ਅੱਜ ਦੇ ਨੋਜਵਾਨ ਨੂੰ ਮੇਰੀ ਸਲਾਹ ਹੈ। ਮੈਨੂੰ

ਪੜ੍ਹੋ ਅਤੇ ਮੈਨੂੰ ਰੱਦ ਕਰ ਦਿਓ। ਪਰ ਮੇਰੇ ਬਾਰੇ ਆਪਣੇ ਵਿਚਾਰਾਂ ਨੂੰ ਰੱਦ ਨਾ ਕਰਨਾ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮੇਰਾ ਬੇਟਾ ਇਹੀ ਹੈ ਪਰ ਮੈਂ ਗਲਤ ਹਾਂ। ਮੇਰਾ ਪੁੱਤਰ ਮੇਰੇ ਅਧਿਕਾਰ ਨੂੰ ਨਹੀਂ ਮੰਨਦਾ ਨਾ ਹੀ ਉਹ ਹੋਰ ਕਿਸੇ ਦੇ ਅਧਿਕਾਰ ਨੂੰ ਮੰਨਦਾ ਹੈ। ਇਹ ਵਰਤਾਰਾ ਵੇਖ ਕੇ ਮੈਂ ਰੋਣ ਲੱਗਦਾ ਹਾਂ। ਮੈਨੂੰ ਇੰਝ ਲਗਦਾ ਹੈ, ਮੇਰਾ ਬਜ਼ੁਰਗਾ ਅਤੇ ਮੇਰੇ ਪੂਰਵੂਜਾਂ ਦੀਆਂ ਰੂਹਾਂ ਕਿਸੇ ਸਵਰਗਾਂ ਵਿੱਚ ਭਟਕ ਰਹੀਆਂ ਹਨ। ਕਦੇ ਉਹ ਵੀ ਆਪਣੇ ਸਮੇਂ ਵਿੱਚ ਕ੍ਰਾਂਤੀਕਾਰੀ ਸਨ। ਉਹਨਾਂ ਨੇ ਸੱਤਾ ਦੇ ਵਿਰੁੱਧ ਕਦੇ ਜਿਹਾਦ ਛੇੜਿਆ ਸੀ। ਬਹੁਤ ਹੀ ਤਸੀਹੇ ਝੱਲੇ ਸਨ। ਮੈਂ ਸੋਚਦਾ ਹਾਂ ਉਹ ਵੀ ਮੇਰੇ ਵਰਗੇ ਹੋਣਗੇ। ਜਿਨ੍ਹਾਂ ਨੇ ਸਮੇਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਸਾਨੂੰ ਜਿੰਨਾ ਹੋ ਸਕਿਆ ਉਨ੍ਹਾਂ ਨੇ ਦਿੱਤਾ। ਹੁਣ ਤੁਸੀਂ ਇਹ ਕਲਪਨਾ ਕਰ ਸਕਦੇ ਹੋ ਕਿ ਮੇਰੇ ਪੁੱਤਰ ਨੂੰ ਕਿਹੜੀਆਂ ਚੀਜਾਂ ਨਾਲ ਨਜਿੱਠਣਾ ਪੈਂਦਾ ਹੈ। ਜੀਵਨ ਦੀ ਰਫ਼ਤਾਰ, ਕਦਮ ਦਰ ਕਦਮ ਨਾਲ ਸਖਤ ਮੁਕਾਬਲਾ, ਪਦਾਰਥ ਅਤੇ ਅਧਿਆਤਮਕ ਮੁੱਲਾਂ ਦਾ ਸੰਘਰਸ਼, ਪੁਰਾਣੇ ਅਤੇ ਨਵੇਂ ਟਕਰਾਵਾਂ। ਭਾਵੇਂ ਮੈਂ ਬਹੁਤ ਪੜ੍ਹਦਾ ਹਾਂ ਪਰ ਮੇਰਾ ਮਨ ਜਗੀਰੂ ਹੈ। ਪਰ ਮੇਰੇ ਪੁੱਤਰ ਦਾ ਨਹੀਂ। ਮੈਂ ਉਸ ਕੋਲੋਂ ਇਕ ਖਾਸ ਕਿਸਮ ਦੀ ਨਿਮਰਤਾ ਅਤੇ ਆਗਿਆਕਾਰੀ ਦੀ ਮੰਗ ਕਰਦਾ ਹਾਂ। ਜੋ ਉਹ ਮੈਨੂੰ ਨਹੀਂ ਦੇ ਸਕਦਾ। ਨਾ ਹੀ ਦੇਣਾ ਚਾਹੁੰਦਾ ਹੈ। ਮੈਂ ਉਸ ਵੱਲ ਮੁਸਕਰਾ ਕੇ ਵੇਖਦਾ ਹਾਂ ਅਤੇ ਸੋਚਦਾ ਹਾਂ ਅੱਜ ਦੇ ਨੌਜਵਾਨ ਨੂੰ ਕੀ ਹੋ ਗਿਆ ਹੈ। ਇਹ ਹੀ ਵਾਕ ਕਦੇ ਮੇਰੇ ਬਜ਼ੁਰਗਾਂ ਨੇ ਵੀ ਮੈਨੂੰ ਆਖੇ ਸਨ। ਬੁਜਰਗਾਂ ਦਾ ਸਮਾਂ ਬੜਾ ਕਮਾਲ ਦਾ ਸਮਾਂ ਸੀ। ਉਸ ਸਮੇਂ ਵਿੱਚ ਮਨੁੱਖੀ ਸ਼ਖ਼ਸੀਅਤ ਟੁੱਟੇ ਹੋਏ ਸੀਨੇ ਵਾਂਗ ਦਿਖਾਈ ਨਹੀਂ ਦਿੰਦੀ ਸੀ। ਉਸ ਵਕਤ 'ਸਕੂਜ਼' ਅਤੇ 'ਫਰਨਾ' ਸ਼ਬਦ ਦੀ ਕਾਡ ਨਹੀਂ ਕੱਡੀ ਗਈ ਸੀ। ਨੀਂਦ ਦੀਆਂ ਗੋਲੀਆਂ ਦੀ ਵਰਤੋ ਨਹੀਂ ਕੀਤੀ ਜਾਂਦੀ ਸੀ। ਐਸ. ਡੀ. ਚੋਬਿਸ ਜਾਂ ਫਿਰ ਦਰਖਤ ਦੇ ਪੱਤੇ ਦਾ ਰਸ ਪੀਤਾ ਜਾਂਦਾ ਸੀ। ਮਨੁੱਖ ਆਪਣੇ ਆਪ ਨੂੰ ਡੂੰਘਾਈ ਅਤੇ ਉਚਾਈ ਤੀਕਰ ਲੈਂਦੇ ਚਲੇ ਜਾਂਦਾ ਸੀ।

ਮੇਰਾ ਬੇਟਾ ਉਚਾਈਆਂ ਵਿੱਚ ਉੱਡਣ ਦਾ ਆਦੀ ਹੋ ਗਿਆ ਹੈ। ਉਹ ਉਚਾਈ ਨੂੰ ਉਚਾਈ ਤੋਂ ਹੋਰ ਅੱਗੇ ਵੇਖਦਾ ਹੈ। ਉਹ ਜਿਸ ਹਰਿਆਵਲ ਵਿੱਚ ਸਫ਼ਰ ਕਰਦਾ ਹੈ। ਉਸ ਉਸ ਦੇ ਮਨ ਅਤੇ ਚੇਤਨਾ ਦੀਆਂ ਪਰਤਾ ਹਨ। ਜਿਸ ਵਿੱਚ ਕੋਇਲਾ ਕੈਂਥ ਮੱਛੀ ਤੋਂ ਲੈ ਕੇ ਆਈਨਸਟਾਈਨ ਤੱਕ ਦੇ ਸਾਰੇ ਅਨੁਭਵ ਛੁੱਪੇ ਹੋਏ ਹਨ। ਜਿੱਥੇ ਪਹੁੰਚਣ ਲਈ ਸਾਡੇ ਸਾਧੂਆਂ ਨੇ ਹਜ਼ਾਰਾਂ ਸਾਲ ਤਪੱਸਿਆ ਕੀਤੀ। ਇਹ ਵੀ ਇਕ ਤੱਥ ਹੈ ਕਿ ਮੈਂ ਆਪਣੇ ਪੁੱਤਰ ਵਾਂਗ ਬਹੁਤਾ ਨਹੀਂ ਜਾਣਦਾ। ਜੇਕਰ ਤੁਸੀਂ ਸੋਚਦੇ ਹੋ ਕਿ ਮੈਂ ਆਪਣੇ ਆਪ ਨੂੰ ਇੱਥੇ ਜੀਰੋ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਤਾਂ ਇਹ ਮੇਰੇ ਨਾਲ ਬਹੁਤ ਵੱਡੀ ਬੇਇਨਸਾਫ਼ੀ ਹੋਵੇਗੀ। ਭਾਵੇਂ ਕਿ ਮੈਨੂੰ ਪਤਾ ਹੁੰਦਾ ਹੈ ਕਿ ਸੁਏਜ਼ ਨਹਿਰ ਫਰਾਂਸੀਸੀ ਇੰਜਨੀਯਰ ਨੇ ਬਣਾਈ ਹੈ ਜਿਸ ਦਾ ਨਾਂ ਡੀਲੇਲਿਪਸ ਹੈ। ਮੈਂ ਆਪਣੇ ਪੁੱਤਰ ਦੇ ਸਵਾਲਾਂ ਦੇ ਜਵਾਬ ਜਿਸ ਤਰੀਕੇ ਨਾਲ ਦਿੰਦਾ ਹਾਂ। ਉਹ ਸੰਤੁਸ਼ਟ ਨਹੀਂ ਹੁੰਦਾ। ਇਸ ਲਈ ਉਸਦੇ ਕੁਝ ਸਵਾਲਾਂ ਦੇ ਜਵਾਬ ਮੈਂ ਆਪਣੇ ਅੰਦਰ ਹੀ ਦੱਬ ਲੈਂਦਾ ਹਾਂ। ਹੁਣ ਮੈਨੂੰ ਲਗਦਾ ਹੈ ਕਿ ਮੈਂ ਬੇਸਮਝ ਹਾਂ ਅਤੇ ਮੇਰਾ ਸਮਾਂ ਬੀਤ ਗਿਆ ਹੈ। ਉਸ ਸਮੇਂ ਮੇਰੀ ਸਥਿਤੀ ਉਸ ਡੈਡੀ ਵਰਗੀ ਹੁੰਦੀ ਹੈ। ਜਿਸ ਨੂੰ ਉਸਦਾ ਪੁੱਤਰ ਪੁੱਛਦਾ ਹੈ 'ਡੈਡੀ ਮਿਸਰ ਦੇ ਇਹ ਟਾਵਰ ਕਿਉ ਬਣਾਏ ਗਏ ਸਨ? ਜੋ ਹੱਥ ਆਉਂਦਾ ਬਸ ਬਣਾਈ ਜਾਵੋ। ਪਹਿਲੇ ਸਮੇਂਆ ਵਿੱਚ ਲੋਕਾਂ ਕੋਲ ਬਹੁਤ ਸਮਾਂ ਹੁੰਦਾ ਸੀ। ਮੈਂ ਆਖਦਾ ਹਾਂ ਹੱਬ ਜਾਣਦਾ ਪੁੱਤਰ ਜੀ। ਫਿਰ ਉਹ ਸਵਾਲ ਕਰਦਾ ਡੈਡੀ ਜਿਰਾਫ਼ ਦੀ ਗਰਦਨ ਐਨੀ ਲੰਬੀ ਕਿਉਂ ਹੁੰਦੀ ਹੈ। ਬੇਟਾ ਕੁਝ ਜਾਨਵਰਾਂ ਦਾ ਕਦ ਲੰਬਾ ਹੁੰਦਾ ਹੈ ਅਤੇ ਕੁਝ ਕੁ ਦਾ ਛੋਟਾ। ਡੈਡੀ ਬੱਚਾ ਕੇਵਲ ਔਰਤ ਕੋਲੋ ਹੀ ਕਿਉਂ ਪੈਦਾ ਹੁੰਦਾ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ। ਅਗਰ ਮਰਦ ਕੋਲੋ ਬੱਚਾ ਪੈਦਾ ਹੋ ਜਾਵੇ। ਉਹ ਔਰਤ ਬਣ ਜਾਵੇ। ਡੈਡੀ ਲਗਦਾ ਤੁਸੀਂ ਮੇਰੇ ਸਵਾਲਾਂ ਨੂੰ ਸੁਣ ਕੇ ਕਾਫੀ ਉਲਝਣ ਵਿੱਚ ਫਸੇ ਲਗਦੇ ਹੋ। ਲਗਦਾ ਮੈਨੂੰ ਤੁਹਾਡੇ ਕੋਲੋਂ ਇਹ ਸਵਾਲ ਪੁੱਛਣੇ ਨਹੀਂ ਚਾਹੀਦੇ। ਬੇਟਾ ਤੇਰੀ ਮਰਜ਼ੀ ਹੈ। ਅਗਰ ਤੁਸੀਂ

ਸਵਾਲ ਨਹੀਂ ਪੁਛੋਗੇ ਤਾਂ ਗਿਆਨ ਕਿਵੇਂ ਹੋਵੇਗਾ। ਸਾਡੀ ਆਪਸੀ ਨੋਕ ਝੋਕ ਕਾਫੀ ਹੁੰਦੀ। ਮੇਰਾ ਬੇਟਾ ਰਾਤ ਨੂੰ ਕੀ ਸੋਚਦਾ ਹੈ। ਉਹ ਰਾਤ ਨੂੰ ਦੇਰ ਤੀਕਰ ਕਿਉਂ ਨਹੀਂ ਸੌਂਦਾ। ਕੀ ਬਦਾਮ ਜਾਂ ਨੀਂਦ ਦੀਆਂ ਗੋਲੀਆਂ ਹੀ ਇਲਾਜ ਹਨ। ਕੀ ਸੈਕਸ ਉਸ ਨੂੰ ਪਰੇਸ਼ਾਨ ਕਰਦਾ ਹੈ। ਉਹ ਸਤਾਈ ਸਾਲ ਦਾ ਹੈ। ਉਸ ਦੀਆਂ ਕੁਝ ਮੰਗਾਂ ਜਾਇਜ਼ ਹਨ। ਜਦ ਮੈਂ ਉਸਦੇ ਵਿਆਹ ਦੀ ਗੱਲ ਛੇੜਾਂ। ਉਹ ਸਦਾ ਇਨਕਾਰ ਹੀ ਕਰਦਾ ਹੈ। ਮੈਨੂੰ ਲਗਦਾ ਉਹ ਵਿਆਹ ਤੋਂ ਇਸ ਲਈ ਇਨਕਾਰ ਕਰਦਾ ਹੈ ਕਿ ਉਹ ਉਦੋਂ ਤੀਕਰ ਕੁੜੀ ਦੀ ਜ਼ਿੰਦਗੀ ਤਬਾਹ ਨਹੀਂ ਕਰੇਗਾ ਜਦੋਂ ਤੱਕ ਉਹ ਇਸ ਦੁਨੀਆ ਵਿੱਚ ਆਪਣੀ ਜਗ੍ਹਾ ਨਹੀਂ ਬਣਾ ਲੈਂਦਾ। ਸਾਡੇ ਜ਼ਮਾਨੇ ਵਿੱਚ ਲੋਕ ਇੱਕ ਦੂਜੇ ਤੇ ਹੀ ਨਹੀਂ ਆਪਣੇ ਆਪ ਤੇ ਵੀ ਵਿਸ਼ਵਾਸ਼ ਕਰਦੇ ਸਨ। ਉਹ ਜਿਸ ਔਰਤ ਨਾਲ ਵਿਆਹ ਕਰਦੇ ਸਨ ਉਸ ਨੂੰ ਲਕਸ਼ਮੀ ਸਮਝਦੇ ਸਨ। ਜਿਸਦੇ ਆਉਣ ਨਾਲ ਕਿਸਮਤ ਦੇ ਦਰਵਾਜੇ ਆਪਣੇ ਆਪ ਖੁੱਲ੍ਹ ਜਾਂਦੇ ਹਨ। ਮੇਰੇ ਬੇਟੇ ਦੇ ਕੀ ਵਿਚਾਰ ਹਨ? ਮੈਂ ਉਹਨਾਂ ਤੀਕਰ ਪਹੁੰਚਣ ਦੀ ਕੋਸ਼ਿਸ਼ ਕਰਾਂਗਾ। ਆਉ ਉਸ ਦੀ ਰੂਹ ਤੀਕਰ ਉੱਤਰੀਏ ਅਤੇ ਵੇਖੀਏ ਕਿ ਉਹ ਕਿੰਨਾ ਸਵਾਰਥੀ ਹੋ ਗਿਆ। ਉਹ ਹਮੇਸ਼ਾ ਹੀ ਕਿਸੇ ਹੋਰ ਬਾਪੂ ਦੇ ਪੈਰ ਛੂਹ ਲਵੇਗਾ। ਪਰ ਸਵੇਰੇ ਉੱਠ ਕੇ ਉਹ ਆਪਣੇ ਬਾਪ ਵੱਲ ਵੇਖਦਾ ਵੀ ਨਹੀਂ। ਕੀ ਇਹ ਸਿਰਫ ਇਸ ਲਈ ਹੈ ਕਿ ਦੂਜੇ ਬਾਪ ਨੇ ਆਪਣੇ ਪੁੱਤਰਾਂ ਦੇ ਪਿਤਾ ਨੇ ਉਸਨੂੰ ਕੁਝ ਕਾਲੇ ਪੰਨਿਆ ਤੋਂ ਇਲਾਵਾ ਕੁਝ ਵੀ ਨਹੀਂ ਦਿੱਤਾ। ਇੱਥੇ ਇਹ ਕਹਿਣਾ ਬਣਦਾ ਹੈ ਕਿ ਮੇਰਾ ਪੁੱਤਰ ਬਾਕੀ ਨੌਜਵਾਨਾਂ ਵਾਂਗ ਰਾਤੋ ਰਾਤ ਅਮੀਰ ਬਣਨਾ ਚਾਹੁੰਦਾ ਹੈ। ਉਹ ਇਹ ਨਹੀਂ ਜਾਣਦਾ ਕਿ ਪੈਸਾ ਕਮਾਉਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਕੀ ਤੁਹਾਨੂੰ ਇਕ ਰੱਦੀ ਨੂੰ ਦੂਜੀ ਰੱਦੀ ਉਪਰ ਰੱਖਣਾ ਪਵੇਗਾ? ਜਿਸ ਤਰ੍ਹਾਂ ਉਹ ਧਰਮ ਅਤੇ ਹੋਰ ਰੀਤੀ ਰਿਵਾਜਾਂ ਦਾ ਕਾਇਲ ਨਹੀਂ। ਇਸ ਤਰ੍ਹਾਂ ਹੀ ਉਹ ਮਿਹਨਤ ਕਰਨ ਦਾ ਵੀ ਕਾਇਲ ਨਹੀਂ। ਉਹ ਘੜੇ ਤੇ ਹੀ ਮੁੰਝ ਕੁੱਟਦਾ ਹੈ। ਉਹ ਖੁਦ ਨੂੰ ਅਲਾਦੀਨ ਦਾ ਚਿਰਾਗ਼ ਸਮਝਦਾ ਹੈ। ਮੈਨੂੰ ਪਤਾ ਹੈ ਕਿ ਮੇਰਾ ਬੇਟਾ ਮੇਰਾ ਨਾਮ ਵਰਤਦਾ ਹੈ। ਕਿਉਂ ਨਾ ਵਰਤੇ ਮੈਂ ਉਸ ਦਾ ਬਾਪ ਹਾਂ। ਇਸ ਗੱਲ ਵਿੱਚ ਕੋਈ ਸ਼ਰਮ ਨਹੀਂ ਮਹਿਸੂਸ ਕਰਦਾ। ਪਰ ਇਕ ਦਿਨ ਮੈਨੂੰ ਪਤਾ ਲੱਗਾ ਕਿ ਉਹ ਮੇਰਾ ਪੁੱਤਰ ਹੋਣ ਤੇ ਮਜ਼ਬੂਰ ਅਤੇ ਸ਼ਰਮਿੰਦਾ ਹੈ। ਮੇਰੇ ਕਾਰਨ ਉਹ ਕਿਸੇ ਕੋਲੋਂ ਦਸ ਰੁਪਏ ਵੀ ਨਹੀਂ ਮੰਗ ਸਕਦਾ। ਮੈਂ ਹੱਸਦੇ ਨੇ ਕਿਹਾ, "ਬੇਟਾ ਕਿਤੇ ਤੁਸੀਂ ਮੇਰਾ ਨਾਮ ਵਰਤਦੇ ਹੋ। ਕਿਤੇ ਤੁਹਾਨੂੰ ਮੇਰਾ ਬੇਟਾ ਹੋਣ ਤੇ ਸ਼ਰਮਿੰਦਾ ਹੋਣਾ ਪੈਂਦਾ ਹੈ। ਕਿਤੇ ਤੁਸੀਂ ਦਸ ਰੁਪਏ ਵੀ ਨਹੀਂ ਮੰਗ ਸਕਦੇ। ਮੈਨੂੰ ਤਾਂ ਕੁਝ ਵੀ ਸਮਝ ਨਹੀਂ ਆ ਰਿਹਾ। ਉਹ ਫਿਰ ਬਥੇਰਾ ਤੁਹਾਨੂੰ ਸਾਰੀ ਜ਼ਿੰਦਗੀ ਇਹ ਨਾ ਸਮਝ ਆਇਆ ਨਾ ਆਉਣਾ ਹੈ। ਤੁਹਾਨੂੰ ਸਿਰਫ ਵਰਕੇ ਕਾਲੇ ਕਰਨੇ ਆਉਂਦੇ ਹੈ। ਮੇਰਾ ਬੇਟਾ ਮੇਰੀ ਜ਼ਿੰਦਗੀ ਚੋਂ ਭਾਵਨਾਤਮਕਤਾ ਅਤੇ ਆਦਰਸ਼ਵਾਦ ਖਤਮ ਕਰਨਾ ਚਾਹੁੰਦਾ ਹੈ। ਉਹ ਆਪਣੇ ਪਿਤਾ ਨੂੰ ਅਜਿਹੀ ਸਥਿਤੀ ਵਿੱਚ ਵੇਖਣਾ ਚਾਹੁੰਦਾ ਹੈ। ਉਹ ਕਿਸੇ ਕੋਲੋ ਵੀ ਫਿਲਮ ਬਣਾਉਣ ਲਈ ਦੋ ਲੱਖ ਦੀ ਮੰਗ ਕਰ ਸਕਦਾ ਹੈ। ਉਸ ਦੋ ਲੱਖ ਤੋਂ ਲੱਖਾਂ ਰੁਪਏ ਕਮਾ ਸਕਦਾ ਹੈ। ਇਸ ਕਿਸਮ ਦੇ ਸੁਆਰਥ ਤੇ ਪਦਾਰਥਵਾਦ, ਸਿਗਰਟਾਂ, ਸ਼ਰਾਬ, ਔਰਤ ਆਦਿ ਪਿਉ-ਪੁੱਤਰਾ ਨੂੰ ਇਸ ਧਰਤੀ ਤੋਂ ਉਜਾੜ ਦਿੰਦੇ ਹਨ। ਅਸਲ ਵਿੱਚ ਭੌਤਿਕ ਅਰਥਾਂ ਵਿੱਚ ਮੇਰੇ ਕੋਲ ਹੈ ਕੀ ਜਿਸ ਨਾਲ ਮੈਂ ਆਪਣੇ ਪੁੱਤਰ ਨੂੰ ਬਰਖਾਸਤ ਕਰ ਸਕਦਾ ਹਾਂ? ਜੇ ਉਹ ਕਿਸੇ ਗੱਲ ਤੇ ਗੁੱਸੇ ਹੋ ਕੇ ਚਲੇ ਗਿਆ। ਮੈਂ ਉਸ ਨੂੰ ਜ਼ਰੂਰ ਲੱਭਾਂਗਾ ਅਤੇ ਜੇ ਮੈਂ ਕਿਤੇ ਚਲੇ ਗਿਆ ਉਹ ਮੈਨੂੰ ਕਦੇ ਵੀ ਨਹੀਂ ਲੱਭੇਗਾ। ਇਸ ਲਈ ਮੈਂ ਅਤਿਅੰਤ ਦਹਿਸ਼ਤ ਦੇ ਪਲਾਂ ਵਿੱਚ ਵੀ ਘਰ ਵਿੱਚ ਘੁਸਪੈਠ ਕਰਦਾ ਹਾਂ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਮੇਰਾ ਪੁੱਤਰ ਕਿਤੇ ਜਾਵੇ। ਮੈਂ ਉਸਨੂੰ ਬਰਖਾਸਤ ਕਰਨ ਬਾਰੇ ਨਹੀਂ ਸੋਚਦਾ। ਡਰਦਾ ਹਾਂ ਕਿ ਉਹ ਮਨੁੱਖੀ ਸਿਧਾਂਤਾਂ ਦੀ ਉਲੰਘਣਾ ਕਰਕੇ ਮੈਨੂੰ ਉਜਵਲ ਭਵਿੱਖ ਤੋਂ ਬਰਖਾਸਤ ਕਰ ਦੇਵੇ। ਹੁਣ ਮੈਂ ਸੋਚਦਾ ਹਾਂ ਬਰਾਬਰ ਦਾ ਪੁੱਤ ਵੀ ਪਿਉ ਬਣ ਜਾਂਦਾ ਹੈ। *

(**ਸੰਪਰਕ** +1 559-309-2031)



## ਸਵੈ ਕਥਨ / ਚਿੱਟੇ ਕਾ.ਗਜ਼ ਦੀ ਚੁੱਪ... / - ਬਲੀਜੀਤ



ਮੈਨੂੰ ਲੱਗਦਾ ਹੈ ਕਿ ਹਰ ਕਹਾਣੀ ਵਿੱਚ ਇੱਕ 'ਵੁਆਇਸ' ਹੁੰਦੀ ਹੈ। ਹਰ ਵੁਆਇਸ ਆਪਣੀ ਕਿਸਮ ਦੀ ਉੱਚੀ ਨੀਂਵੀਂ ਹੁੰਦੀ ਹੈ। ਜੋ ਜੀਵਨ ਮੈਂ ਵੇਖਿਆ, ਜੀਵਿਆ...ਉਸ ਜੀਵਨ ਨੇ ਮੈਨੂੰ ਵੁਆਇਸ ਦਿੱਤੀ। ਲਗਭਗ ਬਿਆਲੀ ਸਾਲਾਂ 'ਚ ਮੈਂ ਬੱਤੀ ਕਹਾਣੀਆਂ ਲਿਖੀਆਂ। ਕਹਾਣੀ ਕਿਤੇ ਬਾਹਰ ਨਹੀਂ, ਮੇਰੇ ਅੰਦਰ ਪਈ ਹੈ। ਅੰਦਰੋਂ ਫੜ੍ਹਨ, ਲੱਭਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੇ ਸਾਹਮਣੇ ਪਿਆ ਚਿੱਟਾ ਕਾ.ਗਜ਼ ਮੈਨੂੰ ਬਹੁਤ ਡਰਾਉਂਦਾ ਹੈ। ਮੈਂ ਇਸ ਚਿੱਟੇ ਕਾ.ਗਜ਼ ਤੋਂ ਲੁਕਣ ਦੇ ਬਹਾਨੇ ਘੜਦਾ ਰਹਿੰਦਾ ਹਾਂ। ਕੁੱਝ ਲਿਖਣ ਤੋਂ ਡਰਿਆ ਆਪਣੇ ਲੇਖਕ ਨੂੰ ਉਡੀਕੀ ਜਾਣ ਦੇ ਭਰਮ 'ਚ ਉਲਝਾਈ ਰੱਖਦਾ ਹਾਂ। ਲਿਖ ਲਿਖ ਕਾ.ਗਜ਼ ਪਰ੍ਹੇ ਰੱਖੀ ਜਾਂਦਾ ਹਾਂ। ਕਾਫ਼ੀ ਸਾਰੇ ਚਿੱਟੇ ਕਾ.ਗਜ਼, ਕਈ ਕਿਸਮ ਦੇ ਪੈੱਨ ਜਿਹਨਾਂ ਵਿੱਚ ਰੰਗ-ਬਰੰਗੀਆਂ ਸਿਆਹੀਆਂ ਹੋਣ...ਤੇ ਹਰ ਕਿਸਮ ਦੀ ਸਟੇਸ਼ਨਰੀ ਸਾਹਮਣੇ ਰੱਖ ਕੇ ਮੈਂ ਆਪਣੇ ਲੇਖਕ ਨੂੰ ਆਪਣੇ ਕੋਲ ਆਉਣ ਦੀ ਬੇਨਤੀ ਕਰਦਾ ਹਾਂ। ਮੇਰੀ ਦੂਸਰੀ ਕਿਤਾਬ 'ਇਬਾਰਤਾਂ' ਬਾਰੇ ਜੋਗਿੰਦਰ ਸਿੰਘ ਨਿਰਾਲਾ ਦੇ ਆਰਟੀਕਲ ਦਾ ਸਿਰਲੇਖ ਸੀ: ਨਿਵੇਕਲੇ ਬਿਰਤਾਂਤ ਸ਼ਾਸ਼ਤਰ ਦਾ ਸਿਰਜਕ। ਮੈਨੂੰ ਅੱਜ ਵੀ ਨਹੀਂ ਪਤਾ ਕਿ ਬਿਰਤਾਂਤ ਸ਼ਾਸ਼ਤਰ ਕੀ ਹੁੰਦਾ ਹੈ। ਕਹਾਣੀ ਲਿਖਦੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਨੂੰ ਕੁੱਝ ਵੀ ਸਮਝ ਨਹੀਂ ਆਉਂਦਾ। ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਕਰੀ ਜਾਂਦਾ ਹਾਂ। ਮਨੁੱਖ ਦਾਮਨ-ਮਸਤਕ...ਜਿਸ ਨੂੰ ਮੈਂ

ਚਿੱਟਾ ਕਾਗ਼ਜ਼ ਕਹਿੰਦਾ ਹੋਇਆ ਘਾਬਰਦਾ ਹਾਂ, ਇਹੀ ਮੇਰਾ ਯੁੱਧ-ਖੇਤਰ ਹੈ... ਤੇ ਹੌਲੀ ਹੌਲੀ ਸ਼ਬਦਾਂ ਦੇ ਆਸਰੇ ਤੈਰ ਕੇ ਇੱਕ ਮਨ ਤੋਂ ਦੂਸਰੇ ਮਨ ਤੱਕ ਸੱਤ ਸਾਗਰ ਪਾਰ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਸ਼ਬਦ ਦੇ ਸਹਾਰੇ ਨੂੰ ਹੀ ਆਖਰੀ ਟੇਕ ਮੰਨਦਾਂ ... ਇਸੇ ਨੂੰ ਹੀ ਠੀਕ ਸਮਝਦਾ ਹਾਂ। ਹੋਰ ਕੋਈ ਮਾਧਿਅਮ ਸਾਰਥਕ... ਸਹਾਈ ਹੁੰਦਾ ਨਹੀਂ ਦਿੱਸਦਾ। ਹੋਰ ਕੋਈ ਖਿੜਕੀ ਖੋਲ੍ਹੀ ਤਾਂ ਮੇਰੀ ਬਿਰਤੀ ਟੁੱਟ ਜਾਏਗੀ। ਮੈਨੂੰ ਮੜ੍ਹੀਆਂ ਦੇ ਰਾਹ ਤੋਰ ਦੇਵੇਗੀ। ਮੈਨੂੰ ਦਵੇਗੀ ਕੁੱਝ ਵੀ ਨਹੀਂ... ਪਰ ਮੇਰਾ ਸਮਾਂ, ਸ਼ਕਤੀ ਫਜ਼ੂਲ ਵਿੱਚ ਹੀ ਖਾ ਜਾਏਗੀ।

ਕਹਾਣੀ ਹਲ ਨਾਲ ਵਾਹੇ ਖੇਤ ਵਿੱਚ ਖੁੱਲ੍ਹਾ ਪਾਣੀ ਛੱਡਣ ਵਾਂਗ ਵੀ ਲੱਗਦੀ ਹੈ...ਜਾਂ ਭਾਂਡੇ ਵਿੱਚ ਬਾਰਿਸ਼ ਦਾ ਪਾਣੀ ਪੈਣ ਵਾਂਗ... ਪਾਣੀ ਆਪਣੀ ਮਰਜ਼ੀ ਨਾਲ ਕਿਧਰੇ ਵੀ ਤੁਰਦਾ ਫਿਰੇ... ਜਾਂ ਰੁਕ ਜਾਵੇ। ਅੱਖਰ ਅੱਖਰ... ਸ਼ਬਦ ਸ਼ਬਦ ਕਹਾਣੀ ਨੇ ਅੱਗੇ ਵੱਧਣਾ ਹੁੰਦਾ ਏ। ਮਨੁੱਖੀ ਪਾਤਰ ਤੇ ਉਸ ਦੇ ਪੈਰਾਂ ਹੇਠਲੀ ਜ਼ਮੀਨ ਚਿੱਟੇ ਕਾਗ਼ਜ਼ ਲਈ ਵੱਡੀ ਚੁਨੌਤੀ...ਉੱਚੇ ਪਹਾੜ ਦੀ ਟੀਸੀ ਹੁੰਦੀ। ਚਿੱਟਾ ਕਾਗ਼ਜ਼ ਚੁੱਪ ਕਰਕੇ ਮੇਜ਼ 'ਤੇ ਲੇਟਿਆ ਘੂਰੀ ਜਾਂਦਾ। ਕਿਸੇ ਪਾਸੇ ਤੋਂ...ਕਿਵੇਂ ਵੀ ਏਹਦੀ ਚੁੱਪ ਤੋੜਨੀ ਹੀ ਵੱਡਾ ਚੈਲਿੰਜ। ਸੌਖਿਆਂ ਨਹੀਂ ਟੁੱਟਦੀ ਇਹ ਚੁੱਪ... ਤਾਂ ਵੀ ਰਚਨਾ ਅੰਦਰ ਪਾਤਰ ਮੂੰਹ ਜੋਰ ਹੁੰਦੇ ਨੇ... ਉਹ ਆਪਣਾ ਵਜੂਦ, ਆਕਾਰ, ਆਪਣੀਆਂ ਤਾਕਤਾਂ, ਕਮਜ਼ੋਰੀਆਂ... ਆਪਣਾ ਸਭ ਕੁਝ ਆਪਣੇ ਨਾਲ ਹੀ ਚੁੱਕੀ ਫਿਰਦੇ ਨੇ... ਕਾਗ਼ਜ਼ ਦੀ ਹਿੱਕ 'ਤੇ ਗਿੱਧਾ ਪਾਂਉਂਦੇ ਨੇ। 'ਠੀਹਾ' ਕਹਾਣੀ ਦੇ ਪਾਤਰ ਅਸਲ ਲੋਕ ਨੇ। ਆਪਣੇ ਕਸਬ ਦੀ ਕਹਾਣੀ ਉਹਨਾਂ ਨੇ ਆਪ ਲਿਖੀ ਹੈ। ਇਹ ਕਹਾਣੀ ਲੇਖਕ ਆਪਣੇ ਸਾਹਮਣੇ ਵਾਪਰਦੀ ਦੇਖਦਾ ਹੈ। ਉਹ ਵਾਪਰਦੀ ਦੇਖ ਕੇ ਕਾਗ਼ਜ਼ 'ਤੇ ਲਿਖੀ ਜਾਂਦਾ ਹੈ।

ਮੇਰਾ ਨਾਨਕਾ ਦਾਦਕਾ ਦੇਸੀ ਚਮੜੇ ਦੀਆਂ ਜੁੱਤੀਆਂ ਬਣਾ ਕੇ ਵੇਚਦੇ ਸਨ। ਅਜ਼ਾਦੀ ਤੋਂ ਪਹਿਲਾਂ ਮੇਰਾ ਦਾਦਾ ਜੁੱਤੀਆਂ ਦੀਆਂ ਬੋਰੀਆਂ ਰੇਲ ਗੱਡੀ 'ਚ ਲੱਦ ਕੇ ਲਾਹੌਰ ਨੂੰ ਤੁਰਿਆ ਰਹਿੰਦਾ ਸੀ। ਕਹਾਣੀ 'ਠੀਹਾ' ਉਹਨਾਂ ਹਾਸ਼ੀਆ ਗ੍ਰਸਤ ਲੋਕਾਂ ਦੇ ਕਸਬ ਦੀ ਕਹਾਣੀ ਹੈ ਜੋ ਪਿੰਡਾਂ ਦੀਆਂ ਹੱਡਾ ਰੋੜੀਆਂ ਵਿੱਚ ਮੁਰਦਾ ਪਸ਼ੂਆਂ ਨੂੰ ਨਜਿੱਠਣ ਦਾ ਕੰਮ ਕਰਦੇ ਹਨ। ਮੇਰੇ ਦੋ ਕੰਨ, ਦੋ ਅੱਖਾਂ, ਦੋ ਨ੍ਹਾਸਾਂ...ਤੇ ਹੋਰ ਇੰਦਰੀਆਂ ਇਕੱਠੀਆਂ ਹੋ ਕੇ ਜਦੋਂ ਵੀ...ਜੋ ਵੀ ਮੈਨੂੰ ਸੁਣਾਉਂਦੀਆਂ... ਦਿਖਾਉਂਦੀਆਂ... ਸੁੰਘਾਉਂਦੀਆਂ ਤੇ ਸਮਝਾਉਂਦੀਆਂ ਹਨ ਤਾਂ ਮੈਂ ਅੱਗੇ ਬੋਲਦਾ, ਲਿਖਦਾ ਹਾਂ। ਮੈਂ ਆਪਣੀਆਂ ਕਹਾਣੀਆਂ ਨੂੰ ਇੱਕ ਦੂਜੀ ਨਾਲ ਆਪਸ ਵਿੱਚ ਲੜਾ ਕੇ 'ਮੈਚ' ਲਾਈ ਰੱਖਦਾ ਹਾਂ। ਹੱਥ ਵਿੱਚਲੀ ਕਹਾਣੀ ਨੂੰ ਪਹਿਲੀਆਂ ਨਾਲੋਂ ਅੱਗੇ ਨਿਕਲ ਜਾਣ ਲਈ ਉਕਸਾਉਂਦਾ ਰਹਿੰਦਾ ਹਾਂ ਤੇ...ਆਪਣੇ ਸਿਰ ਦੇ ਉੱਤੋਂ ਦੀ ਉੱਚੀ ਲੰਮੀ ਛਾਲ ਮਾਰਨੀ ਲੋਚਦਾ ਹਾਂ। ਸੋਲ੍ਹਾਂ ਸਾਲ ਪਹਿਲਾਂ ਦਸੰਬਰ 2007 ਵਿੱਚ ਮੈਂ 'ਠੀਹਾ' ਨਾਂ ਵਾਲੀ ਕਹਾਣੀ ਲਿਖਦਾ ਹਾਂ। ਮੇਰੀ ਉਮਰ ਦਾ ਸਾਲ ਛਿਆਲੀਵਾਂ। ਇਹ ਲਗਭਗ ਮੇਰੀ ਪੰਦਰਵੀਂ ਕਹਾਣੀ ਹੋਵੇਗੀ। ਇਹ ਕਹਾਣੀ ਭਗਵੰਤ ਰਸੂਲਪੁਰੀ ਦੇ ਪਰਚੇ 'ਕਹਾਣੀ ਧਾਰਾ' ਵਿੱਚ ਅਪ੍ਰੈਲ 2008 ਦੇ ਅੰਕ ਵਿੱਚ ਛਪਦੀ ਹੈ। ਮੇਰੀ ਕਹਾਣੀਆਂ ਦੀ ਦੂਸਰੀ ਕਿਤਾਬ 'ਇਬਾਰਤਾਂ' ਵਿੱਚ ਸ਼ਾਮਿਲ ਕੀਤੀ ਹੋਈ ਹੈ। ਇਸ ਤੋਂ ਪਹਿਲਾਂ ਮੇਰੀ ਪਹਿਲੀ ਕਿਤਾਬ 'ਸੌ ਗੱਲਾਂ' ਪੰਜਾਬੀ ਪਾਠਕਾਂ ਦੇ ਸਨਮੁੱਖ ਹੋ ਚੁੱਕੀ ਹੋਈ ਹੈ। ਮੈਨੂੰ ਯਕੀਨ ਹੈ ਕਿ ਕੁਦਰਤ ਨੇ ਇਨਸਾਨ ਨੂੰ ਜੇ ਦੋ ਕੰਨ, ਦੋ ਅੱਖਾਂ ਤੇ ਦੋ ਨ੍ਹਾਸਾਂ ਦਿੱਤੀਆਂ... ਪਰ ਜ਼ੁਬਾਨ ਇੱਕ ਹੀ ਦਿੱਤੀ ਹੈ ਤਾਂ ਕਿ ਬੋਲਣ ਤੋਂ ਪਹਿਲਾਂ... ਕੋਈ, ਗੱਲ ਵਿਚਾਰ ਸ਼ਬਦ ਦਾ ਰੂਪ ਧਾਰ ਕੇ ਬ੍ਰਹਿਮੰਡ ਵਿੱਚ ਜਾਣ ਤੋਂ ਪਹਿਲਾਂ ਇਹਨਾਂ ਛੇ ਇੰਦਰੀਆਂ ਵੱਲੋਂ ਪ੍ਰਵਾਨਿਤ ਹੋਵੇ। ਮੈਨੂੰ ਹਰ ਕਹਾਣੀ ਨਾਲ ਸੰਬੰਧਤ ਸਾਰੇ ਛੋਟੇ ਵੱਡੇ ਕਾਗ਼ਜ਼... ਪਰਚੀਆਂ ਸੰਭਾਲ ਕੇ ਰੱਖਣ ਦੀ ਆਦਤ ਹੈ। 'ਠੀਹਾ' ਕਹਾਣੀ ਨਾਲ ਸੰਬੰਧਤ ਮੇਰੇ ਹੱਥ-ਲਿਖੇ ਸੱਠ ਵਰਕੇ ਹੁਣ ਵੀ ਮੇਰੇ ਕੋਲ ਨੇ। ਰੋਪੜ ਮੇਰੇ ਘਰ ਤੋਂ ਸਤਲੁਜ ਦਾ ਵੱਡਾ ਪੁਲ ਟੱਪ ਕੇ... ਸਤਲੁਜ ਦੇ

ਛਿਪਦੇ ਕੰਢੇ ਖੜੀਆਂ ਪਹਾੜੀਆਂ ਅਤੇ ਦਰਿਆ ਵਿਚਾਲੇ ਪਤਲੀ ਸੜ੍ਹਕ ਉੱਤੇ ਚੌਦਾਂ ਪੰਦਰਾਂ ਕਿਲੋਮੀਟਰ ਸਾਇਕਲ ਚਲਾ ਕੇ ਡੂੰਗੀਆਂ ਵਿੱਚ ਰਾਜੂ ਦਾ ਇਹ ਠੀਹਾ ਹੁੰਦਾ ਸੀ। ਇਹਨਾਂ ਪਹਾੜੀਆਂ ਵਿੱਚੋਂ ਮੇਰੀ ਮਾਂ ਮੈਨੂੰ ਬਾਲਣ ਲਈ ਸੁੱਕੀਆਂ ਲੱਕੜਾਂ ਲੈਣ ਭੇਜਦੀ ਹੁੰਦੀ ਸੀ। ਪਹਾੜੀਆਂ ਵਿੱਚ ਆਰਿਆਂ ਨਾਲ ਕੱਟੇ ਹੋਏ ਦਰਖ਼ਤਾਂ ਦੇ ਸੁੱਕੇ ਮੁੱਢ ਆਮ ਮਿਲ ਜਾਂਦੇ...ਪਹਾੜੀਆਂ ਦੀਆਂ ਟੀਸੀਆਂ...ਵੱਖੀਆਂ ਤੋਂ ਪਖੀਰੀ ਏ ਦੇ ਕੁਹਾੜੇ ਦੀ ਆਵਾਜ਼ ਗੂੰਜਦੀ ਰਹਿੰਦੀ। ਉਹ ਲੱਕੜੀਆਂ ਪੁੱਟਕੇ...ਵੱਢ ਕੇ ਹੇਠਾਂ ਬਰਸਾਤੂ ਨਾਲਿਆਂ ਦੀ ਰੇਤ ਵਿੱਚ ਵਗ਼ਾਹ ਕੇ ਸੁੱਟੀ ਜਾਂਦਾ। ਮੈਂ ਇਹ ਲੱਕੜੀਆਂ ਇੱਕ ਥਾਂਓਂ 'ਕੱਠੀਆਂ ਕਰੀ ਜਾਂਦਾ। ਉਹਨਾਂ ਦੇ ਘਰ ਕਦੇ ਪਖੀਰੀਏ ਦੇ ਬਾਹਰੋਂ ਘਰ ਮੁੜਨ ਨੂੰ ਉਡੀਕਦਾ ਉਸ ਘਰ ਵਿੱਚਲੇ ਪਾਤਰਾਂ ਨੂੰ ਦੇਖੀ ਸੁਣੀ ਜਾਂਦਾ। ਉੱਬਲਦਾ ਰਿੱਝਦਾ ਸਭ ਕੁੱਝ ਸੁੰਘੀ ਜਾਂਦਾ...ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਉਹ ਸਾਰਾ ਕੁੱਝ ਮੈਂ ਆਪਣੇ ਮਨ ਦੀ ਕੁਠਾਲੀ ਵਿੱਚ ਮਲ੍ਹਕ ਮਲ੍ਹਕ ਸੰਭਾਲੀ ਜਾ ਰਿਹਾ ਸਾਂ। ਚਿੱਟੇ ਕਾਗ਼ਜ਼ ਦਾ ਫਾਹਾ ਤਾਂ ਬਾਅਦ 'ਚ ਗਲ਼ ਪਿਆ।

'ਠੀਹਾ' ਕਹਾਣੀ ਵਿਚਲੇ ਮੁੱਖ ਪਾਤਰ ਦਾ ਅਸਲੀ ਜੀਵਨ ਵਿੱਚ ਵੀ ਨਾਮ ਰਾਜੂ ਹੀ ਹੈ। ਤਾਂ ਵੀ ਮੇਰਾ ਉਤਪਨ ਕੀਤਾ ਹੋਇਆ ਰਾਜੂ ਮੈਨੂੰ ਮੂਲ ਆਰਕੀਟਾਈਪ ਰਾਜੂ ਬੰਦੇ ਤੋਂ ਉੱਚਾ ਸੁੱਚਾ ਲੱਗਣ ਲੱਗਦਾ ਹੈ। ਕਿਉਂਕਿ ਇੱਕ ਤਾਂ ਉਹ ਮੇਰਾ ਹੈ। ਦੂਸਰਾ ਉਸ ਵਿੱਚ ਇੱਕ ਵੀਜ਼ਨਰ ਲਿਆ ਹੋਇਐ। ਉਸ ਦੀ ਆਪਣੀ ਜ਼ਿੰਦਗੀ ਇੱਕ ਨਿੱਜੀ ਛੋਟੀ ਜਹੀ ਮਰਿਆਦਾ ਦੀ ਚੂਲ 'ਤੇ ਟਿਕੀ ਹੋਈ ਹੈ। ਨੰਗੇ ਪੈਰੀਂ ਉਹ ਅੰਦਰੋਂ ਬਾਹਰੋਂ ਨੰਗਾ ਹੈ। ਮੁਰਦਾ ਪਸ਼ੂਆਂ ਦਾ ਠੇਕੇਦਾਰ ਹੈ। ਉਹਦੀ ਜੁੱਤੀ ਚੀਂ ਚੀਂ ਨਹੀਂ ਕਰਦੀ ਕਿਉਂਕਿ ਹੋਰਾਂ ਦੀਆਂ ਜੁੱਤੀਆਂ ਗੰਢਦਾ ਹੈ। ਜੁੱਤੀ ਦਾ ਤਲਾ ਘਸਣ ਦੇ ਹਿਸਾਬ ਤੋਂ ਪੈਰਾਂ ਵਾਲੇ ਦੇ ਸੁਭਾਅ ਬਾਰੇ ਕਿਆਫ਼ੇ ਲਾਉਂਦਾ ਹੈ। ਉਸ ਦੇ ਅੰਦਰ ਇੱਕ ਸਕਰਿਪਟ ਚੱਲਦੀ ਹੈ। ਜੋ ਕਾਗਜ਼ ਉੱਤੇ ਆ ਕੇ ਕਹਾਣੀ ਵਰਗੀ ਲੱਗਣ ਲੱਗਦੀ ਹੈ। ਕਦੇ ਉਹ ਮੈਨੂੰ ਮਹਾਤਮਾ ਬਣਿਆ ਦਿੱਖਣ ਲੱਗਦਾ ਹੈ। ਪਰ ਨਹੀਂ। ਉਹ ਤਾਂ ਹੋਰਾਂ (ਕਹਾਣੀਕਾਰਾਂ ਵਾਂਗ ਵੀ) ਆਪਣੇ ਕਸਬ ਦਾ ਚੋਰ ਹੈ। ਵਪਾਰੀਆਂ ਵਾਲੀਆਂ ਸਾਰੀਆਂ ਜੁਗਤਾਂ ਵਰਤਦਾ ਹੈ। ਝੂਠੀਆਂ ਸੌਂਹਾਂ ਖਾਂਦਾ ਹੈ। ਤਾਂ ਵੀ ਕਹਾਣੀ ਦੇ ਖ਼ਤਮ ਹੁੰਦਿਆਂ ਉਹ ਕਿਸੇ ਉੱਚੀ ਪਦਵੀ ਦੀ ਪ੍ਰਾਪਤੀ ਦੇ ਨੇੜੇ ਤੇੜੇ ਪ੍ਰਤੀਤ ਹੁੰਦਾ ਹੈ: '... ਰਾਜੂ ਮੰਜੇ 'ਤੇ ਢਹਿ ਪਿਆ। ਅੱਖਾਂ ਮੀਚ ਲਈਆਂ। ਕੋਇਆਂ 'ਚ ਹੁਲਾਸ ਨਾਲ ਪਾਣੀ ਇਕੱਠਾ ਹੋ ਗਿਆ। ਫੇਰ ਕਿਸੇ ਮਿਹਰਬਾਨ ਅੱਗੇ ਉਮੀਦ 'ਚ ਹੱਥ ਜੋੜ ਅਰਦਾਸ ਕਰਨ ਲੱਗਿਆ। ਅਰਦਾਸ ਜੋ ਹੋਰ ਕੋਈ ਸੁਣ ਨਹੀਂ ਸੀ ਸਕਦਾ ... ਉਸ ਨੇ ਹੱਥ ਜੋੜੀ ਰੱਖੇ। ਅੱਖਾਂ ਖੋਲ੍ਹੀਆਂ। ਝਪਕੀਆਂ। ਦੀਵੇ ਦੀ ਲੋਅ 'ਚ, ਅੱਖਾਂ ਦੇ ਪਾਣੀ ਨਾਲ ਧੋਤੀਆਂ, ਅੱਖਾਂ ਚਮਕ ਪਈਆਂ। ਟਿਕ ਟਿਕੀ ਲਾ ਕੇ ਡੂੰਗੀ ਦੀ ਛੱਤ ਦੇ ਕਾਨੇ ਦੇਖਦਾ ਰਿਹਾ। ਕਾਨੇ ਅੱਖਾਂ ਅੱਗੇ ਰੰਗ ਬਦਲਣ ਲੱਗ ਪਏ। ਲੇਟਿਆ ਰਿਹਾ... ਸ਼ਾਂਤ ... ਅਹਿੱਲ। ਹਿੱਲ ਕੇ ਕਿਤੇ ਰੰਗਾਂ-ਰੌਸ਼ਨੀਆਂ ਦੀ ਯਾਤਰਾ ਦਾ ਅਕਸ਼ ਨਾ ਤਿੜਕ ਜਾਵੇ...।'

ਰਾਜੂ ਨੂੰ ਲਿਖਣ ਵਕਤ ਮੈਂ ਉਚੇਚੇ ਤੌਰ ਉੱਤੇ ਉਸ ਨੂੰ ਕਦੇ ਮਿਲਣ ਨਹੀਂ ਗਿਆ। ਮੇਰੀ ਆਪਣੀ ਉਮਰ ਅਤੇ ਆਪਣੇ ਸਮਿਆਂ ਦੀ ਕੁਠਾਲੀ ਵਿੱਚ ਸੰਭਾਲਿਆ ਰਾਜੂ ਦਾ ਵਿਰਾਟ ਰੂਪ ਸਮਝਣ ਦੀ ਕੇਵਲ ਤਮੰਨਾ ਮਨ ਵਿੱਚ ਸੀ। ਚੌਵੀ ਪਿੰਡਾਂ ਦੀ ਰਿਆਸਤ ਦਾ ਮਾਲਕ ਉਹ ਮੈਨੂੰ ਕੀ ਸਮਝਦਾ ਹੈ। ਉਹ ਤਾਂ ਮੈਨੂੰ ਕਹਾਣੀਕਾਰ ਦੇ ਤੌਰ ਉੱਤੇ ਕਾਇਮ ਹੋਣ ਦੀ ਅਸੀਸ ਦੇਣ ਆਇਆ ਸੀ। ਮੈਂ ਸ਼ਰਧਾ ਸਹਿਤ ਅੱਖਾਂ ਭਰਦਾ ਹੋਇਆ ਆਪਣੇ ਪਾਤਰ ਅੱਗੇ ਸਿਰ ਝੁਕਾਉਂਦਾ ਹਾਂ। ਤੇ ਅੱਜ ਸੋਚਦਾ ਹਾਂ ਕਿ ਰਾਜੂ ਵਾਂਗ ਛੋਟੀ ਜਿਹੀ ਜ਼ਿੰਦਗੀ ਜਿਊ ਕੇ ਸੰਸਾਰ ਤੋਂ ਕੂਚ ਕਰਨਾ ਕਿੱਡੀ ਵੱਡੀ ਪ੍ਰਾਪਤੀ ਹੋਵੇਗੀ!! *

(**ਸੰਪਰਕ** 81467-60045)



ਕਹਾਣੀ/ **ਸੁਪਨੇ ਕੱਚ-ਕਿੱਰਚਾਂ- 2** / - **ਸੁਰਜੀਤ ਕਲਸੀ**



ਰਾਤ ਦਾ ਚੌਥਾ ਪਹਿਰ ਹੋ ਗਿਆ ਸੀ। ਪੁਲੀਸ ਦੀਆਂ ਗੱਡੀਆਂ ਦੇ ਚਲੇ ਜਾਣ ਮਗਰੋਂ ਲੀਸਾ ਫਿਰ ਪੌੜੀਆਂ ਚੜ੍ਹ ਕੇ ਉਪਰਲੀ ਮੰਜ਼ਲ ਵਿਚ ਚਲੀ ਗਈ, ਜਿਥੇ ਉਹ ਆਪਣੀਆਂ ਦੋ ਕੁੜੀਆਂ ਨਾਲ ਰਹਿੰਦੀ ਸੀ। ਗੁਰਮੇਜ਼ ਕੌਰ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਰਹੇ ਸਨ ਤੇ ਉਸ ਨੂੰ ਨਾ ਕੋਈ ਗੱਲ ਸਮਝ ਆਈ ਨਾ ਉਹ ਕਿਸੇ ਨੂੰ ਰੋਕ ਕੇ ਕੁਝ ਪੁੱਛ ਸਕੀ... ਰੋਂਦੀ ਰੋਂਦੀ ਸਿਰ ਫੜ੍ਹ ਕੇ ਉਥੇ ਹੀ ਸੋਫੇ ਤੇ ਬੈਠ ਗਈ। ਫਿਰ ਇਕ ਦਮ ਉੱਠੀ ਤੇ ਨੰਗੇ ਪੈਰੀਂ ਉਹ ਵੀ ਪੋਰਚ ਦੀਆਂ ਪੌੜੀਆਂ ਚੜ੍ਹ ਗਈ ਤੇ ਜਾ ਲੀਸਾ ਦਾ ਡੋਰ ਖੜਕਾਇਆ ਜੋ ਲੀਸਾ ਨੇ ਕੁਝ ਮਿੰਟ ਪਹਿਲਾਂ ਹੀ ਬੰਦ ਕੀਤਾ ਸੀ।

ਅੰਦਰੋਂ ਆਵਾਜ਼ ਆਈ, "ਹੂ'ਜ਼ ਇੱਟ?"

"ਡੋਰ ਖੋਹਲ, ਲੀਸਾ ਡੋਰ ਖੋਹਲ ਤੇ ਮੈਨੂੰ ਦੱਸ ਲੀਸਾ ਪਲੀਜ਼ ਦੱਸ ਮੈਨੂੰ ਪਰਮੀਤ ਨੂੰ ਕਿਉਂ ਲੈ ਕੇ ਗਏ

ਐ?" ਗੁਰਮੇਜ਼ ਅੱਥਰੂਆਂ ਭਰੀ ਆਵਾਜ਼ ਵਿਚ ਪੁੱਛਣ ਲੱਗੀ।

"ਵ੍ਹਾਟ? ਵ੍ਹਾਟ ਆਰ ਯੂ ਸੇਇੰਗ, ਮਾਮਾਅ?" ਲੀਸਾ ਨੇ ਇਕ ਦਮ ਡੋਰ ਖੋਹਲ ਕੇ ਪੁੱਛਿਆ।

"ਪਰਮੀਤ? ਕਿੱਥੇ ਲੈ ਗਏ ਉਹਨੂੰ?" ਗੁਰਮੇਜ਼ ਕੌਰ ਨੇ ਹੱਥਾਂ ਦੇ ਇਸ਼ਾਰਿਆਂ ਨਾਲ ਪੁੱਛਿਆ, ਤੇ ਨਾਲ ਅੱਖਾਂ ਪੂੰਝਣ ਲਗੀ।

"ਓ...ਪਾਰਮੀਟ?"

"ਯਾਅ... ਯਾਅ...।"

"ਦੇ ਟੇਕ ਹਰ ਟੂ ਹਾਸਪੀਟਲ... ਹਾਸਪੀਟਲ ਟੂ ਗੈਟ ਹਰ ਚੈੱਕ-ਅੱਪ, ਓ.ਕੇ. ਚੈੱਕ-ਅੱਪ।" ਲੀਸਾ ਨੇ ਵੀ ਆਪੇ ਪੇਟ 'ਤੇ ਦੋਨੋਂ ਹੱਥ ਰੱਖਦੀ ਨੇ ਹੱਥਾਂ ਦੇ ਇਸ਼ਾਰਿਆਂ ਨਾਲ ਦੱਸਿਆ।

ਗੁਰਮੇਜ਼ ਕੌਰ ਨੂੰ ਦੋ ਕੁ ਲਫ਼ਜ਼ ਹੀ ਸਮਝ ਆਏ, "ਅੱਛਾ, ਹਸਪਤਾਲ? ਹਸਪਤਾਲ ਚੈੱਕ-ਅੱਪ।" ਪਰ ਇਸ਼ਾਰਿਆਂ ਨਾਲ ਸਮਝ ਗਈ ਲਗਦੀ ਸੀ।

"ਓ.ਕੇ.? ਡੋਂਟ ਵਰੀ, ਸ਼ੀ ਵਿਲ੍ਹ ਬੀ ਓ.ਕੇ, ਯੂ ਗੋ ਐਂਡ ਸਲੀਪ, ਮਾਮਾਅ।" ਲੀਸਾ ਨੇ ਧਰਵਾਸ ਦਿੱਤੀ।

"ਓ.ਕੇ.।" ਸਲੀਪ ਕਿਥੇ ਹੁਣ ਮੇਰੀਆਂ ਅੱਖਾਂ ਵਿਚ? ਮੇਰਾ ਤਾਂ ਕਾਲਜਾ 'ਕੱਠਾ ਹੋਈ ਜਾ ਰਿਆ, ਹਾਏ, ਹਾਏ ਰੱਬਾ ਇਹ ਕੀ ਹੋ ਗਿਆ?" ਗੁਰਮੇਜ਼ ਕੌਰ ਦੀ ਭੁੱਬ ਨਿਕਲ ਗਈ ਤੇ ਉਹ ਖੜੋਤੀ ਖੜੋਤੀ ਡੋਲ ਗਈ। ਲੀਸਾ ਨੇ ਉਸ ਨੂੰ ਡਿੱਗਦੀ ਡਿੱਗਦੀ ਨੂੰ ਫੜ੍ਹ ਕੇ ਸਹਾਰਾ ਦਿੱਤਾ। ਮਗਰੋਂ ਗੁਰਮੇਜ਼ ਕੌਰ ਚੁੰਨੀ ਨਾਲ ਅੱਖਾਂ ਪੂੰਝਦੀ ਹੌਲੀ ਹੌਲੀ ਪੌੜੀਆਂ ਉੱਤਰ ਆਈ ਤੇ ਆ ਕੇ ਫੇਰ ਸੋਫੇ ਤੇ ਸਿਰ ਫੜ੍ਹ ਕੇ ਬੈਠ ਗਈ।

ਇਸੇ ਉਧੇੜ ਬੁਣ ਵਿਚ ਸਵੇਰ ਹੋਣ ਵਿਚ ਕੋਈ ਬਹੁਤੀ ਦੇਰ ਨਹੀਂ ਸੀ ਰਹੀ। ਕੈਲਾ ਐਨਾ ਸ਼ਰਾਬੀ ਹੋਇਆ ਬੇਹੋਸ਼ਾਂ ਵਾਂਗ ਅਜੇ ਵੀ ਪਿਆ ਸੀ। ਉਸ ਦੇ ਕਮਰੇ ਵਿੱਚੋਂ ਖਰਾਟਿਆਂ ਦੀ ਆਵਾਜ਼ ਨੇ ਮਾਂ ਨੂੰ ਬਹੁਤ ਬੇਚੈਨ ਕੀਤਾ ਹੋਇਆ ਸੀ। ਉਹਦਾ ਜੀ ਕੀਤਾ ਹੁਣੇ ਜਾ ਕੇ ਉਸ ਨੂੰ ਝੰਜੋੜ ਕੇ ਉਠਾਵੇ ਤੇ ਉਹਨੂੰ ਕਵੇ ਕਿ ਹੁਣੇ ਚੱਲ, ਮੈਨੂੰ ਲੈ ਕੇ ਚੱਲ ਹਸਪਤਾਲ, ਚੱਲ ਦੇਖ ਕੇ ਆਈਏ ਪਰਮੀਤ ਦਾ ਕੀ ਹਾਲ ਐ?

ਪਰਮੀਤ ਦੇ ਇਸ ਤਰ੍ਹਾਂ ਘਰੋਂ ਚਲੀ ਜਾਣ ਦੀ ਕੈਲੇ ਨੂੰ ਤਾਂ ਭਿੰਣਕ ਤੱਕ ਨਹੀਂ ਪਈ ਸੀ ਤੇ ਨਾ ਹੀ ਪਤਾ ਲਗਿਆ ਸੀ ਕਿ ਰਾਤ ਕੀ ਕੁਝ ਹੋਇਆ। ਉਸ ਨੂੰ ਕੋਈ ਆਵਾਜ਼ ਕੋਈ ਖੜਾਕ ਕੁਝ ਵੀ ਤਾਂ ਨਹੀਂ ਸੁਣਾਈ ਦਿੱਤਾ ਸੀ। ਉਹ ਸੱਚਮੁਚ ਹੀ ਸ਼ਰਾਬ ਦੇ ਨਸ਼ੇ ਵਿਚ ਬੇਹੋਸ਼ਾਂ ਵਾਂਗ ਸੁੱਤਾ ਪਿਆ ਸੀ। ਨਾ ਹੀ ਉਸ ਨੂੰ ਕਿਸੇ ਨੇ ਹਲੂਣ ਕੇ ਜਗਾਉਣ ਦੀ ਕੋਸ਼ਿਸ਼ ਕੀਤੀ। ਰਾਤ ਤਾਂ ਗੁਰਮੇਜ਼ ਕੌਰ ਨੂੰ ਇਸੇ ਵਿਚ ਹੀ ਭਲੀ ਲੱਗੀ ਸੀ ਕਿ ਕੈਲਾ ਅੰਦਰ ਹੀ ਰਵੇ ਤੇ ਚੰਗਾ ਐ, ਐਵੇਂ ਕੀ ਪਤਾ ਪੁਲੀਸ ਉਸ ਤੋਂ ਕੀ ਪੁੱਛ-ਗਿੱਛ ਕਰਨ ਲਗ ਪਵੇ ਤੇ ਫੇਰ ਉਹ ਕਿਸੇ ਚੱਕਰ 'ਚ ਨਾ ਪੈ ਜਾਏ।

ਗੁਰਮੇਜ ਕੌਰ ਭਾਵੇਂ ਅੰਦਰੋਂ ਖਿੱਝਦੀ ਪਈ ਸੀ ਅਤੇ ਬਹੁਤ ਬੈਚੈਨ ਹੋ ਗਈ ਸੀ, ਫਿਰ ਸੋਫੇ ਤੋਂ ਉੱਠੀ ਤੇ ਕੈਲੇ ਦੇ ਕਮਰੇ ਵੱਲ ਨੂੰ ਜਾਂਦੀ ਰੋਂਦੀ ਨੇ ਦੁਹਾਈ ਪਾ ਦਿੱਤੀ ਤੇ ਜਾਂਦਿਆਂ ਹੀ ਕੈਲੇ ਤੋਂ ਕੰਬਲ ਖਿੱਚ ਕੇ ਲਾਹ ਦਿੱਤਾ। ਫਿਰ ਉਸ ਨੂੰ ਝੰਜੋੜ ਝੰਜੋੜ ਕੇ ਕਹਿਣ ਲੱਗੀ,

"ਵੇ ਉੱਠ ਜਾ, ਦਫੇ ਹੋਣਿਆ! ਜਾ, ਜਾ ਕੇ ਦੇਖ ਕੇ ਆ ਪਰਮੀਤ ਨੂੰ ਕਿਹੜੇ ਹਸਪਤਾਲ ਲੈ ਕੇ ਗਏ ਐ ? ਦੇਖ, ਕਿੱਦਾਂ ਬੇਫਿਕਰ ਘੁਰਾੜੇ ਮਾਰ ਰਿਹੈ। ਉੱਠ! ਇਥੇ ਹਨੇਰੀ ਆਈ ਹੋਈ ਐ! ਆਹ ਝੱਖੜ ਝੁਲਿਆ ਪਿਐ! ਉਹ ਕੁੜੀ ਨੂੰ ਲੈ ਗਏ ਐ ਤੇ ਤੂੰ ਸੁੱਤਾ ਪਿਆ ਐ ਅਜੇ ਤੱਕ, ਉੱਠ!" ਗੁਰਮੇਜ਼ ਨੇ ਕੈਲੇ ਨੂੰ ਜ਼ੋਰ ਦੀ ਮੋਢਿਆਂ ਤੋਂ ਫੜ੍ਹ ਕੇ ਝੰਜੋੜਿਆਂ ਤੇ ਉੱਚੀ ਉੱਚੀ ਚੀਖੀ ਜਾਂਦੀ ਸੀ।

"ਕਰਨੈਲ! ਜਾ ਵੇ, ਜਾ ਕੇ ਪਰਮੀਤ ਦਾ ਪਤਾ ਕਰ?" ਤੇ ਉਹ ਹਟਕੋਰੇ ਲੈ ਲੈ ਰੋਣ ਲਗ ਪਈ ਇਕ

ਤਾਂ ਸਾਰੀ ਰਾਤ ਦਾ ਉਨੀਂਦਰਾ ਦੂਜਾ ਉਸ ਨੂੰ ਕੋਈ ਸਮਝ ਨਾ ਪਈ ਕਿ ਕਿਵੇਂ ਹਨੇਰੀ ਵਾਂਗ ਪੁਲੀਸ ਆਈ ਤੇ ਪਰਮੀਤ ਨੂੰ ਐਂਬੂਲੈਂਸ ਵਿਚ ਰੱਖ ਕੇ ਲੈ ਗਏ।

"ਜਾ ਮੱਲਾ, ਜਾ ਕੇ ਲੀਸਾ ਤੋਂ ਪਤਾ ਕਰ ਪਰਮੀਤ ਨੂੰ ਰਾਤ ਐਂਬੂਲੈਂਸ ਵਾਲੇ ਕਿੱਥੇ ਲੈ ਗਏ ਸੀ, ਕਿਹੜੇ ਹਸਪਤਾਲ? ਉਸੇ ਨੇ ਰਾਤ ਪੁਲੀਸ ਨਾਲ ਗੱਲ ਕੀਤੀ ਸੀ। ਜਾ ਪਤਾ ਕਰ ਕਿੱਥੇ ਗਈ?" ਤੇ ਉਸ ਨੇ ਚੁੰਨੀ ਨਾਲ ਮੂੰਹ ਤੇ ਅੱਖਾਂ ਪੂੰਝ ਲਈਆਂ।

"ਮਾਂ! ਮਾਂ, ਕੀ ਕਹਿ ਰਹੀ ਐਂ!" ਕੈਲਾ ਅਭੜਵਾਹੇ ਉੱਠਆ ਤੇ ਉੱਠ ਕੇ ਬੈੱਡ 'ਤੇ ਅੱਧਾ ਕੁ ਟੇਢਾ ਹੋ ਕੇ ਕਾਹਲੀ 'ਚ ਬੋਲਿਆ, "ਕੀ ਹੋ ਗਿਐ? ਮਾਂ ਰੋਂਦੀ ਕਿਉਂ ਐ? ਕੀ, ਕੌਣ ਲੈ ਗਿਆ ਪਰਮੀਤ ਨੂੰ? ਕੀ ਕਹਿੰਨੀ ਪਈ ਐਂ? ਕੀ ਹੋਇਐ? ਰੋਣ ਕਿਉਂ ਡਈ ਐ?" ਕੈਲੇ ਨੇ ਅੱਖਾਂ ਮਲਦੇ ਨੇ ਆਪਣੀ ਸਾਰੀ ਹੈਰਾਨੀ ਜ਼ਾਹਿਰ ਕੀਤੀ।

"ਰਾਤ ਉਤੋਂ ਐਨੀ ਡੱਫ ਕੇ ਆ ਗਿਆ ਸੀ ਤੇ ਆਉਂਦਾ ਈ ਬੈੱਡ 'ਤੇ ਐਸਾ ਡਿੱਗਿਐਂ ਕਿ ਮੁੜ ਕੇ ਕੋਈ ਹੋਸ਼ ਨਹੀਂ ਰਹੀ ਤੈਨੂੰ ਕਿ ਘਰ 'ਚ ਕੀ ਹੋ ਰਿਹੈ? ਘਰ ਵਿਚ ਐਡਾ ਵੱਡਾ ਰਾਤ ਤੂਫਾਨ ਆਇਆ ਜੋ ਨੂੰਹ ਨੂੰ ਨਾਲ ਲੈ ਗਿਆ। ਤੂੰ ਮੇਰੀ ਇਕ ਨਾ ਸੁਣੀ, ਨਾ ਪਰਮੀਤ ਦੀ! ਜਦੋਂ ਤੈਨੂੰ ਕਿਹਾ ਸੀ ਕਿ ਸੱਤਾਂ ਦਿਨਾਂ ਪਿੱਛੋਂ ਘਰ ਮੁੜਿਐਂ, ਪਈ ਨਾ ਜਾ ਉੱਤੇ ਅਜੇ ਉਹਦੇ ਕੋਲ। ਪਰ ਤੂੰ ਇਕ ਨਾ ਸੁਣੀ। ਮੂਹੜ ਮੱਤ ਈ ਰਹੀ ਤੇਰੀ। ਹੁਣ ਲੱਭ ਉਹਨੂੰ ਜਾ ਕੇ। ਪਤਾ ਤਾਂ ਕਰਨਾ ਈ ਪੈਣਾ ਪਰਮੀਤ ਕਿੱਥੇ ਐ? ਕਿਹੜੇ ਹਸਪਤਾਲ ਵਿਚ ਹੈ?"

"ਓ ਨਹੀਂ ਹੁੰਦਾ ਕੁੱਛ ਪਰਮੀਤ ਨੂੰ। ਜੇ ਐਂਬੂਲੈਂਸ ਵਾਲੇ ਲੈ ਗੇ ਐ ਤਾਂ ਉਹ ਕਾਲ ਕਰਕੇ ਦੱਸ ਵੀ ਦੇਣਗੇ। ਘਬਰਾਉਂਦੀ ਕਿਉਂ ਐ?" ਗੱਲ ਨੂੰ ਅਣਗੌਲੀ ਕਰ ਦੇਣਾ ਕੈਲੇ ਦੀ ਆਮ ਆਦਤ ਸੀ, ਮਾਂ ਦੀਆਂ ਗੱਲਾਂ ਉਸ ਨੂੰ ਕਈ ਵਾਰ ਲਗਦਾ ਕਿ ਮਾਂ ਆਪਣੇ ਤੌਖਲੇ ਵਧਾਅ ਚੜ੍ਹਾਅ ਕੇ ਦੱਸਦੀ ਰਹਿੰਦੀ ਹੈ। ਹੁਣ ਪਤਾ ਨਹੀਂ ਕੀ ਹੋਣੈ? ਕਿਹੜਾ ਪਹਾੜ ਢਹਿਣ ਲੱਗੈ? ਪਤਾ ਨਹੀਂ ਹੁਣ ਮੈਂ ਕੀ ਕਰ ਸਕਦਾਂ? ਫੇਰ ਵੀ ਕੁਝ ਫਿਕਰਮੰਦ ਜਿਹੇ ਹੁੰਦੇ ਹੋਏ ਕੈਲਾ ਉੱਠਿਆ ਤੇ ਮਾਂ ਨੂੰ ਧਰਵਾਸ ਦੇਣ ਲੱਗਾ।

"ਮਾਂ, ਚਿੰਤਾ ਨਾ ਕਰ, ਮੈਂ ਦੇਖਦਾਂ ਜਾ ਕੇ, ਕਰ ਲੈਨਾ ਪਰਮੀਤ ਦਾ ਪਤਾ, ਤੂੰ ਘਬਰਾ ਨਾ।" ਕਹਿ ਕੇ ਕੈਲਾ ਤਿਆਰ ਹੋਣ ਵਾਸ਼ਰੂਮ ਵਿਚ ਚਲਾ ਗਿਆ। ਬੇਸ਼ਕ ਮਾਂ ਨੇ ਉਹਨੂੰ ਦੱਸਿਆ ਸੀ ਕਿ ਜਦੋਂ ਪੁਲੀਸ ਆਈ ਸੀ ਲੀਸਾ ਉਦੋਂ ਥਲੇ ਆ ਗਈ ਸੀ ਤੇ ਉਸ ਨੇ ਹੀ ਪੁਲਸ ਨਾਲ ਗੱਲਬਾਤ ਕੀਤੀ ਸੀ। ਉਸ ਸੋਚਿਆ ਹੁਣ ਇਹ ਪੁੱਛਣ ਲਈ ਕਿ ਪਰਮੀਤ ਨੂੰ ਕਿੱਥੇ ਲੈ ਗਏ ਸੀ ਰਾਤ, ਤੇ ਲੀਸਾ ਨੇ ਪੁਲੀਸ ਜਾਂ ਐਂਬੂਲੈਂਸ ਵਾਲਿਆਂ ਨਾਲ ਕੀ ਗੱਲ ਕੀਤੀ ਹੋਣੀ ਐ, ਉਹ ਇਸ ਬਾਰੇ ਕੋਈ ਬਹੁਤਾ ਜਾਣਨਾ ਨਹੀਂ ਚਾਹੁੰਦਾ ਸੀ। ਆਪੇ ਜਾ ਕੇ ਹਸਪਤਾਲੋਂ ਪਤਾ ਕਰ ਆਏਗਾ।

ਕੈਲੇ ਨੂੰ ਚੇਤੇ ਆਇਆ ਰਾਤ ਉਹਦੇ ਤੇ ਲੀਸਾ ਵਿਚਕਾਰ ਵੀ ਕਾਫੀ ਝਗੜਾ ਹੋਇਆ ਸੀ ਬਾਵਜੂਦ ਏਸ ਦੇ ਕਿ ਉਹਨਾਂ ਦੋਨਾਂ ਨੇ ਬਹੁਤ ਪੀਤੀ, ਤੇ ਰਾਤ ਉਸ ਨੂੰ ਇਸੇ ਲਈ ਦੇਰ ਹੋ ਗਈ ਸੀ। ਕੈਲੇ ਨੇ ਸੋਚਿਆ, ਸ਼ਾਇਦ ਰਾਤ ਲੀਸਾ ਵੀ ਡਰ ਗਈ ਹੋਣੀ ਐ ਕਿ ਮੈਂ ਕਿਤੇ ਉਸ ਦੇ ਖ਼ਿਲਾਫ਼ ਪੁਲੀਸ ਨਾ ਬੁਲਾ ਲਈ ਹੋਵੇ ਤਾਂ ਈ ਆਈ ਹੋਣੀ ਐ ਥੱਲੇ। ਉਸ ਨੇ ਵੀ ਤਾਂ ਮੈਨੂੰ ਅਲਟੀਮੇਟਮ ਦਿੱਤਾ ਸੀ ਕਿ ਉਹ ਮੇਰੇ ਵੀ ਇਮੀਗ੍ਰੇਸ਼ਨ ਵਾਲਿਆਂ ਕੋਲ ਸਾਰੇ ਪਾਜ ਖੋਲ੍ਹ ਦੇਵੇਗੀ ਤੇ ਮੈਨੂੰ ਪੁਲੀਸ ਤੋਂ ਚੁਕਵਾਉਣ ਦੀ ਧਮਕੀ ਵੀ ਦਿੱਤੀ ਸੀ। ਜਦੋਂ ਉਹ ਰਾਤ ਥੱਲੇ ਆਇਆ ਸੀ, ਉਸਨੂੰ ਹੁਣ ਇਹ ਧੁੰਦਲਾ ਜਿਹਾ ਯਾਦ ਐ ਕਿ ਪਰਮੀਤ ਉੱਚੀ ਉੱਚੀ ਕੁਝ ਕਹਿ ਰਹੀ ਸੀ ਫਿਰ ਉਸ ਨੇ ਬੈੱਡ 'ਤੇ ਸੌਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਹੇਠਾਂ ਫਰਸ਼ ਦੀ ਕਾਰਪੈਟ ਤੇ ਹੀ ਪੈ ਗਈ ਸੀ। ਕੈਲੇ ਨੇ ਆਪਣੇ ਦਿਮਾਗ਼ 'ਤੇ ਬਹੁਤ ਜ਼ੋਰ ਪਾਇਆ ਕਿ ਯਾਦ ਆ ਜਾਏ

ਕਿ ਅੱਗੋਂ ਕੀ ਹੋਇਆ? ਕਦੋਂ ਪੁਲੀਸ ਤੇ ਐਂਬੂਲੈਂਸ ਆਈ ਤੇ ਕਦੋਂ ਉਹ ਪਰਮੀਤ ਨੂੰ ਹਸਪਤਾਲ ਲੈ ਗਏ। ਉਸ ਨੂੰ ਕੁੱਝ ਝਾਉਲਾ ਮਾਤਰ ਵੀ ਯਾਦ ਨਹੀਂ ਸੀ।

ਕੈਲੇ ਨੂੰ ਇਸ ਗੱਲ ਦਾ ਕੋਈ ਨਾ ਪਤਾ ਸੀ ਨਾ ਹੀ ਉਹ ਅਹਿਸਾਸ ਕਰ ਸਕਦਾ ਸੀ ਕਿ ਪਰਮੀਤ ਉਸ ਨੂੰ ਸੱਤਾਂ ਦਿਨਾਂ ਦੀ ਉਡੀਕ ਰਹੀ ਸੀ ਉਸ ਨਾਲ ਆਪਣੀ ਭਾਵਨਾ ਸਾਂਝੀ ਕਰਨ ਲਈ। ਕੈਲੇ ਦੇ ਸੱਤਾਂ ਦਿਨਾਂ ਬਾਅਦ ਘਰ ਆਉਣ 'ਤੇ ਪਰਮੀਤ ਅੰਦਰੋਂ ਬਹੁਤ ਬੇਚੈਨ ਸੀ ਪਰ ਬਹੁਤ ਚਾਅ ਵਿਚ ਸੀ ਕਿ ਜਦੋਂ ਕੈਲਾ ਘਰ ਆਏਗਾ ਤਾਂ ਉਹਦੇ ਗਲ਼ ਵਿਚ ਬਾਹਵਾਂ ਪਾ ਕੇ ਉਹ ਖੁਸ਼ਖ਼ਬਰੀ ਦੇਵੇਗੀ। ਉਹ ਖੁਸ਼ੀ ਨਾਲ ਉਹ ਉੱਛਲ ਪਏਗਾ ਤੇ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲਏਗਾ ਸ਼ਾਇਦ। ਜਿਵੇਂ ਉਹਨੇ ਇਕ ਦੋ ਵਾਰੀ ਪਹਿਲਾਂ ਕੀਤਾ ਸੀ ਜਦੋਂ ਇੰਡੀਆ ਵਿਚ ਵਿਆਹ ਤੋਂ ਬਾਅਦ ਹਨੀਮੂਨ ਤੇ ਗਏ ਸਨ। ਇਸ ਤੋਂ ਉਲਟ ਜਦੋਂ ਕੈਲਾ ਘਰ ਆਇਆ ਤਾਂ ਉਸ ਨੂੰ ਤਾਂ ਸਿਰਫ ਐਨਾ ਪਤਾ ਸੀ ਕਿ ਲੀਸਾ ਨੇ ਪਿਛਲੇ ਤਿੰਨਾਂ ਦਿਨਾਂ ਵਿਚ ਉਸ ਨੂੰ ਟਰੱਕ 'ਤੇ ਕਿੰਨੀ ਵਾਰ ਫੋਨ ਕਰ ਕਰ ਉਹਦਾ ਦਿਮਾਗ਼ ਖਰਾਬ ਕੀਤਾ ਹੋਇਆ ਸੀ ਤੇ ਉਸ ਨੂੰ ਇਹ ਪੱਕਾ ਕਰ ਚੁੱਕੀ ਸੀ ਕਿ ਆਉਂਦਾ ਈ ਪਹਿਲਾਂ ਉਹਦੀ ਗੱਲ ਸੁਣ ਕੇ ਜਾਵੇ। ਸੋ ਕੈਲੇ ਨੇ ਉਸ ਰਾਤ ਘਰ ਆਉਣ ਤੋਂ ਪਹਿਲਾਂ ਹੀ ਲੀਸਾ ਨਾਲ ਉਪਰ ਜਾ ਕੇ ਗੱਲਬਾਤ ਕਰਨ ਦਾ ਮਨ ਬਣਾਇਆ ਹੋਇਆ ਸੀ।

ਪਤਾ ਨਹੀਂ ਹੁਣ ਲੀਸਾ ਦੇ ਮਨ ਵਿਚ ਕੀ ਆਈ, ਸ਼ਾਇਦ ਜਦੋਂ ਦੀ ਉਹਦੀ ਬੁਆਇ-ਫ੍ਰੈਂਡ ਨਾਲ ਖਟਪਟੀ ਚੱਲ ਰਹੀ ਸੀ, ਉਹ ਕਾਫੀ ਬੇਚੈਨ ਰਹਿਣ ਲਗ ਪਈ ਸੀ। ਹੁਣ ਉਹਨੂੰ ਲਗਦਾ ਸੀ ਕਿ ਦੋਨੋਂ ਬੰਦੇ ਹੱਥੋਂ ਨਿਕਲਦੇ ਜਾ ਰਹੇ ਹਨ। ਉਹ ਸਮਝਦੀ ਸੀ ਕਿ ਕੈਲੇ ਨੇ ਉਹਦੇ ਅੱਖੀਂ ਘੱਟਾ ਪਾਇਆ ਸੀ। ਉਸ ਨੂੰ ਦੱਸੇ ਤੋਂ ਬਿਨਾਂ ਹੀ ਪਹਿਲਾਂ ਇੰਡੀਆ ਜਾ ਕੇ ਵਿਆਹ ਕਰਵਾ ਆਇਆ। ਹੁਣ ਲਗਦਾ ਸੀ ਜਿਵੇਂ ਲੀਸਾ ਨੂੰ ਵੀ ਸ਼ਾਇਦ ਕੁਝ ਈਰਖਾ ਦਾ ਅਹਿਸਾਸ ਹੋਣ ਲਗ ਪਿਆ ਸੀ। ਕੈਲਾ ਜਦੋਂ ਟਰੱਕ ਦਾ ਟ੍ਰਿੱਪ ਲੈ ਕੇ ਗਿਆ ਹੁੰਦਾ ਸੀ ਉਸ ਨੂੰ ਲੀਸਾ ਹੀ ਨਹੀਂ ਉਸ ਦੀਆਂ ਧੀਆਂ ਵੀ ਫ਼ੋਨ ਕਰ ਲੈਂਦੀਆਂ ਸਨ। ਪਿਛਲੀ ਵਾਰ ਜਦੋਂ ਉਹ ਟ੍ਰਿੱਪ 'ਤੇ ਸੀ ਕੈਰਲ ਤੇ ਪੌਲੀ ਨੇ ਉਸ ਨੂੰ ਫ਼ੋਨ 'ਤੇ ਦੱਸਿਆ ਸੀ ਕਿ ਰਾਬਰਟ, ਜੋ ਲੀਸਾ ਦਾ ਨਵਾਂ ਬੁਆਏ-ਫ੍ਰੈਂਡ ਸੀ ਉਹ ਤੇ ਲੀਸਾ ਉਹਨਾਂ ਦੇ ਸਾਹਮਣੇ ਹੀ ਕਈ ਵਾਰ ਗੰਦੀਆਂ ਹਰਕਤਾਂ ਕਰਦੇ ਰਹਿੰਦੇ ਸਨ। ਇਥੋਂ ਤੱਕ ਕਿ ਜਦੋਂ ਰਾਬਰਟ ਲੀਸਾ ਨਾਲ ਕਦੀ ਦੁਰ-ਵਿਵਹਾਰ ਕਰਦਾ ਸੀ ਤਾਂ ਕੁੜੀਆਂ ਡਰ ਜਾਂਦੀਆਂ ਸਨ ਤੇ ਉਦੋਂ ਈ ਫੋਨ ਕਰਕੇ ਆਪਣੇ ਡੈਡੀ ਨੂੰ ਦੱਸਦੀਆਂ ਸਨ। ਇਸ ਲਈ ਕੈਲੇ ਨੂੰ ਸ਼ੱਕ ਸੀ ਕਿ ਕਿਤੇ ਰਾਬਰਟ ਉਹਦੀਆਂ ਧੀਆਂ ਨਾਲ ਜਿਨਸੀ ਸੋਸ਼ਣ ਨਾ ਕਰਦਾ ਹੋਵੇ। ਇਸ ਲਈ ਹੁਣ ਕੈਲਾ ਆਨੇ ਬਹਾਨੇ ਆ ਕੇ ਲੀਸਾ ਦੇ ਬੁਆਏ-ਫ੍ਰੈਂਡ ਰਾਬਰਟ ਬਾਰੇ ਲੜਦਾ ਸੀ ਤੇ ਹਰ ਵਾਰ ਉਹਨੂੰ ਆਪਣਾ ਬੁਆਏ-ਫ੍ਰੈਂਡ ਛੱਡ ਦੇਣ 'ਤੇ ਜ਼ੋਰ ਪਾਉਂਦਾ ਸੀ, ਜੋ ਲੀਸਾ ਨੂੰ ਚੰਗਾ ਨਾ ਲਗਦਾ ਤੇ ਉਹ ਦੋਨੋਂ ਲੜ ਪੈਂਦੇ।

ਲੀਸਾ ਨੇ ਕੈਲੇ ਨਾਲ ਹਮੇਸ਼ਾ ਹੀ ਕੋਈ ਨਾ ਕੋਈ ਰਿਸ਼ਤਾ ਜਾਰੀ ਰਖਿਆ ਸੀ, ਪਹਿਲਾਂ ਪੰਜ ਸਾਲ ਕਾਮਨ-ਲਾਅ ਜਦੋਂ ਕੈਲਾ ਅਜੇ ਪੱਕਾ ਨਹੀਂ ਸੀ ਹੋਇਆ, ਤੇ ਕੈਲੇ ਨੂੰ ਵੀ ਪਤਾ ਸੀ ਕਿ ਲੀਸਾ ਦਾ ਉਸ ਤੇ ਅਹਿਸਾਨ ਸੀ। ਲੀਸਾ ਨੇ ਉਸ ਨਾਲ ਕਾਮਨ-ਲਾਅ ਵਿਆਹ ਦਾ ਰਿਸ਼ਤਾ ਕਾਇਮ ਕਰਕੇ ਉਸ ਨੂੰ ਇਮੀਗ੍ਰੇਸ਼ਨ ਦੁਆ ਦਿੱਤੀ ਸੀ। ਪਰ ਇਹ ਸੰਬੰਧ ਚਾਰ-ਪੰਜ ਸਾਲ ਤਾਂ ਸਹਿੰਦੇ ਸਹਿੰਦੇ ਚਲਦੇ ਰਹੇ, ਤੇ ਦੋ ਕੁੜੀਆਂ ਹੋਣ ਕਰਕੇ ਵੀ ਚਲਦੇ ਰਹੇ। ਹੁਣ ਲਗਦਾ ਸੀ ਲੀਸਾ ਦੇ ਮਨ ਵਿਚ ਕੈਲੇ ਪ੍ਰਤੀ ਫੇਰ ਉਹੀ ਪੁਰਾਣੀ ਭਾਵਨਾ ਜਾਗ ਪਈ ਸੀ ਤੇ ਉਹ ਕੈਲੇ ਨੂੰ ਅੱਗੇ ਵਾਂਗ ਸੰਬੰਧ ਕਾਇਮ ਕਰਨ ਲਈ ਜਾਣ ਜਾਣ ਕੇ ਉਪਰ ਬੁਲਾਉਣ ਲਗ ਪਈ ਸੀ।

ਕੈਲੇ ਨੂੰ ਲੀਸਾ ਦੇ ਇਸ ਵਰਤਾਰੇ ਦੀ ਸਮਝ ਨਾ ਲਗਦੀ ਕਿਉਂਕਿ ਉਹ ਤਾਂ ਸਮਝਦਾ ਸੀ ਉਸਦਾ

ਲੀਸਾ ਨਾਲ ਹੁਣ ਪਿੱਛਲੇ ਦੋ ਤਿੰਨ ਸਾਲ ਤੋਂ ਨਾ ਕੋਈ ਸੰਬੰਧ ਸੀ ਨਾ ਵਾਅਦਾ ਸੀ, ਤੇ ਨਾ ਹੀ ਕੋਈ ਕਾਮਨ-ਲਾਅ ਰਿਸ਼ਤੇ ਦਾ ਸਮਝੌਤਾ। ਉਹ ਤਾਂ ਉਹਦੇ ਘਰ ਦੇ ਉਪਰਲੇ ਪੋਰਸ਼ਨ ਵਿਚ ਇਕ ਕਿਰਾਏਦਾਰ ਦੇ ਤੌਰ ਤੇ ਰਹਿ ਰਹੀ ਸੀ।

ਰਾਤ ਬਹਿਸ ਨੂੰ ਹੋਰ ਵਧਾਉਣਾ ਨਹੀਂ ਸੀ ਚਾਹੁੰਦਾ ਕੈਲਾ; ਤਖ਼ੂ ਹੋਇਆ ਉਹ ਛੇਤੀ ਦੇਣੇ ਉੱਠਿਆ ਚੱਪਲਾਂ ਘੜੀਸਦਾ ਪੌੜੀਆਂ ਉੱਤਰ ਆਇਆ ਸੀ। ਥੱਲੇ ਆ ਕੇ ਜੋ ਕੁਝ ਬਾਅਦ ਵਿਚ ਉਸ ਦੇ ਆਪਣੇ ਘਰ ਵਿਚ ਹੋਇਆ ਉਸ ਬਾਰੇ ਉਸ ਨੂੰ ਕਿਉਂ ਕੁਝ ਚੇਤੇ ਨਹੀਂ ਸੀ ਆ ਰਿਹਾ, ਪਤਾ ਨਹੀਂ ਰਾਤ ਉਹਨੂੰ ਕੁਝ ਵੀ ਸੁਣਾਈ ਨਹੀਂ ਸੀ ਦਿੱਤਾ ਜਾਂ ਘੇਸਲ ਹੀ ਮਾਰ ਗਿਆ ਸੀ, ਉਹਨੂੰ ਆਪਣੇ ਆਪ 'ਤੇ ਸ਼ੱਕ ਹੋਣ ਲੱਗੀ। ਹੁਣ ਉਹ ਲੀਸਾ ਨਾਲ ਜਾ ਕੇ ਗੱਲ ਕਰਨ ਤੋਂ ਕਤਰਾ ਗਿਆ ਤੇ ਲੀਸਾ ਨੂੰ ਪੁੱਛਣ ਦੀ ਬਜਾਏ ਗੱਡੀ ਚੁੱਕੀ ਤੇ ਹਸਪਤਾਲ ਵੱਲ ਨੂੰ ਤੁਰ ਗਿਆ ਮਾਂ ਨੂੰ ਇਹ ਕਹਿੰਦਾ ਹੋਇਆ, "ਮਾਂ, ਮੈਂ ਹਸਪਤਾਲ ਜਾਨਾਂ, ਦੇਖਦਾਂ, ਪਰਮੀਤ ਦਾ ਕੀ ਹਾਲ ਐ? ਤੂੰ ਫ਼ਿਕਰ ਨਾ ਕਰੀਂ।"

ਐਬਟਸਫੋਰਡ ਵਿਚ ਇਕੋ ਹੀ ਜਨਰਲ ਹਸਪਤਾਲ ਸੀ। ਕੈਲੇ ਨੂੰ ਹਸਪਤਾਲ ਪਹੁੰਚਣ 'ਚ ਕੋਈ ਬਹੁਤਾ ਟਾਇਮ ਨਾ ਲੱਗਾ। ਉਸ ਨੇ ਫਰੰਟ ਡੈਸਕ ਉੱਤੇ ਬੈਠੀ ਰੀਸੈਪਸ਼ਨਿਸਟ ਨੂੰ ਪੁੱਛਿਆ ਕਿ ਪਰਮੀਤ ਕੌਰ ਨਾਂਅ ਦੀ ਪੇਸ਼ੈਂਟ ਨੂੰ ਕੱਲ ਰਾਤ ਐਮਰਜੰਸੀ ਵਿਚ ਲਿਆਂਦਾ ਗਿਆ ਸੀ। ਉਸ ਨੂੰ ਕਿੱਥੇ ਮਿਲਿਆ ਜਾ ਸਕਦਾ ਸੀ। ਰੀਸੈਪਸ਼ਨਿਸਟ ਨੇ ਫਾਈਲਾਂ ਫਰੋਲ ਕੇ ਪਰਮੀਤ ਕੌਰ ਦੇ ਨਾਂ ਦੀ ਫਾਈਲ ਖੋਹਲੀ ਤੇ ਕੁਝ ਪੜ੍ਹਨ ਮਗਰੋਂ ਦੱਸਿਆ ਕਿ ਉਹ ਤਾਂ ਸਵੇਰੇ ਸੱਤ ਵਜੇ ਇਥੋਂ ਦੀ ਇਕ ਸੋਸ਼ਲ ਵਰਕਰ ਨਾਲ ਚੈੱਕ-ਆਊਟ ਕਰ ਕੇ ਉਸ ਦੇ ਨਾਲ ਚਲੀ ਗਈ ਸੀ। ਉਸ ਤੋਂ ਅੱਗੇ ਉਹਨਾਂ ਕੋਲ ਹੋਰ ਕੋਈ ਜਾਣਕਾਰੀ ਨਹੀਂ।

ਕੈਲਾ ਕੁਝ ਪ੍ਰੇਸ਼ਾਨ ਜਿਹਾ ਹੋ ਗਿਆ। ਉਸ ਨੂੰ ਤੌਖ਼ਲਾ ਸੀ ਕਿ ਸ਼ਾਇਦ ਪਰਮੀਤ ਜਾਣ ਬੁੱਝ ਕੇ ਉਥੋਂ ਕਿਤੇ ਚਲੀ ਗਈ ਹੋਵੇ। ਜਿਵੇਂ ਉਸ ਨੂੰ ਆਪਣੇ ਅੰਦਰੋਂ ਕੁਝ ਆਵਾਜ਼ ਆ ਰਹੀ ਸੀ, ਚੱਲ, ਜਾਂਦੀ ਐ ਤੇ ਜਾਵੇ ਇਥੇ ਕਿਹੜਾ ਜੱਗੋਂ ਤੇਹਰਵੀਂ ਹੋਣੀ ਐ। ਆਮ ਈ ਅਕਸਰ ਏਦਾਂ ਹੁੰਦਾ ਈ ਰਹਿੰਦਾ ਇਥੇ, ਇਹ ਕੈਨੇਡਾ ਹੈ। ਇਥੇ ਨਵੀਆਂ ਵਿਆਹੀਆਂ ਆਈਆਂ ਕੁੜੀਆਂ ਕਈ ਵਾਰ ਤਾਂ ਚੁਪ-ਚਪੀਤੀਆਂ ਆਪ ਹੀ ਪ੍ਰਬੰਧ ਕਰਕੇ ਆਈਆਂ ਹੁੰਦੀਆਂ, ਏਅਰਪੋਰਟ ਤੋਂ ਈ ਖਿਸਕ ਜਾਂਦੀਆਂ ਰਹੀਆਂ ਕਿਸੇ ਹੋਰ ਦੇ ਨਾਲ ਜਾਂ ਜਿਥੇ ਕਿਥੇ ਉਹਨਾਂ ਪ੍ਰਬੰਧ ਕੀਤਾ ਹੁੰਦਾ। ਪਰਮੀਤ ਤਾਂ ਫਿਰ ਵੀ ਤਿੰਨ ਮਹੀਨੇ ਰਹਿ ਗਈ, ਪਤਾ ਨਹੀਂ ਉਹ ਕਿੱਥੇ ਜਾਣ ਲੱਗੀ ਐ? ਕੈਲੇ ਨੂੰ ਪਤਾ ਈ ਸੀ ਨਵੇਂ ਮੁਲਕ ਵਿਚ ਨਵੇਂ ਆਏ ਵਿਅਕਤੀ ਦਾ ਇਸ ਤਰ੍ਹਾਂ ਬਾਹਰ ਇੱਕਲਿਆਂ ਰਹਿਣਾ ਕੋਈ ਸੌਖਾ ਥੋੜ੍ਹੀ ਐ। ਫਿਰ ਸੋਚ ਆਈ, ਨਹੀਂ ਜੇ ਉਹਦਾ ਇਰਾਦਾ ਘਰੇ ਵਾਪਸ ਆਉਣ ਦਾ ਹੁੰਦਾ ਤਾਂ ਆਪਣਾ ਪਤਾ-ਸੁਤਾ ਤਾਂ ਹਸਪਤਾਲ ਵਿਚ ਛੱਡ ਕੇ ਜਾਂਦੀ, ਜਾਂ ਘੱਟੋ-ਘੱਟ ਫੋਨ ਕਰਦੀ, ਆਪਣੇ ਬਾਰੇ ਦੱਸਦੀ ਕਿ ਉਹ ਠੀਕ-ਠਾਕ ਐ, ਆ ਕੇ ਲੈ ਜਾਓ।

ਕੈਲੇ ਦਾ ਮਨ ਦੋਫਾੜ ਜਿਹਾ ਹੋ ਗਿਆ। ਉਸ ਨੂੰ ਇਕ ਪਾਸੇ ਅੰਦਰੋਂ ਤਸਲੀ ਤੇ ਸਕੂਨ ਸੀ ਆਪਣੀਆਂ ਦੋ ਕੁੜੀਆਂ ਤੇ ਉਹਨਾਂ ਦੀ ਮਾਂ ਲੀਸਾ ਨਾਲ ਜ਼ਿੰਦਗੀ ਵਿਚ ਕੋਈ ਕਮੀ ਮਹਿਸੂਸ ਨਹੀਂ ਸੀ ਹੋ ਰਹੀ। ਬੇਸ਼ਕ ਕੈਲੇ ਦੀ ਮਾਂ ਕੋਈ ਵੇਲਾ ਨਾ ਖੁੰਝਣ ਦੇਂਦੀ, ਉਸ ਨੂੰ ਯਾਦ ਕਰਵਾ ਦੇਂਦੀ ਕਿ ਫੇਰ ਵੀ ਕੋਈ ਆਪਣਾ ਵੀ ਹੋਣਾ ਚਾਹੀਦਾ ਹੈ ਜੋ ਖਾਨਦਾਨ ਦਾ ਨਾਂ ਅੱਗੇ ਤੋਰ ਸਕੇ। ਖਾਨਦਾਨ ਦਾ ਨਾਂ ਅੱਗੇ ਤੋਰਨ ਖ਼ਾਤਰ ਤਾਂ ਮਾਂ ਪੰਜਾਬੀ ਨੂੰਹ ਘਰ ਲੈ ਆਈ ਐ ਤੇ ਹੁਣ? ਕੈਲੇ ਨੂੰ ਪਰਮੀਤ ਨਾਲ ਬੱਧਾ-ਰੁਧਾ ਕੀਤਾ ਵਿਆਹ ਕਈ ਵਾਰ ਲਗਦਾ ਕਿ ਮਾਂ ਨੇ ਉਹਦੇ ਗੱਲ ਐਵੇਂ ਈ ਇਹ ਖਲਜਗਣ ਪਾਇਆ ਹੋਇਆ।

ਇਹਨਾਂ ਸੋਚਾਂ ਵਿਚ ਹੀ ਕੈਲਾ ਘਰੇ ਪਹੁੰਚ ਗਿਆ। ਅਗੋਂ ਮਾਂ ਉਤਾਵਲੀ ਹੋਈ ਬੈਠੀ ਸੀ ਪੁੱਛਣ ਲਈ। ਕੈਲੇ ਦੇ ਡੋਰ ਖੋਹਲਦੇ ਸਾਰ ਹੀ ਕਾਹਲੀ ਨਾਲ ਕੈਲੇ ਵੱਲ ਨੂੰ ਆਉਂਦੀ ਮਾਂ ਦੀ ਨਿਗਾਹ ਅਜੇ ਵੀ

ਡੋਰ ਉੱਤੇ ਸੀ ਕਿ ਸ਼ਾਇਦ ਪਰਮੀਤ ਵੀ ਮਗਰੇ ਅੰਦਰ ਆਊਗੀ, ਪਰ ਜਦੋਂ ਕੈਲੇ ਨੇ ਡੋਰ ਬੰਦ ਕਰ ਦਿੱਤਾ ਤੇ ਉਹ ਘਬਰਾਈ ਬੋਲੀ,

"ਕੀ ਗੱਲ ਪਰਮੀਤ ਠੀਕ ਨਹੀਂ ਸੀ ਹੋਈ? ਅਜੇ ਹਸਪਤਾਲ ਈ ਐ, ਨਾਲ ਨਹੀਂ ਲੈ ਕੇ ਆਇਆ ਤੂੰ?"

"ਮਾਂ, ਉਹ ਕਹਿੰਦੇ ਐ ਰਾਤ ਉਥੇ ਐਮਰਜੰਸੀ ਵਿਚ ਲੈ ਕੇ ਆਏ ਸੀ ਪਰਮੀਤ ਨੂੰ, ਪਰ ਅੱਜ ਸਵੇਰੇ ਸੁਵਖਤੇ ਹੀ ਕਿਸੇ ਸੋਸ਼ਲ-ਵਰਕਰ ਦੇ ਨਾਲ ਉਹ ਉਥੋਂ ਚਲੀ ਗਈ ਸੀ। ਹੋਰ ਉਹਨਾਂ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਸ਼ਾਇਦ ਉਹਨਾਂ ਭਾਣੇ ਸੋਸ਼ਲ-ਵਰਕਰ ਪਰਮੀਤ ਨੂੰ ਘਰ ਛੱਡਣ ਲਈ ਹੀ ਨਾਲ ਲੈ ਕੇ ਗਈ ਹੋਣੀ ਐ।"

"ਫੇਰ ਵੀ, ਉਹ ਸੋਸ਼ਲ-ਵਰਕਰ ਦਾ ਪਤਾ-ਸੁਤਾ ਤਾਂ ਦਿੱਤਾ ਈ ਹੋਣੈ ਤੈਨੂੰ?"

"ਨਹੀਂ, ਮਾਂ ਉਹਨਾਂ ਹੋਰ ਕੁੱਛ ਨਹੀਂ ਦੱਸਿਆ।"

"ਇਹ ਕਿਵੇਂ ਹੋ ਸਕਦਾ? ਤੂੰ ਪੁੱਛਿਆ ਈ ਨਹੀਂ ਹੋਣਾ। ਨਾ ਮੈਂ ਰਾਤ ਤੈਨੂੰ ਦੱਸਣ ਦੀ ਕੋਸ਼ਟ ਤਾਂ ਕੀਤੀ ਸੀ ਕਿ ਖਵਰੇ ਪਰਮੀਤ ਦੇ ਗਰਭ ਠਹਿਰ ਗਿਆ ਹੋਵੇ, ਉਹਨੂੰ ਅੱਜ ਚੈੱਕ-ਅੱਪ ਕਰਵਾਉਣ ਲਿਜਾਣ ਲਈ ਕਿਹਾ ਤਾਂ ਸੀ, ਪਰ ਤੂੰ ਇਕ ਨਾ ਸੁਣੀ!"

"ਮਾਂ, ਮੈਨੂੰ ਤਾਂ ਜਾਣਾ ਪੈਣਾ ਸੀ ਅੱਜ ਲੋਢ ਲੈ ਕੇ, ਹਸਪਤਾਲ ਤੋਂ ਘਰ ਤੱਕ ਆਉਂਦਿਆਂ ਤੱਕ ਮਾਲਕਾਂ ਦਾ ਦੋ ਵਾਰ ਫ਼ੋਨ ਆ ਚੁੱਕਾ ਕਿ ਲੋਢ ਰੈਡੀ ਐ ਲੈਂਗਲੀ ਤੋਂ ਚੱਕਣ ਲਈ।" ਕੈਲੇ ਨੇ ਦੱਸਿਆ।

"ਪਰ ਤੇਰੀ ਤਾਂ ਹੁਣ ਦੋ ਦਿਨਾਂ ਦੀ ਛੁੱਟੀ ਸੀ ਨਾ ਅੱਜ ਤੋਂ?" ਮਾਂ ਨੇ ਹੈਰਾਨੀ ਜ਼ਾਹਿਰ ਕੀਤੀ।

"ਛੁੱਟੀ ਤਾਂ ਸੀ, ਪਰ ਹੁਣ ਬੌਸ ਮੈਨੂੰ ਜਾਣ ਲਈ ਕਹਿ ਰਿਹੈ।" ਕਹਿੰਦਾ ਕਹਿੰਦਾ ਕੈਲਾ ਨਾਲ ਨਾਲ ਆਪਣੇ ਕੰਮ ਵਾਲੇ ਬੂਟ ਤੇ ਜੈਕਟ ਵੀ ਪਾਈ ਜਾ ਰਿਹਾ ਸੀ। ਫੇਰ ਉਹ ਕਿਚਨ ਵਿਚ ਗਿਆ ਲੰਚ-ਕਿੱਟ ਖਾਲੀ ਧੋਤੀ ਪਈ ਸੀ ਜੋ ਕਿ ਅਕਸਰ ਪਰਮੀਤ ਰਾਤ ਨੂੰ ਧੋ ਕੇ ਰੱਖ ਦੇਂਦੀ ਹੁੰਦੀ ਸੀ। ਕੈਲੇ ਦੀ ਅੱਜ ਛੁੱਟੀ ਸੀ ਇਸੇ ਲਈ ਰਾਤ ਜ਼ਿਆਦਾ ਪੀ ਗਿਆ। ਰਾਤ ਦੇ ਹੈਂਗ-ਓਵਰ ਨਾਲ ਥੱਕਿਆ ਥੱਕਿਆ ਮਹਿਸੂਸ ਕਰ ਰਿਹਾ ਸੀ ਪਰ ਹੁਣ ਬੌਸ ਦਾ ਹੁਕਮ ਸੀ ਤੇ ਜਾਣਾ ਈ ਪੈਣਾ ਸੀ। ਕੰਮ'ਤੇ ਨਾਲ ਲਿਜਾਣ ਲਈ ਚਾਹ ਬਣਾਉਣ ਲਈ ਉਸ ਨੇ ਸਟੋਵ ਔਨ ਕਰਕੇ ਚਾਹ ਵਾਲੀ ਪਤੀਲੀ ਵਿਚ ਪਾਣੀ ਪਾਇਆ ਤੇ ਨਾਲ ਹੀ ਚਾਹ ਦੀਆਂ ਦੋ ਪੁੜੀਆਂ ਤੇ ਚਾਰ ਚਮਚੇ ਖੰਡ ਪਾ ਕੇ ਪਤੀਲੀ ਉੱਤੇ ਢੱਕਣ ਲਾ ਤਾ। ਇਹ ਸੋਚਦੇ ਨੇ ਕਿ ਹੁਣ ਤਾਂ ਆਪੇ ਈ ਬਣਾਉਣੀ ਪਊ ਚਾਹ ਵੀ ਤੇ ਲੰਚ ਵੀ, ਪਰਮੀਤ ਜਦੋਂ ਦੀ ਆਈ ਸੀ ਉਸ ਨੇ ਰਸੋਈ ਦੀ ਸਾਰੀ ਜ਼ਿੰਮੇਵਾਰੀ ਚੱਕ ਲਈ ਹੋਈ ਸੀ। ਕਮਰੇ ਵਿੱਚੋਂ ਆਪਣੇ ਕਪੜੇ ਵਗੈਰਾ ਲੈਣ ਜਾਣ ਵਾਸਤੇ ਹਾਲਵੇਅ ਵਿੱਚੋਂ ਦੀ ਲੰਘਦਿਆਂ ਕੈਲੇ ਦੀ ਨਿਗਾਹ ਹਾਲਵੇਅ ਦੀਆਂ ਕੰਧਾਂ 'ਤੇ ਲੱਗੀਆਂ ਉਹਦੀਆਂ ਤੇ ਪਰਮੀਤ ਦੇ ਵਿਆਹ ਵਾਲੀਆਂ ਤਸਵੀਰਾਂ 'ਤੇ ਪਈ, ਉਹਦੇ ਕਦਮ ਕੁਝ ਹੌਲੀ ਹੋ ਗਏ। ਵਿਆਹ ਵਾਲਾ ਗੁਲਾਨਾਰੀ ਲੈਂਗਾ ਸੂਟ ਪਾਈ ਤੇ ਸਿਰ 'ਤੇ ਪੁਰੋ-ਪੁਰ ਸਿਲਮ-ਸਿਤਾਰੇ ਜੜਿਆ ਦੁਪੱਟਾ ਉਸ ਵਿਚ ਪਰਮੀਤ ਦਾ ਡੁੱਲ੍ਹ-ਡੁਲ੍ਹ ਪੈਂਦਾ ਭੱਖ਼ਦਾ ਰੂਪ ਕਿੰਨੀ ਖ਼ੂਬਸੂਰਤ ਤੇ ਜਵਾਨ ਹੈ ਉਸ ਨੂੰ ਲਗਾ ਜਿਵੇਂ ਪਰਮੀਤ ਦੀ ਅਣਹੋਂਦ ਉਸ ਦੇ ਦਿਲ ਵਿਚ ਖਾਲੀਪਨ ਭਰ ਰਹੀ ਹੋਵੇ। ਉਹ ਤਸਵੀਰਾਂ ਦੇ ਅੱਗੋਂ ਦੀ ਹੌਲੀ ਹੌਲੀ ਤੁਰਨ ਦੀ ਬਜਾਏ ਕਾਹਲੀ ਨਾਲ ਅੱਗੇ ਵੱਧ ਗਿਆ ਤੇ ਮਾਂ ਨੂੰ ਹਾਕ ਮਾਰੀ,

"ਮਾਂ, ਆ ਕੇ ਤੂੰ ਆਹ ਦੋ ਕੁ ਸੈਂਡਵਿੱਚਾਂ ਬਣਾ ਦੇ, ਵਿਚ ਜੈਮ ਤੇ ਪੀਨੱਟ-ਬਟਰ ਲਾ ਦੇਈ; ਮੈਂ ਚਾਹ ਧਰ ਦਿੱਤੀ ਐ ਫ਼ਿੱਜੀ ਤੋਂ ਦੁੱਧ ਪਾ ਦੇਂਈ, ਮੈਂ ਆਪਣਾ ਸਾਮਾਨ 'ਕੱਠਾ ਕਰ ਲਵਾਂ।"

ਕੈਲੇ ਦੇ ਸੈੱਲ ਫ਼ੋਨ ਦੀ ਘੰਟੀ ਵੱਜੀ ਤੇ ਮਾਂ ਦੀ ਉੱਤਸੁਕਤਾ ਵੱਧ ਗਈ ਇਕ ਦਮ ਬੋਲੀ,

"ਲੈ, ਚੁੱਕ ਫ਼ੋਨ ਆ ਗਿਆ, ਪਰਮੀਤ ਦਾ ਈ ਹੋਣੈ।" ਜਿਵੇਂ ਪੱਕਾ ਈ ਪਤਾ ਹੋਵੇ।

ਕੈਲੇ ਨੇ ਫ਼ੋਨ ਚੁੱਕਿਆ ਤੇ ਹੈਲੋ ਕਹੀ, ਉਧਰੋਂ ਉਹਦੇ ਬੌਸ ਦੀ ਉੱਚੀ ਆਵਾਜ਼ ਆਈ, "ਕਿੰਨਾ ਟਾਇਮ ਹੋਰ ਲੱਗੂ ਤੈਨੂੰ ਤੁਰਨ ਨੂੰ ਹਲੇ?"

"ਬੱਸ, ਪੰਜਾਂ ਮਿੰਟਾਂ 'ਚ ਨਿਕਲਣ ਲਗਾ ਆਂ, ਬੱਸ ਪਹੁੰਚਿਆ ਕਿ ਪਹੁੰਚਿਆ ਲਓ, ਓ.ਕੇ।" ਕੈਲੇ ਨੇ ਛੇਤੀ ਨਾਲ ਫ਼ੋਨ ਬੰਦ ਕਰਕੇ ਜੇਬ ਵਿਚ ਪਾ ਲਿਆ ਤੇ ਬਾਕੀ ਚੀਜ਼ਾਂ ਕੱਠੀਆਂ ਕਰਕੇ ਬੈਗ ਚੁੱਕ ਲਿਆ। ਮਾਂ ਦੀਆਂ ਬਣਾਈਆਂ ਸੈਂਡ-ਵਿੱਚਾਂ ਲਪੇਟ ਕੇ ਲੰਚ-ਕਿੱਟ ਵਿਚ ਸੁੱਟ ਲਈਆਂ ਤੇ ਥਰਮਸ ਵਿਚ ਕੱਚੀ-ਪੱਕੀ ਚਾਹ ਉਲੱਦਕੇ ਫੱਟਾ ਫੱਟ ਢੱਕਣ ਬੰਦ ਕਰ ਲਿਆ ਤੇ ਘਰੋਂ ਬਾਹਰ ਜਾਂਦਾ ਜਾਂਦਾ ਬੋਲਿਆ,

"ਮਾਂ, ਚੱਲ ਫ਼ਿਕਰ ਨਾ ਕਰ, ਸੋਸ਼ਲ-ਵਰਕਰ ਪਰਮੀਤ ਨੂੰ ਘਰੇ ਛੱਡ ਜਾਊਗੀ। ਮੈਂ ਵੀ ਲੈਂਗਲੀ ਤੋਂ ਤੁਰਨ ਲਗਾ ਫੋਨ ਕਰੂੰਗਾ ਤੇ ਲੀਸਾ ਨੂੰ ਵੀ ਫ਼ੋਨ ਕਰਕੇ ਕਵਾਂਗਾ ਕਿ ਉਹ ਪਰਮੀਤ ਦਾ ਪਤਾ ਕਰ ਲਵੇ।" ਕਹਿੰਦਾ ਕਹਿੰਦਾ ਕੈਲਾ ਕਾਰ ਦਾ ਡੋਰ ਖੋਹਲ ਉਸ ਵਿਚ ਬੈਠ ਗਿਆ ਤੇ ਛੇਤੀ ਨਾਲ ਕਾਰ ਸਟਾਰਟ ਕਰਕੇ ਚਲਾ ਗਿਆ।

ਮਾਂ ਡੋਰ ਤੇ ਖੜੀ ਹੱਕੀ-ਬੱਕੀ ਦੇਖਦੀ ਰਹੀ। ਕੁਝ ਵੀ ਹੱਥ ਪੱਲੇ ਨਾ ਪਿਆ ਪਰਮੀਤ ਬਾਰੇ, ਪਤਾ ਨਹੀਂ ਉਹਦਾ ਕੀ ਹਾਲ ਹੋਣੈ। ਰੋਣਹਾਕੀ ਜਿਹੀ ਹੋਈ ਅੰਦਰ ਆ ਕੇ ਡੋਰ ਬੰਦ ਕਰ ਲਿਆ। ਚਿੱਤ ਨੂੰ ਉਹਦੇ ਜਿਵੇਂ ਅਚਵੀ ਜਿਹੀ ਲੱਗ ਗਈ, 'ਹਾਏ ਹਾਏ ਕੁੱਛ ਪਤਾ ਤਾਂ ਲਗੇ।' ਘਬਰਾਈ ਹੋਈ ਕਦੀ ਕਿਚਨ ਵਿਚ ਕਦੀ ਕਮਰੇ ਵਿਚ ਤੇ ਕਦੀ ਲਿਵਿੰਗਰੂਮ ਵਿਚ ਬੇਚੈਨ ਜਿਹੀ ਫਿਰਦੀ ਰਹੀ। ਉਹਨੂੰ ਬਹੁਤਾ ਇਸ ਗੱਲ ਦਾ ਸੀ ਕਿ ਕੋਈ ਛੇਤੀ ਦੇਣੇ ਉਹਨੂੰ ਇਹ ਖ਼ਬਰ ਸੁਣਾਵੇ ਕਿ ਪਰਮੀਤ ਗਰਭਵਤੀ ਹੋ ਗਈ ਐ, ਤੇ ਠੀਕ ਠਾਕ ਹੈ। ਉਸ ਨੂੰ ਪੋਤਾ ਦੇਖਣ ਦੀ ਬੜੀ ਉਤਸੁਕਤਾ ਸੀ। ਉਸ ਨੇ ਘਬਰਾਹਟ ਦੂਰ ਕਰਨ ਲਈ ਚਾਹ ਬਣਾਉਣ ਕਿਚਨ ਵਿਚ ਗਈ ਉਥੇ ਪਤੀਲੇ ਵਿਚ ਥੋੜ੍ਹੀ ਚਾਹ ਬਚੀ ਪਈ ਸੀ ਤੇ ਅਜੇ ਗਰਮ ਈ ਸੀ। ਉਸ ਨੇ ਉਹੀ ਕੱਪ ਵਿਚ ਪਾ ਲਈ ਤੇ ਆ ਕੇ ਸੋਫੇ ਤੇ ਬੈਠ ਗਈ ਪਰ ਉਸ ਤੋਂ ਇਕ ਘੁੱਟ ਵੀ ਭਰ ਨਾ ਹੋਇਆ। ਉਸ ਦਾ ਰੋਣ ਰੋਣ ਨੂੰ ਜੀ ਕਰੀ ਜਾ ਰਿਹਾ ਸੀ ਜਿਵੇਂ ਉਸ ਦਾ ਕੁਝ ਗਵਾਚ ਗਿਆ ਹੋਵੇ। ਉਸ ਨੇ ਕੱਪ ਪਰੇ ਮੇਜ਼ ਤੇ ਰੱਖ ਦਿੱਤਾ ਤੇ ਸਾਹਮਣੇ ਰੈਕ ਵਿਚ ਰੁਮਾਲ ਵਿਚ ਲਪੇਟ ਕੇ ਰੱਖਿਆ ਪਿਆ ਪੰਜ ਬਾਣੀਆਂ ਦਾ ਗੁਟਕਾ ਚੁੱਕਿਆ ਤੇ ਪਰਮੀਤ ਦੀ ਤੰਦਰੁਸਤੀ ਲਈ ਬੈਠ ਕੇ ਪਾਠ ਕਰਨ ਲਗ ਪਈ।

ਕੈਲੇ ਨੇ ਲੀਸਾ ਦੀ ਮੱਦਦ ਨਾਲ ਪਰਮੀਤ ਨੂੰ ਲੱਭਣ ਦੀ ਹਰ ਥਾਂ ਕੋਸ਼ਿਸ਼ ਕੀਤੀ ਪਰ ਉਸ ਦਾ ਕੋਈ ਥੌਹ-ਪਤਾ ਨਾ ਲਗਿਆ। ਕਈ ਮਹੀਨੇ ਬੀਤ ਗਏ। ਮਾਂ ਦਾ ਬੇਚੈਨੀ ਨਾਲ ਬੁਰਾ ਹਾਲ ਹੋ ਗਿਆ, ਰਹਿ ਰਹਿ ਕੇ ਉਹਨੂੰ ਪੋਤੇ ਦਾ ਨਿੱਕਾ ਜਿਹਾ ਮੂੰਹ ਦਿੱਸਦਾ ਰਹਿੰਦਾ। ਉਹ ਹਰ ਰੋਜ਼ ਕੈਲੇ ਨੂੰ ਜ਼ੋਰ ਪਾ ਕੇ ਕਹਿੰਦੀ ਕਿ ਕਿਸੇ ਤੋਂ ਕਹਿ ਕੁਹਾ ਕੇ ਪੁੱਛਾਵੇ ਉੱਥੋਂ ਪੰਜਾਬ ਤੋਂ, ਕਿਤੇ ਉਹ ਇੰਡੀਆ ਤੇ ਨਹੀਂ ਚਲੀ ਗਈ। ਕੈਲੇ ਨੇ ਇਸ ਬਾਰੇ ਕੋਈ ਗੌਰ ਨਾ ਕੀਤਾ, ਉਸ ਨੇ ਦੇਖਿਆ ਪਰਮੀਤ ਦਾ ਪਾਸਪੋਰਟ ਤੇ ਹੋਰ ਇਮੀਗ੍ਰੇਸ਼ਨ ਦੇ ਸਾਰੇ ਪੇਪਰ ਤਾਂ ਦਰਾਜ ਵਿਚ ਘਰੇ ਈ ਪਏ ਸਨ।

ਛੇ ਮਹੀਨੇ ਬੀਤ ਗਏ, ਪਰਮੀਤ ਦਾ ਕੋਈ ਪਤਾ ਨਾ ਲੱਗਿਆ। ਬੇਇਜ਼ਤੀ ਤੋਂ ਡਰਦਿਆਂ ਨਾ ਉਹਨਾਂ ਪੁਲੀਸ ਨੂੰ ਦੱਸਿਆ ਨਾ ਕਿਸੇ ਰਿਸ਼ਤੇਦਾਰੀ ਵਿਚ ਇਥੇ ਨਾ ਇੰਡੀਆ ਕਿਸੇ ਨੂੰ ਦੱਸਿਆ। ਪਰ ਪਰਮੀਤ ਨੂੰ ਕੈਲਾ, ਲੀਸਾ ਤੇ ਗੁਰਮੇਜ਼ ਕੌਰ ਹਰ ਥਾਂ ਲਭੱਦੇ ਰਹੇ। ਖਾਸ ਕਰਕੇ ਜਦੋਂ ਕੈਲਾ ਟਰੱਕ ਲੈ ਕੇ ਗਿਆ ਹੁੰਦਾ ਲੀਸਾ ਵੀ ਔਰਤਾਂ ਦੀ ਸਹਾਇਤਾ ਕਰਨ ਵਾਲੀਆਂ ਕਈ ਸੰਸਥਾਂਵਾਂ ਨੂੰ ਫ਼ੋਨ ਕਰਦੀ ਰਹਿੰਦੀ ਤਾਂ ਜੋ ਕਿਤੋਂ ਪਰਮੀਤ ਦਾ ਪਤਾ ਲਗ ਸਕੇ।

ਸਾਰਾ ਕੁਝ ਉਸੇ ਤਰ੍ਹਾਂ ਹੀ ਚਲਦਾ ਰਿਹਾ, ਕੈਲਾ ਟਰੱਕ ਲੈ ਕੇ ਪੰਜ ਦਿਨ ਜਾਂਦਾ ਰਿਹਾ।

ਲੀਸਾ ਹੋਮ-ਡਿੱਪੋ ਤੇ ਵੀਰਵਾਰ ਤੋਂ ਐਤਵਾਰ ਤੱਕ ਚਾਰ ਦਿਨ ਕੰਮ ਕਰਦੀ ਰਹੀ।

ਹਰ ਹਫ਼ਤਾ-ਅੰਤ ਤੇ ਲੀਸਾ ਪਹਿਲੇ ਵਾਂਗ ਕੈਰਲ ਤੇ ਪੌਲੀ ਨੂੰ ਕੈਲੇ ਕੋਲ ਛੱਡ ਜਾਂਦੀ।

ਗੁਰਮੇਜ਼ ਕੌਰ ਦਾ ਦਿਨ ਬਹੁਤ ਔਖਾ ਲੰਘਦਾ, ਉਹ ਉਦਾਸ ਰਹਿਣ ਲੱਗ ਪਈ ਸੀ। ਉਹ ਬੇਬਸ ਸੀ ਪਰ ਕਰ ਕੁੱਛ ਨਹੀਂ ਸੀ ਸਕਦੀ, ਆਪ ਇੱਕਲੀ ਜਾ ਕੇ ਪਰਮੀਤ ਨੂੰ ਲੱਭ ਨਹੀਂ ਸੀ ਸਕਦੀ। ਕਿਸੇ ਵੇਲੇ ਫਾਰਮਾਂ ਵਿਚ ਉਸ ਦੇ ਨਾਲ ਕੰਮ ਕਰਦੀਆਂ ਰਹੀਆਂ ਜਾਣ-ਪਛਾਣ ਵਾਲੀਆਂ ਔਰਤਾਂ ਨਾਲ ਫ਼ੋਨ ਤੇ ਗੱਲਬਾਤ ਕਰ ਲੈਂਦੀ। ਜੇ ਕੋਈ ਬਹੂ ਬਾਰੇ ਉਹਦਾ ਹਾਲ ਚਾਲ ਪੁੱਛਦੀ ਤਾਂ ਗੁਰਮੇਜ਼ ਕੌਰ ਸਭ ਕੁਝ ਠੀਕ ਠਾਕ ਦੱਸਦੀ ਸਗੋਂ ਪਰਮੀਤ ਦੀਆਂ ਕਾਫੀ ਸਿਫ਼ਤਾਂ ਕਰਦੀ।

ਸੱਤ ਅੱਠ ਮਹੀਨੇ ਬੀਤ ਗਏ ਸਨ ਤੇ ਪਰਮੀਤ ਦੀ ਕੋਈ ਉੱਘ ਸੁੱਘ ਨਾ ਲਗੀ।

ਇਕ ਦਿਨ ਅਚਾਨਕ ਲੀਸਾ ਦੇ ਨਾਲ ਹੋਮ-ਡਿੱਪੋ ਸਟੋਰ ਤੇ ਕੁਝ ਸਾਲ ਪਹਿਲਾਂ ਕੰਮ ਕਰਦੀ ਇਕ ਕੁੜੀ ਕਿਰਨ ਲੀਸਾ ਨੂੰ ਸਟੋਰ ਵਿਚ ਮਿਲਣ ਆਈ। ਉਸ ਨੇ ਜਿਸ ਕੁੜੀ ਬਾਰੇ ਲੀਸਾ ਤੋਂ ਪੁੱਛ-ਪੜਤਾਲ ਕਰਨੀ ਸੀ ਉਹ ਪਰਮੀਤ ਸੀ। ਕਿਰਨ ਪਰਮੀਤ ਨੂੰ ਕੁਝ ਮਹੀਨੇ ਪਹਿਲਾਂ ਸੁਰੱਖਿਆ ਘਰ ਵਿਚ ਮਿਲੀ ਸੀ ਜਦੋਂ ਉਹ ਇਕ ਸਪੋਰਟ ਵਰਕਰ ਦੇ ਤੌਰ ਤੇ ਉਥੇ ਕੰਮ ਕਰਦੀ ਸੀ ਜਦੋਂ ਪਰਮੀਤ ਨੇ ਕਿਰਨ ਨੂੰ ਆਪਣੀ ਸਾਰੀ ਵਿਥਿਆ ਦੱਸੀ ਸੀ ਉਸ ਵਿਚ ਲੀਸਾ ਦਾ ਜ਼ਿਕਰ ਬਾਰ ਬਾਰ ਆਉਂਦਾ ਸੀ। ਕਿਰਨ ਨੂੰ ਉਦੋਂ ਤੋਂ ਹੀ ਇਹ ਤੌਖ਼ਲਾ ਸੀ ਕਿ ਲੀਸਾ ਕਿਤੇ ਉਹੀ ਕੁੜੀ ਨਾ ਹੋਵੇ ਜਿਹਦੇ ਨਾਲ ਉਹ ਹੋਮ-ਡਿੱਪੋ ਵਿਚ ਕੁਝ ਸਾਲ ਪਹਿਲਾਂ ਕੰਮ ਕਰਦੀ ਰਹੀ ਸੀ। ਕਿਰਨ ਇਹ ਜਾਨਣਾ ਚਾਹੁੰਦੀ ਸੀ ਕਿ ਪਰਮੀਤ ਨੇ ਜੋ ਕੁਝ ਉਸ ਨੂੰ ਦੱਸਿਆ ਸੀ ਕੀ ਲੀਸਾ ਅਜੇ ਵੀ ਉਹਦੇ ਪਤੀ ਕੈਲੇ ਨਾਲ ਕਾਮਨ-ਲਾਅ ਵਾਂਗ ਰਹਿ ਰਹੀ ਹੈ ਕੀ ਇਹ ਸੱਚ ਐ? ਹੁਣ ਜਦੋਂ ਉਹ ਲੀਸਾ ਨਾਲ ਮਿਲ ਕੇ ਆਹਮੋ ਸਾਹਮਣੇ ਗੱਲ ਕਰ ਰਹੀ ਸੀ ਤਾਂ ਲੀਸਾ ਨੇ ਪਰਮੀਤ ਬਾਰੇ ਕੋਈ ਬਹੁਤੀ ਗੱਲ ਨਾ ਕੀਤੀ, ਬਸ ਏਨਾ ਈ ਕਿਹਾ ਕਿ ਉਹ ਤਾਂ ਕੈਲੇ ਦੇ ਘਰ ਦੇ ਉਪਰਲੇ ਪੋਰਸ਼ਨ ਵਿਚ ਕਿਰਾਏ ਉੱਤੇ ਰਹਿ ਰਹੀ ਹੈ। ਗੱਲਾਂ ਗੱਲਾਂ ਵਿਚ ਲੀਸਾ ਨੂੰ ਕਿਰਨ ਤੋਂ ਪਤਾ ਲਗ ਗਿਆ ਕਿ ਪਰਮੀਤ ਕਿਸੇ ਨਾਲ ਕਿਤੇ ਬੇਸਮੈਂਟ ਵਿਚ ਰਹਿ ਰਹੀ ਐ ਤੇ ਉਹਦੇ ਕੋਲ ਇਕ ਬੇਬੀ-ਬੌਆਇ ਐ।

ਐਤਵਾਰ ਸ਼ਾਮ ਨੂੰ ਜਦੋਂ ਪੌਲੀ ਤੇ ਕੈਰਲ ਨੂੰ ਲੈਣ ਕੈਲੇ ਦੇ ਘਰ ਲੀਸਾ ਆਈ ਤਾਂ ਉਹ ਬੜੀ ਖੁਸ਼ ਸੀ। ਕੈਲਾ ਵੀ ਘਰ ਸੀ ਤੇ ਮਾਂ ਵੀ ਬੈਠੀ ਪੌਲੀ ਤੇ ਕੈਰਲ ਨਾਲ ਕਾਰਟੂਨ ਦੇਖ ਰਹੇ ਸੀ। ਲੀਸਾ ਨੇ ਆਉਂਦੀ ਨੇ ਹੀ ਕੁੜੀਆਂ ਨੂੰ ਕਿਹਾ,

"ਹੇ ਗਰਲਜ਼, ਯੂ ਗਾਟ ਏ ਸਟੈੱਪ ਬਰਦਰ? ਕਾਂਗਰੈਚੂਲੇਸ਼ਨਜ਼ ਕੈਲੇ ! ਯੂ ਗਾਟ ਏ ਸੱਨ ! ਐਂਡ, ਮਾਮਾਅ ! ਯੂ ਗਾਟ ਏ ਗ੍ਰੈਂਡ-ਸੱਨ !" ਕੈਲਾ ਜਿਵੇਂ ਆਪਣੀ ਜਗਾਹ ਤੋਂ ਉਛੱਲ ਪਿਆ ਤੇ ਲੀਸਾ ਨੂੰ ਪੁੱਛਦਾ ਹੈ, "ਹਾਓ ਡੂ ਯੂ ਨੋਅ?"

"ਓ, ਆਈ ਨੋਅ ਫਰਾਮ ਸਮਵੇਅਰ।" ਤੇ ਉਸ ਨੇ ਕਿਰਨ ਬਾਰੇ ਗੱਲ ਗੁਪਤ ਰੱਖ ਲਈ। ਫੇਰ ਆਪਣੇ ਪਰਸ 'ਚੋਂ ਕੱਢ ਕੇ ਇਕ ਕਾਗ਼ਜ਼ ਕੈਲੇ ਵੱਲ ਵਧਾਇਆ ਜਿਸ ਉੱਤੇ ਕੋਈ ਐਡਰੈਸ ਲਿਖਿਆ ਹੋਇਆ ਸੀ। ਉਹ ਕਾਗ਼ਜ਼ ਦਾ ਟੁਕੜਾ ਕੈਲੇ ਨੂੰ ਫੜ੍ਹਾ ਕੇ ਕੈਰਲ ਤੇ ਪੌਲੀ ਨੂੰ ਲੈ ਕੇ ਉਪਰ ਚਲੀ ਗਈ।

ਕੈਰਲ ਤੇ ਪੌਲੀ ਦੇ ਨਾਲ ਟੀ ਵੀ ਉੱਤੇ ਕਰਟੂਨ ਦੇਖਦੀ ਗੁਰਮੇਜ਼ ਕੌਰ ਨੂੰ, ਟੀਵੀ ਦੀ ਆਵਾਜ਼ ਉੱਚੀ ਹੋਣ ਕਰਕੇ ਕੋਈ ਬਹੁਤੀ ਸਮਝ ਨਾ ਆਈ ਸੀ ਪਰ ਲੀਸਾ ਦੇ ਜਾਣ ਮਗਰੋਂ ਜਦੋਂ ਕੈਲੇ ਨੇ ਦੱਸਿਆ,

"ਲੈ ਮਾਂ, ਪੋਤਾ ਮੰਗਦੀ ਸੈਂ, ਲੀਸਾ ਉਹਦੀ ਖੁਸ਼ਖਬਰੀ ਲੈ ਕੇ ਆਈ ਐ।"

ਮਾਂ ਦਾ ਦਿਲ ਉਛਾਲੇ ਮਾਰਨ ਲੱਗਾ। ਉਹਦਾ ਗੱਚ ਭਰ ਆਇਆ,

"ਮੈਂ ਉਦੋਂ ਤੋਂ ਈ ਰੋਜ਼ ਤੇਰੇ ਨਾਲ ਸਿਰ-ਖਪਾਈ ਕਰਦੀ ਰਹੀ ਆਂ ਕਿ ਜਾ ਪਰਮੀਤ ਦਾ ਪਤਾ ਕਰ।

ਅਖੀਰ ਤੇ ਇਹਨੇ, ਗੋਰੀ ਨੇ ਈ ਉਹਦਾ ਪਤਾ ਕੀਤਾ ਐ ਨਾ, ਇਹਦਾ ਭਲਾ ਹੋਵੇ। ਚੱਲ ਹੁਣ ਮੈਨੂੰ ਹੁਣੇ ਲੈ ਕੇ ਚੱਲ ਉਹਦੇ ਕੋਲ। ਵਿਚਾਰੀ ਕਿੰਨੀ ਔਖੀ ਹਊਗੀ ਬੱਚੇ ਦੇ ਨਾਲ। ਪਤਾ ਨਹੀਂ ਕਿਥੇ ਰੁਲਦੀ ਹਊਗੀ, ਉਹਨੂੰ ਘਰ ਲੈ ਕੇ ਆਉਨੇ ਆਂ। ਚੱਲ, ਮੈਂ ਤਿਆਰ ਹੋ ਲਾਂ!" ਗੁਰਮੇਜ਼ ਕੌਰ ਅੰਦਰ ਤਿਆਰ ਹੋਣ ਚਲੀ ਗਈ। ਕੈਲਾ ਵੀ ਤਿਆਰ ਹੋ ਗਿਆ। ਜਿਸ ਘਰ ਦਾ ਪਤਾ ਉਸ ਕਾ.ਗਜ਼ ਦੇ ਟੁਕੜੇ 'ਤੇ ਲਿਖਿਆ ਹੋਇਆ ਸੀ ਕੈਲੇ ਨੂੰ ਸਮਝਣ 'ਚ ਦੇਰ ਨਾ ਲੱਗੀ, ਉਹ ਐਬਟਸਫ਼ੋਰਡ ਦੇ ਨਾਲ ਲਗਦਾ ਸ਼ਹਿਰ ਚਿਲਾਵੈਕ ਸੀ, ਜੋ ਉਹਨਾਂ ਦੇ ਘਰ ਤੋਂ ਕੋਈ ਵੀਹ-ਪੱਚੀ ਮਿੰਟ ਦਾ ਰਸਤਾ ਸੀ।

ਸਤੰਬਰ ਦੀ ਸ਼ਾਮ ਅਜੇ ਬਹੁਤਾ ਹਨੇਰਾ ਨਹੀਂ ਸੀ ਹੋਇਆ। ਕੈਲੇ ਨੇ ਕਿਚਨ ਦੀ ਘੜੀ ਤੇ ਨਿਗਾਹ ਮਾਰੀ, ਪੰਜ ਵੱਜਣ ਵਾਲੇ ਸਨ। ਕੈਲੇ ਨੇ ਮਾਂ ਨੂੰ ਕਾਰ 'ਚ ਬਿਠਾਇਆ ਤੇ ਦੋਨੋਂ ਮਾਂ ਪੁੱਤ ਦੱਸੇ ਪਤੇ ਵੱਲ ਨੂੰ ਤੁਰ ਪਏ।

ਅਜੇ ਘਰ ਤੋਂ ਥੋੜ੍ਹੀ ਦੂਰ ਈ ਗਏ ਸਨ, ਗਰਮੇਜ਼ ਕੌਰ ਨੂੰ ਇਕ ਦਮ ਜਿਵੇਂ ਕੁਝ ਯਾਦ ਆ ਗਿਆ ਹੋਵੇ, ਬੋਲੀ,"ਕਰਨੈਲ, ਔਹ ਦੇਖ ਨਿਸ਼ਾਨ ਸਾਹਿਬ ਦਿੱਸਦਾ ਸਾਹਮਣੇ, ਉਧਰੋਂ ਦੀ ਗੱਡੀ ਲੰਘਾ ਲੈ। ਆਪਾਂ ਮੱਥਾ ਟੇਕ ਕੇ ਸੁੱਖ ਸੁੱਖ ਕੇ ਚਲੀਏ, ਵਹੁਟੀ ਨੂੰ ਸੁੱਖੀ ਸਾਂਦੀ ਘਰੇ ਲੈ ਕੇ ਆਉਣਾ। ਕੈਲੇ ਨੇ ਗੁਰਦੁਆਰੇ ਦੀ ਪਾਰਕਿੰਗ ਵਿਚ ਜਾ ਕਾਰ ਲਾਈ। ਦੋਨੋਂ ਮਾਂ ਪੁੱਤ ਛੇਤੀ ਛੇਤੀ ਅੰਦਰ ਗਏ ਤੇ ਮੱਥਾ ਟੇਕ ਕੇ ਵਾਪਸ ਆ ਕੇ ਕਾਰ ਵਿਚ ਬੈਠ ਗਏ। ਗੁਰਦੁਆਰੇ ਦੇ ਅੰਦਰੋਂ ਲਿਆਂਦਾ ਪ੍ਰਸ਼ਾਦ ਮਾਂ ਨੇ ਪਲਾਸਟਕ ਦੇ ਛੋਟੇ ਜਿਹੇ ਬੈਗ ਵਿਚ ਲਪੇਟ ਕੇ ਪਰਸ ਵਿਚ ਪਾ ਲਿਆ। ਅੱਧੇ ਕੁ ਘੰਟੇ ਦੀ ਡਰਾਈਵ ਤੋਂ ਬਾਅਦ ਕੈਲਾ ਚਿਲਾਵੈਕ ਪਹੁੰਚ ਗਿਆ ਤੇ ਕਾਰ ਹੌਲੀ ਕਰਕੇ ਕਾਗਜ਼ 'ਤੇ ਲਿਖੇ ਪਤੇ ਨਾਲ ਘਰਾਂ ਦੇ ਪਤੇ ਮੇਲਦਾ ਕਈ ਘਰਾਂ ਅੱਗੋਂ ਹੌਲੀ ਹੌਲੀ ਲੰਘਦਾ ਅਖੀਰ ਉਸ ਘਰ ਦੇ ਸਾਹਮਣੇ ਪਹੁੰਚ ਕੇ ਕਾਰ ਪਾਰਕ ਕਰ ਲਈ।

ਕੁਝ ਦੇਰ ਕਾਰ ਵਿਚ ਬੈਠੇ ਰਹੇ ਮਾਂ-ਪੁੱਤ, ਉਹਨਾਂ ਕੋਲ ਪਰਮੀਤ ਦਾ ਕੋਈ ਫ਼ੋਨ ਨੰਬਰ ਤਾਂ ਹੈ ਨਹੀਂ ਸੀ, ਨਹੀਂ ਤਾਂ ਫ਼ੋਨ ਕਰ ਲੈਂਦੇ। ਨਾ ਹੀ ਪਿੱਛਲੇ ਛੇ-ਸੱਤ ਮਹੀਨੇ ਤੋਂ ਪਰਮੀਤ ਦੀ ਇਸ ਤੋਂ ਪਹਿਲਾਂ ਕੋਈ ਸੂਹ ਮਿਲੀ ਸੀ। ਮਾਂ ਦਾ ਦਿਲ ਜ਼ੋਰ ਜ਼ੋਰ ਦੀ ਧੜਕਣ ਲਗ ਪਿਆ। ਉਹ ਆਪਣੇ ਪੋਤੇ ਨੂੰ ਦੇਖਣ ਦੀ ਖ਼ੁਸ਼ੀ ਨੂੰ ਕਦੋਂ ਦੀ ਦਿਲ ਵਿਚ ਹੀ ਦਬਾਈ ਫਿਰਦੀ ਸੀ, ਹੁਣ ਉਸ ਦੀਆਂ ਅੱਖਾਂ ਵੀ ਛਲਕ ਪਈਆਂ ਸਨ। ਖ਼ੁਸ਼ੀ ਦੀ ਮਾਰੀ ਛੇਤੀ ਦੇਣੇ ਕਾਰ ਵਿੱਚੋਂ ਨਿਕਲੀ। ਕੈਲਾ ਵੀ ਕਾਰ 'ਚੋਂ ਬਾਹਰ ਆ ਗਿਆ ਸੀ। ਹੌਲੀ ਹੌਲੀ ਤੁਰਦੇ ਉਹ ਉਸ ਘਰ ਦੇ ਦਰਵਾਜ਼ੇ ਸਾਹਮਣੇ ਆ ਕੇ ਰੁੱਕ ਗਏ।

ਦੋਹਵੇਂ ਹੁਣ ਉਸ ਦੁਆਰ ਦੇ ਸਾਹਮਣੇ ਖੜੇ ਸਨ ਜਿਵੇਂ ਸ਼ਰਧਾ ਤੇ ਖ਼ੁਸ਼ੀ ਦੀਆਂ ਭਾਵਨਾਵਾਂ ਨਾਲ ਕਿਸੇ ਮੰਦਰ ਵਿਚ ਮੱਥਾ ਟੇਕਣ ਆਏ ਹੋਣ। ਫਿਰ ਕੈਲੇ ਨੇ ਡੋਰਬੈੱਲ ਦੱਬਾ ਦਿੱਤੀ, ਕੋਈ ਅੰਦਰੋਂ ਹਲਚਲ ਨਾ ਹੋਈ। ਕੈਲੇ ਨੇ ਫੇਰ ਦੁਬਾਰਾ ਡੋਰਬੈੱਲ ਦੱਬ ਦਿੱਤੀ, ਹੁਣ ਉਸ ਘਰ ਦੀ ਬਾਹਰਲੀ ਲਾਈਟ ਜਗੀ ਤੇ ਨਾਲ ਈ ਕਿਸੇ ਨੇ ਡੋਰ ਖੋਹਲਿਆ। ਉਹ ਇਕ ਕਲੀਨ-ਸ਼ੇਵਡ ਭਰ ਨੌਜਵਾਨ ਸੀ, ਉੱਚਾ ਲੰਮਾ ਤੇ ਭਰਵਾਂ ਜੁੱਸਾ, ਬਦਾਮੀ ਚਿਹਰੇ ਤੇ ਤਿੱਖੇ ਨੈਣ ਨਕਸ਼। ਅਸਮਾਨੀ ਰੰਗ ਦੀ ਟੀ-ਸ਼ਰਟ ਦੀਆਂ ਛੋਟੀਆਂ ਅੱਧੀਆਂ ਬਾਹਵਾਂ ਵਿਚੋਂ ਉਹਦੇ ਭਰਵੇਂ ਡੌਲੇ ਨਜ਼ਰ ਆ ਰਹੇ ਸਨ। ਇਸ ਨੌਜਵਾਨ ਨੂੰ ਕੈਲਾ ਤੇ ਗੁਰਮੇਜ ਕੌਰ ਦੋਵੇਂ ਨਹੀਂ ਸਨ ਜਾਣਦੇ। ਏਨੇ ਨੂੰ ਅੰਦਰੋਂ ਇਕ ਛੋਟੇ ਬੱਚੇ ਦੇ ਰੋਣ ਦੀ ਮਧੱਮ ਜਿਹੀ ਆਵਾਜ਼ ਆਈ ਤਾਂ ਕੈਲੇ ਅਤੇ ਉਹਦੀ ਮਾਂ ਨੇ ਇਕ ਦੂਜੇ ਵੱਲ ਦੇਖਿਆ। ਬੱਚੇ ਦੀ ਆਵਾਜ਼ ਨੇ ਮਾਂ ਦੇ ਕਦਮਾਂ ਵਿਚ ਥੋੜ੍ਹੀ ਫੁਰਤੀ ਲੈ ਆਂਦੀ ਤੇ ਉਹ ਦਹਿਲੀਜ਼ ਦੇ ਅੰਦਰ ਵੜ੍ਹ ਕੇ ਅੰਦਰ ਜਾਣ ਈ ਲਗੀ ਸੀ ਕਿ ਉਸ ਨੌਜਾਵਨ ਨੇ ਹੈਰਾਨ ਹੁੰਦੇ ਨੇ ਅੱਗੇ ਹੋ ਕੇ ਪੁੱਛਿਆ,

"ਹੈਲੋ! ਤੁਸੀਂ ਕੌਣ ਓ, ਕੀਹਨੂੰ ਮਿਲਣਾ ਚਾਹੁੰਦੇ ਓ?"

ਕੈਲਾ ਤੇ ਗੁਰਮੇਜ਼ ਕੌਰ ਇਕੋ ਵਾਰੀ ਬੋਲ ਉੱਠੇ, "ਪਰਮੀਤ ਕੌਰ ਨੂੰ।"

"ਪਰਮੀਤ? ਯਾਅ, ਯਾਅ!"

"ਗੁਰਮੇਜ਼ ਕੌਰ ਤੇ ਕੈਲਾ ਦੋਹਾਂ ਨੇ ਬੱਚੇ ਦੇ ਰੋਣ ਦੀ ਆਵਾਜ਼ ਫਿਰ ਸੁਣੀ, ਪਰ ਉਸ ਨੌਜਵਾਨ ਨੂੰ ਦੇਖ ਕੇ ਹੁਣ ਪੱਕਾ ਨਹੀਂ ਕਹਿ ਸਕਦੇ ਸਨ ਕਿ ਇਥੇ ਰਹਿਣ ਵਾਲੀ ਇਹਨਾਂ ਦੀ ਪਰਮੀਤ ਈ ਹੋਵੇਗੀ। ਉਹ ਇਕ ਦੂਜੇ ਦਾ ਮੂੰਹ ਦੇਖ ਰਹੇ ਸਨ। ਅੰਦਰੋਂ ਇਕ ਆਵਾਜ਼ ਸੁਣਾਈ ਦਿੱਤੀ, "ਕੌਣ ਐ ਡੋਰ 'ਤੇ,ਰਾਜਬੀਰ?"

ਉਸ ਨੌਜਵਾਨ ਨੇ ਸਾਰਾ ਡੋਰ ਖੋਹਲ ਦਿੱਤਾ ਤੇ ਫੇਰ ਅੰਦਰ ਵੱਲ ਨੂੰ ਮੂੰਹ ਕਰਕੇ ਕਹਿਣ ਲੱਗਾ, "ਪਤਾ ਨਹੀਂ। ਸ਼ਾਇਦ ਇਹ ਤੈਨੂੰ ਜਾਣਦੇ ਨੇ ਪਰਮੀਤ, ਤੈਨੂੰ ਮਿਲਣ ਲਈ ਕਹਿ ਰਹੇ ਨੇ।"

ਅੰਦਰੋਂ ਪਰਮੀਤ ਨੇ ਅਗਾਂਹ ਹੋ ਕੇ ਦੇਖਿਆ ਤੇ ਅੱਗੇ ਉਹਦਾ ਪਤੀ ਤੇ ਸੱਸ ਖੜੇ ਸਨ।

ਏਨੇ ਨੂੰ ਰਾਜਬੀਰ ਨੇ ਆਪਣੇ ਆਪ ਦੀ ਜਾਣ-ਪਛਾਣ ਕਰਵਾਈ,

"ਮੈਂ ਇਕ ਸੋਸ਼ਲ ਵਰਕਰ ਹਾਂ, ਪਰਮੀਤ ਮੇਰੀ ਦੋਸਤ ਹੈ, ਤੁਸੀਂ ਅੰਦਰ ਲੰਘ ਆਓ। ਅੰਦਰ ਆ ਜਾਓ, ਤੇ ਇਥੇ ਸੋਫੇ ਤੇ ਬੈਠੋ। ਪਰਮੀਤ ਬੇਬੀ ਨਾਲ ਬਿਜ਼ੀ ਐ, ਮੈਂ ਬੁਲਾ ਕੇ ਲਿਆਂਉਨਾ।" ਉਹ ਖੱਬੇ ਪਾਸੇ ਵੱਲ ਉਥੇ ਪਏ ਸੋਫੇ ਵੱਲ ਇਸ਼ਾਰਾ ਕਰਕੇ ਅੰਦਰ ਚਲਾ ਗਿਆ।

ਕੈਲੇ ਨੂੰ ਰਾਜਬੀਰ ਦੇ ਮੂੰਹੋਂ ਪਰਮੀਤ ਬਾਰੇ "ਮੇਰੀ ਦੋਸਤ" ਸੁਣ ਕੇ ਜਿਵੇਂ ਕਿਸੇ ਨੇ ਗਰਮ ਗਰਮ ਸਲਾਖ ਸਿਰ 'ਤੇ ਮਾਰ ਦਿੱਤੀ ਹੋਵੇ। ਉਸ ਦਾ ਚਿਹਰਾ ਗੁੱਸੇ ਨਾਲ ਭੱਖ ਉੱਠਿਆ ਪਰ ਬੋਲਿਆ ਕੁਝ ਨਾ। ਆਪਣੇ ਉੱਤੇ ਕਾਬੂ ਰੱਖਣਾ ਈ ਠੀਕ ਸਮਝਿਆ। ਮਾਂ ਉਸ ਵੱਲ ਹੈਰਾਨੀ ਨਾਲ ਤੱਕ ਰਹੀ ਸੀ ਤੇ ਕੁਝ ਪ੍ਰੇਸ਼ਾਨ ਜਿਹੀ ਲਗਦੀ ਸੀ, ਉਹ ਦੋਵੇਂ ਸੋਫੇ ਉੱਤੇ ਬੈਠ ਗਏ।

ਕੁਝ ਹੀ ਮਿੰਟਾਂ ਬਾਅਦ ਪਰਮੀਤ ਅੰਦਰੋਂ ਆਈ ਤੇ ਉਹਨਾਂ ਦੇ ਸਾਹਮਣੇ ਆ ਕੇ ਖੜੋ ਗਈ। ਕੈਲਾ ਤੇ ਉਹਦੀ ਮਾਂ ਉਸ ਨੂੰ ਦੇਖ ਕੇ ਦੇਖਦੇ ਈ ਰਹਿ ਗਏ। ਜਿਵੇਂ ਇਹ ਪਰਮੀਤ ਨਾ ਹੋਵੇ ਕੋਈ ਹੋਰ ਕੁੜੀ ਹੋਵੇ। ਪਰਮੀਤ ਨੇ ਹਲਕੇ ਹਰੇ ਰੰਗ ਦੀ ਟੀ-ਸ਼ਰਟ ਤੇ ਸਲੇਟੀ ਰੰਗ ਦੀ ਸਵੈਟ-ਪੈਂਟ ਪਾਈ ਹੋਈ ਸੀ। ਉਸ ਦੇ ਲੰਮੇ ਕਾਲੇ ਵਾਲ ਪਿਛਾਂਹ ਨੂੰ ਖੁੱਲ੍ਹੇ ਛੱਡੇ ਹੋਏ ਸਨ ਤੇ ਉਹ ਉਹਨਾਂ ਦੇ ਸਾਹਮਣੇ ਖੜੀ ਸੀ ਜਿਵੇਂ ਕੋਈ ਅਜਨਬੀ ਹੋਵੇ।

ਗੁਰਮੇਜ਼ ਕੌਰ ਝੱਟਪੱਟ ਉੱਠੀ ਤੇ ਉਸ ਦੇ ਸਿਰ 'ਤੇ ਪਿਆਰ ਦੇਣ ਲੱਗੀ। ਪਰਮੀਤ ਇਕ ਦਮ ਪਰੇ ਹੋ ਕੇ ਖਲੋ ਗਈ। ਉਸ ਦੇ ਚਿਹਰੇ ਤੇ ਆਤਮ-ਵਿਸ਼ਵਾਸ ਦੀ ਚਮਕ ਸੀ ਤੇ ਉਸ ਨੇ ਚਿਹਰੇ 'ਤੇ ਬਿਨਾਂ ਕੋਈ ਹਾਵ-ਭਾਵ ਲਿਆਏ ਦੋਨੋਂ ਹੱਥ ਜੋੜ ਦਿੱਤੇ ਜਿਵੇਂ ਸਤਿ ਸ੍ਰੀ ਅਕਾਲ ਕਹਿਣ ਲੱਗੀ ਹੋਵੇ ਪਰ ਬੋਲੀ ਕੁਝ ਨਾ। ਗੁਰਮੇਜ਼ ਕੌਰ ਨੇ ਬੜੀ ਹਲੀਮੀ ਨਾਲ ਕਹਿਣ ਦੀ ਕੋਸ਼ਿਸ਼ ਕੀਤੀ, "ਸ਼ੁਕਰ ਐ ਧੀਏ, ਕਿਧਰੇ ਨਜ਼ਰ ਪਈ ਐਂ। ਅਸੀਂ ਰੋਜ਼ ਤੈਨੂੰ ਭਾਲਦੇ ਰਹੇ ਹਾਂ ਹੁਣ ਤੱਕ। ਕਦੀ ਕਿਸੇ ਨੂੰ ਪੁੱਛ, ਕਦੀ ਕਿਸੇ ਨੂੰ ਪੁੱਛ। ਹੁਣ ਕਿਤੇ ਜਾ ਕੇ ਤੇਰਾ ਪਤਾ ਲੱਗਿਆ ਤੇ ਉਦੋਂ ਈ ਅਸੀਂ ਤੈਨੂੰ ਲੈਣ ਆ ਗਏ ਆਂ। ਚੱਲ ਸਾਡੇ ਨਾਲ, ਚੱਲ ਹੁਣ! ਮਸੀਂ ਮਸੀਂ ਤਾਂ ਤੈਨੂੰ ਦੇਖਿਆ ਐਨੇ ਚਿਰ ਪਿੱਛੋਂ! ਲਿਆ ਮੇਰਾ ਪੋਤਰਾਂ ਕਿੱਥੇ ਐ, ਚੱਲ ਲਿਆ ਉਹਨੂੰ ਅੰਦਰੋਂ,ਚੱਲ,ਘਰ ਚਲੀਏ ਮੇਰੀ ਬੀਬੀ ਧੀ!"

ਕੈਲਾ, ਅਜੇ ਵੀ ਚੁੱਪ ਅੰਦਰੋਂ ਭੱਖਦਾ ਖੜਾ ਰਿਹਾ ਪਰਮੀਤ ਵੱਲ ਅੱਖਾਂ ਚੌੜੀਆਂ ਕਰਕੇ ਦੇਖੀ ਜਾ ਰਿਹਾ ਸੀ। ਸ਼ਾਇਦ ਜਿਵੇਂ ਪਹਿਲੀ ਵਾਰ ਉਸ ਨੂੰ ਅਜਿਹੇ ਰੂਪ ਵਿਚ ਦੇਖਿਆ ਸੀ। ਉੱਤੋਂ ਰਾਜਬੀਰ ਦੇ ਸ਼ਬਦਾਂ ਨੇ ਉਹਦੇ ਅੰਦਰ ਖਲਬਲੀ ਮਚਾਈ ਹੋਈ ਸੀ।

"ਬੇਜੀ, ਹੁਣ ਇਹ ਹੀ ਮੇਰਾ ਘਰ ਐ, ਰਾਜਬੀਰ ਨੇ ਹੀ ਮੈਨੂੰ ਸ਼ਰਣ ਦਿੱਤੀ ਹੈ। ਮੈਂ ਬਿਲਕੁਲ ਠੀਕ ਠਾਕ ਹਾਂ। ਤੁਸੀਂ ਜਾਓ।"


"ਨਾ ਧੀਏ, ਇਵੇਂ ਕਿਵੇਂ ਚਲੇ ਜਾਈਏ, ਸੁੱਖ ਨਾਲ ਤੂੰ ਸਾਡੀ ਬਹੂ ਐਂ ਤੈਨੂੰ ਵਿਆਹ ਕੇ ਲਿਆਂਦਾ, ਤੇ ਹੁਣ ਤੂੰ ਐਸ ਓਪਰੇ ਮੁੰਡੇ ਨਾਲ... ਹਾਏ ਹਾਏ ਕੀ ਮੂੰਹ ਦਿਖਾਣ ਜੋਗੇ ਰਵਾਂਗੇ ਲੋਕਾਂ ਨੂੰ...?" ਗੁਰਮੇਜ਼ ਕੌਰ ਨੇ ਥੋੜ੍ਹਾ ਸਖਤੀ ਨਾਲ ਕਿਹਾ।

ਕੈਲੇ ਦੇ ਕੰਨਾਂ ਵਿਚ ਤਾਂ ਅਜੇ ਰਾਜਬੀਰ ਦੇ ਇਹ ਸ਼ਬਦ "ਮੇਰੀ ਦੋਸਤ" ਹੀ ਹਥੌੜੇ ਵਾਂਗ ਵੱਜ ਰਹੇ ਸਨ ਤੇ ਉਹ ਭੜਕ ਪਿਆ, "ਜੇ ਪਤਾ ਹੁੰਦਾ ਤੂੰ ਐਹੀ ਕੁੱਛ਼ ਕਰਨੈ ਤਾਂ ਮੈਂ ਤੈਨੂੰ ਪਹਿਲਾਂ ਈ ਦਫਾ ਕਰ ਦੇਂਦਾ।"

ਕੈਲੇ ਦੀ ਉੱਚੀ ਆਵਾਜ਼ ਸੁਣ ਕੇ ਅੰਦਰੋਂ ਰਾਜਬੀਰ ਆ ਗਿਆ ਤੇ ਇਕ ਪਲ ਖੜੋ ਕੇ ਦੇਖਦਾ ਹੈ। ਕੈਲੇ ਦੇ ਮੂੰਹ ਤੋਂ ਪਤਾ ਲਗਦਾ ਸੀ ਉਸ ਨੂੰ ਬਹੁਤ ਗੁੱਸਾ ਚੜ੍ਹਿਆ ਹੋਇਐ। ਰਾਜਬੀਰ ਪਰਮੀਤ ਦੀ ਬਾਂਹ ਫੜ੍ਹ ਕੇ ਉਸ ਨੂੰ ਅੰਦਰ ਲਿਜਾਣ ਲਗਦਾ ਹੈ ਪਰ ਉਹ ਕੈਲੇ ਵੱਲ ਮੂੰਹ ਕਰਕੇ ਕਹਿੰਦੀ ਹੈ,

"ਮੈਂ ਤੁਹਾਡੇ ਨਾਲ ਨਹੀਂ ਜਾ ਸਕਦੀ। ਬਸ ਤੁਸੀਂ ਜਾਓ ਆਪਣੀ ਦੁਨੀਆ ਸੰਭਾਲੋ, ਤੁਹਾਨੂੰ ਤਾਂ ਬੱਚੇ ਦੀ ਕੋਈ ਲੋੜ ਹੀ ਨਹੀਂ ਸੀ। ਮਿਹਰਬਾਨੀ ਕਰਕੇ ਤੁਸੀਂ ਜਾਓ ਹੁਣ, ਤੇ ਇਥੇ ਮੁੜ ਕੇ ਆਇਓ ਵੀ ਨਾ, ਹੋ ਸਕਦੈ ਪੁਲੀਸ ਕੇਸ ਬਣ ਜਾਏ। ਬਸ ਤੁਸੀਂ ਜਾਓ ਹੁਣ।" ਕਹਿੰਦਿਆ ਪਰਮੀਤ ਅੰਦਰ ਵੱਲ ਨੂੰ ਮੁੜ ਗਈ। ਕੈਲਾ ਤੇ ਉਹਦੀ ਮਾਂ ਇਕ ਦੂਜੇ ਦਾ ਮੂੰਹ ਦੇਖਦੇ ਰਹਿ ਗਏ। ਕੈਲਾ ਗੁੱਸੇ ਨਾਲ ਭਖਦਾ ਪਿਆ ਸੀ ਤੇ ਉਸ ਦਾ ਜੀ ਕੀਤਾ ਪਰਮੀਤ ਨੂੰ ਧੂ ਕੇ ਨਾਲ ਲੈ ਆਏ। ਰਾਜਬੀਰ ਨੇ ਅੱਗੇ ਹੋ ਕੇ ਬਾਹਰਲਾ ਡੋਰ ਖੋਹਲ ਦਿੱਤਾ ਤੇ ਉਹ ਦੋਨੋਂ ਹੌਲੀ ਹੌਲੀ ਡੋਰ ਤੋਂ ਬਾਹਰ ਹੋ ਗਏ। ਬੱਚੇ ਦੇ ਰੋਣ ਦੀ ਆਵਾਜ਼ ਅੰਦਰੋਂ ਫੇਰ ਆਈ, ਗੁਰਮੇਜ਼ ਕੌਰ ਦੇ ਕਦਮ ਇਕ ਦਮ ਰੁੱਕ ਗਏ, ਉਸ ਨੇ ਮੁੜ ਕੇ ਪਿੱਛੇ ਵੱਲ ਨੂੰ ਦੇਖਿਆ, ਬੰਦ ਡੋਰ ਤੋਂ ਅੱਗੇ ਨਜ਼ਰ ਨਾ ਜਾ ਸਕੀ। ਉਹਦਾ ਉਥੋਂ ਜਾਣ ਨੂੰ ਜੀਅ ਨਾ ਕੀਤਾ। ਕੈਲਾ ਜੋ ਤੇਜ਼ ਤੇਜ਼ ਤੁਰਦਾ ਕਾਰ ਵੱਲ ਜਾ ਰਿਹਾ ਸੀ ਮਾਂ ਨੂੰ ਰੁਕਿਆ ਦੇਖ ਕਾਹਲੀ ਨਾਲ ਦੋ ਕਦਮ ਮੁੜਿਆ ਤੇ ਮਾਂ ਦੀ ਬਾਂਹ ਫੜ੍ਹ ਕੇ ਉਸ ਨੂੰ ਕਾਰ ਵੱਲ ਲੈ ਕੇ ਜਾਂਦਾ ਬੁੜਬੁੜਾਇਆ "ਕੋਈ ਨਹੀਂ, ਦੇਖ ਲਵਾਂਗੇ ! ਤੂੰ ਹੁਣ ਚੱਲ ਮਾਂ।" ਤੇ ਉਸ ਨੂੰ ਕਾਰ ਵਿਚ ਬਿਠਾ ਲਿਆ। ਆਪਣੇ ਪੋਤਰੇ ਨੂੰ ਖਿਡਾਉਣ ਦੇ ਸੁਪਨੇ ਦੀਆਂ ਕੱਚ-ਕਿੱਰਚਾਂ ਗੁਰਮੇਜ਼ ਕੌਰ ਦੇ ਦਿਲ ਵਿਚ ਡੂੰਘੀਆਂ ਖੁੱਭ ਗਈਆਂ ਸਨ।* (**ਸੰਪਰਕ**-+1 778-829-6261)

## 'ਕਹਾਣੀ ਧਾਰਾ' ਨੂੰ ਰੀਵਿਊ ਲਈ ਪਹੁੰਚੀਆਂ ਪੁਸਤਕਾਂ





## ਕਹਾਣੀ / ਮਿਰਗ ਛਲ / - ਵਿਪਨ ਗਿੱਲ

ਬੈਂਕ ਮੈਨੇਜਰ ਦੇ ਪਾਰਦਰਸ਼ੀ ਕੇਬਿਨ 'ਚ ਬੈਠਿਆਂ, ਤਿਲਕਦੀ-ਤਿਲਕਦੀ ਮੇਰੀ ਨਜ਼ਰ ਕੈਸ਼ ਕਾਊਂਟਰ 'ਤੇ ਖੜ੍ਹੇ ਇੱਕ ਚਿਹਰੇ 'ਤੇ ਜਾ ਟਿਕੀ। ਦਿਲ ਪਰਿੰਦੇ ਵਾਂਗ ਫੜਫੜਾਇਆ। ਵਰ੍ਹਿਆਂ ਤੋਂ ਠਹਿਰੀ ਝੀਲ 'ਚ, ਜਿਵੇਂ ਕਿਸੇ ਨੇ ਅਚਾਨਕ ਪੱਥਰ ਮਾਰਿਆ ਹੋਵੇ। 'ਇਹ ਤਾਂ ਉਹੀ ਲੱਗਦੀ ਹੈ', ਮੇਰੇ ਮਨ 'ਚ ਸੰਸਾ ਉੱਠਿਆ। ਮੈਂ ਝਟ ਮੂੰਹ ਘੁਮਾ ਲਿਆ। 'ਕਿਤੇ ਮੇਰਾ ਭਰਮ ਤਾਂ ਨਹੀਂ', ਇਹ ਸੋਚ ਕੇ ਕੁਝ ਚਿਰ ਬਾਅਦ ਦੁਬਾਰਾ ਦੇਖਿਆ। ਉਹੀ ਸੀ। ਮੈਂ ਝੱਟਪਟ ਫਿਰ ਮੂੰਹ ਘੁਮਾ ਲਿਆ ਤੇ ਉਹਦੀਆਂ ਨਜ਼ਰਾਂ ਤੋਂ ਬਚਣ ਲਈ ਖ਼ੁਦ 'ਚ ਸੁੰਗੜਨ ਜਿਹਾ ਲੱਗ ਪਿਆ। ਪੰਜ ਕੁ ਮਿੰਟ ਬਾਅਦ ਦੁਬਾਰਾ ਦੇਖਿਆ ਤਾਂ 'ਉਹ' ਉੱਥੇ ਨਹੀਂ ਸੀ। ਇੰਨੇ ਨੂੰ ਮੈਨੇਜਰ ਨੇ ਮੇਰੇ ਹੱਥ 'ਚ ਫਾਈਲ ਫੜਾਈ ਤੇ ਮੈਂ ਵੀ ਉੱਠ ਕੇ ਤੁਰ ਪਿਆ।

ਬੈਂਕ ਦੇ ਮੁੱਖ ਦਰਵਾਜ਼ੇ ਤੋਂ ਬਾਹਰ ਨਿਕਲਦਿਆਂ ਉਹ ਫਿਰ ਮੇਰੇ ਮੱਥੇ 'ਚ ਠਾਹ ਕਰਕੇ ਵੱਜੀ। ਇਹ ਬਲ਼ਾਅ ਇੰਝ ਹੀ ਵੱਜਦੀ ਹੈ - ਉਦੋਂ ਸਿੱਧਾ ਦਿਲ 'ਤੇ ਵੱਜੀ ਸੀ ਤੇ ਅੱਜ ਸਿੱਧਾ ਦਿਮਾਗ਼ 'ਤੇ। ਇਸ ਅਚਾਨਕ ਹੋਏ ਮੌਕਾ ਮੇਲ ਕਰਕੇ ਮੇਰਾ ਜ਼ਿਹਨ ਇਕਦਮ ਸੁੰਨ ਹੋ ਗਿਆ ਸੀ। ਉਮਰ ਦੀ ਕਸ਼ੀਦ ਦੇ ਉਤਰਾਅ-ਚੜ੍ਹਾਅ ਉਸਦੇ ਚਿਹਰੇ 'ਤੇ ਸਾਫ਼ ਨਜ਼ਰ ਆ ਰਹੇ ਸਨ ਪਰ ਗੱਲ੍ਹ 'ਤੇ ਛੋਟਾ ਜਿਹਾ ਭੂਰੇ ਰੰਗ ਦਾ ਜਮਾਂਦਰੂ ਨਿਸ਼ਾਨ ਅੱਜ ਵੀ ਚੰਨ 'ਤੇ ਗ੍ਰਹਿਣ ਵਾਂਗੂ ਜਾਪਿਆ। ਮੇਰੇ ਸਿਰ ਉੱਪਰਲੀ ਭਰਵੀਂ ਫ਼ਸਲ, ਭਾਵੇਂ

ਉਮਰ ਦੀ ਗੜ੍ਹੇਮਾਰੀ ਦੀ ਸ਼ਿਕਾਰ ਹੋ ਚੁੱਕੀ ਸੀ ਪਰ ਉਸਨੇ ਵੀ ਮੈਨੂੰ ਝੱਟ ਪਛਾਣ ਲਿਆ। 'ਓਮੀ ਤੂੰ', ਜਦੋਂ ਉਸਨੇ ਫੱਟ ਦੇਣੀ ਕਿਹਾ ਤਾਂ ਮੇਰੇ ਕੋਲ ਭੱਜਣ ਦੀ ਕੋਈ ਗੁੰਜਾਇਸ਼ ਨਹੀਂ ਬਚੀ। ਉਸਦੇ ਹੱਥ 'ਚ ਕੁਝ ਕਾਗਜ਼ ਸਨ, ਜਿਨ੍ਹਾਂ ਨੂੰ ਉਹ ਸ਼ਾਇਦ ਬਾਹਰੋਂ ਕਿਸੇ ਦੁਕਾਨ ਤੋਂ ਫੋਟੋਸਟੇਟ ਕਰਵਾ ਕੇ ਲਿਆਈ ਸੀ।



ਹਾਲੇ ਮੈਂ ਕੁਝ ਮੂੰਹੋਂ ਫੁੱਟਦਾ, ਉਸਨੇ ਅਗਲਾ ਹੁਕਮ ਚਾੜ੍ਹਿਆ, "ਤੂੰ ਦੋ ਮਿੰਟ ਰੁਕੀ ਬਾਹਰ। ਮੈਂ ਹੁਣੇ ਆਈ।"

ਭਲਾ ਮੈਂ ਕਿਉਂ ਰੁਕਦਾ? ਅਸੂਲਨ ਮੈਨੂੰ ਰੁਕਣਾ ਵੀ ਨਹੀਂ ਚਾਹੀਦਾ ਸੀ ਪਰ ਮੈਂ ਬਾਹਰ ਆ ਕੇ ਇੱਕ ਤੂਤ ਦੇ ਰੁੱਖ ਹੇਠ ਆਣ ਖਲੋਤਾ। ਬਹਾਰ ਰੁੱਤ ਦੀ ਮੱਠੀ ਮੱਠੀ ਉਕਸਾਉਂਦੀ ਧੁੱਪ 'ਚ, ਤੂਤ ਦੀਆਂ ਨਵੀਂ ਨਕੋਰ ਲਮਕਦੀਆਂ ਸੁਰਖ਼-ਤੂਤੀਆਂ ਨਾਲ ਲੱਦੀਆਂ ਹੋਈਆਂ ਲਗਰਾਂ ਆਪਣੇ ਜੋਬਨ ਦੀ ਭਰਪੂਰਤਾ ਦਾ ਪ੍ਰਦਰਸ਼ਨ ਕਰ ਰਹੀਆਂ ਸਨ। ਕੁਦਰਤ ਦੀ ਖ਼ੂਬਸੂਰਤੀ ਦੇਖ ਕੇ ਮੈਨੂੰ ਸੁਖਦ ਜਿਹਾ ਅਹਿਸਾਸ ਹੋਇਆ ਪਰ ਅਗਲੇ ਹੀ ਪਲ ਕੁਝ ਚਿਰ ਪਹਿਲਾਂ ਅਚਾਨਕ ਆਈ ਬਿਪਤਾ ਬਾਰੇ ਸੋਚ ਕੇ ਤਲਖ਼ੀ ਜਿਹੀ ਮਹਿਸੂਸ ਹੋਣ ਲੱਗ ਪਈ।

ਸੱਤ ਕੁ ਮਿੰਟਾਂ ਬਾਅਦ ਉਹ ਬੈਂਕ 'ਚੋਂ ਬਾਹਰ ਆਉਂਦੀ ਦਿਸੀ। ਉਸਦਾ ਚਿਹਰਾ ਮੈਨੂੰ ਉੱਜੜੀ ਹੋਈ ਬਹਾਰ ਵਰਗਾ ਜਾਪਿਆ...ਉੱਡਿਆ-ਉੱਡਿਆ, ਬੇਰੌਣਕਾ ਜਿਹਾ। ਲੰਮੀ ਗੁੱਤ ਦੀ ਥਾਂ ਚੱਪਾ ਕੁ ਜਿੰਨੀ ਪੂੰਝੀ ਜਿਹੀ। ਉਫ਼! ਇਹਦੀ ਲੰਮੀ ਗੁੱਤ ਦਾ ਮੈਂ ਕਿੰਨਾ ਸ਼ੁਦਾਈ ਸਾਂ। ਜਦੋਂ ਇਸ ਕਮਬਖ਼ਤ ਨੇ ਮੈਨੂੰ ਝਟਕ ਕੇ ਗਲੋਂ ਲਾਹਿਆ ਸੀ, ਉਦੋਂ ਵੀ ਦਿਲ ਕੀਤਾ ਸੀ ਕਿ ਇਹਦੀ ਲੰਮੀ ਗੁੱਤ ਨਾਲ ਲਮਕ ਕੇ ਫਾਹਾ ਲੈ ਲਵਾਂ।

ਮੈਨੂੰ ਮੁਆਇਨਾ ਕਰਦਿਆਂ ਦੇਖ, ਉਹ ਛਿੱਥੀ ਜਿਹੀ ਹੋ ਗਈ ਤੇ ਮੇਰੇ ਕੋਲ ਆ ਕੇ ਬੋਲੀ, "ਕਿੱਥੇ ਲੁਕਿਆ ਰਿਹਾ ਏਨਾ ਚਿਰ ? ਮਸਾਂ ਕਾਬੂ ਆਇਆਂ।" ਉਸਦੇ ਬੋਲਾਂ 'ਚ ਅਤੀਤ ਦੀ ਮਾਸਾ ਜਿੰਨੀ ਵੀ ਚੜ੍ਹੀ ਲੱਥੀ ਨਹੀਂ ਸੀ ਪਰ ਮੇਰੀ ਬੇਚੈਨੀ ਦੀ ਤੀਬਰਤਾ ਇਕਦਮ ਏਨੀ ਵੱਧ ਗਈ ਕਿ ਮੈਂ ਤੜਪ ਉੱਠਿਆ, ਇਸ ਲਈ ਉਸਦਾ ਸੁਆਲ ਅਣਸੁਣਿਆ ਕਰ ਦਿੱਤਾ। ਜਿੰਨੇ ਚਿਰ ਨੂੰ ਉਸਨੂੰ 'ਚੰਗਾ ਫਿਰ' ਕਹਿ ਕੇ ਤੁਰਦਾ ਬਣਦਾ, ਉਸਨੇ ਅਗਲਾ ਸੁਆਲ ਦਾਗਿਆ, 'ਇੱਥੇ ਕਿਵੇਂ ? ਬਦਲੀ ਹੋ ਗਈ ਤੇਰੀ ? ਮੈਂ ਸੁਣਿਆ ਸੀ ਕਿਤਿਓਂ ਕਿ ਤੂੰ ਇੱਥੇ ਆ ਗਿਆਂ।"

'ਕਿਵੇਂ ਨਾਮੀ ਜਾਸੂਸ ਬਣੀ ਫਿਰਦੀ ਆ। ਇਹਨੇ ਭਲਾ ਮੇਰੇ ਤੋਂ ਕੀ ਲੈਣਾ ? ਐਵੇਂ ਤੀਵੀਆਂ ਆਲੀ ਸੂਹਾਂ ਕੱਢਣ ਦੀ ਬਿਮਾਰੀ', ਇਹ ਸੋਚ ਕੇ ਮੈਨੂੰ ਖਿਝ ਜਿਹੀ ਚੜ੍ਹੀ ਪਰ ਮੈਂ ਇੱਕ ਸੱਭਿਅਕ ਬੰਦੇ ਵਾਂਗ ਜੁਆਬ ਦਿੰਦਿਆਂ ਕਿਹਾ, "ਹਾਂ, ਪੰਦਰ੍ਹਾਂ ਕੁ ਦਿਨ ਪਹਿਲਾਂ ਹੀ ਜੁਆਇੰਨ ਕੀਤਾ। ਇਸੇ ਬੈਂਕ ਦੀ ਮਾਡਲ ਟਾਊਨ ਵਾਲੀ ਬ੍ਰਾਂਚ 'ਚ।" ਅਗਲੇ ਹੀ ਪਲ ਮੈਂ ਖ਼ੁਦ ਨੂੰ ਕੋਸਣ ਲੱਗਾ। 'ਭਲਾ ਮੈਨੂੰ ਕੀ ਲੋੜ ਸੀ, ਇਹਨੂੰ ਏਨਾ ਕੁਝ ਦੱਸਣ ਦੀ ?' ਪਰ ਗੱਲ ਜ਼ੁਬਾਨੋਂ ਨਿਕਲ ਚੁੱਕੀ ਸੀ ਤੇ ਹੁਣ ਕੀ ਹੋ ਸਕਦਾ ਸੀ ?

ਉਸਨੇ ਸੋਲ੍ਹਾਂ ਸਾਲ ਪਹਿਲਾਂ ਵਰਗੀ ਸੁਲ੍ਹਾ ਮਾਰੀ, ਜਿੱਥੇ ਮੇਰੇ ਜੁਆਬ ਦੀ ਰਤਾ ਕੁ ਜਿੰਨੀ ਵੀ ਗੁੰਜਾਇਸ਼ ਨਹੀਂ ਹੁੰਦੀ ਸੀ, "ਚੱਲ ਫੇਰ, ਚਾਹ ਪੀਂਦੇ ਹਾਂ।"

ਮੈਂ ਤਾਂ ਇਸ ਕੋਲੋਂ ਛੇਤੀ ਤੋਂ ਛੇਤੀ ਖਹਿੜਾ ਛੁਡਾਉਣਾ ਚਾਹੁੰਦਾ ਸੀ ਪਰ ਇਸਨੇ ਆਹ ਚਾਹ ਵਾਲੀ

ਨਵੀਂ ਸਾਖੀ ਛੇੜ ਦਿੱਤੀ। ਜੀਅ ਕੀਤਾ, ਠੋਕ ਕੇ ਨਾਂਹ ਕਰ ਦੇਵਾਂ, "ਤੇਰੀ ਸਾਡੀ ਕਾਹਦੀ ਚਾਹ। ਤੂੰ ਉਦੋਂ ਘੱਟ ਕੀਤੀ ਸੀ ਮੇਰੇ ਨਾਲ', ਫਿਰ ਆਪਣੇ ਸੁਭਾਅ ਦੀ ਕਮਜ਼ੋਰੀ ਕਾਰਨ ਕਿਹਾ ਨਾ ਗਿਆ। ਜਿਸ ਬੰਦੇ ਨੂੰ ਸਹਿਣ ਦੀ ਆਦਤ ਪੈ ਚੁੱਕੀ ਹੋਵੇ, ਉਹ ਜ਼ਾਬਰ ਦੇ ਚਾਬੁਕ ਚੁੱਕਣ ਤੋਂ ਪਹਿਲਾਂ ਹੀ, ਜ਼ੁਲਮ ਸਹਿਣ ਲਈ ਆਪਣੀ ਪਿੱਠ ਨੰਗੀ ਕਰਕੇ ਖੜ੍ਹਾ ਹੋ ਜਾਂਦਾ ਹੈ।

"ਨੰਜੀ ਦੀ ਦੁਕਾਨ 'ਤੇ ਆ ਜਾ।" ਉਸਨੇ ਐਕਟਿਵਾ ਦਾ ਸਟੈਂਡ ਲਾਹੁੰਦਿਆਂ ਕਿਹਾ।

ਉਹ ਐਕਟਿਵਾ ਸਟਾਰਟ ਕਰਕੇ ਤੁਰ ਪਈ ਤੇ ਮੈਂ ਓਨਾ ਚਿਰ ਉਸਦੀ ਪਿੱਠ ਤੱਕਦਾ ਰਿਹਾ, ਜਿੰਨਾ ਚਿਰ ਉਹ ਮੇਰੀਆਂ ਨਜ਼ਰਾਂ ਤੋਂ ਓਝਲ ਨਹੀਂ ਹੋ ਗਈ। ਉਸਨੇ ਪੀਲੇ ਰੰਗ ਦਾ ਬੂਟੀਆਂ ਵਾਲਾ ਸੂਟ ਪਾਇਆ ਹੋਇਆ ਸੀ। ਵਰ੍ਹਿਆਂ ਦੇ ਵਕਫ਼ੇ ਦੇ ਲੇਫ਼ ਉਸਦੀ ਇਕਹਿਰੀ ਦੇਹ 'ਤੇ ਚੜ੍ਹ ਚੁੱਕੇ ਸਨ। 'ਪਰ ਪੀਲਾ ਰੰਗ ਤਾਂ ਇਸਨੂੰ ਬਿਲਕੁਲ ਪਸੰਦ ਨਹੀਂ ਸੀ', ਅਚਾਨਕ ਮੈਨੂੰ ਯਾਦ ਆਇਆ। ਮੈਂ ਦੁਚਿੱਤੀ ਦੀ ਹਾਲਤ 'ਚ ਕਾਰ 'ਚ ਬੈਠ ਤਾਂ ਗਿਆ ਪਰ ਮੇਰੇ ਹੱਥ ਸੈਲਫ਼ ਮਾਰਨ ਤੋਂ ਇਨਕਾਰੀ ਹੁੰਦੇ ਜਾਪੇ। ਆਪਣੀ ਦੁਚਿੱਤੀ ਨੂੰ ਮਿਟਾਉਣ ਲਈ ਮੈਂ ਸਿਗਰਟ ਬਾਲ ਲਈ ਤੇ ਆਰਾਮ ਨਾਲ ਬੈਠ ਕੇ ਕਸ਼ ਮਾਰਨ ਲੱਗਾ।

ਤੀਵੀਆਂ ਨੂੰ ਸਮਝਣਾ ਕਿੰਨਾ ਔਖਾ! ਸਮਝ ਤਾਂ ਮੈਂ ਇਹਨੂੰ ਉਦੋਂ ਵੀ ਨਹੀਂ ਸਕਿਆ ਸਾਂ, ਜਦੋਂ ਸੋਲ੍ਹਾਂ ਵਰ੍ਹੇ ਪਹਿਲਾਂ ਇਹ ਠਾਹ ਦੇਣੀ ਪਰਪੋਜ਼ ਮਾਰ ਕੇ ਧੱਕੇ ਨਾਲ ਮੇਰੀ ਜ਼ਿੰਦਗੀ 'ਚ ਆ ਵੜੀ ਸੀ। ਉਦੋਂ ਮੈਂ ਫਸਟ ਯੀਅਰ 'ਚ ਪੜ੍ਹਦਾ ਡਰੂ ਤੇ ਛਲਾਰੂ ਜਿਹਾ ਕਿਤਾਬੀ ਕੀੜਾ ਸਾਂ ਤੇ ਇਹ ਬਾਲੀਬਾਲ ਦੀ ਮਸ਼ਹੂਰ ਧਾਕੜ ਖਿਡਾਰਨ, ਮੇਰੇ ਨਾਲੋਂ ਇੱਕ ਜਮਾਤ ਅੱਗੇ ਸੈਕੰਡ ਯੀਅਰ 'ਚ ਸੀ। ਉਦੋਂ ਭਾਵੇਂ ਮੈਂ ਇਸਦੀਆਂ ਮੇਰੇ ਪ੍ਰਤੀ ਮਿਹਰਬਾਨ ਹੋਈਆਂ ਨਜ਼ਰਾਂ ਨੂੰ ਪਛਾਣ ਤਾਂ ਲਿਆ ਸੀ ਪਰ ਚੁੱਪ ਰਿਹਾ ਤੇ ਫਿਰ ਇੱਕ ਦਿਨ ਜਦੋਂ ਇਸਨੇ ਆਪ ਹੀ ਮੇਰੀ ਮੁਹੱਬਤ ਲਈ ਸੁਆਲ ਪਾਇਆ ਤਾਂ ਮੇਰੇ ਮੂੰਹੋਂ ਨਿਕਲਿਆ ਸੀ, "ਦੇਖੀਂ ਕਿਤੇ ਜੱਟਾਂ ਦੇ ਭੇੜ 'ਚ ਵਿਚਾਰਾ ਬ੍ਰਾਹਮਣ ਨਾ ਮਾਰਿਆ ਜਾਵੇ।" ਉਦੋਂ ਇਸਨੇ ਤਿੜ ਕੇ ਆਖਿਆ ਸੀ, "ਐਵੇਂ ਕੈਵੇਂ ਨਾ ਸਮਝੀ ਮੈਨੂੰ। ਸਿਆਲਾਂ ਦੀ ਹੀਰ ਆਂ...ਤੋੜ ਨਿਭਾਊਂਗੀ...ਇੱਕ ਵਾਰ ਅਜ਼ਮਾ ਕੇ ਤਾਂ ਦੇਖ।"

ਉਸ ਵੇਲੇ ਏਨਾ ਕੁ ਯਕੀਨ ਤਾਂ ਮੈਨੂੰ ਇਸ 'ਤੇ ਹੈ ਸੀ। ਜੱਟਾਂ ਦੀਆਂ ਕੁੜੀਆਂ ਉਂਝ ਵੀ ਧਾਕੜ ਹੁੰਦੀਆਂ। ਏਨੀ ਛੇਤੀ ਹਾਰ ਨਹੀਂ ਮੰਨਦੀਆਂ। ਉਂਝ ਵੀ ਹਾਰਮੋਨਾਂ ਦੀ ਉਤਰਾਅ-ਚੜ੍ਹਾਅ ਦੀ ਉਮਰੇ, ਇਕਹਿਰੀ ਦੇਹ ਤੇ ਤਿੱਖੇ ਨੈਣ-ਨਕਸ਼ਾਂ ਵਾਲੀ ਇਹ ਹੀਰ ਮੇਰੇ ਕਾਲਜੇ ਦਾ ਰੁੱਗ ਭਰ ਕੇ ਲੈ ਗਈ। ਹਾਂ ਤਾਂ ਮੈਨੂੰ ਕਰਨੀ ਹੀ ਪੈਣੀ ਸੀ।

ਇੰਝ ਪੰਡਤਾਂ ਦਾ ਉਹ ਇਕਲੌਤਾ ਮਲੂਕ ਜਿਹਾ ਮੁੰਡਾ ਇਸ਼ਕ ਦੇ ਅਵੱਲੜੇ ਰਾਹ ਪੈ ਗਿਆ, ਜਿਸਦੀ ਮਾਂ ਤੇ ਦਾਦੀ ਉਸਨੂੰ ਚੱਤੇ ਪਿਆਰ ਆਪਣੇ ਖਿਆਲਾਂ ਦੀ ਛਾਂ ਹੇਠ ਰੱਖ ਕੇ ਸੰਭਲ-ਸੰਭਲ ਕੇ ਪਾਲ ਰਹੀਆਂ ਸਨ। ਉਨ੍ਹਾਂ ਦੋਵਾਂ ਨੂੰ ਹਮੇਸ਼ਾ ਮੇਰੀ ਫਿਕਰ ਲੱਗੀ ਰਹਿੰਦੀ। ਹਰ ਦੂਜੇ ਚੌਥੇ ਮਿਰਚਾਂ ਵਾਰ ਕੇ ਮੇਰੀ ਨਜ਼ਰ ਉਤਾਰਦੀਆਂ ਰਹਿੰਦੀਆਂ। ਮੈਨੂੰ ਮਾਸਾ ਕੁ ਖੰਘ ਆਉਂਦੀ ਤਾਂ ਝੱਟ ਜੜ੍ਹੀਆਂ-ਬੂਟੀਆਂ ਘੋਟਣ ਲੱਗ ਪੈਂਦੀਆਂ। ਮੇਰਾ ਰਤਾ ਕੁ ਚਿਹਰਾ ਭਖਦਾ ਤਾਂ ਦੋਵੇਂ ਵਾਰੋ ਵਾਰੀ ਮੇਰੇ ਮੱਥੇ 'ਤੇ ਹੱਥ ਧਰ ਕੇ ਦੇਖਦੀਆਂ ਕਿ ਕਿਤੇ ਤਾਪ ਤਾਂ ਨਹੀਂ ਚੜ੍ਹ ਗਿਆ। ਡੈਡੀ ਫੌਜ 'ਚ ਸੀ। ਉਹ ਸਾਲ-ਛੇ ਮੀਨ੍ਹੀ ਛੁੱਟੀ 'ਤੇ ਆਉਂਦਾ। ਪਰ ਮਾਂ ਤੇ ਦਾਦੀ ਦੀ ਮੇਰੇ ਪ੍ਰਤੀ ਡਿਊਟੀ ਵੀ ਇੱਕ ਮੁਹਾਜ਼ ਵਾਂਗੂ ਹੀ ਸੀ।

ਸ਼ਹਿਰ ਦੀ ਇੱਕ ਦਰਮਿਆਨੀ ਜਿਹੀ ਗਲੀ ਦੇ ਮੋੜ 'ਤੇ ਸਾਡਾ ਦੁਮੰਜ਼ਿਲਾ ਘਰ ਹੈ, ਜਿੱਥੇ ਕੁਝ ਦਿਨ ਪਹਿਲਾਂ ਤੇਰ੍ਹਾਂ ਵਰ੍ਹਿਆਂ ਬਾਅਦ ਅਸੀਂ ਹੁਣ ਵਸੇਬਾ ਕੀਤਾ ਹੈ। ਮੇਰੀ ਨੌਕਰੀ ਕਾਰਨ ਲੰਮਾ ਸਮਾਂ ਪ੍ਰਵਾਸ ਹੰਢਾਉਣਾ ਪਿਆ। ਉਦੋਂ ਸਾਡੀ ਗਲੀ ਦੇ ਮੋੜ 'ਤੇ ਉੱਪਰਲੀ ਮੰਜ਼ਿਲ ਵਾਲੇ ਮੇਰੇ ਕਮਰੇ ਦੀ ਖਿੜਕੀ ਦੇ ਐਨ ਸਾਹਮਣੇ ਸ਼ਾਮ ਵੇਲੇ ਚਟੋਰਿਆਂ ਦੇ ਚਸਕੇ ਮਿਟਾਉਣ ਲਈ ਦੋ ਤਿੰਨ ਰੇਹੜੀਆਂ ਵਾਲੇ ਆਣ ਖਲੋਂਦੇ

ਸਨ ਤੇ ਇਹ ਹੀਰ ਸਲੇਟੀ ਆਪਣੀਆਂ ਸਹੇਲੀਆਂ ਸੰਗ ਗਰਾਊਂਡ 'ਚੋਂ ਸਿੱਧੀ ਇਹਨਾਂ ਰੇਹੜੀਆਂ 'ਤੇ ਗੇੜਾ ਮਾਰਦੀ। ਇਹਨਾਂ ਦੇ ਆਉਣ ਦੀ ਕਨਸੋਅ ਸੁਣ ਕੇ ਮੈਂ ਵੀ ਆਪਣੇ ਕਮਰੇ 'ਚੋਂ ਬਾਹਰ ਨਿਕਲ ਆਉਂਦਾ ਤੇ ਬਾਹਰ ਬਰਾਂਡੇ 'ਚ ਖੜਾ ਹੋ ਜਾਂਦਾ। ਇੰਝ ਨੈਣਾਂ ਦੇ ਇਸ਼ਾਰਿਆਂ ਨਾਲ ਗੁਫ਼ਤਗੂ ਹੁੰਦੀ ਰਹਿੰਦੀ। ਪੂਰੇ ਅੱਠ ਮਹੀਨੇ ਇਸਨੇ ਮੈਨੂੰ ਇੱਕ ਮਨਭਾਉਂਦੇ ਪਰਿੰਦੇ ਵਾਂਗ ਆਪਣੇ ਸੁਪਨਿਆਂ ਦੇ ਅੰਬਰ 'ਤੇ ਉਡਾਰੀਆਂ ਮਰਵਾਈਆਂ ਤੇ ਫਿਰ ਸਮੇਂ ਦੀ ਤੇਜ਼ ਰਫ਼ਤਾਰ ਨਾਲ ਇਸਦੇ ਮੋਹ ਦੀ ਚਾਸ ਘਟਦੀ ਗਈ ਕਿਉਂਕਿ ਇਸਦੇ ਅੰਦਰ ਇੱਕ ਨਵੀਂ ਲਿਲਕ ਜਨੂੰਨ ਦੀ ਹੱਦ ਤੱਕ ਜਾਗ ਚੁੱਕੀ ਸੀ। ਇਸਨੇ ਬੜੀ ਚਲਾਕੀ ਨਾਲ ਮੇਰੇ ਦੁਆਲਿਓਂ ਆਪਣਾ ਸੁਪਨੀਲਾ ਅੰਬਰ ਖਿਸਕਾ ਲਿਆ ਤੇ ਇੱਕ ਦਿਨ ਮੈਂ ਇੱਕ ਜ਼ਖ਼ਮੀ ਪਰਿੰਦੇ ਵਾਂਗ ਭੋਇੰ 'ਤੇ ਡਿੱਗਿਆ ਪਿਆ ਕਰਾਹ ਰਿਹਾ ਸੀ।

"ਮੈਂ ਮਰ ਜਾਊਂਗਾ ਤੇਰੇ ਬਗੈਰ। ਕੀ ਬਣੂੰਗਾ ਮੇਰਾ ? ਗੋਰੀ ਇੰਝ ਨਾ ਕਰ...ਮੈਨੂੰ ਛੱਡ ਕੇ ਨਾ ਜਾ।" ਉਦੋਂ ਮੈਂ ਤਰਲੇ ਮਾਰਦਿਆਂ ਕਿਹਾ ਸੀ।

"ਪਰ ਓਮੀ, ਮੇਰਾ ਇੱਥੇ ਕੁਝ ਨਹੀਂ ਬਣਨਾ। ਮੇਰੇ ਸੁਪਨੇ...ਮੇਰੀਆਂ ਸੱਧਰਾਂ...ਮੈਂ ਆਪਣੀਆਂ ਮਾਵਾਂ-ਮਾਸੀਆਂ ਵਾਂਗ ਨਿੱਕੀਆਂ ਨਿੱਕੀਆਂ ਸੱਧਰਾਂ ਲਈ ਨਹੀਂ ਤਰਸ ਸਕਦੀ। ਦੇਖ ਬੰਦਾ ਸਿਰਫ਼ ਆਪਣੇ ਬਾਰੇ ਹੀ ਨਹੀਂ ਸੋਚ ਸਕਦਾ। ਮੇਰੇ ਛੋਟੇ ਭੈਣ ਭਰਾ...ਜੇ ਬਾਹਰ ਚਲੀ ਜਾਵਾਂ ਤਾਂ ਉਨ੍ਹਾਂ ਦੀ ਜ਼ਿੰਦਗੀ ਵੀ ਬਣ ਜਾਊਗੀ।" ਉਸਨੇ ਮੇਰੇ ਕੋਲੋਂ ਹੱਥ ਛੁਡਾਉਂਦਿਆਂ ਕਿਹਾ ਸੀ।

"ਮੈਂ ਚਲਾ ਜਾਨਾਂ ਵਿਦੇਸ਼, ਫਿਰ ਤੈਨੂੰ ਬੁਲਾ ਲਵਾਂਗਾ।" ਮੈਂ ਉਸ ਵੇਲੇ ਇਹਦੇ ਲਈ ਕੁਝ ਵੀ ਕਰਨ ਲਈ ਤਿਆਰ ਸੀ।

"ਪਰ ਇਹਦਾ ਕੀ ਫਾਇਦਾ ? ਤੂੰ ਜਾਵੇਂਗਾ...ਫ਼ੇਰ ਪੱਕਾ ਹੋਵੇਂਗਾ...ਹੋਵੇਂਗਾ ਜਾਂ ਨਹੀਂ...ਇਹ ਵੀ ਨਹੀਂ ਪਤਾ। ਇੱਕ ਗੱਲ ਦੱਸਾਂ ਓਮੀ, ਮੇਰੇ ਘਰਦਿਆਂ ਨੇ ਨਹੀਂ ਮੰਨਣਾ। ਜਾਤਾਂ ਦੇ ਮਸਲੇ ਆ। ਕੋਈ ਫਾਇਦਾ ਨਹੀਂ।" ਉਸਨੇ ਮੇਰੇ ਕੋਲੋਂ ਜਾਨ ਛਡਾਉਂਦਿਆਂ ਕਈ ਬਹਾਨੇ ਮਾਰੇ ਸਨ।

ਜਿੱਥੇ ਗੱਲ ਫਾਇਦੇ ਦੀ ਆ ਜਾਵੇ, ਉੱਥੇ ਭਲਾ ਮੁਹੱਬਤ ਟਿਕਦੀ ਕਦੇ ! ਉਸਨੇ ਆਪਣੇ 'ਫਾਇਦੇ' ਲਈ ਮੈਨੂੰ ਛੱਡ ਕੇ ਇੱਕ ਅੱਧਖੜ੍ਹ ਅਮਰੀਕਾ ਵਾਲਾ ਚੁਣ ਲਿਆ ਤੇ ਮੈਂ ਛਟਪਟਾਉਂਦਾ ਹੋਇਆ ਉਦਾਸੀ ਦੇ ਖੂਹ 'ਚ ਜਾ ਡਿੱਗਿਆ। ਓਨੀ ਦਿਨੀਂ ਮੈਂ ਆਪਣੇ ਕਮਰੇ ਨੂੰ ਅੰਦਰੋਂ ਕੁੰਡੀ ਮਾਰ ਕੇ ਅਕਰਮ ਰਾਹੀ ਤੇ ਜਗਜੀਤ ਸਿੰਘ ਸੁਣਦਾ ਰਹਿੰਦਾ ਤੇ ਮੇਰੀ ਹਾਲਤ ਦੇਖ ਕੇ ਫਿਕਰਾਂ 'ਚ ਡੁੱਬੀ ਮੇਰੀ ਮਾਂ ਟੇਵਾ ਚੁੱਕੀ ਜੋਤਸ਼ੀਆਂ ਕੋਲੋਂ ਉਪਾਅ ਕਰਾਉਂਦੀ ਫਿਰਦੀ। ਉਹ ਉਸਨੂੰ ਮੇਰੇ ਸਿਰ 'ਤੇ ਕਿਸੇ ਮਾੜੀ ਸ਼ੈਅ ਦੇ ਸਾਏ ਹੋਣ ਬਾਰੇ ਦੱਸਦੇ। ਪੂਰੇ ਪੰਦਰ੍ਹਾਂ ਦਿਨ ਮੈਂ ਮਾਤਮੀ ਮਾਹੌਲ 'ਚ ਰਿਹਾ। ਭਲਾ ਹੋਵੇ ਮੇਰਾ ਮਿੱਤਰ ਕਰਮ ਸਿੰਘ ਦਾ, ਜਿਸਦੀ ਇੱਕੋ ਫਿਟਕਾਰ ਨੇ ਮੇਰੇ ਸਿਰ ਤੋਂ 'ਮਾੜੀ ਸ਼ੈਅ' ਦਾ ਸਾਇਆ ਖਿੱਚ ਕੇ ਲਾਹ ਦਿੱਤਾ ਸੀ।

ਅਸਲ 'ਚ ਕਰਮ ਸਿੰਘ ਦੀ ਇੱਕ ਕਿਤਾਬ ਮੇਰੇ ਕੋਲ ਸੀ। ਜਦੋਂ ਮੈਂ ਕਈ ਦਿਨ ਕਾਲਜ ਨਾ ਗਿਆ ਤਾਂ ਇੱਕ ਦਿਨ ਉਹ ਕਿਤਾਬ ਲੈਣ ਲਈ ਸਾਡੇ ਘਰ ਆਇਆ। ਉਹ ਬਹੁਤ ਗੁੱਸੇ 'ਚ ਸੀ। ਜਦੋਂ ਉਸਦੀ ਹਮਦਰਦੀ ਲੈਣ ਲਈ ਆਪਣੀ ਰਾਮ ਕਹਾਣੀ ਬਿਆਨ ਕੀਤੀ ਤਾਂ ਉਹ ਗੁੱਸੇ 'ਚ ਬੋਲਿਆ, "ਯਾਰ, ਤੁਹਾਡੇ ਘਰ ਆਉਂਦੀ ਆ ਤੇਰੀ ਬਾਪੂ ਦੀ ਬੱਝਵੀਂ ਕਮਾਈ। ਤੇਰੇ ਵਰਗਾ ਮੁੰਡਾ ਆਪਣੇ ਇਸ਼ਕ ਨੂੰ ਪਾਲ ਸਕਦਾ...ਵਰਚਾ ਸਕਦਾ। ਸਾਡੇ ਵਰਗੇ ਦਿਹਾੜੀਦਾਰਾਂ ਦਾ ਇਸ਼ਕ ਤਾਂ ਰਿਜ਼ਕ ਹੈ। ਅਸੀਂ ਤਾਂ ਆਪਣੇ ਢਿੱਡ ਨੂੰ ਘੁੱਟ ਕੇ ਪੜ੍ਹਾਈ ਜੋਗੇ ਪੈਸੇ ਜੋੜਦੇ ਹਾਂ। ਸਾਨੂੰ ਤਾਂ ਰਿਜਕ ਕਮਾਉਣਾ ਪੈਂਦਾ ਤੇ ਸਾਡਾ ਇਹ ਇਸ਼ਕ ਕਦੇ ਸਾਡੇ ਨਾਲ ਦਗ਼ਾ ਨਹੀਂ ਕਰਦਾ।" ਮੈਨੂੰ ਫਿਟਕਾਰਾਂ ਦੇ ਕੇ ਉਹ ਤੁਰਦਾ ਬਣਿਆ। ਸਾਰੀ ਰਾਤ ਮੈਂ ਉਸਦੀਆਂ ਗੱਲਾਂ ਬਾਰੇ ਧਿਆਨ ਨਾਲ ਸੋਚਦਾ ਰਿਹਾ ਤੇ ਅਗਲੇ ਦਿਨ ਮੈਂ ਕਾਲਜ ਚਲਾ ਗਿਆ।

ਖ਼ੈਰ, ਅਗਲੇ ਕੁਝ ਦਿਨਾਂ 'ਚ ਮੇਰੇ ਅੰਦਰਲਾ ਕਿਤਾਬੀ ਕੀੜਾ ਮੁੜ ਜਾਗ ਪਿਆ। ਗ੍ਰੈਜੂਏਸ਼ਨ ਕੀਤੀ, ਬੈਂਕਿੰਗ ਦਾ ਟੈਸਟ ਦਿੱਤਾ, ਫਿਰ ਨੌਕਰੀ ਮਿਲੀ ਅਤੇ ਪ੍ਰਿਆ ਵਰਗੀ ਸੁਹਿਰਦ ਜੀਵਨ ਸਾਥਣ ਤੇ ਫਿਰ ਮਾਨਸ ਵਰਗਾ ਪਿਆਰਾ ਬੱਚਾ। ਉਫ਼, ਹਾਲੇ ਕੁਝ ਦਿਨ ਪਹਿਲਾਂ ਹੀ ਇੱਥੇ ਆਇਆ ਹਾਂ ਤੇ ਅੱਜ ਇਹ ਬਲ਼ਾਅ ਮੈਨੂੰ ਫਿਰ ਟੱਕਰ ਗਈ ਸੀ।

ਘੜੀ ਵੱਲ ਦੇਖਿਆ ਤਾਂ ਉਸਨੂੰ ਗਿਆਂ ਪਚਵੰਜਾ ਮਿੰਟ ਹੋ ਚੁੱਕੇ ਸਨ। 'ਸ਼ਾਇਦ ਮੈਨੂੰ ਉਡੀਕ ਕੇ ਚਲੀ ਗਈ ਹੋਵੇਗੀ।' ਮੈਂ ਸੋਚਿਆ ਪਰ ਫਿਰ ਆਪਣੀ ਗੱਡੀ ਨੰਜੀ ਦੀ ਦੁਕਾਨ ਨੂੰ ਜਾਣ ਵਾਲੀ ਸੜਕ ਵੱਲ ਪਾ ਲਈ। ਇਸ ਸ਼ਹਿਰ 'ਚ ਆਉਣ ਤੋਂ ਬਾਅਦ ਅੱਜ ਪਹਿਲੀ ਵਾਰ ਇਸ ਸੜਕ 'ਤੇ ਨਿਕਲਿਆ ਸਾਂ। ਅਜੀਬ ਜਿਹੀ ਅਜਨਬੀਅਤ ਜ਼ਿਹਨ 'ਤੇ ਛਾਈ ਹੋਈ ਸੀ। ਕੰਕਰੀਟ ਦੀ ਸੜਕ 'ਤੇ ਤਾਜ਼ੀ ਤਾਜ਼ੀ ਟਾਕੀਨੁਮਾ ਮੁਰੰਮਤ ਉਸ ਕੁਚੱਜੀ ਵੇਸਵਾ ਦੇ ਚਿਹਰੇ ਵਰਗੀ ਜਾਪਦੀ ਸੀ ਜਿਸਨੇ ਅਚਾਨਕ ਆਏ ਗਾਹਕ ਲਈ ਬੜੀ ਕਾਹਲੀ-ਕਾਹਲੀ 'ਚ ਚਿਹਰੇ 'ਤੇ ਪਾਊਡਰ ਥੱਪ ਲਿਆ ਹੋਵੇ। ਖ਼ੈਰ, ਨੰਜੀ ਦੀ ਦੁਕਾਨ 'ਤੇ ਪਹੁੰਚਿਆ ਤੇ ਦੇਖਿਆ ਕਿ ਉਸਦਾ ਖੋਖਾ ਹੁਣ ਨਿਰੰਜਣ ਸਵੀਟ ਸ਼ਾਪ ਬਣ ਚੁੱਕਾ ਸੀ। ਕੱਚ ਦੇ ਮਰਤਬਾਨਾਂ 'ਚ ਰੱਖੀਆਂ ਮੱਠੀਆਂ ਤੇ ਬਿਸਕੁਟਾਂ ਦੀ ਥਾਂ, ਹੁਣ ਸ਼ੀਸ਼ੇ ਦੇ ਸ਼ੋਅਕੇਸਾਂ 'ਚ ਸਜਾਈਆਂ ਮਠਿਆਈਆਂ ਅਤੇ ਪੱਛਮੀ ਤਰਜ਼ ਦੇ ਸਨੈਕਸ ਨੇ ਲੈ ਲਈ ਸੀ। ਮੈਨੂੰ ਦੇਖ ਕੇ ਗੋਰੀ ਨੇ ਬਿੱਲੀ ਵਾਂਗ ਉਬਾਸੀ ਲਈ।

"ਬੜਾ ਚਿਰ ਲਾ ਦਿੱਤਾ। ਪੰਜ ਮਿੰਟਾਂ ਦਾ ਰਾਹ ਸੀ।" ਉਸਨੇ ਮੈਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ।

ਮੈਂ ਉਸਦਾ ਜੁਆਬ ਦੇਣ ਦੀ ਥਾਂ ਬਾਹਰ ਦੇਖਣ ਲੱਗ ਪਿਆ। ਸਾਹਮਣੇ ਫੁੱਟਪਾਥ 'ਤੇ ਸੁਖਚੈਨ ਦੇ ਰੁੱਖ ਹੇਠਾਂ ਇੱਕ ਮੋਚੀ ਜੁੱਤੀ ਗੰਢਣ 'ਚ ਰੁੱਝਾ ਹੋਇਆ ਸੀ। ਉਸ ਕੋਲ ਇੱਕ ਨੌਜਵਾਨ ਜੋੜਾ ਖੜ੍ਹਾ ਸੀ। ਸ਼ਾਇਦ ਉਹ ਉਹਨਾਂ ਦੀ ਜੁੱਤੀ ਦੀ ਗੰਢ ਤੁੱਪ ਕਰ ਰਿਹਾ ਸੀ। ਨੌਜਵਾਨ ਜੋੜਾ ਉਸ ਤੋਂ ਬੇਖ਼ਬਰ ਆਪਣੀ ਗੱਲਬਾਤ 'ਚ ਰੁੱਝਾ ਹੋਇਆ ਸੀ। ਬਹੁਤੀਆਂ ਗੱਲਾਂ ਮੁੰਡਾ ਕਰ ਰਿਹਾ ਸੀ। ਕੁੜੀ ਉਸਦੀਆਂ ਗੱਲਾਂ ਸੁਣ ਕੇ ਹੱਸਦੀ ਜਾਂ ਫਿਰ ਸਿਰ ਹਿਲਾ ਕੇ ਹੁੰਘਾਰਾ ਭਰ ਰਹੀ ਸੀ।

"ਪਕੌੜੇ ਵੀ ਖਾਣੇ ?" ਗੋਰੀ ਦੀ ਆਵਾਜ਼ ਨੇ ਮੇਰੀ ਬਿਰਤੀ ਤੋੜ ਦਿੱਤੀ।

"ਨਹੀਂ, ਸਿਰਫ਼ ਚਾਹ।" ਮੈਂ ਜੁਆਬ ਦਿੱਤਾ। ਭਾਵੇਂ ਤਾਜ਼ੇ ਤਲ ਰਹੇ ਪਕੌੜਿਆਂ ਦੀ ਮਹਿਕ ਨੇ ਮੇਰਾ ਮਨ ਬੇਈਮਾਨ ਕਰ ਦਿੱਤਾ ਸੀ ਪਰ ਮੈਂ ਜਲਦੀ ਤੋਂ ਜਲਦੀ ਚਾਹ ਦਾ ਕੰਮ ਨਿਬੇੜ ਕੇ ਉਸ ਕੋਲੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ।

"ਦੋ ਕੱਪ ਚਾਹ।" ਉਸਨੇ ਛਲਾਰੂ ਜਿਹੇ ਮੁੰਡੇ ਨੂੰ ਆਵਾਜ਼ ਮਾਰ ਕੇ ਕਿਹਾ।

"ਇੱਧਰ ਰਹਿੰਦੇ ਹੋ ਜਾਂ ਓਧਰ।" ਮੈਂ ਜੁਆਬ ਦੇਣ ਦੀ ਥਾਂ ਉਸਨੂੰ ਸੁਆਲ ਪੁੱਛਿਆ।

"ਮੇਰਾ ਜੁਆਬ ਦੇਣ ਦੀ ਥਾਂ ਉਹ ਸੋਚੀਂ ਪੈ ਗਈ। ਉਸਦੇ ਚਿਹਰੇ 'ਤੇ ਅਜੀਬ ਜਿਹੀ ਉਦਾਸੀ ਛਾ ਗਈ ਸੀ। ਮੁੰਡਾ ਚਾਹ ਰੱਖ ਕੇ ਚਲਾ ਗਿਆ। ਚਾਹ ਦੀਆਂ ਆਖਰੀ ਘੁੱਟਾਂ ਪੀਣ ਤੱਕ ਅਸੀਂ ਦੋਵੇਂ ਚੁੱਪ ਰਹੇ। ਉਸਨੇ ਖਾਲੀ ਕੱਪ ਮੇਜ 'ਤੇ ਰੱਖਿਆ ਤਾਂ ਮੈਂ ਉਸਦੀਆਂ ਅੱਖਾਂ ਵੱਲ ਦੇਖਿਆ। ਦੋ ਖਾਲੀ ਆਲ੍ਹਣੇ, ਜਿਨ੍ਹਾਂ 'ਚੋਂ ਸੁਪਨਿਆਂ ਦੇ ਪੰਛੀ ਖੌਰੇ ਕਦੋਂ ਦੇ ਉਡਾਰੀ ਮਾਰ ਗਏ ਸਨ। ਉਸਨੇ ਲੰਮਾ ਸਾਹ ਲੈਂਦਿਆਂ ਕਿਹਾ, "ਓਮੀ, ਮੈਂ ਅਮਰੀਕਾ ਜਾ ਹੀ ਨਹੀਂ ਸਕੀ। ਉਸਨੇ ਓਧਰ ਪੱਕਾ ਹੋਣ ਲਈ ਪਹਿਲਾਂ ਹੀ ਕਿਸੇ ਮੇਮ ਨਾਲ ਵਿਆਹ ਕਰਾਇਆ ਹੋਇਆ ਸੀ। ਉਹਨੇ ਤਾਂ ਹਾਲੇ ਤੱਕ ਵੀ ਮੇਰੇ ਘਰਵਾਲੇ ਨੂੰ ਤਲਾਕ ਨਹੀਂ ਦਿੱਤਾ।"

"ਉਸਨੇ ਕਿ ਇਸਨੇ?" ਮੈਂ ਵਿਅੰਗ ਨਾਲ ਪੁੱਛਿਆ। ਮੈਨੂੰ ਵੀ ਹੁਣ ਇਸਨੂੰ ਕੁਰੇਦਣ ਦਾ ਮਜ਼ਾ ਆਉਣ ਲੱਗ ਪਿਆ ਸੀ।

"ਕੀ ਪਤਾ ਕੀਹਨੇ...ਰੱਬ ਜਾਣੇ। ਉਹਦੇ ਨਾਲ ਤਲਾਕ ਹੁੰਦਾ ਤਾਂ ਮੇਰੇ ਨਾਲ ਕੋਰਟ ਮੈਰਿਜ ਹੁੰਦੀ। ਮੈਨੂੰ ਤਾਂ ਲਾਰੇ ਲਾਉਂਦਾ ਰਿਹਾ ਤੇ ਮੈਂ ਉਹਦੇ ਲਾਰਿਆਂ 'ਚ ਫਸੀ ਉਹਦੇ ਬੁੱਢੇ ਬੁੱਢੜੀ ਨੂੰ ਸਾਂਭਦੀ ਰਹੀ। ਵਿਆਹ ਤੋਂ ਬਾਅਦ ਉੱਪਰੋਂ ਥਲੀ ਦੋ ਕੁੜੀਆਂ ਜੰਮ ਪਈਆਂ। ਉਹਨਾਂ ਨੂੰ ਪਾਲਦੀ ਪੋਸਦੀ ਰਹੀ। ਬਸ ਇੰਝ ਹੀ ਜ਼ਿੰਦਗੀ ਨੂੰ ਧੱਕਾ ਦੇ ਰਹੀ ਹਾਂ।"

ਗੋਰੀ ਦੀ ਵਿਥਿਆ ਮੇਰੇ 'ਤੇ ਨਸ਼ੇ ਵਰਗਾ ਅਸਰ ਕਰ ਰਹੀ ਸੀ ਤੇ ਮੈਂ ਅਨੋਖੇ ਸਰੂਰ 'ਚ ਆ ਗਿਆ ਸਾਂ। ਮੈਂ ਉਸਦੀ ਤੁਲਨਾ ਆਪਣੀ ਪਤਨੀ ਪ੍ਰਿਆ ਨਾਲ ਕਰਕੇ ਖ਼ੁਦ ਨੂੰ ਖ਼ੁਸ਼ਕਿਸਮਤ ਆਂਕਣ ਲੱਗ ਪਿਆ ਸਾਂ। ਅੱਜ ਮੈਨੂੰ ਕੁਦਰਤ ਦੀ ਉਸ ਬਾਰੀਕ ਪੀਸਣ ਵਾਲੀ ਚੱਕੀ 'ਤੇ ਵੀ ਯਕੀਨ ਕਰਨਾ ਪਿਆ, ਜਿਸ ਬਾਰੇ ਅੱਜ ਤੋਂ ਪਹਿਲਾਂ ਮੈਂ ਹਮੇਸ਼ਾ ਇਨਕਾਰੀ ਰਿਹਾ ਸਾਂ ਪਰ ਕੁਝ ਪਲਾਂ ਬਾਅਦ ਮੈਂ ਉਦਾਸ ਹੋ ਗਿਆ। ਮੈਂ ਸਾਹਮਣੇ ਬੈਠੀ ਬੇਵੱਸ ਗੋਰੀ 'ਚੋਂ ਸੋਲ੍ਹਾਂ ਸਾਲ ਪਹਿਲਾਂ ਵਾਲੀ ਉਸ ਦਲੇਰ ਜੱਟੀ ਨੂੰ ਲੱਭਣ ਲੱਗ ਪਿਆ, ਜੋ ਕਦੇ ਕਿਸੇ ਨੂੰ ਖੰਘਣ ਨਹੀਂ ਦਿੰਦੀ ਸੀ। ਕੀ ਲਾਲਸਾ ਬੰਦੇ ਨੂੰ ਏਨਾ ਖੋਖਲਾ ਤੇ ਨਿਤਾਣਾ ਕਰ ਦਿੰਦੀ ਹੈ ? ਮੇਰੇ ਮਨ 'ਚ ਖਿਆਲ ਆਇਆ। ਫਿਰ ਮੈਨੂੰ ਇਸਦੇ ਸੋਲ੍ਹਾਂ ਸਾਲ ਪਹਿਲਾਂ ਵਾਲੇ ਫ਼ਿਕਰ ਯਾਦ ਆ ਗਏ।"

"ਤੇਰੇ ਭੈਣ ਤੇ ਭਰਾ ਦਾ ਕੀ ਬਣਿਆ ਫੇਰ ?" ਮੈਂ ਹਮਦਰਦੀ ਨਾਲ ਪੁੱਛਿਆ।

"ਲੈ, ਉਹ ਦੋਵੇਂ ਵਧੀਆ ਸੈੱਟ ਹੋ ਗਏ। ਮੇਰਾ ਬੰਦਾ ਏਨਾ ਵੀ ਮਾੜਾ ਨਹੀਂ। ਉਸਨੇ ਆਪਣੇ ਕੈਨੇਡਾ ਰਹਿੰਦੇ ਮਾਸੀ ਦੇ ਪੁੱਤ ਦਾ ਰਿਸ਼ਤਾ ਮੇਰੀ ਛੋਟੀ ਭੈਣ ਨਾਲ ਕਰਾ ਦਿੱਤਾ।"

"ਤੇ ਤੇਰਾ ਭਰਾ ? ਉਹ ਕੀ ਕਰਦਾ।" ਮੈਂ ਪੁੱਛਿਆ।

"ਉਹ ਵੀ ਕੈਨੇਡਾ 'ਚ ਈ ਐ। ਉਹਦਾ ਵੀ ਮੇਰੇ ਬੰਦੇ ਨੇ ਆਪਣੇ ਰਿਸ਼ਤੇਦਾਰਾਂ 'ਚੋਂ ਇੱਕ ਕੁੜੀ ਨਾਲ ਸਾਕ ਕਰਾ 'ਤਾ। ਕੁੜੀ ਕੈਨੇਡਾ 'ਚ ਪੱਕੀ ਸੀ। ਉਂਝ ਤਲਾਕਸ਼ੁਦਾ ਸੀ ਤੇ ਉਸਦਾ ਪਹਿਲੇ ਪ੍ਰਾਹੁਣੇ ਤੋਂ ਇੱਕ ਮੁੰਡਾ ਵੀ ਸੀ ਪਰ ਫੇਰ ਵੀ ਮੇਰਾ ਭਰਾ ਮੰਨ ਗਿਆ।" ਉਸਨੇ ਹੁੱਭ ਕੇ ਦੱਸਿਆ। ਉਸਦੇ ਚਿਹਰੇ 'ਤੇ ਅਨੋਖੀ ਚਮਕ ਜਿਹੀ ਆ ਗਈ ਸੀ।

"ਆਹੋ, ਸਾਕ ਬੰਦਿਆਂ ਨੂੰ ਥੋੜ੍ਹੀ, ਕੈਨੇਡਾ ਨੂੰ ਹੁੰਦੇ ਨੇ।" ਮੈਂ ਹੱਸ ਕੇ ਕਿਹਾ।

ਮੇਰੀ ਗੱਲ ਸੁਣ ਕੇ ਉਹ ਵੀ ਹੱਸ ਪਈ ਤੇ ਕਹਿਣ ਲੱਗੀ, "ਉਹ ਦੋਵੇਂ ਵੀ ਬੇਈਮਾਨ ਨਿੱਕਲੇ। ਮੇਰੇ ਕਿਸੇ ਕੰਮ ਨਹੀਂ ਆਏ।"

ਮੇਰੇ ਦਿਲ 'ਚ ਆਇਆ ਕਿ ਕਹਿ ਦੇਵਾਂ ਕਿ ਬੇਈਮਾਨੀ ਤਾਂ ਤੁਹਾਡੇ ਖ਼ੂਨ 'ਚ ਜਾਪਦੀ ਆ। ਖ਼ੈਰ, ਮੈਂ ਉਹਦੇ ਨਾਲ ਹਮਦਰਦੀ ਦਿਖਾਉਂਦਿਆਂ ਪੁੱਛਿਆ, "ਕਿਵੇਂ ?"

"ਦੋਵਾਂ ਦੀਆਂ ਹਜ਼ਾਰ ਮਿੰਨਤਾਂ ਕੀਤੀਆਂ, ਬਈ ਇੱਕ ਵਾਰ ਮੈਨੂੰ ਵੀ ਕੈਨੇਡਾ ਦਿਖਾ ਦਿਓ। ਬਸ, ਦੋਵੇਂ ਬਹਾਨੇ ਮਾਰਦੇ ਰਹਿੰਦੇ ਆ। ਭੈਣ ਆਪਣੇ ਖਸਮ ਦਾ ਬਹਾਨਾ ਬਣਾ ਛੱਡਦੀ ਆ ਤੇ ਭਰਾ ਆਪਣੀ ਤੀਵੀਂ ਦਾ। ਮੈਂ ਤਾਂ ਹੁਣ ਉਹਨਾਂ ਦਾ ਖਹਿੜਾ ਛੱਡ ਤਾ। ਤੂੰ ਦੱਸ, ਭਲਾ ਮੈਨੂੰ ਕੀ ਫਾਇਦਾ ਹੋਇਆ, ਇਹਨਾਂ ਲਈ ਜਫ਼ਰ ਜਾਲਣ ਦਾ ?" ਉਸਨੇ ਪੁੱਛਿਆ।

ਮੈਂ ਹੈਰਾਨ ਹੋਇਆ। ਉਹ ਹਾਲੇ ਵੀ 'ਫਾਇਦੇ' 'ਤੇ ਖੜੀ ਸੀ। ਵਰ੍ਹਿਆਂ ਦੇ ਵਕਫ਼ੇ ਦਰਮਿਆਨ ਉਹ ਮੈਨੂੰ ਇੱਕ ਕਠਪੁਤਲੀ ਵਾਂਗ ਝੂਲਦੀ ਡੋਲਦੀ ਨਜ਼ਰ ਆਈ। ਖ਼ੂਨ...ਮਿੱਝ...ਹੱਡ ਮਾਸ ਤੋਂ ਬਗੈਰ, ਮਹਿਜ਼ ਲੀਰਾਂ ਤੋਂ ਬਣੀ ਇੱਕ ਕਠਪੁਤਲੀ।

"ਉਂਝ ਮੇਰਾ ਘਰਵਾਲਾ ਚੰਗਾ। ਪੈਸਾ-ਧੇਲਾ ਵਾਧੂ ਭੇਜ ਛੱਡਦਾ। ਹਰ ਮਹੀਨੇ ਬੱਝਵੀਂ ਰਕਮ ਭੇਜ ਦਿੰਦਾ। ਕੁੜੀਆਂ ਦਾ ਵੀ ਮਾਸਾ ਵਸਾਹ ਨਹੀਂ ਕਰਦਾ। ਘਰ ਵੀ ਐਸ਼ੋ ਆਰਾਮ ਦੀਆਂ ਸਾਰੀਆਂ ਸ਼ੈਆਂ ਨਾਲ ਭਰਿਆ ਹੋਇਆ ਪਰ...ਪਰ ਪੈਸਾ ਹੀ ਤਾਂ ਸਭ ਕੁਝ ਨਹੀਂ ਹੁੰਦਾ...ਬੰਦੇ ਦੀਆਂ ਸੱਧਰਾਂ ?"

ਇਹ ਸੁਆਲ ਸ਼ਾਇਦ ਉਹ ਆਪਣੇ ਆਪ ਤੋਂ ਪੁੱਛ ਰਹੀ ਸੀ।

"ਚੱਲ ਕੋਈ ਨਾ, ਕੁੜੀਆਂ ਪੜ੍ਹ ਲਿਖ ਜਾਣਗੀਆਂ। ਤੇਰੀ ਮਿਹਨਤ ਵੀ ਵਰ ਆ ਜਾਊ।" ਮੈਂ ਉਸਨੂੰ ਹੌਂਸਲਾ ਦਿੰਦਿਆਂ ਕਿਹਾ।

ਕੁੜੀਆਂ ਬਾਰੇ ਸੁਣ ਕੇ ਉਸਦਾ ਚਿਹਰਾ ਇੱਕ ਵਾਰ ਫਿਰ ਚਮਕ ਉੱਠਿਆ।

"ਤੇ ਹੋਰ ਕੀ। ਬਾਰਵੀਂ ਤੋਂ ਬਾਅਦ ਆਈਲੈੱਟਸ ਕਰਵਾ ਕੇ ਦੋਵਾਂ ਨੂੰ ਕੈਨੇਡਾ ਭੇਜ ਦੇਣਾ ਤੇ ਜੇ ਕਿਸਮਤ 'ਚ ਹੋਇਆ ਤਾਂ ਮੈਂ ਵੀ ਬਾਹਰਲੇ ਮੁਲਕ ਦਾ ਦਾਨਾ ਪਾਣੀ ਚੁਗ ਆਊਂਗੀ।"

ਮੈਂ ਇੱਕ ਵਾਰ ਫਿਰ ਉਸਦੀਆਂ ਅੱਖਾਂ 'ਚ ਦੇਖਿਆ, ਖਾਲੀ ਆਲ੍ਹਣਿਆਂ ਚ ਸੁਪਨਿਆਂ ਦੇ ਪੰਛੀ ਪਰਤ ਆਏ ਸਨ। ਮੈਂ ਉੱਠ ਖੜਾ ਹੋ ਗਿਆ ਕਿਉਂਕਿ ਲੰਚ ਬਰੇਕ ਤੋਂ ਬਾਅਦ ਮੈਂ ਆਪਣੇ ਬੈਂਕ ਵੀ ਪਹੁੰਚਣਾ ਸੀ।

"ਆਪਣੇ ਬਾਰੇ ਤਾਂ ਤੂੰ ਕੁਝ ਦੱਸਿਆ ਹੀ ਨਹੀਂ। ਆਪਣਾ ਮੋਬਾਇਲ ਨੰਬਰ ਤਾਂ ਦੇ ਜਾ।" ਉਸਨੇ ਨਿਹੋਰਾ ਮਾਰਦਿਆਂ ਕਿਹਾ।

"ਫੇਰ ਕਦੇ ਸਹੀ।" ਮੈਂ ਕਿਹਾ। ਅਸਲ 'ਚ ਮੈਂ ਉਸਨੂੰ ਕਹਿਣਾ ਚਾਹੁੰਦਾ ਸੀ, "ਝੱਲੀਏ, ਕਦੇ ਅਸਲ 'ਚ ਵੀ ਜੀਅ ਲੈ। ਪਤਾ ਨਹੀਂ ਕਿਹੜੇ ਸੁਪਨਿਆਂ ਦੇ ਸਾਗਰ 'ਚ ਡੁੱਬਦੀ ਤੈਰਦੀ ਰਹਿੰਦੀ ਏਂ।"

ਦੁਕਾਨ 'ਚੋਂ ਬਾਹਰ ਆ ਕੇ ਮੈਂ ਉੱਪਰ ਅੰਬਰ ਵੱਲ ਤੱਕਿਆ...ਨਿੱਤਰੇ ਅੰਬਰਾਂ 'ਚ ਟਾਵੀਆਂ ਟਾਵੀਆਂ ਬੱਦਲੀਆਂ ਤੈਰ ਰਹੀਆਂ ਸਨ। ਅੰਬਰ ਮੈਨੂੰ ਸਮੁੰਦਰ ਵਾਂਗ ਜਾਪਿਆ ਤੇ ਤਿਤਰ-ਮਿੱਤਰੀਆਂ ਬੱਦਲੀਆਂ ਲਾਲਸਾਵਾਂ। ਸੱਚਮੁੱਚ ਬੰਦੇ ਦਾ ਲਾਲਸਾਵਾਂ ਤੋਂ ਮੁਕਤ ਹੋਣਾ ਕਿੰਨਾ ਔਖਾ।

ਸਾਹਮਣੇ ਫੁੱਟਪਾਥ 'ਤੇ ਇਕੱਲਾ ਬੈਠਾ ਮੋਚੀ ਹਾਲੇ ਵੀ ਜੁੱਤੀਆਂ ਗੰਢਣ 'ਚ ਰੁੱਝਾ ਹੋਇਆ ਸੀ ਪਤਾ ਨਹੀਂ ਕਿਉਂ ਉਹ ਮੋਚੀ ਮੈਨੂੰ ਬੁੱਧ ਵਰਗਾ ਜਾਪਿਆ। *

**(ਸੰਪਰਕ-94632-23251)**

## 'ਵਾਇਟ ਕਰੋਅ' ਵੱਲੋਂ 'ਕਹਾਣੀ ਧਾਰਾ' ਨੂੰ ਰੀਵਿਊ ਲਈ ਪਹੁੰਚੀਆਂ ਪੁਸਤਕਾਂ





## ਕਹਾਣੀ / **ਬਾਬਲ ਹੋਇਆ ਬੇਗਾਨੜਾ**/ - ਸਵਾਮੀ ਸਰਬਜੀਤ



ਆਨੰਦ ਕਾਰਜ ਦੀ ਰਸਮ ਨਿਭਾਉਣ ਹੇਤੂ ਸਾਰੀ ਘਰਾਤੀ ਤੇ ਬਰਾਤੀ ਸੰਗਤ, ਗੁਰੂਦੁਆਰਾ ਸਾਹਬ ਵਿੱਚ ਲਾਵਾਂ ਸ਼ੁਰੂ ਹੋਣ ਤੋਂ ਪਹਿਲਾਂ, ਰਸਭਿੰਨਾ ਕੀਰਤਨ ਸੁਣਦੀ ਹੋਈ ਮੰਤਰ-ਮੁਗਧ ਹੋ ਰਹੀ ਸੀ। ਵਿਆਹੁਲੀ ਜੋੜੀ ਗੁਰੂ ਮਾਹਰਾਜ ਦੀ ਹਜ਼ੂਰੀ ਵਿੱਚ ਆ ਕੇ ਬਹਿ ਗਈ। ਭਾਈ ਜੀ ਨੇ 'ਪੱਲਾ ਫੜਾਉਣ' ਦੀ ਰਸਮ ਅਤੇ ਅਰਦਾਸ ਲਈ ਲੜਕੀ ਅਤੇ ਲੜਕੇ ਦੇ ਮਾਪਿਆਂ ਨੂੰ ਗੁਰੂ ਮਾਹਰਾਜ ਦੀ ਹਜ਼ੂਰੀ ਵਿੱਚ ਖੜ੍ਹੇ ਹੋਣ ਲਈ ਕਿਹਾ। ਵਿਆਹੁਲੀ ਲੜਕੀ ਤ੍ਰਿਸ਼ਨਜੀਤ ਦੇ ਪਿਤਾ ਇਸ ਫ਼ਾਨੀ ਦੁਨੀਆ ਵਿੱਚ ਨਹੀਂ ਸਨ। ਇਸ ਲਈ ਲੜਕੀ ਵਾਲ਼ੇ ਪਾਸਿਓਂ ਕੇਵਲ ਤ੍ਰਿਸ਼ਨਜੀਤ ਦੀ ਮਾਂ ਪਰਮਜੀਤ ਕੌਰ ਉੱਠ ਖਲੋਤੀ। ਤਦੇ ਸੰਗਤ ਵਿੱਚ ਘੁਸਰ-ਮੁਸਰ ਜਿਹੀ ਹੋਣ ਲੱਗ ਪਈ। ਔਰਤਾਂ ਵਾਲ਼ੇ ਪਾਸੇ ਕਈ ਭਾਵੁਕ ਜਿਹੀਆਂ ਔਰਤਾਂ 'ਐਸੇ ਮੌਕੇ ਬਾਬੁਲ ਲੋੜੀਂਦਾ' ਸੋਚ ਕੇ ਅੱਖਾਂ ਭਰ ਆਈਆਂ। ਦੂਜੇ ਪਾਸੇ ਤ੍ਰਿਸ਼ਨਜੀਤ ਦੇ ਫੁੱਫੜ, ਮਾਸੜ, ਚਾਚੇ-ਤਾਏ ਉੱਠ ਖਲੋਤੇ, ਇੱਕ ਨਜ਼ਰ ਪਰਮਜੀਤ ਕੌਰ ਵੱਲ ਵੇਖਿਆ ਤੇ ਫੇਰ ਸੰਗਤ ਵਿੱਚ ਬੈਠੇ ਡਾ. ਵਿਦਵਾਨ ਸਿੰਘ ਵੱਲ ਨੂੰ ਤੁਰ ਪਏ। ਡਾ. ਵਿਦਵਾਨ ਸਿੰਘ ਲੇਟ ਆਏ ਹੋਣ ਕਰਕੇ, ਸੰਗਤ ਵਿੱਚ, ਬਿਲਕੁਲ ਪਿੱਛੇ ਹੀ ਬਹਿ ਗਏ ਸਨ। ਅਜੇ ਭਾਈ ਜੀ ਨੇ ਅਰਦਾਸ ਸ਼ੁਰੂ

ਨਹੀਂ ਸੀ ਕੀਤੀ।

ਰਿਸ਼ਤੇਦਾਰਾਂ ਨੂੰ ਡਾ. ਵਿਦਵਾਨ ਸਿੰਘ ਵੱਲ ਵਧਦਿਆਂ ਵੇਖ ਕੇ ਪਰਮਜੀਤ ਕੌਰ ਨੇ, ਬਿਲਕੁਲ ਪਿੱਛੇ ਬੈਠੇ ਡਾ. ਵਿਦਵਾਨ ਸਿੰਘ ਵੱਲ ਵੇਖਿਆ, ਫੇਰ ਅਰਦਾਸ ਲਈ ਖਲੋਤੇ ਭਾਈ ਜੀ ਨੂੰ ਕੁਝ ਆਖਣ ਲਈ ਤੁਰ ਪਈ।

ਡਾ. ਵਿਦਵਾਨ ਸਿੰਘ, ਤ੍ਰਿਸ਼ਨਜੀਤ ਕੌਰ ਦੇ ਨਿਗਰਾਨ ਸਨ, ਜਿਨ੍ਹਾਂ ਕੋਲ਼ ਰਹਿ ਕੇ ਤ੍ਰਿਸ਼ਨਜੀਤ ਨੇ ਸੰਗੀਤ ਵਿੱਚ 'ਘਰਾਣੇਦਾਰ ਗਾਇਕੀ ਵਿੱਚ ਔਰਤਾਂ ਦਾ ਯੋਗਦਾਨ' ਵਿਸ਼ੇ 'ਤੇ ਪੀਐੱਚ. ਡੀ. ਕੀਤੀ ਸੀ। ਉਨ੍ਹਾਂ ਨੂੰ 'ਉਚੇਚਾ' ਇਸ ਵਿਆਹ ਵਿੱਚ ਸੱਦਿਆ ਗਿਆ ਸੀ। ਤ੍ਰਿਸ਼ਨਾ ਦੇ ਫੁੱਫੜ ਜੀ ਨੇ ਡਾ. ਵਿਦਵਾਨ ਸਿੰਘ ਕੋਲ਼ ਜਾ ਕੇ ਅਰਜ਼ ਗੁਜ਼ਾਰੀ ਕਿ 'ਬਿਨ ਪਿਓ ਦੀ ਬੱਚੀ ਤ੍ਰਿਸ਼ਨਜੀਤ ਦਾ ਪੱਲਾ ਡਾ. ਵਿਦਵਾਨ ਸਿੰਘ ਫੜਾ ਕੇ ਉਸ ਦਾ ਕੰਨਿਆਦਾਨ ਕਰਨ।' ਨਾਲ਼ ਲਗਦੇ ਹੀ ਹੋਰਾਂ ਮਰਦ ਰਿਸ਼ਤੇਦਾਰਾਂ ਵੀ ਹੁੰਗਾਰਾ ਭਰਿਆ, 'ਡਾ. ਸਾਹਬ ਵੀ ਤ੍ਰਿਸ਼ਨਜੀਤ ਦੇ ਪਿਓ ਵਰਗੇ ਹੀ ਹਨ ਸੋ ਉਹ ਅਰਦਾਸ ਵਿੱਚ ਲੜਕੀ ਦੇ ਪਿਓ ਦੀ ਥਾਏਂ ਖੜ੍ਹਨ..।'

ਇਹ ਗੱਲ ਸੁਣ ਕੇ ਇੱਕ ਵਾਰ ਤਾਂ ਡਾ. ਵਿਦਵਾਨ ਸਿੰਘ ਨੂੰ ਗਸ਼ੀ ਜਿਹੀ ਪੈਣ ਵਾਲ਼ੀ ਹੋ ਗਈ। ਬੱਸ ਸੁੰਨ ਜਿਹੇ ਹੀ ਹੋ ਗਏ। ਉਨ੍ਹਾਂ ਤੋਂ ਨਾ ਨਾਂਹ ਕਿਹਾ ਗਿਆ, ਨਾ ਹਾਂ। ਚੁੱਪਚਾਪ, ਅਡੋਲ, ਮੌਨ ਬੈਠੇ ਰਹੇ। ਕਿਸੇ ਭਾਵੀ ਦੇ ਭੈਅ ਕਾਰਨ ਡਾ. ਵਿਦਵਾਨ ਦਾ ਹਿਰਦਾ ਕੰਬ ਗਿਆ। ਉਹ ਆਪਣੇ-ਆਪ ਨੂੰ ਧਰਮ ਸੰਕਟ ਵਿੱਚ ਫਸਿਆ ਮਹਿਸੂਸ ਕਰ ਰਹੇ ਸਨ। ਉਹ ਆਪਣੇ ਡਰ, ਕੰਬਾਹਟ, ਤਰੇਲ਼ੀ, ਘਬਰਾਹਟ ਨੂੰ ਛੁਪਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਸਨ। ਉੱਪਰੋਂ-ਬਾਹਰੋਂ ਬਹੁਤ ਸਹਿਜ ਬਣੇ ਰਹਿਣ ਦੀ ਕੋਸ਼ਿਸ਼ ਨਾਲ਼ ਬਲਕਿ ਉਨ੍ਹਾਂ ਦੀ ਅਸਹਿਜਤਾ ਹੋਰ ਵਧਦੀ ਜਾ ਰਹੀ ਸੀ। ਉਨ੍ਹਾਂ ਜ਼ਬਰਦਸਤੀ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਜਿਸ ਕਰਕੇ ਉਨ੍ਹਾਂ ਦਾ ਮੁਲਾਇਮ ਚਿਹਰਾ ਭੱਦਾ ਜਿਹਾ ਦਿਸਣ ਲੱਗ ਪਿਆ। ਰਿਸ਼ਤੇਦਾਰ ਉਨ੍ਹਾਂ ਦੀ 'ਹਾਂ' ਨੂੰ ਉਡੀਕਦਿਆਂ ਲਗਾਤਾਰ ਉਨ੍ਹਾਂ ਦੇ ਮੂੰਹ ਵੱਲ੍ਹ ਹੀ ਝਾਕੀ ਜਾ ਰਹੇ ਸਨ।

"ਓ ਐਕਚੁਲੀ ਬੈਠਿਆਂ-ਬੈਠਿਆਂ ਮੇਰੀਆਂ ਲੱਤਾਂ ਸੌਂਅ ਗਈਆਂ ਹਨ, ਮੈਥੋਂ ਉੱਠ ਕੇ ਖੜ੍ਹੋਇਆ ਨਹੀਂ ਜਾਣਾ...।" ਡਾ. ਸਾਹਬ ਬੱਸ ਇੰਨਾ ਹੀ ਕਹਿ ਸਕੇ।

ਇਹ ਸੁਣ ਕੇ ਰਿਸ਼ਤੇਦਾਰ ਬੇਚਿੰਤ ਹੋ ਗਏ। ਬਿਨਾਂ ਡਾ. ਸਾਹਬ ਦੀ ਮਰਜ਼ੀ ਜਾਣਿਆਂ, ਬੱਸ ਆਪਣੀਆਂ ਕਿਆਸ-ਅਰਾਈਆਂ ਦੇ ਆਧਾਰ 'ਤੇ ਰਿਸ਼ਤੇਦਾਰਾਂ ਨੇ ਡਾ. ਵਿਦਵਾਨ ਨੂੰ ਫੜ ਕੇ ਖੜ੍ਹਾ ਕਰ ਦਿੱਤਾ ਤੇ ਸਹਾਰਾ ਦੇ ਕੇ ਵਿਆਹੁਲੀ ਜੋੜੀ ਵੱਲ੍ਹ ਵਧਣ ਲੱਗੇ। ਗੱਲ ਘੁਸਰੀ-ਮੁਸਰੀਂ ਸਾਰੀ ਬਰਾਤੀ-ਘਰਾਤੀ ਸੰਗਤ ਵਿੱਚ ਫ਼ੈਲ ਗਈ ਕਿ 'ਡਾ. ਵਿਦਵਾਨ ਸਿੰਘ, ਲੜਕੀ ਦਾ ਪੱਲਾ ਫੜਾਉਣਗੇ।' ਡਾ. ਵਿਦਵਾਨ ਦੀਆਂ ਲੱਤਾਂ ਬੁਰੀ ਤਰ੍ਹਾਂ ਕੰਬ ਰਹੀਆਂ ਸਨ ਪਰ 'ਲੱਤਾਂ ਸੌਂਅ ਗਈਆਂ' ਵਾਲ਼ੇ ਬਹਾਨੇ ਸਦਕਾ ਰਿਸ਼ਤੇਦਾਰਾਂ ਨੂੰ ਡਾ. ਵਿਦਵਾਨ ਦੀਆਂ ਲੱਤਾਂ ਦੀ ਕੰਬਣੀ, ਇੱਕ ਪਰਸੈਂਟ ਵੀ 'ਓਡ' ਨਹੀਂ ਸੀ ਲੱਗ ਰਹੀ। ਬਲਕਿ ਸਾਰੀ ਬਰਾਤੀ-ਘਰਾਤੀ ਸੰਗਤ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ਼, ਡਿੱਕ-ਡੋਲੇ ਖਾਂਦੇ ਤੁਰੇ ਜਾ ਰਹੇ ਡਾ. ਵਿਦਵਾਨ ਨੂੰ ਦੇਖ ਰਹੀ ਸੀ।

– – – – –

ਡਾ. ਵਿਦਵਾਨ ਲਗਭਗ 55 ਕੁ ਸਾਲ ਦੇ ਬੁੱਢੇ-ਨੌਜਵਾਨ ਸਨ। ਉੱਚੇ-ਲੰਮੇ, ਗੋਰੇ-ਚਿੱਟੇ, ਸੋਹਣੇ-ਸੁਨੱਖੇ, ਲਾਲ ਦਗਦਾ-ਮਘਦਾ ਚਿਹਰਾ, ਵਾਲ਼ ਕੱਟੇ ਹੋਏ ਪਰ ਸਦਾ ਪੱਗ ਬੰਨ੍ਹ ਕੇ ਰਖਦੇ। ਦਾਹੜੀ ਨੂੰ ਹਲਕੇ ਬਰਾਊਨ ਰੰਗ ਨਾਲ਼ ਰੰਗਦੇ। ਇਸ ਕਰਕੇ ਉਨ੍ਹਾਂ ਦਾ ਚਿਹਰਾ ਕਲਫ਼ ਨਾਲ਼ ਮੂੰਹ-ਸਿਰ ਲਿੱਪਣ ਵਾਲ਼ੇ

ਬੁੱਢੇ ਠਰਕੀਆਂ ਨਾਲ਼ੋਂ, ਮੁਲਾਇਮ ਜਾਪਦਾ ਤੇ ਚਿਹਰੇ ਦੀ ਇਹ ਮੁਲਾਇਮਤਾ ਉਨ੍ਹਾਂ ਨੂੰ ਸਾਊ ਜਿਹਾ ਦਿਸਣ ਲਾ ਦਿੰਦੀ। ਸਰੀਰ ਤੇ ਦਿੱਖ ਰੋਅਬਦਾਰ। ਨਾ ਜ਼ਿਆਦਾ ਮੋਟੇ, ਨਾ ਪਤਲੇ। ਗੁਣੀ-ਗਿਆਨੀ, ਕੰਠ ਦੇ ਸੁਰੀਲੇ, ਸੰਗੀਤ ਜਗਤ ਵਿੱਚ ਘਰਾਣੇਦਾਰ ਗਾਇਕ, ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ, ਸੰਗੀਤ ਵਿਭਾਗ ਦੇ ਮੁਖੀ, ਹਸਮੁਖ ਸੁਭਾਅ, ਵਿਦਿਆਰਥੀਆਂ ਦੀ ਕੇਅਰ ਕਰਨ ਵਾਲ਼ੇ, ਵਿਦਿਆਰਥੀਆਂ ਦੇ ਹਰਮਨ ਪਿਆਰੇ ਟੀਚਰ...।ਬੱਸ ਇੱਕੋ ਭੈੜ ਸੀ..!! ਸੋਹਣੀਆਂ-ਸੁਨੱਖੀਆਂ ਨਾਰਾਂ ਨੂੰ ਵੇਖ ਕੇ ਉਨ੍ਹਾਂ ਦੀ ਆਸ਼ਿਕਾਨਾ ਤਬੀਅਤ ਤੇ ਲਲਚਾਈ ਨੀਅਤ ਅਕਸਰ ਤਿਲਕ ਜਾਂਦੀ। ਡਾ. ਵਿਦਵਾਨ ਨੂੰ ਜਿਹੜੀ ਨਾਰ ਪਸੰਦ ਆ ਜਾਂਦੀ, ਉਹ ਉਸ ਪਿੱਛੇ ਬਾਵਰੇ ਜਿਹੇ ਹੋ ਜਾਂਦੇ ਤੇ ਉਸ ਨਾਰ ਨੂੰ ਜਲਦ ਤੋਂ ਜਲਦ ਆਪਣੇ ਹੱਥ ਹੇਠ ਕਰਨ ਲਈ ਉਤਾਵਲੇ ਹੋ ਜਾਂਦੇ। ਡਾ. ਵਿਦਵਾਨ ਸਿੰਘ ਨੇ 'ਲਵ ਮੈਰਿਜ' ਕਰਵਾਈ ਸੀ ਪਰ ਇਸ ਦੇ ਬਾਵਜੂਦ, ਉਨ੍ਹਾਂ ਦੇ ਕਹਿਣ ਮੁਤਾਬਕ, ਉਹ ਇੱਕ ਅਸੰਤੁਸ਼ਟ ਮਰਦ ਸਨ। ਆਪਣੀ ਲਵ-ਮੈਰਿਜ ਬਾਰੇ ਉਹ ਅਕਸਰ ਤ੍ਰੀਮਤਾਂ ਨੂੰ ਆਖਦੇ, "ਮੈਂ ਤਾਂ ਫ਼ਿਲਮ ਦਾ ਟ੍ਰੇਲਰ ਵੇਖ ਕੇ ਫਸ ਗਿਆ ਸੀ।" ਇੱਕ ਚੰਗੇ ਗਾਇਕ ਤੇ ਸੰਗੀਤਕਾਰ ਵਜੋਂ ਸੰਗੀਤ ਜਗਤ ਵਿੱਚ ਉਨ੍ਹਾਂ ਦੀ ਕਾਫ਼ੀ ਸੋਭਾ ਸੀ ਪਰ ਇਹ ਸੰਗੀਤ, ਇਹ ਸੋਭਾ ਵੀ ਉਨ੍ਹਾਂ ਨੂੰ ਸੰਤੁਸ਼ਟੀ ਨਾ ਦਿੰਦੀ। ਇਸੇ ਅਸੰਤੁਸ਼ਟੀ ਦੇ ਮਾਰੇ ਉਹ ਹਰ ਸੋਹਣੀ ਲਗਦੀ ਕੁੜੀ ਨੂੰ ਪ੍ਰਾਪਤ ਕਰਨ ਲਈ ਲਲਾਇਤ ਹੋ ਉੱਠਦੇ। ਡਾ. ਵਿਦਵਾਨ ਹੁਣ ਰਿਟਾਇਰਮੈਂਟ ਦੇ ਨੇੜੇ ਸਨ ਪਰ ਫੇਰ ਵੀ ਉਨ੍ਹਾਂ ਦੀ ਆਸ਼ਿਕਾਨਾ ਤਬੀਅਤ ਵਿੱਚ ਕੋਈ ਫ਼ਰਕ ਨਹੀਂ ਸੀ ਆਇਆ। ਸੁਣਿਆ ਏ ਉਨ੍ਹਾਂ ਦੀ ਬੀਵੀ ਕਾਫ਼ੀ ਸਮਾਂ ਪਹਿਲਾਂ ਉਨ੍ਹਾਂ ਨੂੰ ਛੱਡ ਕੇ, ਆਪਣੀ ਧੀ ਕੋਲ਼ ਆਸਟ੍ਰੇਲੀਆ ਚਲੀ ਗਈ ਏ। ਬੀਵੀ ਦੇ ਜਾਣ ਤੋਂ ਬਾਅਦ ਤਾਂ ਡਾ. ਵਿਦਵਾਨ 'ਤੇ ਕੋਈ ਅੰਕੁਸ਼ ਬਾਕੀ ਨਾ ਰਿਹਾ। ਉਹ ਹੁਣ ਬੇਖ਼ੌਫ਼ ਖੁੱਲ੍ਹਾ ਖੇਡਦੇ, ਬੱਸ ਇੰਨੀ ਅਹਿਤਿਆਤ ਜ਼ਰੂਰ ਵਰਤਦੇ ਕਿ ਉਨ੍ਹਾਂ ਦੀ ਸਾਖ ਨੂੰ ਵੱਟਾ ਨਾ ਲੱਗੇ ਕਿਉਂਕਿ ਉਹ ਇੱਕ ਦਿਲਫ਼ੇਂਕ ਆਸ਼ਿਕ ਤੋਂ ਇਲਾਵਾ ਯੂਨੀਵਰਸਿਟੀ ਵਿੱਚ ਪ੍ਰੋਫ਼ੈਸਰ ਸਨ ਤੇ ਸੰਗੀਤ ਵਿਭਾਗ ਦੇ ਮੁਖੀ ਵੀ।

ਉਨ੍ਹਾਂ ਦੀ ਜ਼ਿੰਦਗੀ ਵਿੱਚ ਕਿੰਨੀਆਂ ਕੁੜੀਆਂ, ਔਰਤਾਂ ਆਈਆਂ, ਉਨ੍ਹਾਂ ਨੂੰ ਵੀ ਯਾਦ ਨਹੀਂ। ਆਪਣੇ ਦੋਸਤਾਂ ਦੀ ਮਹਿਫ਼ਿਲ ਵਿੱਚ ਉਹ ਅਕਸਰ ਇਸ ਗੱਲ ਦੇ ਦਮਗਜੇ ਮਾਰਦੇ, "ਜਿੰਨੇ ਮੇਰੀ ਦਾਹੜੀ ਵਿੱਚ ਧੌਲੇ ਨੇ... ਇੰਨੀਆਂ ਕੁ ਤ੍ਰੀਮਤਾਂ ਨੂੰ ਤਾਂ ਮੈਂ ਹੁਣ ਤੱਕ ਭੋਗ ਚੁੱਕਾਂ।"

"ਪਰ ਤੁਸੀਂ ਤਾਂ ਦਾਹੜੀ ਰੰਗ ਕੇ ਰੱਖਦੇ ਓ !!"

"ਇਸ਼ਕ ਤੇ ਧੌਲੇ ਛੁਪਾਏ ਹੀ ਜਾਂਦੇ ਨੇ, ਦਿਖਾਏ ਨਹੀਂ ਜਾਂਦੇ।" ਇੰਨਾ ਆਖ ਕੇ ਡਾ. ਸਾਹਬ ਉੱਚਾ ਹਾਸਾ ਹੱਸਦੇ। ਬਾਕੀ ਵੀ ਨਾਲ਼ ਹੱਸਦੇ, ਬਾਕੀਆਂ ਦਾ ਹਾਸਾ ਲੱਚਰ ਜਿਹਾ ਲਗਦਾ.... ਪਰ ਸੰਗੀਤ ਦੇ ਧਨੀ, ਅਭਿਆਸੀ ਡਾ. ਸਾਹਬ ਦਾ ਹਾਸਾ 'ਵਲਗਰ' ਨਹੀਂ ਸੀ ਜਾਪਦਾ..।

- - - - -

ਜਦੋਂ ਤ੍ਰਿਸ਼ਨਜੀਤ, ਡਾ. ਵਿਦਵਾਨ ਕੋਲ਼ ਪੀਐੱਚ. ਡੀ. ਕਰਦੀ ਸੀ ਉਦੋਂ ਉਹ ਉਸਨੂੰ ਪਿਆਰ ਨਾਲ਼ 'ਭੈਰਵੀ' ਆਖਦੇ, "ਤੂੰ ਰਾਗ ਭੈਰਵੀ ਵਾਂਗ ਚੰਚਲ ਪ੍ਰਕਿਰਤੀ ਵਾਲ਼ੀ ਏ। ਭੈਰਵੀ, ਸਾਰੇ ਕੋਮਲ ਸੁਰਾਂ ਵਾਲ਼ਾ ਰਾਗ.... ਇਸ ਰਾਗ ਨੂੰ ਕਲਾਸੀਕਲ ਵਾਲ਼ੇ ਵੀ ਖ਼ੂਬ ਗਾਉਂਦੇ-ਵਜਾਉਂਦੇ ਨੇ ਤੇ ਲੋਕ ਸੰਗੀਤ ਵਾਲ਼ੇ ਵੀ.... ਮੇਰਾ ਪਸੰਦੀਦਾ ਰਾਗ ਏ ਭੈਰਵੀ.... ਭੈਰਵੀ ਸਚਮੁੱਚ ਵਿਚਿਤ੍ਰ ਨਾਮ ਹੈ।"

ਤੇ ਡਾ. ਸਾਹਬ ਅੱਜ ਆਪਣੀ ਪਿਆਰੀ 'ਭੈਰਵੀ' ਦੇ ਵਿਆਹ ਵਿੱਚ ਆਏ ਹੋਏ ਨੇ। ਵਿਡੰਬਨਾ ਇਹ ਹੈ ਕਿ ਡਾ. ਵਿਦਵਾਨ ਜਿਸ 'ਭੈਰਵੀ' ਨੂੰ ਮਾਨਣ ਲਈ, ਆਪਣੇ ਆਖ਼ਰੀ ਦਮ ਤੱਕ ਜੂਝੇ ਸਨ ਪਰ ਜਿਸਨੂੰ ਉਹ ਸੰਪੂਰਨ ਰੂਪ ਵਿੱਚ ਪ੍ਰਾਪਤ ਨਹੀਂ ਸਨ ਕਰ ਸਕੇ, ਅੱਜ ਉਸੇ ਦੇ ਪਿਤਾ ਬਣ ਕੇ, ਕੰਨਿਆਦਾਨ

ਕਰਨ ਲਈ, ਕੰਬਦੀਆਂ ਲੱਤਾਂ ਨਾਲ਼, ਉਸ ਵੱਲ੍ਹ ਵਧ ਰਹੇ ਸਨ।

*****

ਡਾ. ਵਿਦਵਾਨ ਜਦੋਂ ਜੋੜੀ ਕੋਲ਼ ਪਹੁੰਚੇ ਤਾਂ ਉਨ੍ਹਾਂ ਦੀਆਂ ਲੱਤਾਂ ਦੀ ਸਾਰੀ ਸਤਿਆ ਮੁੱਕ ਗਈ ਸੀ। ਉਹ ਇਹ ਸੋਚ ਕੇ ਗਰਕਦੇ ਜਾ ਰਹੇ ਸਨ ਕਿ 'ਬਾਕੀਆਂ ਨੂੰ ਤਾਂ ਨਹੀਂ ਪਤਾ ਪਰ ਭੈਰਵੀ ਨੂੰ ਤਾਂ ਮੇਰੇ ਲੁੱਚਪੁਣੇ ਬਾਰੇ ਸਾਰਾ ਕੁਝ ਪਤਾ ਹੈ.... ਕੀ ਉਹ ਪਿਤਾ ਦੀ ਥਾਏਂ ਮੈਨੂੰ ਸਵੀਕਾਰ ਕਰ ਸਕੇਗੀ? ਕੋਈ ਹੰਗਾਮਾ ਹੀ ਨਾ ਕਰ ਦੇਵੇ..!! ਭਰੀ ਸੰਗਤ ਵਿੱਚ ਮੇਰੀ ਪੱਗ ਹੀ ਨਾ ਉਛਾਲ਼ ਦੇਵੇ..!! ਮੈਂ ਉਹਦਾ ਸਾਹਮਣਾ ਕਿੰਝ ਕਰਾਂਗਾ..!! ਇਨ੍ਹਾਂ ਹਰਾਮਜ਼ਾਦਿਆਂ ਨੇ ਇਹ ਮੈਨੂੰ ਕਿਸ ਮੁਸੀਬਤ ਵਿੱਚ ਫਸਾ ਦਿੱਤਾ ਏ..!!'

ਇਹ ਸੋਚਦਿਆਂ-ਸੋਚਦਿਆਂ ਡਾ. ਵਿਦਵਾਨ ਵਿਆਹੁਲੀ ਜੋੜੀ ਦੇ ਬਿਲਕੁਲ ਪਿੱਛੇ ਜਾ ਖਲੋ ਗਏ। ਤ੍ਰਿਸ਼ਨਾ ਦੀ ਮਾਂ ਪਰਮਜੀਤ ਨੇ ਤ੍ਰਿਸ਼ਨਾ ਕੋਲ਼ ਬਹਿ ਕੇ, ਛਿਣਾਂ ਵਿੱਚ ਹੀ ਸਾਰੀ ਗੱਲ ਸਮਝਾ ਦਿੱਤੀ। ਫੇਰ ਪਰਮਜੀਤ ਨੇ ਤ੍ਰਿਸ਼ਨਾ ਦੇ ਮੋਢੇ 'ਤੇ ਹੱਥ ਰੱਖ ਕੇ ਇਸ਼ਾਰੇ ਨਾਲ਼ ਸਮਝਾ ਦਿੱਤਾ ਕਿ ਉਸਦੇ 'ਗਾਈਡ' ਉਸਦੇ ਬਿਲਕੁਲ ਪਿੱਛੇ ਖਲੋਤੇ ਨੇ, ਉਸ ਦੇ 'ਪਿਤਾ' ਦੀ ਥਾਏਂ। ਤ੍ਰਿਸ਼ਨਾ ਇਕਦਮ ਅਚੰਭਿਤ ਹੋਈ ਤੇ ਤੁਰੰਤ ਪਿੱਛੇ ਮੁੜ ਕੇ ਵੇਖਿਆ। ਡਾ. ਵਿਦਵਾਨ ਸੁੰਨ ਜਿਹੇ ਖਲੋਤੇ ਸਨ। ਮਰਦ ਰਿਸ਼ਤੇਦਾਰ ਅਜੇ ਵੀ ਉਨ੍ਹਾਂ ਨੂੰ ਫੜੀਂ ਖਲੋਤੇ ਸਨ, ਸਹਾਰਾ ਦੇਣ ਲਈ। ਤ੍ਰਿਸ਼ਨਾ ਬੈਠੀ-ਬੈਠੀ, ਗਰਦਨ ਘੁਮਾ ਕੇ, ਖੜ੍ਹੇ-ਖਲੋਤੇ ਡਾ. ਵਿਦਵਾਨ ਵੱਲ੍ਹ ਇਕਟਕ ਵੇਖ ਰਹੀ ਸੀ। ਡਾ. ਸਾਹਬ ਤ੍ਰਿਸ਼ਨਾ ਦੀਆਂ ਡੂੰਘੀਆਂ, ਝੀਲ ਵਰਗੀਆਂ ਅੱਖਾਂ, ਜਿਹੜੀਆਂ ਆਈਲਾਈਨਰ ਨਾਲ਼ ਹੋਰ ਡੂੰਘੀਆਂ ਤੇ ਖ਼ੂਬਸੂਰਤ ਹੋ ਗਈਆਂ ਸਨ, ਦੀ ਤਾਬ ਨਾ ਝੱਲ੍ਹਦੇ ਹੋਏ ਨੀਵੀਂ ਪਾ ਗਏ। ਡਾ. ਵਿਦਵਾਨ ਦੀਆਂ ਅੱਖਾਂ, ਨੀਵੀਆਂ ਹੁੰਦਿਆਂ ਹੀ ਤੁਰੰਤ ਅਤੀਤ ਵਿੱਚ ਗੋਤਾ ਖਾ ਗਈਆਂ।

*****

ਪਹਿਲੀ ਵਾਰ, ਧਾਰੀ ਬੰਨ੍ਹ ਕੇ ਸੁਰਮਾ ਪਾਈਂ ਇਹ ਕੁੜੀ, ਉਨ੍ਹਾਂ ਦੇ ਸੰਗੀਤ ਵਿਭਾਗ ਵਿੱਚ ਉਨ੍ਹਾਂ ਕੋਲ਼ ਪੀਐੱਚ. ਡੀ. ਸਬੰਧੀ ਪੁੱਛਣ ਆਈ ਸੀ। ਤ੍ਰਿਸ਼ਨਾ ਨੇ ਰੀਸੈਂਟਲੀ ਹੀ ਨੈੱਟ. ਜੇ. ਆਰ. ਐਫ਼ ਦਾ ਟੈਸਟ ਕੁਆਲੀਫ਼ਾਈ ਕੀਤਾ ਸੀ। ਡਾ. ਸਾਹਬ ਪਹਿਲੀ ਝੱਟੇ ਹੀ ਤ੍ਰਿਸ਼ਨਾ ਦੀਆਂ ਕਾਜਲਈ ਅੱਖਾਂ ਵਿੱਚ ਡੁੱਬ ਗਏ। ਡਾ. ਸਾਹਬ ਦੇ ਸਾਹਮਣੇ ਬੈਠੀ ਤ੍ਰਿਸ਼ਨਾ ਆਪਣੀ ਪੜ੍ਹਾਈ, ਪ੍ਰਾਪਤੀਆਂ ਬਾਰੇ ਦੱਸਦੀ ਰਹੀ ਪਰ ਡਾ. ਸਾਹਬ ਤਾਂ ਉਹਦੇ ਨੈਣਾਂ ਵਿੱਚ ਹੀ ਗੋਤੇ ਖਾਈ ਗਏ। ਡਾ. ਵਿਦਵਾਨ ਨੂੰ ਇਕਟਕ ਆਪਣੇ ਵੱਲ੍ਹ ਨਿਰੰਤਰ ਦੇਖਦਾ ਵੇਖ, ਤ੍ਰਿਸ਼ਨਾ ਨੂੰ ਬਹੁਤ ਆਕਵਰਡ ਜਿਹਾ ਮਹਿਸੂਸ ਹੋਇਆ ਸੀ। ਉਸਨੂੰ ਬੜਾ 'ਓਡ' ਲੱਗਿਆ ਡਾਕਟਰ ਦਾ ਇੰਝ ਟਿਕਟਿਕੀ ਬੰਨ੍ਹ ਕੇ ਉਸ ਵੱਲ੍ਹ ਵੇਖੀ ਜਾਣਾ। ਉਸਦਾ ਦਿਲ ਕੀਤਾ ਕਿ ਉਹ ਤੁਰੰਤ ਇਸ ਵਾਹਯਾਤ ਬੰਦੇ ਦੇ ਸਾਹਮਣਿਓਂ ਉੱਠ ਕੇ ਚਲੀ ਜਾਵੇ ਜਿਸ ਨੂੰ ਨਾ ਦੇਖਣ ਦੀ ਤਮੀਜ਼ ਹੈ, ਨਾ ਤਹਿਜ਼ੀਬ। ਪਰ ਉਹ ਪੀਐੱਚ. ਡੀ. ਕਰਨਾ ਚਾਹੁੰਦੀ ਸੀ, ਜਿਸ ਦਾ ਸੁਫ਼ਨਾ ਕੇਵਲ ਉਹਦਾ ਆਪਣਾ ਹੀ ਨਹੀਂ ਬਲਕਿ ਉਹਦੇ ਡੈਡੀ ਦਾ ਵੀ ਸੀ, ਜਿਹੜੇ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਸਨ। ਤ੍ਰਿਸ਼ਨਾ ਇਹ ਸੁਫ਼ਨਾ ਨਹੀਂ ਸੀ ਤਿੜਕਾ ਸਕਦੀ। ਸੋ ਬੈਠੀ ਰਹੀ.... ਪਰ ਬੋਲਦੀ-ਬੋਲਦੀ ਚੁੱਪ ਹੋ ਗਈ ਤੇ ਆਪ ਵੀ ਟਿਕਟਿਕੀ ਬੰਨ੍ਹ ਕੇ ਡਾ. ਵਿਦਵਾਨ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣ ਲੱਗੀ। ਹੁਣ ਘਬਰਾਉਣ ਦੀ ਵਾਰੀ ਡਾ. ਵਿਦਵਾਨ ਦੀ ਸੀ ਪਰ ਉਨ੍ਹਾਂ ਛੇਤੀ ਹੀ ਆਪਣੀ ਝੁੰਜਲਾਹਟ ਤੇ ਘਬਰਾਹਟ ਨੂੰ ਲੁਕਾਉਂਦਿਆਂ ਸਦਾ ਵਾਂਗ ਟੈਕਟ ਖੇਡਿਆ, "ਤ੍ਰਿਸ਼ਨਜੀਤ, ਕੀ ਤੁਹਾਡੇ ਘਰ ਦੇ ਨੇੜੇ-ਤੇੜੇ ਕੋਈ ਟਰੱਕ ਪਲਟਿਆ ਏ?"

ਡਾ. ਸਾਹਬ ਦਾ ਸਮਾਂ, ਸਥਾਨ ਤੇ ਸਥਿਤੀ ਤੋਂ 'ਬੇ-ਬਹਿਰਾ, ਬੇ-ਸੁਰਾ ਤੇ ਬੇ-ਸਿਰਾ' ਸਵਾਲ ਸੁਣ ਕੇ ਤ੍ਰਿਸ਼ਨਾ ਇਕਦਮ ਹੈਰਾਨ-ਪਰੇਸ਼ਾਨ ਜਿਹੀ ਹੋ ਗਈ।

"ਨੋ ਸਰ, ਕੋਈ ਟਰੱਕ ਨਹੀਂ..!"

"ਨਹੀਂ-ਨਹੀਂ, ਤੁਸੀਂ ਗ਼ੌਰ ਨਹੀਂ ਕੀਤਾ ਹੋਣਾ.... ਟਰੱਕ ਜ਼ਰੂਰ ਪਲਟਿਆ ਹੋਵੇਗਾ, ਮੈਂ ਤੁਹਾਡੀਆਂ ਅੱਖਾਂ ਵੇਖ ਕੇ ਦਾਅਵੇ ਨਾਲ਼ ਇਹ ਗੱਲ ਕਹਿ ਸਕਦਾਂ।" ਡਾ. ਸਾਹਬ ਤ੍ਰਿਸ਼ਨਾ ਦੀ ਝੁੰਜਲਾਹਟ ਦਾ ਮਜ਼ਾ ਲੈ ਰਹੇ ਸਨ ਤੇ ਹੁਣ ਤੋਂ ਪਹਿਲਾਂ 'ਤ੍ਰਿਸ਼ਨਾ ਵੱਲ੍ਹ ਟਿਕਟਿਕੀ ਬੰਨ੍ਹ ਕੇ ਬੇਸ਼ਰਮਾਂ ਵਰਗੀ ਝਾਕਣੀ' ਨੂੰ ਜਸਟੀਫ਼ਾਈ ਕਰਨ ਦੀ ਕੋਸ਼ਿਸ਼ ਵੀ ਕਰ ਰਹੇ ਸਨ।

ਤ੍ਰਿਸ਼ਨਾ ਨੂੰ ਬਿਲਕੁਲ ਸਮਝ ਨਹੀਂ ਸੀ ਆ ਰਿਹਾ ਕਿ 'ਮਸਲਾ ਕੀ ਏ!! ਡਾ. ਸਾਹਬ ਕਹਿਣਾ ਕੀ ਚਾਹ ਰਹੇ ਨੇ? ਪੁੱਛ-ਦੱਸ ਕੀ ਰਹੇ ਨੇ?' ਉਹ ਹੁਣ ਸਚਮੁੱਚ ਬੌਂਦਲ਼ ਜਿਹੀ ਗਈ ਸੀ। ਉਹਨੂੰ ਡਾ. ਸਾਹਬ ਦਾ ਕੋਈ ਸਕ੍ਰਿਊ ਢਿੱਲਾ ਜਾਪਿਆ ਸੀ। ਇਸੇ ਲਈ ਉਹ ਕੋਈ ਵੀ, ਕਿਸੇ ਵੀ ਤਰ੍ਹਾਂ ਦਾ ਜੁਆਬ ਦੇਣ ਤੋਂ ਅਸਮਰੱਥ ਨਜ਼ਰ ਆ ਰਹੀ ਸੀ।

"ਓ ਬਈ ਤੁਸੀਂ ਆਪਣੀਆਂ ਅੱਖਾਂ ਵਿੱਚ ਕੱਜਲ ਇੰਨਾ-ਇੰਨਾ ਪਾਇਆ ਏ, ਮਾਸ਼ਾ ਅੱਲ੍ਹਾ ਮੈਨੂੰ ਤਾਂ ਇਉਂ ਈ ਲਗਦਾ ਏ ਜਿਵੇਂ ਕੱਜਲ ਦਾ ਕੋਈ ਟਰੱਕ ਪਲਟ ਗਿਆ ਹੋਵੇ ਤੁਹਾਡੀਆਂ ਅੱਖਾਂ ਵਿੱਚ...!!" ਇੰਨਾ ਆਖ ਕੇ ਡਾ. ਵਿਦਵਾਨ ਕਾਫ਼ੀ ਉੱਚਾ ਪਰ ਸੁਰੀਲਾ ਹਾਸਾ ਹੱਸੇ।

ਜਦ ਤ੍ਰਿਸ਼ਨਾ ਨੂੰ ਪੂਰੀ ਗੱਲ ਦੀ ਸਮਝ ਆਈ ਤਾਂ ਉਹ ਵੀ ਖੁੱਲ੍ਹ ਕੇ ਹੱਸੀ। ਬਿਨਾਂ ਇਸ ਗੱਲ ਦਾ ਧਿਆਨ ਰੱਖਿਆਂ ਕਿ ਉਹ ਇੱਕ ਅਜਨਬੀ ਦੇ ਸਾਹਮਣੇ ਬੈਠੀ ਹੈ ਜਿਸ ਨੂੰ ਉਹ ਅਜੇ ਪਹਿਲੀ ਵਾਰ ਹੀ ਮਿਲ ਰਹੀ ਹੈ। ਉਹ ਬੇਤਹਾਸ਼ਾ ਹੱਸੀ।

"ਵਾਹ-ਵਾਹ, ਤ੍ਰਿਸ਼ਨਜੀਤ ਤੇਰਾ ਹਾਸਾ ਤਾਂ ਬਿਲਕੁਲ ਚਰਚ ਬੈੱਲਜ਼ ਵਰਗਾ ਏ.... ਸੁਰੀਲਾ, ਮਿੱਠੀ ਟੁਣਕਾਰ.... ਵਾਹ-ਵਾਹ.... ਇੰਝ ਹੀ ਹਸਦੀ ਰਹਿ...।" ਡਾ. ਸਾਹਬ ਨੇ ਆਪਣੀਆਂ ਗੱਲਾਂ ਦਾ ਜਾਦੂ ਬਿਖੇਰਨਾ ਸ਼ੁਰੂ ਕਰ ਦਿੱਤਾ ਸੀ।

ਜਦੋਂ ਤ੍ਰਿਸ਼ਨਾ ਖ਼ੂਬ ਹੱਸ ਹਟੀ ਤਾਂ ਆਪਣੇ ਆਪ ਨੂੰ ਸੰਭਾਲ਼ਦੀ ਹੋਈ ਬੋਲੀ, "ਆਈ ਐਮ ਸਾੱਰੀ, ਰੀਅਲੀ ਸਾੱਰੀ ਸਰ, ਮੈਨੂੰ ਇੰਝ ਨਹੀਂ ਸੀ ਹੱਸਣਾ ਚਾਹੀਦਾ। ਵੈਰੀ ਸਾੱਰੀ ਸਰ.... ਪਰ ਕੀ ਕਰਦੀ ਤੁਸੀਂ ਗੱਲ ਹੀ ਇੰਨੀ ਹਿਊਮਰਸ ਕੀਤੀ, ਮੇਰੇ ਤੋਂ ਕੰਟਰੋਲ ਨਹੀਂ ਹੋਇਆ। ਸਾੱਰੀ...।"

"ਨੋ-ਨੋ, ਇਟਸ ਓ.ਕੇ., ਖ਼ੂਬ ਹੱਸੋ-ਖੇਡੋ.... ਨੋ ਪ੍ਰਾਬਲਮ...।"

"ਸਰ ਤੁਸੀਂ ਸਚਮੁੱਚ ਜੌਲੀ ਨੇਚਰ ਦੇ ਹੋ। ਤੁਹਾਡੇ ਬਾਰੇ ਤੁਹਾਡੇ ਸਟੂਡੈਂਟਸ ਇਹੋ ਕਹਿੰਦੇ ਨੇ...।" ਤ੍ਰਿਸ਼ਨਾ ਨੇ ਵੀ ਆਪਣੇ ਵੱਲ੍ਹੋਂ ਮਸਕਾ ਲਾਇਆ।

"ਹੈਂਅ..!! ਤੁਸੀਂ ਮੇਰੇ ਸਟੂਡੈਂਟਸ ਨੂੰ ਮਿਲ ਵੀ ਲਏ? ਓ ਗ੍ਰੇਟ.... ਵੈਸੇ ਹੋਰ ਕੀ-ਕੀ ਕਹਿੰਦੇ ਨੇ ਮੇਰੇ ਸਟੂਡੈਂਟਸ ਮੇਰੀ ਪਿੱਠ ਪਿੱਛੇ..!!!" ਇਹ ਆਖ ਕੇ ਡਾ. ਸਾਹਬ ਹਲਕਾ ਜਿਹਾ ਮੁਸਕਰਾਏ।

"ਸਾਰੇ ਤੁਹਾਡੀ ਪ੍ਰੇਜ਼ ਹੀ ਕਰ ਰਹੇ ਸੀ ਸਰ। ਐਕਚੂਲੀ ਸਰ, ਮੈਂ ਤੁਹਾਡੇ ਅੰਡਰ ਪੀਐੱਚ. ਡੀ. ਕਰਨਾ ਚਾਹੁੰਨੀ ਆਂ, ਇਸ ਲਈ ਮੈਂ ਚਾਹੁੰਦੀ ਸੀ ਕਿ ਪਹਿਲਾਂ ਤੁਹਾਡੇ ਬਾਰੇ ਥੋੜ੍ਹਾ-ਬਹੁਤ ਜਾਣ ਲਵਾਂ ਤਾਂ ਕਿ ਤੁਹਾਨੂੰ ਇਮਪ੍ਰੈਸ ਕਰ ਸਕਾਂ...।" ਤ੍ਰਿਸ਼ਨਾ ਨੇ ਟੁਣਕਦੀ ਆਵਾਜ਼ ਵਿੱਚ ਕਿਹਾ।

"ਬਈ ਮੈਂ ਤਾਂ ਇਮਪ੍ਰੈਸ ਹੋ ਗਿਆ.... ਰਿਸਰਚਰ ਹੋਵੇ ਤਾਂ ਤੁਹਾਡੇ ਵਰਗਾ.... ਜਿਹੜਾ ਪਹਿਲਾਂ ਹੀ ਪੂਰੀ ਤਰ੍ਹਾਂ ਪ੍ਰੀਪੇਅਰ ਹੋ ਕੇ ਆਉਂਦਾ ਹੈ, ਫੀਲਡ ਵਿੱਚੋਂ ਪ੍ਰੋਪਰ ਡਾਟਾ-ਕੁਲੈਕਟ ਕਰ ਕੇ... ਵੈਰੀ ਗੁੱਡ,

ਲਾਜਵਾਬ.... ਤ੍ਰਿਸ਼ਨਜੀਤ ਤੁਸੀਂ ਬਹੁਤ ਹੀ ਲਾਇਕ ਰਿਸਰਚਰ ਤੇ ਕਾਬਿਲ ਪ੍ਰੋਫ਼ੈਸਰ ਬਣੋਂਗੇ.... ਭਾਵੇਂ ਹੁਣੇ ਮੇਰੇ ਤੋਂ ਲਿਖਵਾ ਲਵੋ....।" ਡਾ. ਸਾਹਬ ਤ੍ਰਿਸ਼ਨਾ ਨੂੰ ਹੋਰ ਇਮਪ੍ਰੈਸ ਕਰਨ ਲਈ ਤਾਰੀਫ਼ ਕਰਨ ਵਾਲ਼ਾ ਪੈਂਤੜਾ ਅਪਨਾ ਰਹੇ ਸਨ। ਉਹ ਜਾਣਦੇ ਨੇ ਕਿ 'ਪ੍ਰਸ਼ੰਸ਼ਾ ਉਹ ਬਰੀਕ ਜਾਲ਼ਾ ਹੈ ਜਿਸ ਵਿੱਚ ਹਰੇਕ ਫਸ ਜਾਂਦਾ ਹੈ।' ਇਸ ਲਈ ਉਹ ਸਦਾ ਹੀ ਇਹ ਪੈਂਤੜਾ ਵਰਤਦੇ ਹਨ, "ਤੁਸੀਂ ਮਾਈਂਡ ਬਲੋਇੰਗ ਹੋ ਤ੍ਰਿਸ਼ਨਜੀਤ.... ਤੁਹਾਡੀ ਵਰਗੀ ਰਿਸਰਚਰ ਪਾ ਕੇ ਤਾਂ ਮੈਂ..!!"

ਡਾ. ਸਾਹਬ ਨੂੰ ਬੋਲਦਿਆਂ ਵਿਚਕਾਰੋਂ ਟੋਕ ਕੇ ਤ੍ਰਿਸ਼ਨਾ ਬੋਲੀ, "ਸਾੱਰੀ ਸਰ, ਤੁਹਾਨੂੰ ਇੰਟ੍ਰਪਟ ਕਰ ਰਹੀ ਆਂ। ਸਰ ਮੇਰੇ ਮਦਰ ਵੀ ਆਏ ਨੇ ਨਾਲ਼, ਉਹ ਬਾਹਰ ਇਕੱਲੇ ਹੀ ਬੈਠੇ ਨੇ। ਤੁਸੀਂ ਪਰਮਿਟ ਕਰੋ ਤਾਂ ਉਨ੍ਹਾਂ ਨੂੰ ਵੀ ਅੰਦਰ ਹੀ ਬੁਲਾ ਲਵਾਂ??"

"ਸ਼ੋਅਰ-ਸ਼ੋਅਰ, ਕਿਉਂ ਨਹੀਂ.... ਬੁਲਾ ਲਵੋ ਬਈ ਬਾਹਰ ਕਿਉਂ ਬਿਠਾਇਆ ਏ..!!" ਤ੍ਰਿਸ਼ਨਾ ਉੱਠਣ ਲੱਗੀ ਤਾਂ ਡਾ. ਸਾਹਬ ਨੇ ਹੱਥ ਨਾਲ਼ ਉਸ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ, "ਨਹੀਂ-ਨਹੀਂ, ਤੁਸੀਂ ਬੈਠੋ..." ਫੇਰ ਉਨ੍ਹਾਂ ਬੈੱਲ ਮਾਰੀ, ਪੀਅਨ ਅੰਦਰ ਆਈ, "ਓ ਬਈ ਬਾਹਰ ਇਨ੍ਹਾਂ ਦੇ ਮਦਰ ਬੈਠੇ ਨੇ, ਉਨ੍ਹਾਂ ਨੂੰ ਵੀ ਅੰਦਰ ਭੇਜ ਦਿਓ.... ਤੇ ਹਾਂ, ਕੋਈ ਚਾਹ-ਕਾੱਫ਼ੀ ਮੰਗਵਾਓ...।"

ਪਰਮਜੀਤ ਅੰਦਰ ਆਈ ਤਾਂ ਡਾ. ਸਾਹਬ ਆਪਣੀ ਰਿਵਾੱਲਵਿੰਗ ਚੇਅਰ ਤੋਂ ਉੱਠ ਖੜ੍ਹੇ ਹੋਏ, "ਵਾਹ-ਵਾਹ, ਆਓ ਜੀ ਆਓ.... ਵੈਲਕਮ ਵੈਲਕਮ... ਆਓ ਬੈਠੋ... ਵਾਹ ਵਾਹ.... ਤੁਸੀਂ ਤਾਂ ਤ੍ਰਿਸ਼ਨਜੀਤ ਦੇ ਸਿਸਟਰ ਲਗਦੇ ਓਂ.. !!"

ਇੰਨਾ ਆਖ ਕੇ ਡਾ. ਸਾਹਬ ਫੇਰ ਸੁਰੀਲਾ ਹਾਸਾ ਹੱਸੇ। ਇਹ ਗੱਲ ਸੁਣ ਕੇ ਪਰਮਜੀਤ ਨੂੰ ਸੰਗ ਜਿਹੀ ਆ ਗਈ ਪਰ ਤ੍ਰਿਸ਼ਨਾ ਖਿਲਖਿਲਾ ਕੇ ਹੱਸ ਪਈ, "ਬਿਲਕੁਲ ਸਰ, ਜਿਹੜੇ ਮੇਰੀ ਮੌਮ ਨੂੰ ਨਹੀਂ ਜਾਣਦੇ, ਉਹ ਇਨ੍ਹਾਂ ਨੂੰ ਮੇਰੇ ਨਾਲ਼ ਵੇਖ ਕੇ ਮੇਰੇ ਐਲਡਰ ਸਿਸਟਰ ਈ ਸਮਝ ਲੈਂਦੇ ਨੇ..।"

"ਫੇਰ ਮੈਂ ਕਿਹੜਾ ਝੂਠ ਕਿਹਾ ਏ ਤ੍ਰਿਸ਼ਨਜੀਤ.... ਬਲਕਿ ਮੈਨੂੰ ਤਾਂ ਇਹ ਤੇਰੇ ਯੰਗ ਸਿਸਟਰ ਲੱਗ ਰਹੇ ਨੇ।" ਇੰਨਾ ਆਖ ਕੇ ਡਾ. ਸਾਹਬ ਫੇਰ ਖਿਲਖਿਲਾ ਕੇ ਹੱਸੇ, ਤ੍ਰਿਸ਼ਨਾ ਵੀ ਨਾਲ਼ ਹੱਸੀ ਪਰ ਪਰਮਜੀਤ ਦਾ ਰੰਗ ਸੂਹਾ ਲਾਲ ਹੋ ਗਿਆ।

ਡਾ. ਸਾਹਬ ਨੇ ਬਹੁਤ ਗਹੁ ਨਾਲ਼ ਪਰਮਜੀਤ ਨੂੰ ਵੇਖਿਆ। ਉਹ ਵੀ ਝੂਠ ਨਹੀਂ ਸਨ ਕਹਿ ਰਹੇ। ਪਰਮਜੀਤ ਅਜੇ ਵੀ ਭਰ-ਜੋਬਨ ਮੁਟਿਆਰ ਲਗਦੀ ਸੀ। ਉਹਦੀ ਉਮਰ 40-45 ਦੇ ਨੇੜੇ-ਤੇੜੇ ਸੀ ਪਰ ਲਗਦੀ ਤੀਹਾਂ ਕੁ ਦੀ ਹੀ ਸੀ। ਗੋਰਾ ਨਿਛੋਹ ਰੰਗ, ਹਲਕੀਆਂ ਬਿੱਲੀਆਂ ਜਿਹੀਆਂ ਅੱਖਾਂ, ਗਲਗਲ ਵਰਗਾ ਸਰੀਰ, ਤਿੱਖੇ ਨੈਣ-ਨਕਸ਼, ਗੱਲ੍ਹਾਂ ਲਾਲ ਭਾਹ ਮਾਰਦੀਆਂ...। ਡਾ. ਸਾਹਬ ਕੁਝ ਸਮਾਂ ਪਹਿਲਾਂ ਤ੍ਰਿਸ਼ਨਾ 'ਤੇ ਮੋਹਿਤ ਹੋਏ ਬੈਠੇ ਸਨ, ਹੁਣ ਪਰਮਜੀਤ 'ਤੇ ਲੱਟੂ ਹੋ ਗਏ ਸਨ। ਡਾ. ਸਾਹਬ ਨੂੰ ਆਪਣੇ ਦੋਹਾਂ ਹੱਥਾਂ ਵਿੱਚ ਹੀ ਲੱਡੂ ਆ ਗਏ ਜਾਪਦੇ ਸਨ। ਉਨ੍ਹਾਂ ਦੀ ਇੱਛਾ ਇਨ੍ਹਾਂ ਦੋਹਾਂ ਲੱਡੂਆਂ ਨੂੰ ਭੋਰ-ਭੋਰ ਕੇ ਖਾਣ ਦੀ ਸੀ।

'ਮਿਹਨਤ ਵੀ ਡਬਲ ਕਰਨੀ ਪੈਣੀ ਏ!!' ਇਸ ਸੋਚ ਕੇ ਡਾ. ਸਾਹਬ ਮੁਸਕਰਾਏ।

ਫੇਰ ਉਨ੍ਹਾਂ ਗੱਲਾਂ ਦਾ ਜਾਲ਼ ਜਿਹਾ ਬੁਣਨਾ ਸ਼ੁਰੂ ਕਰ ਦਿੱਤਾ, "ਦੇਖ ਬਈ ਤ੍ਰਿਸ਼ਨਜੀਤ ਨੇਚਰ ਭਾਵੇਂ ਮੇਰੀ ਜੌਲੀ ਹੈ ਪਰ ਕੰਮ ਦੇ ਮੁਆਮਲੇ ਵਿੱਚ ਮੈਂ ਬਹੁਤ ਸਖ਼ਤ ਹਾਂ, ਭਾਵੇਂ ਮੇਰੇ ਸਟੂਡੈਂਟਸ ਤੋਂ ਪੁੱਛ ਲਵੀਂ। ਪੀਐੱਚ. ਡੀ. ਮੇਰੇ ਨਾਲ਼ ਕਰਨੀ ਏ ਤਾਂ ਇਹ ਜਾਣ ਲੈ ਬਈ ਇਹ ਕੋਈ ਸਹਿਲ ਕਾਰਜ ਨਹੀਂ, ਇਹ ਤਾਂ ਸਾਧਨਾ ਹੈ ਸਾਧਨਾ.... ਤਨ-ਮਨ ਸਭ ਕੁਝ ਤਪਾਉਣਾ ਪੈਂਦਾ ਏ.... ਤਪਾ ਸਕੇਂਗੀ? ਹੋਰ ਬਹੁਤ ਕੁਰਬਾਨੀਆਂ

ਕਰਨੀਆਂ ਪੈਣਗੀਆਂ..!!"

"ਡਾ. ਸਾਹਬ ਤੁਸੀਂ ਕਰਵਾਉਣੀ ਏ ਜੀ, ਜਿਵੇਂ ਮਰਜ਼ੀ ਕਰਵਾਓ.... ਮੇਰੀ ਧੀ ਜਾਨ ਮਾਰ ਕੇ ਆਪਣੇ ਡੈਡੀ ਦਾ ਸੁਪਨਾ ਪੂਰਾ ਕਰੇਗੀ। ਜਿਹੋ-ਜਿਹੀ ਮੇਰੀ ਧੀ, ਉਹੋ ਜਿਹੀ ਤੁਹਾਡੀ ਧੀ.... ਇਹ ਹੁਣ ਤੁਹਾਡੇ ਹਵਾਲੇ ਐ, ਜਿਵੇਂ ਮਰਜ਼ੀ ਰੱਖੋ...।" ਇਹ ਆਖਦਿਆਂ-ਆਖਦਿਆਂ ਪਰਮਜੀਤ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਹੱਥ ਮੱਲੋ-ਮੱਲੀ ਜੁੜ ਗਏ।

*****

ਹੁਣ ਡਾ. ਵਿਦਵਾਨ ਦੇ ਹੱਥ ਜੁੜੇ ਹੋਏ ਸਨ ਤੇ ਅੱਖਾਂ ਵਿੱਚ ਨਮੀ ਜਿਹੀ ਤੈਰਨ ਲੱਗ ਪਈ ਸੀ। ਉਨ੍ਹਾਂ ਤ੍ਰਿਸ਼ਨਾ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ 'ਸਾੱਰੀ ਜਿਹੀ ਫ਼ੀਲ' ਕਰਨੀ ਚਾਹੀ ਪਰ ਤ੍ਰਿਸ਼ਨਾ ਦੀਆਂ ਅੱਖਾਂ ਦੀ ਤਾਬ ਨਾ ਝੱਲਦੇ ਹੋਏ ਮੁੜ ਨੀਵੀਂ ਪਾ ਲਈ। ਡਾ. ਸਾਹਬ ਲਈ ਬਹੁਤ ਔਖਾ ਸੀ ਆਪਣੇ ਸਹਾਰੇ 'ਤੇ ਖੜ੍ਹੇ ਰਹਿਣਾ, ਕੰਬਦੀਆਂ ਲੱਤਾਂ ਨੂੰ ਕੰਬਣੋਂ ਰੋਕ ਲੈਣਾ ਤੇ ਉਸ ਥਾਂ 'ਤੇ ਹੋਰ ਰੁਕੇ ਰਹਿਣਾ.... ਉਨ੍ਹਾਂ ਦਾ ਮਨ ਕੀਤਾ ਕਿ ਉਹ ਉੱਥੋਂ ਭੱਜ ਜਾਣ। ਪਰਮਜੀਤ; ਡਾ. ਸਾਹਬ ਦੀਆਂ ਝੁਕੀਆਂ ਅੱਖਾਂ ਤੇ ਬੰਨ੍ਹੇ ਹੱਥ ਵੇਖ ਕੇ ਮੁਸਕਾਈ। ਉਸ ਦੀ ਮੁਸਕਰਾਹਟ ਦਾ ਜੁਆਬ, ਤ੍ਰਿਸ਼ਨਾ ਨੇ ਵੀ ਮੁਸਕਰਾ ਕੇ ਹੀ ਦਿੱਤਾ। ਦੋਹਾਂ ਦੀ ਮੁਸਕਰਾਹਟ ਦੇਖ ਕੇ ਡਾ. ਸਾਹਬ ਨੇ ਅੰਦਾਜ਼ਾ ਲਗਾਇਆ ਕਿ 'ਦੋਹਾਂ ਮਾਵਾਂ-ਧੀਆਂ ਦੀ ਬੁੱਕਲ਼ ਸਾਂਝੀ ਹੈ.... ਭੈਰਵੀ ਨੇ ਜ਼ਰੂਰ ਸਭ ਕੁਝ ਆਪਣੀ ਮਾਂ ਨੂੰ ਦੱਸ ਦਿੱਤਾ ਹੋਵੇਗਾ... ਮਾਂ ਨੇ ਸ਼ਾਇਦ ਭੈਰਵੀ ਦੇ ਚਾਚਿਆਂ-ਤਾਇਆਂ ਤੇ ਹੋਰ ਰਿਸ਼ਤੇਦਾਰਾਂ ਨੂੰ.... ਇਸੇ ਲਈ ਇਸ ਢੰਗ ਨਾਲ਼ ਜ਼ਲੀਲ ਕਰ ਰਹੇ ਨੇ.... ਇਸ ਤੋਂ ਬਾਅਦ ਸ਼ਾਇਦ ਮਾਰ-ਕੁਟਾਈ ਵੀ ਕਰਨ.... ਸ਼ਾਇਦ ਮਾਰ ਹੀ ਨਾ..!!' ਇਹ ਸੋਚ-ਸੋਚ ਡਾ. ਸਾਹਬ ਦੀ ਰੂਹ ਕੰਬ ਗਈ। ਹੁਣ ਉਨ੍ਹਾਂ ਲਈ ਓਥੇ ਖਲੋਣਾ ਹੋਰ ਦੁੱਭਰ ਹੋ ਗਿਆ ਸੀ। ਛੇਤੀ ਹੀ ਉਨ੍ਹਾਂ ਦੀ ਸੋਚ ਨੇ ਮੋੜਾ ਖਾਧਾ, 'ਨਹੀਂ-ਨਹੀਂ, ਜੇ ਇੱਡੀ ਹੀ ਗੱਲ ਹੁੰਦੀ ਤਾਂ ਹੁਣ ਤੱਕ ਤਾਂ ਭਾਣਾ ਵਾਪਰ ਗਿਆ ਹੁੰਦਾ.... ਇਹ ਮੈਨੂੰ ਇਸ ਤਰ੍ਹਾਂ ਵਿਆਹ 'ਤੇ ਹੀ ਨਾ ਸੱਦਦੇ...!!' ਡਾ. ਸਾਹਬ ਦੇ ਮਨ ਨੂੰ ਕੁਝ ਢਾਰਸ ਬੱਝੀ ਪਰ ਫਿਰ ਵੀ ਦਸੰਬਰ ਦੇ ਮਹੀਨੇ ਵਿੱਚ ਕੋਟ-ਪੈਂਟ ਪਾਈਂ, ਟਾਈ ਲਾਈਂ ਖਲੋਤੇ ਡਾ. ਸਾਹਬ ਨੂੰ ਪਸੀਨਾ ਆ ਗਿਆ ਸੀ। 'ਪਰ ਤ੍ਰਿਸ਼ਨਜੀਤ ਨੇ ਆਪਣੀ ਮਦਰ ਨਾਲ਼ ਤਾਂ ਜ਼ਰੂਰ ਸ਼ੇਅਰ ਕੀਤੇ ਹੋਣਗੇ ਸਾਰੇ ਵਾਕਿਆਤ.... ਇਹ ਆਪ ਹੀ ਤਾਂ ਦਸਦੀ ਹੁੰਦੀ ਸੀ ਕਿ ਦੋਹਾਂ ਮਾਵਾਂ-ਧੀਆਂ ਵਿੱਚ ਕਿੰਨਾ ਸਹੇਲਪੁਣਾ ਹੈ.... ਇਸੇ ਲਈ ਤਾਂ ਇਸ ਨੂੰ ਕਿਸੇ ਹੋਰ ਦੇ ਪਿਆਰ ਦੀ, ਕੇਅਰ ਦੀ ਲੋੜ ਨਹੀਂ ਸੀ...!'

*****

"ਨੋ-ਨੋ ਸਰ, ਅਫ਼ੇਅਰ, ਉਹ ਵੀ ਮੇਰਾ..!! ਇੰਪਾੱਸੀਬਲ.... ਮੇਰਾ ਇਸ਼ਕ ਹੈ ਮੇਰੇ ਡੈਡੀ ਦਾ ਡਰੀਮ... ਤੇ ਮੇਰੀ ਬੈਸਟ ਫ਼ਰੈਂਡ ਹੈ ਮੇਰੀ ਮੌਮ.... ਮੈਂ ਉਨ੍ਹਾਂ ਨਾਲ਼ ਸਭ ਕੁਝ ਸ਼ੇਅਰ ਕਰਦੀ ਹਾਂ.... ਮੈਨੂੰ ਹੋਰ ਕਿਸੇ ਦੀ ਲੋੜ ਮਹਿਸੂਸ ਹੀ ਨਹੀਂ ਹੁੰਦੀ।"

ਤ੍ਰਿਸ਼ਨਾ ਨੂੰ ਪੀਐੱਚ. ਡੀ. ਦਾ ਕਾਰਜ ਅਰੰਭਿਆਂ ਲਗਭਗ 9-10 ਮਹੀਨੇ ਹੋ ਗਏ ਸਨ। ਡਾ. ਵਿਦਵਾਨ ਇਸ ਹੁਸਨ-ਪਰੀ ਨੂੰ ਸਹਿਜੇ-ਸਹਿਜੇ ਮਾਨਣਾ ਚਾਹੁੰਦੇ ਸਨ। ਇਸ ਲਈ ਕਦੇ ਕੋਈ ਕਾਹਲ਼ ਨਹੀਂ ਕੀਤੀ.... ਨਾ ਕਦੇ ਕੋਈ ਬਦਤਮੀਜ਼ੀ ਕੀਤੀ, ਨਾ ਕੋਈ ਹੋਰ ਹੋਛੀ ਹਰਕਤ, ਨਾ ਕੋਈ ਫ਼ਿਜ਼ੀਕਲ ਸਿਡਿਊਸਿੰਗ....। ਹਾਂ ਕਦੇ-ਕਦੇ ਅਜਿਹੀ ਗੱਲ ਜ਼ਰੂਰ ਸ਼ੁਰੂ ਕਰ ਲੈਂਦੇ ਸਨ ਜਿਹੜੀ ਕਿ ਉਨ੍ਹਾਂ ਨੂੰ ਉਤੇਜਿਤ ਕਰ ਦਿੰਦੀ ਸੀ।

ਅਜੇ ਥੋੜ੍ਹੇ ਦਿਨਾਂ ਪਹਿਲਾਂ ਹੀ ਕਹਿੰਦੇ ਪਏ ਸਨ, "ਭੈਰਵੀ ਤੂੰ ਕਦੇ ਅਜੰਤਾ-ਐਲੋਰਾ ਦੀਆਂ

ਗੁਫਾਵਾਂ ਵਿੱਚ ਗਈ ਏਂ..? ਐਲੀਫ਼ੈਂਟਾ ਦੀਆਂ ਗੁਫਾਵਾਂ... ਤੇ ਮੱਧਪ੍ਰਦੇਸ਼ ਦੇ ਛੱਤਰਪੁਰ ਵਿੱਚ ਖੁਜਰਾਹੋ..!! ਨਹੀਂ?? ਜਾ ਕੇ ਵੇਖੀਂ ਫੇਰ ਕਦੇ.... ਇੱਕ ਕਲਾਕਾਰ ਨੂੰ ਓਥੇ ਜ਼ਰੂਰ ਜਾਣਾ ਚਾਹੀਦਾ ਏ।"

ਤ੍ਰਿਸ਼ਨਾ ਥੋੜ੍ਹਾ ਜਿਹਾ ਝਿਜਕੀ ਸੀ, "ਸਰ ਓਥੇ ਤਾਂ ਆਈ ਥਿੰਕ ਉਹ ਕਾਮਸੂਤਰਾ ਟਾਈਪ ਪੋਜ਼ ਵਾਲ਼ੀਆਂ ਮੂਰਤੀਆਂ ਨਹੀਂ??"

"ਲੈ ਫੇਰ ਕਹਿੰਦੀ ਮੈਂ ਗਈ ਨਹੀਂ ਓਥੇ..!!" ਡਾ. ਵਿਦਵਾਨ ਤ੍ਰਿਸ਼ਨਾਂ ਦੇ ਮੂੰਹੋਂ 'ਕਾਮਸੂਤਰਾ ਟਾਈਪ ਪੋਜ਼' ਵਾਲ਼ੀ ਗੱਲ ਸੁਣ ਕੇ ਉਤੇਜਿਤ ਜਿਹਾ ਹੋ ਗਿਆ। ਉਹ ਉਤੇਜਿਤ ਗੱਲਬਾਤ ਨੂੰ ਜਾਰੀ ਰੱਖਣਾ ਚਾਹੁੰਦਾ ਸੀ।

"ਨੋ-ਨੋ ਸਰ, ਨਹੀਂ ਗਈ.... ਪਰ ਕਈ ਬੁਕਸ ਵਿੱਚ ਜ਼ਰੂਰ ਰੀਡ ਕੀਤਾ ਏ ਸਬੰਧੀ..।"

ਡਾ. ਸਾਹਬ ਦੀ ਉਤੇਜਨਾ ਵਧਦੀ ਗਈ, "ਜਿਹੜੀਆਂ ਖੁਜਰਾਹੋ ਦੀਆਂ ਗੁਫਾਵਾਂ ਨੇ ਉਨ੍ਹਾਂ ਵਿੱਚ ਨੇ ਇਹ 'ਕਾਮਸੂਤ੍ਰਾ ਟਾਈਪ ਪੋਜ਼'.... ਕਿਤਾਬਾਂ ਵਿੱਚ ਤਾਂ ਕੀ ਮਜ਼ਾ ਏ!! ਕਦੇ ਉਨ੍ਹਾਂ ਗੁਫਾਵਾਂ ਵਿੱਚ ਜਾ ਕੇ ਦੇਖਣਾ.... ਵਾਤਸਾਇਨ ਨੇ ਸੈਕਸ ਲਈ ਜਿਹੜੇ-ਜਿਹੜੇ ਆਸਣ ਦੱਸੇ ਨੇ, ਉਨ੍ਹਾਂ ਆਸਣਾਂ ਨੂੰ ਹੀ ਚਿਤ੍ਰਿਤ ਕੀਤਾ ਗਿਆ ਏ.... ਇੱਕ ਵਾਰ ਤਾਂ ਉਨ੍ਹਾਂ ਆਸਣਾਂ...।"

"ਜੀ ਸਰ, ਓਥੇ ਜ਼ਰੂਰ ਜਾਵਾਂਗੀ.... ਤੁਸੀਂ ਜੋ ਰਿਕਮੈਂਡ ਕਰ ਰਹੇ ਓਂ.... ਪਰ ਆਫ਼ਟਰ ਮੈਰਿਜ... ਆਪਣੇ ਹਸਬੈਂਡ ਨਾਲ਼...।" ਤ੍ਰਿਸ਼ਨਾ ਨੇ ਡਾ. ਸਾਹਬ ਦੀ ਗੱਲ ਕੱਟਦਿਆਂ, ਉਨ੍ਹਾਂ ਦੀ ਉਤੇਜਨਾ ਨੂੰ ਠੱਲ੍ਹ ਪਾਉਂਦਿਆਂ, ਤੁਰਪ ਦਾ ਅਜਿਹਾ ਇੱਕਾ ਕੱਢ ਮਾਰਿਆ ਜਿਸ ਨੇ ਡਾ. ਸਾਹਬ ਨੂੰ ਚਿੱਤ ਕਰਦਿਆਂ ਗੱਲ ਦਾ ਰੁਖ਼ ਹੀ ਮੋੜ ਦਿੱਤਾ।

ਡਾ. ਸਾਹਬ ਵੀ ਮੂਰਖ ਨਹੀਂ ਸਨ ਸੋ ਉਨ੍ਹਾਂ ਵੀ ਓਸ ਗੱਲ ਨੂੰ ਓਥੇ ਹੀ ਬਾਈਂਡ-ਅੱਪ ਕਰ ਦਿੱਤਾ, "ਗੁਡ-ਗੁਡ, ਜਿਹਦੇ ਮਰਜ਼ੀ ਨਾਲ਼ ਜਾਓ.... ਪਰ ਬੀਇੰਗ ਐਨ ਆਰਟਿਸਟ ਤੁਹਾਨੂੰ ਓਥੇ ਜ਼ਰੂਰ ਜਾਣਾ ਚਾਹੀਦਾ ਹੈ। ਮੈਂ ਵੀ ਆਪਣੀ ਵਾਈਫ਼ ਨਾਲ਼ ਗਿਆ ਸੀ... ਗੁੱਡ... ਤੁਸੀਂ ਵੀ ਜਾਣਾ...।"

ਕਦੇ-ਕਦੇ, ਡਾ. ਸਾਹਬ ਮਜ਼ਾਕ-ਮਜ਼ਾਕ ਵਿੱਚ ਜਾਣਬੁੱਝ ਕੇ ਦੋ-ਅਰਥੀ ਜਿਹੀ ਗੱਲ ਦਾ ਗੋਲ਼ਾ ਸੁੱਟ ਦਿਆ ਕਰਦੇ ਸਨ ਪਰ ਛੇਤੀ ਹੀ ਉਹਨੂੰ ਕਵਰ ਵੀ ਕਰ ਲੈਂਦੇ। ਇੱਕ ਦਿਨ ਕਹਿਣ ਲੱਗੇ, "ਯੂ ਨੋ ਭੈਰਵੀ, ਮੇਰੇ ਬਹੁਤ ਔਰਤਾਂ ਨਾਲ਼ ਫ਼ਿਜ਼ੀਕਲ ਰਿਲੇਸ਼ਨ ਰਹੇ ਨੇ।"

ਤ੍ਰਿਸ਼ਨਾ ਇਹ ਗੱਲ ਸੁਣ ਕੇ ਚੁੱਪ ਜਿਹੀ ਹੋ ਗਈ ਇਹ ਸੋਚਕੇ ਕਿ, 'ਸਰ ਕਿਹੋ ਜਿਹੀ ਗੱਲ ਕਰ ਰਹੇ ਨੇ। ਚਲੋ ਰਹੇ ਵੀ ਹੋਣਗੇ ਪਰ ਮੈਨੂੰ ਦੱਸਣ ਦਾ ਕੀ ਲਾੱਜਿਕ?'

"ਓ ਬਈ ਗ਼ਲਤ ਨਾ ਸਮਝੀਂ, ਮੈਂ ਹੱਥ ਮਿਲਾਉਣ ਦੀ ਗੱਲ ਕਰ ਰਿਹਾਂ..... ਹਾਹਾਹਾ.... ਹੱਥ ਮਿਲਾਉਣਾ ਵੀ ਤਾਂ ਫ਼ਿਜ਼ੀਕਲੀ ਐਕਸ਼ਨ ਹੀ ਹੈ.... ਜਿਵੇਂ ਫ਼ਿਜ਼ੀਕਲ ਰਿਲੇਸ਼ਨ ਹੁੰਦੇ ਨੇ..!!" ਗੱਲ ਨੂੰ ਕਵਰ ਕਰਦਿਆਂ ਡਾ. ਸਾਹਬ ਹੱਸੇ ਪਰ ਤ੍ਰਿਸ਼ਨਾ ਫਿੱਕਾ ਜਿਹਾ ਮੁਸਕਰਾਈ ਸੀ ਬੱਸ। ਇਹ ਸੋਚ ਕੇ ਕਿ 'ਕਿੰਨਾ ਟੁੱਚਾ ਜਿਹਾ ਮਜ਼ਾਕ ਹੈ, ਸਿਰਫ਼ ਮੇਰੇ ਨਾਲ਼ ਖੁੱਲ੍ਹਣ ਲਈ ਕਿਹੋ-ਕਿਹੋ ਜਿਹੀਆਂ ਗੱਲਾਂ ਘੜ੍ਹਦੇ ਨੇ ਡਾ. ਸਾਹਬ...!!'

ਡਾ. ਸਾਹਬ ਨੂੰ ਗੱਲ, ਦੋ-ਅਰਥੀ ਬਣਾਉਣੀ ਆਉਂਦੀ ਸੀ। ਉਹ ਇਹ ਵੀ ਜਾਣਦੇ ਸਨ ਕਿ 'ਦੋ-ਅਰਥੀ ਗੱਲ ਦਾ ਇੱਕੋ ਅਰਥ ਹੁੰਦਾ ਏ ਤੇ ਇਹ ਅਰਥ ਉਹੀ ਹੁੰਦਾ ਹੈ ਜਿਹੜਾ ਸੁਣਨ ਵਾਲ਼ਾ ਪਹਿਲੀ ਵਾਰ ਹੀ ਸਮਝ ਜਾਂਦਾ ਏ ਅਤੇ ਜਿਹੜਾ ਅਰਥ ਬੋਲਣ ਵਾਲ਼ਾ ਅਸਲ ਵਿੱਚ ਸਮਝਾਉਣਾ ਚਾਹੁੰਦੇ ਏ।' ਉਹ ਗੱਲ ਨੂੰ ਦੋ-ਅਰਥੀ ਬਣਾਉਣ ਲਈ ਬੋਲਦੇ-ਬੋਲਦੇ ਵਾਕ ਵਿੱਚ ਗ਼ਲਤ ਥਾਂ 'ਪਾੱਜ਼' ਦੇ ਦਿੰਦੇ ਜਾਂ ਬੋਲਣ

ਲੱਗਿਆਂ ਪੰਜਾਬੀ ਦੀ ਵਾਕ ਬਣਤਰ ਉਲਟਾ ਦਿੰਦੇ ਭਾਵ ਕਿਰਿਆ ਪਹਿਲਾਂ ਤੇ ਕਰਤਾ ਕਰਮ ਬਾਅਦ ਵਿੱਚ। ਫੇਰ ਗੱਲ ਦੋ-ਅਰਥੀ ਜਿਹੀ ਬਣ ਜਾਂਦੀ। ਅਜਿਹੇ ਟੈਕਟ ਉਹ ਆਮ ਵਰਤਦੇ ਕਿਉਂਕਿ ਇਹ ਟੈਕਟ ਉਨ੍ਹਾਂ ਨੂੰ ਸੇਫ਼ ਲਗਦੇ, ਜਿਹਨੂੰ ਸੌਖਿਆਂ ਕਵਰ ਵੀ ਕੀਤਾ ਜਾ ਸਕਦਾ ਏ ਤੇ ਅਸਲ ਮੰਸ਼ਾ ਵੀ ਲਕੋਈ ਜਾ ਸਕਦੀ ਏ, "ਭੈਰਵੀ ਤੇਰੇ ਬਹੁਤ ਵੱਡੇ-ਵੱਡੇ ਨੇ.... ਹੱਥ। ਤੂੰ ਛੇਤੀ-ਛੇਤੀ ਕਰਿਆ ਕਰ.... ਰਿਸਪਾਂਸ। ਤੈਨੂੰ ਸਾਈਜ਼ ਕਿਹੜਾ ਫਿੱਟ ਆਉਂਦਾ ਏ.... ਫੁਟਵੀਅਰ ਦਾ? ਵਗੈਰਾ.... ਵਗੈਰਾ....।" ਅਜਿਹੇ ਵੇਲ਼ੇ ਤ੍ਰਿਸ਼ਨਾ ਦਾ ਬੱਸ ਇੱਕੋ ਰਿਸਪਾਂਸ ਹੁੰਦਾ – ਫਿੱਕੀ ਜਿਹੀ ਮੁਸਕਰਾਹਟ। ਉਹ ਕਦੇ ਵੀ ਓਵਰ-ਰਿਐਕਟ ਨਾ ਕਰਦੀ ਕਿਉਂਕਿ ਉਹ ਜਾਣਦੀ ਸੀ ਕਿ 'ਜੇ ਇਸ ਮਸਲੇ ਨੂੰ ਥੋੜ੍ਹੀ ਜਿਹੀ ਵੀ ਹਵਾ ਦਿੱਤੀ ਤਾਂ ਚਿੰਗਾਰੀ ਦਾ ਭਾਂਬੜ ਬਣ ਜਾਣਾ ਏ।'

ਡਾ. ਸਾਹਬ ਸਹਿਜੇ-ਸਹਿਜੇ ਜਾਲ਼ ਵਿਛਾ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਕਿ 'ਤ੍ਰਿਸ਼ਨਾ ਪੀਐੱਚ. ਡੀ. ਅਧਵਿਚਕਾਰੇ ਛੱਡ ਕੇ ਤਾਂ ਭੱਜਦੀ ਨਹੀਂ' ਜਿਵੇਂ ਕਿ ਪਹਿਲਾਂ 2-3 ਕੁੜੀਆਂ ਨੇ ਕੀਤਾ ਸੀ। ਉਹ ਡਾ. ਸਾਹਬ ਦੀਆਂ ਜ਼ਿਆਦਾ ਹੀ ਖਿੱਲ੍ਰਦੀਆਂ ਵਾਸ਼ਨਾਵਾਂ ਤੋਂ ਤੰਗ ਆ ਕੇ ਰਿਸਰਚ ਅੱਧ ਵਿਚਕਾਰੇ ਛੱਡ ਕੇ ਚਲੀਆਂ ਗਈਆਂ ਸਨ। ਡਾ. ਸਾਹਬ ਆਪ ਭਾਵੇਂ ਸਹਿਜੇ-ਸਹਿਜੇ, ਬੋਚ-ਬੋਚ ਪੱਬ ਧਰਦੇ ਅੱਗੇ ਵਧ ਰਹੇ ਸਨ ਪਰ ਉਨ੍ਹਾਂ ਦੇ ਮਨ ਵਿੱਚ ਇਸ ਗੱਲ ਦਾ ਤੌਖ਼ਲਾ ਜ਼ਰੂਰ ਸੀ ਕਿ 'ਜੇ ਇਸਦਾ ਕਿਸੇ ਨਾਲ਼ ਵੀ ਅਫ਼ੇਅਰ ਹੋ ਗਿਆ ਤਾਂ ਮੇਰੀ ਕੀਤੀ ਸਾਰੀ ਮਿਹਨਤ ਹੀ ਬੇਕਾਰ ਚਲੀ ਜਾਵੇਗੀ। ਤੀਜਾ ਰਲ਼ਿਆ ਤੇ ਕੰਮ ਗਲ਼ਿਆ।' ਸੋ ਇੱਕ ਦਿਨ ਉਨ੍ਹਾਂ ਤ੍ਰਿਸ਼ਨਾ ਨੂੰ ਬਿਠਾ ਕੇ ਵੱਡਿਆਂ-ਬਜ਼ੁਰਗਾਂ ਵਾਂਗ ਸਮਝਾਇਆ ਸੀ। ਤ੍ਰਿਸ਼ਨਾ ਨੇ ਇਸ ਤਿਲਕਣਬਾਜ਼ੀ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਉਸ ਨੇ ਸਾਫ਼ ਕਿਹਾ ਕਿ 'ਉਹ ਆਪਣੇ ਡੈਡੀ ਦੇ ਸੁਫ਼ਨੇ ਤੇ ਆਪਣੇ ਵਿਚਕਾਰ ਹੋਰ ਕਿਸੇ ਨੂੰ ਨਹੀਂ ਆਉਣ ਦੇਵੇਗੀ।' ਸੋ ਡਾ. ਸਾਹਬ ਇਸ ਪਾਸਿਓਂ ਨਿਸ਼ਚਿੰਤ ਹੋ ਕੇ, ਆਪਣੀ ਕਹਾਣੀ ਫਿੱਟ ਕਰਨ ਲਈ ਤਿਗੜਮ ਲੜਾਉਣ ਲੱਗ ਪਏ ਸਨ।

ਉਂਝ ਪਹਿਲਾਂ-ਪਹਿਲ ਤਾਂ ਉਨ੍ਹਾਂ ਇਹ ਵੀ ਸੋਚਿਆ ਸੀ ਕਿ, 'ਤ੍ਰਿਸ਼ਨਾ ਬਾਅਦ 'ਚ ਸਹੀ, ਪਹਿਲਾਂ ਇਹਦੀ ਮੌਮ.. !!'

ਇਸੇ ਲਈ ਇੱਕ ਵਾਰ ਜਦ ਪਰਮਜੀਤ ਮਿਲਣ ਆਈ ਤਾਂ ਕਹਿਣ ਲੱਗੇ, "ਮੈਂ ਤਾਂ ਵੀਹ ਵਾਰੀ ਕਿਹਾ ਏ ਭੈਰਵੀ ਨੂੰ.... ਕਿ ਮੇਰੇ ਘਰ ਸ਼ਿਫ਼ਟ ਹੋ ਜਾਵੇ। ਇੰਨਾ ਵੱਡਾ ਘਰ ਏ... 3-4 ਬੈੱਡਰੂਮ ਨੇ.... ਵਾਈਫ਼ ਤਾਂ ਮੇਰੇ ਬੇਟੀ ਕੋਲ ਈ ਨੇ ਆਸਟ੍ਰੇਲੀਆ.... ਘਰ ਵਿੱਚ ਹੋਰ ਕੋਈ ਨਹੀਂ.... ਨਾਲ਼ ਤੁਸੀਂ ਵੀ ਆ ਕੇ ਰਹਿਣ ਲੱਗ ਪਵੋ.... ਨਾਲ਼ੇ ਇਹਦਾ ਦਿਲ ਵੀ ਲੱਗਿਆ ਰਹੂ, ਨਾਲ਼ੇ ਮੇਰਾ.... ਰੋਟੀ-ਪਾਣੀ ਦਾ ਸੌਖਾ ਹੋ ਜਾਵੇਗਾ।" ਇਹ ਆਖ ਕੇ ਉਹ ਬਹੁਤਾ ਉੱਚਾ ਨਾ ਹੱਸੇ, ਇਹ ਸੋਚਕੇ ਕਿ ਕਿਤੇ ਗੱਲ ਮਜ਼ਾਕ ਵਿੱਚ ਹੀ ਨਾ ਰੁਲ਼ ਜਾਵੇ।

"ਨਹੀਂ-ਨਹੀਂ ਡਾ. ਸਾਹਬ, ਇੰਨਾ ਕਸ਼ਟ ਨਹੀਂ ਦੇਣਾ ਅਸੀਂ ਤੁਹਾਨੂੰ.... ਤੁਸੀਂ ਸਾਡੇ ਆਉਂਦਿਆਂ ਦੀ ਬਾਂਹ ਫੜ ਲਈ ਇਹ ਕੀ ਘੱਟ ਐ!! ਨਾਲ਼ੇ ਤ੍ਰਿਸ਼ਨਾ ਨਾਲ਼ ਇਹਦੀ ਮਾਸੀ ਦੀ ਕੁੜੀ ਅਵਨੀਤ ਰੂਮਮੇਟ ਏ ਪੀ. ਜੀ. ਵਿੱਚ.... ਕੋਈ ਪ੍ਰਾਬਲਮ ਨਹੀਂ.... ਮੈਨੂੰ ਤਾਂ ਇਹੋ ਖ਼ੁਸ਼ੀ ਬਥੇਰੀ ਏ ਕਿ ਤੁਸੀਂ ਇਹਨੂੰ ਆਪਣੀਆਂ ਧੀਆਂ ਵਾਂਗ ਰਖਦੇ ਓਂ... ਦਸਦੀ ਸੀ ਤ੍ਰਿਸ਼ਨਾ ਮੈਨੂੰ...।" ਪਰਮਜੀਤ ਦੇ ਕਹੇ ਸ਼ਬਦ 'ਧੀਆਂ ਵਾਂਗ ਰਖਦੇ ਓ' ਡਾ. ਸਾਹਬ ਦੇ ਸੀਨੇ ਗੋਲ਼ੀ ਵਾਂਗ ਵੱਜੇ ਸਨ। ਉਨ੍ਹਾਂ ਨੇ ਹਿਸਾਬ-ਕਿਤਾਬ ਜਿਹਾ ਲਗਾ ਲਿਆ ਕਿ 'ਤ੍ਰਿਸ਼ਨਾ ਦੀ ਮੌਮ ਨਾਲ਼ ਤਾਂ ਦਾਲ਼ ਨਹੀਂ ਗਲ਼ਣੀ, ਉਲਟਾ ਇਹ ਗੱਲ ਬਣਾਉਣ ਦੀ ਬਜਾਇ

ਵਿਗਾੜੂਗੀ ਜ਼ਿਆਦਾ।' ਸੋ ਡਾ. ਸਾਹਬ ਨੇ ਛੇਤੀ ਹੀ ਪਰਮਜੀਤ ਵਾਲ਼ਾ ਵਰਕਾ ਪਾੜ ਕੇ ਤ੍ਰਿਸ਼ਨਾ ਦੇ ਕੋਰੇ ਸਫ਼ੇ 'ਤੇ ਆਪਣੇ ਦਿਲ ਦੀ ਇਬਾਰਤ ਲਿਖਣ ਦਾ ਅਹਿਦ ਕਰ ਲਿਆ।

– – – –

ਤ੍ਰਿਸ਼ਨਾ ਕਈ ਗੱਲਾਂ ਨੂੰ ਲੈ ਕੇ ਬਹੁਤ ਸੁਚੇਤ ਸੀ। ਉਹਨੂੰ ਸਾਰੀਆਂ ਗੱਲਾਂ ਸਮਝ ਆਉਂਦੀਆਂ ਪਰ ਇਹ ਗੱਲ ਵੱਖਰੀ ਸੀ ਕਿ ਉਹ ਇਗਨੋਰ ਕਰਦੀ ਰਹਿੰਦੀ। ਉਹਦਾ ਮੱਤ ਸੀ ਕਿ 'ਕੋਈ ਗੱਲੀਂ-ਬਾਤੀਂ ਤਾਂ ਮੂੰਹ ਵਿੱਚ ਪਾ ਨਹੀਂ ਸਕਦਾ।' ਪਰ ਉਹ ਗੱਲੀਂ-ਬਾਤੀਂ ਵੀ ਕਿਸੇ ਨੂੰ ਸੀਮਾ ਨਾ ਉਲੰਘਣ ਦਿੰਦੀ। ਡਾ. ਸਾਹਬ ਅਹੁਦੇ ਤੇ ਉਮਰੋਂ ਵੱਡੇ ਸਨ, ਉਨ੍ਹਾਂ ਤਾਈਂ ਉਸਦਾ ਗੌਂਅ ਸੀ, ਇਸ ਲਈ ਉਹ ਡਾ. ਸਾਹਬ ਨੂੰ ਜਵਾਬ ਤਾਂ ਕੋਈ ਨਾ ਦਿੰਦੀ ਪਰ ਚਲਦੀ ਗੱਲ ਦਾ ਰੁਖ਼ ਮੋੜ ਦਿੰਦੀ ਜਾਂ ਹਿਜਰਤ ਕਰ ਜਾਂਦੀ ਜਾਂ ਸਿੱਧਾ ਅੱਖਾਂ ਵਿੱਚ ਝਾਕਦੀ.... ਤਾਂ ਸਾਹਮਣੇ ਵਾਲ਼ਾ ਆਪੇ ਤ੍ਰਹਿ ਜਾਂਦਾ।

ਤ੍ਰਿਸ਼ਨਾ ਤੋਂ ਕੁਰਸੀ 'ਤੇ ਬਹਿ ਕੇ ਨਹੀਂ ਸੀ ਪੜ੍ਹਿਆ ਜਾਂਦਾ। ਉਹ ਅਕਸਰ ਬੈੱਡ 'ਤੇ ਪੈ ਕੇ, ਸੋਫ਼ੇ 'ਤੇ ਟੇਢੀ ਹੋ ਕੇ ਜਾਂ ਥੱਲੇ ਜ਼ਮੀਨ 'ਤੇ ਹੀ ਬਹਿ-ਪੈ ਕੇ ਪੜ੍ਹਦੀ-ਲਿਖਦੀ। ਇੱਕ ਦਿਨ ਡਾ. ਵਿਦਵਾਨ ਸਿੰਘ ਕਿਧਰੇ ਬਾਹਰ ਸਨ ਤਾਂ ਤ੍ਰਿਸ਼ਨਾ ਉਨ੍ਹਾਂ ਦੇ ਆਫ਼ਿਸ ਵਿੱਚ ਥੱਲੇ ਵਿਛੇ ਮੈਟ 'ਤੇ ਅਧਲੇਟੀ ਜਿਹੀ ਅਵਸਥਾ ਵਿੱਚ ਰਿਸਰਚ ਪੇਪਰ ਲਿਖ ਰਹੀ ਸੀ। ਚੁਫ਼ੇਰੇ ਕਿਤਾਬਾਂ ਖਿੱਲ੍ਹਰੀਆਂ ਪਈਆਂ ਸਨ। ਇਹ ਰਿਸਰਚ ਪੇਪਰ ਉਹ ਡਾ. ਵਿਦਵਾਨ ਸਿੰਘ ਦੇ ਕਹਿਣ 'ਤੇ ਲਿਖ ਰਹੀ ਸੀ, ਜਿਹੜਾ ਕਿ ਇੱਕ ਇੰਟਰਨੈਸ਼ਨਲ ਜਰਨਲ ਵਿੱਚ ਉਨ੍ਹਾਂ 'ਦੋਹਾਂ' ਦੇ ਨਾਮ 'ਤੇ ਛਪਣਾ ਸੀ। ਡਾ. ਸਾਹਬ ਦਾ ਕਹਿਣਾ ਸੀ, "ਮੈਂ ਤਾਂ ਦੋ ਦਿਨਾਂ ਵਿੱਚ ਲਿਖ ਦਿਆਂ ਪੇਪਰ.... ਤੇਰਾ ਨਾਮ ਵੀ ਪਾ ਦਿਆਂਗਾ ਨਾਲ਼.... ਪਰ ਤੂੰ ਰਿਸਰਚ ਪੇਪਰ ਲਿਖਣਾ ਕਦੋਂ ਸਿੱਖੇਂਗੀ ਫੇਰ? ਤੂੰ ਇੰਝ ਕਰ, ਤੂੰ ਪੇਪਰ ਲਿਖ.... ਟੈਕਨੀਕ, ਟੂਲਜ਼, ਰਿਸਰਚ ਮੈਥਡ ਮੈਂ ਦੱਸਾਂਗਾ ਤੈਨੂੰ.... ਬਾਅਦ ਵਿੱਚ ਮੈਂ ਸੋਧ ਵੀ ਦਿਆਂਗਾ। ਫੇਰ ਆਪਾਂ ਇਹਨੂੰ ਇੰਟਰਨੈਸ਼ਨ ਜਰਨਲ ਵਿੱਚ ਛਪਾ ਦਿਆਂਗੇ। ਤੂੰ ਅਜੇ ਰਿਸਰਚਰ ਏਂ.... ਇਸ ਲਈ ਤੇਰੇ ਇਕੱਲੀ ਦੇ ਨਾਮ 'ਤੇ ਤਾਂ ਉਨ੍ਹਾਂ ਛਾਪਣਾ ਨਹੀਂ.... ਸੋ ਮੈਂ ਆਪਣਾ ਤੇ ਤੇਰਾ, ਦੋਹਾਂ ਦਾ ਨਾਮ ਦੇ ਕੇ ਛਪਵਾ ਦਿਆਂਗਾ। ਇੰਨੇ ਵੱਡੇ ਜਰਨਲ ਵਿੱਚ ਪੇਪਰ ਛਪਣਾ ਤੇਰੀ ਬਿੱਗ ਅਚੀਵਮੈਂਟ ਹੋਣੀ ਏ... ਅੱਗੇ ਜਾੱਬਸ ਲਈ ਇਨ੍ਹਾਂ ਪੇਪਰਾਂ ਦੇ ਨੰਬਰਾਂ ਨਾਲ਼ ਹੀ ਤਾਂ ਹੋਰਾਂ ਨੂੰ ਬੀਟ ਕਰੇਂਗੀ ਤੂੰ..।"

ਤ੍ਰਿਸ਼ਨਜੀਤ ਨੇ ਖ਼ੁਸ਼ੀ-ਖ਼ੁਸ਼ੀ ਇਹ ਅਸਾਇਨਮੰਟ ਸਵੀਕਾਰ ਕਰ ਲਈ ਕਿਉਂਕਿ ਉਹ ਤਾਂ ਇੱਥੇ ਰਿਸਰਚ ਕਰਨ ਹੀ ਆਈ ਸੀ, ਉਸਨੂੰ ਇਹ ਰਿਸਰਚ ਪੇਪਰ ਲਿਖਣਾ ਤਾਂ 'ਨਾਲ਼ੇ ਪੁੰਨ ਤੇ ਨਾਲ਼ੇ ਫ਼ਲੀਆਂ' ਵਰਗਾ ਜਾਪ ਰਿਹਾ ਸੀ। ਉਸਨੂੰ ਲਗਭਗ 15-16 ਦਿਨ ਲੱਗੇ ਇਸ ਰਿਸਰਚ ਪੇਪਰ ਨੂੰ ਕੰਪਲੀਟ ਕਰਨ ਲਈ। ਬੱਸ ਹੁਣ ਇਸ ਰਿਸਰਚ ਪੇਪਰ ਦੇ ਹਵਾਲੇ ਤੇ ਟਿੱਪਣੀਆਂ ਹੀ ਰੀਚੈੱਕ ਕਰਨ ਵਾਲ਼ੇ ਰਹਿ ਗਏ ਸਨ। ਇਸੇ ਲਈ ਅੱਜ ਉਹ ਡਾ. ਵਿਦਵਾਨ ਸਿੰਘ ਦੇ ਆਫ਼ਿਸ ਵਿੱਚ ਮੈਟੀ ਫ਼ਰਸ਼ 'ਤੇ ਲੇਟੀ, ਦੀਨ-ਦੁਨੀਆ ਤੋਂ ਬੇਖ਼ਬਰ ਪੇਪਰ ਪੂਰਾ ਕਰਨ ਵਿੱਚ ਰੁੱਝੀ ਹੋਈ ਸੀ। ਉਹ ਇਹ ਵੀ ਭੁੱਲ ਗਈ ਸੀ ਕਿ ਸ਼ਾਮ ਦੇ ਪੰਜ ਵੱਜ ਗਏ ਹਨ ਅਤੇ ਆਫ਼ੀਸ਼ਲੀ ਯੂਨੀ. ਆੱਫ਼ ਹੋ ਗਈ ਏ।

ਆਫ਼ਿਸ ਬੰਦ ਹੋਣ ਤੋਂ ਪਹਿਲਾਂ ਡਾ. ਸਾਹਬ ਜਦੋਂ ਆਪਣੇ ਆਫ਼ਿਸ ਵਿੱਚ ਗੇੜਾ ਮਾਰਨ ਆਏ ਤਾਂ ਉਦੋਂ ਤੱਕ ਸੰਗੀਤ ਵਿਭਾਗ ਵੀ ਪੂਰਨ ਰੂਪ ਵਿੱਚ ਖ਼ਾਲੀ ਹੋ ਚੁੱਕਾ ਸੀ। ਬੱਸ ਉਨ੍ਹਾਂ ਦੀ ਪੀਅਨ ਬੈਠੀ ਸੀ ਆਫ਼ਿਸ ਦੇ ਬਾਹਰ, ਜਿਸ ਨੂੰ ਉਨ੍ਹਾਂ ਨੇ ਚਾਹ ਲੈਣ ਲਈ ਕੰਟੀਨ ਵੱਲ੍ਹ ਤੋਰ ਦਿੱਤਾ ਸੀ। ਜਦੋਂ ਡਾ. ਸਾਹਬ ਨੇ ਆਪਣੇ ਆਫ਼ਿਸ ਵਿੱਚ ਪੈਰ ਧਰਿਆ ਤਾਂ ਆਪਣੇ ਕੰਮ ਵਿੱਚ ਮਗਨ ਤ੍ਰਿਸ਼ਨਾ ਨੂੰ ਇਸ ਦੀ ਕੋਈ ਸੂਹ ਨਾ

ਲੱਗੀ। ਤ੍ਰਿਸ਼ਨਾ ਨੂੰ ਇੰਝ ਕੰਮ ਵਿੱਚ ਡੁੱਬਿਆ ਵੇਖ ਕੇ ਡਾ. ਸਾਹਬ ਦੀ ਰੂਹ ਖ਼ੁਸ਼ ਹੋ ਗਈ। ਤਦੇ ਹੀ ਸ਼ਾਮ, ਯੂਨੀ. ਛੁੱਟੀ, ਖ਼ਾਲੀ ਵਿਭਾਗ, ਇਕਾਂਤ, ਢੁਕਵਾਂ ਸਮਾਂ, ਹਾਲਾਤ, ਤਰਕੀਬਾਂ ਆਦਿ ਨੇ ਉਨ੍ਹਾਂ ਅੰਦਰਲੀ ਕਾਮ-ਅਗਨੀ ਨੂੰ ਹਵਾ ਦੇ ਦਿੱਤੀ। ਪਹਿਲਾਂ ਉਨ੍ਹਾਂ ਰੱਜ ਕੇ ਅਧਲੇਟੀ ਤ੍ਰਿਸ਼ਨਾ ਨੂੰ ਨਿਹਾਰਿਆ। ਅੱਖਾਂ-ਅੱਖਾਂ ਰਾਹੀਂ ਉਸ ਦੇ ਜੋਬਨ ਨੂੰ ਪੀਤਾ, ਫੇਰ ਜਦੋਂ ਕਾਮ ਨੇ ਹੋਰ ਉਬਾਲ਼ ਖਾਧਾ ਤਾਂ ਉਹ ਦੱਬੇ-ਪੈਰੀਂ ਅਧਲੇਟੀ ਤ੍ਰਿਸ਼ਨਾ ਵੱਲ੍ਹ ਵਧੇ। ਉਨ੍ਹਾਂ ਪਿੱਛੋਂ ਜਾ ਕੇ ਤ੍ਰਿਸ਼ਨਾ ਨੂੰ ਮੋਢਿਆਂ ਤੋਂ ਫੜ ਲਿਆ। ਸਭ ਪਾਸੇ ਤੋਂ ਬੇਖ਼ਬਰ ਹੋਈ ਬੈਠੀ ਤ੍ਰਿਸ਼ਨਾ ਡਾ. ਸਾਹਬ ਦੀ ਇਸ ਹਰਕਤ ਨਾਲ਼ ਇਕਦਮ ਤ੍ਰਭਕ ਗਈ ਤੇ ਡਰ ਦੇ ਮਾਰੇ ਉਸ ਦੀ ਚੀਕ ਨਿਕਲ਼ ਗਈ।

"ਈਜ਼ੀ-ਈਜ਼ੀ.... ਭੈਰਵੀ ਮੈਂ ਆਂ.... ਈਜ਼ੀ...!!"

ਤ੍ਰਿਸ਼ਨਾ ਦੀ ਚੀਕ ਸੁਣ ਕੇ ਇੱਕ ਵਾਰ ਤਾਂ ਡਾ. ਸਾਹਬ ਵੀ ਠਠੰਬਰ ਜਿਹੇ ਗਏ। ਡਾ. ਸਾਹਬ ਨੇ ਚੀਕ ਸੁਣਦਿਆਂ ਹੀ ਇਕਦਮ ਜਿਹੜੇ ਹੱਥ ਤ੍ਰਿਸ਼ਨਾ ਦੇ ਮੋਢਿਆਂ ਤੋਂ ਚੁੱਕ ਲਏ ਸਨ, ਹੌਸਲਾ ਜਿਹਾ ਕਰ ਕੇ ਪੋਲੇ ਜਿਹੇ ਫੇਰ ਧਰ ਦਿੱਤੇ। ਉਹਨੂੰ ਮੋਢਿਆਂ ਤੋਂ ਫੜ ਕੇ ਉਠਾਇਆ ਤੇ ਸੋਫ਼ੇ 'ਤੇ ਬਿਠਾ ਦਿੱਤਾ। ਆਪ ਵੀ ਨਾਲ਼ ਹੀ ਅਡਜਸਟ ਹੋਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਹੱਥ ਅਜੇ ਵੀ ਵਲ਼ਵੇਂ ਰੂਪ ਵਿੱਚ ਤ੍ਰਿਸ਼ਨਾ ਦੇ ਮੋਢਿਆਂ 'ਤੇ ਹੀ ਟਿਕੇ ਹੋਏ ਸਨ। ਤ੍ਰਿਸ਼ਨਾ ਭਮੱਤਰੀ ਜਿਹੀ ਬੈਠੀ ਸੀ।

"ਅੱਜ ਤਾਂ ਲਗਦਾ ਏ ਬਹੁਤ ਥੱਕ ਗਈ ਏ ਮੇਰੀ ਭੈਰਵੀ.... ਲਿਆ ਮੈਂ ਤੈਨੂੰ ਰਿਲੈਕਸ ਕਰ ਦਿਆਂ।" ਇੰਨਾ ਆਖ ਉਹ ਆਪਣੇ ਹੱਥਾਂ ਨਾਲ਼ ਉਸ ਦੇ ਮੋਢਿਆਂ ਨੂੰ ਸਹਿਲਾਉਣ ਲੱਗੇ।

"ਨੋ ਥੈਂਕਸ, ਸਰ..!!" ਇੰਨਾ ਆਖ ਕੇ ਤ੍ਰਿਸ਼ਨਾ ਫੁਰਤੀ ਨਾਲ਼ ਉੱਠ ਖੜ੍ਹੀ ਹੋਈ।

*****

ਡਾ. ਸਾਹਬ ਦੇ ਮੋਢੇ 'ਤੇ ਕਿਸੇ ਨੇ ਹੱਥ ਰੱਖਿਆ ਤਾਂ ਉਹ ਬੁਰੀ ਤਰ੍ਹਾਂ ਤ੍ਰਹਿ ਗਏ, ਇਕਦਮ ਚੌਂਕ ਗਏ.... ਇਹ ਸੋਚਣ ਲੱਗ ਪਏ, 'ਮੈਂ ਕਿੱਥੇ ਹਾਂ? ਕਿਉਂ ਹਾਂ?' ਆਸੇ-ਪਾਸੇ ਨਿਗ੍ਹਾ ਮਾਰੀ। ਭਾਈ ਜੀ ਦੀ ਆਵਾਜ਼ ਕੰਨੀਂ ਪਈ। ਭਾਈ ਜੀ ਲੜਕੀ ਦਾ ਪੱਲਾ, ਲੜਕੇ ਦੇ ਹੱਥ ਵਿੱਚ ਫੜਾਉਣ ਲਈ ਆਖ ਰਹੇ ਸਨ। ਡਾ. ਸਾਹਬ ਦੀ ਚੇਤਨਾ ਹੌਲ਼ੀ-ਹੌਲ਼ੀ ਵਾਪਸ ਪਰਤ ਰਹੀ ਸੀ। ਤ੍ਰਿਸ਼ਨਾ ਦਾ ਤਾਇਆ ਬੋਲਿਆ, "ਹਾਂ-ਹਾਂ, ਡਾ. ਸਾਹਬ ਫੜਾਓ ਪੱਲਾ ਜੀ..।"

ਡਾ. ਵਿਦਵਾਨ ਨੇ ਕੰਬਦੇ ਹੱਥਾਂ ਨਾਲ਼ ਤ੍ਰਿਸ਼ਨਾ ਦਾ ਪੱਲਾ ਲੜਕੇ ਦੇ ਹੱਥ ਵਿੱਚ ਫੜਾ ਦਿੱਤਾ। ਉਨ੍ਹਾਂ ਦੇ ਹੱਥ ਕੰਬ ਰਹੇ ਸਨ, ਲੱਤਾਂ ਕੰਬ ਰਹੀਆਂ ਸਨ, ਦਿਲ ਕੰਬ ਰਿਹਾ ਸੀ।

ਪਰਮਜੀਤ ਨੇ ਫਿੱਕੀ ਜਿਹੀ ਮੁਸਕਾਨ ਡਾ. ਸਾਹਬ ਵੱਲ੍ਹ ਸੁੱਟੀ ਜਿਸ ਨਾਲ਼ ਡਾ. ਸਾਹਬ ਦੀ ਘਬਰਾਹਟ ਫੇਰ ਵਧ ਗਈ। ਪੱਲਾ ਫੜਾਉਣ ਤੋਂ ਬਾਅਦ ਡਾ. ਸਾਹਬ ਨੂੰ ਲੱਗਿਆ ਕਿ ਉਨ੍ਹਾਂ ਦਾ ਕੰਮ ਨਿੱਬੜ ਗਿਆ ਹੈ ਤੇ ਉਹ ਹੁਣ ਇੱਥੋਂ ਜਾ ਸਕਦੇ ਨੇ। ਇਸ ਲਈ ਉਹ ਪਿੱਛੇ ਵੱਲ੍ਹ ਨੂੰ ਤੁਰ ਪਏ। ਤੁਰਦੇ-ਤੁਰਦੇ ਸੋਚਦੇ ਜਾ ਰਹੇ ਸਨ, 'ਛੇਤੀ ਤੋਂ ਛੇਤੀ ਇੱਥੋਂ ਬਾਹਰ ਨਿਕਲ਼ ਜਾਣਾ ਏ। ਹੁਣ ਪੈਲੇਸ ਵੀ ਵਾਪਸ ਨਹੀਂ ਜਾਣਾ, ਗੱਡੀ ਚੁੱਕਦੇ ਆਂ ਤੇ ਸਿੱਧਾ ਯੂਨੀਵਰਸਿਟੀ। ਸ਼ਗਨ..?? ਫੇਰ ਸਹੀ.... ਜਿਸ ਦਿਨ ਤ੍ਰਿਸ਼ਨਾ ਹੁਰੀਂ ਘਰ ਆਉਣਗੇ, ਉਦੋਂ ਫੜਾ ਦਿਆਂਗਾ। ਇੱਥੋਂ ਜਾ ਕੇ ਰੱਜ ਕੇ ਸ਼ਰਾਬ ਪੀਣੀ ਏ। ਸਭ ਕੁਝ ਭੁੱਲ-ਭੁਲਾ ਦੇਣਾ ਏ।' ਉਹ ਇਹ ਸੋਚਦੇ-ਸੋਚਦੇ ਗੁਰੂਦੁਆਰਾ ਸਾਹਬ ਤੋਂ ਬਾਹਰ ਵੱਲ੍ਹ ਨੂੰ ਤੁਰੇ ਜਾ ਰਹੇ ਸਨ ਪਰ ਉਨ੍ਹਾਂ ਦੀਆਂ ਲੱਤਾਂ ਤੇ ਉਨ੍ਹਾਂ ਦੀ ਚੇਤਨਾ ਸਾਥ ਨਹੀਂ ਸੀ ਦੇ ਰਹੀ। ਉਨ੍ਹਾਂ ਨੂੰ ਲੱਗਿਆ ਕਿ 'ਉਨ੍ਹਾਂ ਨੂੰ ਚੱਕਰ ਆ ਰਹੇ ਨੇ। ਸ਼ਾਇਦ ਗਸ਼ ਖਾ ਕੇ ਡਿੱਗ ਪੈਣਗੇ।' ਉਹ ਸੋਚ ਰਹੇ ਸਨ, 'ਕੋਈ ਮਾਈਨਰ ਜਿਹਾ ਅਟੈਕ ਈ ਆ ਜਾਵੇ,

ਹਾਰਟ ਦਾ ਜਾਂ ਬ੍ਰੇਨ ਦਾ। ਫੇਰ ਉਹ ਇੱਥੇ ਹੀ ਢਹਿ ਜਾਣਗੇ। ਉਨ੍ਹਾਂ ਦਾ ਅਜਿਹਾ ਆਕਵਰਡ ਜਿਹਾ ਬਿਹੇਵੀਅਰ ਜਸਟੀਫ਼ਾਈ ਹੋ ਜਾਵੇਗਾ। ਫੇਰ ਆ ਕੇ ਸਾਰੇ ਉਨ੍ਹਾਂ ਨਾਲ਼ ਸਿੰਪਥੀ ਜਤਾਉਣਗੇ। ਹਮਦਰਦੀ ਭਰੇ ਬੋਲ ਬੋਲਣਗੇ, ਉਨ੍ਹਾਂ ਨੂੰ ਸਾਂਭਣਗੇ। ਹਮਦਰਦੀ ਹੀ ਸਹੀ, ਕੇਅਰ ਕਰਦਿਆਂ ਇੱਜ਼ਤ ਜਿਹੀ ਤਾਂ ਬਖ਼ਸ਼ਣਗੇ ਜਿਹੜੀ ਹੁਣ ਨਿਲਾਮ ਹੋ ਗਈ ਏ।'

ਉਨ੍ਹਾਂ ਤੋਂ ਹੋਰ ਨਾ ਤੁਰਿਆ ਗਿਆ। ਉੱਥੇ ਹੀ ਇੱਕ ਥਮਲੇ ਨੂੰ ਫੜ ਕੇ ਖਲੋ ਗਏ। ਸੰਗਤ ਵਿੱਚੋਂ ਦੋ-ਤਿੰਨ ਜਣੇ ਫਟਾਫਟ ਉੱਠੇ, ਡਾ.ਸਾਹਬ ਨੂੰ ਸਹਾਰਾ ਲਾ ਕੇ ਓਥੇ ਦੀ ਥਮਲੇ ਦੀ ਢੋਹ ਲਾ ਕੇ ਬਿਠਾ ਦਿੱਤਾ। ਡਾ. ਸਾਹਬ ਨੇ ਹੱਥ ਦੇ ਇਸ਼ਾਰੇ ਨਾਲ਼ ਉਨ੍ਹਾਂ ਨੂੰ ਸਮਝਾਇਆ ਕਿ 'ਉਹ ਠੀਕ-ਠਾਕ ਹਨ, ਟੈਨਸ਼ਨ ਲੈਣ ਦੀ ਲੋੜ ਨਹੀਂ।' ਥਮਲੇ ਨਾਲ਼ ਢੋਹ ਲਗਾ ਕੇ ਬੈਠਣ ਤੋਂ ਬਾਅਦ ਡਾ. ਸਾਹਬ ਨੇ ਕਾਫ਼ੀ ਰਿਲੈਕਸ ਜਿਹਾ ਫ਼ੀਲ ਕੀਤਾ। ਉਨ੍ਹਾਂ ਦੀ ਟੈਨਸ਼ਨ ਘਟਦੀ ਜਾ ਰਹੀ ਸੀ। ਉਨ੍ਹਾਂ ਦੇ ਹੱਥ-ਪੈਰ ਤੇ ਦਿਲ ਦੀ ਕੰਬਾਹਟ ਵੀ ਨਰਮ ਪੈ ਗਈ ਸੀ। ਡਾ. ਸਾਹਬ ਨੇ ਲੰਮਾ ਸਾਹ ਖਿੱਚਿਆ ਜਿਵੇਂ ਵੱਡੀ ਦੁਰਘਟਨਾ ਤੋਂ ਬਚਾਅ ਹੋ ਗਿਆ ਹੋਵੇ। ਇੱਕ ਮੁੰਡਾ ਭੱਜ ਕੇ ਪਾਣੀ ਦਾ ਗਿਲਾਸ ਲੈ ਆਇਆ। ਸਾਰਾ ਪਾਣੀ ਇੱਕੋ ਡੀਕ ਪੀ ਕੇ ਡਾ. ਸਾਹਬ ਨੂੰ ਕਾਫ਼ੀ ਰਾਹਤ ਜਿਹੀ ਮਹਿਸੂਸ ਹੋਈ। ਉਨ੍ਹਾਂ ਨੇ ਰਿਲੈਕਸ ਮੂਡ ਵਿੱਚ ਅੱਖਾਂ ਮੀਟ ਲਈਆਂ। ਹੁਣ ਉਹ ਚਾਹ ਰਹੇ ਸਨ ਕਿ 'ਸਾਰੇ ਜਣੇ ਆਨੰਦ ਕਾਰਜ ਵੱਲ੍ਹ ਧਿਆਨ, ਉਨ੍ਹਾਂ ਨੂੰ ਇਗਨੋਰ ਕਰ ਦੇਣ, ਜਿਵੇਂ ਉਹ ਓਥੇ ਹੈਨ ਹੀ ਨਹੀਂ।'

*****

ਡਾ. ਸਾਹਬ ਨੇ ਮਹਿਸੂਸ ਕੀਤਾ ਕਿ 'ਓਸ ਘਟਨਾ' ਤੋਂ ਬਾਅਦ ਤ੍ਰਿਸ਼ਨਾ ਜਿਵੇਂ ਉਨ੍ਹਾਂ ਨੂੰ ਇਗਨੋਰ ਜਿਹਾ ਕਰਨ ਲੱਗ ਪਈ ਸੀ। ਪਤਾ ਨਹੀਂ ਇਹ ਉਨ੍ਹਾਂ ਦਾ ਭ੍ਰਮ ਸੀ ਜਾਂ ਸੱਚ। ਜੇ ਕਲੀਅਰ ਹੋ ਜਾਂਦਾ ਤਾਂ ਉਹ ਤ੍ਰਿਸ਼ਨਾ ਨੂੰ ਬਿਠਾ ਕੇ ਉਸ ਦਿਨ ਦੇ ਸਾਰੇ ਵਾਕਿਆ ਦੀ ਕਲੈਰੀਫ਼ਿਕੇਸ਼ਨ ਦੇ ਦਿੰਦੇ। ਗੱਲਾਂ ਦੇ ਮਾਹਿਰ ਤਾਂ ਹੈਨ ਹੀ ਸੀ, ਆਪਣੇ ਆਪ ਨੂੰ ਜਸਟੀਫ਼ਾਈ ਵੀ ਕਰ ਲੈਂਦੇ। ਪਰ ਹੋ ਵੀ ਸਕਦਾ ਹੈ ਕਿ ਇਹ ਉਨ੍ਹਾਂ ਦਾ ਹੀ ਭ੍ਰਮ ਹੋਵੇ, ਤ੍ਰਿਸ਼ਨਾ ਦੇ ਦਿਲ ਵਿੱਚ ਅਜਿਹੀ ਕੋਈ ਗੱਲ ਹੀ ਨਾ ਹੋਵੇ!! ਸੋ ਗੱਲ ਕੀਤੀ ਵਧ ਵੀ ਸਕਦੀ ਸੀ। ਸੋ ਉਹ ਚੁੱਪ ਹੀ ਰਹੇ। ਤ੍ਰਿਸ਼ਨਾ ਵੀ ਚੁੱਪ ਜਿਹੀ ਹੋ ਗਈ ਸੀ।

ਇੱਕ ਦਿਨ ਕੁਝ ਸਮਝਾਉਂਦਿਆਂ ਅਚਾਨਕ ਹੀ ਡਾ. ਸਾਹਬ ਦਾ ਹੱਥ ਤ੍ਰਿਸ਼ਨਾ ਦੇ ਮੋਢੇ ਵੱਲ੍ਹ ਗਿਆ ਤਾਂ ਤ੍ਰਿਸ਼ਨਾ ਇਕਦਮ ਹੀ ਲਾਂਭੇ ਹਟ ਗਈ।

ਇੱਕ ਦਿਨ ਇੱਕ ਕਾਨਫ਼ਰੰਸ ਵੇਲ਼ੇ ਡਾ. ਸਾਹਬ ਦੇ ਪੁਰਾਣੇ ਸਾਥੀ ਆਏ ਹੋਏ ਸਨ। ਤ੍ਰਿਸ਼ਨਾ ਨੂੰ ਉਨ੍ਹਾਂ ਨਾਲ਼ ਇੰਟਰਡਿਊਸ ਕਰਾਉਂਦਿਆਂ ਉਸ ਦੇ ਮੋਢੇ 'ਤੇ ਹੱਥ ਰੱਖ ਕੇ ਉਸ ਨੂੰ ਆਪਣੇ ਨਾਲ਼ ਜਿਹੇ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਤ੍ਰਿਸ਼ਨਾ ਨੇ ਆਪਣਾ ਮੋਢਾ ਉਚਕਾ ਕੇ ਉਨ੍ਹਾਂ ਨੂੰ ਸੁਚੇਤ ਜਿਹਾ ਕਰ ਦਿੱਤਾ ਸੀ। ਡਾ. ਸਾਹਬ ਨੇ ਆਪਣਾ ਹੱਥ ਤੁਰੰਤ ਚੁੱਕ ਲਿਆ ਸੀ।

ਅਜਿਹੀਆਂ ਕਈ ਘਟਨਾਵਾਂ ਤੋਂ ਬਾਅਦ ਤ੍ਰਿਸ਼ਨਾ ਨੇ ਉਨ੍ਹਾਂ ਦੇ ਬਹੁਤਾ ਨੇੜੇ ਹੋਣਾ ਛੱਡ ਦਿੱਤਾ। ਉਹ ਉਨ੍ਹਾਂ ਦੇ ਆਫ਼ਿਸ ਵਿੱਚ ਵੀ ਕੁਰਸੀ 'ਤੇ ਹੀ ਬਹਿ ਕੇ ਹੀ ਪੜ੍ਹਦੀ-ਲਿਖਦੀ। ਬਾਅਦ ਦੁਪਹਿਰ ਜਾਣ ਦੀ ਕਾਹਲ਼ੀ ਜਿਹੀ ਕਰਦੀ ਜਾਂ ਉਹਦੀ ਰੂਮਮੇਟ ਕਜ਼ਨ ਆ ਕੇ ਬਹਿ ਜਾਂਦੀ ਜਿਹੜੀ ਹਰੇਕ ਪੰਜ ਮਿੰਟ ਬਾਅਦ 'ਚਲੋ-ਚਲੋ' ਦੀ ਰਟ ਲਾਈ ਰਖਦੀ।

ਡਾ. ਸਾਹਬ ਨੇ ਇਹ ਸਮਝ ਲਿਆ ਸੀ ਕਿ 'ਤ੍ਰਿਸ਼ਨਾ ਬਹੁਤ ਸਾਫ਼-ਸਪਸ਼ਟ, ਚਰਿੱਤਰ ਦੀ ਸਾਫ਼, ਬੇਦਾਗ਼ ਕੁੜੀ ਹੈ।' ਉਹ ਉਸਨੂੰ ਪਸੰਦ ਤਾਂ ਕਰਦੀ ਹੈ ਪਰ ਇੱਕ ਅਧਿਆਪਕ ਵਜੋਂ। ਉਹ ਕਦੇ ਵੀ ਸੌਖਿਆਂ

ਉਸ ਦੇ ਸੁਫ਼ਨਿਆਂ ਨੂੰ ਬੂਰ ਨਹੀਂ ਪੈਣ ਦੇਵੇਗੀ। ਡਾ. ਸਾਹਬ ਨੂੰ ਇਲਮ ਹੋ ਗਿਆ ਕਿ ਹੁਣ ਉਂਗਲ਼ ਟੇਢੀ ਕੀਤੇ ਬਿਨਾਂ ਘਿਓ ਨਹੀਂ ਨਿਕਲਣਾ। ਇਸ ਲਈ ਉਹ ਹੁਣ ਵੇਲ਼ੇ-ਕੁਵੇਲੇ ਉਸਨੂੰ 'ਤੰਗ ਜਿਹਾ' ਕਰਨ ਲੱਗ ਪਏ। ਡਾ. ਸਾਹਬ ਨੂੰ ਲੱਗਿਆ ਸ਼ਾਇਦ ਤੰਗੀ ਹੱਥੋਂ ਹਾਰ ਕੇ ਉਹ ਹਥਿਆਰ ਸੁੱਟ ਦੇਵੇਗੀ। ਇਸੇ ਲਈ ਉਹ ਜੋ ਵੀ ਲਿਖ ਕੇ ਲਿਆਉਂਦੀ, ਉਹ ਸਾਰੇ ਦਾ ਸਾਰਾ ਰਿਜੈਕਟ ਕਰ ਦਿੰਦੇ। ਕੰਮ ਸਹੀ ਢੰਗ ਨਾਲ਼ ਨਾ ਕਰਨ ਲਈ ਝਿੜਕਦੇ ਰਹਿੰਦੇ। ਉਹਦਾ ਲਿਖਿਆ ਹਫ਼ਤਾ-ਹਫ਼ਤਾ ਚੈੱਕ ਨਾ ਕਰਦੇ। ਉਹਨੂੰ ਹੋਰ ਵਾਧੂ ਦੇ ਕੰਮਾਂ ਵਿੱਚ ਉਲ਼ਝਾਈ ਰੱਖਦੇ ਜਿਸ ਕਰਕੇ ਉਹਦੀ ਪੀਐੱਚ. ਡੀ. ਲਟਕਦੀ ਜਾ ਰਹੀ ਸੀ। ਜੇ ਉਹ ਘਰ ਜਾਣ ਦੀ ਗੱਲ ਕਰਦੀ ਤਾਂ ਜਾਣ ਨਾ ਦਿੰਦੇ। ਤ੍ਰਿਸ਼ਨਾ 'ਤੰਗ' ਜ਼ਰੂਰ ਹੋ ਰਹੀ ਸੀ ਪਰ ਉਹ ਇਸ ਤੰਗੀ ਨੂੰ ਤੰਗੀ ਨਹੀਂ ਸੀ ਮੰਨ ਰਹੀ। ਡੈਡੀ ਦੇ ਸੁਫ਼ਨੇ ਦੀ ਤਾਮੀਰ ਲਈ ਜਨੂੰਨ ਉਸ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਇਸ ਲਈ ਉਹ ਸਿਰ ਸੁੱਟ ਕੇ ਜੁਟੀ ਰਾਹੀ, ਉਫ਼ ਤੱਕ ਨਾ ਕੀਤੀ।

- - - - -

ਕੁਝ ਸਮੇਂ ਬਾਅਦ ਹੀ ਡਾ. ਸਾਹਬ ਨੂੰ ਇਹ ਲੱਗਣ ਲੱਗ ਪਿਆ ਕਿ ਅਜਿਹੀ ਸਖ਼ਤੀ ਵਰਤਣ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਉਹ ਜਿੰਨੇ ਜ਼ੋਰ ਨਾਲ਼ ਹਥੌੜੀ ਦਾ ਪ੍ਰਹਾਰ ਕਰਦੇ, ਕਿੱਲ ਓਨੀ ਹੀ ਜ਼ਿਆਦਾ ਵਿੰਗੀ ਹੋ ਜਾਂਦੀ। ਤ੍ਰਿਸ਼ਨਾ ਦਿਨੋ-ਦਿਨ ਉਨ੍ਹਾਂ ਦੀ ਪਹੁੰਚ ਤੋਂ ਦੂਰ ਹੁੰਦੀ ਜਾ ਰਹੀ ਸੀ।

'ਕਿਤੇ ਉਹ ਉਸ ਨੂੰ ਗਵਾ ਹੀ ਨਾ ਲੈਣ' ਇਸ ਡਰੋਂ ਡਾ. ਸਾਹਬ ਨੇ ਹੋਰ ਪੈਂਤੜੇ ਵੀ ਵਰਤਣੇ ਸ਼ੁਰੂ ਕਰ ਦਿੱਤੇ। ਡਾ. ਸਾਹਬ ਨੇ ਆਪਣੀਆਂ ਕਈ ਜਾਣੂੰਆਂ ਰਾਹੀਂ ਇਸ਼ਾਰੇ ਭੇਜਣੇ ਸ਼ੁਰੂ ਕਰ ਦਿੱਤੇ। ਡਾ. ਸਾਹਬ ਦੀਆਂ ਜਾਣੂੰ ਆ ਕੇ ਤ੍ਰਿਸ਼ਨਾ ਨੂੰ ਮੱਤਾਂ ਦਿੰਦੀਆਂ। ਉਹ ਇੰਝ ਪੇਸ਼ ਆਉਂਦੀਆਂ ਜਿਵੇਂ 'ਉਹ ਡਾ. ਸਾਹਬ ਨੂੰ ਚੰਗੀ ਤਰ੍ਹਾਂ ਜਾਣਦੀਆਂ ਨੇ ਤੇ ਉਹ ਤ੍ਰਿਸ਼ਨਾ ਨਾਲ਼ ਹਮਦਰਦੀ ਰਖਦੀਆਂ ਨੇ।'

ਕਿਸੇ ਨੇ ਆ ਕੇ ਕਹਿਣਾ, "ਨੀ ਕਾਹਨੂੰ ਆਪਣਾ ਟਾਈਮ ਤੇ ਐਨਰਜੀ ਵੇਸਟ ਕਰ ਰਹੀ ਐਂ। ਐਂ ਤਾਂ ਤੇਰੀ ਪੀਐੱਚ. ਡੀ. ਵੀਹ ਸਾਲ ਨਹੀਂ ਪੂਰੀ ਹੁੰਦੀ। ਡਾ. ਸਾਹਬ ਨੂੰ ਮਾੜਾ-ਮੋਟਾ ਰਿਝਾ, ਉਨ੍ਹਾਂ ਦੇ ਨੇੜੇ ਲੱਗ। ਫੇਰ ਦੇਖੀਂ ਅਗਲੇ ਸਾਲ ਦੀ ਕਨਵੋਕੇਸ਼ਨ 'ਚ ਈ ਡਿਗਰੀ ਦਵਾ ਦੇਣਗੇ!!"

ਕੋਈ ਕਹਿੰਦੀ, "ਨੀ ਸਾਨੂੰ ਪਤਾ ਏ ਡਾਕਟਰ ਦਾ। ਕੱਢਣ-ਪਾਉਣ ਨੂੰ ਕੁਛ ਹੈ ਨ੍ਹੀਂ। ਇਸੇ ਲਈ ਤਾਂ ਬੀਵੀ ਪੱਤਰੇ ਵਾਚ ਗਈ। ਹੁਣ ਬੀਵੀ ਇੱਥੇ ਹੈਨੀ ਤਾਂ ਹੀ ਬਰਾਗਿਆ ਜਿਆ ਪਿਐ। ਬੱਸ ਸਾਥ ਭਾਲ਼ਦੈ..!!"

ਕੋਈ ਹੋਰ ਕਹਿੰਦੀ, "ਨੀ ਡਰ ਨਾ, ਡਾ. ਕਿਹੜਾ ਮੂੰਹ 'ਚ ਪਾਜੂ। ਊਈਂ ਠਰਕ ਈ ਐ ਬੱਸ, ਮੋਢੇ-ਮੁੱਢੇ ਪਲੋਸਣ ਦਾ। ਡੌਂਟ ਵਰੀ... ਡਾ. ਨਾਲ਼ ਤੂੰ ਐਨੀ ਸੇਫ਼ ਐ ਜਿੰਨੀ ਇੱਕ ਖੁਸਰੇ ਨਾਲ਼ ਵੀ ਨਹੀਂ ਹੋ ਸਕਦੀ। ਡਾ. ਦੀ ਉਮਰ ਤਾਂ ਦੇਖ, ਕਰ ਲੈਣ ਦੇ ਚੱਸ ਪੂਰਾ, ਕੀ ਲਾਹ ਲੂ? ਮੋਢੇ ਪਲੋਸ ਲੂ, ਢੂਹੀ 'ਤੇ ਹੱਥ ਫੇਰਲੂ...!!! ਹਾਹਾਹਾ ਜਿਹੋ ਜਿਹਾ ਸਿਰ ਪਲੋਸ ਦਿੰਦੈ, ਉਹੋ ਜਾ ਮੋਢਾ ਪਲੋਸ ਦਿਆ ਕਰੂ...!!"

ਕੋਈ ਹੋਰ ਵਿਚੋਲਣ ਆ ਬਣਦੀ, "ਤ੍ਰਿਸ਼ਨਾ ਤੂੰ ਯੈੱਸ ਕਰ ਇੱਕ ਵਾਰੀ... ਦੇਖੀਂ ਫੇਰ ਤੇਰਾ ਥੀਸਿਸ ਵੀ ਆਪਣੇ ਹੱਥੀਂ ਲਿਖੂ ਸਾਰਾ... ਜੇ ਤੂੰ ਕਹੇਂ ਤਾਂ ਮੈਂ ਗੱਲ ਕਰਾਂ ਡਾਕਟਰ ਨਾਲ...!!"

ਤ੍ਰਿਸ਼ਨਾ ਨੂੰ ਇਹ ਸਾਰੀਆਂ ਗੱਲਾਂ ਘਿਨਾਉਣੀਆਂ ਜਿਹੀਆਂ ਲਗਦੀਆਂ। ਅਜਿਹੀਆਂ ਗੱਲਾਂ ਸਾਹਵੇਂ ਡਾ. ਸਾਹਬ ਦਾ ਦੇਵਤਾ ਰੂਪ ਖੁਰਦਾ ਜਾਪਦਾ ਪਰ ਉਹ ਫੇਰ ਵੀ ਆਪਣੀ ਅੜੀ 'ਤੇ ਅੜੀ ਰਹੀ। ਸੋਚਿਆ, 'ਕੋਈ ਨਾ ਸਾਲ, ਦੋ ਸਾਲ ਅਟਕ ਕੇ ਸਹੀ.... ਪੀਐੱਚ. ਡੀ. ਦਾ ਕੀ ਐ, ਰਜਿਸਟ੍ਰੇਸ਼ਨ ਹੋਈ ਵੀ ਐ, ਢਾਈ ਸਾਲ ਪੂਰੇ ਹੋ ਗਏ, ਕਦੇ ਤਾਂ ਪੂਰੀ ਹੋ ਈ ਜਾਊਗੀ.... ਪਰ ਜੇ ਇੱਕ ਵਾਰ ਮੈਂ ਹਾਮੀ ਭਰ ਦਿੱਤੀ ਤਾਂ ਉਹ ਦਾਗ਼ ਲੱਗ ਜਾਣਾ ਏ ਜਿਹੜਾ ਮੇਰੇ ਤੋਂ ਸਾਰੀ ਉਮਰ ਨਹੀਂ ਧੋਤਾ ਜਾਣਾ..!!'

ਜਦ ਤ੍ਰਿਸ਼ਨਾ ਉਲ਼ਝਣ-ਤਾਣੀ ਵਿੱਚ ਬਹੁਤਾ ਹੀ ਉਲ਼ਝ ਗਈ ਤਾਂ ਉਸ ਨੇ ਆਪਣੀ ਕਜ਼ਨ ਅਵਨੀਤ ਨਾਲ਼ ਗੱਲ ਕੀਤੀ ਕਿ ਡਾ. ਸਾਹਬ ਦੀਆਂ ਜਾਣੂੰ 'ਇੰਝ-ਇੰਝ' ਕਹਿੰਦੀਆਂ ਨੇ। ਇਹ ਸੁਣਦਿਆਂ ਹੀ ਅਵਨੀਤ ਤਾਂ ਲੋਹਾ-ਲਾਖਾ ਹੋ ਗਈ, "ਬੁਲਸ਼ਿਟ, ਸਾਰੀ ਯੂਨੀਵਰਸਿਟੀ ਵਿੱਚ ਇਹੋ ਗੰਦ ਭਰਿਆ ਪਿਆ ਏ। ਭੈਣ ਦੇ ਯਾਰ, ਸਾਰੇ ਇਹੀ ਰਾਸਲੀਲ੍ਹਾ ਰਚਾਈ ਜਾਂਦੇ ਨੇ...।" ਉੱਚੀ ਬੋਲਦੀ-ਬੋਲਦੀ ਰਤਾ ਕੁ ਧੀਮਾ ਹੋ ਗਈ, "ਤ੍ਰਿਸ਼ੀ, ਵੈਸੇ ਯਾਰ ਕੀ ਤੈਨੂੰ ਵੀ ਲਗਦੈ ਜਿਵੇਂ ਸਰ ਦੀਆਂ 'ਨੋਨ' ਆ ਕੇ ਤੈਨੂੰ ਦਸਦੀਆਂ ਨੇ, ਸਰ ਉਹੋ ਜਿਹੇ ਹੈਗੇ ਨੇ?"

"ਕਨਫ਼ਰਮ ਤਾਂ ਨਹੀਂ ਬਟ ਉਨ੍ਹਾਂ ਦੀਆਂ ਕਈ ਹਰਕਤਾਂ ਬਹੁਤ ਅਜੀਬ ਹੁੰਦੀਆਂ ਨੇ... ਯੂ ਨੋਅ...।" ਤ੍ਰਿਸ਼ਨਾ ਨੇ ਬੀਤੀਆਂ ਘਟਨਾਵਾਂ ਦਾ ਹਵਾਲਾ ਦੇ ਕੇ ਡਾ. ਸਾਹਬ ਬਾਰੇ ਅਵਨੀਤ ਨੂੰ ਦੱਸ ਦਿੱਤਾ।

"ਲੈ ਹਾਲੇ ਕਹਿੰਦੀ ਕਨਫਰਮੇਸ਼ਨ ਨਹੀਂ.... ਉਹਦਾ ਦਾਅ ਨਹੀਂ ਲੱਗ ਰਿਹਾ, ਨਹੀਂ ਤਾਂ ਹੁਣ ਤੱਕ..... ਬਟ ਯੂ ਡੋਂਟ ਵਰੀ, ਤੂੰ ਮੇਰੇ ਹੁੰਦਿਆਂ ਬਿਲਕੁਲ ਵੀ ਚਿੰਤਾ ਨਾ ਕਰ। ਮੈਂ ਸਟੂਡੈਂਟ ਯੂਨੀਅਨ ਵਾਲ਼ਿਆਂ ਨਾਲ਼ ਗੱਲ ਕਰੂੰ। ਮੇਰੇ ਕਈ ਨੋਨ ਹੈਗੇ ਨੇ। ਦੇਖੀਂ, ਡਾ. ਸਾਹਬ ਤਾਂ ਲੇਲ੍ਹੜੀਆਂ ਕੱਢਦਾ ਫਿਰੂ...!"

"ਨੋ-ਨੋ, ਅਵਨੀਤ ਆਪਾਂ ਇੱਡਾ ਵੱਡਾ ਐਕਸ਼ਨ ਨਹੀਂ ਕਰਨਾ...!!"

"ਫੇਰ ਫਿਰਵਾਲੈ ਹੱਥ.... ਕੀ ਘਸਦੈ...!!!"

"ਸ਼ਟਅਪ..।"

"ਲੈ ਮੈਨੂੰ ਕਹਿੰਦੀ ਸ਼ਟਅਪ.... ਆਹੀ ਸ਼ਟਅਪ ਜਾ ਕੇ ਕਹਿ ਡਾ. ਦੀਆਂ ਜਾਣੂੰਆਂ ਨੂੰ, ਡਾ. ਨੂੰ.... ਮੈਨੂੰ ਕਹੇ ਦਾ ਕੀ ਫ਼ਾਇਦਾ? ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆਉਂਦੀ ਬਈ ਜਦੋਂ ਕੁਛ ਹੁੰਦਾ-ਹਵਾਂਦਾ ਹੀ ਨਹੀਂ, ਫੇਰ ਕਾਹਨੂੰ ਟੱਕਰਾਂ ਮਾਰਦਾ ਫਿਰਦਾ ਏ ਡਾਕਟਰ.... ਸਾਲ਼ਾ ਠਰਕੀ.... ਤ੍ਰਿਸ਼ੀ ਮੈਂ ਤਾਂ ਵੀਰੇ ਉਹਦੀ ਗੋਡਣੀ ਲਵਾ ਕੇ ਹਟੂੰ...!!"

"ਅਵਨੀਤ ਯਾਰ ਕੋਈ ਹੋਰ ਰਸਤਾ ਲੱਭ.... ਮੈਂ ਬੱਸ ਇਹ ਚਾਹੁੰਨੀ ਆਂ ਡੈਡ ਦਾ ਡਰੀਮ ਪੂਰਾ ਹੋ ਜਾਵੇ.... ਮੇਰੀ ਪੀਐੱਚ. ਡੀ. ਹੋ ਜਾਵੇ.... ਸਰ ਦੀ ਬਦਨਾਮੀ ਵੀ ਨਾ ਹੋਵੇ.... ਸਾਰਾ ਕੁਝ ਬੱਸ ਠੀਕ-ਠਾਕ ਹੋ ਜਾਵੇ...!!"

"ਓ.ਕੇ.... ਫੇਰ ਤ੍ਰਿਸ਼ੀ ਤੂੰ ਇੱਕ ਕੰਮ ਕਰ.... ਤੂੰ ਇੱਕ ਵਾਰੀ ਡਾਕਟਰ ਦੇ ਨੇੜੇ ਜੇ ਲੱਗ.... ਜੇ ਕੁਝ ਕਹੂ ਜਾਂ ਕਰਨ ਨੂੰ ਕਹੂ ਜਾਂ ਕੁਝ ਕਰਨ ਦੀ ਕੋਸ਼ਿਸ਼ ਕਰੂ ਤਾਂ ਲਕੋ ਕੇ ਉਹਦੀ ਵੀਡੀਓ ਬਣਾ ਲਵੀਂ.... ਬੱਸ ਫੇਰ ਡਾਕਟਰ ਆਪਣੀ ਮੁੱਠੀ 'ਚ ਐ.... ਫੇਰ ਜਿਵੇਂ ਕਹਾਂਗੇ, ਉਵੇਂ ਕਰੂ... ਜਿੱਥੇ ਸਾਈਨ ਕਰਨ ਨੂੰ ਕਹਾਂਗੇ, ਓਥੇ ਸਾਈਨ ਕਰੂ.... ਇਹ ਤਾਂ ਠੀਕ ਰਹੂ ਪਲਾਨ...?"

"ਨੋ ਯਾਰ, ਮੈਂ ਇੱਥੇ ਸਿਰਫ਼ ਪੀਐੱਚ. ਡੀ. ਕਰਨ ਆਈ ਆਂ ਕੋਈ ਸਕੈਂਡਲ ਕਰਨ ਨਹੀਂ.... ਕੋਈ ਨਾ, ਤਾੜੀ ਦੋਵੇਂ ਹੱਥਾਂ ਨਾਲ਼ ਵੱਜਦੀ ਐ... ਜੇ ਮੈਂ ਈ ਨਾ ਕੋਈ ਰਿਸਪਾਂਸ ਕੀਤਾ ਤਾਂ ਡਾ. ਸਾਹਬ ਆਪੇ ਪਿੱਛੇ ਹਟ ਜਾਣਗੇ....ਫੇਰ ਉਹਦੇ ਪਿੱਛੇ ਜਾਣਗੇ ਜਿਹੜੀ ਐਗਰੀ ਕਰੂ.... ਮੈਨੂੰ ਤਾਂ ਫੇਰ ਤੋਰਨ ਦੀ ਹੀ ਕਰਨਗੇ..... ਕ ਨਹੀਂ..!!"

"ਮੈਂ ਕਹਿੰਨੀ ਆਂ ਤੂੰ ਰਿਸਕ ਨਾ ਲੈ, ਮੇਰੀ ਮੰਨ ਲੈ.... ਇੱਕ ਵਾਰ ਡਾਕਟਰ ਨੂੰ ਆਪਣੇ ਗੇੜੇ 'ਚ ਲੈ ਕੇ ਪਰੂਫ਼ ਬਣਾ ਲੈ.... ਫੇਰ ਡਾਕਟਰ ਨੂੰ ਗਧੀਗੇੜ 'ਚ ਪਾਉਣਾ ਮੇਰਾ ਕੰਮ.... ਇੱਕ ਗੱਲ ਯਾਦ ਰੱਖੀਂ ਇਸ ਯੂਨੀਵਰਸਿਟੀ ਵਿੱਚ ਤੇਰਾ ਬੱਸ ਇੱਕੋ-ਇੱਕ ਟਰੂ ਸਪੋਰਟਰ ਐ... ਤੇ ਉਹ ਆਂ ਮੈਂ...।"

*****

ਅਵਨੀਤ ਗੁਰੂ ਮਹਾਰਾਜ ਦੀ ਪਰਿਕਰਮਾ ਵਿੱਚ ਖੜ੍ਹੀ ਸੀ ਤੇ ਆਪਣੀ ਪਿਆਰੀ ਤ੍ਰਿਸ਼ੀ ਨੂੰ ਲਾਵਾਂ ਦੇ ਦੌਰਾਨ ਸਹਾਰਾ ਦੇ ਕੇ ਅੱਗੇ ਤੋਰ ਰਹੀ ਸੀ। ਭਾਈ ਜੀ ਦੀ ਆਵਾਜ਼ ਕੰਨਾਂ ਵਿੱਚ ਪਈ....

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

ਡਾ. ਸਾਹਬ ਦੀ ਨਿਗ੍ਹਾ ਅਵਨੀਤ 'ਤੇ ਪਈ। ਇਹੀ ਉਹ ਕੁੜੀ ਸੀ ਜਿਹੜੀ ਕਿ ਤ੍ਰਿਸ਼ਨਾ ਲਈ ਸਦਾ ਢਾਲ਼ ਬਣ ਕੇ ਖੜ੍ਹੀ ਰਹੀ। ਡਾ. ਸਾਹਬ ਨੂੰ ਲਗਦਾ ਸੀ ਕਿ ਇਹ ਅਵਨੀਤ ਹੀ ਸੀ ਜਿਸ ਕਰ ਕੇ ਰੰਗ ਵਿੱਚ ਭੰਗਣਾ ਪਈ, ਨਹੀਂ ਤਾਂ ਉਹ ਤ੍ਰਿਸ਼ਨਾ ਨੂੰ ਹੌਲ਼ੀ-ਹੌਲ਼ੀ ਆਪਣੀ ਮਰਜ਼ੀ ਮੁਤਾਬਕ ਢਾਲ਼ ਲੈਂਦੇ। ਡਾ. ਸਾਹਬ ਨੇ ਅਵਨੀਤ ਨਾਲ਼ ਨਿਗ੍ਹਾ ਮਿਲਣ ਤੋਂ ਪਹਿਲਾਂ-ਪਹਿਲਾਂ ਹੀ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਗੁਰਬਾਣੀ ਸੁਣਦਿਆਂ ਆਪਣੇ ਮਨ ਨੂੰ ਟਿਕਾਉਣ ਵੱਲ੍ਹ ਰੁਚਿਤ ਹੋ ਗਏ ਪਰ ਉਨ੍ਹਾਂ ਦਾ ਮਨ ਟਿਕ ਨਹੀਂ ਸੀ ਰਿਹਾ। ਵਾਰ-ਵਾਰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਤ੍ਰਿਸ਼ਨਾ ਘੁੰਮ ਰਹੀ ਸੀ..। ਤ੍ਰਿਸ਼ਨਾ.... ਤੇ ਤ੍ਰਿਸ਼ਨਾ ਨੂੰ ਪਾਉਣ ਦੀ ਤ੍ਰਿਸ਼ਨਾ...। ਗੁਰੂਦੁਆਰਾ ਸਾਹਬ ਵਿੱਚ ਪਵਿੱਤਰ ਬਾਣੀ ਕੰਨਾਂ ਵਿੱਚ ਪੈ ਰਹੀ ਸੀ ਪਰ ਡਾ. ਸਾਹਬ ਦੀ ਸੁਰਤੀ ਇੱਕ ਵਾਰ ਫੇਰ ਯੂਨੀਵਰਸਿਟੀ ਕੈਂਪਸ ਵਿੱਚ ਪਹੁੰਚ ਗਈ ਜਿੱਥੇ ਉਨ੍ਹਾਂ ਦੇ ਘਰ ਦੇ ਬਿਲਕੁਲ ਸਾਹਮਣੇ ਬੇਰੀਆਂ ਦਾ ਇੱਕ ਬਾਗ਼ ਸੀ। ਜਿੱਥੇ ਯੂਨੀਵਰਸਿਟੀ ਦੇ ਮੁੰਡੇ-ਕੁੜੀਆਂ ਅਕਸਰ ਮਾਰਚ-ਅਪ੍ਰੈਲ ਦੇ ਮਹੀਨੇ ਵਿੱਚ ਬੇਰ ਤੋੜਨ ਲਈ ਆ ਜਾਂਦੇ ਸਨ। ਉਹ ਪੱਥਰ ਮਾਰ-ਮਾਰ ਬੇਰ ਤੋੜਨ ਦੀ ਕੋਸ਼ਿਸ਼ ਕਰਦੇ... ਜਿਸ ਕਰਕੇ ਪੱਕੇ ਬੇਰ ਘੱਟ ਟੁੱਟਦੇ ਪਰ ਕੱਚੇ ਬੇਰਾਂ ਦਾ ਥੱਲੇ ਅੰਬਾਰ ਲੱਗ ਜਾਂਦਾ। ਦੂਰ ਖੜ੍ਹੇ ਡਾ. ਸਾਹਬ ਅਕਸਰ ਉਨ੍ਹਾਂ ਦੀਆਂ ਨਿਆਣ-ਮੱਤੀਆਂ 'ਤੇ ਮੁਸਕਰਾ ਪੈਂਦੇ। ਫੇਰ ਉਹ ਆ ਕੇ ਬੇਰੀ ਦੀ ਮੋਟੀ ਜਿਹੀ ਟਾਹਣੀ ਫੜ ਕੇ ਜ਼ੋਰ ਦੀ ਹਲੂਣਦੇ.... ਪੱਕੇ ਬੇਰ ਆਪਮੁਹਾਰੇ ਝੜ੍ਹਨ ਲੱਗ ਪੈਂਦੇ....।

*****

ਡਾ. ਵਿਦਵਾਨ ਨੇ 'ਸਹਿਜ ਪਕੇ ਸੋ ਮੀਠਾ ਹੋਏ' ਦੀ ਧਾਰਨਾ 'ਤੇ ਅਮਲ ਕਰਦਿਆਂ ਹੋਰ ਟੈਕਟ ਬਥੇਰੇ ਅਪਣਾਏ ਪਰ ਤ੍ਰਿਸ਼ਨਾ ਨਾਲ਼ ਕੋਈ ਜ਼ੋਰ-ਜ਼ਬਰਦਸਤੀ ਨਾ ਕੀਤੀ, ਨਾ ਕਦੇ ਧਮਕਾਇਆ, ਨਾ ਕਦੇ ਉਹ ਹਾਫਲੇ.... ਉਹ ਝੋਲ਼ੀ ਅੱਡ ਕੇ ਖੜ੍ਹੇ ਰਹੇ ਕਿ 'ਅੱਜ ਨਹੀਂ ਤਾਂ ਕੱਲ੍ਹ ਪੱਕਿਆ ਬੇਰ ਟੁੱਟ ਕੇ ਉਨ੍ਹਾਂ ਦੀ ਝੋਲ਼ੀ ਵਿੱਚ ਆਪੂੰ ਡਿੱਗ ਪਵੇਗਾ।' ਪਰ ਅਜਿਹਾ ਕੁਝ ਨਾ ਵਾਪਰਿਆ ਬਲਕਿ 'ਸਾਮ, ਦਾਮ, ਦੰਡ, ਭੇਦ' ਸਭ ਨੀਤੀਆਂ ਨਾਕਾਮ ਸਿੱਧ ਹੋਈਆਂ।

ਸਮਾਂ ਗੋਲ਼ੀ ਦੀ ਰਫ਼ਤਾਰ ਵਾਂਗ ਬੀਤਦਾ ਜਾ ਰਿਹਾ ਸੀ। ਉਨ੍ਹਾਂ ਨੂੰ ਲੱਗਣ ਲੱਗ ਪਿਆ ਸੀ ਕਿ 'ਟੀਸੀ ਦਾ ਬੇਰ' ਹੁਣ ਉਨ੍ਹਾਂ ਦੀ 'ਝੋਲ਼ੀ' ਵਿੱਚ ਨਹੀਂ ਪੈਣਾ। ਤ੍ਰਿਸ਼ਨਾ ਪ੍ਰਤੀ ਉਨ੍ਹਾਂ ਦੀ ਲਲਕ ਦਿਨੋ-ਦਿਨ ਵਧਦੀ ਜਾ ਰਹੀ ਸੀ ਪਰ ਤ੍ਰਿਸ਼ਨਾ ਸੀ ਜੋ ਉਨ੍ਹਾਂ ਨੂੰ ਬਾਂਹ ਤਾਂ ਕੀ ਉਂਗਲ਼ ਵੀ ਨਹੀਂ ਸੀ ਫੜਾ ਰਹੀ। ਡਾ. ਸਾਹਬ ਨੇ ਕਰੜਾ ਫ਼ੈਸਲਾ ਲੈਣ ਦੀ ਠਾਣੀ। ਅਜਿਹਾ ਫ਼ੈਸਲਾ ਜਿਸ ਨਾਲ਼ 'ਆਰ ਜਾਂ ਪਾਰ' ਹੋ ਜਾਣਾ ਸੀ।

ਕਰੜਾ ਫ਼ੈਸਲਾ ਲੈਣ ਤੋਂ ਬਾਅਦ ਇੱਕ ਦਿਨ ਡਾ. ਵਿਦਵਾਨ ਨੇ ਬਾਅਦ ਦੁਪਹਿਰ ਤ੍ਰਿਸ਼ਨਾ ਨੂੰ ਆਪਣੇ ਆਫ਼ਿਸ ਵਿੱਚ ਬੁਲਾ ਲਿਆ। ਅਵਨੀਤ ਵੀ ਨਾਲ਼ ਹੀ ਆਉਣਾ ਚਾਹੁੰਦੀ ਸੀ ਪਰ ਉਸਨੂੰ ਇਹ ਕਹਿ ਕੇ 'ਸਬਜੈਕਟ ਰਿਲੇਟਡ ਕੁਝ ਡਿਸਕਸ ਕਰਨਾ ਏ..।' ਆਫ਼ਿਸ ਦੇ ਬਾਹਰ ਹੀ ਬਿਠਾ ਦਿੱਤਾ। ਭੈਰਵੀ ਨੂੰ 'ਇੰਟਿਊਸ਼ਨ' ਜਿਹੀ ਹੋ ਗਈ ਕਿ 'ਅੱਜ ਕੁਝ ਵਾਪਰਨ ਵਾਲ਼ਾ ਏ!'

ਡਾ. ਸਾਹਬ ਨੇ ਜਾਣਬੁੱਝ ਕੇ ਆਪਣੀ ਆਵਾਜ਼ ਨੂੰ ਭਾਰੀ ਜਿਹੀ ਕਰਦਿਆਂ ਕਿਹਾ, "ਭੈਰਵੀ, ਅੱਜ

ਮੈਂ ਤੇਰੇ ਨਾਲ਼ ਇੱਕ ਬਹੁਤ ਇੰਪੋਰਟੈਂਟ ਗੱਲ ਕਰਨੀ ਏ। ਇਸੇ ਲਈ ਅਵਨੀਤ ਨੂੰ ਬਾਹਰ ਬਿਠਾ ਦਿੱਤਾ ਏ। ਡੌਂਟ ਵਰੀ, ਬੱਸ ਮੇਰੀ ਗੱਲ ਸੁਣ ਲੈ ਧਿਆਨ ਨਾਲ਼.... ਫੇਰ ਆਪਾਂ ਅਵਨੀਤ ਨੂੰ ਵੀ ਅੰਦਰ ਬੁਲਾ ਲਵਾਂਗੇ।"

ਤ੍ਰਿਸ਼ਨਾ ਨੇ ਦੋਚਿੱਤੀ ਜਿਹੀ ਵਿੱਚ ਸਹਿਮਤੀ ਵਾਲ਼ੇ ਲਹਿਜੇ ਨਾਲ਼ ਸਿਰ ਹਿਲਾਇਆ। ਡਾ. ਸਾਹਬ ਨੇ ਬਹੁਤ ਮਾਯੂਸੀ ਜਿਹੀ ਨਾਲ਼ ਕਿਹਾ, "ਭੈਰਵੀ ਯੂ ਨੋ, ਮੇਰੇ ਵਾਈਫ਼ ਪਿਛਲੇ ਕਾਫ਼ੀ ਸਮੇਂ ਤੋਂ ਬਾਹਰ ਨੇ, ਉਸ ਨਾਲ਼ ਮੇਰਾ ਰਿਲੇਸ਼ਨ ਹਸਬੈਂਡ-ਵਾਈਫ਼ ਵਾਲ਼ਾ ਨਹੀਂ ਰਿਹਾ, ਅਸੀਂ ਸਿਰਫ਼ ਸਾਡੀ ਬੇਟੀ ਕਰਕੇ ਇੱਕ-ਦੂਜੇ ਨਾਲ਼ ਜੁੜੇ ਹੋਏ ਆਂ। ਅਦਰਵਾਈਜ਼ ਸਾਡੇ ਵਿੱਚ ਕੁਝ ਵੀ ਸਾਂਝਾ ਨਹੀਂ। ਨੋ ਡਾਊਟ, ਮੈਂ ਮਾਨਸਿਕ ਰੂਪ ਵਿੱਚ ਬਹੁਤ ਸਟਰੌਂਗ ਹਾਂ ਪਰ ਇੱਕ ਔਰਤ ਦੀ ਕਮੀ ਨੇ ਮੈਨੂੰ ਬਹੁਤ ਕਮਜ਼ੋਰ ਬਣਾ ਦਿੱਤਾ ਏ। ਮੇਰੀ ਬੀਵੀ ਦੇ ਜਾਣ ਤੋਂ ਬਾਅਦ ਜੋ ਖਲਾਅ ਮੇਰੇ ਅੰਦਰ ਪੈਦਾ ਹੋਇਆ ਏ, ਮੈਂ ਉਸਨੂੰ ਪੂਰਨ ਲਈ ਹੋਰ ਬਹੁਤ ਔਰਤਾਂ ਨਾਲ਼ ਨੇੜਤਾ ਵਧਾਈ.... ਪਰ ਫ਼ਾਇਦਾ ਕੋਈ ਨਹੀਂ ਹੋਇਆ ਬਲਕਿ.... ਮੇਰੀ ਤ੍ਰਿਸ਼ਨਾ.... ਮੇਰੀ ਬੇਚੈਨੀ ਹੋਰ ਵਧਦੀ ਗਈ..।"

ਤ੍ਰਿਸ਼ਨਾ ਡਾ. ਸਾਹਬ ਦੀ ਗੱਲ ਸੁਣ ਤਾਂ ਰਹੀ ਸੀ ਪਰ ਅੰਦਰੋਂ ਡਰੀ, ਠਠੰਬਰੀ ਬੈਠੀ ਸੀ। ਅਜਿਹੀਆਂ ਗੱਲਾਂ ਉਹਦੇ ਨਾਲ਼ ਕਰਨ ਪਿੱਛੇ ਕੀ ਮਕਸਦ ਹੋ ਸਕਦਾ ਹੈ? ਉਸ ਅੰਦਰ ਕਾਹਲ਼ ਜਿਹੀ ਪੈਦਾ ਹੋ ਰਹੀ ਸੀ ਕਿ 'ਆਖ਼ਰ ਇਹ ਕਹਾਣੀਆਂ ਜਿਹੀਆਂ ਪਾ ਕੇ ਡਾ. ਸਾਹਬ ਕਹਿਣਾ ਕੀ ਚਾਹੁੰਦੇ ਨੇ? ਉਹਦੇ ਤੋਂ ਕੀ ਚਾਹੁੰਦੇ ਨੇ?' ਉਹ ਆਪਣੇ ਆਪ ਨੂੰ ਪ੍ਰੀਪੇਅਰ ਕਰ ਰਹੀ ਸੀ ਕਿ ਡਾ. ਸਾਹਬ ਦੀ ਕਿਹੜੀ-ਕਿਹੜੀ ਗੱਲ ਦਾ, ਕੀ-ਕੀ ਜਵਾਬ ਦੇਣਾ ਏ।

ਪਰ ਫੇਰ ਵੀ ਇਸ ਗੱਲ ਦੀ ਚਿੰਤਾ ਨੇ ਉਸ ਦਾ ਖ਼ੂਨ ਸੁਕਾ ਰੱਖਿਆ ਸੀ ਕਿ ਜੇ ਅੱਜ ਡਾ. ਸਾਹਬ ਨੇ ਪੀਐੱਚ. ਡੀ. ਦੇ ਵੱਟੇ ਮੇਰੀ ਦੇਹ ਮੰਗ ਲਈ ਤਾਂ ਮੈਂ ਕਿਹੜੀ ਸ਼ੈਅ ਦੀ ਕੁਰਬਾਨੀ ਦਿਆਂਗੀ..!! ਦੇਹ ਦੀ ਜਾਂ ਆਪਣੇ ਸੁਫ਼ਨੇ ਦੀ?

ਇਹੋ ਸੋਚ-ਸੋਚ ਉਸਦੀ ਘਬਰਾਹਟ ਵਧਦੀ ਜਾ ਰਹੀ ਸੀ। ਉਸਨੇ ਨੇ ਗੱਲਾਂ ਸੁਣਦੇ-ਸੁਣਦੇ, ਸੋਚਦੇ-ਸੋਚਦੇ ਡਾ. ਵਿਦਵਾਨ ਦੇ ਟੇਬਲ 'ਤੇ, ਡਾ. ਵਿਦਵਾਨ ਲਈ ਰੱਖਿਆ ਪਾਣੀ ਦਾ ਗਿਲਾਸ ਚੁੱਕਿਆ ਤੇ ਇੱਕੋ ਡੀਕ ਪੀ ਲਿਆ। ਉਹਦੇ ਸਾਹ ਤੇਜ਼ ਗਤੀ ਨਾਲ਼ ਚੱਲ ਰਹੇ ਸਨ।

"ਤੂੰ ਮੇਰੀ ਸਭ ਤੋਂ ਲਾਇਕ ਸਟੂਡੈਂਟ ਏਂ। ਲਗਭਗ ਤਿੰਨ ਸਾਲ ਹੋ ਗਏ ਨੇ ਮੇਰੇ ਨਾਲ਼ ਵਿਚਰਦਿਆਂ, ਮੇਰੇ ਸੁਭਾਅ ਬਾਰੇ ਵੀ ਚੰਗੀ ਤਰ੍ਹਾਂ ਜਾਣੂੰ ਹੋ ਗਈ ਏਂ.... ਤੂੰ ਦੱਸ ਮੈਂ ਕੀ ਕਰਾਂ? ਬੇਟੀ ਦੀ ਵਜ੍ਹਾ ਪਤਨੀ ਨੂੰ ਤਲਾਕ ਦੇ ਨਹੀਂ ਸਕਦਾ, ਹੋਰ ਵਿਆਹ ਕਰਵਾ ਨਹੀਂ ਸਕਦਾ!! ਤੂੰ ਹੀ ਦੱਸ ਮੈਂ ਇਸ ਖਲਾਅ ਨੂੰ ਕਿਵੇਂ ਪੂਰਾਂ?"

ਤ੍ਰਿਸ਼ਨਾ ਨੇ ਰਤਾ ਕੁ ਸੁੱਖ ਦਾ ਸਾਹ ਲਿਆ ਕਿਉਂਕਿ ਉਹ ਅਜੇ ਆਪ ਡਾ. ਸਾਹਬ ਦੇ ਸਿੱਧੇ ਨਿਸ਼ਾਨੇ 'ਤੇ ਨਹੀਂ ਸੀ। ਇਸ ਲਈ ਉਸਨੇ ਤਰਦਾ-ਤਰਦਾ ਜਿਹਾ ਜਵਾਬ ਦਿੱਤਾ, "ਸਰ, ਮੈਂ ਤੁਹਾਨੂੰ ਕੀ ਦੱਸ ਸਕਦੀ ਆਂ ਜੀ.... ਤੁਸੀਂ ਆਪ ਈ ਇੰਨੇ ਮੈਚਿਓਰ ਹੋ...।"

"ਨੋ ਡਾਊਟ ਪਰ ਭੈਰਵੀ.... ਸਾਨੂੰ ਆਪਣੀ ਸ਼ਕਲ ਦੇਖਣ ਲਈ ਵੀ ਅਦਰ ਆਬਜੈਕਟ ਦੀ ਮਤਲਬ ਕਿ ਮਿਰਰ ਦੀ ਲੋੜ ਪੈਂਦੀ ਏ.... ਪੈਂਦੀ ਏ ਨਾ??" ਤ੍ਰਿਸ਼ਨਾ ਨੇ ਹਾਂ ਵਿੱਚ ਸਿਰ ਹਿਲਾਇਆ ਸੀ, "ਤੂੰ ਮੇਰਾ ਮਿਰਰ ਏਂ.... ਤੂੰ ਹੀ ਦੱਸ ਮੈਂ ਕੀ ਕਰਾਂ?"

ਡਾ. ਸਾਹਬ ਨੇ ਤ੍ਰਿਸ਼ਨਾ ਨੂੰ ਉਲ਼ਝਾ ਲਿਆ ਸੀ, ਉਹ ਫਸਿਆ-ਫਸਿਆ ਮਹਿਸੂਸ ਕਰ ਰਹੀ ਸੀ ਕਿ

'ਕੀ ਜੁਆਬ ਦੇਵੇ?' ਪਰ ਜੁਆਬ ਤਾਂ ਦੇਣਾ ਹੀ ਪੈਣਾ ਸੀ, "ਸਰ ਮੈਂ ਤੁਹਾਨੂੰ ਕੀ ਦੱਸ ਸਕਦੀ ਆਂ? ਤੁਸੀਂ ਇੰਨੇ ਵੱਡੇ ਓਂ, ਮੇਰੇ ਟੀਚਰ ਓਂ, ਮੇਰੇ ਮੈਨਟੋ..."

"ਭੈਰਵੀ ਚੱਲ ਤੂੰ ਇਹ ਸੋਚ ਕਿ ਤੇਰੀ ਕੋਈ ਸਹੇਲੀ ਜਾਂ ਤੇਰਾ ਕੋਈ ਦੋਸਤ ਤੇਰੇ ਤੋਂ ਇਹੋ ਸਲਾਹ ਮੰਗ ਰਿਹਾ ਹੁੰਦਾ ਤਾਂ ਤੂੰ ਉਸਨੂੰ ਕੀ ਜਵਾਬ ਦਿੰਦੀ?" ਡਾ. ਵਿਦਵਾਨ ਵੀ ਪੂਰਾ ਹੰਢੇ-ਵਰਤੇ ਹੋਏ ਸਨ। ਉਨ੍ਹਾਂ ਨੂੰ ਵੀ ਪਤਾ ਸੀ ਕਿ 'ਮਛਲੀਆਂ ਨੂੰ ਕਿਵੇਂ ਜਾਲ਼ ਵਿੱਚ ਫਸਾਉਣਾ ਹੈ।'

ਤ੍ਰਿਸ਼ਨਾ ਲੰਮੇ-ਲੰਮੇ ਸਾਹ ਲੈਣ ਲੱਗ ਪਈ। ਦੋਵੇਂ ਹੱਥ ਠੋਡੀ 'ਤੇ ਟਿਕਾਏ ਹੋਏ ਸਨ, ਸੋਚਣ ਵਾਲ਼ੀ ਮੁਦਰਾ ਵਿੱਚ। ਉਸਨੂੰ ਪਤਾ ਲੱਗ ਗਿਆ ਸੀ ਕਿ ਸਾਫ਼-ਸਪਸ਼ਟ ਜਵਾਬ ਦਿੱਤੇ ਬਿਨਾਂ ਖਹਿੜਾ ਨਹੀਂ ਛੁਟਣਾ। ਸੋ ਉਸ ਨੇ ਆਪਣੀ ਗੱਲ ਨਬੇੜਨੀ ਚਾਹੀ, "ਸਰ ਜਿਸਨੂੰ ਤੁਸੀਂ ਪਸੰਦ ਕਰਦੇ ਓਂ ਤੇ ਜੋ ਤੁਹਾਨੂੰ ਵੀ ਪਸੰਦ ਕਰਦਾ ਏ, ਉਸ ਨਾਲ਼ ਫ਼ਰੈਂਡਸ਼ਿਪ ਕਰ ਲਵੋ..।"

"ਕੀ 'ਤੂੰ' ਮੇਰੇ ਨਾਲ਼ ਫ਼ਰੈਂਡਸ਼ਿਪ ਕਰੇਂਗੀ ਭੈਰਵੀ..?" ਡਾ. ਸਾਹਿਬ ਨੇ ਬਿਨਾਂ ਵਕਤ ਗੁਆਏ ਅਸਲ ਸੁਆਲ ਦਾਗ ਦਿੱਤਾ ਸੀ। ਹੁਣ ਤ੍ਰਿਸ਼ਨਾ ਆਪਣੇ ਆਪ ਨੂੰ ਬੁਰੀ ਤਰ੍ਹਾਂ ਘਿਰ ਗਈ ਮਹਿਸੂਸ ਕਰ ਰਹੀ ਸੀ। ਉਹ ਤਾਂ ਪਹਿਲਾਂ ਹੀ ਸਵਾਲ-ਦਰ-ਸਵਾਲ ਉਲ਼ਝਦੀ ਜਾ ਰਹੀ ਸੀ ਪਰ ਆਹ ਆਖ਼ਰੀ ਸਵਾਲ ਨੇ ਤਾਂ ਉਸ ਦੇ ਸਾਹ ਹੀ ਸੂਤ ਲਏ ਸਨ।

"ਸਰ ਪਲੀਜ਼, ਇਸ ਟਾੱਪਿਕ ਨੂੰ ਇੱਥੇ ਹੀ ਕਲੋਜ਼ ਕਰ ਦਿਓ, ਮੈਂ ਕੁਝ ਨਹੀਂ ਕਹਿਣਾ.... ਦੈਟਸ ਆਲ... ਮੈਨੂੰ ਹੁਣ ਹੋਰ ਕੁਝ ਨਾ ਪੁੱਛਣਾ...।"

"ਭੈਰਵੀ ਪਲੀਜ਼ ਗੁੱਸਾ ਨਾ ਕਰ, ਮੇਰੀ ਸਿਚੂਏਸ਼ਨ ਸਮਝ.... ਮੈਂ ਹੁਣ ਜਵਾਨ ਨਹੀਂ ਰਿਹਾ ਪਰ ਮੇਰੀ ਖ਼ਾਹਸ਼ਾਂ ਅਜੇ ਵੀ ਜਵਾਨ ਨੇ.... ਮੈਨੂੰ ਇਮੋਸ਼ਨਲ ਕੇਅਰ ਲਈ ਇੱਕ ਪਾਰਟਨਰ ਦੀ ਲੋੜ ਏ..।"

ਡਾ. ਸਾਹਬ ਦੀ ਨੀਅਤ ਤੇ ਮੰਸ਼ਾ ਹੁਣ ਤ੍ਰਿਸ਼ਨਾ ਸਾਹਮਣੇ ਚਿੱਟੇ ਦਿਨ ਵਾਂਗ ਸਾਫ਼ ਹੋ ਗਈ ਸੀ। ਬਿੱਲੀ ਝੋਲ਼ੇ ਵਿੱਚੋਂ ਨਿਕਲ਼ ਆਈ ਸੀ। ਤ੍ਰਿਸ਼ਨਾ ਨੂੰ ਇਹ 'ਸਿੱਧੀ ਗੱਲ' ਸੁਣ ਕੇ ਬਹੁਤ ਗੁੱਸਾ ਚੜ੍ਹਿਆ ਸੀ। ਉਹ ਕਹਿਣਾ ਤਾਂ ਇਹ ਚਾਹੁੰਦੀ ਸੀ ਕਿ "ਡਾ. ਸਾਹਬ ਤੁਸੀਂ ਮੇਰੇ ਡੈਡੀ ਦੀ ਉਮਰ ਦੇ ਹੋ, ਮੇਰੇ ਅਧਿਆਪਕ, ਮੇਰੇ ਗੁਰੂ ਹੋ। ਮੇਰੇ ਨਾਲ਼ ਤਾਂ ਅਜਿਹੀਆਂ ਗੱਲਾਂ ਵੀ ਕਰਨੀਆਂ ਤੁਹਾਨੂੰ ਨਹੀਂ ਸੋਭਦੀਆਂ, ਤੁਸੀਂ ਤਾਂ ਉਸ ਤੋਂ ਵੀ ਅੱਗੇ ਵਧ ਗਏ ਓਂ.... ਬੰਦ ਕਰੋ ਇਹ ਬਕਵਾਸ... ਆਪਣੀ ਉਮਰ, ਆਪਣਾ ਅਹੁਦਾ ਵੇਖੋ ਤੇ ਸਾਡੇ ਦੋਹਾਂ ਦਾ ਗੁਰੂ-ਸ਼ਿਸ਼ ਵਾਲ਼ਾ ਰਿਸ਼ਤਾ ਦੇਖੋ..!!" ਪਰ ਉਹ ਇਹ ਆਖ ਨਾ ਸਕੀ। ਜਿਵੇਂ ਉਸ ਦੀ ਜ਼ੁਬਾਨ ਠਾਕੀ ਗਈ ਹੋਵੇ। ਅਖ਼ੀਰ ਉਸ ਨੇ ਇਸ ਮਸਲੇ ਨੂੰ ਜ਼ਬਤ ਵਿੱਚ ਰਹਿ ਕੇ ਪੂਰੀ ਸਹਿਜਤਾ ਨਾਲ਼, ਸਮਝਦਾਰੀ ਸਮੇਤ ਸਮੇਟਣ ਦਾ ਯਤਨ ਕੀਤਾ ਕਿਉਂਕਿ ਉਸ ਦੇ ਜਵਾਬ 'ਤੇ ਹੀ ਉਸ ਦਾ ਭਵਿੱਖ ਖੜ੍ਹਾ ਸੀ। ਤ੍ਰਿਸ਼ਨਾ ਨੂੰ ਜਾਪਿਆ ਕਿ ਉਸ ਦੀ ਸੰਗ, ਝਿਜਕ, ਘਬਰਾਹਟ, ਗੁੱਸਾ, ਆਪਣੀ ਗੱਲ ਠੋਸਤਾ ਸਹਿਤ ਕਹਿਣ ਦੀ ਘਾਟ ਹੀ ਉਸ ਲਈ ਫਾਹਾ ਬਣਦੀ ਜਾ ਰਹੀ ਏ ਤੇ ਡਾ. ਸਾਹਬ ਲਈ ਓਪਰਚਿਊਨਿਟੀ। ਸੋ ਉਸ ਨੇ ਸਾਫ਼-ਸਪਸ਼ਟ ਕਿਹਾ, "ਦੇਖੋ ਸਰ, ਤੁਸੀਂ ਮੇਰੀ ਫ਼ਰੈਂਡਸ਼ਿਪ ਤੋਂ ਜਿਸ ਕਿਸਮ ਦੀ ਆਸ ਲਗਾਈ ਬੈਠੇ ਹੋ, ਉਹ ਤਾਂ ਪਾਸੀਬਲ ਹੈ ਹੀ ਨਹੀਂ.... ਯੂ ਬੈਟਰ ਨੋ ਸਰ ਤੁਹਾਡੀ ਇਸ ਫ਼ਰੈਂਡਸ਼ਿਪ ਦੇ ਤੁਹਾਡੇ ਲਈ ਕੀ ਅਰਥ ਨੇ..!! ਬੈਟਰ ਇਹ ਹੈ ਸਰ ਕਿ ਤੁਹਾਨੂੰ ਕਿਸੇ ਅਜਿਹੀ ਔਰਤ ਨਾਲ਼ ਯਾਰੀ ਲਾਉਣੀ ਚਾਹੀਦੀ ਹੈ, ਜੋ ਤੁਹਾਨੂੰ ਇਸ ਲਈ ਅਲਾਓ ਕਰੇ.... ਸਾੱਰੀ ਸਰ ਬਟ ਮੈਂ ਤੁਹਾਡਾ ਇਹ ਪ੍ਰਪੋਜ਼ਲ ਰਿਫ਼ਿਊਜ਼ ਕਰ ਰਹੀ ਆਂ।"

"ਨੋ-ਨੋ ਭੈਰਵੀ, ਤੂੰ ਮੇਰੀ ਗੱਲ ਨੂੰ ਗ਼ਲਤ ਜੱਜ ਕੀਤਾ ਏ... ਮੈਂ ਤੇਰੇ ਤੋਂ ਫ਼ਿਜ਼ੀਕਲੀ ਕੁਝ ਨਹੀਂ

ਚਾਹੁੰਦਾ... ਬੱਸ ਮੈਨੂੰ ਆਪਣੇ ਨੇੜੇ ਆਉਣ ਦੀ ਪਰਮਿਸ਼ਨ ਦੇ ਦੇ..!!" ਇੰਨਾ ਆਖ ਡਾ. ਉੱਠ ਕੇ ਉਹਦੇ ਵੱਲ੍ਹ ਵਧਿਆ।

ਇੱਕ ਵਾਰ ਤਾਂ ਡਾ. ਸਾਹਬ ਨੂੰ ਆਪਣੇ ਵੱਲ੍ਹ ਵਧਦਾ ਦੇਖ ਕੇ ਤ੍ਰਿਸ਼ਨਾ ਦੀ ਘਬਰਾਹਟ ਵਧ ਗਈ ਪਰ ਇਹ ਸੋਚ ਕੇ ਕਿ 'ਅਵਨੀਤ ਬਾਹਰ ਹੀ ਬੈਠੀ ਹੈ, ਜੇ ਕੋਈ ਗੜਬੜ ਹੋਈ ਤਾਂ ਮੈਂ ਚੀਕ ਮਾਰ ਦਿਆਂਗੀ ਤੇ ਉਹ ਆ ਕੇ ਸਾਰਾ ਕੁਝ ਸਾਂਭ ਲਵੇਗੀ।' ਉਸ ਨੂੰ ਰਤਾ ਕੁ ਸਕੂਨ ਮਿਲਿਆ। ਫੇਰ ਉਸ ਦੇ ਦਿਮਾਗ਼ ਵਿੱਚ ਆਇਆ ਕਿ ਉਹ ਹੁਣ ਚੋਰੀ-ਚੋਰੀ ਅੱਗੇ ਹੋਣ ਵਾਲ਼ੇ ਕਿਸੇ ਵੀ ਸੰਭਾਵੀ ਕਾਂਡ ਨੂੰ ਫ਼ੋਨ ਰਾਹੀਂ ਰਿਕਾਰਡ ਕਰ ਲਵੇ, ਜਿਵੇਂ ਕਿ ਅਵਨੀਤ ਨੇ ਕਿਹਾ ਸੀ, ਪਰ ਉਦੋਂ ਤੱਕ ਡਾ. ਸਾਹਬ ਉਸ ਦੇ ਬਿਲਕੁਲ ਸਾਹਮਣੇ ਪਹੁੰਚ ਚੁੱਕੇ ਸਨ।

ਤ੍ਰਿਸ਼ਨਾ ਨੇ ਹੁਣ ਇਹ ਧਾਰ ਲਿਆ ਕਿ ਉਹ ਸਾਰੇ ਪਿੰਜਰੇ ਤੋੜ ਕੇ ਆਪਣੇ ਸੁਫ਼ਨੇ ਲਈ ਪਰਵਾਜ਼ ਭਰੇਗੀ। ਉਸ ਸੋਚਿਆ ਕਿ, 'ਹੁਣ ਇਸ ਅੱਗੇ ਮਿਣਤ-ਤਰਲਾ ਕਰਨਾ ਬੇਕਾਰ ਹੈ। ਇਸਨੂੰ ਨੈਤਿਕਤਾ ਦਾ ਪਾਠ ਪੜ੍ਹਾਉਣਾ ਵੀ ਮੱਝ ਅੱਗੇ ਬੀਨ ਵਜਾਉਣ ਬਰਾਬਰ ਹੈ। ਬੱਸ ਹਾਲ ਦੀ ਘੜੀ ਆਹ ਸਭ ਕੁਝ ਟਲ਼ ਜਾਵੇ.... ਇਸ ਤੋਂ ਬਾਅਦ ਮੈਂ ਇਸ ਲੜਾਈ ਨੂੰ ਆਪਣੇ ਢੰਗ ਨਾਲ਼ ਲੜਾਂਗੀ, ਆਪਣੇ ਹਥਿਆਰਾਂ ਨਾਲ਼....ਬੱਸ ਹਾਲ ਦੀ ਘੜੀ...!!'

ਤ੍ਰਿਸ਼ਨਾ ਸੋਚਾਂ ਵਿੱਚ ਡੁੱਬੀ ਬੈਠੀ ਸੀ ਕਿ ਉਸਨੂੰ ਡਾ. ਸਾਹਬ ਦੀ ਮਿਮਿਉਂਦੀ ਜਿਹੀ ਆਵਾਜ਼ ਸੁਣੀ, "ਦੇਖ ਤ੍ਰਿਸ਼ਨਾ, ਤੂੰ ਮੇਰੇ ਲਈ ਤ੍ਰਿਸ਼ਨਾ ਏਂ.... ਮੈਂ ਨਹੀਂ ਚਾਹੁੰਦਾ ਮੇਰੀ ਤ੍ਰਿਸ਼ਨਾ, ਤ੍ਰਿਸ਼ਨਾ ਹੀ ਰਹਿ ਜਾਵੇ। ਦੇਖ ਮੈਂ ਵਾਅਦਾ ਕਰਦਾ ਹਾਂ ਕਿ ਤੇਰੇ ਨਾਲ਼ ਕੁਝ ਵੀ ਗ਼ਲਤ ਨਹੀਂ.... ਦੇਖ ਮੈਂ ਸਿਰਫ਼ ਤੈਨੂੰ ਛੂਹਣਾ ਹੈ, ਬੱਸ ਰੋਜ਼ ਛੂਹਣਾ ਮਾਤਰ ਹੈ.... ਜਸਟ ਟੱਚ..!!"

"ਹਾਂ ਸਰ ਮੈਨੂੰ ਪਤਾ ਏ, ਤੁਹਾਡਾ ਸੁਹਜ-ਸੁਆਦ ਕੇਵਲ ਛੋਹ ਤੱਕ ਸੀਮਿਤ ਰਹਿ ਗਿਆ ਏ ਹੁਣ। ਪਤਾ ਨਹੀਂ ਇਹ ਤੁਹਾਡੀ ਆਦਰਸ਼ਕ ਸੀਮਾ ਏ ਜਾਂ ਤੁਹਾਡੀ ਸਰੀਰਕ ਕਮਜ਼ੋਰੀ ਦੀ ਸੀਮਾ ਏ? ਕੁੜੀਆਂ ਅਕਸਰ ਤੁਹਾਡੀ ਇਸ ਰੁਚੀ ਬਾਰੇ ਗੱਲਾਂ ਕਰਦੀਆਂ ਨੇ.... ਉਹ ਅਕਸਰ ਤੁਹਾਨੂੰ 'ਠਰਕੀ' ਕਹਿ ਕੇ ਸੰਬੋਧਿਤ ਹੁੰਦੀਆਂ ਨੇ। ਠਰਕੀ ਜਿਹੜਾ ਬੱਸ ਛੋਹ ਸਕਦੈ, ਪਲ਼ੋਸ ਸਕਦੈ, ਨਾ ਚੁੰਮ ਸਕਦਾ, ਨਾ ਭੋਗ ਸਕਦਾ। ਸੁਣਿਆ ਸੀ ਤੁਸੀਂ ਹੱਦ ਪਾਰ ਨਹੀਂ ਕਰਦੇ.... ਕਰਨਾ ਨਹੀਂ ਚਾਹੁੰਦੇ ਜਾਂ ਇਹ ਤੁਹਾਡੇ ਤੋਂ ਪਾਰ ਹੁੰਦੀ ਹੀ ਨਹੀਂ !!! ਮੈਨੂੰ ਨਹੀਂ ਪਤਾ...! ਪਰ ਤੁਹਾਡੇ ਬਾਰੇ ਚਰਚਾ ਇਹੋ ਹੈ ਕਿ ਡਾ. ਵਿਦਵਾਨ ਕੋਲ਼ ਕੁੜੀ ਵੱਧ ਸੇਫ਼ ਏ... ਈਵਨ ਕਿ ਥਰਡ ਜੈਂਡਰ ਕੋਲ਼ੋਂ ਵੀ ਖ਼ਤਰਾ ਏ ਪਰ ਡਾ. ਵਿਦਵਾਨ ਤੋਂ ਨਹੀਂ।" ਇੰਨਾ ਆਖ ਤ੍ਰਿਸ਼ਨਾ ਜ਼ਹਿਰੀਲੀ ਮੁਸਕਾਨ ਮੁਸਕਰਾਈ। ਡਾ. ਸਾਹਬ ਨੇ ਕੋਈ ਰਿਐਕਸ਼ਨ ਨਾ ਦਿੱਤਾ, ਰਤਾ ਕੁ ਮਾਯੂਸ ਸੀ ਬੱਸ। "ਠੀਕ ਐ ਸਰ, ਮੈਨੂੰ ਥੋੜ੍ਹਾ ਸਮਾਂ ਦਿਓ.... ਮੈਂ ਸੋਚ ਕੇ ਦੱਸਾਂਗੀ.... ਮੈਂ ਅਜੇ ਫ਼ੈਸਲਾ ਨਹੀਂ ਕਰ ਪਾ ਰਹੀ ਕਿ ਮੈਂ ਆਪਣੀ ਦੇਹ ਨੂੰ ਸੁੱਚਾ ਰੱਖਣਾ ਏ ਜਾਂ ਆਪਣੇ ਸੁਫ਼ਨੇ ਦੀ ਤਾਮੀਰ ਕਰਨੀ ਏ.... ਪਲੀਜ਼ ਮੈਨੂੰ ਅੱਜ ਰਾਤ ਤੱਕ ਦਾ ਸਮਾਂ ਦਿਓ...!!"

ਆਖ਼ਰੀ ਗੱਲ ਸੁਣ ਕੇ ਡਾ. ਸਾਹਬ ਦੀਆਂ ਵਾਛਾਂ ਖਿੜ੍ਹ ਗਈਆਂ। ਉਨ੍ਹਾਂ ਦੇ ਦਿਲ ਅੰਦਰ ਵਾਈਲਨ ਵੱਜਣ ਲੱਗੀ। ਜਿਸ ਘੋੜੇ ਨੂੰ ਉਹ ਹਾਰ ਗਿਆ ਸਮਝ ਰਹੇ ਸਨ, ਉਹਦੇ ਵਿੱਚ ਅਜੇ ਦਮ-ਖ਼ਮ ਬਾਕੀ ਸੀ। ਅਜੇ ਤੀਕ ਤ੍ਰਿਸ਼ਨਾ ਨੇ ਆਪਣੇ ਸੁਫ਼ਨੇ ਨੂੰ ਟੁੱਟਣ ਨਹੀਂ ਸੀ ਦਿੱਤਾ, ਫੇਰ ਡਾ. ਸਾਹਬ ਆਪਣੇ ਸੁਫ਼ਨੇ ਨੂੰ ਕਿਵੇਂ ਟੁੱਟਣ ਦੇ ਸਕਦੇ ਸਨ!! ਇਸੇ ਲਈ ਉਨ੍ਹਾਂ ਦੀ ਆਵਾਜ਼ ਵਿਚਲੀ ਟੁਣਕਾਰ ਪਰਤ ਆਈ "ਹਾਂ-ਹਾਂ, ਟੇਕ ਯੂਅਰ ਟਾਈਮ ਮਾਈ ਡੀਅਰ ਭੈਰਵੀ, ਟੇਕ ਯੂਅਰ ਟਾਈਮ.... ਇੱਕ ਰਾਤ ਕੀ...!! ਤੂੰ ਭਾਵੇਂ ਸੌ

ਰਾਤਾਂ ਸੋਚ ਲੈ.... ਨੋ ਪ੍ਰਾਬਲਮ.... ਪਰ ਤੇਰਾ ਡਿਸੀਜ਼ਨ ਪਾੱਜ਼ੀਟਿਵ ਹੀ ਹੋਵੇਗਾ ਆਈ ਵਿਸ਼.... ਯਾਦ ਰੱਖੀਂ ਲੋਕ ਆਪਣੇ ਸੁਫ਼ਨਿਆਂ ਨੂੰ ਪੂਰਾ ਕਰਨ ਲਈ ਆਪਣਾ ਆਪ ਤੱਕ ਕੁਰਬਾਨ ਕਰ ਦਿੰਦੇ ਨੇ.... ਪਰ ਕਈ ਵਾਰੀ ਬਹੁਤ ਘੱਟ ਕੀਮਤ ਤਾਰਿਆਂ ਹੀ ਤੁਹਾਡੇ ਸੁਫ਼ਨਿਆਂ ਨੂੰ ਖੰਭ ਲੱਗ ਜਾਂਦੇ ਨੇ... ਸੋ ਯੂ ਥਿੰਕ ਆਊਟ ਦਿਸ ਥਿੰਗ... ਬੱਸ ਯਾਦ ਰੱਖੀਂ ਤੇਰੀ ਹਾਂ ਤੇਰੇ ਲਈ ਸਵਰਗ ਦੇ ਰਸਤੇ ਖੋਲ੍ਹ ਦੇਵੇਗੀ... ਇਹ ਮੇਰਾ ਪ੍ਰੋਮਿਸ ਏ। ਪੀਐੱਚ. ਡੀ. ਕੰਪਲੀਟ ਹੋਣ ਤੋਂ ਪਹਿਲਾਂ-ਪਹਿਲਾਂ ਤੈਨੂੰ ਕਿਸੇ ਵਧੀਆ ਕਾਲਜ ਵਿੱਚ ਪ੍ਰੋ. ਲਗਵਾ ਦਿਆਂਗਾ। ਲੋਕ ਤਾਂ ਰੁਲ਼ਦੇ ਫਿਰਦੇ ਨੇ ਦਸ-ਦਸ ਹਜ਼ਾਰ ਲਈ ਕਾਲਜਾਂ ਵਿੱਚ.... ਬੱਟ ਤੈਨੂੰ ਪੂਰਾ ਪੇਅ ਸਕੇਲ ਦਵਾਵਾਂਗੇ... ਇਹ ਮੇਰਾ ਪ੍ਰਾਮਿਸ ਹੈ.... ਗੁੱਡ.... ਤੂੰ ਸੋਚ... ਬੱਟ ਪਾਜ਼ਿਟਿਵ ਸੋਚੀਂ.... ਤੇਰੇ ਅੱਗੇ ਅਜੇ ਸਾਰੀ ਉਮਰ ਪਈ ਏ...!!"

ਡਾ. ਸਾਹਬ ਲਗਾਤਾਰ ਬੋਲੀ ਜਾ ਰਹੇ ਸਨ। ਤ੍ਰਿਸ਼ਨਾ ਡਾਕਟਰ ਸਾਹਬ ਦੀ ਕਮੀਨਗੀ ਦੇਖ ਕੇ ਮਨ ਹੀ ਮਨ ਮੁਸਕਰਾ ਰਹੀ ਸੀ। ਉਹ ਪੜ੍ਹਦੀ ਹੁੰਦੀ ਸੀ ਕਿ ਮੇਨਿਕਾ ਵਰਗੀਆਂ ਅਪਸਰਾਵਾਂ ਆਉਂਦੀਆਂ ਤੇ ਵਿਸ਼ਵਾਮਿਤ੍ਰ ਵਰਗਿਆਂ ਦਾ ਤਪ ਭੰਗ ਕਰ ਦਿੰਦੀਆਂ। ਉਸਨੂੰ ਹੁਣ ਜਾਪ ਰਿਹਾ ਸੀ ਕਿ 'ਰਿਸ਼ੀ ਤਾਂ ਤਪ ਕਰਦੇ ਹੀ ਭੰਗ ਕਰਾਉਣ ਲਈ ਹੋਣਗੇ। ਉਹ ਰਿਸ਼ੀ ਰਿਧੀਆਂ-ਸਿਧੀਆਂ ਨਹੀਂ ਬਲਕਿ ਅਪਸਰਾਵਾਂ ਨੂੰ ਪਾਉਣ ਲਈ ਤਪ ਦਾ ਢੌਂਗ ਕਰਦੇ ਹੋਣਗੇ। ਜਿਵੇਂ ਇਹ ਡਾ. ਸਾਹਬ.... ਇਨ੍ਹਾਂ ਦਾ ਤਪ ਵੀ...!!'

"ਅਵਨੀਤ...।" ਡਾ. ਸਾਹਬ ਨੇ ਦਰਵਾਜ਼ੇ ਵੱਲ੍ਹ ਮੂੰਹ ਕਰ ਕੇ ਆਵਾਜ਼ ਮਾਰੀ। ਬਾਹਰ ਬੈਠੀ, ਲੰਮੀਆਂ ਉਡੀਕਾਂ ਕਰਦੀ ਅਵਨੀਤ ਤੁਰੰਤ ਹੀ ਅੰਦਰ ਆ ਗਈ, "ਹਾਂ ਬਈ ਅਵਨੀਤ ਕੀ ਖਾਣਾ-ਪੀਣਾ ਏ? ਅੱਜ ਮੈਂ ਪਾਰਟੀ ਕਰਨ ਲੱਗਾਂ..!"

"ਪਾਰਟੀ... !! ਸਰ ਕਿਸ ਖ਼ੁਸ਼ੀ ਵਿੱਚ...?" ਅਵਨੀਤ ਨੇ ਤ੍ਰਿਸ਼ਨਾ ਦੇ ਮੂੰਹ ਵੱਲ੍ਹ ਵੇਖਦਿਆਂ ਡਾ. ਸਾਹਬ ਨੂੰ ਪੁੱਛਿਆ ਸੀ।

"ਓ ਬਈ ਅੱਜ ਮੇਰੇ ਮਨ ਤੋਂ ਇੱਕ ਬਹੁਤ ਵੱਡਾ ਬੋਝ ਲਹਿ ਗਿਆ। ਸੋ ਦੱਸੋ ਕਿਹੜੇ ਹੋਟਲ ਵਿੱਚ ਚੱਲੀਏ..?" ਡਾ. ਸਾਹਬ ਬਹੁਤ ਖ਼ੁਸ਼ ਨਜ਼ਰ ਆ ਰਹੇ ਸਨ।

ਤ੍ਰਿਸ਼ਨਾ ਨੇ ਅੱਖਾਂ-ਅੱਖਾਂ ਰਾਹੀਂ ਅਵਨੀਤ ਨੂੰ ਇਸ਼ਾਰਾ ਕਰ ਕੇ ਸਮਝਾ ਦਿੱਤਾ।

"ਵਾਓ.... ਦੈਟਸ ਗ੍ਰੇਟ.... ਪਰ ਸਾੱਰੀ ਸਰ, ਅੱਜ ਲੇਟ ਹੋ ਗਏ ਆਂ.... ਆਪਾਂ ਕੱਲ੍ਹ ਨੂੰ ਪਲਾਨ ਕਰਦੇ ਆਂ ਪਾਰਟੀ... ਕਿਉਂ ਤ੍ਰਿਸ਼ੀ??" ਅਵਨੀਤ ਨੇ ਵੀ ਗੱਲ ਸਾਂਭ ਲਈ ਸੀ।

ਤ੍ਰਿਸ਼ਨਾ ਆਪਣੇ ਕਾਗ਼ਜ਼-ਪੱਤਰ ਜਿਹੇ ਸਮੇਟਦੀ ਹੋਈ ਉੱਠ ਖੜ੍ਹੀ ਹੋਈ, "ਯੈੱਸ-ਯੈੱਸ, ਵਾਏ ਨਾੱਟ.... ਓ.ਕੇ. ਥੈਂਕਯੂ ਸਰ, ਹੁਣ ਅਸੀਂ ਚਲਦੇ ਆਂ... ਕੱਲ੍ਹ ਮਿਲਦੇ ਹਾਂ...।"

"ਓ ਯੈੱਸ-ਯੈੱਸ, ਕੱਲ੍ਹ ਮਿਲਦੇ ਆਂ। ਨਾਲ਼ੇ ਕੱਲ੍ਹ ਤਾਂ ਫੇਰ ਗਰੈਂਡ ਪਾਰਟੀ ਹੋਵੇਗੀ.... ਆਪਾਂ ਸਾਡੇ ਘਰ ਹੀ ਸੈਲੀਬ੍ਰੇਟ ਕਰਾਂਗੇ ਫਿਰ ਕੱਲ੍ਹ... ਬਹਾਨੇ ਨਾਲ਼ ਅਵਨੀਤ ਦੇ ਸ਼ੁਭ ਕਦਮ ਵੀ ਪੈ ਜਾਣਗੇ ਸਾਡੇ ਗ਼ਰੀਬਖ਼ਾਨੇ ਵਿੱਚ... ਕਿ ਨਹੀਂ ਅਵਨੀਤ..!!" ਇੰਨਾ ਆਖ ਡਾ. ਸਾਹਬ ਪੂਰੀ ਚਮਲੌਹਟ ਨਾਲ਼ ਹੱਸੇ। ਤ੍ਰਿਸ਼ਨਾ ਨੂੰ ਅੱਜ ਪਹਿਲੀ ਵਾਰ ਡਾ. ਸਾਹਬ ਦਾ ਹਾਸਾ 'ਵਲਗਰ' ਜਾਪਿਆ ਸੀ। ਹਾਲਾਂਕਿ ਇਸ ਤੋਂ ਪਹਿਲਾਂ ਹਜ਼ਾਰ ਵਾਰੀ ਡਾ. ਸਾਹਬ ਇੰਝ ਹੀ ਹੱਸੇ ਸਨ ਪਰ ਤ੍ਰਿਸ਼ਨਾ ਅੱਜ ਮਖੌਟੇ ਪਿਛਲਾ ਅਸਲ ਹਾਸਾ ਵੀ ਦੇਖ ਪਾ ਰਹੀ ਸੀ। ਡਾ. ਸਾਹਬ ਆਫ਼ਿਸ ਦੇ ਦਰਵਾਜ਼ੇ ਤੱਕ ਉਨ੍ਹਾਂ ਦੇ ਨਾਲ਼ ਆਏ, "ਨੋ-ਥੈਂਕਸ ਸਰ, ਪਲੀਜ਼ ਤੁਸੀਂ ਬੈਠੋ.... ਅਸੀਂ ਚਲੇ ਜਾਵਾਂਗੇ।"

ਡਾ. ਨੇ ਅਵਨੀਤ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, "ਭੈਰਵੀ ਕੱਲ੍ਹ ਕੋਈ ਬਹਾਨਾ ਨਹੀਂ ਚੱਲੇਗਾ....

ਇਸ ਏਂਜਲ ਨੂੰ ਵੀ ਪੱਕਾ ਨਾਲ਼ ਲੈ ਕੇ ਆਵੀਂ..।"

*****

ਡਾ. ਸਾਹਬ ਨੂੰ ਜਾਪਿਆ ਜਿਵੇਂ ਕੋਈ ਉਨ੍ਹਾਂ ਦਾ ਮੋਢਾ ਫੜ ਕੇ ਜ਼ੋਰ-ਜ਼ੋਰ ਨਾਲ਼ ਹਲੂਣ ਰਿਹਾ ਹੈ। ਉੱਚੀ-ਉੱਚੀ 'ਡਾ. ਸਾਹਬ, ਡਾ. ਸਾਹਬ' ਪੁਕਾਰ ਰਿਹਾ ਹੈ। ਛੇਤੀ ਹੀ ਡਾ. ਸਾਹਬ ਦੀ ਅਤੀਤ ਵਿੱਚ ਗੁਆਚੀ ਚੇਤਨਾ ਵਰਤਮਾਨ ਵਿੱਚ ਮੁੜ ਆਈ। ਡਾ. ਸਾਹਬ ਦੁਆਲ਼ੇ ਰਿਸ਼ਤੇਦਾਰਾਂ ਦਾ ਝੁਰਮਟ ਲੱਗਿਆ ਹੋਇਆ ਸੀ। ਲਾਵਾਂ-ਫੇਰੇ ਹੋ ਚੁੱਕੇ ਸਨ। ਵਿਆਹੁਲੀ ਜੋੜੀ ਉਨ੍ਹਾਂ ਦੇ ਸਾਹਮਣੇ ਖੜ੍ਹੀ ਸੀ।

"ਡਾ. ਸਾਹਬ ਬੱਚੇ ਤੁਹਾਡਾ ਅਸ਼ੀਰਵਾਦ ਲੈਣ ਆਏ ਨੇ...।" ਪਰਮਜੀਤ ਦੀ ਆਵਾਜ਼ ਸੁਣਾਈ ਦਿੱਤੀ। ਡਾ. ਸਾਹਬ ਨੇ ਉੱਠਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਤੋਂ ਉੱਠਿਆ ਨਾ ਗਿਆ।

ਮਾਸੜ ਜੀ ਬੋਲੇ, "ਲਗਦੈ ਡਾਕਟਰ ਸਾਹਬ ਦੀਆਂ ਲੱਤਾਂ ਰਾਤ ਨੂੰ ਇਨ੍ਹਾਂ ਨਾਲ਼ ਨਹੀਂ ਸੌਂਦੀਆਂ.... ਤਾਂ ਹੀ ਦਿਨੇ ਸੁੱਤੀਆਂ ਰਹਿੰਦੀਆਂ ਨੇ..।"

ਹਾਸੜ ਮੱਚ ਗਿਆ। ਡਾ. ਸਾਹਬ ਵੀ ਫਿੱਕਾ ਜਿਹਾ ਮੁਸਕਰਾਏ। ਉਨ੍ਹਾਂ ਦਾ ਦਿਲ ਅਜੇ ਵੀ ਕਿਸੇ ਅਣਹੋਣੀ ਘਟਨਾ ਦੇ ਵਾਪਰਨ ਦੀ ਸੰਭਾਵਨਾ ਸਦਕਾ ਵਿਚਲਿਤ ਜਿਹਾ ਹੋ ਰਿਹਾ ਸੀ। ਤ੍ਰਿਸ਼ਨਾ ਦਾ ਪਤੀ ਓਥੇ ਹੀ ਬਹਿ ਗਿਆ। ਡਾ. ਸਾਹਬ ਦੇ ਗੋਡੇ ਨੂੰ ਘੁਟਦਾ ਹੋਇਆ ਕਹਿਣ ਲੱਗਾ, "ਸਰ, ਤ੍ਰਿਸ਼ੀ ਤੁਹਾਡੀ ਬਹੁਤ ਤਾਰੀਫ਼ ਕਰਦੀ ਏ। ਤੁਹਾਡੇ ਬਾਰੇ ਹੀ ਗੱਲਾਂ ਕਰਦੀ ਰਹਿੰਦੀ ਏ ਸਾਰਾ ਟਾਈਮ। ਇਹ ਤੁਹਾਨੂੰ ਆਪਣੇ ਡੈਡ ਤੋਂ ਵੀ ਜ਼ਿਆਦਾ ਪਿਆਰ ਕਰਦੀ ਏ। ਗੱਲੀਂ-ਬਾਤੀਂ ਬੱਸ ਤੁਹਾਡਾ ਹੀ ਜ਼ਿਕਰ ਚਲਦਾ ਰਹਿੰਦਾ ਏ.... ਕਦੇ ਕਹਿੰਦੀ ਏ ਮੇਰੇ ਸਰ ਇਹ ਕਰਦੇ ਨੇ, ਕਦੇ ਮੇਰੇ ਸਰ ਉਹ ਕਰਦੇ ਨੇ, ਕਦੇ ਕਹਿੰਦੀ ਮੇਰੇ ਪਾਪਾ ਨੂੰ ਕਦੇ ਗਾਉਂਦਿਆਂ ਨੂੰ ਸੁਣਨਾ, ਕਦੇ ਕਹਿੰਦੀ ਏ ਮੇਰੇ ਪਾਪਾ ਨਾਲ਼ ਬੱਸ ਇੱਕ ਵਾਰੀ ਗੱਲ ਕਰ ਕੇ ਵੇਖਣਾ.... ਬੱਸ ਆਹੀ ਗੱਲਾਂ ਨੇ ਇਹਦੇ ਕੋਲ਼.... ਸਰ.... ਕੀ ਮੈਂ ਵੀ ਤ੍ਰਿਸ਼ੀ ਵਾਂਗ ਤੁਹਾਨੂੰ ਪਾਪਾ ਕਹਿ ਕੇ ਬੁਲਾ ਲਿਆ ਕਰਾਂ...!!!"

ਇੰਨਾ ਸੁਣਦਿਆਂ ਹੀ ਡਾ. ਵਿਦਵਾਨ ਦਾ ਕੜ ਪਾਟ ਗਿਆ। ਉਨ੍ਹਾਂ ਦੇ ਹੱਥ ਜੁੜ ਗਏ, ਕਿਸੇ ਅਣਮੰਗੀ ਮੁਆਫ਼ੀ ਲਈ.... ਉਹ ਉੱਚੀ-ਉੱਚੀ ਰੋਣ ਲੱਗ ਪਏ.... ਡਡਿਆ ਕੇ ਨੇੜੇ ਖੜ੍ਹੀ ਤ੍ਰਿਸ਼ਨਾ ਦੇ ਪੈਰੀਂ ਢਹਿ ਗਏ ਤੇ ਮੂੰਹ ਵਿੱਚ ਬੁੜਬੁੜਾਉਣ ਲੱਗੇ, "ਸਾੱਰੀ, ਆਈ ਐਮ ਰੀਅਲੀ ਸਾੱਰੀ, ਰੀਅਲੀ ਸਾੱਰੀ ਮੇਰੀ ਬੱਚੀ... !!"

ਡਾ. ਸਾਹਬ ਦੇ ਹੰਝੂਆਂ ਦਾ ਸੈਲਾਬ ਤ੍ਰਿਸ਼ਨਾ ਦੇ ਨਿਰਮਲ ਪੈਰਾਂ ਨੂੰ ਧੋ ਰਿਹਾ ਸੀ। ਪਤਾ ਨਹੀਂ ਡਾ. ਸਾਹਬ ਆਪਣੇ ਪਾਪ ਧੋ ਰਹੇ ਸਨ। ਸਾਰੇ ਹੈਰਾਨ-ਪਰੇਸ਼ਾਨ ਹੋਏ ਇਹ ਕੌਤਕ ਵੇਖ ਰਹੇ ਸਨ, ਕਿਸੇ ਨੂੰ ਸਮਝ ਨਹੀਂ ਸੀ ਆ ਰਿਹਾ ਕਿ 'ਅਸਲ ਵਿੱਚ ਚੱਲ ਕੀ ਰਿਹਾ ਏ?'

ਤ੍ਰਿਸ਼ਨਾ ਇੱਕਦਮ ਥੱਲੇ ਬੈਠ ਗਈ। ਚਰਨਾਂ ਵਿੱਚ ਢੇਰੀ ਹੋਏ ਡਾ. ਵਿਦਵਾਨ ਨੂੰ ਮੋਢਿਓਂ ਫੜ ਕੇ ਉਠਾਇਆ ਤੇ ਜੱਫੀ ਵਿੱਚ ਘੁੱਟਦਿਆਂ ਕਿਹਾ, "ਪਾਪਾ, ਤੁਸੀਂ ਵੀ ਕਮਾਲ ਕਰਦੇ ਪਏ ਓਂ.... ਰੋਣਾ ਤੁਹਾਨੂੰ ਚਾਹੀਦਾ ਏ ਕਿ ਮੈਨੂੰ...!! ਨਾਲ਼ੇ ਅੱਜ ਤੁਹਾਡੀ ਧੀਅ ਪਰਾਈ ਨਹੀਂ, ਤੁਹਾਡੀ ਹੋਣ ਲੱਗੀ ਏ। ਤੁਹਾਨੂੰ ਤਾਂ ਅੱਜ ਖ਼ੁਸ਼ ਹੋਣਾ ਚਾਹੀਦਾ ਏ ਕਿ ਅੱਜ ਤੁਹਾਡੀ ਪਿਆਰੀ ਡਾ. ਭੈਰਵੀ ਨੂੰ ਉਸਦਾ ਡਾ. ਭੈਰਵ ਮਿਲ ਗਿਆ ਏ..!!" ਇੰਨਾ ਆਖ ਕੇ ਉਹ ਉੱਚੀ-ਉੱਚੀ ਹੱਸੀ। ਬਾਕੀ ਵੀ ਹੱਸ ਪਏ ਪਰ ਡਾ. ਵਿਦਵਾਨ ਅਜੇ ਵੀ ਹਟਕੋਰੇ ਭਰ ਰਹੇ ਸਨ। ਉੱਚੇ-ਉੱਚੇ, ਲੰਮੇ-ਲੰਮੇ ਹਟਕੋਰੇ.... ਜਿਸ ਦਾ ਅਰਥ ਸਿਰਫ਼ ਤੇ ਸਿਰਫ਼ ਡਾ. ਭੈਰਵੀ ਜਾਣਦੀ ਸੀ ਜਾਂ ਡਾ. ਵਿਦਵਾਨ ਜਾਣਦੇ ਸਨ.... ਹੋਰ ਕੋਈ ਵੀ ਨਹੀਂ ਸੀ ਜਾਣਦਾ। *

(**ਸੰਪਰਕ : 98884-01328**)



## ਕਹਾਣੀ/ **ਹੈਪੀ ਐਂਡਿੰਗ** / - ਭੁਪਿੰਦਰ ਸਿੰਘ ਮਾਨ



"ਰੁਕ ਜਾ ਵੀਰ।" ਮੇਰੇ ਕੰਨੀ ਬਲਕਰਨ ਦੀ ਆਵਾਜ਼ ਪਈ। ਮੈਂ ਪਿੱਛੇ ਝਾਤ ਮਾਰੀ ਤਾਂ ਦੇਖਿਆ ਉਹ ਸਾਹੋ ਸਾਹੀ ਹੁੰਦਾ ਬੜੀ ਮੁਸ਼ਕਲ ਨਾਲ ਉੱਪਰ ਚੜ ਰਿਹਾ ਸੀ। ਮੈਂ ਉਸ ਨੂੰ ਰਲ਼ਾਉਣ ਲਈ ਰੁਕ ਗਿਆ। ਬਲਕਰਨ ਦੇ ਸਾਹ ਸੱਤ ਮੁੱਕੇ ਪਏ ਸਨ। ਉਸ ਨੇ ਮੇਰਾ ਮੋਢਾ ਫੜਿਆ ਤੇ ਲੰਬੇ ਲੰਬੇ ਸਾਹ ਲੈਂਦਾ ਪੱਥਰ 'ਤੇ ਬੈਠਦੇ ਬੋਲਿਆ, "ਕਿੱਥੇ ਪੰਗਾ ਲੈ ਲਿਆ ਯਾਰ ।"

ਉਹ ਕਾਫੀ ਥੱਕਿਆ ਨਜ਼ਰ ਆ ਰਿਹਾ ਸੀ।

ਸਾਡੇ ਮੂਹਰੇ ਕ੍ਰਿਸ਼ਨਾ ਸਾਰਾ ਸਮਾਨ ਚੁੱਕੀ ਚੜਾਈ ਚੜ ਰਿਹਾ ਸੀ। ਉਹ ਸਾਡਾ ਗਾਇਡ ਤੇ ਪੋਰਟਰ ਸੀ। ਮੈਨੂੰ ਉਸ ਦੀ ਤੋਰ ਵੀ ਥੱਕੀ ਥੱਕੀ ਲੱਗੀ। ਮੈਂ ਕ੍ਰਿਸ਼ਨਾ ਨੂੰ ਆਵਾਜ਼ ਮਾਰੀ, "ਰੁਕਣਾ ਯਾਰ ਥੋੜਾ ਸਮਾਂ, ਆਰਾਮ ਕਰ ਲੋਂ।"

ਅੰਨਪੂਰਣਾ ਦੀ ਚੋਟੀ ਉੱਪਰ ਸੂਰਜ ਦੀ ਰੌਸ਼ਨੀ ਨਾਲ ਬਰਫ਼ ਲਿਸ਼ਕਾਂ ਮਾਰ ਰਹੀ ਸੀ। ਹੇਠਾਂ ਦਰਖਤਾਂ ਨਾਲ ਭਰੀ ਹਰਿਆਲੀ ਵਾਲੀ ਘਾਟੀ ਦਿਖਾਈ ਦੇ ਰਹੀ ਸੀ। ਦੂਰੋਂ ਪੋਖਰਾ ਦੀ ਝੀਲ ਛੋਟੇ ਜਿਹੇ ਟੋਭੇ ਵਾਂਗੂੰ ਨਜ਼ਰ ਪਈ। ਜਿਸ ਵਿੱਚ ਦਰਿਆ ਦਾ ਪਾਣੀ ਨਾਲੀ ਵਾਂਗੂੰ ਰਲ਼ ਰਿਹਾ ਸੀ।

ਮੇਰੀ ਆਵਾਜ਼ ਸੁਣ ਕੇ ਕ੍ਰਿਸ਼ਨਾ ਨੇ ਆਪਣਾ ਸਮਾਨ ਪੱਥਰ 'ਤੇ ਰੱਖ ਦਿੱਤਾ ਤੇ ਪੈਰਾਂ ਭਾਰ ਨੀਵੀਂ ਪਾ

ਕੇ ਬੈਠ ਗਿਆ। ਬਲਕਰਨ ਪੱਥਰ 'ਤੇ ਬੈਠਾ ਲੰਬੇ ਲੰਬੇ ਸਾਹ ਲੈ ਰਿਹਾ।

"ਦੱਸ ਆਪਾਂ ਨੂੰ ਸਰਦਾ ਨਹੀਂ ਸੀ ਇੱਥੇ ਆਏ ਬਿਨਾ।"

"ਤੂੰ ਹੀ ਵਾਹਲੀ ਪੂਛ ਚੱਕੀ ਹੋਈ ਸੀ, ਕਿੰਨੇ ਦਿਨਾਂ ਤੋਂ ਲੱਗਿਆ ਹੋਇਆ ਸੀ ਟਰੈਕ 'ਤੇ ਜਾਣਾ-ਟਰੈਕ ਤੇ ਜਾਣਾ, ਹੁਣ ਲੈ ਲਾ ਸਵਾਦ।" ਮੈਂ ਕਿਹਾ।

ਬਲਕਰਨ ਨੇ ਆਪਣੇ ਸਾਹਾਂ ਤੇ ਕਾਬੂ ਪਾ ਲਿਆ ਸੀ। ਉਹ ਮੁਸਕਰਾਉਂਦਾ ਬੋਲਿਆ, "ਮੈਂ ਤਾਂ ਘੱਟ ਤਿਆਰ ਸੀ, ਆਹ ਕ੍ਰਿਸ਼ਨਾ ਹੀ ਫ਼ੋਨ ਤੇ ਫ਼ੋਨ ਕਰੀ ਗਿਆ, ਆ ਜਾਓ ਸੋਰਦਾਰ ਜੀ ਆਪ ਨੇ ਵਾਅਦਾ ਕੀਆ ਥਾ, ਇਸ ਭੜੂਏ ਨੇ ਪੱਟੀ ਨਹੀਂ ਬਝਣ ਦਿੱਤੀ।"

ਮੈਂ ਨਜ਼ਰ ਮਾਰੀ ਕ੍ਰਿਸ਼ਨਾ ਆਪਣੀਆਂ ਸੋਚਾਂ ਵਿੱਚ ਗ਼ਲਤਾਨ ਸੀ। ਇਸ ਤਰਾਂ ਜਾਪ ਰਿਹਾ ਸੀ ਜਿਵੇਂ ਉਹ ਸਾਡੀ ਗੱਲਬਾਤ ਦਾ ਹਿੱਸਾ ਹੀ ਨਾ ਹੋਵੇ।

"ਸਾਡੇ ਟਰੈਕ ਦਾ ਅੱਜ ਤੀਜਾ ਦਿਨ ਸੀ । ਥੋੜਾ ਸਮਾਂ ਆਰਾਮ ਕਰਨਾ ਤੇ ਪਾਣੀ ਧਾਣੀ ਪੀਣ ਤੋਂ ਬਾਅਦ ਅਸੀਂ ਤੁਰਨ ਲਈ ਤਿਆਰ ਹੀ ਸੀ ਕਿ ਉੱਪਰੋਂ ਵਾਪਸ ਆਉਂਦੇ ਟੋਲੇ ਦੇ ਗਾਇਡ ਨੇ ਕ੍ਰਿਸ਼ਨਾ ਨੂੰ ਬੁਲਾਇਆ, "ਕੈਸਾ ਹੈ ਕ੍ਰਿਸ਼ਨਾ, ਅੰਗਰੇਜ਼ਣ ਮੇਮੋ ਕੋ ਛੋੜ ਕੇ ਸਰਦਾਰੋ ਕੇ ਸਾਥ ਘੁੰਮ ਰਹਾ ਹੈ।"

ਕ੍ਰਿਸ਼ਨਾ ਨੇ ਖਾਲੀ ਨਜ਼ਰਾਂ ਨਾਲ ਉਸ ਵੱਲ ਦੇਖਿਆ ਪਰ ਕੋਈ ਜਵਾਬ ਨਾ ਦਿੱਤਾ। ਉਸਦੇ ਚਿਹਰੇ ਉੱਤੇ ਫਿੱਕੀ ਜਿਹੀ ਮੁਸਕਾਨ ਆ ਗਈ ਸੀ। ਉਸ ਨੇ ਸੋਚਾਂ ਵਿੱਚ ਡੁੱਬੇ ਨੇ ਹੀ ਸਮਾਨ ਨੂੰ ਚੁੱਕਿਆ ਤੇ ਫਿਰ ਤੁਰ ਪਿਆ। ਮੇਰੇ ਲਈ ਉਸ ਦਾ ਇਹ ਵਿਵਹਾਰ ਹੈਰਾਨੀ ਵਾਲਾ ਸੀ। ਮੈਨੂੰ ਉਹ ਪਹਿਲਾਂ ਵਾਲਾ ਕ੍ਰਿਸ਼ਨਾ ਤਾਂ ਲੱਗ ਹੀ ਨਹੀਂ ਰਿਹਾ ਸੀ। ਪਿਛਲੀ ਵਾਰੀ ਤਾਂ ਉਹ ਗੱਲਾਂ ਦੀ ਲੜੀ ਨਹੀਂ ਟੁੱਟਣ ਦਿੰਦਾ ਸੀ। ਉਸ ਕੋਲ ਹਰ ਰੋਗ ਦਾ ਇਲਾਜ਼ ਸੀ। ਨੇਪਾਲ ਦੇ ਚੱਪੇ ਚੱਪੇ ਦੀ ਉਸ ਨੂੰ ਜਾਣਕਾਰੀ ਸੀ।

ਉਦੋਂ ਅਸੀਂ ਤਿੰਨ ਮਿੱਤਰ ਕਾਰ 'ਤੇ ਨੇਪਾਲ ਘੁੰਮਣ ਆਏ ਸੀ। ਸਾਡੀ ਕ੍ਰਿਸ਼ਨਾ ਨਾਲ ਮੁਲਾਕਾਤ ਕੁਦਰਤੀਂ ਹੀ ਹੋ ਗਈ। ਉਸ ਸਮੇਂ ਤਾਂ ਟਰੈਕਿੰਗ ਸਾਡੇ ਚਿੱਤ ਚੇਤੇ ਵੀ ਨਹੀਂ ਸੀ। ਅਸੀਂ ਚੀਸਾ ਪਾਣੀ, ਲੁੰਬਿਨੀ ਦੇਖ ਕੇ ਕੁਝ ਦਿਨਾਂ ਲਈ ਪੋਖਰਾ ਸ਼ਹਿਰ ਵਿੱਚ ਆ ਡੇਰੇ ਲਾਏ ਸੀ। ਇਥੋਂ ਅਸੀਂ ਅੱਗੇ ਕਾਠਮੰਡੂ ਜਾਣਾ ਸੀ। ਪੋਖਰਾ ਝੀਲ ਵਿੱਚ ਬੋਟਿੰਗ ਕਰਨ ਗਏ ਤਾਂ ਕਿਸ਼ਤੀ ਪੂਰੇ ਦਿਨ ਲਈ ਕਿਰਾਏ ਤੇ ਕਰ ਲਈ। ਉਸ ਦਿਨ ਕ੍ਰਿਸ਼ਨਾ ਸਾਡਾ ਸਾਰਥੀ ਬਣਿਆ ਸੀ। ਉਸਨੇ ਸਾਡਾ ਸਵਾਗਤ , "ਆਈਏ ਸੌਰਦਾਰ ਜੀ" ਕਹਿ ਕੇ ਕੀਤਾ। ਉਸ ਦੇ ਮੂੰਹੋਂ ਸਰਦਾਰ ਜੀ ਦੀ ਬਜਾਏ ਸੌਰਦਾਰ ਜੀ ਕਹਿਣਾ ਕਾਫੀ ਜਚਦਾ ਸੀ।

ਪੈਡਲ ਮਾਰਨ ਲਈ ਕਿਸ਼ਤੀ ਵਿੱਚ ਦੋ ਸਥਾਨ ਸਨ। ਸਾਡੀ ਪੇਸ਼ਕਸ਼ ਦੇ ਬਾਵਜੂਦ ਉਹ ਇਕੱਲਾ ਹੀ ਪੈਡਲਾਂ ਨਾਲ ਚਲਾਉਣ ਵਾਲੀ ਕਿਸ਼ਤੀ ਨੂੰ ਖਿੱਚੀ ਫਿਰਦਾ ਸੀ। ਉਸਨੇ ਇਕੱਲੇ ਹੀ ਸਾਨੂੰ ਨੇਪਾਲ ਦੀ ਇਸ ਵੱਡੀ ਝੀਲ ਦੀ ਸੈਰ ਕਰਾਈ। ਉਹ ਸਾਨੂੰ ਦੱਸਦਾ , "ਉਪਰ ਬੁੱਧ ਜੀ ਕਾ ਪਗੋੜਾ ਹੈ, ਵੋਹ ਸਾਹਮਣੇ ਸ਼ਿਵਜੀ ਕਾ ਮੰਦਰ ਹੈ, ਯਹਾਂ ਕੀ ਮੂਰਤੀ ਪੂਰੇ ਦੇਸ਼ ਮੇ ਸਭ ਸੇ ਬੜੀ ਹੈ, ਯਹਾਂ ਤਲਾਬ ਮੇ ਬਣੇ ਮੰਦਰ ਮੇ ਜਾ ਸਕਤੇ ਹੋ।"

ਉਸ ਦੇ ਬੋਲਣ ਦਾ ਲਹਿਜਾ ਬਹੁਤ ਮਿੱਠਾ ਤੇ ਦਿਲ ਨੂੰ ਧੂਹ ਪਾਉਣ ਵਾਲਾ ਸੀ। ਉਸ ਦੇ ਸਰੀਰ ਦਾ ਇੱਕ ਇੱਕ ਮਸਲ ਉਸ ਦੀ ਤਾਕਤ ਬਾਰੇ ਦੱਸਦਾ ਸੀ। ਪੱਟ ਮੁਗਦਰਾਂ ਵਰਗੇ ਅਤੇ ਪੇਟ ਬਿਲਕੁਲ ਨਾਲ ਲੱਗਿਆ ਹੋਇਆ। ਬਲਕਰਨ ਨੇ ਕਿਹਾ, "ਮੁੰਡਾ ਪੂਰਾ ਭਲਵਾਨਾਂ ਵਰਗਾ, ਯਾਰ ਇਹਦੀ ਫਿਟਨੈਸ ਦੇਖੋ।"

ਸਾਡੇ ਤੀਜੇ ਸਾਥੀ ਦਵਿੰਦਰ ਨੇ ਕ੍ਰਿਸ਼ਨਾ ਤੋਂ ਨੇਪਾਲ ਦੀ ਦਾਰੂ ਬਾਰੇ ਪੁੱਛਿਆ ਤਾਂ ਕ੍ਰਿਸ਼ਨਾ ਨੇ ਕਿਹਾ, "ਸੌਰਦਾਰ ਜੀ ਯਹਾਂ ਕੀ ਦਾਰੂ ਕਾ ਨਾਮ ਰੋਕਸੀ ਹੈ ਆਪ ਇਕ ਵਾਰ ਪੀਓਗੇ ਤੋ ਯਾਦ ਕਰੋਗੇ।"

"ਦਵਾ ਫਿਰ ਭੈੜਿਆ, ਅਸੀਂ ਵੀ ਯਾਦ ਹੀ ਕਰਨਾ ਚਾਹੁੰਦੇ ਆਂ।"ਦਵਿੰਦਰ ਨੇ ਹੱਸਦਿਆਂ ਕਿਹਾ।

ਉਹ ਸਾਨੂੰ ਬੋਟਿੰਗ ਤੋਂ ਬਾਅਦ ਇੱਕ ਦੁਕਾਨ ਤੇ ਲੈ ਗਿਆ ਜਿੱਥੇ ਰਾਕਸੀ ਦੋ ਨੰਬਰ ਵਿੱਚ ਮਿਲਦੀ

ਸੀ। ਦਵਿੰਦਰ ਹੋਰਾਂ ਨੇ ਤਿੰਨ ਬੋਤਲਾਂ ਲੈ ਲਈਆਂ।

"ਸੌਰਦਾਰ ਜੀ ਯੇਹ ਕੋਦੂ ਕੀ ਬਣੀ ਹੋਤੀ ਹੈ ਇਸਮੇਂ ਪਾਣੀ ਡਾਲਨੇ ਕੀ ਜ਼ਰੂਰਤ ਨਹੀਂ ਹੋਤੀ।" ਕ੍ਰਿਸ਼ਨ ਨੇ ਦਾਰੂ ਦੀ ਖਾਸੀਅਤ ਦੱਸੀ।

ਸੜਕ 'ਤੇ ਖੜ ਕੇ ਹੀ ਸਟੀਲ ਦੇ ਗਲਾਸਾਂ ਵਿੱਚ ਜਦੋਂ ਰਾਕਸੀ ਅੰਦਰ ਸੁੱਟੀ ਤਾਂ ਨੇਪਾਲ ਦੀਆਂ ਹਵਾਵਾਂ ਸਾਡੇ ਲਈ ਹਵਾ ਪਿਆਜੀ ਹੋ ਗਈਆਂ। ਕ੍ਰਿਸ਼ਨਾ ਨੂੰ ਆਪਣੇ ਵਾਲੇ ਗਲਾਸ ਵਿੱਚ ਪਿਲਾ ਕੇ ਦਵਿੰਦਰ ਨੇ ਹਮ ਪਿਆਲਾ ਬਣਾ ਲਿਆ। ਥੋੜ੍ਹੇ ਸਮੇਂ ਵਿੱਚ ਜਦੋਂ ਸਰੂਰ ਜਿਹਾ ਆ ਗਿਆ ਤਾਂ ਬਲਕਰਨ ਨੇ ਕ੍ਰਿਸ਼ਨਾ ਨੂੰ ਕਿਹਾ, "ਕ੍ਰਿਸ਼ਨਾ ਚਲੋ ਤੁਮ ਵੀ ਹਮਾਰੇ ਸਾਥ ਹੀ, ਖਾਣਾ ਖਾਤੇ ਹੈਂ।"

"ਸੈਰ ਸਪਾਟੇ 'ਤੇ ਗਿਆ ਬੰਦਾ ਸ਼ਹਿਨਸ਼ਾਹ ਬਣਿਆ ਹੁੰਦਾ ਹੈ, ਸਾਡੇ 'ਤੇ ਤਾਂ ਰੋਕਸੀ ਦਾ ਵੀ ਅਸਰ ਐ।" ਮੈਂ ਸੋਚਿਆ।

ਥੋੜ੍ਹੇ ਸਮੇਂ ਵਿੱਚ ਹੀ ਰਾਕਸੀ ਪੀਂਦੇ ਪੀਂਦੇ ਕ੍ਰਿਸ਼ਨਾ ਆਪਣੇ ਰੰਗ ਵਿੱਚ ਆ ਗਿਆ। ਬਹੁਤੇ ਨੇਪਾਲੀਆਂ ਵਾਂਗੂੰ ਉਹ ਵੀ ਕੁਝ ਸਮਾਂ ਪੂਨੇ ਦੇ ਕਿਸੇ ਹੋਟਲ ਵਿੱਚ ਵੇਟਰ ਦੇ ਤੌਰ ਤੇ ਰਿਹਾ ਸੀ। ਇਸੇ ਕਰਕੇ ਉਹ ਸੋਹਣੀ ਹਿੰਦੀ ਬੋਲਦਾ ਸੀ। ਸਾਨੂੰ ਵੀ ਉਸ ਨਾਲ ਗੱਲਾਂ ਕਰਦਿਆਂ ਨੂੰ ਸਵਾਦ ਆ ਰਿਹਾ ਸੀ ।

"ਸਰਦਾਰ ਜੀ ਬੋਟਿੰਗ ਤੋਂ ਮੈਂ ਕਭੀ ਕਭੀ ਕਰਵਾਤਾ ਹੂੰ, ਜਬ ਮੇਰੇ ਪਾਸ ਕਾਮ ਨਹੀਂ ਹੋਤਾ। ਵੈਸੇ ਤੋ ਮੈਂ ਗਾਈਡ ਹੂੰ, ਮੇਰਾ ਅਸਲੀ ਕਾਮ ਤੋਂ ਟਰੈਕਿੰਗ ਕਰਵਾਣਾ ਹੈ।" ਉਹ ਬੋਲਿਆ।

"ਤਾਹੀਓ ਮੈਂ ਸੋਚਾਂ ਵੀ ਇਹ ਏਨਾ ਫਿਟ ਕਿਵੇਂ ਹੈ, ਪਹਾੜਾਂ 'ਤੇ ਚੜਨ ਕਰਕੇ ਸਰੀਰ ਬਣਿਆ ਹੋਇਆ।" ਦਵਿੰਦਰ ਨੇ ਉਸ ਨੂੰ ਪੈਗ ਪਾਉਂਦਿਆਂ ਆਖਿਆ।

ਥੋੜਾ ਜਿਹਾ ਤਰਾਰੇ ਵਿੱਚ ਆ ਕੇ ਉਹ ਟਰੈਕ ਦੀਆਂ ਗੱਲਾਂ ਸੁਣਾਉਣ ਲੱਗ ਗਿਆ, "ਸੋਰਦਾਰ ਜੀ ਜਬ ਵੀ ਹਮ ਟਰੈਕ ਪੇ ਗੋਰੀਆਂ ਕੋ ਲੇ ਕੇ ਜਾਤਾ ਹੈ ਨਾ, ਤੋ ਮਜ਼ਾ ਆ ਜਾਤਾ ਹੈ।"

ਬਲਕਰਨ ਨੇ ਪੁੱਛਿਆ, "ਕ੍ਰਿਸ਼ਨਾ ਮਜ਼ਾ ਕਿਵੇਂ ਆਉਂਦਾ?"

"ਅਰੇ ਸੋਰਦਾਰ ਜੀ ਕਿਆ ਬਤਾਏ ਆਪ ਕੋ , ਯੇਹ ਗੋਰੀਆਂ ਨਾ ਬੜੀ ਖੁਲ੍ਹੇ ਦਿਲ ਕੀ ਹੋਤੀ ਹੈਂ , ਜਬ ਟਰੈਕ ਕਰਤੇ ਹੈਂ ਤੋ ਕਈ ਕਈ ਦਿਨ ਲੱਗ ਜਾਤੇ ਹੈਂ, ਔਰ ਵੋ ਹਮਸੇ ਹਿਲ ਮਿਲ ਜਾਤੀ ਹੈਂ ।"

ਦਵਿੰਦਰ ਨੇ ਸਵਾਦ ਲੈਂਦੇ ਪੁੱਛਿਆ , "ਸਿਰਫ ਮਿਲਤੀ ਹੈਂ ਜਾਂ ਕੁਛ ਔਰ ਵੀ ?"

"ਹਾਂ ਜੀ ਸੌਰਦਾਰ ਜੀ ਸਭ ਕੁਝ ਹੋਤਾ ਹੈ , ਜਬ ਟਰੈਕ ਪੇ ਸਾਰਾ ਦਿਨ ਖਾਣਾ-ਪੀਣਾ, ਸੋਣਾ ਇਕ ਸਾਥ ਹੋਤਾ ਹੈ, ਤੋ ਪਤਾ ਹੀ ਨਹੀਂ ਚਲਤਾ ਕਿ ਕਭ ਹੈਪੀ ਐਂਡਿੰਗ ਪੇ ਪਹੁੰਚ ਜਾਤੇ ਹੈਂ।"

"ਹੈਪੀ ਐਂਡਿੰਗ?" ਮੈਨੂੰ ਗੱਲ ਸਮਝ ਨਹੀਂ ਲੱਗੀ ਸੀ।

"ਅਰੇ ਸੌਰਦਾਰ ਜੀ ਆਪ ਵੀ ਬਹੁਤ ਭੋਲੇ ਹੋ, ਏਕ ਹੀ ਬਿਸਤਰ ਪੇ ਸੋਨੇ ਕੋ ਹੈਪੀ ਨਹੀਂ ਔਰ ਕਿਆ ਕਹੇਗਾ ! ਐਂਡਿੰਗ ਇਸ ਲਈ ਬੋਲਤਾ ਹੂੰ ਯੇਹ ਅਕਸਰ ਟਰੈਕਿੰਗ ਕੇ ਆਖਰੀ ਦਿਨੋ ਮੇ ਹੀ ਹੋਤੀ ਹੈ, ਪਹਿਲੇ ਤੋ ਧੀਰੇ ਧੀਰੇ ਨਜ਼ਦੀਕੀਆਂ ਹੀ ਬੜਤੀ ਹੈ।"

"ਓ ਵਾਹ ਬਈ ਵਾਹ ਤੂੰ ਤਾਂ ਬੜਾ ਛੁਪਿਆ ਰੁਸਤਮ ਹੈ।" ਦਵਿੰਦਰ ਗਦ ਗਦ ਹੁੰਦਾ ਬੋਲਿਆ।

"ਅਸਲ ਵਿੱਚ ਸਾਡੀ ਫਿਤਰਤ ਹੁੰਦੀ ਹੈ ਕਿ ਅਸੀਂ ਉਹ ਗੱਲਾਂ ਸੁਣ ਕੇ ਖੁਸ਼ ਹੁੰਦੇ ਹਾਂ ਜਿਹੜੀਆਂ ਕਿਸੇ ਹੋਰ ਦੇ ਨਿਜੀ ਮਾਮਲਿਆਂ ਨਾਲ ਜੁੜੀਆਂ ਹੋਣ।" ਕਿਸੇ ਵਿਦਵਾਨ ਦੇ ਕਹੇ ਹੋਏ ਬੋਲ ਮੈਨੂੰ ਯਾਦ ਆ ਗਏ।

"ਅੱਛਾ ਫਿਰ ਹੈਪੀ ਐਂਡਿੰਗ ਸੇ ਆਗੇ ਵੀ ਗੱਲ ਤੁਰਤੀ ਹੈ ਜਾ ਉੱਥੇ ਹੀ ਮੁੱਕ ਜਾਂਤੀ ਹੈ?" ਦਵਿੰਦਰ ਨੇ ਰਲਮੀ ਹਿੰਦੀ ਪੰਜਾਬੀ ਵਿੱਚ ਸਵਾਲ ਦਾਗਿਆ।

"ਹੋ ਜਾਤਾ ਹੈ ਆਗੇ ਵੀ ਕਈ ਵਾਰ, ਅਭੀ ਇਕ ਹਾਲੈਂਡ ਕੀ ਗੋਰੀ ਤੋਂ ਮੁਝੇ ਕਾਠਮੰਡੂ ਵੀ ਲੇ ਗਈ , ਉਸਨੇ ਮੇਰੇ ਕੋ ਆਪਣੇ ਸਾਥ ਹੋਟਲ ਮੇ ਰੱਖਾ, ਔਰ ਬੋਲਾ ਕਿ ਜਿਤਨਾ ਪੈਸਾ ਕਮਾਤਾ ਹੈ ਉਤਨਾ ਤੁਝ ਕੋ ਮੈ ਦੂੰਗੀ, ਬਸ ਤੂੰ ਮੇਰੇ ਸਾਥ ਹੀ ਯਹਾਂ ਪੇ ਰਹਿ, ਜਬ ਤੱਕ ਮੈਂ ਨੇਪਾਲ ਮੇਂ ਹੂੰ।" ਕ੍ਰਿਸ਼ਨਾ ਨਿਸ਼ੰਗ ਹੋ ਕੇ ਆਪਣੀਆਂ ਰੰਗੀਨੀਆਂ ਦੀ ਗੱਲ ਦੱਸ ਰਿਹਾ ਸੀ।

"ਫੇਰ ਤਾਂ ਤੇਰੇ ਨਜ਼ਾਰੇ ਨੇ ਬਈ।" ਮੇਰੇ ਮੂੰਹੋਂ ਆਪ ਮਹਾਰੇ ਨਿਕਲਿਆ।

"ਅਰੇ ਸਾਹਬ , ਐਸੇ ਹਮ ਕਿਸੀ ਕੇ ਸਾਥ ਦਿਲ ਨਹੀਂ ਲਗਾਤੇ, ਯਹ ਤੋ ਮੌਜ ਮਸਤੀ ਹੈ , ਦਿਲ ਤੋਂ ਕਹੀ ਔਰ ਲਗਾ ਹੂਆ।" ਕ੍ਰਿਸ਼ਨਾ ਨੇ ਅੱਖਾਂ ਬੰਦ ਕਰਕੇ ਆਖਿਆ ਜਿਵੇਂ ਉਹ ਕਿਸੇ ਦੀ ਤਸਵੀਰ ਨੂੰ ਆਪਣੇ ਦਿਮਾਗ ਵਿੱਚ ਚਿਤਵ ਰਿਹਾ ਹੋਵੇ।

"ਤੁਮਾਰੀ ਸ਼ਾਦੀ ਤੋਂ ਹੁਈ ਹੈ ਨਾ?" ਮੈਂ ਪੁੱਛਿਆ।

"ਬਿਲਕੁਲ ਸੌਰਦਾਰ ਜੀ, ਦੋ ਬੇਟੇ ਵੀ ਹੈ।" ਉਵੇਂ ਹੀ ਅੱਖਾਂ ਬੰਦ ਕਰੀ ਕ੍ਰਿਸ਼ਨਾ ਨੇ ਜਵਾਬ ਦਿੱਤਾ।

"ਅੱਛਾ ਫਿਰ ਤਾਂ ਬਈ ਤੂੰ ਆਪਣੀ ਘਰਵਾਲੀ ਦਾ ਪੂਰਾ ਭਗਤ ਹੈ!" ਬਲਕਰਨ ਨੇ ਉਸਨੂੰ ਛੇੜਿਆ।ਅਸਲ ਵਿੱਚ ਅਸੀਂ ਸਾਰੇ ਹੀ ਉਸ ਦੀ ਪ੍ਰੇਮ ਕਥਾ ਦਾ ਆਨੰਦ ਲੈਣਾ ਚਾਹੁੰਦੇ ਸੀ।ਉਸ ਨੂੰ ਰੋਕਸੀ ਦਾ ਇੱਕ ਪੈੱਗ ਭਰ ਕੇ ਹੋਰ ਫੜਾਇਆ।ਉਹ ਇੱਕ ਡੀਕ ਵਿੱਚ ਹੀ ਪੀ ਗਿਆ ਤੇ ਮੂੰਹ ਪੂੰਝਦਾ ਬੋਲਿਆ, "ਅਰੇ ਨਹੀਂ ਸੌਰਦਾਰ ਜੀ ਵੋਹ ਘਰ ਵਾਲੀ ਨਹੀਂ ਕੋਈ ਔਰ ਹੈ, ਉਸਕਾ ਨਾਮ ਦਿਲ ਪੇ ਲਿਖਾ ਹੈ ਔਰ ਯਹਾਂ ਵੀ ਲਿਖਾ ਹੈ , ਯਹ ਦੇਖੀਏ।"

ਉਹਨੇ ਆਪਣੀ ਬਾਂਹ 'ਤੇ ਅੰਗਰੇਜ਼ੀ ਦੇ ਅੱਖਰ ਐਸ ਅਤੇ ਕੇ ਲਿਖੇ ਦਿਖਾਏ।

"ਕੇ ਤੋਂ ਤਾਂ ਸਾਨੂੰ ਸਮਝ ਲੱਗ ਗਈ ਕਿ ਤੇਰਾ ਨਾਮ ਹੈ ਕ੍ਰਿਸ਼ਨਾ ਤੇ ਐਸ ਕੌਣ ਸੀ?"ਦਵਿੰਦਰ ਨੇ ਗੱਲ ਦਾ ਸਿਰਾ ਫੜਿਆ।

"ਸੌਰਦਾਰ ਜੀ ਐਸ ਸੇ ਉਸਕਾ ਨਾਮ ਸੁਜਾਤਾ ਹੈ , ਮੇਰੇ ਮੌਸੀ ਕੇ ਲੜਕੇ ਕੀ ਛੋਟੀ ਸਾਲੀ ਹੈ, ਭਾਈ ਕੀ ਸ਼ਾਦੀ ਵਾਲੇ ਦਿਨ ਸੇ ਹੀ ਉਸਕੇ ਪ੍ਰੇਮ ਮੇ ਪੜ ਗਏ ਥੇ, ਸਜਾਤਾ ਸੇ ਮੇਰਾ ਬੜਾ ਪ੍ਰੇਮ ਰਹਾ, ਹਮ ਜੰਗਲ ਮੇ ਮਿਲਨੇ ਜਾਤੇ ਥੇ , ਉਨ ਦਿਨੋ ਮੇ ਤੋਂ ਸਿਰਫ ਉਸਕੀ ਹੀ ਸ਼ਕਲ ਦਿਖਤੀ ਥੀ ਕੁਛ ਔਰ ਯਾਦ ਹੀ ਨਹੀਂ ਰਹਿਤਾ ਥਾ।" ਇਹ ਕਹਿ ਕੇ ਉਹ ਚੁੱਪ ਕਰ ਗਿਆ।

"ਫੇਰ ?" ਦਵਿੰਦਰ ਨੇ ਗੱਲ ਛੂਹੀ।

ਉਸਦਾ ਚਿਹਰਾ ਥੋੜਾ ਜਿਹਾ ਉਦਾਸ ਹੋ ਗਿਆ, "ਫਿਰ ਕਿਆ, ਹਮਾਰੀ ਸ਼ਾਦੀ ਕਾ ਚੱਕਰ ਪੜ ਗਿਆ ਜੀ, ਸ਼ਾਦੀ ਨਹੀਂ ਹੋ ਸਕੀ, ਔਰ ਮੈਂ ਉਸੇ ਭੂਲ ਨਹੀਂ ਪਾਇਆ।"

ਸਾਡੇ ਲਈ ਇਹ ਹੈਰਾਨੀ ਵਾਲੀ ਗੱਲ ਸੀ। ਅਸੀਂ ਦੇਖਿਆ ਸੀ ਕਿ ਨੇਪਾਲ ਵਿੱਚ ਔਰਤਾਂ ਦਾ ਦਰਜਾ ਸਾਡੇ ਦੇਸ਼ ਨਾਲੋਂ ਕਿਤੇ ਉੱਚਾ।ਔਰਤਾਂ ਨੂੰ ਆਜ਼ਾਦੀ ਵੀ ਜਿਆਦਾ ਹੈ ।

"ਫਿਰ ਤੇਰੀ ਸ਼ਾਦੀ ਕਿਉਂ ਨਹੀਂ ਹੋਈ, ਯਹਾਂ ਤੋ ਜਿਆਦਾਤਰ ਪ੍ਰੇਮ ਵਿਆਹ ਹੀ ਹੋਤੇ ਹੈ?" ਬਲਕਰਨ ਦੇ ਮਨ ਵਿੱਚ ਵੀ ਉਤਸੁਕਤਾ ਸੀ।

ਕ੍ਰਿਸ਼ਨਾ ਦੀ ਅੱਖ ਵਿੱਚ ਨਮੀ ਆ ਗਈ ਸੀ।

"ਕਿਆ ਬਤਾਏ ਸੌਰਦਾਰ ਜੀ, ਕਿਸਮਤ ਹੀ ਖਰਾਬ ਥੀ, ਉਸਕੇ ਬਾਪ ਨੇ ਮੇਰੇ ਸਾਹਮਣੇ ਸ਼ਰਤ ਰੱਖੀ ਕਿ ਆਪਣਾ ਘਰ ਬਣਾਓ, ਘਰ ਬਣਾਨੇ ਕੇ ਲੀਏ ਪੈਸਾ ਨਹੀਂ ਥਾ, ਉਸ ਟਾਈਮ ਮੈਂ ਪੂਨਾ ਚਲਾ ਗਿਆ ਪੈਸਾ ਕਮਾਨੇ, ਜਬ ਤੱਕ ਮੈਂ ਪੈਸਾ ਕਮਾ ਕਰ ਵਾਪਸ ਆਇਆ ਤਬ ਤੱਕ ਸੁਜਾਤਾ ਕੀ ਸ਼ਾਦੀ ਹੋ ਗਈ ਥੀ, ਉਸਕੇ ਹਰਾਮੀ ਬਾਪ ਨੇ ਮੇਰਾ ਇੰਤਜ਼ਾਰ ਨਹੀਂ ਕੀਆ, ਉਸ ਕੀ ਸ਼ਾਦੀ ਦੁਬਈ ਮੇ ਕਾਮ ਕਰਤੇ ਪਾਸ ਵਾਲੇ

ਗਾਵ ਕੇ ਲੜਕੇ ਸੇ ਕਰ ਦੀ।”

"ਓ ਹੋ, ਫੇਰ ਤਾਂ ਯਾਰ ਤੇਰੇ ਨਾਲ ਬੜਾ ਧੱਕਾ ਹੋ ਗਿਆ!" ਦਵਿੰਦਰ ਨੇ ਉਸ ਦਾ ਮੋਢਾ ਥੱਪ ਥਪਾਇਆ।

ਕ੍ਰਿਸ਼ਨਾ ਲਗਾਤਾਰ ਬੋਲਦਾ ਰਿਹਾ, "ਮੈਂ ਬੜਾ ਰੋਇਆ , ਫਿਰ ਸੁਜਾਤਾ ਸੇ ਮਿਲਾ ਤੋ ਵੋ ਵੀ ਬਹੁਤ ਰੋਈ ਪਰ ਉਸ ਕਾ ਘਰ ਵਾਲਾ ਦੁਬਈ ਵਾਪਸ ਨਹੀਂ ਗਿਆ ਔਰ ਉਸਕੇ ਸਾਥ ਦੋ ਸਾਲ ਰਹਾ, ਏਕ ਸਾਲ ਬਾਅਦ ਉਸਕੋ ਹਮਾਰੇ ਪ੍ਰੇਮ ਕੇ ਬਾਰੇ ਮੇ ਪਤਾ ਚੱਲ ਗਿਆ , ਵੋ ਸਾਲਾ ਉਸੇ ਬਹੁਤ ਪੀਟਤਾ, ਹਮ ਦੋਨੋਂ ਬਹੁਤ ਤੜਫਤੇ, ਵੋਹ ਦਿਨ ਮੇਰੇ ਲਈ ਨਰਕ ਜੈਸੇ ਥੇ। ਫਿਰ ਘਰ ਵਾਲੋਂ ਨੇ ਜ਼ਬਰਦਸਤੀ ਮੇਰੀ ਸ਼ਾਦੀ ਕਰਵਾ ਦੀ ਔਰ ਦੋ ਬੱਚੇ ਵੀ ਹੋ ਗਏ ਲੇਕਿਨ ਮੈਂ ਔਰ ਸੁਜਾਤਾ ਇਕ ਦੂਸਰੇ ਕੋ ਛੋੜ ਨਾ ਸਕੇ।"

"ਸੱਚ ਯਾਰ ਇੱਕ ਗੱਲ ਦੱਸ ਤੇਰੀ ਘਰ ਵਾਲੀ ਤੇਰੇ ਨਾਲ ਕਲੇਸ਼ ਨਹੀਂ ਕਰਦੀ ਤੇਰੀ ਬਾਹ ਤੇ ਜਿਹੜਾ ਲਿਖਿਆ ਇਸ ਕਰਕੇ ?" ਬਲਕਰਨ ਨੇ ਗੰਭੀਰ ਹੁੰਦੇ ਪੁੱਛਿਆ।

"ਅਰੇ ਨਹੀਂ ਸੌਰਦਾਰ ਜੀ , ਯਹਾਂ ਤੋਂ ਕਿਸਮਤ ਸਾਥ ਦੇ ਗਈ, ਮੇਰੀ ਘਰਵਾਲੀ ਕਾ ਨਾਮ ਵੀ ਸਰਲਾ ਹੈ ਔਰ ਮੈਨੇ ਉਸਕੋ ਪਹਿਲੀ ਰਾਤ ਹੀ ਬਤਾਇਆ ਥਾ ਕਿ ਤੇਰਾ ਨਾਮ ਮੈਨੇ ਆਪਣੀ ਬਾਹ ਪੇ ਪਹਿਲੇ ਹੀ ਖੁਦਵਾ ਲੀਆ ਹੈ, ਉਹ ਵਿਚਾਰੀ ਤੋ ਸੁਣ ਕੇ ਬਹੁਤ ਖੁਸ਼ ਹੋ ਗਈ ਥੀ।" ਓਹ ਬੋਲਿਆ।

"ਵਾਹ ਬਈ ਵਾਹ ਫਿਰ ਤੂੰ ਤਾਂ ਨਜ਼ਾਰੇ ਲੈਨਾ, ਕਿਸੇ ਦੀ ਕਿਸਮਤ ਵਿੱਚ ਇੱਕ ਨਹੀਂ ਹੁੰਦੀ ਤੇ ਕਿਸੇ ਦੀ ਕਿਸਮ ਦੇ ਵਿੱਚ ਇੱਕੋ ਜੇ ਅੱਖਰ ਵਾਲੀਆਂ ਦੋ ਦੋ।" ਮੈਂ ਚੁਟਕੀ ਭਰੀ।

"ਹਾਂ ਸੌਰਦਾਰ ਜੀ, ਕਿਸਮਤ ਹੋਤੀ ਹੈ ਕਿਸੀ ਕੀ। ਸੁਜਾਤਾ ਮੁਝੇ ਅਵੀ ਵੀ ਬਹੁਤ ਪਿਆਰ ਕਰਤੀ ਹੈ, ਜਬ ਉਸਕਾ ਪਤੀ ਦੁਬਈ ਚਲਾ ਜਾਤਾ ਹੈ ਤੋ ਮੈਂ ਉਸੇ ਮਿਲਨੇ ਜਾਤਾ ਹੂੰ, ਫਿਰ ਹਮ ਮਿਲ ਕਰ ਖੂਬ ਹੈਪੀ ਐਂਡਿੰਗ ਕਰਤੇ ਹੈ।" ਉਸ ਦੇ ਬੁੱਲਾ 'ਤੇ ਸ਼ਰਾਰਤ ਨੱਚ ਉਠੀ ਸੀ।

"ਛੱਡ ਪਰੇ ਹੁਣ ਇਨ੍ਹਾਂ ਗੱਲਾਂ ਨੂੰ ਤੇਰਾ ਘਰ ਪੱਟਿਆ ਜਾਊ , ਤੇਰੀ ਘਰਵਾਲੀ ਨੂੰ ਪਤਾ ਲੱਗ ਜਾਊ ਕਿਸੇ ਦਿਨ।" ਬਲਕਰਨ ਨੇ ਸਮਝੌਤੀ ਦਿੱਤੀ।

"ਘਰਵਾਲੀ ਤੋਂ ਬਿਲਕੁਲ ਗਊ ਹੈ ਮੇਰੀ, ਉਸੇ ਨਹੀਂ ਪਤਾ ਲਗੇਗਾ, ਮੈਂ ਉਸੇ ਟਰੈਕ ਪਰ ਜਾਣੇ ਕਾ ਬਤਾ ਕੇ ਚਲਾ ਜਾਤਾ ਹੂੰ। ਫਿਰ ਵੀ ਕਭੀ ਕਭੀ ਮਨ ਦੁਖਤਾ ਹੈ।" ਹੁਣ ਕ੍ਰਿਸ਼ਨਾ ਵਾਹਵਾ ਸ਼ਰਾਬੀ ਹੋ ਗਿਆ ਸੀ।

"ਐਨੇ ਨਜ਼ਾਰੇ ਲਈ ਜਾਨਾ, ਤੈਨੂੰ ਕਾਹਦਾ ਦੁੱਖ ਹੈ?" ਮੈਂ ਉਸ ਨੂੰ ਕਿਹਾ। ਉਸਦਾ ਗਲਾ ਰੁੰਧ ਗਿਆ, "ਸੌਰਦਾਰ ਜੀ ਸੁਜਾਤਾ ਕਹਿਤੀ ਹੈ ਕਿ ਉਸਕੇ ਬੇਟੇ ਕੀ ਸ਼ਕਲ ਮੁਜਸੇ ਮਿਲਤੀ ਹੈ, ਵੋਹ ਤੁਮਾਰਾ ਬੇਟਾ ਹੈ, ਮੁਝੇ ਵੀ ਯਹੀ ਲਗਤਾ ਹੈ, ਮੇਰਾ ਦਿਲ ਕਰਤਾ ਕਿ ਮੈਂ ਉਸ ਕੋ ਆਪਣੇ ਸੀਨੇ ਸੇ ਲਗਾਊ, ਪਰ ਵੋਹ ਮੁਝੇ ਉਸਕੇ ਪਾਸ ਨਹੀਂ ਜਾਣੇ ਦੇਤੀ ਕਿ ਕਹੀਂ ਬੱਚੇ ਕੋ ਕੁਛ ਪਤਾ ਨਾ ਚਲ ਜਾਏ, ਕਿਆ ਬਤਾਏ ਸੌਰਦਾਰ ਜੀ ਬੜਾ ਦਿਲ ਤੜਪਤਾ ਹੈ।"

ਵੇਟਰ ਇੰਨੇ ਵਿੱਚ ਖਾਣਾ ਰੱਖ ਗਿਆ। ਸਾਡੇ ਨਾਲ ਖਾਣਾ ਖਾਂਦੇ ਉਹ ਬਹੁਤ ਹਿਲ ਮਿਲ ਗਿਆ। ਅਗਲੇ ਦਿਨਾਂ ਵਿੱਚ ਉਸਨੇ ਬਤੌਰ ਗਾਈਡ ਸਾਨੂੰ ਚੰਗੀ ਸੈਰ ਕਰਵਾਈ।

"ਅਰੇ ਸੌਰਦਾਰ ਜੀ, ਇਕ ਵਾਰ ਮੇਰੇ ਸਾਥ ਟਰੈਕ ਕਰੋ ਫਿਰ ਆਪਕੋ ਪਤਾ ਲੱਗੇਗਾ ਨੇਪਾਲ ਕੀ ਸੁੰਦਰਤਾ ਕਾ।" ਉਹਨੇ ਗੱਲ ਚਲਾਈ। ਅਸੀਂ ਸਹਿਮਤ ਹੋ ਗਏ ਤਾਂ ਉਹ ਸਾਨੂੰ ਛੋਟੇ ਟਰੈਕ ਤੇ ਲੈ ਗਿਆ, "ਸੌਰਦਰ ਜੀ ਯੇਹ ਆਸਟਰੇਲੀਆ ਕੈਂਪ ਟਰੈਕ ਹੈ । ਇਸ ਕੈਂਪ ਕੀ ਚੜਾਈ ਬਹੁਤ ਤੀਖੀ ਹੈ।"

ਉਹ ਬਹੁਤ ਹੀ ਵਾਤਾਵਰਨ ਪ੍ਰੇਮੀ ਸੀ ਜਦੋਂ ਅਸੀਂ ਕਿਸੇ ਚੀਜ਼ ਨੂੰ ਛੂੰਹਦੇ ਤਾਂ ਉਹ ਸਾਨੂੰ ਰੋਕ

ਦਿੰਦਾ, "ਅਰੇ ਐਸੇ ਮਤ ਕੀਜੀਏ ਸਰਦਾਰ ਜੀ, ਕੁਦਰਤ ਕੇ ਸਾਥ ਖੇਲੇਂਗੇ ਤੋ ਕੁਦਰਤ ਆਪਕੇ ਸਾਥ ਵੀ ਖੇਲ ਸਕਤੀ ਹੈ, ਕੁਦਰਤ ਕਾ ਖੇਲ ਇਨਸਾਨ ਕੇ ਲੀਏ ਬੜਾ ਮੁਸ਼ਕਿਲ ਹੋ ਜਾਤਾ ਹੈ, ਧਿਆਨ ਸੇ।"

ਕੈਂਪ ਤੱਕ ਪਹੁੰਚਦੇ ਪਹੁੰਚਦੇ ਸਾਡੇ ਸਾਰਿਆਂ ਦੀ ਬੱਸ ਹੋ ਗਈ। ਕੈਂਪ ਵਿੱਚ ਪਹੁੰਚ ਕੇ ਮਨ ਆਨੰਦ ਨਾਲ ਭਰ ਗਿਆ। ਉਥੋਂ ਸੂਰਜ ਛਿਪਣ ਦੇ ਦ੍ਰਿਸ਼ ਨੇ ਮਨ ਮੋਹ ਲਿਆ ਸੀ। ਜਦੋਂ ਬੱਦਲ ਸਾਡੇ ਪੈਰਾਂ ਤੋਂ ਸਿਰ ਵੱਲ ਨੂੰ ਉੱਪਰ ਉੱਠੇ ਤਾਂ ਦ੍ਰਿਸ਼ ਜ਼ਿੰਦਗੀ ਭਰ ਯਾਦ ਰੱਖਣ ਵਾਲਾ ਬਣ ਗਿਆ ਸੀ। ਕੈਂਪ ਚਲਾਉਣ ਵਾਲਾ ਆਦਮੀ ਬਹੁਤ ਹੀ ਦੋਸਤਾਨਾ ਸੀ ਅਤੇ ਉਹ ਵੀ ਸ਼ਾਨਦਾਰ ਹਿੰਦੀ ਬੋਲਦਾ ਸੀ। ਸਾਨੂੰ ਸੌਣ ਲਈ ਤੰਬੂ ਤੇ ਸਲੀਪਿੰਗ ਬੈਗ ਮਿਲ ਗਏ। ਸ਼ਹਿਦ ਦੇ ਨਾਲ ਕੇਲੇ ਦੇ ਪੈਨ ਕੇਕ , ਦੁੱਧ ਦੀ ਚਾਹ ਤੇ ਨੇਪਾਲੀ ਥਾਲੀ ਖਾ ਕੇ ਸਾਨੂੰ ਲੱਗਿਆ ਕਿ ਜੇਕਰ ਅਸੀਂ ਇੱਥੇ ਨਾ ਆਉਂਦੇ ਤਾਂ ਸਾਡਾ ਨੇਪਾਲ ਟੂਰ ਬੇਕਾਰ ਹੀ ਜਾਣਾ ਸੀ। ਅਸੀਂ ਇਸ ਲਈ ਕ੍ਰਿਸ਼ਨਾ ਦੇ ਬਹੁਤ ਧੰਨਵਾਦੀ ਹੋਏ।

ਅਸੀਂ ਥੋੜ੍ਹੇ ਜਿਹੇ ਔਖੇ ਤਾਂ ਹੋਏ ਪਰ ਸਾਨੂੰ ਲੱਗਿਆ ਕਿ ਹੋਰ ਵੱਡਾ ਟਰੈਕ ਵੀ ਕੀਤਾ ਜਾ ਸਕਦਾ। ਕ੍ਰਿਸ਼ਨਾ ਨੂੰ ਮਿਲ ਕੇ ਸਾਡਾ ਨੇਪਾਲ ਆਉਣਾ ਸਫ਼ਲ ਹੋ ਗਿਆ ਸੀ। ਅਸੀਂ ਉਸ ਨਾਲ ਅਗਲੇ ਸਾਲ ਹੋਰ ਵੱਡੇ ਟਰੈਕ 'ਤੇ ਟਰੈਕਿੰਗ ਕਰਨ ਦਾ ਵਾਅਦਾ ਕਰ ਲਿਆ ਸੀ।

ਜ਼ਿੰਦਗੀ ਦੇ ਝਮੇਲਿਆਂ ਵਿੱਚ ਸਾਨੂੰ ਉਹ ਵਾਅਦਾ ਯਾਦ ਨਾ ਰਿਹਾ, ਨੇਪਾਲ ਕਿਸ ਨੇ ਜਾਣਾ ਸੀ। ਦੋ ਸਾਲ ਤਾਂ ਉਸ ਨੇ ਸਾਨੂੰ ਯਾਦ ਵੀ ਨਹੀਂ ਕੀਤਾ, ਫਿਰ ਪਤਾ ਨਹੀਂ ਕਿਉਂ ਉਸ ਦਾ ਫੋਨ ਲਗਾਤਾਰ ਬਲਕਰਨ ਕੋਲ ਆਉਣ ਲੱਗ ਪਿਆ। ਸਾਡੇ ਮਨਾਂ ਵਿੱਚ ਫੇਰ ਨੇਪਾਲ ਦੀਆਂ ਯਾਦਾਂ ਤਾਜ਼ੀਆਂ ਹੋ ਗਈਆਂ। ਸਕੂਲੋਂ ਛੁੱਟੀਆਂ ਦਾ ਪ੍ਰਬੰਧ ਕਰਕੇ ਅਸੀਂ ਅਕਤੂਬਰ ਵਿੱਚ ਦੋਵੇਂ ਫਿਰ ਕ੍ਰਿਸ਼ਨਾ ਦੇ ਸੱਦੇ ਤੇ ਟਰੈਕਿੰਗ ਕਰਨ ਲਈ ਆ ਪਹੁੰਚੇ । ਇਸ ਵਾਰ ਦਵਿੰਦਰ ਸਾਡੇ ਨਾਲ ਨਹੀਂ ਸੀ।

ਪੋਖਰਾ ਪਹੁੰਚ ਕੇ ਕ੍ਰਿਸ਼ਨਾ ਨੂੰ ਹੋਟਲ ਵਿੱਚ ਫੋਨ ਕੀਤਾ ਤਾਂ ਦੇਖਿਆ ਕਿ ਉਸਦਾ ਹੁਲੀਆ ਵਿਗੜਿਆ ਹੋਇਆ ਸੀ। ਦੋ ਸਾਲ ਪਹਿਲਾਂ ਮਿਲੇ ਕ੍ਰਿਸ਼ਨਾ ਦਾ ਸਿਰਫ ਪਰਛਾਵਾ ਮਾਤਰ ਹੀ ਦਿਖਾਈ ਦਿੰਦਾ ਸੀ। ਸਰੀਰ ਵੀ ਪਹਿਲਾ ਨਾਲੋਂ ਕਮਜ਼ੋਰ ਸੀ। ਕ੍ਰਿਸ਼ਨਾ ਸਾਨੂੰ ਮਿਲਿਆ ਤਾਂ ਸਭ ਤੋਂ ਪਹਿਲਾਂ ਉਸਨੇ ਰੌਕਸੀ ਦੀ ਮੰਗ ਰੱਖੀ, "ਅਰੇ ਸੌਰਦਾਰ ਜੀ ਪਹਿਲੇ ਲਗਾਤੇ ਆਂ, ਫਿਰ ਬਾਤ ਕਰਤੇ ਹੈ।"

ਮੈ ਉਸ ਨੂੰ ਪੈਸੇ ਦਿੱਤੇ ਤਾਂ ਉਹ ਰੋਕਸੀ ਦੀਆਂ ਦੋ ਬੋਤਲਾਂ ਫੜ ਲਿਆਇਆ ਤੇ ਤੁਰੰਤ ਹੀ ਉਸਨੇ ਗਲਾਸ ਭਰ ਕੇ ਆਪਣੇ ਅੰਦਰ ਸੁੱਟ ਲਿਆ। ਬਲਕਰਨ ਨੇ ਘਰ ਪਰਿਵਾਰ ਬਾਰੇ ਪੁੱਛਿਆ ਤਾਂ ਉਹ 'ਠੀਕ ਹੈ' ਬੋਲ ਕੇ ਹੀ ਚੁੱਪ ਕਰ ਗਿਆ। ਅਸੀਂ ਦੋਵਾਂ ਨੇ ਮਹਿਸੂਸ ਕੀਤਾ ਕਿ ਉਸ ਦੇ ਵਰਤਾਵ ਵਿੱਚ ਪਹਿਲਾਂ ਵਾਲੀ ਗੱਲ ਨਹੀਂ ਸੀ। ਕੋਈ ਕਾਰਨ ਤਾਂ ਹੈ ਕਿ ਉਹ ਚੁੱਪ ਚਾਪ ਬੈਠਾ ਹੈ। ਕੁਝ ਤਾਂ ਅਜਿਹਾ ਹੋਇਆ ਜਿਸ ਨਾਲ ਉਹ ਬਦਲਿਆ ਬਦਲਿਆ ਜਾਪਦਾ। ਪਹਿਲਾਂ ਕ੍ਰਿਸ਼ਨਾ ਗਲੋਟੇ ਵਾਂਗੂ ਉੱਧੜ ਜਾਂਦਾ ਸੀ, ਉਸਦੇ ਉਲਟ ਉਹ ਸਾਂਤ ਹੀ ਰਿਹਾ। ਸਾਨੂੰ ਉਸ ਤੋਂ ਰੰਗੀਨ ਕਿੱਸਿਆ ਦੀ ਆਸ ਸੀ ਪਰ ਉਹ ਤਾਂ ਬੋਲ ਹੀ ਮੁੱਲ ਦਾ ਰਿਹਾ ਸੀ।

"ਇਸ ਵਾਰੀ ਕਿੱਧਰ ਲੈ ਕੇ ਜਾਵੇਗਾ, ਅੰਨਪੂਰਨਾ ਬੇਸ ਕੈਂਪ ਕੈਸਾ ਰਹੇਗਾ?" ਮੈਂ ਟਰੈਕਿੰਗ ਸੰਬੰਧੀ ਜਾਣਕਾਰੀ ਲੈਣ ਲਈ ਪੁੱਛਿਆ।

"ਅਰੇ ਕਿਆ ਬਾਤ ਕਰਤੇ ਹੋ ਸੌਰਦਾਰ ਜੀ, ਵਹਿ ਤੋਂ ਕਾਫੀ ਮੁਸ਼ਕਿਲ ਟਰੈਕ ਹੈ। ਮੈਂ ਆਪਕੋ ਘੋੜੇ ਪਾਨੀ ਪੂਨ ਟਰੈਕ ਪੇ ਲੇ ਕੇ ਜਾਊਂਗਾ, ਪਾਚ ਛੇ ਦਿਨ ਕਾ ਟਰੈਕ ਹੈ।"

"ਉੱਥੇ ਕੀ ਖਾਸ ਹੈ?" ਬਲਕਰਨ ਦੇ ਬੋਲਾਂ ਵਿੱਚ ਉਤਸੁਕਤਾ ਸੀ।

"ਸਾਹਿਬ ਬਾਤ ਐਸੀ ਹੈ , ਯੇਹ ਜੀ ਘੋੜੇ ਪਾਨੀ ਪੂਨ ਪਹਾੜੀ ਟਰੈਕ ਹੈ ਨਾ , ਯੇਹ ਪੋਖਰਾ ਕਾ ਸਭ

ਸੇ ਬੜੀਆ ਟਰੈਕ ਹੈ। ਪੂਨ ਹਿੱਲ ਸੇ ਸਨਸੈੱਟ ਔਰ ਸਨਰਾਜਿੰਗ ਕਾ ਦ੍ਰਿਸ਼ ਬਹੁਤ ਸ਼ਾਨਦਾਰ ਹੋਤਾ, ਪੂਰੇ ਅੰਨਪੂਰਨਾ ਖੇਤਰ ਮੇ ਕੋਈ ਔਰ ਵਿਊ ਪੂਨ ਹਿੱਲ ਸੇ ਅੱਛਾ ਨਹੀਂ ਹੋ ਸਕਤਾ।"

ਉਸ ਨੇ ਖੁੱਲ੍ਹ ਕੇ ਦੱਸਿਆ ਤਾਂ ਅਸੀਂ ਸੰਤੁਸ਼ਟ ਹੋ ਗਏ। ਉਸ ਨੇ ਸਾਨੂੰ ਟਰੈਕਿੰਗ ਦਾ ਲੋੜੀਦਾ ਸਮਾਨ ਲੈ ਦਿੱਤਾ ਤੇ ਦੋ ਦਿਨਾਂ ਬਾਅਦ ਟਰੈਕਿੰਗ ਸ਼ੁਰੂ ਕਰਾਉਣ ਦਾ ਵਾਅਦਾ ਕਰਕੇ ਚਲਾ ਗਿਆ।

ਟਰੈਕ ਸ਼ੁਰੂ ਹੋਇਆ ਤਾਂ ਬਲਕਰਨ ਨੇ ਸਵਾਦ ਲੈਣ ਲਈ ਉਸ ਨੂੰ ਛੇੜਿਆ, "ਕ੍ਰਿਸ਼ਨਾ ਫਿਰ ਪਿਛਲੇ ਦੋ ਸਾਲਾਂ ਵਿੱਚ ਕਿੰਨੇ ਵਾਰੀ ਹੈਪੀ ਐਂਡਿੰਗ ਕੀਤੀ।"

ਉਹ ਗੱਲ ਅਣ ਸੁਣੀ ਕਰਦਾ ਚੁੱਪ ਹੀ ਰਿਹਾ। ਦੋ ਦਿਨ ਉਹ ਸਿਰਫ ਸਾਡੇ ਨਾਲ ਕੰਮ ਦੀ ਗੱਲ ਹੀ ਕਰਦਾ ਰਿਹਾ, ਦੋਵੇਂ ਦਿਨ ਅਸੀਂ ਢਾਬਿਆਂ 'ਤੇ ਰੁਕੇ ਤਾਂ ਉਹ ਸਾਡੇ ਤੋਂ ਦੂਰ ਹੀ ਸੋ ਜਾਂਦਾ।

ਹੁਣ ਜਦੋਂ ਅਸੀਂ ਟਰੈਕਿੰਗ ਕਰਦੇ ਉੱਪਰ ਜਾ ਰਹੇ ਸੀ ਕਿ ਅਚਾਨਕ ਤੇਜ ਮੀਂਹ ਨੇ ਸਾਨੂੰ ਘੇਰ ਲਿਆ। ਇੱਕ ਵਾਰ ਤਾਂ ਤੁਰਨਾ ਮੁਸ਼ਕਲ ਹੋ ਗਿਆ। ਆਸਰੇ ਲਈ ਆਸੇ ਪਾਸੇ ਨਜ਼ਰ ਮਾਰੀ ਤਾਂ ਕ੍ਰਿਸ਼ਨਾ ਨੇ ਇੱਕ ਗੁਫਾ ਲੱਭ ਲਈ ।ਅਸੀਂ ਭੱਜ ਕੇ ਉਸ ਵਿੱਚ ਸ਼ਰਨ ਲਈ। ਦਿਨ ਵੀ ਛਿਪਣਾ ਸ਼ੁਰੂ ਹੋ ਗਿਆ ਸੀ। ਥੋੜੇ ਸਮੇਂ ਲਈ ਮੀਂਹ ਘਟਿਆ ਤਾਂ ਉਹ ਕਾਫੀ ਸਾਰੀਆਂ ਲੱਕੜਾਂ ਚੁਣ ਲਿਆਇਆ। ਜਦੋਂ ਅੱਗ ਬਲੀ ਤਾਂ ਸਾਰਿਆਂ ਨੇ ਨਿੱਘ ਮਹਿਸੂਸ ਕੀਤਾ। ਅੱਗੇ ਟਰੈਕਿੰਗ ਹੋਣ ਦੇ ਅਸਾਰ ਨਜ਼ਰ ਨਹੀਂ ਆ ਰਹੇ ਸਨ। ਇਸ ਲਈ ਅਸੀਂ ਆਪਣੇ ਸਲੀਪਿੰਗ ਬੈਗ ਖੋਲ੍ਹ ਲਏ ।ਬਾਹਰ ਠੱਕਾ ਬਹੁਤ ਤੇਜ਼ ਚੱਲ ਰਿਹਾ ਸੀ। ਥੋੜ੍ਹੇ ਸਮੇਂ ਬਾਅਦ ਮੀਂਹ ਫੇਰ ਤੇਜ਼ ਹੋ ਗਿਆ। ਇੰਨੇ ਵਿੱਚ ਤੁਰਦੇ ਤੁਰਦੇ ਕੁਝ ਵਿਦੇਸ਼ੀ ਟਰੈਕਰ ਆਪਣੇ ਗਾਈਡ ਨਾਲ ਅੰਦਰ ਆ ਗਏ। ਮੈਂ ਉਹਨਾਂ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਿਆ ਕਿ ਉਹ ਜਰਮਨੀ ਹਨ ਤੇ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਨੇਪਾਲ ਵਿੱਚ ਕਈ ਵੱਡੇ ਟਰੈਕ ਕਰ ਚੁੱਕੇ ਸਨ। ਉਹ ਸਾਡੇ ਵਾਲੇ ਟਰੈਕ ਤੇ ਹੀ ਟਰੈਕਿੰਗ ਕਰਕੇ ਵਾਪਸ ਪਰਤੇ ਹਨ। ਬਲਕਰਨ ਉਹਨਾਂ ਤੋਂ ਟਰੈਕ ਬਾਰੇ ਜਾਣਕਾਰੀ ਲੈਣ ਲੱਗਾ। ਮੇਰਾ ਧਿਆਨ ਕ੍ਰਿਸ਼ਨਾ ਤੇ ਉਹਨਾਂ ਦੇ ਗਾਈਡ ਦੀਆਂ ਗੱਲਾਂ ਵੱਲ ਗਿਆ ।ਉਹ ਕਹਿ ਰਿਹਾ ਸੀ, "ਕ੍ਰਿਸ਼ਨਾ ਯੇਹ ਤੇਰਾ ਕਸਟਮਰ ਲੋਗ ਅਭ ਹਮਾਰੇ ਸਾਥ ਜਾਣੇ ਲੱਗਾ, ਪਹਿਲੇ ਤੋ ਯਹ ਸਿਰਫ ਤੇਰੇ ਸਾਥ ਹੀ ਜਾਤੇ ਥੇ।"

ਅੱਗ ਕੋਲ ਬੈਠੀ ਜਰਮਨ ਜਨਾਨੀ ਕ੍ਰਿਸ਼ਨਾ ਨੂੰ ਬਹੁਤ ਮੋਹ ਨਾਲ ਦੇਖ ਰਹੀ ਸੀ। ਬਲਕਰਨ ਨੇ ਮੇਰੇ ਵੱਲ ਸੈਣਤ ਮਾਰਦੇ ਆਖਿਆ, "ਆਹ ਵੀ ਇਹਦੀ ਹੈਪੀ ਐਂਡਿੰਗ ਵਾਲੀ ਲੱਗਦੀ ਹੈ !"

ਮੀਂਹ ਰੁਕ ਗਿਆ। ਜਰਮਨ ਟਰੈਕਰ ਤੇ ਉਹਨਾਂ ਦਾ ਗਾਈਡ ਹੇਠਾਂ ਨੂੰ ਚਲੇ ਗਏ। ਕ੍ਰਿਸ਼ਨਾ ਨੇ ਪਾਣੀ ਗਰਮ ਕੀਤਾ ਅਤੇ ਸਾਡੇ ਲਈ ਦਾਲ ਚੌਲ ਬਣਾਉਣ ਲੱਗਿਆ। ਅਸੀਂ ਰੰਮ ਦੀ ਬੋਤਲ ਕੱਢ ਕੇ ਸਰੀਰ ਗਰਮ ਕਰਨ ਲੱਗੇ। ਕ੍ਰਿਸ਼ਨਾ ਨੂੰ ਵੀ ਅਸੀਂ ਨਾਲ ਬਿਠਾ ਲਿਆ , "ਅਰੇ ਯਾਰ ਇਤਨਾ ਉਦਾਸ ਕਿਉਂ ਹੋਇਆ ਬੈਠਾ, ਚਲ ਪੈੱਗ ਲਗਾ।"

ਉਸ ਨੇ ਚੁੱਪਚਾਪ ਗਲਾਸ ਫੜ ਲਿਆ। ਦੋ ਤਿੰਨ ਪੈੱਗ ਲੱਗ ਜਾਣ ਤੋਂ ਬਾਅਦ ਉਹ ਥੋੜਾ ਜਿਹਾ ਰੌਂਅ ਵਿੱਚ ਆਇਆ ਤੇ ਸਾਡੇ ਨਾਲ ਗੱਲਾਂ ਕਰਨ ਲੱਗਿਆ। ਬਲਕਰਨ ਨੇ ਪਿਛਲੀ ਗੱਲ ਨੂੰ ਦਰਹਾਉਂਦੇ ਕਿਹਾ, "ਇੱਕ ਗੱਲ ਸੱਚੀ ਸੱਚੀ ਦੱਸੀ ਕ੍ਰਿਸਨਾ, ਉਹ ਜਰਮਨ ਜਨਾਨੀ ਵੀ ਤੇਰੀ ਹੈਪੀ ਐਂਡਿੰਗ ਵਾਲੀ ਰਹੀ ਲੱਗਦੀ ਐ।"

ਸਾਡੇ ਦੋਵਾਂ ਦੇ ਚਿਹਰਿਆਂ ਤੇ ਸ਼ਰਾਰਤ ਝਲਕ ਰਹੀ ਸੀ। ਕ੍ਰਿਸ਼ਨਾ ਬੋਲਿਆ, "ਅਰੇ ਸੋਰਦਾਰ ਜੀ ਕੋਈ ਹੈਪੀ ਐਂਡਿੰਗ ਨਹੀਂ ਹੋਤੀ, ਸਭ ਬਕਵਾਸ ਹੈ, ਸਭ ਆਦਮੀ ਕੇ ਮਨ ਕਾ ਵਹਿਮ ਹੈ , ਕੁਛ ਹੈਪੀ ਨਹੀਂ ਹੋ ਰਹਾ।"

ਕ੍ਰਿਸ਼ਨਾ ਦਾ ਇਸ ਤਰ੍ਹਾਂ ਕਹਿਣਾ ਸਾਡੇ ਲਈ ਹੈਰਾਨੀਜਨਕ ਸੀ। ਫਿਰ ਉਹ ਚੁੱਪ ਕਰਕੇ ਦਾਰੂ ਪੀਣ

ਲੱਗਾ। ਮੈਂ ਤੇ ਬਲਕਰਨ ਨੇ ਤਾਂ ਹਿਸਾਬ ਸਿਰ ਪੀਤੀ ਪਰ ਕ੍ਰਿਸ਼ਨਾ ਨੇ ਬੋਤਲ ਥੱਲੇ ਲਾ ਦਿੱਤੀ। ਬਲਕਰਨ ਦਾਰੂ ਪੀ ਕੇ ਥੋੜਾ ਜਿਹਾ ਜਜ਼ਬਾਤੀ ਹੋ ਜਾਂਦਾ । ਉਸ ਨੇ ਕ੍ਰਿਸ਼ਨਾ ਨੂੰ ਜੱਫੀ ਪਾਉਂਦੇ ਕਿਹਾ, "ਉਹ ਯਾਰ ਤੂੰ ਸਾਡਾ ਭਰਾ ਹੈ, ਐਸੀ ਦਿਲ ਛੋਟਾ ਕਰਨੇ ਵਾਲੀ ਬਾਤੇ ਕਿਉਂ ਕਰਤਾ ਹੈ, ਔਰ ਯੇਹ ਤੁਮ ਹੈਪੀ ਐਂਡਿੰਗ ਕੋ ਬਕਵਾਸ ਕਿਉ ਕਹਿ ਰਹੇ ਹੋ? ਪਹਿਲੇ ਤੋ ਬੜੀ ਤਾਰੀਫ ਕਰਤੇ ਥੇ।"

"ਅਰੇ ਸੌਰਦਾਰ ਜੀ ਕਿਆ ਬਤਾਏ, ਸਾਲੀ ਹੈਪੀ ਐਂਡਿੰਗ ਨੇ ਤੋਂ ਜ਼ਿੰਦਗੀ ਬਰਬਾਦ ਕਰ ਦੀ।" ਕ੍ਰਿਸ਼ਨ ਰੋਣ ਹਾਕਾ ਹੋ ਗਿਆ।

"ਕਿਉਂ , ਕੀ ਹੋ ਗਿਆ?" ਮੈਂ ਪੁੱਛਿਆ।

"ਸੌਰਦਰ ਜੀ ਪਿਛਲੇ ਸਾਲ ਮੈਂ ਆਇਰਲੈਂਡ ਕੀ ਦੋ ਗੋਰੀਓਂ ਕੋ ਟਰੈਕ ਪੇ ਲੇ ਕੇ ਗਿਆ ਥਾ, ਹਮਨੇ ਖ਼ੂਬ ਅੱਛੇ ਸੇ ਟਰੈਕਿੰਗ ਕਿਆ, ਮੈਂ ਉਨਕਾ ਪੋਰਟਰ ਔਰ ਗਾਈਡ ਦੋਨੋਂ ਥਾ, ਉਹਨਾਂ ਨੇ ਮੁਝੇ ਅੱਛੇ ਪੈਸੇ ਦੀਏ, ਹਮਾਰਾ ਟਰੈਕ ਦੋ ਦਿਨ ਜਲਦੀ ਖਤਮ ਹੋ ਗਿਆ, ਜਬ ਮੈਂ ਘਰ ਪਹੁੰਚਾ ਤੋ ਦੇਖਾ, ਸਰਲਾ ਕੇ ਗਾਵ ਸੇ ਮੇਰੇ ਸਾਲੇ ਕਾ ਦੋਸਤ ਰਮੇਸ਼ ਪਹੁੰਚਾ ਹੂਆ ਥਾ , ਬੱਚੇ ਬਾਹਰ ਖੇਲ ਰਹੇ ਥੇ ਔਰ ਦੋਨੋਂ ਬੜੇ ਤਕੱਲਫ ਸੇ ਬੈਠੇ ਥੇ , ਮੇਰੇ ਕੋ ਦੇਖਤੇ ਰਮੇਸ਼ ਬਹਾਨੇ ਬਣਾਤਾ ਹੁਆ ਨਿਕਲ ਗਿਆ, ਮੇਰੇ ਕੋ ਸ਼ੱਕ ਹੋ ਗਿਆ ਜਬ ਮੈਨੇ ਪਤਾ ਕਿਆ ਤੋ ਮੇਰੇ ਕੋ ਪਤਾ ਚਲਾ,ਵੋਹ ਸਾਲਾ ਸਰਲਾ ਕਾ ਪ੍ਰੇਮੀ ਹੈ।"

"ਆਹ ਤਾਂ ਬਈ ਮਾੜਾ ਕੰਮ ਹੋਇਆ।" ਬਲਕਰਨ ਨੇ ਉਸ ਨੂੰ ਦਿਲਾਸਾ ਦਿੱਤਾ ।

"ਸਾਲਾ ਉਸ ਦਿਨ ਸੇ ਸੁਖ ਚੈਨ ਸਭ ਖਤਮ ਹੋ ਗਿਆ, ਮੈਂ ਉਸਕੀ ਤਸਵੀਰ ਸੇ ਆਪਣੇ ਛੋਟੇ ਬੇਟੇ ਕੀ ਸ਼ਕਲ ਮਿਲਾਤਾ ਹੂ ਤੋਂ ਬਿਲਕੁਲ ਉਸ ਜੈਸੀ ਲਗਤੀ ਹੈ , ਸਰਲਾ ਕੋ ਮੈਨੇ ਬਹੁਤ ਪੀਟਾ।"

"ਅਰੇ ਯਾਰ ਪੀਟਣਾ ਕਿਉਂ ਸਮਝਾਣਾ ਥਾ ਉਸੇ।" ਮੇਰੇ ਮੂੰਹੋਂ ਨਿਕਲਿਆ।

"ਗੁੱਸਾ ਹੀ ਇਤਨਾ ਆ ਗਿਆ ਥਾ ਕਿਆ ਕਰਤਾ, ਬੋ ਬੋਲੀ ਮੈਂ ਜਾਣਤੀ ਹੂੰ ਤੂੰ ਕਹਾ ਕਹਾਂ ਜਾਤਾ ਹੈ, ਛੱਤ ਪੇ ਜਾ ਕੇ ਸੁਜਾਤਾ ਕੋ ਫੋਨ ਕਰਤਾ ਹੈ ਔਰ ਦੋਸਤੋ ਕੋ ਗੋਰੀਆਂ ਕੇ ਕਿੱਸੇ ਸੁਣਾਤਾ ਹੈ, ਮੈਂ ਕਹਾਂ ਜਾਤੀ ਮੁਝੇ ਵੀ ਤੋ ਖ਼ੁਸ਼ੀ ਚਾਹੀਏ। ਸਾਲਾ ਮੇਰਾ ਦਿਮਾਗ ਘੁੰਮ ਗਿਆ, ਰੋਜ ਲਫੜਾ ਲੜਾਈ ਝਗੜਾ, ਉਸੇ ਮੈਂ ਬੱਚੋਂ ਕੇ ਕਾਰਨ ਛੋੜ ਨਹੀਂ ਸਕਤਾਂ, ਅਬ ਮੇਰਾ ਕੁਛ ਵੀ ਕਰਨੇ ਕੋ ਦਿਲ ਨਹੀਂ ਕਰਤਾ, ਮੈਨੇ ਸਾਲਾ ਜ਼ਨਾਨੀ ਲੋਗ ਕੇ ਸਾਥ ਟਰੈਕਿੰਗ ਕਰਨਾ ਵੀ ਬੰਦ ਕਰ ਦੀਆ, ਸਾਲਾ ਹੈਪੀ ਐਂਡਿੰਗ ਕੇ ਚੱਕਰ ਮੇ ਘਰ ਪੇ ਧਿਆਨ ਹੀ ਨਹੀਂ ਦੇ ਪਾਇਆ, ਬਹੁਤ ਬਰਬਾਦੀ ਹੋ ਗਿਆ, ਕਭੀ ਕਭੀ ਸੋਚਤਾਂ ਹੂੰ, ਸਾਰਾ ਕਸੂਰ ਹੀ ਮੇਰਾ ਹੈ, ਇਕ ਸਾਲ ਸੇ ਬਿਲਕੁਲ ਕਹੀ ਨਹੀ ਗਿਆ, ਜੋ ਪੈਸਾ ਜ਼ਮਾ ਕੀਆ ਥਾ ਵੁਹ ਖਤਮ ਹੋ ਗਿਆ, ਆਪ ਲੋਗ ਕੀ ਯਾਦ ਆਈ ਤੋ ਫੋਨ ਕੀਆ, ਸੋਚਾ ਆਪ ਸੌਰਦਾਰ ਲੋਗ ਅੱਛੇ ਆਦਮੀ ਹੈ ਮੇਰੇ ਕੋ ਭਾਈ ਜੈਸਾ ਪਿਆਰ ਦੀਆ, ਆਪਕੇ ਸਾਥ ਕੁਝ ਦਿਨ ਰਹੂੰਗਾ ਤੋ ਮਨ ਠੀਕ ਹੋ ਜਾਏਗਾ ਔਰ ਕੁਛ ਪੈਸੇ ਵੀ ਕਮਾ ਲੂਗਾ।"

ਇਹ ਕਹਿੰਦੇ ਉਸਨੇ ਹਿਚਕੀ ਲਈ ਤੇ ਮੇਰੇ ਗਲ ਲੱਗ ਕੇ ਰੋਣ ਲੱਗਿਆ। ਬਲਕਰਨ ਨੇ ਉਸ ਨੂੰ ਹੌਸਲਾ ਦੇਣ ਲਈ ਉਸਦੀ ਬਾਂਹ ਥਪਥਪਾਈ ਤਾਂ ਮੇਰਾ ਧਿਆਨ ਬਾਂਹ ਤੇ ਉਕਰੇ ਅੰਗਰੇਜ਼ੀ ਦੇ ਅੱਖਰਾਂ ਵੱਲ ਗਿਆ। ਉਥੇ ਅੱਖਰਾਂ ਦੀ ਬਜਾਏ ਕਾਲੇ ਰੰਗ ਦਾ ਪੋਚਾ ਮਾਰ ਕੇ ਅੱਖਰਾਂ ਨੂੰ ਮਿਟਾਇਆ ਹੋਇਆ ਸੀ। ਦੂਜੇ ਪਾਸੇ ਦਾਲ ਚੌਲ ਵਾਲਾ ਪਾਣੀ ਉਬਲ ਕੇ ਚੁੱਲ੍ਹੇ ਵਿੱਚ ਪਿਆ ਤੇ ਅੱਗ ਬੁਝ ਗਈ। ਪੂਰੀ ਗੁਫਾ ਵਿੱਚ ਧੂੰਆਂ ਹੀ ਧੂੰਆਂ ਹੋ ਗਿਆ। ਸਾਡੀਆਂ ਅੱਖਾਂ ਵਿੱਚੋਂ ਵੀ ਪਾਣੀ ਨਿਕਲ ਆਇਆ। *

(**ਸੰਪਰਕ-94170-81419**)



## ਕਹਾਣੀ / ਘਰ/ - ਮਨਦੀਪ ਰਿੰਪੀ



ਉਹ ਸੋਚਦੀ ਜਦ ਉਹਦੀ ਕੋਈ ਗ਼ਲਤੀ ਨੀਂ, ਕੋਈ ਕਸੂਰ ਨੀਂ ਫੇਰ ਐਵੇਂ ਅਗਲੇ ਦੇ ਪੈਰੀਂ ਪਈ ਜਾਵੇ। ਨਾਲ਼ੇ ਉਂਝ ਵੀ ਉਹਦੇ ਉੱਤੇ ਕਿਤੇ ਜਿਆਦਾ ਬੋਝ ਕੰਮ ਦਾ! ਮੈਂ ਵੀ ਤਾਂ ਦਫ਼ਤਰ ਜਾਂਦੀ। ਉੱਥੇ ਫਾਇਲਾਂ ਨਾਲ਼ ਮੱਥਾ ਮਾਰਦੀ ਨਾਲ਼ੇ ਆਪਣੇ ਅਫ਼ਸਰ ਦੀਆਂ ਖਰੀਆਂ-ਖੋਟੀਆਂ ਸੁਣਦੀ, ਆਖੇ ਤੁਹਾਡਾ ਧਿਆਨ ਨੀਂ ਹੁੰਦਾ ਅੱਜ ਕਲ੍ਹ ਕੰਮ 'ਚ? ਤੁਸੀਂ ਫਲਾਣੀ ਰਿਪੋਰਟ ਨੀਂ ਤਿਆਰ ਕੀਤੀ? ਢਮਕਾਣੀ ਰਿਪੋਰਟ ਬਾਰੇ ਅੱਗੇ ਡਾਕ ਨੀਂ ਭੇਜੀ? ਜੇਕਰ ਉੱਪਰੋਂ ਹੈਡ ਆਫਿਸ ਤੋਂ ਫ਼ੋਨ ਆਇਆ ਤੁਸੀਂ ਆਪ ਜਵਾਬ-ਦੇਹ ਹੋਵੋਗੇ। ਕੱਢੀ ਜਾਇਓ ਮੁੱਖ ਦਫ਼ਤਰ ਦੇ ਚੱਕਰ। ਤੁਹਾਨੂੰ ਜਾਣਾ ਪੈਣਾ। ਆਪਣੇ ਸਟਾਫ਼ ਦੀਆਂ ਗ਼ਲਤੀਆਂ ਮੈਂ ਕਿਉਂ ਭੁਗਤਾ?, ਮੈਂ ਤਾਂ ਕਦੇ ਨੀਂ ਦਫ਼ਤਰ ਦੇ ਕੰਮਾਂ ਦਾ ਰੋਣਾ ਘਰ ਢੋਂਦੀ। ਦਫ਼ਤਰ ਦੇ ਕੰਮ ਦਫ਼ਤਰ ਛੱਡ ਕੇ ਅਉਂਦੀ।

ਸੁਧੀਰ ਜਦੋਂ ਦਫ਼ਤਰੋਂ ਘਰ ਆਇਆ ਉਹਨੇ ਅੱਜ ਵੀ ਹਮੇਸ਼ਾ ਵਾਂਗੂੰ ਮੂੰਹ ਗ਼ੁਬਾਰੇ ਜਿਹਾ ਫੁਲਾਇਆ ਹੋਇਆ ਪਰ ਹੁਣ ਮਾਲਤੀ ਵੀ ਬਹੁਤੀ ਪ੍ਰਵਾਹ ਨੀਂ ਕਰਦੀ। ਇਹ ਕਿਹੜਾ ਇੱਕ ਦਿਨ ਦੀ ਗੱਲ! ਇਹ ਤਾਂ ਹੁਣ ਹਰ ਰੋਜ਼ ਦਾ ਈ ਕਿੱਸਾ ਐ। ਕਿੰਨੀ ਕੁ ਪ੍ਰਵਾਹ ਕਰੀ ਜਾਵੇ ਕੋਈ ਕਿਸੇ ਦੀ! ਉਹ ਵੀ ਬਗੈਰ ਮਤਲਬ

ਦੇ।

ਛੇ ਕੁ ਮਹੀਨੇ ਹੋਏ ਇੱਕ ਦਿਨ ਮਾਲਤੀ ਨੇ ਬਿਜਲੀ ਦਾ ਬਿੱਲ ਭਰਵਾਉਣ ਲਈ ਦਿੱਤਾ ਤੇ ਜਦੋਂ ਥੋੜੇ ਦਿਨਾਂ ਬਾਅਦ ਕੱਪੜੇ ਧੋਣ ਲੱਗੀ, ਬਿੱਲ ਉਸੇ ਤਰਾਂ ਜੇਬ 'ਚੋਂ ਬਾਹਰ ਨਿਕਲਿਆ ਜਿਵੇਂ ਦਿੱਤਾ ਸੀ

"ਤੁਸੀਂ ਬਿੱਲ ਜ਼ਮਾਂ ਨੀਂ ਕਰਾਇਆ?"

"ਟਾਈਮ ਨੀਂ ਮਿਲਿਆ।"

"ਮੈਨੂੰ ਦੱਸ ਦਿੰਦੇ, ਮੈਂ ਕਰਵਾ ਅਉਂਦੀ।"

"ਹੁਣ ਕਿਹੜਾ ਮੇਲਾ ਵਿਛੜ ਚੱਲਿਆ! ਹੁਣ ਕਰਵਾ ਆਈਂ।"

ਉਸ ਦਿਨ ਤੋਂ ਬਾਅਦ ਬਿਜਲੀ ਦਾ ਬਿੱਲ, ਪਾਣੀ ਦਾ ਬਿੱਲ, ਹਾਊਸ ਟੈਕਸ ਉਹ ਆਪੇ ਭਰਵਾਉਣ ਲੱਗੀ। ਸਿਲੰਡਰ ਭਰਵਾਉਣ ਲਈ ਮੁੜ-ਮੁੜ ਕਹਿਣਾ ਪੈਂਦਾ। ਜਦੋਂ ਕਹਿੰਦੀ ਸੁਧੀਰ ਕੋਈ ਜਵਾਬ ਨਾ ਦਿੰਦਾ। ਉਲਟਾ ਮੱਥਾ ਕਈ ਲਕੀਰਾਂ ਵਿੱਚ ਖਿੱਚਿਆ ਜਾਂਦਾ। ਉਹਨੇ ਸਿਲੰਡਰ ਲਈ ਤਰਲੇ ਕਰਨੇ ਵੀ ਛੱਡ ਦਿੱਤੇ। ਦਫ਼ਤਰੋਂ ਆਉਂਦੀ ਦੂਏ ਤੀਏ ਦਿਨ ਮੰਡੀ ਵੱਲ ਘੁੰਮ ਜਾਂਦੀ, ਸਬਜ਼ੀਆਂ ਦਾ ਝੋਲਾ ਭਰ ਲਿਆਉਂਦੀ। ਸ਼ੁਰੂ-ਸ਼ੁਰੂ 'ਚ ਜਦੋਂ ਉਹ ਸੁਧੀਰ ਦੇ ਮੱਥੇ 'ਤੇ ਸੁੰਗੜੀਆਂ ਲਕੀਰਾਂ 'ਚ 'ਕੱਠਾ ਹੋਇਆ ਮਾਸ ਵੇਖਦੀ ਤਾਂ ਆਦਤ ਤੋਂ ਮਜ਼ਬੂਰ 'ਪਤਨੀ ਧਰਮ' ਨਿਭਾਉਂਦਿਆਂ ਪੁੱਛ ਬੈਠਦੀ, "ਕੀ ਗੱਲ ! ਤੁਸੀਂ ਠੀਕ ਹੋ ?"

"ਕਿਉਂ ਮੈਨੂੰ ਕੀ ਹੋਇਆ? ਚੰਗਾ ਭਲਾ ਦਫ਼ਤਰੋਂ ਆਇਆ।" ਅੰਦਰਲਾ ਮਰਦ ਫ਼ੁੰਕਾਰਦਾ।

"ਮੈਨੂੰ ਲੱਗਿਆ ਤੁਸੀਂ ਪ੍ਰੇਸ਼ਾਨ ਹੋ!" ਉਹ ਸੰਸਾ ਦੱਸਦੀ।

ਸੁਧੀਰ ਮੋੜਵਾਂ ਜੁਆਬ ਨਾ ਦਿੰਦਾ ਤੇ ਭੂੰਨਵੱਟਾ ਜਿਹਾ ਬਣ ਚੁੱਪ- ਚਾਪ ਬਾਥਰੂਮ 'ਚ ਜਾ ਵੜਦਾ। ਜਦੋਂ ਬਾਥਰੂਮ 'ਚੋਂ ਬਾਹਰ ਆਉਂਦਾ, ਉਹ ਉਹਨੂੰ ਚਾਹ- ਪਾਣੀ ਪੁੱਛਦੀ ਪਰ ਸੁਧੀਰ ਬਿਨਾਂ ਕੋਈ ਹੁੰਗਾਰਾ ਭਰੇ, ਬੈੱਡ ਰੂਮ 'ਚ ਜਾ ਟੀ. ਵੀ. ਦਾ ਸਵਿੱਚ ਆਨ ਕਰ ਰਿਮੋਟ 'ਤੇ ਉਂਗਲਾ ਮਾਰਨ 'ਚ ਰੁੱਝ ਜਾਂਦਾ। ਮਾਲਤੀ ਵੀ ਬਿਨਾਂ ਕੋਈ ਹੋਰ ਸਵਾਲ ਜਵਾਬ ਕੀਤਿਆ ਰਸੋਈ ਵੱਲ ਤੁਰ ਪੈਂਦੀ।

ਬੈੱਡ 'ਤੇ ਬੈਠੇ ਨੂੰ ਹੀ ਰੋਟੀ ਦਿੰਦੀ ਤੇ ਜੂਠੇ ਭਾਂਡੇ ਸਾਂਭਦੀ। ਜਦ ਨੂੰ ਰਸੋਈ ਦਾ ਕੰਮ ਮੁਕਾ ਸੌਣ ਲਈ ਕਮਰੇ 'ਚ ਜਾਂਦੀ ਸੁਧੀਰ ਘਰਾੜੇ ਮਾਰ ਰਿਹਾ ਹੁੰਦਾ। ਮਾਲਤੀ ਟੀ.ਵੀ.ਬੰਦ ਕਰ ਚੁੱਪ- ਚਾਪ ਉਹਦੇ ਨੇੜੇ ਨੂੰ ਹੋ ਪੈ ਜਾਂਦੀ। ਸੁਧੀਰ ਸਾਰੀ ਰਾਤ ਘਰਾੜਿਆਂ 'ਚ ਕੱਢ ਦਿੰਦਾ। ਘਰਾੜਿਆ? ਦੇ ਰੌਲ਼ੇ-ਗੌਲ਼ੇ 'ਚ ਮਾਲਤੀ ਦੀ ਅੱਧੀ ਕੁ ਰਾਤ ਜਾ ਕੇ ਅੱਖ ਲੱਗਦੀ। ਅੱਗੇ ਤਾਂ ਕਈ ਵਾਰ ਮਾਲਤੀ ਗੂੜੀ ਨੀਂਦ 'ਚ ਗੁਆਚੀ ਹੁੰਦੀ ਤਾਂ ਕਦੇ-ਕਦਾਈਂ ਸੁਧੀਰ ਦੀ ਲੋੜ ਜਾਗ ਉੱਠਦੀ ਜਿਹੜੀ ਮਾਲਤੀ ਨੂੰ ਜਾਗਣ ਲਈ ਮਜਬੂਰ ਕਰਦੀ ਪਰ ਏਸ ਲੋੜ ਦੀ ਪੂਰਤੀ ਹੁੰਦਿਆਂ ਹੀ ਉਹ ਮੁੜ ਪਿੱਠ ਮਰੋੜ ਕੇ ਸੌਂ ਜਾਂਦਾ। ਪਰ ਮਾਲਤੀ ਨੂੰ ਕਿੰਨਾ-ਕਿੰਨਾ ਚਿਰ ਨੀਂਦ ਨਾ ਅਉਂਦੀ।

ਇੱਕ ਦਿਨ ਮਾਲਤੀ ਨੇ ਆਪਣੇ ਹੀ ਮਨ ਦੀ ਭੜਾਸ ਕੱਢ ਹੀ ਦਿੱਤੀ, "ਤੁਹਾਨੂੰ ਸਿਰਫ ਏਸ ਇੱਕੋ ਕੰਮ ਲਈ ਜ਼ਰੂਰਤ ਐ ਮੇਰੀ! ਉਂਜ ਮੈਂ ਚਾਹੇ ਮਰਾਂ ਜਾਂ ਜੀਆਂ! ਤੁਹਾਨੂੰ ਕੀ ਫ਼ਰਕ? ਤੁਹਾਡਾ ਮਨ ਹੈ ਤਾਂ ਮੈਂ ਵਿਛ ਜਾਵਾਂ ਤੁਹਾਡੇ ਮੂਹਰੇ! ਕੀ ਮੇਰੀ ਕੋਈ ਇੱਛਾ ਨੀਂ? ਕਦੇ ਮੈਨੂੰ ਪੁੱਛਿਆ? ਜਦੋਂ ਜੀਅ ਕੀਤਾ ਇਸਤੇਮਾਲ ਕੀਤਾ ਤੇ ਸੁੱਟ ਦਿੱਤਾ। ਮੇਰਾ ਵੀ ਜੀਅ ਕਰਦੈ ਤੁਸੀਂ ਮੇਰੇ ਨਾਲ ਦੋ ਘੜੀਆਂ ਮੇਰੇ ਮਨ ਦੀਆਂ ਬੁੱਝੋ, ਮੇਰੀਆਂ ਸੁਣੋ।"

"ਅੱਛਾ! ਕੀ ਨੀਂ ਕਰਦਾ ਮੈਂ ਤੇਰੇ ਲਈ? ਵਧੀਆ ਘਰ ਦੀ ਮਾਲਕਿਨ ਬਣ ਗਈ, ਗੱਡੀ ਐ ਤੇਰੇ ਕੋਲ, ਹਰ ਸੁੱਖ ਸਹੂਲਤ ਹੈ, ਹੁਣ ਹੋਰ ਕੀ ਚਾਹੀਦਾ?"

"ਤੁਹਾਡਾ ਪਿਆਰ, ਤੁਹਾਡਾ ਵਕਤ।"

"ਇਹ ਪਿਆਰ ਨੀਂ ! ਹੋਰ ਕੀ ਆ?"

"ਸਰੀਰਕ ਸਾਂਝ ਦਾ ਮਤਲਬ ਪਿਆਰ ਨੀਂ ਹੁੰਦਾ ਤੇ ਨਾ ਹੋ ਸਕਦਾ, ਮੈਨੂੰ ਤੁਹਾਡੇ ਮਨ 'ਚ ਆਪਣੇ ਲਈ ਪਿਆਰ ਚਾਹੀਦਾ, ਤੁਹਾਡੀਆਂ ਅੱਖਾਂ 'ਚ ਮੋਹ ਚਾਹੀਦੇ, ਮੈਂ ਜਦੋਂ ਵੀ ਤੁਹਾਨੂੰ ਵੇਖਦੀ ਮੈਨੂੰ ਇੰਝ ਲੱਗਦੈ ਜਿਵੇਂ ਤੁਸੀਂ ਮੇਰੇ ਬਹੁਤ ਕਰੀਬ ਹੋ ਕੇ ਵੀ ਮੈਥੋਂ ਬਹੁਤ ਦੂਰ ਹੋ, ਮਨਾਂ 'ਚ ਫ਼ਾਸਲੇ ਨਹੀਂ ਚਾਹੀਦੇ, ਪੂਰ ਦਿਓ ਇਹ ਮਨਾਂ ਦੀਆਂ ਦੂਰੀਆਂ ਆਪਣੇ ਪ੍ਰੇਮ ਨਾਲ।"

"ਤੂੰ ਬਹੁਤੀ ਫ਼ਿਲਾਸਫੀ ਨਾ ਝਾੜ, ਇਹ ਫ਼ਿਲਮੀ ਡਾਇਲਾਗ ਕਿਤੇ ਹੋਰ ਜਾ ਕੇ ਮਾਰ। ਮੈਂ ਜਿੱਦਾਂ ਦਾ ਹਾਂ ਠੀਕ ਹਾਂ।" ਸੁਧੀਰ ਦਾ ਰਵੱਈਆ ਹੋਰ ਵੀ ਬਦਲ ਗਿਆ।

ਉਹ ਸੋਚਦੀ ਰਹਿੰਦੀ ...ਮੈਂ ਸੁਧੀਰ ਦੇ ਸੁਭਾਅ ਨੂੰ ਹਾਲੇ ਤੱਕ ਸਮਝ ਕਿਉਂ ਨਾ ਸਕੀ? ਤਿੰਨ ਵਰ੍ਹੇ ਹੋਣ ਲੱਗੇ ਸਾਨੂੰ ਵਿਆਹ ਨਾਂ ਦੀ ਇਸ ਤੰਦ 'ਚ ਪ੍ਰੋਇਆਂ ਨੂੰ ਪਰ ਫੇਰ ਵੀ ਇਹ ਆਪਣੇ ਮਨ ਦੀਆਂ ਗੱਲਾਂ ਮੇਰੇ ਨਾਲ ਸਾਂਝੀਆਂ ਕਿਉਂ ਨੀਂ ਕਰਦੇ?

ਉਹ ਸੋਚਦੀ ਉਹਨਾਂ ਦੋਵਾਂ ਵਿੱਚ ਅੱਜ ਤਾਈਂ ਜਿੰਨੀ ਵਾਰ ਵੀ ਸੰਬੰਧ ਬਣੇ, ਹਮੇਸ਼ਾ ਸੁਧੀਰ ਦੀ ਮਰਜ਼ੀ ਦੇ ਹੁੰਦੇ ।ਸੁਧੀਰ ਦੀ ਪਹਿਲ ਨੂੰ ਉਹਨੇ ਆਪਣੀ ਮਰਜ਼ੀ ਮੰਨ ਲਿਆ। ਉਹਦੀ ਇੱਛਾ ਜਾਂ ਸਹਿਮਤੀ ਬਾਰੇ ਉਹਨੂੰ ਕਦੇ ਨਹੀਂ ਪੁੱਛਿਆ ਉਹਨੇ ਤੇ ਨਾ ਹੀ ਮੈਂ ਕਦੇ ਇਨਕਾਰ ਕਰਨ ਦੀ ਹਿਮਾਕਤ ਕਰ ਸਕੀ ਸਾਂ ਪਤਨੀ ਧਰਮ ਨਿਭਾਉਂਦਿਆ। ਹੱਕ ਹੈ ਸੁਧੀਰ ਦਾ ਮੇਰੇ 'ਤੇ ... ਉਹ ਕਿਹੜਾ ਕੋਈ ਗੈਰ ਐ ! ਜਿਹੜਾ ਮੈਂ ਨੱਕ-ਬੁੱਲ੍ਹ ਕੱਢਾਂ। ਮੁੱਕਦੀ ਗੱਲ ਇਹ ਸੀ ਕਿ ਉਹ ਉਹਦਾ ਪਤੀ ਪਰਮੇਸ਼ਵਰ ਸੀ ਤੇ ਪਰਮੇਸ਼ਵਰ ਨੂੰ ਨਰਾਜ਼ ਕਿਵੇਂ ਕਰ ਸਕਦੀ ਸੀ ਉਹ? ਪਤੀ ਪਰਮੇਸ਼ਵਰ ਆਪਣਾ ਮਤਲਬ ਕੱਢਦਾ ਤੇ ਨੀਂਦ ਨੂੰ ਗਲਵਕੜੀ ਪਾ ਲੈਂਦਾ ਤੇ ਉਹ ਸਾਰੀ-ਸਾਰੀ ਰਾਤ ਪਾਸੇ ਵੱਟਦੀ ਰਹਿੰਦੀ ਤੇ ਮਸਾਂ ਹੀ ਨੀਂਦ ਉਹਦੀ ਝੋਲੀ ਪੈਂਦੀ।

ਕਈ ਵਾਰ ਉਹਦੀ ਸੋਚ ਪੁੱਠਾ ਗੇੜਾ ਕੱਢਦੀ ਤੇ ਉਹ ਸੋਚਦੀ ... ਕੀ ਉਹ ਹੱਡ ਮਾਸ ਦੇ ਬੁੱਤ ਤੋਂ ਵੱਧ ਕੁਝ ਨਹੀਂ ! ਉਹਦਾ ਰਿਮੋਟ ਕੰਟਰੋਲ ਕਿਸੇ ਹੋਰ ਦੇ ਹੱਥ ਤੇ ਉਹ ਕਿਸੇ ਹੋਰ ਨੇ ਉਹਨੂੰ ਕੇਵਲ ਇਸਤੇਮਾਲ ਕਰਨ ਲਈ ਹੀ ਰੱਖਿਆ ਹੋਇਆ? ਤੇ ਫੇਰ ਉਹ ਆਪ ਹੀ ਆਪਣੇ ਆਪ ਨੂੰ ਦਿਲਾਸਾ ਦਿੰਦੀ ...ਫ਼ੇਰ ਕੀ ਹੋਇਆ ! ਮੇਰੇ ਮਾਂ-ਪਿਓ ਦਾ ਰਿਸ਼ਤਾ ਵੀ ਅਜਿਹਾ ਹੀ ਸੀ ਸ਼ਾਇਦ ! ਮੇਰਾ ਪਿਓ ਵੀ ਕਿੱਥੇ ਮੇਰੀ ਮਾਂ ਨੂੰ ਪੁੱਛਦਾ ਸੀ ? ਉਹ ਵੀ ਤਾਂ ਉਹਦੀ ਲਾਹ- ਪਾਹ ਕਰਨ ਲੱਗਿਆ ਦੇਰ ਨਹੀਂ ਸੀ ਲਾਉਂਦਾ... ਉਹ ਤਾਂ ਕਦੇ ਨਾ ਕੁਸਕੀ ਮੇਰੇ ਪਿਓ ਸਾਹਮਣੇ ... ਜਦ ਮੇਰੀ ਮਾਂ ਕੱਟ ਗਈ ਆਪਣੇ ਜੀਵਨ ਸਾਥੀ ਨਾਲ? ਤਾਂ ਮੈਂ ਕਿਉਂ ਨੀ ਕੱਟ ਸਕਦੀ? ਉਹ ਆਪਣੇ ਆਪ ਨੂੰ ਸਵਾਲ ਪਾਉਂਦੀ ।

ਉਹ ਭਾਵੇਂ ਹੂਰ ਪਰੀ ਤਾਂ ਨਹੀਂ ਸੀ ਪਰ ਫੇਰ ਵੀ ਸਾਂਵਲਾ ਰੰਗ ਉਹਦੇ ਬਹੁਤ ਜੱਚਦਾ ਸੀ। ਉਹਦੇ ਤਿੱਖੇ ਨੈਣ ਨਕਸ਼ ਹਰ ਕਿਸੇ ਨੂੰ ਮੱਲੋ- ਮੱਲੀ ਆਪਣੇ ਵੱਲ ਖਿੱਚਦੇ ਤੇ ਉੱਤੋਂ ਉਹਦਾ ਹੱਸਮੁਖ ਸੁਭਾਅ ਉਹਦੀ ਸ਼ਖ਼ਸੀਅਤ ਨੂੰ ਹੋਰ ਨਿਖਾਰਦਾ। ਕਾਲਜ ਟਾਇਮ 'ਚ ਉਹਨੂੰ ਕਈਆਂ ਨੇ ਪ੍ਰਪੋਜ਼ ਕੀਤਾ ਪਰ ਉਹ ਹਮੇਸ਼ਾ ਟੁੱਟ ਕੇ ਪੈ ਜਾਂਦੀ। ਉਹ ਅਜਿਹੇ ਰਿਸ਼ਤਿਆਂ ਨੂੰ ਮਾਪਿਆ ਨਾਲ ਧੋਖਾ ਕਰਾਰ ਦਿੰਦੀ। ਆਪਣੀ ਜਮਾਤ ਦੀਆਂ ਕੁੜੀਆਂ ਨੂੰ ਜਦੋਂ ਮੁੰਡਿਆਂ ਨਾਲ ਹਾਸੇ-ਠੱਠੇ ਕਰਦਿਆਂ ਵੇਖਦੀ ਤਾਂ ਨਸੀਹਤਾਂ ਝਾੜਨ ਲੱਗਦੀ। ਕੁੜੀਆਂ ਨੇ ਉਹਦਾ ਨਾਂ 'ਦਾਦੀ ਅੰਮਾ' ਤੇ 'ਭੈਣ ਜੀ' ਪਕਾ ਦਿੱਤਾ। ਭਾਵੇਂ ਉਹ ਕਈ ਵਾਰ ਕਿਸੇ-ਕਿਸੇ ਮੁੰਡੇ ਵੱਲ ਖਿੱਚੀ ਜਾਂਦੀ, ਉਮਰ ਹੀ ਅਜਿਹੀ ਸੀ ਪਰ ਉਹ ਛੇਤੀ ਹੀ ਆਪਣੇ ਮਨ 'ਤੇ ਕਾਬੂ ਪਾ, ਲੀਹ 'ਤੇ ਆ ਜਾਂਦੀ। ਉਹ ਜਾਂ ਤਾਂ ਪੜ੍ਹਾਈ 'ਚ ਡੁੱਬੀ ਰਹਿੰਦੀ ਜਾਂ ਫੇਰ ਮਾਪਿਆਂ ਦੀਆਂ ਨਸੀਹਤਾਂ ਦੀ ਥੈਲੀ ਮੋਢਿਆਂ 'ਤੇ ਚੁੱਕੀ ਰੱਖਦੀ।

ਕਮੇਟੀ ਦਫ਼ਤਰ 'ਚ ਕਲਰਕ ਦੀ ਨੌਕਰੀ ਮਿਲਦਿਆਂ ਹੀ, ਉਹਦੇ ਪਿਓ ਨੇ ਮੁੰਡਾ ਵੇਖ ਬਿਨਾਂ ਉਹਦੀ ਹਾਂ-ਨਾਹ ਪੁੱਛਿਆ ਵਿਆਹ ਦਿੱਤੀ। ਪਹਿਲਾਂ- ਪਹਿਲ ਸੁਧੀਰ ਉਹਨੂੰ ਬਥੇਰਾ ਪਿਆਰ ਕਰਦਾ ਸੀ ਤੇ ਉਹਦੇ ਵੀ ਪੈਰ ਜ਼ਮੀਨ 'ਤੇ ਕਿੱਥੇ ਲੱਗਦੇ ਸਨ!

ਚਾਰ ਕੁ ਮਹੀਨਿਆਂ ਬਾਅਦ ਉਹਦੇ ਪੈਰ ਭਾਰੀ ਹੋਏ ਤਾਂ ਰੈਗੂਲਰ ਚੈੱਕਅੱਪ ਲਈ ਉਹਦੇ ਡਾਕਟਰਾਂ ਕੋਲ ਗੇੜੇ ਵੱਧ ਗਏ। ਸੁਧੀਰ ਕੋਲ ਕਦੇ ਉਹਦੇ ਨਾਲ ਜਾਣ ਦਾ ਸਮਾਂ ਈ ਨਾ ਹੁੰਦਾ। ਉਹ 'ਕੱਲੀਓ ਤੁਰੀ ਫਿਰੀ ਰਹਿੰਦੀ ਪਰ ਫੇਰ ਵੀ ਖੁਸ਼ ਸੀ ਨਵੇਂ ਜੀਅ ਦੀ ਆਮਦ ਬਾਰੇ ਸੋਚ ਕੇ। ਪਰ ਵਕਤ ਸ਼ਾਇਦ ਕੋਈ ਹੋਰ ਈ ਤੰਦ ਬੁਣੀ ਬੈਠਾ ਸੀ, ਜਿਹਦੇ 'ਚ ਉਹ ਉਲਝਦੀ ਚਲੀ ਗਈ। ਇੱਕ ਦਿਨ ਉਹ ਆਪਣੇ ਢਿੱਡ ਵਿੱਚ ਉੱਠੀ ਪੀੜ ਨਾਲ ਜੱਦੋ-ਜ਼ਹਿਦ ਕਰਦੀ ਡਾਕਟਰ ਕੋਲ ਪੁੱਜੀ ਪਰ ਉਦੋਂ ਤੱਕ ਉਹਦੇ ਪੇਟ 'ਚ ਪਲਦਾ ਜੀਅ ਇੱਕ ਬੇਜ਼ਾਨ ਮਾਸ ਦਾ ਬੁੱਤ ਬਣ ਕੇ ਰਹਿ ਗਿਆ ਸੀ। ਜਿਹਦੀ ਧੜਕਨ ਥੰਮ ਗਈ ਸੀ ਤੇ ਡਾਕਟਰਾਂ ਨੇ ਛੇਤੀ ਤੋਂ ਛੇਤੀ ਅਬਾਰਸ਼ਨ ਲਈ ਆਖ ਦਿੱਤਾ ਤਾਂ ਜੋ ਅੰਦਰ ਜ਼ਹਿਰ ਨਾ ਫ਼ੈਲ ਜਾਏ।

ਉਹ ਇੱਕੋ ਝਟਕੇ ਨਾਲ ਅੰਦਰੋਂ ਪੂਰੀ ਤਰ੍ਹਾਂ ਟੁੱਟੀ ਹੋਈ ਮਹਿਸੂਸ ਕਰਨ ਲੱਗੀ। ਉਹ ਸੋਚਣ ਲੱਗੀ ਜਿਸ ਆਂਦਰ ਨੂੰ ਮੈਂ ਪਿਛਲੇ ਚਾਰ ਮਹੀਨਿਆਂ ਤੋਂ ਸਾਂਭ-ਸਾਂਭ ਰੱਖ ਰਹੀ ਸਾਂ, ਉਸ ਦੀ ਵੱਢ-ਟੁੱਕ ਲਈ ਕਿੰਜ ਹਾਮੀ ਭਰਾਂ ਆਖਰ ਉਸਦੀ ਧੜਕਨ ਕਿਉਂ ਧੋਖਾ ਦੇ ਗਈ ਉਹਨੂੰ! ਤਰ੍ਹਾਂ- ਤਰ੍ਹਾਂ ਦੇ ਸਵਾਲ ਉਹਦੇ ਮਨ 'ਚ ਉੱਠਦੇ ਤੇ ਮਨ ਦੀਆਂ ਕੰਧਾਂ ਨਾਲ ਟਕਰਾ ਕੇ ਉਹਦੇ ਮਨ ਨੂੰ ਲਹੂ ਲਹਾਨ ਕਰਦੇ ਰਹੇ।ਆਖਰ ਦਿਲ 'ਤੇ ਪੱਥਰ ਰੱਖ ਉਹਨੂੰ ਧੜਕਨ ਰਹਿਤ ਬੁੱਤ ਨੂੰ ਆਪਣੇ ਸਰੀਰ ਨਾਲੋਂ ਵੱਖ ਕਰਨਾ ਹੀ ਪਿਆ।

ਅਬਾਰਸ਼ਨ ਤੋਂ ਬਾਅਦ ਮਾਲਤੀ ਪੂਰੀ ਤਰ੍ਹਾਂ ਟੁੱਟ ਗਈ। ਡਾਕਟਰ ਨੇ ਸੰਜਮ ਨਾਲ ਕੰਮ ਲੈਣ ਦੀ ਸਲਾਹ ਦਿੰਦਿਆ ਕਿਹਾ, "ਛੇ ਮਹੀਨੇ ਬੱਚਾ ਨਾ ਠਹਿਰੇ ਤਾਂ ਠੀਕ ਐ... ਕਿਉਂਕਿ ਅਬਾਰਸ਼ਨ ਤੋਂ ਬਾਅਦ ਬੱਚੇਦਾਨੀ ਕਮਜ਼ੋਰ ਹੋਣ ਕਾਰਨ ਛੇਤੀ ਪ੍ਰੈਗਨੈਂਸੀ ਕਾਰਨ ਬੱਚਾ ਸਿਰੇ ਚੜ੍ਹਨ ਦੇ ਚਾਂਸ ਘੱਟ ਹੀ ਹੁੰਦੇ।"

ਜ਼ਿੰਦਗੀ ਮੁੜ ਰੁੜ੍ਹਨ ਲੱਗੀ ਪਰ ਪਹਿਲਾਂ ਵਾਂਗੂੰ ਨਹੀਂ ਰਹੀ। ਉਹ ਬੁਝੀ-ਬੁਝੀ ਰਹਿੰਦੀ। ਸਮਾਂ ਗੁਜ਼ਰਦਾ ਗਿਆ। ਸੁਧੀਰ ਨੇ ਉਹਦੀ ਚੁੱਪ ਨੂੰ ਸਮਝਣਾ ਬੰਦ ਕਰ ਦਿੱਤਾ ਤੇ ਉਹਨੇ ਸੁਧੀਰ ਨੂੰ। ਇੰਜ ਹੀ ਦੋ ਸਾਲ ਬੀਤ ਗਏ। ਹੁਣ ਉਹ ਸੁਧੀਰ ਦੀ ਬੇਰੁਖ਼ੀ ਬਾਰੇ ਸੋਚਦੀ ... ਕਿਤੇ ਕਿਸੇ ਹੋਰ ਨੇ ਤਾਂ ਨੀਂ ਆਪਣੀ ਥਾਂ ਬਣਾ ਲਈ ਇਹਨਾਂ ਦੀ ਜ਼ਿੰਦਗੀ 'ਚ ਪਰ ਅਗਲੇ ਹੀ ਪਲ ਆਪਣੀ ਸੋਚ 'ਤੇ ਮੁੜ ਉਂਗਲ ਚੁੱਕਦੀ ਤੇ ਪਹਿਲਾਂ ਵਾਲੀ ਸੋਚ ਨੂੰ ਰੱਦ ਕਰਦੀ, 'ਨਹੀਂ! ਨਹੀਂ! ਏਹ ਐਦਾਂ ਦੇ ਥੋੜ੍ਹਾ ...ਦਫ਼ਤਰ 'ਚ ਸਾਰਾ ਦਿਨ ਫ਼ਾਇਲਾਂ ਦੇ ਬੋਝ ਥੱਲੇ ਦੱਬੇ ਹੋਏ ਥੱਕ ਜਾਂਦੇ। ਸ਼ਾਇਦ! ਇਸੇ ਕਰਕੇ ਚੁੱਪ- ਚੁੱਪ ਰਹਿੰਦੇ।' ਮੁੜ ਉਹਦੀ ਸੋਚ ਹਲੂਣਦੀ ਉਹਨੂੰ ... ਕੀ ਪਹਿਲਾਂ ਫ਼ਾਇਲਾਂ ਨਹੀਂ ਸਨ ਹੁੰਦੀਆਂ ਪਹਿਲਾਂ ਤਾਂ ਮੇਰਾ ਇੱਕ ਮਿੰਟ ਦਾ ਵਸਾਹ ਨੀਂ ਸੀ ਖਾਂਦੇ। ਅਬਾਰਸ਼ਨ ਤੋਂ ਬਾਅਦ ਇਹ ਬਦਲ ਗਏ ਲੱਗਦੈ ਮੈਨੂੰ। ਫੇਰ ਆਪਣੀ ਸੋਚ 'ਤੇ ਆਪਣੇ ਆਪ ਨੂੰ ਲਾਹਣਤਾਂ ਪਾਉਂਦੀ ਕਿੱਦਾਂ ਦੀ ਜ਼ਨਾਨੀ ਜਿਹੜੀ ਬਿਨਾਂ ਖੰਭਾਂ ਤੋਂ ਡਾਰਾਂ ਬਣਾਉਂਦੀ ?

ਇੱਕ ਦਿਨ ਮਾਲਤੀ ਨੇ ਸੁੱਤੇ ਪਏ ਸੁਧੀਰ ਨੂੰ ਆਪਣੀਆਂ ਬਾਹਾਂ 'ਚ ਭਰ ਲਿਆ। ਸੁਧੀਰ ਨੇ ਕਾਹਲੀ ਨਾਲ? ਉੱਠ ਬੱਤੀ ਜਗਾ ਲਈ ਤੇ ਗੁੱਸੇ 'ਚ ਫ਼ੁੰਕਾਰਿਆ, "ਕੀ ਗੱਲ ਐ? ਕੀ ਚਾਹੀਦੈ?" ਉਹ ਕੁਝ ਨਾ ਆਖ ਸਕੀ। ਉਹ ਕੀ ਕਹਿੰਦੀ ਕਿ ਕੀ ਗੱਲ ਐ? ਸੁਧੀਰ ਪਿੱਠ ਮਰੋੜ ਕੇ ਸੌਂ ਗਿਆ।

ਉਹ ਮੁੜ ਸੋਚਾਂ 'ਚ ਉਲਝ ਗਈ ... ਮੈਨੂੰ ਕੀ ਚਾਹੀਦੈ? ਕੀ ਸੁਧੀਰ ਨੂੰ ਹੁਣ ਮੇਰੀ ਕੋਈ ਲੋੜ ਨੀਂ? ਕੀ ਸੁਧੀਰ ਦੀ ਲੋੜ ਖਤਮ ਹੋ ਗਈ ਮੇਰੇ ਤਾਈਂ? ਸੋਚ ਦੀ ਇੱਕ ਤੰਦ ਸਿਰੀ ਚੁੱਕਦੀ, ਕਿਤੇ ਉਹ, ਕਿਤੇ ਹੋਰ ਤਾਂ ਨੀਂ ਮੂੰਹ ਮਾਰਨ ਲੱਗਿਆ! ਮੁੜ ਉਹਦਾ ਪਤਨੀ ਧਰਮ ਜਾਗਦਾ ... ਉਹ ਆਪਣੇ ਆਪ ਨੂੰ ਫਿੱਟ ਲਾਹਣਤਾਂ ਪਾਉਂਦੀ, "ਤੂੰ ਏਹ ਕੀ ਸੋਚਦੀ ? ਕੀ ਸਰੀਰਕ ਲੋੜਾਂ ਤੋਂ ਬਿਨਾਂ ਹੋਰ ਕੁਝ ਨੀਂ ਦੁਨੀਆ 'ਚ?"

ਉਹ ਮੁੜ ਆਪਣੀ ਸੋਚ ਨੂੰ ਤਰਕ ਰਾਹੀਂ ਠੀਕ ਸਾਬਿਤ ਕਰਨ ਦੀ ਕੋਸ਼ਿਸ਼ ਕਰਦੀ , "ਇਹ ਕੋਈ ਨਵਾਂ ਵਰਤਾਰਾ ਥੋੜ੍ਹਾ ... ਇੱਕ ਜਵਾਨ ਮਰਦ ਜਾਂ ਔਰਤ ਨੂੰ ਇੱਕ ਸਾਥ ਦੀ ਲੋੜ ਹੁੰਦੀ ਹੀ ਐ...ਜੇ ਮੈਂ ਸਾਥ ਮਾਨਣਾ ਚਾਹੁੰਦੀ ਹਾਂ ਆਪਣੇ ਘਰਵਾਲੇ ਦਾ ਤਾਂ ਇਸ 'ਚ ਬੁਰਾ ਵੀ ਕੀ ਐ? ਉਂਜ ਵੀ ਆਪਣਾ ਪਰਿਵਾਰ ਵਧਾਉਣ ਲਈ ਇਹ ਜ਼ਰੂਰੀ ਵੀ ਹੈ। ਜਦੋਂ ਵੀ ਮੈਂ ਹੁਣ ਘਰੋਂ ਬਾਹਰ ਨਿਕਲਦੀ ਮੈਨੂੰ ਲੱਗਦਾ ਜਿਵੇਂ ਜਨਾਨੀਆਂ ਮੈਨੂੰ ਓਪਰੀਆਂ ਨਜ਼ਰਾਂ ਨਾਲ ਵੇਖਦੀਆਂ ...ਕਈ ਵਾਰ ਲੱਗਦਾ ਜਿਵੇਂ ਉਹਨਾਂ ਦੀਆਂ ਨਜ਼ਰਾਂ ਮੇਰੇ ਢਿੱਡ ਨੂੰ ਘੋਖ ਰਹੀਆਂ ਹੋਣ, ਮੇਰੀ ਸੁੰਨੀ ਕੁੱਖ ਬਾਰੇ ਉਹਨਾਂ ਦੇ ਚਿਹਰਿਆਂ ਤੇ ਸਵਾਲ ਚਿਪਕੇ ਹੋਣ ...।"

ਉਹ ਸੋਚਾਂ ਦੇ ਵਹਿਣ 'ਚ ਵਹਿੰਦੀ ਚਲੀ ਗਈ। "ਉੱਚੇ ਜੂੜੇ ਵਾਲੀ ਆਂਟੀ ਤਾਂ ਅਕਸਰ ਆਖ ਈ ਦਿੰਦੀ , "ਭਾਈ ! ਕਦੋਂ ਦੇਣੀ ਖੁਸ਼ਖਬਰੀ ? ਹੁਣ ਤਾਂ ਕਰਵਾ ਈ ਦਿਓ ਮੂੰਹ ਮਿੱਠਾ ।"

ਇੱਕ ਦਿਨ ਪ੍ਰਗਾਸੋ ਬੁੜ੍ਹੀ ਨੇ ਤਾਂ ਹੱਦ ਈ ਕਰ ਦਿੱਤੀ ਠੰਡ ਕਰਕੇ ਉਹ ਸ਼ਾਲ ਦੀ ਬੁੱਕਲ ਲਪੇਟ ਤੁਰੀ ਹੋਈ ਸੀ ।ਉਹ, ਉਹਨੂੰ ਰਾਹ 'ਚ ਰੋਕ ਸ਼ਾਲ ਉੱਪਰੋਂ ਹੀ ਉਹਦੇ ਢਿੱਡ 'ਤੇ ਹੱਥ ਫੇਰਦੀ ਹੋਈ ਪੁੱਛਣ ਲੱਗੀ, " ਹੈ ਕੁਸ਼?"

ਪਹਿਲਾਂ ਤਾਂ ਉਹ ਸੁੰਨ ਜਿਹੀ ਹੋ ਗਈ। ਉਹਨੂੰ ਕੁਝ ਨਹੀਂ ਸੀ ਸੁੱਝ ਰਿਹਾ ਕਿ ਹੁਣ ਬੁੜ੍ਹੀ ਨੂੰ ਕੀ ਕਹੇ ਫੇਰ ਇੱਕੋ ਵਾਰ ਉਹਨੇ ਗੁੱਸੇ 'ਚ ਕਸੀਸ ਜਿਹੀ ਵੱਟੀ ਤੇ ਉਹਦਾ ਹੱਥ ਪਰਾਂ ਧੱਕਦਿਆਂ , ਉਹਦੇ ਮੂੰਹੋਂ ਸ਼ਬਦ ਅੰਗਾਰ ਨਿਕਲੇ , "ਬੇਬੇ ! ਹਾਲੇ ਥੋੜ੍ਹੇ ਦਿਨ ਤਾਂ ਹੋਏ , ਤੈਨੂੰ ਦੱਸਿਆ ਸੀ ਹਾਲੇ ਕੁਸ਼ ਨਹੀ ਐ...ਜਦ ਕੋਈ ਖੁਸ਼ੀ ਹੋਈ ਸਭ ਤੋਂ ਪਹਿਲਾਂ ਤੈਨੂੰ ਦੱਸੂ...ਅੱਠ- ਦੱਸ ਦਿਨਾਂ 'ਚ ਤੈਨੂੰ ਹੁਣ ਕਿਆ ਦੱਸਾਂ?"

ਬੁੜ੍ਹੀ ਆਪਣਾ ਮੱਥਾ ਤਿਊੜੀਆਂ ਨਾਲ ਭਰ ਬਿੱਟ- ਬਿੱਟ ਉਹਦੇ ਵੱਲ ਤੱਕਣ ਲੱਗੀ। ਏਸ ਤੋਂ ਪਹਿਲਾਂ ਕਿ ਉਹ ਉਹਨੂੰ ਕੋਈ ਹੋਰ ਮੋੜਵਾਂ ਜਵਾਬ ਦਿੰਦੀ, ਉਹਨੇ ਉੱਥੋਂ ਖਿਸਕਣ ਦੀ ਕੀਤੀ ।

ਹੁਣ ਉਹ ਕਿਸੇ ਵੀ ਪ੍ਰੋਗਰਾਮ 'ਚ ਜਾਣ ਤੋਂ ਕਤਰਾਉਂਦੀ। ਇਕੱਠੇ ਹੋਏ ਲੋਕਾਂ ਦੀ ਭੀੜ 'ਚ ਉਹਨੂੰ ਇੰਝ ਲੱਗਦਾ ਜਿਵੇਂ ਹਰ ਅੱਖ ਉਹਦੀ ਸੁੰਨੀ ਕੁੱਖ ਨੂੰ ਤਾੜ ਰਹੀ ਹੋਵੇ। ਉਹ ਕਿਸੇ ਵੀ ਨਵਜੰਮੇ ਬੱਚੇ ਕੋਲ ਜਕਦਿਆਂ-ਜਕਦਿਆਂ ਜਾਂਦੀ। ਉਹਨੂੰ ਡਰ ਚਿੰਬੜਿਆ ਰਹਿੰਦਾ ਕਿ ਕਿਧਰੇ ਕੋਈ ਬੋਲ-ਕੁਬੋਲ਼ ਉਹਦੀ ਰੂਹ ਦੇ ਜ਼ਖ਼ਮਾਂ ਨੂੰ ਉਚੇੜ ਨਾ ਸੁੱਟੇ।

ਉਹ ਆਪਣੀ ਸੁੰਨੀ ਕੁੱਖ ਨੂੰ ਭਰਨਾ ਚਾਹੁੰਦੀ ਸੀ। ਪਰ ਇਹ ਤਾਂ ਵੀ ਸੰਭਵ ਸੀ ਜੇਕਰ ਸੁਧੀਰ ਉਹਦਾ ਸਾਥ ਦੇਵੇ। ਉਹ ਆਪਣੇ ਮਹੀਨੇ ਦੇ ਦਿਨਾਂ ਦੀਆਂ ਗਿਣਤੀਆਂ ਮਿਣਤੀਆਂ ਕਰਦੀ ਰਹਿੰਦੀ ਤੇ ਜਿਨ੍ਹਾਂ ਦਿਨਾਂ 'ਚ ਪ੍ਰੈਗਨੈਂਸੀ ਦੀ ਸੰਭਾਵਨਾ ਵੱਧ ਹੁੰਦੀ, ਉਹਨਾਂ ਦਿਨਾਂ 'ਚ ਆਪਣੇ ਪਤੀ ਨਾਲ਼ ਰਿਲੇਸ਼ਨ ਬਣਾਉਣ ਲਈ ਆਪਣੇ ਆਪ ਨੂੰ ਤਿਆਰ ਕਰਦੀ ਤੇ ਸੁਧੀਰ ਨੂੰ ਵੀ। ਪਰ ਅਜਿਹਾ ਕਰਨ 'ਤੇ ਵੀ ਜਦੋਂ ਮਹੀਨੇ ਬਾਅਦ ਮੁੜ ਉਸੇ ਪ੍ਰਕਿਰਿਆ 'ਚੋਂ ਲੰਘਣਾ ਪੈਂਦਾ ਉਹਨੂੰ ਕਿੰਨੇ ਦਿਨ ਲੱਗ ਜਾਂਦੇ ਆਪਣੇ ਆਪ ਨੂੰ ਸਹਿਜ ਕਰਨ ਲਈ।

ਔਲਾਦ ਦੀ ਚਾਹਤ ਨੇ ਉਹਨੂੰ ਭਾਂਤ -ਸੁਭਾਂਤ ਦੇ ਡਾਕਟਰਾਂ ਕੋਲ ਗੇੜੇ ਕੱਢਣ ਲਈ ਮਜ਼ਬੂਰ ਕਰ ਦਿੱਤਾ।ਉਹ ਕਦੇ ਕਿਸੇ ਦੇਸੀ ਹਕੀਮ ਦਾ ਬੂਹਾ ਜਾ ਖੜਕਾਉਂਦੀ ਕਦੇ ਕਹਿੰਦੇ- ਕਹਾਉਂਦੇ ਵੱਡੇ ਹਸਪਤਾਲ ਦੇ ਡਾਕਟਰ ਮੂਹਰੇ ਬੈਠੀ ਹੁੰਦੀ। ਜਦੋਂ ਕਿਸੇ ਦਵਾਈ ਨੇ ਕੋਈ ਅਸਰ ਨਾ ਵਿਖਾਇਆ ਤਾਂ ਉਹਦਾ ਮਨ ਬਾਬਿਆਂ ਦੇ ਡੇਰਿਆਂ ਵੱਲ ਭਟਕਿਆ ਪਰ ਮਨ ਨੂੰ ਟਿਕਾਏ ਕਿੱਥੇ? ਕਦੇ ਕਿਸੇ ਨੂੰ ਜਨਮ ਪੱਤਰੀ ਦਿਖਾਉਂਦੀ, ਕਦੇ ਯੰਤਰੀ ਖੁਲ੍ਹਵਾਉਂਦੀ। ਕਦੇ ਕੀੜਿਆਂ ਦੇ ਭੌਂਣ 'ਤੇ ਤਿਲ ਚੌਲ ਪਾਉਣ ਤੁਰੀ ਹੁੰਦੀ। ਕਦੇ ਪਿੱਪਲ 'ਤੇ ਜਲ ਚੜ੍ਹਾਉਂਦੀ। ਉਹ ਅੱਕ-ਥੱਕ ਗਈ ਸਭ ਟੋਟਕੇ ਕਰਕੇ।

ਉਹਨੂੰ ਹੰਭੀ ਹੋਈ ਨੂੰ ਉਹਦੀ ਇੱਕ ਸਹੇਲੀ ਨੇ ਇੱਕ ਬਾਬੇ ਦੇ ਡੇਰੇ ਦਾ ਸਿਰਨਾਵਾਂ ਦਿੱਤਾ, "ਦੇਖ! ਇੱਕ ਵਾਰ ਜ਼ਰੂਰ ਜਾ ਕੇ ਵੇਖੀਂ। ਬਹੁਤ ਕੁੱਖਾਂ ਹਰੀਆਂ ਹੋਈਆਂ ਬਾਬੇ ਦੀਆਂ ਅਸੀਸਾਂ ਨਾਲ। ਜਿਹਦੇ ਸਿਰ 'ਤੇ ਬਾਬੇ ਨੇ ਇੱਕ ਵਾਰ ਹੱਥ ਧਰ ਲਿਆ, ਉਹਦੇ ਸਭ ਦੁੱਖ ਦੂਰ ਹੋ ਜਾਂਦੇ।"

ਉਹ ਤੁਰ ਪਈ ਸੀ ਉਸ ਓਪਰੇ ਰਾਹ 'ਤੇ ਵੀ ਜਿਹਦੇ ਬਾਰੇ ਉਹਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਕਿਆਸਿਆ। ਜਦੋਂ ਉਹ ਪਹਿਲੇ ਦਿਨ ਬਾਬੇ ਦੇ ਡੇਰੇ ਪਹੁੰਚੀ। ਉੱਥੇ ਖੇਡਦੀਆਂ ਔਰਤਾਂ ਨੂੰ ਵੇਖ ਉਹਦਾ ਮਨ ਡਰ ਨਾਲ ਭਿੱਜ ਗਿਆ। ਉਹਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਹਿਣ ਲੱਗੇ। ਉਹ ਉਥੇ ਆਪਣੀ ਮਾਂ ਤੇ ਭਰਾ ਨਾਲ ਗਈ ਸੀ। ਉਹਨੇ ਡਰਦੀ ਮਾਰੀ ਸੁਧੀਰ ਨਾਲ ਵੀ ਕੋਈ ਗੱਲ ਨਹੀ ਸੀ ਕੀਤੀ ਉੱਥੇ ਜਾਣ ਬਾਬਤ। ਜੇਕਰ ਉਹ ਸਧੀਰ ਨੂੰ ਇਸ ਬਾਰੇ ਦੱਸਦੀ ਤਾਂ ਉਹ ਉਸ ਨੂੰ ਕਦੇ ਵੀ, ਕਿਸੇ ਵੀ ਹਾਲਤ ਵਿੱਚ ਉੱਥੇ ਨਾ ਜਾਣ ਦਿੰਦਾ। ਉੱਥੇ ਬੈਠੀ ਉਹ ਆਪਣੀ ਸੱਖਣੀ ਕੁੱਖ ਬਾਰੇ ਸੋਚ ਰਹੀ ਸੀ। ਹੌਲ਼ੀ ਹੌਲ਼ੀ ਬਾਕੀ ਔਰਤਾਂ ਉਥੋਂ ਖਿਸਕ ਗਈਆਂ ਪਰ ਉਹ, ਉਹਦੀ ਮਾਂ ਤੇ ਭਰਾ ਉੱਥੇ ਹੀ ਬੈਠੇ ਰਹੇ। ਬਾਬੇ ਦੇ ਮੋਟੇ-ਮੋਟੇ ਲਾਲ ਡੇਲੇ ਵੇਖ ਉਹਨੂੰ ਭੈਅ ਆਉਣ ਲੱਗਿਆ। ਬਾਬਾ ਸਿਰ ਹਿਲਾਉਂਦਿਆਂ-ਹਿਲਾਉਂਦਿਆਂ ਉਹਦੀ ਪਿੱਠ ਥਾਪੜਣ ਲੱਗਿਆ। ਬਾਬੇ ਦਾ ਆਪਣੀ ਦੇਹ 'ਤੇ ਘੁੰਮਦਾ ਹੱਥ ਉਹਨੂੰ ਕੰਡਿਆਂ ਵਾਂਗੂੰ ਚੁੱਭ ਰਿਹਾ ਸੀ। ਇੱਕ ਵਾਰ ਤਾਂ ਉਹਦਾ ਜੀਅ ਕੀਤਾ ਉਹ ਹੱਥ ਪਰਾਂ ਵਗਾਹ ਮਾਰੇ ਪਰ ਮਨ ਅੰਦਰ ਖੌਰੂ ਪਾਉਂਦੀ ਔਲਾਦ ਦੀ ਰੀਝ ਅੱਗੇ ਉਹ ਸਭ ਕੌੜਾ ਕੁਸੇਲਾ ਇੱਕ ਚੀਸ ਵੱਟ ਜ਼ਰ ਗਈ। ਉਹਦੀ ਚੁੱਪੀ ਵੇਖ ਬਾਬੇ ਦਾ ਹੌਸਲਾ ਖੁੱਲ੍ਹ ਗਿਆ। ਉਹਨੇ ਉਹਦੇ ਭਰਾ ਨੂੰ ਨਲਕੇ ਤੋਂ ਪਾਣੀ ਦੀ ਗੜਵੀ ਭਰਨ ਲਈ ਤੇ ਮਾਂ ਨੂੰ ਸਾਹਮਣੇ ਪਿੱਪਲ ਦੇ ਰੁੱਖ ਨਾਲ ਬੰਨੀ ਖੰਮਣੀ ਲੈਣ ਲਈ ਭੇਜਿਆ। ਹੁਣ ਉਹ 'ਕੱਲੀ ਬੈਠੀ ਸੀ ਬਾਬੇ ਕੋਲ। ਉਹਦੇ ਦਿਲ ਦੀ ਧੜਕਣ ਵੱਧ ਗਈ ਜਦੋਂ ਬਾਬੇ ਨੇ ਉਹਨੂੰ ਮੋਢਿਆਂ ਤੋਂ ਫੜਦਿਆਂ ਕਿਹਾ, "ਤੇਰੇ ਪੰਜ ਹੱਥਓਲੇ ਕਰਨੇ ਪੈਣੇ, ਅਗਲੇ ਪੰਜ ਐਤਵਾਰ ਤੂੰ 'ਕੱਲੀ ਆਈਂ ਆਪਣੀ ਮਾਂ ਨਾਲ, ਤੇਰਾ ਭਰਾ ਤੇਰੇ ਨਾਲ ਨਾ ਆਵੇ।"

ਬਾਬੇ ਦੇ ਇਸ ਹੁਕਮ ਨਾਲ ਉਹ ਅੰਦਰ ਹੀ ਅੰਦਰ 'ਕੱਠੀ ਹੋਣ ਲੱਗੀ। ਉਹਨੂੰ ਬਾਬੇ ਤੋਂ ਕਚਿਆਨ ਜਿਹੀ ਆਉਣ ਲੱਗੀ। ਉਹ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕੇ ਉਹ ਕੀ ਕਹੇ!

ਉਹਦੇ ਮਨ ਅੰਦਰ ਅਨੇਕਾਂ ਸਵਾਲ ਉੱਠ ਖੜੇ ਹੋਏ। ਉਹ ਸੋਚਣ ਲੱਗੀ, ਏਥੇ ਘੁੰਮਦੀਆਂ ਔਰਤਾਂ ਨੂੰ ਬਾਬੇ ਨਾਲ! ਉਹਦੇ ਮਨ 'ਚੋਂ ਬਾਬੇ ਲਈ ਨਫ਼ਰਤ ਦੀ ਹਨੇਰੀ ਉੱਠੀ ਤੇ ਤੁਰੰਤ ਗੋਦੀ 'ਚ ਬੱਚਾ ਚੁੱਕੀ ਤੁਰੀ ਆਉਂਦੀ ਤੀਹਾਂ ਕੁ ਸਾਲਾਂ ਦੀ ਔਰਤ ਲਈ ਤਰਸ ਦੀਆਂ ਕਣੀਆਂ ਨਾਲ ਦੱਬ ਗਈ। ਉਹ ਕੁਝ ਪੁੱਛਦੀ, ਇਸ ਤੋਂ ਪਹਿਲਾਂ ਹੀ ਬਾਬੇ ਨੇ ਆਖ ਸੁਣਾਇਆ, "ਹੱਥਓਲੇ ਕਰਦਿਆਂ ਮਰਦ ਦੇ ਕੋਲ ਹੋਣ ਕਾਰਨ ਔਲਾਦ ਦੀ ਪ੍ਰਾਪਤੀ ਦਾ ਯੋਗ ਨਹੀਂ ਬਣਦਾ।"

ਉਹ ਹੈਰਾਨੀ ਨਾਲ ਭਰੀ ਹੋਈ ਸੋਚਾਂ 'ਚ ਪੈ ਗਈ ਕਿ ਮੈਂ ਐਨਾ ਪੜ੍ਹ- ਲਿਖ ਕੇ ਪਾਖੰਡੀ ਬਾਬੇ ਦੇ ਚੱਕਰਾਂ 'ਚ ਫਸ ਰਹੀ ਹਾਂ, ਜਿਹੜੀਆਂ ਬੇਚਾਰੀਆਂ ਨੇ ਮੈਟ੍ਰਿਕ ਵੀ ਮਸਾਂ ਮਰ-ਮਰ ਕੇ ਕੀਤੀ ਹੋਣੀ ਜਾਂ ਕਈ ਬੇਚਾਰੀਆਂ ਤਾਂ ਪੰਜਵੀਂ ਛੇਵੀਂ ਤੋਂ ਬਾਅਦ ਮਾਪਿਆਂ ਦੇ ਚੁੱਲ੍ਹੇ ਚੌਂਕੇ 'ਚ ਤੇ ਬਾਅਦ ਸਹੁਰਿਆਂ ਦੀ ਕਬੀਲਦਾਰੀ ਦੇ ਚੱਕਣਾ 'ਚ ਫਸੀਆਂ ਹੋਈਆਂ ਹੋਣੀਆਂ ਉਹਨਾਂ ਦਾ ਕੀ ਕਸੂਰ! ਉਹਦੇ ਅੰਦਰ ਭਾਂਬੜ ਮੱਚ ਗਿਆ ਸਭ ਸੋਚ ਕੇ। ਸੋਚਾਂ ਦੀਆਂ ਕਿਨਾਰੀਆਂ ਇੱਕਠੀਆਂ ਕਰਦਿਆਂ ਉਹਦੀ ਬਿਰਤੀ ਭੰਗ ਹੋਈ ਜਦੋਂ ਉਹਦੀ ਮਾਂ ਦੀ ਆਵਾਜ਼ ਉਹਦੇ ਕੰਨਾਂ ਨਾਲ਼ ਟਕਰਾਈ, "ਆਹ ਲਓ! ਬਾਬਾ ਜੀ।"

ਉਹਨੇ ਮਾਂ ਵੱਲ ਵੇਖਿਆ ਉਹ ਬਾਬੇ ਨੂੰ ਬੜੀ ਸ਼ਰਧਾ ਨਾਲ਼ ਖੰਮਣੀ ਫੜਾ ਰਹੀ ਸੀ। ਐਨੇ ਨੂੰ ਭਰਾ ਵੀ ਗੜਵੀ ਪਾਣੀ ਦੀ ਭਰ ਲਿਆਇਆ। ਬਾਬੇ ਨੇ ਪਾਣੀ ਦੀ ਚੂਲੀ ਭਰ ਮੂੰਹ 'ਚ ਗੁਣ ਗੁਣ ਜਿਹੀ ਕਰਦਿਆਂ ਉਹਨਾਂ 'ਤੇ ਪਾਣੀ ਦੇ ਛਿੱਟੇ ਮਰਦਿਆਂ, ਖੰਮਣੀ ਉਹਦੇ ਗੁੱਟ 'ਤੇ ਬੰਨ ਦਿੱਤੀ। ਨਾਲ਼ੋਂ ਨਾਲ਼ ਉਹਨੇ ਉਹਨਾਂ

ਨੂੰ ਅਗਲੇ ਹਫਤੇ ਆਉਣ ਦੀ ਹਦਾਇਤ ਵੀ ਜਾਰੀ ਕਰ ਦਿੱਤੀ। ਗੁੱਟ 'ਤੇ ਬੰਨੀ ਖੰਮਣੀ ਉਹਦੀ ਰੂਹ ਨੂੰ ਨੂੜਦੀ ਮਹਿਸੂਸ ਹੋ ਰਹੀ ਸੀ। ਉਹਦਾ ਜੀਅ ਕੁਸੈਲਾ ਜਿਹਾ ਹੋ ਗਿਆ।

ਇੱਕ ਵਾਰ ਤਾਂ ਉਹਦੇ ਮਨ 'ਚ ਆਇਆ ਉਹ ਇਸ ਲਾਲ ਧਾਗੇ ਨੂੰ ਤੋੜ ਕੇ ਪਰਾਂ ਵਗਾਹ ਮਾਰੇ ਪਰ ਨਾਲ਼ ਆਏ ਮਾਂ ਜਾਏ ਵੀਰੇ ਬਾਰੇ ਸੋਚਦਿਆਂ ਮਨ ਅੰਦਰਲੇ ਜਵਾਰਭਾਟੇ ਨੂੰ ਅੰਦਰ ਈ ਨੱਪ ਲਿਆ। ਉਹਨੂੰ ਯਾਦ ਆਇਆ ਸਵੇਰੇ ਕਿੰਨੀ ਮੁਸ਼ਕਿਲ ਨਾਲ਼ ਮਨਾਇਆ ਸੀ ਛੋਟੇ ਵੀਰ ਨੂੰ ਨਾਲ਼ ਆਉਣ ਲਈ। ਉਹ ਕਿਹੜਾ ਰਾਜੀ ਸੀ ਨਾਲ਼ ਆਉਣ ਲਈ। ਉਹ ਮਾਂ ਨਾਲ਼ ਬਹਿਸਿਆ ਸੀ, "ਕਿਹੜੇ ਚੱਕਰਾਂ 'ਚ ਫਸਣ ਲੱਗੀਆਂ! ਡਾਕਟਰਾਂ ਤੋਂ ਵੱਧ ਹੋ ਗਏ ਬਾਬੇ!"

"ਤੂੰ ਚੁੱਪ ਕਰਿਆ ਰਹਿ। ਤੈਨੂੰ ਬਹੁਤਾ ਪਤਾ? ਦੁਨੀਆ ਪਾਗਲ ਐ ਜਿਹੜੀ ਭੱਜੀ ਫਿਰਦੀ ਉਹਦੇ ਮਗਰ-ਮਗਰ!" ਮਾਂ ਨੇ ਗੁੱਸੇ ਨਾਲ਼ ਆਪਣਾ ਪੱਖ ਰੱਖਿਆ।

"ਦੀਦੀ! ਤੇਰੀ ਪੜ੍ਹਾਈ ਤਾਂ ਗਈ ਖ਼ੂਹ ਖਾਤੇ 'ਚ।" ਭਰਾ ਨੇ ਭੈਣ ਨੂੰ ਸਮਝਾਉਣ ਲਈ ਕਿਹਾ।

"ਮੁੰਡਿਆਂ! ਤੂੰ ਦੱਸ ਤੂੰ ਲੈ ਕੇ ਜਾਣਾ ਸਾਨੂੰ ਜਾਂ ਨਹੀਂ?" ਮਾਂ ਨੇ ਤਾੜਿਆ।

"ਹੋਰ ਕਿਤੇ ਜਾਣਾ ਤਾਂ ਦੱਸੋ। ਆਹ ਬਾਬਿਆ ਬੇਬਿਆਂ ਦੇ ਤਾਂ ਮੈਥੋਂ ਜਾ ਨੀ ਹੋਣਾ।"

"ਦੇਖ! ਕਿੱਦਾਂ ਤੋੜ ਕੇ ਜਵਾਬ ਦਿੰਦਾ ? ਭੈਣ ਆ ਤੇਰੀ। ਜੇ ਤੂੰ ਹੀ ਇਹਦੇ ਨਾਲ਼ ਨਾ ਤਰੂ ਲੋੜ ਪੈਣ 'ਤੇ ਤਾਂ ਹੋਰ ਕੌਣ ਨਾਲ਼ ਖੜੂ?"

ਮਾਂ ਦੀ ਏਸ ਦਲੀਲ 'ਤੇ ਉਹਨੇ ਹੋਰ ਅੱਗੇ ਕੋਈ ਬਹਿਸ ਨਾ ਕੀਤੀ ਤੇ ਨਾਲ਼ ਜਾਣ ਦੀ ਹਾਮੀ ਭਰ ਚੁੱਪ -ਚਾਪ ਤਿਆਰ ਹੋਣ ਲੱਗਾ। ਉਹ ਨੀਂ ਸੀ ਚਾਹੁੰਦੀ ਕਿ ਉਹਦੇ ਵੀਰ ਨੂੰ ਬਾਬੇ ਦੇ ਮਨ ਦੀ ਕਾਲਖ਼ ਬਾਰੇ ਭੋਰਾ ਵੀ ਸ਼ੱਕ ਹੋਵੇ। ਇਸ ਲਈ ਉਹ ਚੁੱਪ ਚਾਪ ਘਰ ਆ ਗਈ ਪਰ ਉਹ ਸਾਰੇ ਰਾਹ ਆਪਣੇ ਮਨ ਆਏ ਗੁੱਸੇ ਨੂੰ ਸ਼ਬਦਾਂ 'ਚ ਨਾ ਢਲਣ ਦਿੱਤਾ। ਅਗਲੀ ਵਾਰ ਮੰਮੀ ਦਾ ਫੋਨ ਆਇਆ

"ਕੱਲ੍ਹ ਦੀ ਕੀ ਸਲਾਹ ?"

"ਨਹੀਂ! ਮੈਂ ਨੀਂ ਜਾਣਾ।"

"ਕਿਉਂ? ਹੁਣ ਕੀ ਹੋਇਆ? ਮਸਾਂ ਤਾਂ ਮਨਾਇਆ ਅੰਕੁਰ ਨੂੰ ਨਾਲ਼ ਚੱਲਣ ਲਈ।"

"ਮੇਰਾ ਮਨ ਨੀ ਮੰਨਦਾ। ਜੇ ਹੋਣਾ ਹਉ ਬਾਬੇ ਦੇ ਹੱਥਓਲਿਆਂ ਤੋਂ ਬਿਨਾਂ ਹੋ ਜਉ।"

ਮੰਮੀ ਕੁਝ ਨਾ ਬੋਲੇ। ਸ਼ਾਇਦ ਉਹਨਾਂ ਧੀ ਦਾ ਮਨ ਪੜ੍ਹ ਲਿਆ। ਮਾਲਤੀ ਮੁੜ ਇੱਕ ਵੱਡੇ ਨਾਮੀਂ ਡਾਕਟਰ ਕੋਲ ਜਾ ਬੈਠੀ। ਮੁੜ ਉਹੀ ਪ੍ਰੋਸੈਸ ਰਿਸਟਾਰਟ ਹੋ ਗਏ ਸਿਫ਼ਰ ਤੋਂ। ਟਿਊਬ ਟੈਸਟ, ਫੋਲੀਕਿਊਲਰ ਸਟੱਡੀ ਤੇ ਹੋਰ ਪਤਾ ਨੀਂ ਕਿੰਨੇ ਕੁ ਟੈਸਟ। ਚਲੋ! ਇੱਕ ਫ਼ਿਕਰ ਤਾਂ ਦੂਰ ਹੋਇਆ ਕਿ ਉਹਦੇ 'ਚ ਕੋਈ ਨੁਕਸ ਨਹੀਂ ਸੀ।

ਹੁਣ ਸੁਧੀਰ ਦੀ ਵਾਰੀ ਸੀ ਟੈਸਟਾਂ ਦੇ ਚੱਕਰਾਂ 'ਚ ਪੈਣ ਦੀ ਪਰ ਉਹਦਾ ਤਾਂ ਇੱਕੋ ਟੈਸਟ ਨਾਲ਼ ਸਰ ਗਿਆ, ਸਿਮਨ ਟੈਸਟ। ਪਰ ਉਹ ਇੱਕ ਟੈਸਟ ਕਰਾਉਣ ਲਈ ਵੀ ਰੱਬ ਦੇ ਬੰਦੇ ਨੇ ਕਿੰਨਾ ਗਾਹ ਪਾਇਆ!

"ਮੈਂ ਕੀ ਟੈਸਟ ਕਰਵਾਵਾਂ? ਕਿਉਂ ਕਰਵਾਵਾਂ? ਜਦ ਮੇਰੇ 'ਚ ਕੋਈ ਨੁਕਸ ਨੀਂ, ਤੂੰ ਹੀ ਕਰਾਈ ਜਾਹ। ਜੇ ਬੱਚਾ ਨਾ ਵੀ ਹੋਇਆ ਤਾਂ ਕੀ ਗੋਦ ਲੈ ਲਵਾਂਗੇ।"

ਮਸਾਂ ਮੰਨਿਆ ਡਾਕਟਰ ਕੋਲ ਜਾਣ ਲਈ ਤੇ ਜਦੋਂ ਰਿਪੋਰਟ ਆਈ ਉਦੋਂ ਮੁੜ ਕਲੇਸ਼।

"ਹੋ ਗਈ ਤਸੱਲੀ! ਆਪੇ ਜਾਈ ਜਾਇਆ ਕਰ ਜਿੱਥੇ ਜਾਣਾ ਹੁੰਦੈ, ਮੈਨੂੰ ਤੰਗ ਨਾ ਕਰਿਆ ਕਰ।"

"ਨਾ! ਤੁਹਾਨੂੰ ਲੋੜ ਨੀਂ ਬੱਚੇ ਦੀ? ਮੈਨੂੰ 'ਕੱਲੀ ਨੂੰ ਲੋੜ?"

ਉਹ ਕੁਰਲਾਉਂਦੀ ਪਰ ਸੁਧੀਰ ਕੋਲ ਇਕੋ ਜੁਆਬ ਹੁੰਦਾ, "ਜਦੋਂ ਹੋਣਾ, ਹੋ ਜਉ।"

ਉਹ ਸੋਚਦੀ, ਗੱਲ ਵੀ ਸਹੀ ਆ, ਦਵਾਈਆਂ ਨਾਲ਼ ਬੱਚੇ ਥੋੜ੍ਹਾ ਹੁੰਦੇ। ਪਰ ਫੇਰ ਹਮੇਸ਼ਾ ਵਾਂਗੂੰ ਅਗਲੇ ਈ ਪਲ ਆਪਣੀ ਸੋਚ 'ਤੇ ਆਪੇ ਕਾਟਾ ਮਾਰ ਦਿੰਦੀ। ਤੁਰ ਪੈਂਦੀ ਡਾਕਟਰ ਕੋਲ। ਹਰ ਵਾਰ ਸੋਚਦੀ, ਹੁਣ ਚੱਲ ਰਿਹਾ ਟਰੀਟਮੈਂਟ, ਕਾਹਨੂੰ ਅੱਧ ਵਿਚਕਾਰ ਛੱਡਣਾ। ਹੁਣ ਉਹਨੂੰ ਆਪਣੀ ਕੁੱਖ ਤੋਂ ਬਿਨਾਂ ਕੁਝ ਨਾ ਸੁੱਝਦਾ ਜਾਂ ਉਹ ਹੋਰ ਕੁਝ ਸੋਚਣਾ ਸਮਝਣਾ ਹੀ ਨਹੀਂ ਸੀ ਚਾਹੁੰਦੀ।

ਮੁੜ ਪੀਰੀਅਡ ਆਉਣ ਤੋਂ ਬਾਅਦ ਆਂਡਾ ਬਣਨ ਦੀਆਂ ਦਵਾਈਆਂ ਤੇ ਜਦੋਂ ਦਵਾਈਆਂ ਕਾਮਯਾਬ ਨਾ ਹੋਈਆਂ ਤਾਂ ਇੰਜੇਕਸ਼ਨਾਂ 'ਤੇ ਗੱਲ ਆ ਟਿਕੀ। ਹਰ ਮਹੀਨੇ ਇੰਜੇਕਸ਼ਨ ਤੇ ਦਸਵੇਂ ਦਿਨ ਤੋਂ ਆਂਡੇ ਦੀ ਗ੍ਰੋਥ ਨੂੰ ਵੇਖਣ ਲਈ ਸੋਨੋਗ੍ਰਾਫੀ ਉਹਦੇ ਲਈ ਆਮ ਗੱਲ ਹੋ ਗਈ। ਜਦੋਂ ਆਂਡੇ ਦਾ ਸਾਈਜ਼ 18 ਤੋਂ 20 ਮਿਲੀਮੀਟਰ ਤੱਕ ਹੁੰਦਾ ਤਾਂ ਉਹਨੂੰ ਰੇਪਚਰ ਕਰਨ ਲਈ ਇੰਜੇਕਸ਼ਨਾਂ ਦੀ ਪੀੜ ਉਹ ਬਿਨਾਂ ਸੀਅ ਕਿਤੇ ਝੱਲ ਜਾਂਦੀ। ਡਾਕਟਰ ਦੇ ਸੁਝਾਅ ਅਨੁਸਾਰ ਰਿਲੇਸ਼ਨ ਬਣਾਉਣੇ ਤੇ ਫੇਰ ਆਸ ਲਾ ਬੈਠਣਾ ਕਿ ਸ਼ਾਇਦ ਇਸ ਵਾਰ ਗੱਲ ਬਣ ਜਾਏ ਪਰ ਜਦੋਂ ਮਨ ਟੁੱਟਦਾ ਤੇ ਫੇਰ ਉਸੇ ਪ੍ਰਕਿਰਿਆ 'ਚ ਉਲਝ ਜਾਂਦੀ। ਜਦੋਂ ਦਵਾਈਆਂ, ਇੰਜੇਕਸ਼ਨਾਂ ਤੋਂ ਕੁਝ ਹੱਥ ਪੱਲੇ ਨਾ ਪਿਆ ਤਾਂ ਡਾਕਟਰ ਨੇ ਆਈ ਯੂ ਆਈ ਦੀ ਸਲਾਹ ਦਿੱਤੀ। ਬਾਕੀ ਸਭ ਤਾਂ ਠੀਕ ਸੀ ਪਰ ਗੱਲ ਸੁਧੀਰ 'ਤੇ ਟਿਕੀ ਸੀ ਕਿ ਉਹ ਨਾਲ ਉਹਦੇ ਨਾਲ਼ ਹੌਸਪੀਟਲ ਜਾਵੇ। ਘਰ 'ਚ ਦੋ ਤਿੰਨ ਦਿਨ ਕਲੇਸ਼ ਹੁੰਦਾ ਰਿਹਾ ਤੇ ਸੁਧੀਰ ਮਸਾਂ ਈ ਮੰਨਿਆ ਜਾਣ ਲਈ। ਚਲੋ ! ਇਹ ਵੀ ਹੋ ਗਿਆ ਪਰ ਨਤੀਜਾ ਮੁੜ ਪਹਿਲਾਂ ਵਾਲਾ ਈ।

ਸੁਧੀਰ ਨੂੰ ਮੁੜ ਮੌਕਾ ਮਿਲ ਗਿਆ, "ਲੈ ! ਕਰ ਲਈਆਂ ਮਨ ਆਈਆਂ ! ਹੁਣ ਕੀ ਬਣਿਆ?"

ਉਹ ਸਭ ਅੰਦਰ ਈ ਅੰਦਰ ਜਜ਼ਬ ਕਰ ਗਈ। ਉਹਨੂੰ ਇੰਝ ਲੱਗਿਆ ਜਿਵੇਂ ਉਹ ਉਹਦੇ ਜ਼ਖ਼ਮਾਂ 'ਤੇ ਆਏ ਖਰਿੰਡਾਂ ਨੂੰ ਆਪਣੇ ਤਿੱਖੇ ਨੂੰਹਾਂ ਨਾਲ਼ ਬੇਕਿਰਕ ਹੋ ਕੇ ਛਿੱਲ ਰਿਹਾ ਹੋਵੇ। ਉਹ ਕਿੰਨੇ ਦਿਨ ਆਪਣੇ ਆਪ 'ਚ ਖੋਈ ਰਹੀ। ਦਫ਼ਤਰ ਤੋਂ ਉਹ ਮੈਡੀਕਲ ਲੀਵ 'ਤੇ ਚੱਲ ਰਹੀ ਸੀ। ਥੋੜ੍ਹੇ ਦਿਨਾਂ ਬਾਅਦ ਉਹਨੇ ਮੁੜ ਜੁਆਈਨ ਕੀਤਾ। ਉਹਦੀ ਸਹੇਲੀ ਲਤਾ ਉਹਦੇ ਨਾਲ਼ ਹਰ ਵੇਲੇ ਪਰਛਾਂਵੇ ਵਾਂਗ ਰਹਿਣ ਲੱਗੀ। ਉਹ ਉਹਦੀ ਮਾਨਸਿਕ ਸਥਿਤੀ ਨੂੰ ਬਹੁਤ ਸ਼ਿੱਦਤ ਨਾਲ਼ ਮਹਿਸੂਸ ਕਰਦੀ ਸੀ।

ਹੁਣ ਉਹਨੇ ਸਭ ਕੁਝ ਉੱਪਰ ਵਾਲੇ 'ਤੇ ਛੱਡਣ ਦਾ ਫ਼ੈਸਲਾ ਕੀਤਾ। ਉਹ ਮੁੜ ਘਰ ਤੇ ਦਫ਼ਤਰ ਬਾਰੇ ਹੀ ਸੋਚਦੀ। ਐਦਾਂ ਈ ਛੇ ਕੁ ਮਹੀਨੇ ਹੋਰ ਬੀਤ ਗਏ। ਉਹਨਾਂ ਵਿਚਲੀਆਂ ਵਿੱਥਾਂ ਹੋਰ ਵਧਣ ਲੱਗੀਆਂ। ਪਰ ਜਦੋਂ ਦਫ਼ਤਰ 'ਚ ਉਹਦੀਆਂ ਸਹੇਲੀਆਂ ਆਪਣੇ ਘਰ ਪਰਿਵਾਰ ਤੇ ਕਈ ਵਾਰ ਆਪੋ-ਆਪਣੇ ਘਰਵਾਲਿਆਂ ਦੀਆਂ ਰੁਮਾਂਟਿਕ ਗੱਲਾਂ ਹੱਸ-ਹੱਸ ਕੇ ਸੁਣਾਉਂਦੀਆ ਤਾਂ ਉਹਦੇ ਅੰਦਰ ਵੀ ਝਰਨਾਹਟ ਜਿਹੀ ਛਿੜਦੀ। ਉਹ ਛੁੱਟੀ ਹੋਣ ਦੀ ਉਡੀਕ ਕਰਦੀ।

ਘਰ ਜਾ ਕੇ ਉਚੇਚੇ ਤੌਰ 'ਤੇ ਤਿਆਰ ਹੁੰਦੀ ਸੁਧੀਰ ਦੇ ਮਨਪਸੰਦ ਪਕਵਾਨ ਬਣਾਉਂਦੀ। ਸ਼ਾਮ ਨੂੰ ਸੁਧੀਰ ਦੇ ਆਲੇ-ਦੁਆਲੇ ਚੱਕਰ ਕੱਟਦੀ ਰਹਿੰਦੀ ਕਿ ਉਹ ਉਹਦੀ ਤਾਰੀਫ਼ ਕਰਨ, ਕੋਈ ਗੱਲ ਛੇੜਨ। ਉਹ ਉਹਦੇ ਮੂੰਹੋਂ ਪਿਆਰ ਭਰੇ ਬੋਲ ਸੁਣਨ ਲਈ ਤਰਸਦੀ ਪਰ ਸੁਧੀਰ ਹਮੇਸ਼ਾ ਵਾਂਗੂੰ ਬੇਪਰਵਾਹ। ਉਹਨੂੰ ਕੋਈ ਫ਼ਰਕ ਨੀਂ ਉਹਦੇ ਹਾਰ ਸ਼ਿੰਗਾਰ ਦਾ, ਉਹਦੇ ਚਿਹਰੇ ਦੀ ਖੁਸ਼ੀ ਦੀ, ਉਹਦੇ ਮਨ 'ਚ ਉੱਠਦੀਆਂ ਪਿਆਰ ਭਰੀਆਂ ਲਹਿਰਾਂ ਦੀ। ਉਹ ਸਭ ਕਾਸੇ ਤੋਂ ਅਵੇਸਲਾ ਜਿਹਾ ਰਹਿੰਦਾ।

ਮਾਲਤੀ ਮਨ ਮਸੋਸ ਕੇ ਰਹਿ ਜਾਂਦੀ। ਉਹ ਪਹਿਲਾਂ ਬੱਚੇ ਪਿੱਛੇ ਕਮਲੀ ਹੋਈ ਪਈ ਸੀ ਪਰ ਹੁਣ ਤਾਂ ਉਹਨੂੰ ਇੰਝ ਲੱਗਦਾ ਜਿਵੇਂ ਸੁਧੀਰ ਵੀ ਉਹਦੇ ਕੋਲੋਂ ਬਹੁਤ ਦੂਰ ਜਾ ਰਿਹਾ ਹੋਵੇ। ਇੱਕ ਦਿਨ ਉਹਨੂੰ ਸੁਧੀਰ ਦੀ ਜੇਬ 'ਚੋਂ ਥੇਟਰ ਦੀਆਂ ਦੋ ਟਿਕਟਾਂ ਮਿਲੀਆਂ, ਉਹ ਕੰਬ ਗਈ। ਪਰ ਉਹਦਾ ਮਨ ਕੁਝ ਵੀ ਮੰਨਣ ਨੂੰ ਤਿਆਰ ਨਹੀਂ ਸੀ। ਉਹਨੇ ਆਪਣੇ ਮਨ ਦੀ ਮੰਨੀ। ਦੇਖ ਕੇ ਵੀ ਕੌੜਾ ਸੱਚ ਨਿਗਲ ਗਈ।

ਦੋ ਕੁ ਹਫ਼ਤੇ ਬੀਤੇ ਉਹਦੀ ਸਹੇਲੀ ਲਤਾ ਨੇ ਮਾਲਤੀ ਨੂੰ ਗੱਲਾਂ-ਗੱਲਾਂ 'ਚ ਪੁੱਛਿਆ, "ਅੱਜਕਲ੍ਹ ਭਾਜੀ ਕਿੱਧਰ ਰਹਿੰਦੇ? ਕਿੰਨਾ ਚਿਰ ਹੋ ਗਿਆ ਵੇਖੇ ਨੀਂ। ਹੁਣ ਤੁਹਾਨੂੰ ਕਦੇ ਛੱਡਣ ਵੀ ਨੀਂ ਆਏ ਦਫ਼ਤਰ?"

"ਉਹ ਆਪਣੇ ਦਫ਼ਤਰ ਨੂੰ ਸਿਰ 'ਤੇ ਚੁੱਕੀ ਘੁੰਮਦੇ ਰਹਿੰਦੇ। ਉਹਨਾਂ ਬਿਨਾਂ ਤਾਂ ਕਹਿੰਦੇ ਦਫ਼ਤਰ ਦਾ ਪੱਤਾ ਵੀ ਨੀਂ ਹਿੱਲਦਾ।" ਉਹ ਹੱਸਦੀ ਹੋਈ ਆਖਣ ਲੱਗੀ।

"ਥੋੜ੍ਹਾ ਧਿਆਨ ਰੱਖੋ। ਪਤਾ ਨੀਂ ਹੁੰਦਾ ਇਹਨਾਂ ਮਰਦਾਂ ਦਾ। ਬਹੁਤੀਆਂ ਖੁੱਲ੍ਹੀਆਂ ਡੋਰਾਂ ਨੀਂ ਛੱਡੀਦੀਆਂ।"

"ਤੁਸੀਂ ਆਪਣੇ ਤੱਕ ਮਤਲਬ ਰੱਖੋ। ਮੈਨੂੰ ਪੂਰਾ ਯਕੀਨ ਇਹ ਇਹੋ ਜਿਹੇ ਨੀਂ।" ਮਾਲਤੀ ਨੇ ਵੱਟ ਖਾਧਾ।

"ਦੇਖੋ! ਤੁਸੀਂ ਗੁੱਸਾ ਮੰਨ ਗਏ। ਹਸਬੈਂਡ ਵੀ ਬੰਦਾ ਈ ਹੁੰਦਾ। ਭਲਾ ਕੱਲ੍ਹ ਭਾਜੀ ਕਿੱਥੇ ਸੀ?"

"ਆਪਣੇ ਦਫ਼ਤਰ ਹੋਰ ਕਿੱਥੇ ਜਾਣਾ?"

"ਮੈਂ ਕੱਲ੍ਹ ਉਹਨਾਂ ਨੂੰ ਚੰਡੀਗੜ੍ਹ ਵੇਖਿਆ। ਨਾਲ਼ ਇੱਕ ਵਾਲ-ਕਟੀ ਜਿਹੀ ਸੋਹਣੀ-ਸੁਨੱਖੀ ਲੇਡੀ ਸੀ।" ਇਹ ਗੱਲ ਸੁਣਦੇ ਸਾਰ ਮਾਲਤੀ ਦੀਆਂ ਅੱਖਾਂ ਭਿੱਜ ਗਈਆਂ। ਉਹਦੀਆਂ ਅੱਖਾਂ ਮੂਹਰੇ ਫਿਲਮ ਦੀਆਂ ਦੋ ਟਿਕਟਾਂ ਘੁੰਮਣ ਲੱਗੀਆਂ। ਹੁਣ ਉਹ ਚੁੱਪ ਸੀ। ਉਹਨੇ ਕੋਈ ਜੁਆਬ ਨਾ ਦਿੱਤਾ ਜਿਵੇਂ ਸ਼ਬਦ ਮੁੱਕ ਗਏ।

ਉਹ ਘਰ ਆ ਕੇ ਸੁਧੀਰ ਨੂੰ ਪੁੱਛਣਾ ਚਾਹੁੰਦੀ ਸੀ ਪਰ ਚਾਹ ਕੇ ਵੀ ਪੁੱਛ ਨਾ ਸਕੀ। ਸੋਚਣ ਲੱਗੀ ਕਿਵੇਂ ਪੁੱਛਾਂ ਕੀ ਪੁੱਛਾਂ? ਆਪਣੇ ਮਨ ਨੂੰ ਮੁੜ ਚੁੱਪ ਕਰਵਾ ਦਿੱਤਾ। ਹੋ ਸਕਦਾ ਲਤਾ ਨੂੰ ਭੁਲੇਖਾ ਪਿਆ ਹੋਵੇ। ਕਈ ਵਾਰ ਕਈ ਲੋਕ ਇੰਨ-ਬਿੰਨ ਇਕੋ-ਜਿਹੇ ਜਾਪਦੇ ਦੂਰੋਂ। ਫੇਰ ਟਿਕਟਾਂ ਬਾਰੇ ਸੋਚਦੀ, ਆਪਣੇ ਕਿਸੇ ਦੋਸਤ ਨਾਲ਼ ਵੀ ਜਾ ਈ ਸਕਦਾ!, ਮੈਂ ਵੀ ਤਾਂ ਲਤਾ ਨਾਲ਼ ਗਈ ਹਾਂ ਇੱਕ ਦੋ ਫ਼ਿਲਮਾਂ ਵੇਖਣ। ਐਵੇਂ ਕਾਹਨੂੰ ਸ਼ੱਕਾਂ ਦੇ ਘੇਰਿਆਂ 'ਚ ਬੰਦ ਹੋਈਏ?" ਮੁੜ ਉਸੇ ਰੁਟੀਨ 'ਚ ਉਹਨੇ ਆਪਣੇ ਆਪ ਨੂੰ ਬੰਨੀ ਰੱਖਿਆ।

ਫੇਰ ਇੱਕ ਦਿਨ ਉਹਨੂੰ ਸੁਧੀਰ ਦੀ ਜੇਬ 'ਚੋਂ ਕੁਝ ਅਜਿਹਾ ਮਿਲਿਆ ਜਿਹਨੂੰ ਵੇਖ ਉਹ ਚੀਕ ਪਈ, "ਹਾਏ ਰੱਬਾ! ਕਿੱਥੇ ਕਮੀ ਰਹਿ ਗਈ? ਕੀ ਨਹੀਂ ਮੇਰੇ 'ਚ? ਕੀ ਮੈਂ ਖ਼ੂਬਸੂਰਤ ਨਹੀਂ! ਜੇ ਮੈਂ ਬਦਸੂਰਤ ਹਾਂ ਤੇ ਮੇਰੇ ਵਿੱਚ ਮਰਦਾਂ ਨੂੰ ਆਪਣੇ ਵੱਲ ਖਿੱਚਣ ਦੀ ਸਮਰੱਥਾ ਨਹੀਂ ਤਾਂ ਉਹ ਕਿਉਂ ਮੇਰੇ ਵੱਲ ਵੇਖਦੇ ਨੇ। ਸਕੂਲ ਟਾਈਮ ਤੋਂ ਲੈ ਕੇ ਕਾਲਜ ਟਾਈਮ ਤੱਕ ਕਈ ਮੁੰਡਿਆ ਨੇ ਮੇਰਾ ਪਿੱਛਾ ਕੀਤਾ ਤੇ ਮੈਂ ਹਮੇਸ਼ਾ ਉਹਨਾਂ ਦੀ ਝਾੜ-ਝੰਬ ਕਰਦੀ ਰਹੀ। ਇੱਕ ਮੁੰਡੇ ਨੇ ਮੈਨੂੰ ਖ਼ਤ ਵੀ ਦਿੱਤਾ ਤੇ ਮੈਂ ਬਿਨਾਂ ਪੜ੍ਹਿਆਂ ਉਹਦੇ ਸਾਹਮਣੇ ਹੀ ਲੀਰਾਂ ਕਰ ਦਿੱਤਾ। ਮੇਰਾ ਸਹਿਕਰਮੀ ਰਾਜ ਕਿੰਨੀ ਵਾਰ ਮੈਨੂੰ ਇਸ਼ਾਰਿਆਂ 'ਚ ਮੇਰੀ ਖ਼ੂਬਸੂਰਤੀ ਦਾ ਗੁਣਗਾਨ ਕਰ ਚੁੱਕਿਆ ਪਰ ਮੈਂ ਮੂੰਹ ਵੱਟਦੀ ਰਹਿੰਦੀ ਤੇ ਮੇਰੀ ਵੱਟੀ ਘੂਰੀ ਦਾ ਉਹਦੇ 'ਤੇ ਥੋੜ੍ਹੇ ਦਿਨ ਈ ਅਸਰ ਹੁੰਦਾ, ਮੁੜ ਫੇਰ ਉਦਾਂ ਦਾ। ਆਨੇ-ਬਹਾਨੇ ਮੇਰੇ ਆਲੇ ਦੁਆਲੇ ਚੱਕਰ ਕੱਢਦਾ ਰਹਿੰਦਾ। ਫੇਰ ਸੁਧੀਰ ਨੂੰ ਕੀ ਲੋੜ ਪੈ ਗਈ ਐਦਾਂ! ਉਹਦੇ ਦਿਮਾਗ 'ਚ ਲਤਾ ਦੀ ਕਹੀ ਗੱਲ ਖੋਰੂ ਪਾਉਣ ਲੱਗੀ, ਹਸਬੈਂਡ ਵੀ ਬੰਦਾ ਈ ਹੁੰਦਾ।"

ਉਹ ਸ਼ਾਮ ਨੂੰ ਉਡੀਕਣ ਲੱਗੀ। ਨਾ ਉਹਨੇ ਰੋਟੀ ਪਕਾਈ ਤੇ ਨਾ ਆਪ ਖਾਧੀ। ਸਮਾਂ ਜਿਵੇਂ ਇੱਕੋ ਥਾਂ ਠਹਿਰ ਗਿਆ ਹੋਵੇ। ਸੁਧੀਰ ਘਰ ਆ ਕੇ ਹਮੇਸ਼ਾ ਵਾਂਗੂੰ ਚੁੱਪ- ਗੜੁੱਪ ਆਪਣੇ ਕਮਰੇ 'ਚ ਬੈਠਿਆ ਤੇ ਰਿਮੋਟ ਹੱਥ 'ਚ ਫੜ ਰੋਟੀ ਦੀ ਉਡੀਕ ਕਰਨ ਲੱਗਿਆ।

ਅਚਾਨਕ ਟੇਬਲ 'ਤੇ ਨਿਗਹਾ ਪੈਂਦਿਆ ਹੀ ਉਹ ਗੁੱਸੇ ਨਾਲ਼ ਚੀਕਿਆ, "ਇਹ ਕੀ ਐ?"

ਮਾਲਤੀ ਉਹਦੇ ਸਾਹਮਣੇ ਜਾ ਖੜ੍ਹੀ ਹੋਈ ਤੇ ਉਹਦੀਆਂ ਅੱਖਾਂ 'ਚ ਅੱਖਾਂ ਪਾ ਪੁੱਛਣ ਲੱਗੀ, "ਇਹ

ਸਵਾਲ ਤਾਂ ਮੇਰਾ ਸੀ। ਇਹ ਕੀ ਐ? ਤੁਹਾਡੀ ਜੇਬ 'ਚੋਂ ਨਿਕਲਿਆ।"

ਮਾਲਤੀ ਦਾ ਜੁਆਬ ਸੁਣ ਸੁਧੀਰ ਦਾ ਮੂੰਹ ਉੱਡ ਗਿਆ। ਉਹਨੂੰ ਖਿਆਲ ਆਇਆ ਕਿ ਇਹ ਤਾਂ ਕੱਲ੍ਹ ਜੇਬ 'ਚ ਹੀ ਰਹਿ ਗਿਆ। ਉਹਦੀ ਬੋਲ-ਬਾਣੀ ਬਦਲ ਗਈ, "ਇਹ ਤਾਂ ਸਾਡੇ ਕੋਲ ਉੱਥੇ ਆਫਿਸ 'ਚ ਡਿਸਪੈਂਸਰੀ ਐ, ਉੱਥੋਂ ਵਿਕਾਸ ਨੇ ਹਾਸੇ-ਮਜ਼ਾਕ 'ਚ ਮੇਰੀ ਜੇਬ 'ਚ ਪਾ ਤਾ। ਕਹੇ ਤਾਂ ਤੇਰੀ ਗੱਲ ਕਰਵਾ ਦਿੰਦਾ।"

"ਮੈਂ ਉਹਦੇ ਨਾਲ਼ ਕੀ ਗੱਲ ਕਰਨੀ?"

"ਆਹੋ ! ਅਗਲਾ ਸੋਚੂ ਕਿਹੋ ਜਿਹੀ ਜ਼ਨਾਨੀ ? ਕੀ ਪੁੱਛ ਰਹੀ?" ਮਾਲਤੀ ਨੂੰ ਢੈਲੀ ਪੈਂਦਿਆ ਵੇਖ ਸੁਧੀਰ ਨੇ ਰੰਗ ਬਦਲਿਆ।

"ਅੱਛਾ ! ਉਹ ਸੋਚੂੰ ਕਿਹੋ-ਜਿਹੀ ਜ਼ਨਾਨੀ। ਚੱਲ ਉਹਨੂੰ ਸੋਚਣ ਦਿਓ। ਕਰਾਓ ਗੱਲ। ਮੈਂ ਵੀ ਦੇਖਾਂ ਕਿਹੋ-ਜਿਹਾ ਬੰਦਾ ਜਿਹੜਾ ਐਦਾਂ ਦਾ ਘਟੀਆ ਮਜ਼ਾਕ ਕਰਦਾ !"

ਹੁਣ ਸੁਧੀਰ ਬਾਜ਼ੀ ਉਲਟੀ ਹੋਈ ਵੇਖ, ਆਪਣੀ ਜ਼ੁਬਾਨ ਦਾ ਰਸ ਘੋਲਦਾ ਹੋਇਆ, ਉਹਨੂੰ ਆਪਣੀਆਂ ਬਾਹਾਂ 'ਚ ਭਰਨ ਲਈ ਅੱਗੇ ਆਇਆ। ਉਹਨੇ ਸੁਧੀਰ ਦਾ ਹੱਥ ਪਰਾਂ ਵਗਾਹ ਮਾਰਿਆ।

"ਸਰਕਾਰੀ ਮਹਿਕਮੇ 'ਚੋਂ ਮਿਲੀ ਪੰਜੀ ਦੀ ਚੀਜ਼ 'ਤੇ ਵੀ ਸਰਕਾਰੀ ਮੋਹਰਾਂ ਚੀਕ-ਚੀਕ ਕੇ ਡੰਡ ਪਾਉਂਦੀਆਂ ਕਿ ਇਹ ਸਾਡੀ ਐ, ਆਮ ਜਨਤਾ ਲਈ, ਕਿਉਂ ਜੋ ਕਲ੍ਹ ਨੂੰ ਵੋਟਾਂ ਮੰਗਣੀਆਂ ਹੁੰਦੀਆਂ ਮੰਤਰੀਆਂ ਨੇ । ਆਹ ਪ੍ਰਾਇਵੇਟ ਕੰਪਨੀਆਂ ਈ ਨੰਗੀਆਂ ਫੋਟੋਆਂ ਨਾਲ਼ ਪ੍ਰਚਾਰ ਕਰਦੀਆਂ। ਨਾਲ਼ੇ ਮੈਂ ਅਨਪੜ੍ਹ ਨੀਂ ਜਿਹਨੂੰ ਪਤਾ ਨੀਂ ਲੱਗਦਾ ਸਰਕਾਰੀ ਤੇ ਬਾਹਰੋਂ ਖਰੀਦੀਆਂ ਵਸਤਾਂ ਦਾ। ਉਂਜ ਵੀ ਭਾਵੇਂ ਸਰਕਾਰੀ ਹੋਵੇ, ਭਾਵੇਂ ਘਰ ਦੀ ਚੀਜ਼ ਉਹ ਆਪਾਂ ਨੂੰ ਪਸੰਦ ਕਿੱਥੇ ! ਆਪਾਂ ਨੂੰ ਤਾਂ ਬਜ਼ਾਰੂ ਚੀਜ਼ਾਂ ਸੋਹਣੀਆਂ ਲੱਗਦੀਆਂ।"

ਉਹ ਚੀਕ ਚੀਕ ਕੇ ਹੰਭ ਗਈ। ਦੋਵੇਂ ਬਿਨਾਂ ਕੁਝ ਖਾਧੇ ਪੀਤੇ ਸੌਂ ਗਏ। ਸੁਧੀਰ ਕੋਲ ਕਿਸੇ ਗੱਲ ਦਾ ਕੋਈ ਜੁਆਬ ਨਹੀਂ ਸੀ। ਮਾਲਤੀ ਨੇ ਸੁਧੀਰ ਨਾਲ਼ ਬਿਸਤਰ ਦੀ ਸਾਂਝ ਤੋੜ ਦਿੱਤੀ ਤੇ ਦੂਜੇ ਕਮਰੇ ਨਾਲ਼ ਆਪਣੇ ਆਪ ਨੂੰ ਸੰਭਾਲ ਲਿਆ।

ਮਾਲਤੀ ਨੇ ਸੁਧੀਰ ਦੇ ਅੱਗੇ ਪਿੱਛੇ ਘੁੰਮਣਾ ਬੰਦ ਕਰ ਦਿੱਤਾ। ਰੋਟੀ ਸਬਜ਼ੀ ਬਣਾ ਕੇ ਰੱਖ ਦਿੰਦੀ। ਖਾਣੀ ਖਾਓ, ਨਹੀਂ ਖਾਣੀ ਨਾ ਖਾਓ। ਉਹਨੇ ਆਪਣਾ ਧਿਆਨ ਆਪਣੇ ਆਪ ਵੱਲ ਮੋੜਿਆ। ਆਪਣੇ ਆਪ ਨੂੰ ਸਜਾਉਣ-ਸਵਾਰਨ ਲੱਗੀ। ਉਹਨੇ ਆਪਣੇ ਵਾਲ਼ ਥੋੜ੍ਹੇ-ਥੋੜ੍ਹੇ ਕਟਵਾ ਕੇ ਸਟਰੇਟ ਕਰਵਾ ਲਏ। ਆਪਣੇ ਮਨ ਪਸੰਦ ਰੰਗਾਂ ਦੇ ਕੱਪੜੇ ਪਾਉਣ ਲੱਗੀ। ਉਹ ਰੰਗ ਉਚੇਚੇ ਤੌਰ 'ਤੇ ਸਵਾਏ ਜਿਹੜੇ ਸੁਧੀਰ ਨੂੰ ਪਸੰਦ ਨਹੀਂ।

ਸੁਧੀਰ ਉਹਦੇ 'ਚ ਬਦਲਾਵ ਦੇਖ ਹੈਰਾਨ ਸੀ। ਇੱਕ ਦੋ ਵਾਰ ਉਹਨੇ ਮਾਲਤੀ ਨੂੰ ਬਾਹਾਂ 'ਚ ਲੈ ਸਮਝਾਉਣਾ ਚਾਹਿਆ ਪਰ ਮਾਲਤੀ ਉਹਨੂੰ ਆਪਣੇ ਆਪ ਨੂੰ ਛੂਹਣ ਤੱਕ ਨਾ ਦਿੰਦੀ। ਇਹ ਉਹੀ ਮਾਲਤੀ ਸੀ ਜਿਹੜੀ ਤਰਸਦੀ ਸੀ ਸੁਧੀਰ ਇੱਕ ਛੂਹ ਨੂੰ। ਉਹ ਰਾਤ ਨੂੰ ਆਪਣੇ ਕਮਰੇ ਦੀ ਕੁੰਡੀ ਲਾ ਕੇ ਸੌਂਦੀ।

ਇੱਕ ਦਿਨ ਸੁਧੀਰ ਕਹਿਣ ਲੱਗਿਆ, "ਇੰਜ ਕਿਵੇਂ ਚਲੇਗਾ? ਚਲੋ ! ਕਿਸੇ ਡਾਕਟਰ ਨੂੰ ਮਿਲੀਏ। ਅੱਗੇ ਬਾਰੇ ਸੋਚੀਏ।"

"ਕੀ ਕਰਨਾ ਬੱਚਾ ? ਗੋਦ ਲੈ ਲਵਾਂਗੇ, ਹੁਣ ਮੈਨੂੰ ਲੋੜ ਮਹਿਸੂਸ ਨੀ ਹੁੰਦੀ ਕਿਸੇ ਦੀ।"

ਸੁਧੀਰ ਚੁੱਪ ਸੀ। ਉਸੇ ਸ਼ਾਮ ਮਾਲਤੀ ਵਿਕਾਸ ਨਾਲ਼ ਫਿਲਮ ਵੇਖਣ ਤੁਰੀ ਹੋਈ ਸੀ ਤੇ ਸੁਧੀਰ ਦੀ ਜੇਬ 'ਚੋਂ ਨਿਕਲੀ ਉਸ ਦਿਨ ਵਾਲੀ ਡੱਬੀ ਉਹਦੇ ਪਰਸ ਵਿੱਚ ਸੀ। (**ਸੰਪਰਕ-98143-85918**)



## ਕਹਾਣੀ / **ਆਇਤ**/ - ਗੁਰਪ੍ਰੀਤ ਡੈਨੀ



*(ਸਮਾਜਿਕ ਸੰਸਕਾਰਾਂ 'ਚ ਬੱਝੇ ਮਨੁੱਖ ਦੀ ਸੰਵੇਦਨਾ ਨੂੰ ਗੁਰਪ੍ਰੀਤ ਡੈਨੀ ਨੇ ਆਪਣੀ ਪਹਿਲੀ ਕਹਾਣੀ ਵਿੱਚ ਨਵੀਂ ਜਨਰੇਸ਼ਨ ਦੇ 'ਤਰਕ' ਨਾਲ ਪੇਸ਼ ਕੀਤਾ ਏ। ਆਰਥਿਕ ਠੁੰਮਣੇ ਦੀ ਤਲਾਸ਼ ਕਰਦੇ ਨੌਜਵਾਨ ਦੀ ਤੜਫ਼, ਬੇਗਾਨਗੀ ਨੂੰ ਨਵੀਂ ਕਿਸਮ ਦੇ ਬਿਰਤਾਂਤ ਨਾਲ ਪੇਸ਼ ਕੀਤਾ ਏ। ਮੈਨੂੰ ਆਸ ਏ ਕਿ ਡੈਨੀ ਭਵਿੱਖ ਵਿਚ ਬਤੌਰ ਕਹਾਣੀਕਾਰ ਦੇ ਤੌਰ ਤੇ ਤੇਜੀ ਨਾਲ ਉਭਰੇਗਾ। ਮੈਨੂੰ ਇਸ ਗੱਲ ਦੀ ਖੁਸ਼ੀ ਏ ਡੈਨੀ ਪੰਜਾਬੀ ਕਹਾਣੀ ਦੇ ਪਿੜ 'ਚ 'ਕਹਾਣੀ ਧਾਰਾ' ਰਾਹੀਂ ਉੱਤਰ ਰਿਹਾ ਏ।-ਸੰਪਾਦਕ)*

ਉਸ ਦਿਨ ਲੋਹੜੀ ਦੇ ਧੂਣੇ ਵਿੱਚ ਤਿਲਾਂ ਦੇ ਨਾਲ-ਨਾਲ ਮੇਰਾ ਆਪਣਾ ਆਪ ਵੀ ਬਲਿਆ। ਮੈਨੂੰ ਮੇਰਾ ਸਿਵਾ ਸਾਹਮਣੇ ਬਲਦਾ ਪ੍ਰਤੀਤ ਹੋ ਰਿਹਾ ਸੀ। ਆਇਤ ਉਸ ਘਰ ਵਿੱਚ ਕੀ ਗਈ ਤਾਂ ਸਾਰਿਆਂ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਮੇਰੀ ਮਾਂ 'ਤੇ ਸਵਾਲਾਂ ਦੀਆਂ ਪਿਚਕਾਰੀਆਂ ਚੱਲਣ ਲੱਗੀਆਂ।

ਇਹ ਕੁੜੀ ਕੌਣ ਹੈ? ਇੱਕ ਅੱਧਖੜ ਜਿਹੀ ਔਰਤ ਨੇ ਮਾਂ ਦੇ ਕੰਨ 'ਚ ਫੂਕ ਮਾਰੀ। ਮਾਂ ਨੂੰ ਤਾਂ ਆਪ ਇਸ ਰਿਸ਼ਤੇ ਬਾਰੇ ਨਹੀਂ ਸੀ ਪਤਾ, ਉਹ ਕੀ ਦੱਸਦੀ। ਮਾਂ ਨੇ ਚੁੱਪ ਵੱਟੀ ਰੱਖੀ। ਆਇਤ ਲੋਹੜੀ ਮੰਗਣ ਆਈਆਂ ਕੁੜੀਆਂ ਤੋਂ ਗੀਤ ਸੁਣ, ਉਨ੍ਹਾਂ ਦੇ ਮਤਲਬ ਸਮਝ ਰਹੀ ਸੀ ਤੇ ਕੁੜੀਆਂ ਦੀਆਂ ਅੱਖਾਂ ਉਹਦੀ ਪਛਾਣ ਕਰਨ 'ਚ ਲੱਗੀਆਂ ਸਨ। ਬਸ ਮਾਂ ਨੇ ਘਰ ਆ ਕੇ ਜੋ ਕਲੇਸ਼ ਪਾਇਆ ਉਸ ਦਿਨ ਤੋਂ ਬਾਅਦ ਮੇਰੇ ਪੈਰਾਂ ਨੂੰ ਪਿੰਡ ਦੀ ਮਿੱਟੀ ਨਾ ਲੱਗੀ।

ਪਿੰਡ ਦੇ ਸਕੂਲ ਤੋਂ ਬਾਰ੍ਹਾਂ ਜਮਾਤਾਂ ਪਾਸ ਕਰਨ ਤੋਂ ਬਾਅਦ ਹੁਣ ਵੇਲਾ ਅੱਗੇ ਪੜ੍ਹਾਈ ਕਰਨ ਦਾ ਸੀ। ਨਤੀਜਾ ਉਡੀਕਦਿਆਂ...ਕਿਹੜੀ ਸਟਰੀਮ 'ਚ ਜਾਣਾ... ਕੋਈ ਪਤਾ ਨਹੀਂ ਸੀ। ਵਿਹਲੇ ਹੋਣ ਕਰਕੇ ਇੱਕ ਦਿਨ ਅਸੀਂ ਤਿੰਨ ਦੋਸਤ ਜੰਮੂ ਘੁੰਮਣ ਚਲੇ ਗਏ। ਸ਼ਾਮ ਨੂੰ ਹਵਾ ਪਿਆਜ਼ੀ ਹੋਏ ਮੇਰੇ ਇੱਕ ਦੋਸਤ ਸਾਹਿਲ ਦਾ ਮਨ ਭਰ ਆਇਆ।

"ਯਾਰ ਗੌਰੀ...ਮੈਨੂੰ ਤੇਰੇ ਭਵਿੱਖ ਬਾਰੇ ਚਿੰਤਾ ਰਹਿੰਦੀ ਹੈ। ਤੂੰ ਛੇ ਸਾਲ ਭਲਵਾਨੀ ਕੀਤੀ। ਤੇਰੀ ਮਿਹਨਤ ਮੈਂ ਅੱਖੀਂ ਵੇਖੀ ਪਰ ਯਾਰ ਮੁੱਲ ਨਹੀਂ ਪਿਆ। ਤੂੰ ਆਪਣੇ ਦਾਦੇ ਵਾਂਗ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਹੈਂ। ਤੂੰ ਜਰਨਲਿਜ਼ਮ ਕਿਉਂ ਨਹੀਂ ਕਰ ਲੈਂਦਾ।"

"ਏਹ ਕੀ ਬਲਾ ਹੁੰਦੀ ਭਾਅ ਜੀ।" ਮੈਂ ਆਪਣੀ ਨਾਸਮਝੀ ਜ਼ਾਹਰ ਕੀਤੀ।

"ਤੂੰ ਅਖ਼ਬਾਰ ਤਾਂ ਪੜ੍ਹਦੈਂ, ਟੀ ਵੀ ਵੀ ਦੇਖਦੈਂ...ਜਿਹੜੇ ਉਹਦੇ ਵਿੱਚ ਖ਼ਬਰਾਂ ਪੜ੍ਹਦੇ-ਲਿਖਦੇ ਨੇ ਉਹ ਜਰਨਲਿਜ਼ਮ ਦੀ ਪੜ੍ਹਾਈ ਕਰ ਕੇ ਆਉਂਦੇ ਨੇ । ਤੂੰ ਵੀ ਉਹ ਕਰ, ਰੋਟੀ ਕਮਾਉਣ ਜੋਗਾ ਹੋ ਜਾਏਂਗਾ। ਨਹੀਂ ਤਾਂ ਸਾਲਿਆ ਦਾਦੇ ਵਾਂਗ ਪੈਂਚਰਾਂ ਦੀ ਦੁਕਾਨ ਤੇਰੇ ਕੋਲੋਂ ਨਹੀਂ ਕਰ ਹੋਣੀ।" ਸਾਹਿਲ ਨੇ ਟਿੱਚਰ ਦੇ ਨਾਲ-ਨਾਲ ਭਵਿੱਖ ਵੱਲ ਇਸ਼ਾਰਾ ਕੀਤਾ। ਮੈਨੂੰ ਉਹਦੀ ਸਲਾਹ ਜਚ ਗਈ।

ਕੁਝ ਦਿਨਾਂ ਮਗਰੋਂ ਫ਼ੀਸ ਭਰਨ ਜੋਗੇ ਪੈਸਿਆਂ ਦਾ ਜੁਗਾੜ ਹੋਣ'ਤੇ ਮੈਂ ਤੇ ਸਾਹਿਲ ਯੂਨੀਵਰਸਿਟੀ ਦਾਖ਼ਲਾ ਕਰਵਾਉਣ ਗਏ। ਉਸ ਦਿਨ ਮੈਂ ਆਇਤ ਨੂੰ ਪਹਿਲੀ ਵਾਰੀ ਦੇਖਿਆ ਸੀ। ਮਟਰ ਦੇ ਦਾਣੇ ਵਰਗੀਆਂ ਗੋਲ ਅੱਖਾਂ। ਮਧਰਾ ਕੱਦ। ਗੱਠਿਆ ਸਰੀਰ। ਕਾਹਲ 'ਚ ਤੁਰਦੇ ਪੈਰ। ਉਹ ਮੈਨੂੰ ਬੜੀ ਪਿਆਰੀ ਲੱਗੀ। ਖ਼ੁਸ਼ੀ ਉਦੋਂ ਹੋਈ ਜਦੋਂ ਮੈਨੂੰ ਪਤਾ ਲੱਗਿਆ ਕਿ ਉਹ ਮੇਰੀ ਕਲਾਸ ਮੇਟ ਹੈ। ਦਸ ਦਿਨ ਮਗਰੋਂ ਕਲਾਸਾਂ ਸ਼ੁਰੂ ਹੋਈਆਂ। ਮੈਂ ਅੱਜ ਤੱਕ ਆਪਣੇ ਕੱਪੜਿਆਂ ਵੱਲ ਧਿਆਨ ਨਹੀਂ ਸੀ ਦਿੱਤਾ ਪਰ ਹੁਣ ਮੈਨੂੰ ਕੱਪੜਿਆਂ ਦੀਆਂ ਸਿਲਵਟਾਂ ਭੈੜੀਆਂ ਲੱਗਣ ਲੱਗੀਆਂ। ਮੈਂ ਕੱਪੜਿਆਂ ਦੇ ਪਿੰਡੇ 'ਤੇ ਪ੍ਰੈਸ ਫੇਰਨੀ ਸਿੱਖ ਗਿਆ। ਆਇਤ ਦੀ ਝਲਕ ਮੇਰਾ ਨਵਾਂ ਸਾਂਚਾ ਘੜ ਰਹੀ ਸੀ। ਕਲਾਸ ਵਿੱਚ ਹਰ ਕੋਈ ਪੰਜਾਬ ਦੇ ਵੱਖਰੇ ਜ਼ਿਲ੍ਹੇ ਤੋਂ ਆਇਆ ਸੀ। ਕਈ ਹਿਮਾਚਲ ਪ੍ਰਦੇਸ਼ ਤੇ ਦਿੱਲੀ ਤੋਂ ਵੀ ਸਨ। ਵੱਖ-ਵੱਖ ਭਾਸ਼ਾਵਾਂ ਦੇ ਬਾਵਜੂਦ ਅਪਣੱਤ ਸਾਰਿਆਂ ਨੂੰ ਕਲਾਵੇ ਵਿੱਚ ਲੈ ਰਹੀ ਸੀ। ਪਿੰਡਾਂ ਦੀ ਅੱਖੜ ਬੋਲੀ ਬੋਲਣ ਵਾਲੇ ਅਸੀਂ ਦੋ ਹੀ ਸਾਂ ਮੈਂ ਤੇ ਇੱਕ ਮੁੰਡਾ ਹੋਰ। ਅਸੀਂ ਕਲਾਸ ਵਿੱਚ ਥੋੜ੍ਹੇ ਵੱਖਰੇ ਸਾਂ। ਪਹਿਲੇ ਦਿਨ ਜਾਣ-ਪਛਾਣ ਹੋਈ। ਬਹੁਤੇ ਸਟੂਡੈਂਟਸ ਹਿੰਦੀ ਅੰਗਰੇਜ਼ੀ ਬੋਲ ਰਹੇ ਸਨ। ਆਇਤ ਅੰਗਰੇਜ਼ੀ ਹਿੰਦੀ ਰਲੀ ਭਾਸ਼ਾ ਬੋਲਦੀ...ਪਰ ਉਹਦੀ ਹਿੰਦੀ ਵਿੱਚ ਜ਼ਿਆਦਾ ਰਸ ਸੀ। ਜਦ ਮੈਂ ਆਪਣੇ ਬਾਰੇ ਦੱਸ ਰਿਹਾ ਸੀ ਤਾਂ ਉਹ ਮੇਰੇ ਵੱਲ ਵੇਖ ਰਹੀ ਸੀ। ਕੀ ਸੋਚ ਰਹੀ ਸੀ? ਪਤਾ ਨਹੀਂ। ਪਰ ਉਹਦਾ ਮੇਰੇ ਵੱਲ ਦੇਖਣਾ ਮੈਨੂੰ ਚੰਗਾ ਲੱਗ ਰਿਹਾ ਸੀ। ਮੈਂ ਆਪਣੇ ਬਾਰੇ ਜੋ ਕੁਝ ਦੱਸਣਾ ਸੀ ਸ਼ਾਇਦ ਉਹਦੀ ਤੱਕਣੀ ਕਰਕੇ ਦੱਸਣੋਂ ਰਹਿ ਗਿਆ।

ਹੌਲੀ-ਹੌਲੀ ਸਾਰੇ ਕਲਾਸ ਮੇਟ ਇੱਕ ਦੂਜੇ ਨਾਲ ਜਕਦੇ-ਜਕਦੇ ਆਪਣੀਆਂ ਰੁਚੀਆਂ ਸਾਂਝੀਆਂ

ਕਰਨ ਲੱਗੇ। ਪੱਤਰਕਾਰੀ ਦੀ ਦੁਨੀਆ ਹੀ ਐਸੀ ਹੈ। ਇਸ ਵਿੱਚ ਰੁਚੀ ਨਾ ਹੋਵੇ ਤਾਂ ਤੁਹਾਡਾ ਕੈਰੀਅਰ ਵੀ ਦਾਅ'ਤੇ ਲੱਗ ਸਕਦੈ। ਪੜ੍ਹਨਾ-ਲਿਖਣਾ ਇੱਥੋਂ ਦਾ ਮੂਲ-ਮੰਤਰ ਹੈ। ਖ਼ੈਰ ਸਾਰੇ ਆਪਣੀਆਂ-ਆਪਣੀਆਂ ਰੁਚੀਆਂ ਦੱਸਦੇ। ਆਇਤ ਦੀ ਰੁਚੀ ਰੇਡਿਓਜਰਨਲਿਜ਼ਮ ਵਿਚ ਸੀ। ਜਦ ਉਹ ਇੰਟਰੋਡਕਸ਼ਨ ਦੇ ਰਹੀ ਸੀ ਤਾਂ ਉਸ ਸਮੇਂ ਮੈਨੂੰ ਉਹਦੀ ਆਵਾਜ਼ ਸੁਣ ਲੱਗ ਰਿਹਾ ਸੀ ਕਿ ਉਹ ਰੇਡਿਓ ਕਾਰਨ ਇਸ ਸਟਰੀਮ ਵਿੱਚ ਆਈ ਹੈ। ਪਰ ਹੁਣ ਯਕੀਨ ਅੱਖਾਂ ਸਾਹਮਣੇ ਖੜ੍ਹਾ ਸੀ। ਆਇਤ ਦੇ ਕਿਤਾਬਾਂ ਪੜ੍ਹਨ ਦੇ ਸ਼ੌਕ ਨੇ ਸਾਨੂੰ ਇੱਕ-ਦੂਜੇ ਦੇ ਨੇੜੇ ਕਰ ਦਿੱਤਾ। ਕਿਤਾਬਾਂ ਵਟਾਉਂਦਿਆਂ ਕਦ ਦਿਲ ਸਾਂਝੇ ਹੋ ਗਏ। ਸਾਨੂੰ ਆਪ ਨੂੰ ਵੀ ਪਤਾ ਨਾ ਲੱਗਾ। ਖ਼ਬਰਾਂ ਦੇ ਬੰਦਿਆਂ ਨੂੰ ਆਪਣੀ ਖ਼ਬਰ ਭੁੱਲ ਗਈ। ਕੰਟੀਨ, ਯੂਨੀਵਰਸਿਟੀ 'ਚ ਲੱਗੇ ਪਿੱਪਲ ਦੇ ਰੁੱਖ ਦੀ ਛਾਂ ਤੇ ਨਹਿਰ ਦੀ ਵੱਖੀ ਕੋਲ ਦੀ ਲੰਘਦਾ ਕੱਚਾ ਡੰਡੀ ਨੁਮਾ ਰਾਹ ਸਾਡੇ ਬੈਠਣ-ਉੱਠਣ ਦੇ ਟਿਕਾਣੇ ਬਣ ਗਏ। ਤਿੰਨ ਸਾਲ ਹਵਾ ਦੇ ਬੁੱਲੇ ਵਾਂਗ ਕੋਲ ਦੀ ਖਹਿ ਕੇ ਲੰਘ ਗਏ। ਹੁਣ ਆਪਣੇ-ਆਪਣੇ ਰਾਹ ਹੋਣ ਦਾ ਸਮਾਂ ਸੀ। ਸਾਰੇ ਟ੍ਰੇਨਿੰਗ ਤੋਂ ਬਾਅਦ ਉੱਜਵਲ ਭਵਿੱਖ ਤੇ ਸਮਾਜ ਦੀਆਂ ਤੰਗੀਆਂ ਤੁਰਸ਼ੀਆਂ ਨੂੰ ਆਪਣੀ ਕਲਮ ਨਾਲ ਵਰਕਿਆਂ ਦੀ ਹਿੱਕ 'ਤੇ ਲਿਆਉਣ ਲਏ ਕਾਹਲੇ ਸਨ। ਆਇਤ ਨੇ ਆਪਣੀ ਆਵਾਜ਼ ਨਾਲ ਲੋਕਾਂ ਦਾ ਦਰਦ ਕਹਿਣਾ ਸੀ, ਇਹ ਉਹਦੇ ਲਈ ਔਖਾ ਕਾਰਜ ਸੀ। ਆਇਤ ਜਲੰਧਰ ਇੱਕ ਰੇਡਿਓ ਸਟੇਸ਼ਨ 'ਤੇ ਟ੍ਰੇਨਿੰਗ ਲੈਣ ਲੱਗੀ। ਉਹਨੇ ਉੱਥੇ ਰੇਡਿਓ ਦੀਆਂ ਬਾਰੀਕੀਆਂ ਸਿੱਖੀਆਂ। ਕੁਝ ਸਮੇਂ 'ਚ ਉਹਦੀ ਆਵਾਜ਼ 'ਚ ਰਵਾਨਗੀ ਆ ਗਈ। ਤਿੰਨ ਮਹੀਨਿਆਂ ਦੀ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਹੁਣ ਰੁਜ਼ਗਾਰ ਲੱਭਣ ਦੀ ਵਾਰੀ ਸੀ। ਇਸ ਦੇਸ਼ ਵਿੱਚ ਕਾਤਲ, ਬਲਾਤਕਾਰੀ, ਭ੍ਰਿਸ਼ਟਾਚਾਰੀ ਤੇ ਸੰਸਕਾਰੀ ਤਾਂ ਲੱਭ ਪੈਣਗੇ ਪਰ ਰੁਜ਼ਗਾਰ ਲੱਭਣ ਲਈ ਪਤਾਲ ਖੁਰਚਣਾ ਪੈਂਦਾ। ਮੈਨੂੰ ਆਇਤ ਦੀ ਚਿੰਤਾ ਹੋਣ ਲੱਗੀ। ਘਰ ਉਹ ਵਾਪਸ ਜਾਣਾ ਨਹੀਂ ਸੀ ਚਾਹੁੰਦੀ...ਨਾ ਹੀ ਮੈਂ ਉਹਨੂੰ ਘਰ ਭੇਜਣਾ ਚਾਹੁੰਦਾ ਸੀ। ਅਸੀਂ ਸਾਰੀ ਦਿਹਾੜੀ ਕੰਪਨੀ ਬਾਗ 'ਚ ਬੈਠੇ ਵਿਉਂਤਬੰਦੀ ਕਰਦੇ ਰਹਿੰਦੇ। ਮੇਰੇ ਕੋਲ ਬਾਰ੍ਹਾਂ ਕੁ ਹਜ਼ਾਰ ਰੁਪਏ ਦੀ ਨੌਕਰੀ ਸੀ। ਮੈਂ ਤੇ ਆਇਤ ਨੇ ਫ਼ੈਸਲਾ ਕੀਤਾ ਕਿ ਉਹ ਪੀ.ਜੀ ਵਿੱਚ ਰਹੇਗੀ, ਜਦ ਤੱਕ ਨੌਕਰੀ ਦਾ ਕੋਈ ਜੁਗਾੜ ਨਹੀਂ ਹੁੰਦਾ। ਪੀ.ਜੀ. ਦਾ ਅੱਧਾ ਕੁ ਖ਼ਰਚ ਮੈਂ ਦੇਵਾਂਗਾ ਤੇ ਅੱਧਾ ਕੁ ਉਹ ਘਰ ਤੋਂ ਲੈ ਲਿਆ ਕਰੇਗੀ। ਚੱਲੋ ਉਹਦੇ ਪੀ.ਜੀ ਦਾ ਇੰਤਜਾਮ ਵੀ ਹੋ ਗਿਆ। ਹੋਸਟਲ ਵਿੱਚ ਰਹਿਣ ਕਰਕੇ ਉਹਨੂੰ ਬਾਹਰ ਰਹਿਣ ਦਾ ਰੰਗ ਢੰਗ... ਤੇ ਇਕੱਲਤਾ ਹੰਢਾਉਣੀ ਆਉਂਦੀ ਸੀ। ਘਰਦਿਆਂ ਦਾ ਕੋਈ ਜ਼ਿਆਦਾ ਹੇਰਵਾ ਵੀ ਨਹੀਂ ਸੀ। ਹੇਰਵਾ ਤਾਂ ਹੁਣ ਉਹ ਮੇਰਾ ਕਰਨ ਲੱਗੀ ਸੀ। ਜਦ ਅਸੀਂ ਕਦੇ ਘੰਟਿਆਂ ਬੱਧੀ ਪਾਰਕ ਵਿੱਚ ਬੈਠ ਗੱਲਾਂ ਕਰਦੇ ਤਾਂ ਘਰ ਮੁੜਨ ਵੇਲੇ ਸਾਡੀਆਂ ਦੋਵਾਂ ਦੀਆਂ ਅੱਖਾਂ ਭਰ ਆਉਂਦੀਆਂ। ਉਹ ਮੇਰਾ ਕਿੰਨਾ ਚਿਰ ਹੱਥ ਨਾ ਛੱਡਦੀ।

ਇੱਕ ਦਿਨ ਵੀਕ ਆਫ਼ 'ਤੇ ਮੈਂ ਆਇਤ ਨੂੰ ਆਪਣੇ ਨਾਲ ਪਿੰਡ ਲੈ ਆਇਆ। ਮਾਂ ਨੂੰ ਕਿਤੇ-ਕਿਤੇ ਸ਼ੱਕ ਤਾਂ ਸੀ ਕਿ ਮੈਂ ਫੋਨ'ਤੇ ਕਿਸੇ ਕੁੜੀ ਨਾਲ ਗੱਲਾਂ ਕਰਦਾ ਰਹਿੰਦਾ ਹਾਂ, ਪਰ ਕਦੇ ਖੁੱਲ੍ਹ ਕੇ ਆਇਤ ਬਾਰੇ ਗੱਲ ਨਹੀਂ ਸੀ ਕੀਤੀ। ਭੈਣ ਮਾਂ ਨੂੰ ਦੱਸਦੀ ਕਿ ਸਾਰੀ ਰਾਤ 'ਇਹ' ਨਾ ਆਪ ਸੌਂਦਾ, ਨਾ ਕਿਸੇ ਨੂੰ ਸੌਣ ਦਿੰਦਾ, ਬਾਹਰ ਗਲੀ ਤੱਕ ਇਹਦੀ ਆਵਾਜ਼ ਜਾਂਦੀ। ਪਤਾ ਨਹੀਂ ਕਿਹੜੀਆਂ ਗੱਲਾਂ ਕਰਕੇ ਹੱਸਦਾ ਰਹਿੰਦਾ ।ਆਇਤ ਨੂੰ ਦੇਖ ਕੇ ਮਾਂ ਖ਼ੁਸ਼ ਹੋਈ। ਬਾਪੂ ਨੇ ਵੀ ਪਿਆਰ ਦਿੱਤਾ। ਆਇਤ ਨੇ ਕਦੇ ਪੇਂਡੂ ਜੀਵਨ ਨਹੀਂ ਸੀ ਦੇਖਿਆ ਉਹ ਮਾਂ ਦਾ ਚੁੱਲ੍ਹਾ ਚੌਂਕਾ ਧਿਆਨ ਨਾਲ ਦੇਖਦੀ ਮੋਬਾਈਲ ਵਿੱਚ ਫੋਟੋਆਂ ਖਿੱਚਦੀ ਰਹਿੰਦੀ। ਉਹ ਨੂੰ ਮੇਰਾ ਘਰ ਚੰਗਾ ਲੱਗਿਆ ਸੀ। ਇਹ ਸਿਲਸਿਲਾ ਹੁਣ ਰੁਕਣ ਵਾਲਾ ਨਹੀਂ ਸੀ। ਹਰ

ਐਤਵਾਰ ਮੈਂ ਆਇਤ ਨੂੰ ਪਿੰਡ ਲੈ ਆਉਂਦਾ। ਹੁਣ ਮਾਂ ਨੂੰ ਇਹ ਚੰਗਾ ਲੱਗਣ ਦੀ ਬਜਾਏ ਅਟਪਟਾ ਲੱਗਣ ਲੱਗਿਆ। ਖ਼ਬਰਾਂ ਲਿਖਣ ਵਾਲਿਆਂ ਦੀ ਪਿੰਡ ਨੇ ਖ਼ਬਰ ਲੈ ਲਈ ਕਿ ਗੌਗੀ ਦੇ ਨਾਲ ਕੋਈ ਕੁੜੀ ਆਉਂਦੀ ਹੈ। ਜਦ ਅਸੀਂ ਇਕੱਠੇ ਬੈਠੇ ਰੋਟੀ ਖਾਂਦੇ ਹੋਣਾ ਤਾਂ ਮਾਂ ਦੀ ਸਹੇਲੀ ਮਨਜੀਤ ਘਰ ਆ ਵੜਦੀ..."ਅੱਛਾ ਗੌਗੀ ਦੀ ਫਰੈਂਡ ਐ, ਇਕੱਠੇ ਪੜ੍ਹਦੇ ਹੋਣੇ ਆ ਨਿਆਣੇ, ਅੱਜ ਕੱਲ੍ਹ ਤਾਂ ਸਭ ਕੁਝ ਹੋ ਰਿਹਾ ਸਾਡੇ ਵੇਲੇ ਤਾਂ ਮੂੰਹ ਤੱਕ ਨਹੀਂ ਸੀ ਦੇਖਣ ਦਿੰਦੇ ਜਿਹਦੇ ਲੜ ਲੱਗਣਾ ਹੁੰਦਾ ਸੀ।" ਉਹਦੀ ਆਵਾਜ਼ ਬਿਨਾਂ ਰੁਕੇ ਟਿਕੇ ਟਾਈਮ ਪੀਸ ਦੀਆਂ ਸੂਈਆਂ ਵਾਂਗ ਸਾਡੇ ਕੰਨਾਂ ਵਿੱਚ ਘੁੰਮਦੀ ਰਹਿੰਦੀ। ਆਇਤ ਨੂੰ ਮਨਜੀਤ ਦੀਆਂ ਕੁਝ-ਕੁਝ ਗੱਲਾਂ ਹੀ ਸਮਝ ਆਉਂਦੀਆਂ। ਕਈ ਵਾਰ ਉਹ ਮੈਨੂੰ ਬਾਅਦ 'ਚ ਪੁੱਛਦੀ:

"ਵੋ ਆਂਟੀ ਕਯਾ ਬੋਲ ਰਹੀ ਥੀ।" ਮੈਂ ਟਾਲ ਦਿੰਦਾ।

"ਤੁਮ ਕਿਸ ਤਰ੍ਹਾਂ ਕੇ ਗਾਓਂ ਮੇਂ ਰਹਿਤੇ ਹੋ, ਲੋਗ ਕੈਸੇ ਦੇਖਤੇ ਹੈ ਇਨੋ ਨੇ ਕਭੀ ਕੋਈ ਲੜਕੀ ਨਹੀਂ ਦੇਖੀ ਕਯਾ।" ਮੈਂ ਮਨ ਹੀ ਮਨ ਸੋਚਦਾ,'ਦੇਖੀ ਤਾਂ ਹੈ ਪਰ ਇੱਥੇ ਪ੍ਰੇਮਿਕਾਵਾਂ ਵਿਆਹ ਤੋਂ ਪਹਿਲਾਂ ਪ੍ਰੇਮੀ ਦੇ ਘਰ ਨਹੀਂ ਆਉਂਦੀਆਂ।'

ਆਇਤ ਨੌਕਰੀ ਲਈ ਕਈ ਰੇਡੀਓ ਸਟੇਸ਼ਨਾਂ'ਤੇ ਇੰਟਰਵਿਊ ਦੇਣ ਗਈ ਪਰ ਕਿਤੇ ਗੱਲ ਨਾ ਬਣੀ। ਸਾਡੀ ਟੈਨਸ਼ਨ ਖ਼ਤਮ ਹੋਣ ਦਾ ਨਾਂ ਨਹੀਂ ਸੀ ਲੈ ਰਹੀ। ਤਿੰਨ ਮਹੀਨੇ ਪੀ.ਜੀ ਵਿੱਚ ਵੀ ਗੁਜ਼ਰ ਚੁੱਕੇ ਸਨ। ਆਇਤ ਦੇ ਘਰ ਦੇ ਰੋਜ਼ ਫੋਨ 'ਤੇ ਪੁੱਛਦੇ, ਨੌਕਰੀ ਦਾ ਕੀ ਬਣਿਆ । ਮੇਰੇ ਕੋਲੋਂ ਆਇਤ ਦੀ ਉਦਾਸੀ ਦੇਖੀ ਨਹੀਂ ਸੀ ਜਾਂਦੀ। ਮੈਂ ਆਟੋ ਵਿੱਚ ਆਇਤ ਦਾ ਸਾਰਾ ਸਾਮਾਨ ਲੱਦਿਆ...ਤੇ ਉਹਨੂੰ ਆਪਣੇ ਨਾਲ ਪਿੰਡ ਲੈ ਆਇਆ। ਬੂਹੇ 'ਚ ਖੜ੍ਹੀ ਮਾਂ ਲਈ ਇਹ ਜੱਗੋ ਬਾਹਰੀ ਗੱਲ ਸੀ। ਇਸ ਤੋਂ ਪਹਿਲਾਂ ਕਿ ਲੋਕ ਇਕੱਠੇ ਹੁੰਦੇ ਮਾਂ ਨੇ ਫਟਾਫਟ ਸਾਰਾ ਸਾਮਾਨ ਆਟੋ 'ਚੋਂ ਚੁੱਕ ਲਿਆ। ਮੈਂ ਆਟੋ ਵਾਲੇ ਨੂੰ ਪੈਸੇ ਦੇ ਜਲਦ ਰਫੂ ਚੱਕਰ ਹੋਣ ਲਈ ਕਿਹਾ। ਸਾਡਾ ਪਿੰਡ ਦੁਆਬੇ 'ਚ ਹੋਣ ਕਰਕੇ ਬਹੁਤੇ ਘਰ ਵਿਦੇਸ਼ਾਂ ਵਿੱਚ ਗਏ ਹੋਏ ਨੇ ਤਾਂ ਜਦ ਵੀ ਕੋਈ ਪਿੰਡ ਵਿੱਚ ਕਾਰ ਜਾਂ ਆਟੋ ਆਉਂਦਾ ਤਾਂ ਲੋਕ ਘਰਾਂ 'ਚੋਂ ਬਾਹਰ ਆ ਜਾਂਦੇ ਨੇ ਬਈ ਦੇਖੀਏ ਕੌਣ ਆਇਆ? ਆਇਤ ਵਾਸ਼ਰੂਮ ਗਈ ਤਾਂ ਮਾਂ-ਬਾਪ ਮੇਰੇ ਦੁਆਲੇ ਹੋ ਗਏ, "ਵੇ ਆਹ ਕੀ ਕੀਤਾ? ਕਿਸੇ ਦੀ ਬਗਾਨੀ ਧੀ ਕਿਉਂ ਘਰ ਲੈ ਆਇਆ, ਸ਼ਰੀਕਾ ਤਾਂ ਅੱਗੇ ਸਾਡੇ ਕੋਹੜ ਲੱਭਦਾ ਫਿਰਦਾ। ਕੀ ਮੂੰਹ ਦਿਖਾਵਾਂਗੇ ਅਸੀਂ?"

"ਮਾਂ ਬਸ ਇੱਕ ਮਹੀਨੇ ਦੀ ਗੱਲ ਹੈ। ਇਹ ਸਾਡੇ ਘਰ ਰਹੇਗੀ। ਇਹਦੀ ਨੌਕਰੀ ਅਜੇ ਤਕ ਕਿਤੇ ਪੱਕੀ ਨਹੀਂ ਹੋਈ। ਜਦ ਹੋ ਗਈ ਤਾਂ ਇਹ ਮੁੜ ਸ਼ਹਿਰ ਚਲੀ ਜਾਏਗੀ।"

" ...ਤਾਂ ਫਿਰ ਜਦ ਤੂੰ ਕੰਮ 'ਤੇ ਜਾਇਆ ਕਰੇਂਗਾ ਇਹ ਘਰ ਰਹੇਗੀ?" ਮਾਂ ਨੇ ਆਪਣੇ ਅੰਦਰਦੀ ਗੱਲ ਦਾਗ ਦਿੱਤੀ।

"ਨਹੀਂ ਮੇਰੇ ਨਾਲ ਹੀ ਜਾਇਆ ਕਰੇਗੀ। ਮੈਂ ਇਹਦੀ ਆਪਣੇ ਦਫ਼ਤਰ ਵਿੱਚ ਟ੍ਰੇਨਿੰਗ ਲਵਾ ਲਈ ਹੈ।", ਮੈਂ ਮਾਂ ਦਾ ਫ਼ਿਕਰ ਘੱਟ ਕਰਨ ਲਈ ਆਪਣੀ ਗੱਲ ਰੱਖੀ। ਆਇਤ ਦਾ ਸਾਮਾਨ ਮੈਂ ਆਪਣੇ ਕਮਰੇ ਵਿੱਚ ਰੱਖ ਲਿਆ। ਕਮਰੇ ਵਿੱਚ ਕਿਤਾਬਾਂ ਖਿਲਰੀਆਂ ਹੋਣ ਕਰਕੇ ਉਹ ਮੈਨੂੰ ਝਿੜਕਦੀ।

"ਕੋਈ ਬੁਕਸ ਕੋ ਐਸਾ ਰੱਖਤਾ ਹੈ ਕਯਾ, ਆਪ ਵੀ ਨਾ ਗੌਗੀ ਬਹੁਤ ਲੇਜੀ ਹੋ। ਮੈਂ ਠੀਕ ਕਰਤੀ ਹੂੰ।" ਕਿਤਾਬਾਂ ਠੀਕ ਕਰਦੀ ਦੇ ਉਹਦੇ ਹੱਥਾਂ ਵਿੱਚ ਮੈਨੂੰ ਚੂੜਾ ਨਜ਼ਰ ਆਇਆ, "ਇਹ ਕੀ ਆਇਤ?" ਮੇਰੇ ਮੂੰਹੋਂ ਇਕਦਮ ਨਿਕਲਿਆ,

"ਕਯਾ ਹੂਆ?"

"ਤੇਰੇ ਹੱਥਾਂ ਵਿੱਚ ਇਹ ਚੂੜਾ ਕਿੱਥੋਂ ਆਇਆ?"

"ਕੌਣ ਸਾ ਚੂੜਾ? ਪਾਗਲ ਹੋ ਗਏ ਹੋ ਕਿਆ? ਮੈਨੇ ਤੋ ਸਿਰਫ਼ ਵਾਚ ਪਹਿਨ ਰੱਖੀ ਹੈ। ਕਿਉਂ ਪਾਗਲੋਂ ਕੀ ਤਰਾਂ ਕੁਝ ਵੀ ਬੋਲੀ ਜਾ ਰਹੇ ਹੋ?" ਮੈਂ ਪਾਣੀ ਦਾ ਗਲਾਸ ਪੀਤਾ ਤਾਂ ਮਨ ਟਿਕਾਣੇ ਆਇਆ।

ਮਾਂ ਸਾਨੂੰ ਰਾਤ ਦੀ ਰੋਟੀ ਕਮਰੇ ਵਿੱਚ ਫੜਾਉਣ ਆਈ ਤਾਂ ਆਇਤ ਬੋਲੀ, "ਆਪ ਵੀ ਖਾਓ ਆਂਟੀ।"

"ਨਹੀਂ ਪੁੱਤ ਤੁਸੀਂ ਖਾਓ। ਮੈਂ ਇਹਦੇ ਡੈਡੀ ਨਾਲ ਖਾਣੀ ਐ।"

"ਵਾਓ ਨਾਇਸ...।" ਆਇਤ ਨੇ ਮਾਂ ਨੂੰ ਮਜ਼ਾਕ ਕੀਤਾ ਪਰ ਮਾਂ ਬਿਨਾਂ ਕੁਝ ਬੋਲੇ ਚਲੇ ਗਈ। ਸਾਰਾ ਦਿਨ ਸਾਮਾਨ ਦੀ ਚੱਕ ਥੱਲ ਕਰਦਿਆਂ ਆਇਤ ਥੱਕ ਗਈ ਤੇ... ਜਲਦੀ ਸੌਂ ਗਈ। ਮੈਂ ਸਾਰੀ ਰਾਤ ਮਾਂ-ਬਾਪ ਦੀ ਘੁਸਰ-ਮੁਸਰ ਸੁਣਦਾ ਰਿਹਾ।

ਸਵੇਰੇ ਮਾਂ ਗੁਰਦੁਆਰਿਓਂ ਪ੍ਰਸ਼ਾਦ ਲਿਆਈ। ਉਹਨੇ ਸਾਨੂੰ ਦੋਵਾਂ ਨੂੰ ਪ੍ਰਸ਼ਾਦ ਦਿੰਦਿਆਂ ਕਿਹਾ, "ਮਾਲਕ ਤੁਹਾਨੂੰ ਸਮੱਤ ਬਖਸ਼ੇ।"

"ਆਂਟੀ ਯੇਹ ਸਮੱਤ ਕਯਾ ਹੋਤਾ ਹੈ?"

"ਆਹ ਆਪਣੇ ਗੌਰੀ ਕੋਲੋਂ ਪੁੱਛ ਲੈ।" ਮਾਂ ਨੇ ਉਲਟਾ ਉੱਤਰ ਦਿੱਤਾ।

"ਆਇਤ ਸੁਮੱਤ ਹੁੰਦਾ ਹੈ 'ਅਕਲ' "

"ਯਾਰ ਹਮੇ ਜੀਨੇ ਲਾਈਕ ਤੋ ਹੈ ਨਾ ਅਕਲ।"

"ਹਾਂ ਆਇਤ ਪਰ ਸ਼ਾਇਦ ਸਮਾਜ 'ਚ ਜਿਊਣ ਲਈ ਅਜੇ ਹੋਰ ਚਾਹੀਦੀ ਹੈ।"

"ਅਬ ਸੁਸਾਇਟੀ ਡਿਸਾਇਡ ਕਰੇਗੀ ਕਿ ਹਮੇਂ ਕਿਤਨੀ ਅਕਲ ਚਾਹੀਏ।" ਆਇਤ ਦੇ ਚਿਹਰੇ 'ਤੇ ਗੁੱਸਾ ਸੀ। ਮੈਂ ਉਸਨੂੰ ਸ਼ਾਂਤ ਰਹਿਣ ਲਈ ਕਿਹਾ। ਅਸੀਂ ਕੰਮ ਲਈ ਨਿਕਲ ਗਏ। ਸਿਆਲੂ ਦਿਨ ਸਨ। ਅਸੀਂ ਆਪਣੇ ਸਮੇਂ ਤੋਂ ਪਹਿਲਾਂ ਹੀ ਨਿਕਲ ਜਾਂਦੇ ਤਾਂ ਕਿ ਧੁੰਦ ਵਿੱਚ ਸਾਨੂੰ ਕੋਈ ਨਾ ਦੇਖ ਸਕੇ। ਇਵੇਂ ਹੀ ਅਸੀਂ ਰਾਤ ਨੂੰ ਲੇਟ ਆਉਂਦੇ ਜਦ ਸਾਰਾ ਪਿੰਡ ਰਜਾਈਆਂ 'ਚ ਵੜ ਗਿਆ ਹੁੰਦਾ। ਆਇਤ ਲਾਈਟ ਜਗ੍ਹਾ ਕੇ ਸੌਂਦੀ...ਜਦ ਉਹ ਸੌਂ ਜਾਂਦੀ ਤਾਂ ਮੈਂ ਲਾਈਟ ਬੰਦ ਕਰ ਦਿੰਦਾ। ਅਜੇ ਮੈਂ ਸੌਣ ਦੀ ਤਿਆਰੀ ਹੀ ਕਰ ਰਿਹਾ ਸੀ ਤਾਂ ਮੈਨੂੰ ਝਾਂਜਰਾਂ ਦੀ ਆਵਾਜ਼ ਸੁਣਾਈ ਦਿੱਤੀ। ਕਦੀ ਝਾਂਜਰਾ ਛਣਕਣ... ਤਾਂ ਕਦੇ ਕੁੰਡੇ ਦਾ ਅਰਲ ਵਾਰ-ਵਾਰ ਵੱਜੇ। ਝਾਂਜਰਾਂ ਛਣਕ ਵੀ ਸਾਡੇ ਕਮਰੇ ਦੇ ਬਾਹਰ ਹੀ ਰਹੀਆਂ ਸਨ। ਮਾਂ ਕਮਰੇ ਦੇ ਬਾਹਰ ਸਾਡੇ ਦੋਵਾਂ ਵਿਚਾਲੇ ਰਿਸ਼ਤੇ ਦੀ ਰਾਖੀ ਕਰ ਰਹੀ ਸੀ। ਮੈਂ ਜ਼ਿਆਦਾ ਕੁਝ ਨਾ ਸੋਚਿਆ। ਸਾਰੇ ਦਿਨ ਦੀ ਕੁੱਤੇ-ਭਕਾਈ ਕਾਰਨ ਥੱਕਿਆ ਹੋਣ ਕਰਕੇ ਮੇਰੀ ਅੱਖ ਲੱਗ ਗਈ। ਜਦ ਸਵੇਰੇ ਉੱਠਿਆ ਤਾਂ ਮੇਰੀ ਨਿਗ੍ਹਾ ਮਾਂ ਦੇ ਪੈਰਾਂ 'ਤੇ ਗਈ। ਮੈਂ ਕੁਝ ਬੋਲਦਾ ਇੰਨੇ ਨੂੰ ਆਇਤ ਬੋਲ ਪਈ, "ਨਾ ਯੇਹ ਪੰਜੇਬ ਆਂਟੀ ਅਬੀ ਪਹਿਨੀ ਹੈ?"

"ਹੂੰ...ਨਹੀਂ...।" ਮਾਂ ਦਾ ਸੱਚ ਬੁੱਲਾਂ ਤੱਕ ਆਉਂਦਾ-ਆਉਂਦਾ ਥੁੱਕ ਦੇ ਨਾਲ ਵਾਪਸ ਉਹਦੇ ਢਿੱਡ 'ਚ ਚਲੇ ਗਿਆ। ਆਇਤ ਨੂੰ ਸਾਡੇ ਘਰ ਆਈ ਨੂੰ ਦੂਸਰਾ ਹਫ਼ਤਾ ਸੀ। ਸਾਰੇ ਘਰ ਵਿੱਚ ਉਹ ਬੇਫ਼ਿਕਰ ਘੁੰਮਦੀ। ਹੁਣ ਉਹਨੇ ਮੇਰੇ ਮਾਂ-ਬਾਪ ਨੂੰ ਮੰਮੀ-ਪਾਪਾ ਕਹਿਣਾ ਸ਼ੁਰੂ ਕਰ ਦਿੱਤਾ ਸੀ। ਮਾਂ ਨੂੰ ਉਹ ਕਈ ਵਾਰ ਸ਼ਿੰਦੇ ਕਹਿ ਕੇ ਬੁਲਾਉਂਦੀ ਕਿਉਂਕਿ ਬਾਪ ਵੀ ਮਾਂ ਨੂੰ ਸ਼ਿੰਦੇ ਕਹਿ ਕੇ ਹਾਕ ਮਾਰਦਾ। ਆਇਤ ਬਾਪ ਦੀ ਰੀਸ ਕਰਦੀ। ਬਾਪ ਇੰਨੀ ਠੰਢ ਹੋਣ ਦੇ ਬਾਵਜੂਦ ਬਾਹਰ ਵਿਹੜੇ 'ਚ ਹੀ ਨਹਾਉਂਦਾ। ਬਾਥਰੂਮ 'ਚ ਆਇਤ ਦੇ

ਅੰਡਰਗਾਰਮੈਂਟਸ ਕੀਲੀ'ਤੇ ਟੰਗੇ ਹੋਣ ਕਾਰਨ ਉਹ ਬਾਥਰੂਮ 'ਚ ਨਹੀਂ ਸੀ ਵੜਦਾ। ਮਾਂ ਆਇਤ ਨੂੰ ਅੰਡਰਗਾਰਮੈਂਟਸ ਛੱਤ ਉਪਰ ਨਹੀਂ ਸੀ ਸੁਕਾਉਣ ਦਿੰਦੀ। ਜੇ ਕਦੀ ਆਇਤ ਤਾਰ ਉੱਪਰ ਪਾ ਵੀ ਆਉਂਦੀ ਤਾਂ ਮਾਂ ਚੁੰਨੀ ਨਾਲ ਢੱਕ ਦਿੰਦੀ। ਕਈ ਵਾਰ ਨਾ ਸੁੱਕਣ ਕਾਰਨ ਆਇਤ ਖਿੱਝ ਜਾਂਦੀ।

"ਮੰਮੀ ਆਪ ਐਸੇ ਕਿਉਂ ਕਰਤੇ ਹੋ? ਯੇਹ ਵੀ ਤੋਂ ਕੱਪੜੇ ਹੀ ਹੈ।", ਉਹ ਆਪਣੀ ਆਜ਼ਾਦੀ ਦਾ ਕਾਇਦਾ ਮਾਂ ਨੂੰ ਪੜ੍ਹਾਉਣ ਲੱਗ ਜਾਂਦੀ।

ਇੱਕ ਦਿਨ ਆਇਤ ਨੇ ਮਾਂ ਨੂੰ ਉਹਦੀ ਪੈਂਟੀ ਪੁੱਠੀ-ਸਿੱਧੀ ਕਰਦੇ ਦੇਖ ਲਿਆ,"ਯੇਹ ਕਯਾ ਕਰ ਰਹੇ ਹੋ ਮੰਮੀ?", ਉਹਨੇ ਹੈਰਾਨ ਹੋ ਕੇ ਪੁੱਛਿਆ।

"ਖ਼ੂਨ ਦੇ ਨਿਸ਼ਾਨ ਲੱਭ ਰਹੀ ਹਾਂ।" ਮਾਂ ਦੇ ਢਿੱਡ 'ਚ ਗੋਲੇ ਬਣਦੀਆਂ ਜਾਂਦੀਆਂ ਗੱਲਾਂ ਹੁਣ ਉਹਦੇ ਬੁੱਲਾਂ ਤੱਕ ਆ ਗਈਆਂ।

"ਪੁੱਤ ਤੈਨੂੰ ਨੌਹੁਣੀ ਕਦੋਂ ਔਂਦੀ।" ਮਾਂ ਨੇ ਆਇਤ ਦੇ ਢਿੱਡ ਵੱਲ ਝਾਕਦਿਆਂ ਪੁੱਛਿਆ।

ਆਇਤ ਨੇ ਕੋਈ ਜਵਾਬ ਨਾ ਦਿੱਤਾ ਤੇ ਕਮਰੇ 'ਚ ਚਲੇ ਗਈ। ਰਾਤ ਦੇ ਦੋ ਕੁ ਵਜੇ ਤਾਂ ਦੂਸਰੇ ਕਮਰੇ 'ਚੋਂ ਮੇਰੇ ਕੰਨੀਂ ਆਵਾਜ਼ ਪਈ, "ਵੇ ਆਹ ਦੇਖ ਇਹਦਾ ਢਿੱਡ ਨਿਕਲ ਆਇਆ, ਕੀ ਕਹਿਣਗੇ ਲੋਕ, ਬਿਨਾਂ ਲਾਲ ਸੂਹੇ ਸੂਟ 'ਚ ਸਜਿਆਂ ਕੌਣ ਜੰਮਦਾ ਹੁੰਦਾ ਨਿਆਣੇ ਓਏ, ਵੇ ਮੈਂ ਤਾਂ ਤੇਰੇ ਉੱਤੋਂ ਅਜੇ ਗੜਬੀ ਨਾਲ ਪਾਣੀ ਵਾਰਨਾ ਸੀ। ਤੇਰੀ ਭੈਣ ਦਾ ਤੇਰੀ ਇੰਜੜੀ ਫੜਨ ਦਾ ਚਾਅ ਮਾਰਿਆ ਗਿਆ ਵੇ, ਮੇਰਾ ਪੀਰ ਰੁੱਸ ਜਾਊ, ਮੈਂ ਜਠੇਰੇ ਪੂਜਣੇ ਸੀ, ਤੂੰ ਤਾਂ ਸਭ ਕੁਝ ਜੂਠਾ ਕਰਤਾ ਓਏ..." ਮੈਂ ਇਕਦਮ ਉੱਠ ਕੇ ਮਾਂ ਦੇ ਕਮਰੇ 'ਚ ਗਿਆ। ਬਾਪ ਮਾਂ ਨੂੰ ਝਿੜਕ ਰਿਹਾ ਸੀ, "ਕੀ ਰੌਲਾ ਪਾਇਆ, ਤੂੰ ਕਿਉਂ ਨੀਂਦ ਖਰਾਬ ਕਰਦੀ ਐਂ ਸਾਰਿਆਂ ਦੀ, ਸੌਂ ਜਾ ਚੁੱਪ ਕਰ ਕੇ।" ਸ਼ਾਇਦ ਮਾਂ ਸੁਪਨੇ 'ਚ ਬੁੜਬੁੜਾ ਰਹੀ ਸੀ।

"ਤੂੰ ਸੌਂ ਜਾ ਪੁੱਤ।" ਬਾਪ ਨੇ ਮੈਨੂੰ ਹੱਥਾਂ ਨਾਲ ਇਸ਼ਾਰਾ ਕੀਤਾ।

'ਤੂੰ ਸਭ ਕੁਝ ਜੂਠਾ ਕਰਤਾ ਓਏ...' ਇਹ ਵਾਕ ਮੇਰੇ ਮੱਥੇ 'ਚ ਖੁੱਭ ਗਿਆ। ਮੈਂ ਸਾਰੀ ਰਾਤ ਸੌਂ ਨਾ ਸਕਿਆ। ਛੁੱਟੀ ਹੋਣ ਕਰਕੇ ਅਸੀਂ ਕਮਰੇ 'ਚ ਹੀ ਸਾਂ। ਬਾਪ ਨੇ ਦਰਵਾਜ਼ਾ ਖੜਕਾਇਆ, "ਪੁੱਤ ਬਾਹਰ ਆ ਕੇ ਗੱਲ ਸੁਣੀ ਮੇਰੀ।"

"ਤੂੰ ਸਭ ਕੁਝ ਜੂਠਾ ਕਰਤਾ ਓਏ...।" ਵਾਕ ਨੇ ਇੱਕ ਵਾਰ ਮੁੜ ਮੇਰੇ ਮੱਥੇ 'ਤੇ ਤਰੇਲੀ ਲਿਆ ਦਿੱਤੀ..."ਦੇਖ ਪੁੱਤ ਆਪਾਂ ਕੁੜੀ ਦਾ ਵਿਆਹ ਰੱਖ ਲਿਆ ਹੈ, ਪੈਸੇ ਧੇਲੇ ਦੀ ਲੋੜ ਵੀ ਪੈਣੀ ਐ, ਥੋੜ੍ਹੇ ਪੈਸੇ ਤੂੰ ਕਰ ਕੁਝ ਮੈਂ ਦੇਖਦਾਂ।" ਬਾਪੂ ਨੇ ਮੈਨੂੰ ਮੇਰੀ ਜ਼ਿੰਮੇਵਾਰੀ ਸਮਝਾ ਦਿੱਤੀ। ਮੈਨੂੰ ਉੱਠਣ ਲੱਗੇ ਨੂੰ ਕਹਿਣ ਲੱਗਿਆ, "ਪੁੱਤ ਹੁਣ ਆਪਾਂ ਕੁੜਮਾਂ ਵਾਲੇ ਹੋਣ ਵਾਲੇ ਹਾਂ। ਆਹ ਕੁੜੀ ਨੂੰ ਹੁਣ ਤੂੰ ਸ਼ਹਿਰ ਛੱਡ ਆ। ਵਿਆਹ 'ਤੇ ਸਾਰੇ ਰਿਸ਼ਤੇਦਾਰ ਆਉਣੇ ਨੇ ...ਕੀ ਕਹਿਣਗੇ ਉਹ? ਤੂੰ ਤਾਂ ਪੜ੍ਹਿਆ-ਲਿਖਿਆ। ਤੇਰੀ ਮੱਤ ਦਾ ਮਖੌਲ ਬਣ ਜੂ ਪੁੱਤ।"

ਮੈਨੂੰ ਬਾਪ ਦੇ ਬੋਲਾਂ 'ਚੋਂ ਮਾਂ ਦੇ ਸ਼ਬਦਾਂ ਦਾ ਝੌਲਾ ਪਿਆ।

"ਠੀਕ ਹੈ ਡੈਡੀ।" ਮੈਂ ਆਪਣੇ ਕਮਰੇ 'ਚ ਆ ਗਿਆ।

"ਕਯਾ ਪੂਛ ਰਹੇ ਥੇ ਪਾਪਾ?" ਆਇਤ ਨੇ ਮੇਰੇ ਨਿਰਾਸ਼ ਚਿਹਰੇ ਵੱਲ ਦੇਖ ਕੇ ਪੁੱਛਿਆ। "ਕੁਝ ਨਹੀਂ ਦੀਦੀ ਦਾ ਵਿਆਹ ਰੱਖ ਲਿਆ ਹੈ। ਉਹਦੇ ਬਾਰੇ ਦੱਸ ਰਹੇ ਸੀ ।" ਆਇਤ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਅੱਜ ਤੱਕ ਉਹ ਦੀਦੀ ਨਾਲ ਘੱਟ ਹੀ ਬੋਲਦੀ ਸੀ ਪਰ ਹੁਣ ਉਹਨੇ ਦੀਦੀ ਨਾਲ ਬੋਲ ਚਾਲ ਵਧਾ

ਦਿੱਤੀ ਸੀ। ਵਿਆਹ ਦੀ ਸ਼ਾਪਿੰਗ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਆਪਣੀਆਂ ਸਲਾਹਾਂ ਵੀ ਦੇਣ ਲੱਗ ਪਈ ਸੀ। ਜੋ ਦੀਦੀ ਆਇਤ ਨੂੰ ਓਪਰੀ ਸਮਝਦੀ ਸੀ ਹੁਣ ਗੱਲਾਂ ਕਰਦੀ ਦੇ ਉਹਦੇ ਮੂੰਹੋਂ ਆਇਤ ਨੂੰ ਭਾਬੀ ਨਿਕਲ ਜਾਂਦਾ ਤਾਂ ਦੋਵੇਂ ਉੱਚੀ ਉੱਚੀ ਹੱਸਦੀਆਂ। ਦੀਦੀ ਦੇ ਵਿਆਹ ਦੇ ਦਿਨ ਨੇੜੇ ਆ ਰਹੇ ਸਨ। ਉਹਨੇ ਮਾਂ-ਬਾਪ ਨੂੰ ਮਨਾ ਲਿਆ ਕਿ ਆਇਤ ਉਹਦੇ ਵਿਆਹ ਤੱਕ ਇੱਥੇ ਹੀ ਰਹੂਗੀ। ਇਹ ਵੀ ਕਹਿ ਦਿੱਤਾ ਕਿ ਜਦ ਕੋਈ ਰਿਸ਼ਤੇਦਾਰ ਆਇਤ ਬਾਰੇ ਪੁੱਛੇ ਤਾਂ ਕਹਿ ਦੇਣਾ ਕਿ ਉਸਦੀ ਸਹੇਲੀ ਹੈ। ਮੈਨੂੰ ਸੁੱਖ ਦਾ ਸਾਹ ਆਇਆ। ਨਾਨਕਾ ਮੇਲ ਵਾਲੇ ਦਿਨ ਦਾਦਕਿਆਂ ਤੇ ਨਾਨਕਿਆਂ ਵਿਚਾਲੇ ਸ਼ਬਦੀ ਯੁੱਧ ਚੱਲਿਆ। ਮੇਰੀਆਂ ਮਾਮੀਆਂ ਤੇ ਚਾਚੀਆਂ-ਤਾਈਆਂ ਨੇ ਇੱਕ ਦੂਜੇ ਨੂੰ ਚੰਗੀਆਂ ਸਿੱਠਣੀਆਂ ਦਿੱਤੀਆਂ। ਆਇਤ ਲਈ ਇਹ ਸਭ ਕੁਝ ਨਵਾਂ ਸੀ। ਉਹਨੂੰ ਥੋੜ੍ਹਾ ਹੀ ਸਮਝ ਲੱਗਿਆ... ਬਹੁਤਾ ਉਹਦੇ ਸਿਰ ਉੱਤੋਂ ਦੀ ਲੰਘੀ ਜਾਂਦਾ। ਬਸ ਇੱਕਾ-ਦੁੱਕਾ ਗੱਲਾਂ ਸਮਝ ਲੱਗਦੀਆਂ ਤਾਂ ਉਹ ਸ਼ਰਮਾ ਕੇ ਅੱਖਾਂ 'ਤੇ ਹੱਥ ਰੱਖ ਲੈਂਦੀ। ਭੈਣ ਦੀ ਸਹੇਲੀ ਹੋਣ ਕਰਕੇ ਰਿਸ਼ਤੇਦਾਰਾਂ ਕੋਲੋਂ ਤਾਂ ਬਚਾਅ ਹੋ ਗਿਆ ਪਰ ਪਿੰਡ ਵਾਲਿਆਂ ਦਾ ਕੀ ਕਰਦਾ? ਮੇਰੇ ਦੋਸਤਾਂ ਦੀਆਂ ਮਾਵਾਂ ਮੈਨੂੰ ਛੇੜਦੀਆਂ: ' ਵੇ ਤੇਰੀ ਵਹੁਟੀ ਤਾਂ ਬਹੁਤ ਸੋਹਣੀ ਐ।' ਮੈਂ ਕੁਝ ਨਾ ਬੋਲਦਾ। ਵਿਆਹ ਵਾਲੇ ਦਿਨ ਮੇਰੀ ਵੱਡੀ ਭੂਆ ਨੇ ਮੈਨੂੰ ਘੇਰ ਲਿਆ। ਸ਼ਾਇਦ ਉਹ ਤਾੜ ਗਈ ਸੀ ਕਿ ਗੱਲ ਤਾਂ ਕੁਝ ਹੈ। ਜਾਂ ਮਾਂ ਨੇ ਉਹਨੂੰ ਦੱਸ ਦਿੱਤਾ ਹੋਵੇਗਾ।

"ਵੇ ਆਹ ਕੁੜੀ ਕਿਹਨਾਂ ਦੀ ਹੈ?"

"ਕਿਹਨਾਂ ਦੀ ਮਤਲਬ?" ਮੈਂ ਉਹਨੂੰ ਮੋੜਵਾਂ ਸਵਾਲ ਪੁੱਛਿਆ

"ਕਿਹੜੀ ਜਾਤ ਦੀ ਐ?" ਉਹਨੇ ਟੀਰੀ ਅੱਖ ਨਾਲ ਸਿੱਧਾ ਸਵਾਲ ਕੀਤਾ।

"ਭੂਆ ਲਾਲਿਆਂ ਦੀ ਕੁੜੀ ਐ ਜਿਹਨਾਂ ਨੂੰ ਅਸੀਂ ਬਾਣੀਏ ਕਹਿੰਦੇ ਆਂ।"

"ਵੇ ਦੇਖੀ ਕਿਤੇ ਮੇਰੇ ਭਰਾ ਦੇ ਸਿਰ ਖੇਹ ਨਾ ਪੁਆ ਦਈਂ। ਇਹ ਚਾਰ ਭੈਣਾਂ ਮਗਰੋਂ ਹੋਇਆ ਸੀ। ਮੇਰੀ ਮਾਂ ਸੁੱਖਣਾ ਲਾਹੁੰਦੀ ਮਰ ਗਈ। ਆਹ ਜਿਹੜੀਆਂ ਫੋਟੋਆਂ ਖਿਚਾ ਰਿਹਾ ਇਹਦੇ ਨਾਲ... ਐਲਬਮ 'ਚ ਨਾ ਲਵਾਈਂ। ਕੀ ਪਤਾ ਇਹਦੇ ਘਰਦੇ ਮੰਨਣ ਜਾਂ ਨਾ। ਕੱਲ੍ਹ ਨੂੰ ਤੇਰੀ ਵਹੁਟੀ ਪੁੱਛੂ ਬਈ ਆਹ ਕੁੜੀ ਕੌਣ ਐ। ਫੇਰ ਕੀ ਜਵਾਬ ਦਵੇਂਗਾ?" ਉਹ ਮੇਰੇ ਨਾਲੋਂ ਜ਼ਿਆਦਾ ਆਪਣੇ ਭਰਾ ਦਾ ਫ਼ਿਕਰ ਕਰਦੀ ਰੌਲ 'ਤੇ ਬੈਠੇ ਭਾਈ ਵਾਂਗ ਇੱਕ ਸਾਹ 'ਚ ਬੋਲੀ ਜਾ ਰਹੀ ਸੀ।

ਵਿਆਹ ਸੁੱਖੀ ਸਾਂਦੀ ਨਿੱਬੜ ਗਿਆ। ਭੈਣ ਆਪਣੇ ਘਰ ਚਲੇ ਗਈ। ਪਰ ਉਹਦੀ 'ਸਹੇਲੀ' ਆਇਤ ਅੱਜ ਵੀ ਉਹਦੇ ਪੇਕੇ ਘਰ ਵਿੱਚ ਸੀ। ਮਾਂ-ਬਾਪ ਤੋਂ ਲਈ ਆਗਿਆ ਤੋਂ ਵੀ ਇੱਕ ਮਹੀਨਾ ਉੱਪਰ ਹੋ ਗਿਆ ਸੀ। ਘਰ 'ਚ ਲੜਾਈ ਵਧਣ ਲੱਗੀ। ਮਾਂ-ਬਾਪ ਮੇਰੇ ਕੋਲੋਂ ਖਿਝਣ ਲੱਗੇ। ਮੈਨੂੰ ਆਪਣਾ ਹੀ ਘਰ ਓਪਰਾ ਲੱਗਣ ਲੱਗਿਆ। ਮੈਂ ਕੀ ਗੁਨਾਹ ਕੀਤਾ? ਮੇਰੇ ਦਿਮਾਗ਼ ਵਿੱਚ ਵਾਰ-ਵਾਰ ਸਵਾਲ ਆ ਰਿਹਾ ਸੀ। ਜੇ ਪਿਆਰ ਕਰਨਾ ਗੁਨਾਹ ਹੈ ਤਾਂ ਫਿਰ ਨਫ਼ਰਤ ਕਰਨਾ ਕੀ ਹੈ? ਮੈਨੂੰ ਹੁਣ ਸਾਰੀ ਸਾਰੀ ਰਾਤ ਨੀਂਦ ਨਾ ਆਉਂਦੀ। ਆਇਤ ਵੀ ਹੁਣ ਮੇਰੇ ਮਾਂ-ਬਾਪ ਦੇ ਹਾਵ ਭਾਵ ਸਮਝਣ ਲੱਗੀ ਸੀ। ਉਹ ਨੂੰ ਮੇਰੀ ਉਦਾਸੀ ਦੀ ਫ਼ਿਕਰ ਹੋਣ ਲੱਗੀ ਸੀ। ਪਿੰਡ ਤੋਂ ਪਹਿਲਾਂ ਮੇਰਾ ਘਰ ਹੀ ਆਇਤ ਨੂੰ ਉੱਥੋਂ ਚਲੇ ਜਾਣ ਦੀ ਤਾਕੀਦ ਕਰ ਰਿਹਾ ਸੀ।

ਉਸ ਦਿਨ ਲੋਹੜੀ ਸੀ। ਮੇਰੇ ਵੱਡੇ ਤਾਏ ਦਾ ਨੂੰਹ-ਪੁੱਤ ਆਸਟ੍ਰੇਲੀਆ 'ਚੋਂ ਆਪਣੇ ਮੁੰਡਿਆਂ ਦੀ ਲੋਹੜੀ ਪਾਉਣ ਆਏ ਸੀ। ਆਇਤ ਜ਼ਿੱਦ ਕਰ ਕੇ ਮਾਂ ਦੇ ਨਾਲ ਤਾਏ ਘਰ ਜਾਣ ਨੂੰ ਤਿਆਰ ਹੋ ਗਈ।

ਮੈਨੂੰ ਵੀ ਨਾਲ ਜਾਣਾ ਹੀ ਪੈਣਾ ਸੀ। ਮਾਂ ਕੋਲ ਕੋਈ ਬਹਾਨਾ ਨਹੀਂ ਸੀ। ਉਹ ਆਪਣੀ ਕੁੜੀ ਦੀ ਸਹੇਲੀ ਆਖ ਕੇ ਵੀ ਬਚ ਨਹੀਂ ਸੀ ਸਕਦੀ। ਬਸ ਬੁੜੀਆਂ ਹੋ ਗਈਆਂ ਸ਼ੁਰੂ, "ਨੀਂ ਸੁਰਿੰਦਰ... ਅੱਜ ਨੂੰਹ ਵੀ ਨਾਲ ਆਈ ਐ।"

"ਮਾਮੀ... ਤੂੰ ਹੁੱਬ ਕੇ ਦੱਸ ਤਾਂ ਕਿ ਮੇਰੀ ਨੂੰਹ ਐ, ਕਿਉਂ ਡਰਦੀ ਐਂ?"

ਮਾਂ ਬਲਦੇ ਧੂਣੇ 'ਚ ਛਾਲ ਮਾਰਨ ਲੱਗੀ ਤਾਂ ਆਇਤ ਨੇ ਉਹਨੂੰ ਘੁੱਟ ਕੇ ਫੜ੍ਹ ਲਿਆ। ਮਾਂ ਪਾਗਲਾਂ ਵਾਂਗ ਕਰਨ ਲੱਗੀ। ਆਇਤ ਬਹੁਤ ਡਰ ਗਈ। ਉਹਦੀਆਂ ਅੱਖਾਂ 'ਚ ਪਾਣੀ ਆ ਗਿਆ। ਉਹ ਮੇਰੇ ਵੱਲ ਦੇਖ ਰਹੀ ਸੀ ਕਿ ਕਿਤੇ ਹੁਣ ਮੈਂ ਨਾ ਧੂਣੇ ਵਿੱਚ ਛਾਲ ਮਾਰ ਦੇਵਾਂ। ਅਸੀਂ ਦੋਵੇਂ ਮਾਂ ਨੂੰ ਘਰ ਲੈ ਆਏ। ਸਿਰ ਝੱਸਣ 'ਤੇ ਉਹਨੂੰ ਸੁਰਤ ਆਈ।

"ਦੇਖ ਪੁੱਤ ਜਾਂ ਤਾਂ ਹੁਣ ਇਸ ਘਰ ਵਿੱਚ ਮੈਂ ਰਹੂੰ ਜਾਂ ਇਹ ਕੁੜੀ। ਬਥੇਰਾ ਘਾਟਾ ਕਰਵਾ ਲਿਆ ਮੈਂ ਹੋਰ ਨਹੀਂ ਸਹਾਰ ਸਕਦੀ। ਅੱਜ ਸ਼ਰੀਕੇ ਅੱਗੇ ਸਿਰ ਨੀਵਾਂ ਹੋ ਗਿਆ। ਜਾਂ ਤਾਂ ਇਹਦੇ ਨਾਲ ਵਿਆਹ ਕਰਵਾ। ਨਹੀਂ ਤਾਂ ਇਹਨੂੰ ਇਹਦੇ ਮਾਪਿਆਂ ਕੋਲ ਛੱਡ ਆ।" ਮਾਂ ਅੱਜ ਪਹਿਲੀ ਵਾਰ ਆਇਤ ਅੱਗੇ ਆਪਣਾ ਗੁੱਭ ਗੁਭਾਟ ਕੱਢ ਰਹੀ ਸੀ। ਮੈਨੂੰ ਉਹ ਰਾਤ ਬਹੁਤ ਲੰਮੀ ਲੱਗੀ। ਇਕੱਲਾ ਮੈਂ ਨਹੀਂ ਆਇਤ ਵੀ ਜਾਗ ਰਹੀ ਸੀ।

"ਮੈਂ ਅਬ ਕਹਾਂ ਜਾਊਂਗੀ?" ਆਇਤ ਦੇ ਬੋਲ ਸੁਣ ਮੇਰੀ ਭੁੱਬ ਨਿਕਲ ਗਈ।

"ਆਇਤ 'ਕੱਲੀ ਤੂੰ ਨਹੀਂ, ਹੁਣ ਮੈਂ ਵੀ ਤੇਰੇ ਨਾਲ ਜਾਵਾਂਗਾ।"

ਸਵੇਰੇ ਹੁੰਦਿਆਂ ਮੈਂ ਪੂਰਾ ਜਲੰਧਰ ਸ਼ਹਿਰ ਛਾਣ ਮਾਰਿਆ। ਚਾਹੇ ਮੇਰੇ ਕੋਲ ਲਿਵ-ਇਨ-ਰਿਲੇਸ਼ਨ ਵਿੱਚ ਰਹਿਣ ਦੇ ਸੁਪਰੀਮ ਕੋਰਟ ਦੇ ਦਿੱਤੇ ਤਰਕ ਸਨ ਪਰ ਮੇਰਾ ਕੋਈ ਤਰਕ ਕੰਮ ਨਾ ਆਇਆ। ਆਇਤ ਦੇ ਸੁੰਨੇ ਗੁੱਟ ਦੇਖ ਸਾਰੇ ਸਿਰ ਫੇਰ ਦਿੰਦੇ। ਆਇਤ ਆਪਣਾ ਰੱਬ ਧਿਆਉਣ ਲੱਗੀ ਤਾਂ ਮੈਂ ਮਾਡਲ ਟਾਊਨ ਦੀ ਗਰੀਨ ਐਵੇਨਿਊ ਦੀ ਇੱਕ ਛੋਟੀ ਜਿਹੀ ਗਲੀ ਵਿੱਚ 1051 ਨੰਬਰ ਘਰ ਅੱਗੇ ਮੋਟਰ ਸਾਈਕਲ ਰੋਕਿਆ। ਇਸ ਘਰ ਦਾ ਨੰਬਰ ਮੈਂ 'ਜਸਟ ਡਾਇਲ' ਤੋਂ ਲਿਆ ਸੀ। ਅੰਦਰੋਂ ਇੱਕ ਚਾਲੀ ਕੁ ਸਾਲ ਦੀ ਜਨਾਨੀ ਬਾਹਰ ਆਈ। ਇਕਲਾਪਾ ਉਹਦੇ ਮੂੰਹ ਤੇ ਉਨੀਂਦਰਾ ਉਹਦੀਆਂ ਅੱਖਾਂ 'ਚ ਝਲਕ ਰਿਹਾ ਸੀ। ਜਿਵੇਂ ਕਈ ਸਾਲ ਤੋਂ ਉਹ ਸੁੱਤੀ ਹੀ ਨਾ ਹੋਵੇ। ਉਹਨੇ ਮੈਨੂੰ ਤੇ ਆਇਤ ਨੂੰ ਅੰਦਰ ਆਉਣ ਲਈ ਕਿਹਾ। ਕਈ ਘਰ ਘੁੰਮਣ ਤੋਂ ਬਾਅਦ ਇਹ ਪਹਿਲਾਂ ਘਰ ਸੀ ਜਿਸ ਨੇ ਸਾਨੂੰ ਕੁਰਸੀਆਂ'ਤੇ ਬਿਠਾਇਆ। ਨਹੀਂ ਤਾਂ ਸਾਰੇ ਗੇਟ 'ਚੋਂ ਹੀ ਮੋੜਦੇ ਰਹੇ। ਜਨਾਨੀ ਦੀ ਉਮਰ ਦੇਖਦਿਆਂ ਮੈਂ ਉਹਨੂੰ ਦੀਦੀ ਆਖ ਦੋ ਗਿਲਾਸ ਪਾਣੀ ਮੰਗੇ। ਉਹਨੇ ਸਾਨੂੰ ਪਾਣੀ ਹੀ ਨਹੀਂ ਚਾਹ ਵੀ ਪਿਆਈ। ਚਾਹ ਪੀਂਦਿਆਂ ਮੈਂ ਉਹਨੂੰ ਸਾਰੀ ਗੱਲ ਸੁਣਾਈ। ਉਹਨੇ ਸਾਡੀਆਂ ਦੋਵਾਂ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਦੇਖ ਹਾਂ ਕਰ ਦਿੱਤੀ। ਉਹ ਘਰ ਵਿੱਚ ਇਕੱਲੀ ਰਹਿੰਦੀ ਸੀ। ਘਰਵਾਲੇ ਨੂੰ ਜਹਾਨੋਂ ਤੁਰਿਆਂ ਸੱਤ ਸਾਲ ਹੋ ਚੁੱਕੇ ਸਨ। ਬੇਟਾ ਕੈਨੇਡਾ ਰਹਿੰਦਾ ਸੀ। ਉਹਨੇ ਸਾਨੂੰ ਪਹਿਲੀ ਮੰਜ਼ਿਲ'ਤੇ ਇੱਕ ਕਮਰਾ ਦੇ ਦਿੱਤਾ। ਮੈਂ ਤੇ ਆਇਤ ਬਹੁਤ ਖ਼ੁਸ਼ ਸਾਂ। ਪਿੰਡੋਂ ਸਾਮਾਨ ਚੁੱਕਦੇ ਵਕਤ ਮਾਂ-ਬਾਪ ਕੌਲਿਆਂ ਨਾਲ ਲੱਗ-ਲੱਗ ਰੋਏ। ਮੇਰੀਆਂ ਅੱਖਾਂ 'ਚੋਂ ਹੰਝੂ ਨਾ ਰੁਕੇ। ਮਾਂ ਨੇ ਆਇਤ ਦਾ ਮੂੰਹ ਫੜ ਕੇ ਕਿਹਾ,"ਪੁੱਤ ਸਾਰਾ ਘਰ ਤੇਰਾ ਈ ਐ। ਜਿੱਦਾਂ ਲੋਕ ਨੂੰਹਾਂ ਲਿਆਉਂਦੇ ਨੇ ਇੰਜ ਆਈਂ ਮੈਂ ਘਰ ਦੀਆਂ ਕੁੰਜੀਆਂ ਤੇਰੇ ਹੱਥ 'ਤੇ ਰੱਖੂੰ।" ਆਟੋ ਪਿੰਡ ਦੀ ਰੋਹੀ ਟੱਪ ਗਿਆ।

ਮੈਨੂੰ ਮਾਂ ਪਾਣੀ ਦੀ ਗੜਬੀ ਲੈ ਕੇ ਬੂਹੇ 'ਚ ਖੜ੍ਹੀ ਦਿਖਾਈ ਦੇ ਰਹੀ ਸੀ। *

**(ਸੰਪਰਕ-97792-50653)**

**ਸਮੀਖਿਆ-**

## ਰਿਸ਼ਤਿਆਂ ਦਾ ਨਵ-ਸੰਸਾਰ: ਸੇ.ਫਟੀ ਕਿੱਟ

**- ਡਾ. ਚੰਦਰ ਪ੍ਰਕਾਸ਼**




ਜਿੰਦਰ, ਮਾਨਵੀ/ਮਸ਼ੀਨੀ ਰਿਸ਼ਤਿਆਂ ਦੀ ਸ਼ਨਾਖਤ ਕਰਨੀ ਜਾਣਦਾ ਹੈ।

**'ਸੇ.ਫਟੀ ਕਿੱਟ' (ਪ੍ਰਕਾਸ਼ਕ ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ਮੁੱਲ 250 ਰੁਪਏ, ਪੰਨੇ 148, ਸਾਲ 2023)** ਕਥਾ-ਕਿਤਾਬ ਦੀਆਂ ਦਸ ਕਹਾਣੀਆਂ 'ਰਿਸਤਿਆਂ ਦੇ ਨਵ-ਸੰਸਾਰ' ਨੂੰ ਪੇਸ਼ ਕਰਦੀਆਂ ਹਨ।

**ੳ. ਉੱਤਰ-ਮਾਨਵਵਾਦ: ਰਿਸ਼ਤੇ-ਨਾਤੇ**

ਮਾਨਵੀ ਸੰਬੰਧਾਂ ਦੇ ਜਾਲ ਵਿੱਚ ਰਿਸ਼ਤਿਆਂ ਦਾ ਸਰੂਪ; ਬਹੁ- ਪਰਤੀ, ਬਹੁ- ਪਾਸਾਰੀ , ਗੁੰਝਲਦਾਰ ਸੁਭਾਅ ਵਾਲਾ ਹੈ। ਇਨ੍ਹਾਂ ਦਾ ਪਾਲਣ ਪੋਸ਼ਣ ਵਕਤ/ ਸੰਵੇਦਨਾਵਾਂ 'ਤੇ ਟਿਕਿਆ ਹੁੰਦਾ ਹੈ 'ਖੂਹ ਗਿੜਦਿਆਂ ਦੇ ਤੇ ਰਿਸ਼ਤੇ ਮਿਲਦਿਆਂ ਦੇ' ਲੋਕ-ਸੁਨੇਹਾ ਵੀ ਇਹੋ ਦੱਸਦਾ ਰਿਹਾ ਹੈ 'ਮਿਲਣਾ' : ਮਿਲਾਪ ਦਾ ਸੂਚਕ ਹੈ; ਸੰਵਾਦ ਦਾ ਸਬੂਤ। ਅਤੇ ਸੰਵਾਦ ਵਿੱਚ ਸੁਣਨੈ/ ਸੁਣਾਉਣਾ ਪੈਂਦਾ ਮਨੁੱਖ ਅੰਦਰਲੀ ਸ਼ਬਦ ਪ੍ਰਕਿਰਿਆ ਹੀ ਉਸਨੂੰ ਦੂਜਿਆਂ ਨਾਲ ਜੋੜਦੀ ਹੈ। ਪਰ ਉੱਤਰ -ਮਾਨਵਵਾਦ ਨੇ ਮਨੁੱਖ ਦੇ ਸੰਵਾਦ ਲਈ ਮਸ਼ੀਨ-ਔਜ਼ਾਰ ਘੜ ਦਿੱਤਾ ਹੈ ਜਿਸ ਅੰਦਰ ਸੁਣਨ-ਸੁਣਾਉਣ/ਸਾਂਭਣ ਦੀ ਅਥਾਹ ਸ਼ਕਤੀ/ਸਮਰੱਥਾ ਹੈ। ਅਮਰਜੀਤ ਗਰੇਵਾਲ ਦੇ ਸ਼ਬਦਾਂ ਮੁਤਾਬਕ ਇਹ ਸੂਝਵਾਨ ਮਸ਼ੀਨਾਂ ਅਤੇ ਮਨੁੱਖ ਆਪਸੀ ਰਿਸ਼ਤਿਆਂ ਰਾਹੀਂ ਸਾਂਝੇ ਸਮਾਜ ਦਾ ਨਹੀਂ ਸਾਂਝੇ ਮਨ ਦਾ ਨਿਰਮਾਣ ਕਰ ਰਹੇ ਹਨ। ਅਰਬਾਂ ਖਰਬਾਂ ਗਿਆਨ ਇੰਦਰੀਆਂ (ਸੈਂਸਰਜ਼) ਅੰਗਾਂ (ਰੋਬੋਜ) ਅਤੇ ਦਿਮਾਗਾਂ (ਏਆਈ ਐਲਗੋਰਿਦਮਜ਼) ਵਾਲੀ ਇੱਕ ਅਜਿਹੀ *'ਮਾਨਸਿਕ ਦੇਹੀ ਦਾ, ਤਮਾਮ ਮਨੁੱਖ ਅਤੇ ਸੂਝਵਾਨ ਮਸ਼ੀਨਾਂ ਜਿਸ ਦੇ ਏਜੰਟਾਂ ਵਾਂਗ ਕੰਮ ਕਰਨਗੇ। ਇਸ ਦਾ ਇਹ ਮਤਲਬ ਨਹੀਂ ਕਿ ਸਭ ਮਨੁੱਖ ਅਤੇ ਮਸ਼ੀਨਾਂ, ਆਪੋ ਆਪਣੀ ਪਛਾਣ ਗਵਾ ਕੇ ਇੱਕੋ ਜਿਹੇ ਹੋ ਜਾਣਗੇ। ਪਛਾਣਾਂ ਨੂੰ ਮਾਇੰਡ ਨਹੀਂ ਰਿਸ਼ਤੇ ਪ੍ਰਭਾਵਿਤ ਕਰਦੇ ਹਨ। ਰਿਸ਼ਤੇ ਦੀਵਾਰਾਂ (ਬਾਉਂਡਰੀਜ ) ਨਹੀਂ ਦੁਆਰ (ਬੌਂਡਜ਼) ਬਣਾਉਂਦੇ ਹਨ। ਤੇ ਦੁਆਰਾਂ ਦੀ ਗਿਣਤੀ ਵਿੱਚ, ਤਕਨਾਲੋਜੀ ਵਾਂਗ ਹੀ , ਐਕਸਪੋਨਸ਼ੀਲ ਵਾਧਾ ਹੋ ਰਿਹਾ ਹੈ। ਨਵੇਂ ਰਿਸ਼ਤੇ ਨਵੀਆਂ ਪਛਾਣਾਂ ਵੀ ਪੈਦਾ ਕਰਨਗੇ। ਤੇਜ਼ੀ ਨਾਲ ਵੱਧ ਰਹੇ ਰਿਸ਼ਤਿਆਂ ਅਤੇ ਪਛਾਣਾਂ ਨੂੰ ਵਧੀਆ ਤਰੀਕੇ ਨਾਲ ਮੈਨੇਜ ਕਰਨ ਲਈ ਗਲੋਬਲ ਮਾਇੰਡ ਵਿੱਚ ਮਾਨਵੀ ਸਮਾਜ ਨਾਲੋਂ ਕਿਤੇ ਵੱਧ ਸਮਰੱਥਾ ਹੈ।'*[1] ਰਿਸ਼ਤਿਆਂ ਦੇ ਗਲੋਬਲੀ ਨਾਤੇ ਦਾ ਨੈੱਟਵਰਕ ਘੇਰਿਆਂ ਨੂੰ ਤੋੜਦਾ ਹੈ। ਇਸ ਨੈੱਟਵਰਕਿੰਗ ਵਿੱਚ ਰਿਸ਼ਤੇ 'ਪ੍ਰੋਫੈਸ਼ਨ' ਵਿੱਚ ਤਬਦੀਲ ਹੋ ਗਏ ਹਨ। ਅਤੇ ਪ੍ਰੋਫੈਸ਼ਨਲ ਬੰਦੇ ਦਾ ਪੂੰਜੀ ਨਾਲੋਂ ਟੁੱਟਣਾ ਔਖੈ। ਇਉਂ ਸੰਵੇਦਨਾਵਾਂ ਨੂੰ ਜੀਉਂਦਾ ਰੱਖਣ ਲਈ ਮਸ਼ੀਨ+ਪ੍ਰਕਿਰਤੀ ਨਾਲ ਸਾਂਝ ਪਾ ਕੇ ਹੀ ਤੁਰਨਾ ਪੈਣਾ ਹੈ। ਤੁਰਨਾ ਹੀ ਜ਼ਿੰਦਗੀ ਹੈ । ਖੜੌਤ ਤਾਂ ਮੁਰਦੇ ਵਾਂਗ ਹੈ। ਚੰਗੀ ਗੱਲ ਹੈ ਕਿ ਇਸ ਪਾਸੇ ਪੰਜਾਬੀ ਸਾਹਿਤ -ਸਿਰਜਣਕਾਰੀ / ਆਲੋਚਨਾ ਨੇ ਕਦਮ ਪੁੱਟਿਆ ਹੈ ਅਮਰਜੀਤ ਗਰੇਵਾਲ ਦਾ ਨਾਟਕ

'ਸੋ ਦਰੁ', ਭਗਵੰਤ ਰਸੂਲਪੁਰੀ ਦੀ ਕਹਾਣੀ 'ਡਲਿਵਰੀ ਮੈਨ' ਅਤੇ ਹੋਰ ਕਈ ਰਚਨਾਵਾਂ ਹਵਾਲੇ ਯੋਗ ਨੇ। ਖ਼ਾਲਸਾ ਕਾਲਜ ਅੰਮ੍ਰਿਤਸਰ ਦੁਆਰਾ ਸੰਚਾਲਿਤ 'ਸੰਵਾਦ–19' ਦਾ ਵਿਸ਼ੇਸ਼ ਅੰਕ 'ਉੱਤਰ ਮਾਨਵਵਾਦ ਆਰਟੀਫਿਸ਼ਲ ਇੰਟੈਲੀਜੈਂਸ ਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ' ਤਾਰੀਫ਼ ਯੋਗ ਹੈ। ਜਿੰਦਰ ਦੀ ਕਿਤਾਬ– ਸਿਰਲੇਖ ਕਹਾਣੀ 'ਸੇਫ਼ਟੀ ਕਿੱਟ' ਨੂੰ ਇਸ ਦਿਸ਼ਾ ਵੱਲ ਵਿਸ਼ੇਸ਼ ਮੰਨਿਆ ਜਾ ਸਕਦਾ ਹੈ ਜਾਣਕਾਰੀ ਅਤੇ ਗਿਆਨ ਭਰਪੂਰ ਰਿਸ਼ਤੇ, ਮਸ਼ੀਨ, ਸੰਵੇਦਨਾ, ਜਾਨ–ਜਹਾਨ ਆਦਿ ਦੀ ਠੋਸ ਬਿਰਤਾਂਤਕਾਰੀ ਸਮੇਤ ।

**ਅ. ਰਿਸ਼ਤਿਆਂ ਦਾਨਵ-ਸੰਸਾਰ: ਸੇਫ਼ਟੀ ਕਿੱਟ**

ਸਾਸਿਊਰ ਵਿਨਿਆਸਕਰਮੀ ਅਤੇ ਅਵਿਨਿਆਸਕਰਮੀ ਸੰਕਲਪਾਂ ਰਾਹੀਂ ਭਾਸ਼ਾਈ ਸੰਬੰਧਾਂ ਨੂੰ ਸਮਝਾਉਣ ਦਾ ਯਤਨ ਕਰਦਾ ਹੈ। ਸਮਾਂ ਮੰਗ ਕਰਦਾ ਹੈ ਕਿ ਹੁਣ ਤਿਕੋਣ / ਗੋਲਕਾਰੀ ਸੰਬੰਧਕਾਰੀ ਬਾਰੇ ਵੀ ਸੋਚਿਆ ਜਾਵੇ। ਸੋ 'ਸੇਫ਼ਟੀ ਕਿੱਟ' ਵਿੱਚ ਸ਼ਾਮਲ ਕਹਾਣੀਆਂ ਦੀ ਤਰਤੀਬ ਨੂੰ ਉਲਟਾਵੇਂ ਰੂਪ ਵਿੱਚ ਚਰਚਾਦਾ ਵਿਸ਼ਾ ਬਣਾਇਆ ਜਾ ਰਿਹਾ ਹੈ। ਕਿਉਂਕਿ ਨਵੀਂ ਦੁਨੀਆਂ ਵਿੱਚ ਨਵਾਂ ਰਚਨਾਤਮਕ ਕਾਰਜ ਕਰਨਾ ਵੀ ਬਣਦੈ।

**10. ਮਜਬੂਤ ਰਿਸ਼ਤੇ ਦੀਆਂ 'ਦੂਰੀਆਂ'**

**10.1** ਤਕਨੀਕਦੀ ਤੇਜ਼ੀ ਕਾਰਣ ਬਦਲ ਰਹੀਆਂ ਮਾਨਵੀ ਸਥਿਤੀਆਂ ਨੇ ਭਵਿੱਖ/ ਪਛਾਣ/ ਰਿਸ਼ਤਿਆਂ ਪ੍ਰਤਿ ਸਵਾਲ ਖੜ੍ਹੇ ਕਰ ਦਿੱਤੇ ਹਨ। ਪੂੰਜੀ, ਮਸ਼ੀਨ, ਸੰਵੇਦਨਾ, ਤਰਕ, ਕੁਦਰਤ ਆਦਿ ਆਦਿ ਦਾ ਸੁਮੇਲ ਜੀਵਨ –ਸ਼ੈਲੀ ਵਿੱਚ ਸ਼ਾਮਲ ਹੋ ਰਿਹਾ ਹੈ। ਹਰ ਸਵਾਲ ਦੇ ਹੱਲ ਲਈ ਮਸ਼ੀਨ ਤਿਆਰ ਹੈ / ਹੋ ਰਹੀ ਹੈ। ਸਮੱਸਿਆ ਏਕ ਸਮਾਧਾਨ ਅਨੇਕ ਵਾਲੀ ਗੱਲ ਹੈ। ਰਿਸ਼ਤਿਆਂ ਦੀ ਸਮੱਸਿਆਕਾਰੀ ਨੂੰ ਨਵੇਂ ਕੋਣ ਤੋਂ ਵਾਚਿਆ ਜਾ ਰਿਹਾ ਹੈ।

**10.1.1** 'ਭੈਣਾਂ ਵਰਗਾ ਸਾਕ ਨਾ ਕੋਈ / ਟੁੱਟ ਕੇ ਨਾਬਹਿ ਜੀਂ ਵੀਰਨਾ'ਲੋਕ– ਕਾਵਿ ਤੁਕ ਵਿੱਚ ਭੈਣਭਰਾ ਦੇ ਨਿੱਘ ਜ਼ਿਕਰਨਾਲ ਟੁੱਟਣ ਦਾਫ਼ਿਕਰਵੀ ਹੈ ਉਂਝ ਵੀ ਜੁੜਨਾ ਔਖੈ, ਟੁੱਟਣਾ ਸੌਖੈ ਜੁੜਨ–ਟੁੱਟਣ ਦੇ ਕਈ ਕਾਰਜ –ਕਾਰਣ ਹੁੰਦੇ ਹਨ ।ਕਹਾਣੀ ਇਸ ਮਜ਼ਬੂਤ ਰਿਸ਼ਤੇ ਦੀ ਦੂਰੀ ਦੱਸਦੀ ਹੈ।

**10.1.2** ਤਲਵਿੰਦਰ –ਜੀਤਾਂ ਦੇ ਨਿੱਘ / ਦੂਰੀ ਦੇ ਕਾਰਣ–ਕਾਰਜ ਦਾ ਨਮੂਨਾ ਪੇਸ਼ ਹੈ:– *"ਮੈਂ ਜੀਤਾ ਨੂੰ ਪੰਜ ਸੌ ਦਾ ਨੋਟ ਦਿੰਦਾ ਤਾਂ ਉਹ ਅੱਖਾਂ ਭਰ ਲੈਂਦੀ। ਚੁੱਪ ਕਰ ਕੇ ਬੈਠ ਜਾ—ਅੱਛਾ ਚਲਿਆ ਜਾਈ ਅਜੇ ਤਾਂ ਸਿਖਰ ਦੁਪਹਿਰਾ ਤੂੰ ਰੋਟੀਵੀਨਹੀਂਖਾਧੀ ਕੁੜੇ ਰੋਟੀਬਣਾਮੇਰੀ ਮਾਂ ਜਾਇਆ ਸਾਡੇ ਘਰੋਂ ਭੁੱਖਾ ਹੀ ਜਾਊਗਾ?"* ਹੁਣ ਜੀਤਾਂ ਸਾਡੇ ਘਰੋਂ ਸ਼ਬਦ ਵਰਤਦੀ। ਪਹਿਲਾਂ ਤਾਂ ਉਹ 'ਮੇਰੇ ਘਰੋਂ' ਕਹਿੰਦੀ ਹੁੰਦੀ ਸੀ।

ਬੱਚੇ ਮੋਬਾਇਲ ਤੇ ਕਾਰਟੂਨ ਦੇਖਣ ਵਿੱਚ ਮਸਤ ਹੁੰਦੇ। ਬਹੂ ਆਪਣੇ ਕਮਰੇ ਵਿੱਚ ਲੰਮੀਪਈਮੋਬਾਈਲ ਤੇ ਗੱਲਾਂ ਕਰਦੀ ਸੁਣਦੀ।[2]

**10.2** ਬੱਚਿਆਂ ਅਤੇ ਬਹੂ ਦਾ ਮੋਬਾਇਲ ਕੁਨੈਕਸ਼ਨ:– ਰਿਸ਼ਤਿਆਂ ਦੀ ਨੈੱਟਵਰਕਿੰਗ ਤੋਂ ਪਾਰ ਜਾ ਚੁੱਕਾ ਹੈ।

10.2.1 ਇਸ ਕਾਰਜ –ਕਾਰਣ ਨੂੰ ਨਵੀਂ ਦ੍ਰਿਸ਼ਟੀ ਨਾਲ ਦੇਖਣ ਦੀ ਲੋੜ ਹੈ।

**9. ਘਰ ਦੇ ਬੁੱਝਦੇ 'ਚਿਰਾਗ'**

**9.1** ਉੱਤਰ– ਮਾਨਵਵਾਦ ਦੀ ਬੌਧਿਕ ਲਹਿਰ ਵਿੱਚ ਮਨੁੱਖ ਮਸ਼ੀਨ ਦੀ ਸਹਾਇਤਾ ਨਾਲ ਜੈਵਿਕ/ ਭਾਵਨਾਤਮਕ ਸਾਂਝ ਪੈਦਾ ਕਰਨ ਦੀ ਵਕਾਲਤ ਕੀਤੀ ਜਾਂਦੀ ਹੈ। ਇਸ ਦਾ ਮੁੱਖ ਮਨੋਰਥ ਮਨੁੱਖ ਦੀ ਲੰਬੀ

/ ਆਨੰਦਿਤ ਉਮਰ ਨਾਲ ਜੁੜਿਆ ਹੋਇਆ ਹੈ। ਇਸ ਆਨੰਦ ਵਿੱਚ ਘਰ 'ਬੇਘਰ' ਹੋ ਨਿਬੜਦਾ ਹੈ ਘਰ 'ਚ ਬੇਘਰ ਹੋਏ ਜੀਅ ਇੱਕਲਤਾ ਤੋਂ ਨਿਜਾਤ ਪਾਉਣ ਲਈ ਤਕਨੀਕੀ ਔਜ਼ਾਰਾਂ ਤੋਂ ਮਦਦ ਲੈਂਦੇ ਹਨ। ਕਹਾਣੀ ਵਿਚਲੀ ਫੋਨ ਜੁਗਤ ਇਹੋ ਕੁਝ ਕਹਿੰਦੀ ਹੈ।

**9.2** ਕਹਾਣੀ ਦੇ ਮੁੱਢਲੇ ਸਫ਼ੇ ਉਤੇ ਦੋ ਫ਼ਿਕਰੇ ਹਨ:- "ਅੱਜ ਕੱਲ੍ਹ ਮੈਨੂੰ ਇਸ ਘਰ ਦਾ ਮੋਹ ਨਹੀਂ ਆਉਂਦਾ -ਘਰ ਵਿਚਲੀ ਇੱਕਲਤਾ ਵੱਢ ਵੱਢ ਖਾ ਰਹੀ ਹੈ।" ਇਹ ਫ਼ਿਕਰੇ ਫਿਕਰਮੰਦੀ 'ਚੋਂ ਆਏ ਹਨ ਘਰ-ਬੁਣਤ ਵਿੱਚ ਕੱਲੇ ਕੱਲੇ ਜੀਅ ਦਾ ਮੁੱਲ ਹੁੰਦਾ ਹੈ। ਇੱਥੇ ਜੀਅ ਮੁੱਲ ਹੀਣ ਹੈ।

**9. 2.1** ਜੋਤ ਦੇ ਸ਼ਰਾਬੀ ਪਤੀ ਮਨਜੀਤ ਦਾ ਹਿਨਾ ਨਾਲ ਸੰਬੰਧ ਬਣਾਉਣ ਲਈ ਸੁਨੰਤ ਕਰਵਾਉਣਾ, ਜੋਤ-ਦੀਪਕ ਸੰਬੰਧ, ਕੁਲਵੰਤ-ਰਤਨ ਦਾ ਅਨੈਤਿਕ ਰਿਸ਼ਤਾ, ਅਰੁਜਨ ਪੁੱਤ ਦਾ ਨਸ਼ੇੜੀਪੁਣਾ ਆਦਿ ਆਦਿ ਘਟਨਾਵੀ ਵੇਰਵੇ ਰਿਸ਼ਤਿਆਂ ਦੀਆਂ ਪਰਤਾਂ ਫਰੋਲਦੇ ਹਨ।

**9.3** ਦੀਪਕ ਦੀ ਸਲਾਹ 'ਤੇ ਜੋਤ ਵੱਲੋਂ ਪੁੱਤ ਅਰੁਜਨ ਲਈ ਕੁੜੀ ਉਪਲਬਧ ਕਰਵਾਉਣਾ: ਰਿਸ਼ਤਿਆਂ ਦਾ ਨਵ-ਜਗਤ ਹੈ:- *ਬਹੁਤ ਸਾਰੀਆਂ ਇਸਕੌਰਟ ਏਜੰਸੀਆਂ ਹੈਗੀਆਂ ਜਿੱਥੋਂ ਕੁੜੀ ਮਿਲ ਜਾਂਦੀ ਹੈ ਜਿਹੜੀ ਹਫ਼ਤੇ 'ਚ ਇੱਕ ਦੋ ਦਿਨ ਇਹਦੇ ਨਾਲ ਰਿਹਾ ਕਰੇਗੀ। ਉਹਨਾਂ ਦੇ ਚਾਰਜਿਜ ਜ਼ਰੂਰ ਜਿਆਦਾ ਹੁੰਦੇ ਨੇ।*[3]

**9.4** ਬੁਝਦੇ ਚਿਰਾਗ ਨੂੰ ਜਗਾਉਣ ਲਈ ਮਾਂ ਦਾ ਅੱਗੇ ਆਉਣਾ; ਰਿਸ਼ਤਿਆਂ ਦਾਨਵ-ਸੰਵਾਦ ਹੈ।

**9.4.1** ਵਿਦਿਆਰਥੀ ਜੀਵਨ ਵਿੱਚ ਪੜਿਆ ਸੁਣਿਆ ਇੱਕ ਸ਼ੇਅਰ ਯਾਦ ਆ ਰਿਹਾ ਹੈ 'ਯੇ ਆਲਮ ਕੇ ਹਵਾਓ ਨੇ ਕੀ ਦਗ਼ਾਬਾਜ਼ੀ ਹਮਸੇ, ਵਰਨਾ ਹਮ ਤੋਂ ਨਿਕਲੇ ਥੇ ਚਿਰਾਗੋਂ ਕੋ ਜਗਾਨੇ ਕੇ ਲੀਏ।' ਇਸ ਸ਼ੇਅਰ ਨੂੰ ਹੋਰ ਸਮਝਣ ਲਈ ਕਹਾਣੀ ਵਿੱਚ ਦੁਬਾਰਾ ਪ੍ਰਵੇਸ਼ ਕਰਨਾ ਪੈਣੇ ਅਤੇ ਦੀਪਕ- ਜੋਤ ਦਾ ਫੋਨ ਸੰਵਾਦ ਵੀ ਪੜ੍ਹਨਾ ਸੁਣਨਾ ਪੈਣੇ:-ਅਸੀਂ ਜਦੋਂ ਵੀ ਮਿਲਣਾ ਆਪਣੇ ਪਰਿਵਾਰ ਨੂੰ ਮੋਢਿਆਂ ਤੇ ਨਹੀਂ ਚੁੱਕੀ ਲਿਆਉਣਾ। ਮੇਰੇ ਕਹਿਣ ਦਾ ਮਤਲਬ ਆ ਪਰਿਵਾਰ ਦੀਆਂ ਗੱਲਾਂ ਨਹੀਂ ਛੇੜਨੀਆਂ ਹੋਰ ਬਥੇਰੇ ਵਿਸ਼ੇ ਨੇ ਜਿਨਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਸਕਦਾ- *"ਇੰਜੁਆਏ, ਨਥਿੰਗ ਐਲਸ !*[4] ਦਿਲਚਸਪ ਜਾਣਨਾ ਇਹ ਵੀ ਹੈ ਕਿ ਮਨਜੀਤ ਆਪਣੀ ਪਤਨੀ ਦੇ ਸੰਬੰਧਾਂ ਤੋਂ ਜਾਣੂੰ ਹੁੰਦੇ ਵੀ ਖੁੱਲ੍ਹ ਦਿੰਦਾ ਹੈ:- *"ਮੈਨੂੰ ਪਤਾ ਤੂੰ ਦੀਪਕ ਨੂੰ ਮਿਲਦੀ ਆਂ। ਮੈਂ ਤੈਨੂੰ ਕਦੇ ਇਸ ਬਾਰੇ ਨਹੀਂ ਪੁੱਛਿਆ। ਨਾ ਰੋਕਿਆ। ਇਸ ਮੁਲਕ 'ਚ ਹਰੇਕ ਨੂੰ ਆਪਣੀ ਜ਼ਿੰਦਗੀ ਜਿਉਣ ਦਾ ਹੱਕ ਆ।"*[5] ਇਹ ਹੱਕ ਹੀ ਸਮਾਜ ਬਦਲਾਓ_ / ਰਿਸ਼ਤੇ ਪਰਿਵਰਤਨ ਦਾ ਨਤੀਜਾ ਹਨ।

08. **ਦੋਸਤੀ ਦਾ ਨਮੂਨਾ 'ਭਾਅ ਜੀ ਉਰਫ਼ ਕਾਮਰੇਡ'**

8.1 ਕਮਿਊਨਿਸਟ ਲਹਿਰ ਬਾਰੇ ਬੜਾ ਕੁਝ ਲਿਖਿਆ ਜਾ ਰਿਹਾ ਹੈ। ਜਗਵਿੰਦਰ ਜੋਧਾ ਨੇ ਬਲਬੀਰ ਪਰਵਾਨਾ ਦੀਆਂ ਲਹਿਰ ਨਾਲ ਸਬੰਧਤ ਕਹਾਣੀਆਂ ਨੂੰ 'ਇੱਕ ਸੱਚੇ ਕਾਮਰੇਡਦਾਇਕਲਾਪਾ ' ਸਿਰਲੇਖ ਹੇਠ ਸੰਪਾਦਤ ਕੀਤਾ ਹੈ। ਇਹ ਕਹਾਣੀ ਵੀ ਇਸ ਪਾਸੇ ਦੀ ਹੈ। ਲਹਿਰ ਨੂੰ ਨਿਘਾਰ ਵੱਲ ਲਿਜਾਉਣ ਵਿੱਚ ਨਿੱਜੀ ਮੁਫਾਦਾਂ ਦੀ ਵੱਡੀ ਭੂਮਿਕਾ ਹੈ। ਭਾਅ ਜੀ ਉਰਫ਼ ਕਾਮਰੇਡ ਵੀ ਇਸ ਸੁਭਾਅ ਵਾਲੀ ਕਹਾਣੀ ਹੈ।

8.2 ਉੱਤਮ- ਪੁਰਖੀ ਲਹਿਜੇ ਵਾਲੀ ਪਾਤਰ -ਮੁੱਖ ਕਹਾਣੀ ਵਿੱਚ ਕਾਮਰੇਡ ਦੀ ਦੋਸਤੀ ਦੇ ਦੋਹਰੇ ਕਿਰਦਾਰ ਨੂੰ ਨਾਟਕੀ/ ਹਾਸ ਰਾਸ ਅੰਦਾਜ ਚ ਪੇਸ਼ ਕੀਤਾ ਗਿਆ ਹੈ।

8.2.1 ਕਹਾਣੀ ਦੇ ਅੰਤ 'ਤੇ ਦਰਜ ਵਾਕ 'ਉਸ ਦਾ ਖੱਬਾ ਹੱਥ ਬੁਰੀ ਤਰ੍ਹਾਂ ਕੰਬਿਆ'; ਖੱਬੇ ਪੱਖੀ ਵਿਚਾਰਧਾਰਾ ਦੇ ਨਿਘਾਰ ਦਾ 'ਪ੍ਰਤੀਕਾਤਮਕ ਕੋਡ' ਹੋ ਨਿਬੜਦਾ ਹੈ।

07. **ਵਿਭਿੰਨ ਰਿਸਤਿਆਂ ਦਾ 'ਸਕੈਚ'**

7.1 ਨੈਤਿਕਤਾ ਨੂੰ ਪਰਿਵਾਰ ਤੋਂ ਪਾਰ ਜਾ ਕੇ ਸਮਾਜਿਕ ਪ੍ਰਬੰਧ ਤੋਂ ਵੀ ਸਿੱਖਣਾ ਪੈਂਦਾ ਹੈ। ਪੈਦਾਇਸ਼ੀ ਗੁਣਾ/ ਔਗੁਣਾਂ ਨਾਲ ਸੰਘਰਸ਼ਮਈ ਨਾਤਾ ਚੱਲਦਾ ਰਹਿੰਦਾ ਹੈ। ਹੁਣ ਮਨੁੱਖੀ ਨੈਤਿਕਤਾ ਅਤੇ ਤਕਨੀਕੀ ਨੈਤਿਕਤਾ ਨਾਲ ਜੁੜੇ ਸਵਾਲ ਉੱਤਰ ਮਨਵਾਦ ਅਧਿਐਨ ਦਾ ਅੰਗ ਬਣਨ ਲੱਗੇ ਹਨ। ਕਹਾਣੀ ਵਿਚਲੇ ਪਿਓ- ਪੁੱਤ ਨੇੜਲੇ ਕਮਰਿਆਂ ਵਿੱਚ ਬੈਠੇ ਫੋਨ ਸੰਵਾਦ ਨੂੰ ਤਰਜੀਹ ਦਿੰਦੇ ਹਨ। ਕਲਾਸੀਕਲ ਗੀਤ, ਫਿਲਮਾਂ, ਇੰਟਰਨੈੱਟ, ਯੂ ਟਿਊਬ ਆਦਿ ਸਹਾਰਾ ਬਣਦੇ ਹਨ।

7.2 ਬੈੱਡ ਤੋਂ ਲਮਕਦੀ ਚਾਦਰ 'ਚੋਂ ਨਿਕਲੇ 'ਸਕੈਚ' ਦਾ ਫੈਲਾਅ/ ਵਿਆਖਿਆ ਪ੍ਰੇਮਿਕਾ , ਪਤਨੀ ਪੁੱਤਰੀ ਤੱਕ ਜਾ ਪਹੁੰਚਦੀ ਹੈ। ਰਿਸ਼ਤਿਆਂ ਦੀ ਭੰਨਤੋੜ ਵਿੱਚ ਸਕੈਚ ਨਵਾਂ ਰੂਪ ਧਾਰਨ ਕਰਦਾ ਜਾਂਦਾ ਹੈ।

7.3 ਸਿਰਜਕ ਦੀ ਮਨੋਵਿਗਿਆਨਕ ਸੂਝ ਕਥਾ-ਕੱਦ ਨੂੰ ਵੱਡਾ ਕਰਦੀ ਹੈ।

06. **ਅਣਜਾਣ ਰਿਸਤਿਆਂ ਦੀ ਨਵ-ਤਕਨੀਕ 'ਸੇਫ਼ਟੀ ਕਿੱਟ'**

6.1 ਉੱਤਰ ਮਨਵਾਦੀ ਦੌਰ ਜੈਂਡਰ ਦੀ ਬਾਇਨਰੀ ਤੋੜਦਾ ਹੈ। ਮਰਦਾਵੀਂ ਪ੍ਰਭੂਸੱਤਾ ਨੂੰ ਸੱਟ ਮਾਰਦਾ ਹੈ। ਜੈਂਡਰ ਅਧਿਐਨ ਦੇਹ / ਪਛਾਣ ਨਾਲ ਜੁੜੇ ਕੁਦਰਤੀ ਰਿਸ਼ਤੇ ਨੂੰ ਚੇਤਨਾ/ ਅਕਲ/ ਦਿਮਾਗੀ ਸਮਰੱਥਾ ਨਾਲ ਸੰਬੰਧਿਤ ਕਰਦਾ ਹੈ। ਉੱਤਰ ਮਾਨਵਵਾਦੀ ਸਮਝ ਸਹਿ -ਹੋਂਦਾਂ ਨੂੰ ਰੱਦ ਕਰਕੇ 'ਆਤਮ' ਨੂੰ ਸਥਾਪਿਤ ਕਰਨ ਦੀ ਥਾਂ ਸਹਿ-ਵਾਸ , ਸਹਿਯੋਗ ਅਤੇ ਸਾਂਝ ਨੂੰ ਉਤਸਾਹਿਤ ਕਰਨ ਵੱਲ ਰੁਚਿਤ ਹੈ। *ਉੱਤਰ ਮਨਵਾਦੀ ਦੌਰ ਵਿੱਚ ਮਾਨਵੀ 'ਅੰਹ' (ਸਬਜੈਕਟ) ਦਾ ਅਰਥ ਵਿਸਥਾਰ ਹੁੰਦਾ ਹੈ। ਪ੍ਰਭੂਸੱਤਾ ਸੰਪੰਨ ਮਨੁੱਖ ਅਸਲ ਵਿੱਚ ਇੱਕ ਹਾਈਬਰਿਡ ਹੈ- ਇਹ ਮਨੁੱਖ ਬਾਰੇ ਇੱਕ ਨਵੀਂ ਧਾਰਨਾ ਉਸਾਰਦਾ ਹੈ। ਜਿਸ ਵਿੱਚ ਮਾਨਵ ਇੱਕ ਸਮਲਿਤ , ਗੈਰ ਏਕੀਕ੍ਰਿਤ ਹਸਤੀ ਹੈ, ਜਿਸ ਦੀਆਂ ਸੀਮਾਵਾਂ ਸੰਸਾਰ ਨਾਲ ਹੋਰ ਜੀਵਨ ਰੂਪਾਂ ਅਤੇ ਪ੍ਰਜਾਤੀਆਂ ਦੇ ਨਾਲ ਛਿਦਰਨੁਮਾ / ਆਰ ਪਾਰ ਜਾਣ ਵਾਲੀਆਂ ਹਨ।*[6] ਇਸ ਦੌਰ ਵਿੱਚ ਮਸ਼ੀਨ ਕੁਦਰਤ ਦਾ ਰਿਸ਼ਤਾ ਅਦਾਨ ਪ੍ਰਦਾਨ ਵਾਲਾ ਹੈ। ਮਨੁੱਖ ਅਤੇ ਬਨਾਵਟੀ ਸਿਆਣਪ ਨੇ ਰਿਸ਼ਤਿਆਂ ਨੂੰ ਨਵ ਪਰਿਭਾਸ਼ਤ ਕਰਦੇ ਹੋਏ ਲੰਬੇ ਜਿਉਣ ਦੀ ਤਾਂਘ ਪੈਦਾ ਕੀਤੀ ਹੈ। ਹਿਊਮਨ ਬੀਂਗ ਦੀ ਥਾਂ ਲਾਈਫ ਬੀਂਗ ਨੇ ਲੈ ਲਈ ਹੈ। ਸਮਾਂਥਾ ਵਰਗੀ ਟਰੈਵਲ ਦੀ ਸ਼ੌਕੀਨ ਮੁਟਿਆਰ ਮਰਦਾਵੀਂ ਹਰਕਤਾਂ ਤੋਂ ਸਾਵਧਾਨ ਰਹਿਣ ਲਈ ਰਿਚਰਡ ਸਨ।

ਅਕੈਡਮੀ ਤੋਂ ਸਿੱਖਿਆ ਪ੍ਰਾਪਤ ਕਰਦੀ ਹੈ। ਟਰੈਵਲ ਸਮੇਂ ਆਉਣ ਵਾਲੀਆਂ ਔਕੜਾਂ/ ਸਮਾਧਾਨ ਸਬੰਧੀ ਟ੍ਰੇਨਿੰਗ ਵਿੱਚ ਅਜਿਹੀ 'ਸੇਫ਼ਟੀ ਕਿੱਟ' ਪ੍ਰਾਪਤ ਕਰਦੀ ਹੈ ਜਿਸ ਨੂੰ ਬਲਾਤਕਾਰੀ/ ਮਰਦਾਵੀਂ ਜ਼ਬਰਦਸਤੀ ਸਥਿਤੀਆਂ ਬਾਅਦ ਇਸਤੇਮਾਲ ਕੀਤਾ ਜਾ ਸਕਦਾ ਹੈ।

6.2 ਰੱਜੀ ਦੀ ਵਿਚਕਾਰਲੀਭੂਆ ਰਾਣੋ ਨਾਲ ਦੇਬੀ ਵੱਲੋਂ ਕੀਤੀ ਜਬਰਦਸਤੀ ਨੂੰ ਸਮਾਂਥਾ ਨਾਲ ਜੁੜੀਆਂ ਘਟਨਾਵਾਂ ਵਿੱਚ ਡੀਕੋਡ ਕਰਕੇ ਅਰਥ ਸੰਚਾਰ ਕੀਤਾ ਗਿਆ ਹੈ।

6.2.1 ਨਿਰਭਯ ਕਾਂਡ, ਪਸ਼ੂ ਡਾਕਟਰ ਰੈਡੀ ਨਾਲ ਧੱਕੇਸ਼ਾਹੀ, ਆਸਿਫਾ ਨਾਲ ਮੰਦਰ ਵਿੱਚ ਹੋਇਆ ਬਲਾਤਕਾਰ ਆਦਿ ਆਦਿ ਘਟਨਾਵਾਂ ਬਿਰਤਾਂਤ ਦਾ ਹਿੱਸਾ ਬਣਦੀਆਂ ਹਨ।

6.3 ਇਹ ਕਹਾਣੀ ਟਰੈਵਲ ਸ਼ੌਕੀਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ।

05. **ਅਣਜੋੜ ਰਿਸ਼ਤੇ ਦੀ 'ਕੜਿੱਕੀ'**

5.1 ਕੜਿਕੀ ਸਿਰਲੇਖ ਦਿਲ ਖਿੱਚਵਾਂ ਵੀ ਹੈ। ਅਤੇ ਢੁੱਕਵਾਂ ਵੀ ਇਹ ਚੂਹੇ/ਚੂਹੀਆਂ ਕੈਦ ਕਰਨ ਵਾਲੀ ਕੜਿਕੀ ਵੀ ਹੈ। ਅਤੇ ਫੋਨ ਉੱਤੇ ਬਣਦੇ ਰਿਸ਼ਤਿਆਂ ਦੀ ਕੜਿਕੀ ਵੀ। ਇਸ ਕੜਿਕੀ 'ਚੋਂ

ਨਿਕਲਣਾ ਔਖੈ। ਨਿਕਲਣ ਲਈ ਦਿਮਾਗੀ ਜੋਰ ਦੀ ਅਜਮਾਇਸ਼ ਕਰਨੀ ਪੈਂਦੀ ਹੈ। ਜਸ਼ਨਪ੍ਰੀਤ ਕੜਿਕੀ ਚੋਂ ਨਿਕਲਣਾ ਚਾਹੁੰਦੀ ਹੈ। ਇਕੱਲਤਾ ਨੂੰ ਪੂਰਨ ਲਈ ਸਹੇਲੀ ਗੁਰਪ੍ਰੀਤ ਦੀ ਸਲਾਹ ਮੰਨਦੀ ਹੈ:– *ਪਹਿਲਾਂ ਪਹਿਲਾਂ ਤੈਨੂੰ ਲੁਚਪੁਣਾ ਲੱਗਣਾ। ਮੈਨੂੰ ਵੀ ਲੱਗਦਾ ਹੁੰਦਾ ਸੀ। ਦੋ ਚਹੁੰ ਮਹੀਨਿਆਂ 'ਚ ਹੀ ਤੈਨੂੰ ਸਵਾਦ ਆਉਣ ਲੱਗ ਜਾਣਾ। ਫਿਰ ਤਾਂ ਉਠਦੀ ਬੈਠਦੀ ਦੀਆਂ ਨਜ਼ਰਾਂ ਮੋਬਾਈਲ ਤੇ ਹੀ ਲੱਗੀਆਂ ਰਹਿਣਗੀਆਂ। ਜਿੱਦਾਂ ਦਾ ਕੋਈ ਕਮੈਂਟ ਕਰੇ ਉਦਾਂ ਦਾ ਜਵਾਬ ਦੇ ਦਿੱਤਾ।*[7]

5.1.1 ਇਹ ਰਸ ਭਰਤ ਮੁਨੀ ਦੁਆਰਾ ਸਥਾਪਿਤ ਕੀਤੇ ਗਏ ਨੌ ਰਸਾਂ ਦੀ ਸ਼੍ਰੇਣੀ ਤੋਂ ਬਾਹਰਲਾ ਜਾਪਦਾ ਹੈ। ਇਹ ਮਸ਼ੀਨੀ/ ਬਣਾਵਟੀ/ ਆਰਟੀਫਿਸ਼ਲ ਰਸ ਹੈ।

5.2 ਕਹਾਣੀ ਇਹਨਾਂ ਪੰਜ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ 'ਮੇਰੀ ਜਾਨ ਕੜਿਕੀ 'ਚ ਫਸੀ।' ਇਹ ਪੰਜ ਜਸ਼ਨਪ੍ਰੀਤ ਖੁਦ ਨਿਸ਼ਾਂਤ, ਯੋਗੇਸ਼, ਵਨਸਿਕਾ, ਰਣਜੀਤ ਹਨ। ਪੰਜ ਪਿਆਰੇ ਹੁੰਦੇ ਨੇ। ਪੰਜਾਂ ਚ ਪਰਮੇਸ਼ਰ ਮੰਨਿਆ ਜਾਂਦਾ ਹੈ। ਪੰਜ ਤੋਂ ਹੀ ਪੰਜਾ ਬਣਦਾ। ਇਹ ਪੰਜਾ ਪਿੰਜਰੇ ਵਰਗਾ ਹੈ। ਜਸ਼ਨ ਦੇ ਜਸ਼ਨਈ ਮਾਹੌਲ ਨੇ ਉਸ ਦੇ ਦਿਮਾਗ 'ਚ ਹਲਚਲ ਪੈਦਾ ਕੀਤੀ ਹੈ। ਦਿਲਚਸਪ ਤੱਤ ਇਹ ਵੀ ਹੈ ਕਿ ਘਟਨਾ ਦਾ ਵਾਪਰਨ ਕਾਲ ਵੀ ਅੰਮ੍ਰਿਤ ਵੇਲੇ ਦੇ ਪੰਜ ਵਜੇ ਹਨ।

5.2.1 ਅੰਕ ਪਰਕ ਰੂੜੀ ਦਾ ਸਮਾਜਕ / ਸਭਿਆਚਾਰਕ ਪ੍ਰਸੰਗ ਕਥਾ ਪ੍ਰਾਪਤੀ ਬਣਦਾ ਹੈ। ਸੈਵਆ ਦੀ ਪਤੀਵਰਤਾ ਕਥਾ/ ਮਿੱਥ ਨੂੰ 'ਟਰਾਂਸਪਲਾਂਟ' ਕਰਨ ਦੀ ਜੁਗਤ ਵਧੀਆ ਹੈ।

5.2.2 ਸਵਕੀਆ, ਪਰਕੀਆ, ਸਾਮਾਨਯ ਨਾਇਕਾਵਾਂ ਬਾਰੇ ਨਾਟਯ-ਸ਼ਾਸਤਰ ਵਿੱਚ ਵਿਸਤ੍ਰਿਤ ਚਰਚਾ ਪ੍ਰਾਪਤ ਹੈ।

**04. ਬਾਲ-ਮਨ ਦੀਆਂ 'ਚੀਕਾਂ'**

4.1 ਮਨੁੱਖ ਆਪਣੀਆਂ ਖਾਹਿਸ਼ਾਂ ਦੀ ਪੂਰਤੀ ਲਈ ਅਪਰਾਧਬੋਧਕ ਰੁਚੀਆਂ ਵਿੱਚੋਂ ਵੀ ਆਨੰਦਿਤ ਮਹਿਸੂਸ ਕਰਨ ਲੱਗਦਾ ਹੈ। ਸਰਘੀ ਆਪਣੇ ਪੁੱਤਾਂ ਵਰਗੀ ਗਵਾਂਢੀ ਮੁੰਡੇ ਰਾਕੇਸ਼ ਚੋਂ ਮਰਦ ਤਲਾਸ਼ਦੀ ਹੋਈ ਹਮਬਿਸਤਰ ਹੁੰਦੀ ਹੈ। ਜਿਵੇਂ :– *"ਮੇਰੀ ਪਿੱਠ ਤੇ ਖਾਜ ਕਰੀ ਬੜੀ ਚੈਲ ਛਿੜੀ' ਜਿੱਦਾਂ ਮੈਂ ਕਿਹਾ ਉਹ ਉਦਾਂ ਖਾਜ ਕਰਨ ਲੱਗਾ । ਪਹਿਲਾਂ ਪਿੱਠ ਤੇ ਫਿਰ ਵੱਖੀ ਵਾਲੇ ਪਾਸਿਓਂ । ਉਸ ਦਾ ਧਿਆਨ ਆਪਣੇ ਬਸਤੇ ਵੱਲ ਸੀ। ਮੈਂ ਆਪਣੇ ਫੌਜੀ ਦੇ ਕੱਪੜਿਆਂ ਵਿੱਚੋਂ, ਉਹ ਕਿਤਾਬ ਜਿਹੜੀ ਉਹ ਪਿਛਲੀਆਂ ਛੁੱਟੀਆਂ ਵਿਚ ਲਿਆਇਆ ਸੀ ਤੇ ਬੱਚਿਆਂ ਤੋਂ ਚੋਰੀ ਚੋਰੀ ਮੈਨੂੰ ਦਿਖਾਉਂਦਾ ਹੁੰਦਾ ਸੀ, ਕੱਢ ਕੇ ਲਿਆਂਦੀ ਸੀ ,ਉਹ ਕਿਤਾਬ ਰਾਕੇਸ਼ ਨੂੰ ਵਿਖਾਉਣ ਲੱਗੀ। ਜਿੱਦਾਂ ਜਿੱਦਾਂ ਉਹ ਫੋਟੋਆਂ ਦੇਖੀ ਗਿਆ ਤਿਉਂ ਤਿਉਂ ਉਹ ਸੰਪੂਰਨ ਮਰਦ ਬਣਦਾ ਗਿਆ। ਇਹੀ ਮੈਂ ਚਾਹੁੰਦੀ ਸੀ।"*[8]

4.2 ਪੌੜੀਆਂ ਉਤਰਦੀ ਸਰਘੀ ਨੂੰ ਸੁਣਨ ਵਾਲੀਆਂ ਚੀਕਾਂ ਦੀ ਗੂੰਜ ਉਸਨੂੰ ਪੂਨੇ ਵਾਲੀ ਕੁੜੀ ਤੱਕ ਲੈ ਜਾਂਦੀ ਹੈ। ਫੌਜੀ ਪਤੀ ਵੱਲੋਂ ਬੱਚੀ ਨਾਲ ਬਣਾਏ ਸੰਬੰਧਾਂ ਨੂੰ ਸਰਘੀ –ਰਾਕੇਸ਼ ਨਾਲ ਜੋੜ ਕੇ ਤਨ/ ਮਨਟਟੋਲਿਆ ਗਿਆ ਹੈ ਅੱਗੋ ਨਣਦਭਰਜਾਈ ਦੇ ਸਹੇਲਪੁਣੇ 'ਚੋਂ ਨਿਕਲਿਆ ਬੋਲ ਹੋਰ ਸਿੱਧ ਕਰਦਾ ਹੈ:– *"ਚੁੱਪ ! ਕਮਲੀ ਨਾ ਹੋਏ ਤਾਂ। ਕਦੇ ਸੋਚਣ ਨਾਲ ਵੀ ਕੁਸ਼ ਹੁੰਦਾ।"*

*'ਭਾਬੀ, ਤੂੰ ਕਿਤੇ ਭਾ ਜੀ ਕੋਲੋਂ ਬਦਲਾ ਤਾਂ ਨਹੀਂ ਲਿਆ ਸੀ?' ਸੌਣ ਤੋਂ ਪਹਿਲਾਂ ਸੁਲੇਖਾ ਨੇ ਪੁੱਛਿਆ ਸੀ।*

4.2.1 'ਚੀਕ' ਦੀ ਗੂੰਜ ਲੰਮੇ ਸਮੇਂ ਤੱਕ ਪਾਠਕ ਦੇ ਕੰਨਾਂ ਵਿੱਚ ਗੂੰਜਦੀ ਰਹਿੰਦੀ ਹੈ।

**03. ਪਿਉ-ਪੁੱਤ ਦੀ ਬਾਤ 'ਬੰਦੇ ਬਿਨਾਂ'**

3.1 ਚੈਟਿੰਗ: ਸੰਵਾਦ/ਸੰਬੰਧ ਦੀ ਨਵੀਂ ਤਕਨੀਕ ਹੈ। ਇਸ ਦੀਆਂ ਅਨੇਕ ਸ਼੍ਰੇਣੀਆਂ ਹਨ ਫੇਸਬੁੱਕ,

ਮਸੈਂਜਰ, ਟੈਲੀਗਰਾਮ, ਵਟਸਐੱਪ ਆਦਿ ਆਦਿ। ਇਹ ਮਸ਼ੀਨੀ ਕਰਾਮਾਤ ਪ੍ਰਵਾਸੀ ਮਜ਼ਦੂਰ ਰਾਮੂ ਅਤੇ ਸਿੰਮੀ ਲਈ ਵਰਦਾਨ ਸਿੱਧ ਹੁੰਦੀ ਹੈ। ਨਜਾਇਜ਼ ਰਿਸ਼ਤੇ ਨੂੰ ਖ਼ਤਮ ਕਰਨ ਲਈ ਭਰਾ, ਭੈਣ ਦਾ ਕਤਲ ਕਰਨ ਬਾਰੇ ਸੋਚਦਾ ਹੈ। ਸਿਆਸਤਦਾਨ ਬਾਪ ਉਸ ਨੂੰ ਸਮਝਾਉਂਦਾ ਹੈ– *'ਲੈ ਫਿਰ ਸੁਣ ਲੈ ਮੇਰੇ 'ਮਨ ਦੀ ਗੱਲ' ਵੀ ਕੁੜੀ ਨੂੰ ਬੰਦੇ ਦਾ ਭੁੱਸ ਪੈ ਗਿਆ ਹੁਣ ਉਹਨੇ ਕਿਸੇ ਵੀ ਸੂਰਤ ਚ ਨਹੀਂ ਹਟਣਾ, ਉਹ ਜੋ ਕਰਦੀ ਆ ਕਰੀ ਜਾਣ ਦਿਓ।*[9] ਕਹਾਣੀ ਦਾ ਵਿਸਫੋਟਕ ਅੰਤ ਸੁੰਨ ਕਰਨ ਵਾਲਾ ਹੈ:– *ਇਹ ਗੱਲ ਤੈਨੂੰ ਸਮਝ ਨਹੀਂ ਆਉਣੀ ਤੂੰ ਤਾਂ ਆਪਣੇ ਵਿਆਹ ਤੋਂ ਤਿੰਨ ਮਹੀਨਿਆਂ ਮਗਰੋਂ ਹੀ ਜਰਮਨੀ ਚਲਾ ਗਿਆ ਸੀ। ਦਲਜੀਤ ਨੂੰ ਪੁੱਛੀ ਉਹ ਤੈਨੂੰ ਆਪੇ ਸਮਝਾ ਦਊਗੀ...।*[10]

3.1.1 ਪਿਓ ਪੁੱਤ ਦਾ ਸਮੱਸਿਆ/ਸਮਾਧਾਨ ਸੰਵਾਦ ਅਜਿਹੇ ਵੇਲਿਆਂ ਵਿੱਚ ਹੀ ਸੰਭਵ ਹੈ। ਪੂਰਵਲੇ ਸਮਿਆਂ ਵਿੱਚ ਤਾਂ ਕਤਲ ਹੀ ਹੋਣਾ ਸੀ।

3.2 ਨਾਰੀ ਸੰਵੇਦਨਾਵਾਂ ਨੂੰ ਤਾਰਕਿਕ ਢੰਗ ਨਾਲ ਸਮਝਣ ਦਾ ਵੇਲਾ ਆ ਗਿਆ ਹੈ। ਲਿੰਗ ਸਿੱਖਿਆ/ ਖੋਜ / ਆਲੋਚਨਾ ਨੇ ਕਈ ਨਵੇਂ ਮਾਪਦੰਡ ਸਥਾਪਿਤ ਕਰ ਦਿੱਤੇ ਹਨ।

**02. ਸੰਵੇਦਨਾਤਮਕ ਰਿਸ਼ਤਿਆਂ ਦੀ 'ਸ਼ਰਤ'**

2.1 ਜੰਗ ਮਾਹੌਲ ਵਿੱਚ ਮਾਨਵਤਾ ਦੇ ਹੁੰਦੇ ਘਾਣ ਵਿੱਚ ਸੰਵੇਦਨਾਵਾਂ ਦਾ ਜੀਉਂਦੇ ਰਹਿਣਾ; ਨਵੇਂ ਰਿਸ਼ਤੇ ਪੈਦਾ ਹੋਣਾ ਅਤੇ ਭਾਵੁਕ ਛਿਣ ਗਹਿਰ ਗੰਭੀਰ ਹੋ ਨਿਬੜਦੇ ਹਨ। ਗੋਦ ਦਿੱਤੀ ਜਾ ਰਹੀ ਬੱਚੀ ਬਾਰੇ ਦਾਦੀ ਦੇ ਬੋਲ ਹਨ:– *ਜਿੱਥੇ ਵੀ ਪਿਓ ਦੇ ਨਾਂ ਦੀ ਲੋੜ ਪਈ ਫੈਸਲ ਦਾ ਨਾਂ ਆਵੇਗਾ।* [11]

**01. ਰਿਸਤਿਆਂ ਦੇ ਘੜਮੱਸ ਦੀ ਕਹਾਣੀ 'ਮੇਰਾ ਕੋਈ ਕਸੂਰ ਨਹੀਂ'**

1.1. ਗਲੋਬਲ ਮਨ ਵਿੱਚ ਰਿਸ਼ਤਿਆਂ ਦਾ ਘੜਮੱਸ ਹੈ। ਫਰੈਂਡ ਸਰਕਲ, ਭੂਆ/ ਭਤੀਜੀ, ਮਾਂ / ਪਿਉ / ਪੁੱਤ / ਧੀ, ਮਾਮੇ / ਭਾਣਜੇ ਆਦਿ ਆਦਿ ਤਨ-ਮਨ ਨਾਲ ਟਕਰਾਉਂਦੇ ਨੇ। ਲੰਬੀ ਕਹਾਣੀ ਦੇ ਕੇਂਦਰੀ ਸੂਤਰ ਨੂੰ ਜਾਣਨ ਲਈ ਅੰਤਲੀਆਂ ਸਤਰਾਂ ਬਹੁਤ ਨੇ:-ਹੁਣ ਗਿਆਨ ਨੂੰ ਸਮਝ ਲੱਗੀ ਕਿ ਮਾਸਟਰ ਨੇ ਕਿਉਂ ਕਿਹਾ ਸੀ -'ਤੂੰ ਕੀ ਸੋਚ ਕੇ ਕੁੜੀ ਨੂੰ ਬਹਾਰ ਭੇਜ ਰਿਹਾਂ?' ਉਸਨੇ ਤਾਰੂ ਦੇ ਹੰਝੂ ਪੂੰਝੇ। ਆਪਣਾ ਹੱਥ ਫੈਲਾ ਕੇ ਬੋਲਿਆ ਆ ਦੇਖ ਪੰਜੇ ਉਂਗਲਾਂ ਇੱਕੋ ਜਿਹੀਆਂ ਨ੍ਹੀ। ਸਿਮਰਨ ਦੇ ਖਰਚੇ ਲਈ ਜੋ ਲੋੜ ਪਈ ਤਾਂ ਮੈਂ ਦੂਜਾ ਖੇਤ ਵੀ ਵੇਚ ਦੇਣਾ।[12] ਖੇਤ ਵੇਚਣਾ: ਕਿਸਾਨੀ ਸੰਕਟ ਵੀ ਹੈ ਅਤੇ ਰਿਸ਼ਤਾ ਸੰਕਟ ਵੀ।

**ੲ. ਸੇਫ਼ਟੀ ਕਿੱਟ: ਰਚਨਾਤਮਕ -ਪੱਧਰ**

1. ਭਾਰਤੀ ਚਿੰਤਨ ਵਿੱਚ ਧਰਮ, ਅਰਥ , ਕਾਮ, ਮੋਕਸ਼ ਬਾਰੇ ਵਿਸਤ੍ਰਿਤ ਚਰਚਾ ਹੋਈ ਹੈ। ਧਰਮ, ਅਰਥ ਬਾਰੇ ਕੌਟਲਿਆ ਅਤੇ ਕਾਮ ਬਾਰੇ ਵਾਤਸਾਈਨ ਦੇ ਗ੍ਰੰਥ ਮਹੱਤਵਪੂਰਨ ਧਾਰਨਾਵਾਂ ਪੇਸ਼ ਕਰਦੇ ਹਨ। ਭਰਤ ਮੁਨੀ ਦੇ ਨਾਟਯ ਸ਼ਸਤਰ ਵਿੱਚ ਵੀ ਸਾਹਿਤ ਸ਼ਾਸਤਰ ਦੇ ਸੂਤਰਾਂ ਦੀ ਵਿਆਖਿਆ ਕੀਤੀ ਗਈ ਹੈ। ਕਥਾਕਾਰ ਇਨ੍ਹਾਂ ਕਹਾਣੀਆਂ ਵਿੱਚ ਅਜਿਹੇ ਸੂਤਰਾਂ ਨੂੰ ਰੂਪਾਂਤਰਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਖ਼ਾਸ ਤੌਰ ਤੇ ਕਾਮ ਨਾਲ ਸੰਬੰਧਿਤ ਧਾਰਨਾਵਾਂ ਬਾਰੇ :-ਕੜਿਕੀ, ਚੀਕਾਂ, ਬੰਦੇ ਬਿਨਾਂ, ਚਿਰਾਗ਼ ਆਦਿ ਕਹਾਣੀਆਂ ਪੜ੍ਹਨਯੋਗ ਹਨ।

1.1 ਪਾਤਰ ਕਾਮ ਭਾਵਨਾਵਾਂ ਦੀ ਪੂਰਤੀ ਲਈ ਹਮਬਿਸਤਰ ਹੁੰਦੇ ਨੇ। ਚੈਟਿੰਗ ਕਰਦੇ ਨੇ ਬੀਚਾਂ ਦੀ ਸੈਰ ਕਰਦੇ ਨੇ। ਨਿਊਡ ਫਿਲਮਾਂ ਵੇਖਦੇ ਨੇ।

1.1.1 ਕਾਮ ਭਾਵਾਂ ਲਈ ਤਕਨੀਕੀ ਔਜ਼ਾਰ ਵਿੱਚ ਮੋਬਾਇਲ ਵੱਡੀ ਭੂਮਿਕਾ ਨਿਭਾਉਂਦਾ ਹੈ। ਹਰੇਕ ਕਹਾਣੀ ਵਿੱਚ ਮੋਬਾਇਲ ਦਾ ਜ਼ਿਕਰ ਆ ਹੀ ਜਾਂਦਾ ਹੈ।

1.2 ਸੈਕਸ ਸਾਡੀ ਬਾਇਲੋਜੀਕਲ ਜਰੂਰਤ ਵੀ ਹੈ।

1.3 ਵਿਭਿੰਨ ਪਾਤਰਾਂ ਦਾ ਕਥਾ ਸਮੂਹ ਕਥਾਕਾਰੀ ਦੀ ਪ੍ਰਕਿਰਤੀ/ ਪ੍ਰਯੋਜਨ ਨੂੰ ਨਾਲ ਲੈ ਕੇ ਚੱਲਦਾ ਹੈ। ਭਾਰਤੀ/ ਪੰਜਾਬੀ, ਦੇਸੀ-ਵਿਦੇਸ਼ੀ ਪਾਤਰ ਕਥਾ ਸੰਵਾਦ ਨੂੰ ਅੱਗੇ ਤੋਰਦੇ ਹਨ। ਇਨ੍ਹਾਂ ਦਾ ਸੰਵਾਦ ਲਹਿਜਾ ਗਿਆਨ- ਭਰਪੂਰ ਦਾਰਸ਼ਨਿਕ/ ਵਿਅੰਗ ਮਈ/ਨਾਟਕੀ ਹੋ ਨਿਬੜਦਾ ਹੈ। ਸਮਾਂਥਾਂ, ਸੂਜ਼ਨ, ਜੈਨਾ, ਸਿੰਮੀ, ਜਸ਼ਨਪ੍ਰੀਤ , ਗੁਰਬਚਨ , ਅਮਰਜੀਤ, ਸਰਘੀ, ਸੁਲੇਖਾ ਆਦਿ ਪਾਠਕ-ਪਾਠ ਦੇ ਸੰਬਾਦਕ ਰਿਸ਼ਤੇ ਨੂੰ ਠੋਸ ਕਰਦੇ ਹਨ।

2. ਕਥਾਕਾਰ ਦਾ ਸਵੈ ਕਥਨ [13] ਹੈ ਕਿ ਜਿੱਥੇ ਮੇਰੇ ਸੀਨੀਅਰ ਕਹਾਣੀਕਾਰਾਂ ਨੇ ਕਹਾਣੀ ਲਿਖਣੀ ਸ਼ੁਰੂ ਕੀਤੀ ਸੀ। ਮੈਂ ਉਸ ਤੋਂ ਉਲਟ ਕੀਤਾ ਹੈ, ਜਿੱਥੋਂ ਉਹ ਕਹਾਣੀ ਖਤਮ ਕਰਦੇ ਸਨ ਮੈਂ ਉਥੋਂ ਸ਼ੁਰੂ ਕਰਦਾ ਹਾਂ ਕਥਨ ਠੀਕ ਜਾਪਦਾ ਹੈ। ਜਿਵੇਂ:-

* ਮੈਂ ਮੋਬਾਇਲ ਔਨ ਕੀਤਾ। ਡੀ ਅੱਖਰ ਤੋਂ ਦੀਪਕ ਦਾ ਨੰਬਰ ਲੱਭਿਆ - ਚਿਰਾਗ਼
* "ਚੁੱਪ । ਕਮਲੀ ਨਾ ਹੋਵੇ ਤਾਂ।" - ਚੀਕਾਂ

2.1 ਕਹਾਣੀਆਂ ਵਿੱਚ ਇਤਿਹਾਸ / ਮਿਥਿਹਾਸ ਨੂੰ 'ਟਰਾਂਸਪਲਾਂਟ' ਕਰਨ ਦੀ ਜੁਗਤ ਵੇਲੇ ਕਥਾ ਚਰਿਤਰਕ -ਰੇਖਾਕਾਰੀ ਜਾਪਣ ਲੱਗ ਜਾਂਦੀ ਹੈ। ਕਥਾ- ਖੰਡ ਅਤੇ ਪਾਤਰ ਦੀ ਚਰਿਤਰਸਾਜ਼ੀ ਦੇ ਰਲਾਅ ਤੋਂ ਬਚਣ ਦੀ ਲੋੜ ਹੈ।

2.1.1 ਪਾਤਰ ਸਿਰਹਾਣੇ ਦੀ ਢੋਅ ਲਾਉਂਦੇ ਨੇ। ਮੋਢਿਆਂ 'ਚ ਸਿਰ ਰੱਖ ਦਿੰਦੇ ਨੇ। ਪੱਬਾਂ ਭਾਰ ਬੈਠਦੇ ਨੇ। ਮੋਬਾਇਲ ਵੇਖਦੇ/ ਸੁਣਦੇ ਨੇ। ਘੜੀਆਂ /ਕਲੌਕ ਸਮੇਂ ਬਾਰੇ ਸੁਚੇਤ ਕਰਦੀਆ ਨੇ। ਪੌੜੀਆਂ/ ਚਬਾਰੇ ਚੜਦੇ ਲੈਂਦੇ ਨੇ, ਚਾਹ/ ਚੁਬਾਰੇ/ਚਾਦਰ ਨਾਲ ਨਾਲ ਰਹਿੰਦੇ ਨੇ। ਕਿਤਾਬਾਂ/ਫਿਲਮਾਂ /ਕਲਾਸਿਕ ਗੀਤ ਜੀਵਨ ਤਾਰਾਂ ਜੋੜੀ ਰੱਖਦੇ ਨੇ। 'ਬੰਦੇ ਬਿਨਾਂ' ਕਹਾਣੀ ਦਾ ਇਕ ਸੰਵਾਦ ਹੈ:- *'ਮੋਬਾਇਲ ਬਿਨਾਂ ਨਹੀਂ ਸਰਦਾ, ਰੋਟੀ ਖਾਇਆ ਬਿਨਾਂ ਸਰ ਜਾਂਦਾ।'*

2.1.1.1 ਸਮਕਾਲੀ ਬਿਰਤਾਂਤਕ ਗਲਪ ਵਿੱਚ ਚਾਹ / ਚੁਬਾਰੇ / ਚਾਦਰ ਨੇ ਵੱਡੀ ਥਾਂ ਮੱਲ ਲਈ ਹੈ। ਇਨ੍ਹਾਂ ਚਿੰਨ੍ਹਾਤਮਕ ਜੁਗਤਾਂ ਬਾਰੇ ਵੱਖਰਾ ਸੈਕਸ਼ਨ/ਥੀਸਸ ਚਾਹੀਦਾ ਹੈ।

2.1.2 ਪਾਤਰ / ਘਟਨਾਵਾਂ ਦੀ ਭੀੜ ਨਾਲ ਪਾਠਕ ਦੁਚਿੱਤੀ ਵਿੱਚ ਵੀ ਫਸਦਾ ਹੈ। 'ਮੇਰਾ ਕੋਈ ਕਸੂਰ ਨਹੀਂ' ਕਹਾਣੀ ਹਵਾਲਾ ਯੋਗ ਹੈ।'

2.1.3 ਸਿਰਜਕ ਦਾ ਪੂਰਵ ਗਿਆਨ ਵਿਧਾਗਤ ਚੌਖਟੇ ਨੂੰ ਢਾਹ ਲਾਉਣ ਦੇ ਨਾਲ ਨਾਲ ਨਵਾਂ ਪੜ੍ਹਨ ਲਈ ਵੀ ਪ੍ਰੇਰਦਾ ਹੈ ' ਇਸ ਦੀ ਪ੍ਰਤੀਨਿਧ ਮਿਸਾਲ 'ਸੇਫ਼ਟੀ ਕਿੱਟ' ਹੈ।

2.1.4 ਉੱਤਰ ਮਾਨਵਵਾਦ ਨੇ ਕੇਂਦਰ ਦੀ ਥਾਂ ਕੇਂਦਰੀ ਕਰਨ ਨੂੰ ਜਗਾਂ ਦਿੱਤੀ ਹੈ ਬੱਚੇ,ਜਵਾਨ, ਬਜ਼ੁਰਗ ਸਭ ਨਵੇਂ ਐਂਗਲ ਤੋਂ ਪੇਸ਼ ਹੁੰਦੇ ਹਨ ਚੀਕਾਂ, ਸ਼ਰਤ, ਭਾਅ ਜੀ ਉਰਫ਼ ਕਾਮਰੇਡ ਵਿਚਾਰਨਯੋਗ ਹਨ।

3. ਸਿਰਲੇਖ ਘਾੜਤ ਸਿਰਜਣਾ ਦਾ ਮਹੱਤਵਪੂਰਨ ਅੰਗ ਹੈ ।ਸੰਗ੍ਰਹਿ ਵਿੱਚ ਦਰਜ ਦਸ ਕਹਾਣੀਆਂ ਵਿੱਚੋਂ ਛੇ ਕਹਾਣੀਆਂ ਦੇ ਸਿਰਲੇਖ ਇੱਕ ਸ਼ਬਦ ਦੇ ਹਨ । ਸ਼ਬਦ, ਮਾਤਰ ਸ਼ਬਦ ਨਹੀਂ ਹੁੰਦਾ। ਸ਼ਬਦ: ਸੰਵਾਦ ਹੁੰਦੈ। ਸਿਰਜਣਾ ਹੁੰਦੈ। ਸੰਕਲਪ ਹੁੰਦੈ। ਚਿਰਾਗ਼, ਦੂਰੀਆਂ, ਚੀਕਾਂ, ਸਕੈਚ ਕੜਿੱਕੀ ਤੋਂ ਬਿਨਾਂ ਸੇਫਟੀ ਕਿੱਟ ਸ਼ਬਦ / ਸੰਕਲਪ/ ਸਿਰਜਣਾ ਨੂੰ ਸਮਝਣਾ ਬਣਦਾ। ਥੋੜੇ ਚ ਬਹੁਤਾ ਕਹਿਣਾ ਹੀ ਸਿਰਜਣਾਤਮਕ ਕਲਾ ਹੁੰਦੀ ਹੈ। ਸ਼ਬਦ/ ਸ਼ੈਲੀ ਬਾਰੇ ਡਾ ਹਰਿਭਜਨ ਸਿੰਘ [14] ਦਾ ਵਿਚਾਰ ਹੈ ਕਿ ਬੋਲੀ ਸਾਹਿਤ ਰਚਨਾ ਤੋਂ ਉਰੇ ਦੀ ਵਸਤੂ ਹੈ ਤਾਂ ਸ਼ੈਲੀ ਉਸ ਤੋਂ ਪਰਾਂ ਦੀ।

3.1 ਸਾਹਿਤ ਵਿਚਲਾ ਸਥਾਪਤ ਸੰਸਾਰ ਵਾਸਤਵਿਕ ਸੰਸਾਰ ਤੋਂ ਵੱਖ/ ਵਿਰੋਧੀ ਹੋ ਸਕਦਾ ਹੈ।

3.1.1 ਸਿਰਲੇਖ ਨੂੰ ਅੰਡਰਲਾਇਨ ਕਰਕੇ ਪਾਠਕ ਨੂੰ ਧਿਆਨ ਦੇਣ ਲਈ ਪ੍ਰੇਰਿਤ ਕੀਤਾ ਗਿਆ ਹੈ।

4. ਕਹਾਣੀਆਂ ਦਾ ਨਾਟ-ਰੂਪਾਂਤਰਨ ਸੰਭਵ ਹੈ।


ਰਿਸ਼ਤਿਆਂ ਦੇ ਨਵ-ਪ੍ਰਬੰਧ ਦੀ ਸੰਗਠਨਕਾਰੀ ਦਾ ਸਿਧਾਂਤਕ/ ਵਿਹਾਰਕ ਪ੍ਰਸੰਗ ਸਮਝਣ ਲਈ ਇਨ੍ਹਾਂ ਕਹਾਣੀਆਂ ਨੂੰ ਪੜ੍ਹਿਆ ਜਾ ਸਕਦਾ ਹੈ।

**ਹਵਾਲੇ / ਟਿੱਪਣੀਆਂ-**

1. ਸੰਵਾਦ-19, ਜਨਵਰੀ- ਜੂਨ 2024, ਸਫ਼ਾ 24
2. ਜਿੰਦਰ, ਸੇਫ਼ਟੀ ਕਿੱਟ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2023, ਸਫ਼ਾ/148
3. ਉਹੀ, ਸਫ਼ਾ/139
4. ਉਹੀ, ਸਫ਼ਾ/128
5. ਉਹੀ
6. ਸੰਵਾਦ -19, ਸਫ਼ਾ/119
7. ਸੇਫ਼ਟੀ ਕਿੱਟ, ਸਫ਼ਾ /84
8. ਉਹੀ, ਸਫ਼ਾ /79
9. ਉਹੀ, ਸਫ਼ਾ/70
10. ਉਹੀ, ਸਫ਼ਾ/71
11. ਉਹੀ, ਸਫ਼ਾ/64
12. .ਉਹੀ, ਸਫ਼ਾ/50
13. ਉਹੀ, ਸਫ਼ਾ/12
14. ਸ਼ਬਦ ਆਪਣੇ ਬਾਰੇ ਬਣੀ ਰਾਏ ਨੂੰ ਬਦਲ ਨਹੀਂ ਸਕਦੇ। ਪਰ ਸਾਹਿਤਕ ਰਚਨਾ ਆਪ ਚੁਣੇ ਫੈਸਲੇ ਦੇ ਅਧਾਰ ਤੇ ਇਨਾ ਹੀ ਸ਼ਬਦਾਂ ਨੂੰ ਨਵੇਂ ਰਾਏ ਦੇ ਸਕਦੀ ਹੈ। ਸ਼ਬਦ ਦਾ ਨਿਰਪੱਖ ਤਾਂ ਇੱਕ ਵਸਤ ਹੈ। ਇਹੋ ਅਰਥ ਰਾਇ ਬਣ ਕੇ ਇੱਕ ਵਿਕਤਿਤਵ ਧਾਰਨ ਕਰ ਲੈਂਦਾ ਹੈ। ਬੋਲੀ ਤੋਂ ਸਹਿਤ ਤੱਕ ਦੀ ਯਾਤਰਾ ਵਸਤੂ ਤੋਂ ਵਿਅਕਿਤਤਵ ਤੱਕ, ਅਰਥ ਤੋਂ ਕਦਰ ਤੱਕ ਦੀ ਯਾਤਰਾ ਹੈ- ਪਾਰਗਰਾਮੀ/ ਸਫ਼ਾ/ 02, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2002)

(**ਸੰਪਰਕ**-85281-00088)

# ਦੁਸ਼ਵਾਰੀਆਂ, ਅਤ੍ਰਿਪਤੀਆਂ ਤੇ ਮਾਨਸਿਕ ਸੰਤਾਪ ਦੀਆਂ ਕਹਾਣੀਆਂ: ਉੱਚੀਆਂ ਆਵਾਜ਼ਾਂ / - ਡਾ. ਰਮਨਪ੍ਰੀਤ ਕੌਰ




ਬਲੀਜੀਤ ਦਾ ਸਾਹਿਤਕ ਸਫ਼ਰ ਤਿੰਨ ਕੁ ਦਹਾਕਿਆਂ ਦੇ ਅਰਸੇ ਵਿੱਚ ਫੈਲਿਆ ਹੋਇਆ ਹੈ। ਉਸਨੇ 21 ਵੀਂ ਸ ਦੀ ਦੇ ਪਹਿਲੇ ਦਹਾਕੇ ਵਿੱਚ ਪੰਜਾਬੀ ਕਥਾਕਾਰ ਵਜੋਂ ਪ੍ਰਵੇਸ਼ ਕੀਤਾ। ਉਸ ਕੋਲ ਪੁਆਧ ਆਂਚਲ ਦੇ ਦਲਿਤ ਜੀਵਨ ਦਾ ਖਾਸਾ ਭਰੋਸੇਯੋਗ ਅਨੁਭਵ ਹੈ। ਉਸਨੇ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਸੌ ਗੱਲਾਂ' (2006) ਦੇ ਪ੍ਰਕਾਸ਼ਨ ਸਮੇਂ ਹੀ ਇਕ ਵੱਖਰੇ ਅੰਦਾਜ਼ ਵਾਲੇ ਕਹਾਣੀਕਾਰ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਸ਼ੁਰੂ ਕਰ ਦਿੱਤਾ ਸੀ। ਹਾਸ਼ੀਏ ਦੇ ਸਮਾਜ ਦੇ ਤ੍ਰਾਸਤਿਕ ਜੀਵਨ ਅਤੇ ਉਸ ਅੰਦਰ ਖੌਲਦੀ ਪੀੜ ਨੂੰ ਉਸਨੇ ਪੰਜਾਬੀ ਕਹਾਣੀ ਦੇ ਚਲੰਤ ਮੁਹਾਣ ਤੋਂ ਅਸਲੋਂ ਵੱਖਰੇ ਨਜ਼ਰੀਏ ਤੋਂ ਪੇਸ਼ ਕੀਤਾ। 'ਇਬਾਰਤਾਂ' (2010) ਕਹਾਣੀ-ਸੰਗ੍ਰਹਿ ਵਿੱਚ ਉਸਨੇ ਪੰਜਾਬੀ ਸਮਾਜ ਦੀ ਬਦਲਦੀ ਆਰਥਿਕਤਾ, ਰਾਜਸੀ ਸਮੀਕਰਨਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਬਿਆਨਣ ਸਮੇਂ ਪੰਜਾਬ ਦੀ ਮਾਨਸਿਕਤਾ ਅਤੇ ਸੱਭਿਆਚਾਰਕ ਅਵਚੇਤਨ ਵਿੱਚ ਹੋ ਰਹੇ ਰੂਪਾਂਤਰਣ ਨੂੰ ਪਕੜਨ ਦੀ ਕੋਸ਼ਿਸ਼ ਕੀਤੀ। ਇਹਨਾਂ ਦੋ ਕਹਾਣੀ-ਸੰਗ੍ਰਹਿਾਂ ਦੇ ਸਿਰ ਉੱਤੇ ਉਸਦੀ ਪੈਂਠ ਇੱਕ ਸੰਜੀਦਾ ਕਹਾਣੀਕਾਰਾਂ ਵਜੋਂ ਬਣੀ। ਉਹ ਪਰ ਪੁਖ਼ਤਾ ਲਿਖਣ ਵਾਲਾ ਕਥਾਕਾਰ ਹੈ।

**'ਉੱਚੀਆਂ ਆਵਾਜਾਂ' (ਪ੍ਰਕਾਸ਼ਕ: ਕੈਲੀਬਲ ਪਬਲੀਕੇਸ਼ਨ, ਪਟਿਆਲਾ, ਮੁੱਲ: 195, ਪੰਨੇ :120, ਸਾਲ: 2022)** ਬਲੀਜੀਤ ਦਾ ਤੀਜਾ ਕਹਾਣੀ-ਸੰਗ੍ਰਹਿ ਹੈ। ਇਸ ਵਿਚਲੀਆਂ ਦਸ ਕਹਾਣੀਆਂ ਉਸਦੇ ਅਨੁਭਵੀ ਅਤੇ ਗਹਿਰੀ ਨੀਂਝ ਵਾਲੇ ਕਥਾਕਾਰ ਹੋਣ ਦਾ ਇਕਰਾਰ ਹਨ। ਇਸ ਸੰਗ੍ਰਹਿ ਵਿੱਚ ਬਲੀਜੀਤ ਨੇ **'ਨੂਣ'** ਵਰਗੀ ਕਲਾਸਿਕ ਕਹਾਣੀ ਲਿਖ ਕੇ ਕਥਾਕਾਰ ਵਜੋਂ ਆਪਣੀ ਰਚਨਾਤਮਕ ਸਮਰੱਥਾ ਦਾ ਪ੍ਰਮਾਣ ਪੇਸ਼ ਕੀਤਾ ਹੈ। ਇਹ ਕਹਾਣੀ ਪੁਆਧ ਦੇ ਆਰਥਿਕ ਪੱਖੋਂ ਬੁਰੀ ਤਰਾਂ ਟੁੱਟੇ ਪਰਿਵਾਰ ਦੇ ਸੰਘਰਸ਼, ਨਾ-ਉਮੀਦੀਆਂ ਅਤੇ ਸੁਪਨਿਆਂ ਦੀ ਕਹਾਣੀ ਹੈ। ਸੁਦਾਗਰ ਅਤੇ ਪ੍ਰਸਿੰਨੀ ਦੇ ਪਰਿਵਾਰ ਦੀ ਇਹ ਕਹਾਣੀ ਪੁਆਧ ਦੇ ਦਲਿਤ ਭਾਈਚਾਰੇ ਦੀਆਂ ਆਰਥਿਕ ਦੁਸ਼ਵਾਰੀਆਂ, ਪਦਾਰਥਕ ਅਤ੍ਰਿਪਤੀਆਂ ਅਤੇ ਮਾਨਸਿਕ ਸੰਤਾਪ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਪ੍ਰਸਿੰਨੀ ਦੇ ਕਹਿਣ 'ਤੇ ਸੁਦਾਗਰ ਇੱਕ ਮਰੀਅਲ ਜਿਹੀ ਕੱਟੀ ਉਧਾਰ ਲੈ ਆਉਂਦਾ ਹੈ। ਸਾਰਾ ਪਰਿਵਾਰ ਉਸ ਕੱਟੀ ਦੇ ਮੱਝ ਬਣਨ ਤੇ ਬੱਚਿਆਂ ਲਈ ਦੁੱਧ ਮਿਲਣ ਦੀ ਆਸ ਨਾਲ ਹਰ ਵੇਲੇ ਉਸਦੀ ਸੇਵਾ ਵਿੱਚ ਲੱਗਿਆ ਰਹਿੰਦਾ ਹੈ।

ਸੁਦਾਗਰ ਮਰੇ ਪਸ਼ੂਆਂ ਨੂੰ ਚੁੱਕਣਅਤੇ ਉਨ੍ਹਾਂ ਦੀਆਂ ਖੱਲਾਂ ਨੂੰ ਵੇਚਣ ਦਾ ਧੰਦਾ ਕਰਦਾ ਹੈ। ਮਰੇ ਪਸ਼ੂ ਦੀ ਸੁਣਾਉਣੀ ਸੁਦਾਗਰ ਦੇ ਪਰਿਵਾਰ ਲਈ ਖ਼ੁਸ਼ੀ ਦਾ ਮੌਕਾ ਹੁੰਦੀ ਹੈ। ਸੁਦਾਗਰ ਤੇ ਪ੍ਰਸਿੰਨੀ ਦੇ ਘਰ ਆ ਕੇ ਉਹ ਮੱਝ ਦੱਸ ਸੂਏ ਦਿੰਦੀ ਹੈ ਪਰ ਹਰ ਵਾਰੀ ਕੱਟੇ ਨੂੰ ਜਨਮ ਦਿੰਦੀ ਹੈ, ਪਰਿਵਾਰ ਹਰ ਵਾਰੀ ਕੱਟੀ ਦੀ ਉਮੀਦ ਕਰਦਾ ਹੈ। ਆਖਰੀ ਸੂਏ ਉਹ ਕੱਟੀ ਤਾਂ ਦੇ ਦਿੰਦੀ ਹੈ ਪਰ ਆਪ ਬੁੱਢੀ ਅਤੇ ਕਮਜ਼ੋਰ ਹੋ ਜਾਂਦੀ ਹੈ। ਬਲੀਜੀਤ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਘਰ ਦੀ ਆਰਥਿਕਤਾ ਨਾਲ ਜੁੜੇ ਹੋਣ

ਕਰਕੇ ਮੱਝ ਜਾਂ ਪਸ਼ੂ ਦਲਿਤ ਪਰਿਵਾਰਾਂ ਲਈ ਆਪਣੇ ਬੱਚਿਆਂ ਜਿੰਨਾਂ ਹੀ ਪਿਆਰਾ ਹੁੰਦਾ ਹੈ ਪਰ ਆਰਥਿਕ ਮਜ਼ਬੂਰੀ ਕਾਰਨ ਸੁਦਾਗਰ ਬੁੱਢੀਹੋਈ ਮੱਝ ਨੂੰ ਖਟੀਕਾਂ ਕੋਲ ਵੇਚ ਦਿੰਦਾ ਹੈ ਤੇ ਕੁਝ ਦਿਨਾਂ ਬਾਅਦ ਉਹ ਮੱਝ ਮਰ ਜਾਂਦੀ ਹੈ। ਜਦੋਂ ਖਟੀਕਾਂ ਵੱਲੋਂ ਸੁਦਾਗਰ ਨੂੰ ਮਰੀ ਮੱਝ ਚੁੱਕਣ ਦਾ ਸੁਨੇਹਾ ਆਉਂਦਾ ਹੈ ਤਾਂ ਉਹ ਪਹਿਲਾਂ ਵਾਂਗ ਖੁਸ਼ ਹੋਣ ਦੀ ਥਾਂ ਉਦਾਸ ਹੋ ਜਾਂਦਾ ਹੈ। ਬਲੀਜੀਤ ਦੀ ਜੀਵਨ-ਦ੍ਰਿਸ਼ਟੀ ਤੇ ਕਥਾ-ਦ੍ਰਿਸ਼ਟੀ ਦਾ ਕਮਾਲ ਇਹ ਹੈ ਕਿ ਉਹ ਮਨੁੱਖ ਨੂੰ ਨੇਕ ਜਾਂ ਬਦੀ ਦੇ ਖਾਨਿਆਂ ਵਿੱਚ ਵੰਡ ਕੇ ਨਹੀਂ ਦੇਖਦਾ। ਬੁੱਢੀ ਮੱਝ ਨੂੰ ਵੇਚਣ ਵੇਲੇ ਸੁਦਾਗਰ ਸੁਆਰਥੀ ਹੈ, ਪਰ ਉਸਦੇ ਮਰਨ 'ਤੇ ਉਸ ਅੰਦਰਲੀ ਇਨਸਾਨੀਅਤ ਜਾਗ ਪੈਂਦੀ ਹੈ। ਉਹ ਮਰੀ ਮੱਝ ਦਾ ਪੋਸ਼ ਉਤਾਰਨ ਬਾਅਦ ਜਦੋਂ ਉਸਦੀ ਖੱਲ ਨੂੰ ਲਿਆ ਕੇ ਮਰੇ ਪਸ਼ੂਆਂ ਦੀਆਂ ਖੱਲਾਂ ਵਾਲੀ ਕੋਠੜੀ ਵਿੱਚ ਵਿਛਾਉਂਦਾ ਹੈ ਤੇ ਉਸ 'ਤੇ ਲੂਣ ਭੁੱਕਦਾ ਹੈ ਤਾਂ ਧਾਹ ਮਾਰਕੇ ਉਥੇ ਹੀ ਡਿੱਗ ਪੈਂਦਾ ਹੈ। ਪ੍ਰਿੰਨੀ ਹਤਾਸ਼ ਹੋਏ ਸੁਦਾਗਰ ਨੂੰ ਦਿਲਾਸਾ ਦੇ ਕੇ ਉਠਾਉਂਦੀ ਹੈ ਤਾਂ ਉਸਨੂੰ ਮਰੀ ਮੱਝ ਦੀ ਖਲ੍ਹ ਮਿਰਗ-ਸ਼ਾਲ ਜਿੰਨੀ ਪਵਿੱਤਰ ਨਜ਼ਰ ਆਉਂਦੀ ਹੈ। ਬਲੀਜੀਤ ਦਲਿਤ ਵਰਗ ਬਾਰੇ ਸਾਡੀ ਇਸ ਬਣੀ ਬਣਾਈ ਸੰਕੀਰਨ ਧਾਰਨਾਂ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ ਕਿ ਇਹ ਵਰਗ ਸੰਵੇਦਨਾ-ਵਿਹੂਣਾ ਪਸ਼ੂ ਹੀ ਹੁੰਦਾ ਹੈ।

**'ਹਨੇਰੇ ਦੀ ਫਰਦ'** ਕਹਾਣੀ ਦੇ ਕੇਂਦਰ ਵਿੱਚ ਤਾਂ ਇੱਕ ਦਲਿਤ ਪਰਿਵਾਰ ਦੀ ਕਥਾ ਹੈ ਪਰ ਸਮਾਂਨੰਤਰ ਬਿਰਤਾਂਤ ਵਾਲੀ ਇਸ ਕਹਾਣੀ ਵਿੱਚ ਸਾਂਝੇ ਪਰਿਵਾਰਾਂ ਦੇ ਟੁੱਟਣ ਤੇ ਬਿਖਰਨ ਦੀ ਕਥਾ ਨੂੰ ਦੋ ਇਤਿਹਾਸਕ ਕਾਲ-ਖੰਡਾਂ ਵਿੱਚ ਫੈਲਾਅ ਕੇ ਉਜਾਗਰ ਕੀਤਾ ਗਿਆ ਹੈ। ਉੱਤਮ-ਪੁਰਖੀ ਬਿਰਤਾਂਤ ਵਾਲੀ ਇਸ ਕਹਾਣੀ ਦਾ ਮੈਂ ਪਾਤਰ ਸਾਂਝੇ ਕਿਰਤੀ ਪਰਿਵਾਰ ਦਾ ਮੈਂਬਰ ਹੈ, ਜਿਹੜਾ ਪਰਿਵਾਰ ਸ਼ਹਿਰ ਦੀ ਹੱਦ ਤੋਂ ਬਾਹਰ-ਬਾਹਰ ਇੱਕ ਤਿਕੋਣੇ ਪਲਾਟ ਵਿੱਚ ਰਹਿੰਦਾ ਹੈ। ਕਈ ਚਾਚੇ-ਤਾਇਆਂ ਦੇ ਪਰਿਵਾਰ ਇੱਕ ਸਾਂਝੇ ਬਾਗਲੇ ਵਿਚ ਵਸਦੇ ਹਨ, ਨਲਕਾ ਇਕੋ ਇਕ ਤੇ ਸਭ ਦਾ ਸਾਂਝਾ ਹੈ। ਪਲਾਟ ਦੇ ਕਿਸੇ ਨਾ ਕਿਸੇ ਟੁੱਕੜੇ ਉੱਪਰ ਚਾਚੇ ਤਾਇਆਂ ਦੇ ਕਬਜ਼ੇ ਨੂੰ ਲੈ ਕੇ ਝਗੜੇ ਹੁੰਦੇ ਰਹਿੰਦੇ ਹਨ। ਹੌਲੀ-ਹੌਲੀ ਸ਼ਹਿਰ ਫੈਲਦਾ ਹੈ ਤੇ ਇਸ ਪਰਿਵਾਰ ਦੇ ਘਰ ਲਾਗੇ ਥੁੜੇ -ਟੁੱਟੇ ਲੋਕਾਂ ਦੀ ਬਸਤੀ ਬਣ ਜਾਂਦੀ ਹੈ। ਨਵੀਆਂ ਬਸਤੀਆਂ ਦਾ ਪਸਾਰਾ ਇਸ ਘਰ ਅਤੇ ਨੇੜ ਬਣੇ ਖੋਲ੍ਹੇ ਨੁਮਾ ਮਕਾਨਾਂ ਨੂੰ ਖਾ ਜਾਂਦਾ ਹੈ। ਕਿਰਤ ਕਰਕੇ ਗੁਜ਼ਾਰਾ ਕਰਨ ਵ ਾਲੇ ਇਹ ਪਰਿਵਾਰ ਬਿਖਰ ਜਾਂਦੇ ਹਨ। ਇਹਨਾਂ ਵਿਚੋਂ ਮੈਂ ਪਾਤਰ ਦੇ ਇਕ ਭਰਾ ਨੇ ਸ਼ਹਿਰ ਦੀ ਨਵੀਂ ਬਸਤੀ ਵਿੱਚ ਆਪਣਾ ਮਕਾਨ ਬਣਾਇਆ ਹੈ ਤੇ ਉਹ ਉਸਦੇ ਮਕਾਨ ਦੀ ਚੱਠ 'ਤੇ ਆਇਆ ਹੈ। ਉਹ ਬਸਤੀਆਂ ਚੋਂ ਆਪਣੇ ਉਜੜੇ ਘਰਾਂ ਦੇ ਨਿਸ਼ਾਨ ਲੱਭਦਾ ਹੈ। ਉਸਦੀਆਂ ਯਾਦਾਂ ਦੀ ਰੀਲ ਘੁੰਮਦੀ ਹੈ। ਪਿੱਛਲ ਝਾਤ ਰਾਹੀਂ ਕਹਾਣੀਕਾਰ ਅਜੋਕੇ ਪੂੰਜੀਵਾਦੀ ਵਿਕਾਸ ਮਾਡਲ ਤੋਂ ਪਹਿਲਾਂ ਦੇ ਪੰਜਾਬੀ ਵਸੇਬੇ ਦੀ ਝਲਕ ਦਿਖਾ ਰਿਹਾ ਹੈ ਜਦੋਂ ਇਸ ਪਰਿਵਾਰ ਨੇ ਸੜਕ ਦੇ ਕੰਢੇ ਸੁੰਨੀ ਥਾਂ 'ਤੇ ਤਿਕੋਨੇ ਪਲਾਟ ਵਿੱਚ ਆਪਣੇ ਕੋਠੇ 'ਤੇ ਪਸ਼ੂਆਂ ਦੇ ਵਾੜੇ ਬਣਾਏ ਸਨ ਉਦੋਂ ਸਾਂਝੇ ਪਰਿਵਾਰਾਂ ਦੀ ਰੀਤ ਅਤੇ ਭਾਈਚਾਰਕ ਸਾਂਝ ਵਾਲਾ ਸੱਭਿਆਚਾਰ ਕਾਇਮ ਸੀ। ਆਉਂਦੇ ਜਾਂਦੇ ਅਣਜਾਣ ਰਾਹੀ ਇਸ ਘਰ ਵਿੱਚ ਦੁਪਿਹਰਾਂ ਤੇ ਰਾਤਾਂ ਕੱਟ ਜਾਂਦੇ ਸਨ ਉਦੋਂ ਭਾਵੇਂ ਗਰੀਬੀ ਸੀ ਪਰ ਇਨਸਾਨੀਅਤ ਤੇ ਮਨੁੱਖੀ ਹਮਦਰਦੀ ਪੱਖੋਂ ਸਾਡਾ ਵਸੇਬ ਅਮੀਰ ਤੇ ਉੱਚੇ ਆਦਰਸ਼ਾਂ ਵਾਲਾ ਸੀ। ਹੁਣ ਲਿਸ-ਲਿਸ਼ ਕਰਦੀਆਂ ਦੁਕਾਨਾਂ, ਸਿਨੇਮੇ ਤੇ ਵੱਡੇ ਮਾਲ ਇੱਥੇ ਉਸਰ ਗਏ ਹਨ। ਅਮੀਰ ਲੋਕ ਵੱਸ ਗਏ ਹਨ ਤੇ ਗ਼ਰੀਬ ਕਿਰਤੀ ਇੱਥੋਂ ਉਜੜ ਕੇ ਬਿਖਰ ਤੇ ਵਿਸਥਾਪਿਤ ਹੋ ਗਏ ਹਨ। ਬਲੀਜੀਤ ਨਵੀਂ ਤਰਜ ਦੇ ਪੂੰਜੀ ਵਾਦੀ ਵਿਕਾਸ ਨੂੰ ਸੰਦੇਹ ਦੇ ਘੇਰੇ ਵਿੱਚ ਲੈ ਆਉਂਦਾ ਹੈ ਜੋ ਗਰੀਬਾਂ ਤੇ ਗਰੀਬ ਬਸਤੀਆਂ ਦੇ ਉਜਾੜੇ 'ਤੇ ਵਸਦਾ ਤੇ ਫਲਦਾ-ਫੁੱਲਦਾ ਹੈ। ਇਸ ਨਵੇਂ ਬਾਜ਼ਾਰ ਤੇ ਵਿਕਾਸ ਨੇ ਹਨੇਰੇ ਦੀ ਫ਼ਰਦ ਢੋਂਦੇ ਗਰੀਬਾਂ ਨੂੰ ਹੋਰ ਹਨੇਰੇ ਵਿਚ ਧੱਕਿਆ ਹੈ। ਇਹ ਬਲੀਜੀਤ

ਦੀ ਇਤਿਹਾਸਕ ਵਰਤਾਰੇ ਬਾਰੇ ਸੂਝ ਦਾ ਪ੍ਰਮਾਣ ਹੈ।

ਬਲੀਜੀਤ ਜਿੰਨਾ ਆਪਣੀ ਕਹਾਣੀ ਦੇ ਗਲਪ-ਵਸਤੂ ਤੇ ਗਲਪ ਜੁਗਤਾਂ ਬਾਰੇ ਸੁਚੇਤ ਹੈ।ਉਨ੍ਹਾਂ ਹੀ ਉਹ ਆਰਥਿਕ ਸਮਾਜਿਕ ਵਰਤਾਰੇ ਤੇ ਉਸਦੇ ਸਿੱਟੇ ਵਜੋਂ ਸਭਿਆਚਾਰਕ ਕਦਰ-ਪ੍ਰਬੰਧ ਅਤੇ ਮਨੁੱਖੀ ਰਿਸ਼ਤਿਆਂ ਵਿੱਚ ਆ ਰਹੇ ਨਿਘਾਰ ਬਾਰੇ ਚੇਤੰਨ ਹੈ ਪ੍ਰਮਾਣ ਵਜੋਂ ਉਸਦੀਆਂ ਕਹਾਣੀਆਂ **'ਮੌਤ ਦੀ ਉਡੀਕ ਵਿੱਚ'**, **'ਗੁਬਾਰੇ'** ਅਤੇ **'ਉੱਚੀਆਂ ਅਵਾਜ਼ਾਂ'** ਪੜ੍ਹੀਆਂ ਜਾ ਸਕਦੀਆਂ ਹਨ।ਬਲੀਜੀਤ ਦੀ ਸਮਝ ਹੈ ਕਿ ਪੂੰਜੀਵਾਦੀ ਵਿਵਸਥਾ ਨੇ ਮਨੁੱਖ ਨੂੰ ਵਿਅਕਤੀਵਾਦੀ, ਸੁਆਰਥੀ , ਦੰਭੀ ਅਤੇ ਮਨੁੱਖੀ ਰਿਸ਼ਤਿਆਂ ਬਾਰੇ ਅਸੰਵੇਦਨਸ਼ੀਲ ਬਣਾ ਦਿੱਤਾ ਹੈ। ਡਾਕਟਰ ਨਰੇਸ਼ ਸਿੰਗਲੇ ਦਾ ਪਰਿਵਾਰ ਆਰਥਿਕ ਤੌਰ 'ਤੇ ਤਾਂ ਸਮਰਿੱਧ ਹੈ ਪਰ ਪੂੰਜੀਵਾਦੀ ਪ੍ਰਬੰਧ ਨੇ ਉਸ ਪਰਿਵਾਰ ਦੇ ਜੀਆਂ ਦੇ ਰਿਸ਼ਤਿਆਂ ਅੰਦਰ ਮੋਹ-ਮੁਹੱਬਤ ਨੂੰ ਖਤਮ ਕਰਕੇ ਉਨ੍ਹਾਂ ਨੂੰ ਇਕ ਦੂਜੇ ਪ੍ਰਤੀ ਈਰਖਾਲੂ ਬਣਾ ਦਿੱਤਾ ਹੈ। ਡਾਕਟਰ ਨਰੇਸ਼ ਸਿੰਗਲਾ ਸ਼ਹਿਰ ਦਾ ਨਾਮੀ ਡਾਕਟਰ ਹੈ। ਉਸਦਾ ਪਿਤਾ ਪਰਉਪਕਾਰੀ ਕਿਸਮ ਦਾ ਮਨੁੱਖ ਸੀ ਜੋ ਹਿਮਾਚਲ ਦੇ ਪਹਾੜੀ ਪਿੰਡਾਂ ਵਿੱਚੋਂ ਜੜੀਆਂ ਬੂਟੀਆਂ ਲੱਭ ਕੇ ਲਿਆਉਂਦਾ ਤੇ ਲੋਕਾਂ ਦਾ ਮੁਫ਼ਤ ਇਲਾਜ ਕਰਦਾ ਸੀ। ਮਰਨ ਤੋਂ ਪਹਿਲਾਂ ਉਸਨੇ ਆਪਣੀ ਵਸੀਅਤ ਲਿਖ ਦਿੱਤੀ ਤਾਂ ਜੋ ਉਸ ਪਿਛੋਂ ਪਰਿਵਾਰ ਵਿੱਚ ਮਨ-ਮੁਟਾਵ ਪੈਦਾ ਨਾ ਹੋਵੇ। ਉਸਨੇ ਆਪਣੀਆਂ ਦੋਹਾਂ ਧੀਆਂ ਦੇ ਵਿਆਹ ਸਮੇਂ ਜਾਇਦਾਦ ਵਿੱਚੋਂ ਹਿੱਸੇ ਵਜੋਂ ਚੰਗਾ ਦਾਜ-ਦਹੇਜ ਦੇ ਦਿੱਤਾ ਸੀ। ਸੋਨੇ-ਚਾਂਦੀ ਦੇ ਸਾਰੇ ਗਹਿਣੇ ਉਸਨੇ ਆਪਣੀ ਪਤਨੀ ਕੁਸਮਵਤੀ ਦੀ ਮਾਲਕੀ ਬਣਾ ਦਿੱਤੇ। ਦੁਕਾਨ, ਬੈਂਕ ਦੀ ਰਾਸ਼ੀ ਤੇ ਐਫ ਡੀ ਵੱਡੇ ਪੁੱਤਰ ਦੇ ਹਿੱਸੇ ਲਿੱਖ ਦਿੱਤੀ ਜੋ ਛੋਟੇ ਪੁੱਤਰ ਤਿਲਕ ਦੀ ਪੜ੍ਹਾਈ ਤੇ ਵਿਆਹ ਦਾ ਖਰਚਾ ਕਰੇਗਾ। ਜੱਦੀ ਮਕਾਨ ਛੋਟੇ ਪੁੱਤਰ ਤਿਲਕ ਦੇ ਹਿੱਸੇ ਲਿਖ ਦਿੱਤਾ। ਪਿਤਾ ਦੀ ਮੌਤ ਤੋਂ ਬਾਅਦ ਡਾਕਟਰ ਨਰੇਸ਼ ਰਿਸ਼ਵਤ ਦਾ ਪ੍ਰਬੰਧ ਕਰਕੇ ਤਿਲਕ ਨੂੰ ਨੌਕਰੀ ਦੁਆ ਦਿੰਦਾ ਹੈ। ਕੁਝ ਸਮਾਂ ਰਾਜਸਥਾਨ 'ਚ ਨੌਕਰੀ ਕਰਕੇ ਵਿਆਹ ਉਪਰੰਤ ਤਿਲਕ ਬਦਲੀ ਕਰਾ ਕੇ ਜੱਦੀ ਸ਼ਹਿਰ ਆ ਜਾਂਦਾ ਹੈ। ਕੁਸਮਵਤੀ ਬਿਮਾਰ ਰਹਿਣ ਲੱਗਦੀ ਹੈ ਤੇ ਵੱਡੇ ਪੁੱਤਰ ਨਾਲ ਰਹਿੰਦੀ ਹੈ। ਤਿਲਕ ਦੀ ਪਤਨੀ ਸਾਂਝੇ ਪਰਿਵਾਰ ਵੱਜੋਂ ਇੱਕੋ ਘਰ ਵਿਚ ਰਹਿੰਦੇ ਡਾਕਟਰ ਨਰੇਸ਼ ਨੂੰ ਆਪਣਾ ਵੱਖਰਾ ਮਕਾਨ ਲੈਣ ਲਈ ਮਜਬੂਰ ਕਰਦੀ ਹੈ। ਘਰੇਲੂ ਝਗੜਾ ਥਾਣੇ ਤਕ ਪਹੁੰਚ ਜਾਂਦਾ ਹੈ। ਡਾਕਟਰ ਨਰੇਸ਼ ਆਪਣੇ ਪਰਿਵਾਰ ਤੇ ਬਿਮਾਰ ਮਾਂ ਨੂੰ ਲੈ ਕੇ ਆਪਣੇ ਕਲੀਨਿਕ ਉੱਪਰ ਤੰਗ ਜਿਹੀ ਰਿਹਾਇਸ਼ ਵਿੱਚ ਸ਼ਿਫਟ ਕਰ ਜਾਂਦਾ ਹੈ। ਭਾਰੀ ਸਰੀਰ ਵਾਲੀ ਮਾਂ ਕੁਸਮਵਤੀ ਆਪਣੀ ਮੌਤ ਲਈ ਅਰਦਾਸਾਂ ਕਰਦੀ ਹੈ ਅਤੇ ਡਾਕਟਰ ਨਰੇਸ਼ ਤੇ ਉਸਦੀ ਪਤਨੀ ਵੀ ਆਪਣੀ ਮਾਂ ਦੇ ਛੇਤੀ ਛੁਟਕਾਰਾ ਪਾ ਲੈਣ ਦੀਆਂ ਅਰਦਾਸਾਂ ਕਰਦੇ ਹਨ। ਅਚਾਨਕ ਇੱਕ ਰਾਤ ਮਾਂ ਗੁਜ਼ਰ ਜਾਂਦੀ ਹੈ। ਡਾਕਟਰ ਨਰੇਸ਼ ਤੇ ਉਸਦੀ ਪਤਨੀ ਮਾਂ ਦੀ ਬੋਝਲ ਮ੍ਰਿਤਕ ਦੇਹ ਨੂੰ ਭੀੜੀਆਂ ਪੌੜੀਆਂ ਵਿੱਚੋਂ ਬੜੀ ਮੁਸ਼ਕਿਲ ਨਾਲ ਥੱਲੇ ਉਤਾਰ ਕੇ ਉਸਨੂੰ ਅੰਤਿਮ ਇਸ਼ਨਾਨ ਕਰਵਾਉਂਦੇ ਹਨ। ਡਾਕਟਰ ਨਰੇਸ਼ ਸਿੰਗਲੇ ਦੇ ਨਾਮੀ ਪਰਿਵਾਰ ਦੀ ਮਾਂ ਦਾ ਜਨਾਜ਼ਾ ਚੰਦ ਕੁ ਰਿਸ਼ਤੇਦਾਰ ਲੈ ਕੇ ਜਾਂਦੇ ਹਨ। ਉਹ ਆਪਣੀ ਧੀ ਦਾ ਵਿਆਹ ਰੂੰ ਦੇ ਅਮੀਰ ਵਪਾਰੀਆਂ ਦੇ ਪਰਿਵਾਰ ਵਿੱਚ ਕਰ ਦਿੰਦਾ ਹੈ। ਦੋਹਤਾ-ਦੋਹਤੀ ਜਨਮ ਲੈਂਦੇ ਹਨ, ਪਰ ਅਚਾਨਕ ਧੀ ਵਿਧਵਾ ਹੋ ਜਾਂਦੀ ਹੈ। ਇੱਕ ਦਿਨ ਬੱਸ ਚੜਨ ਲੱਗਾ ਡਾਕਟਰ ਨਿਰੇਸ਼ ਸਿੰਗਲਾ ਡਿੱਗ ਕੇ ਮਰ ਜਾਂਦਾ ਹੈ।

ਆਧੁਨਿਕ ਤਰਜ ਦਾ ਵਿਕਾਸ ਸੁਖ-ਸਹੂਲਤਾਂ ਪੈਦਾ ਕਰਨ ਦੇ ਨਾਲ- ਨਾਲ ਮਨੁੱਖ ਤੋਂ ਉਸਦਾ ਚੈਨ ਖੋ ਲੈਂਦਾ ਹੈ। ਵਸਤਾਂ ਅਤੇ ਧੰਨ ਦੌਲਤ ਬੰਦੇ ਦੇ ਮਨ ਅਤੇ ਉਸਦੀਆਂ ਭਾਵਨਾਵਾਂ ਦੇ ਅਸਮਾਨ ਨੂੰ ਇੰਨਾ ਮੱਲ ਲੈਂਦੇ ਹਨ ਕਿ ਉਹ ਭਟਕਣ ਦਾ ਸ਼ਿਕਾਰ ਹੋ ਜਾਂਦਾ ਹੈ। ਉਪਭੋਗੀ ਸੱਭਿਆਚਾਰ ਬੰਦੇ ਦੀਆਂ ਲਾਲਸਾਵਾਂ ਨੂੰ ਇੰਨਾਂ ਜਗਾ ਦਿੰਦਾ ਹੈ ਕਿ ਉਹ ਭੋਖੜੇ ਮਾਰਾ ਪਸ਼ੂ ਬਣ ਜਾਂਦਾ ਹੈ। ਉਪਭੋਗੀ ਸੱਭਿਆਚਾਰ

ਵਿੱਚ ਵਸਤਾਂ ਬੰਦੇ ਦੇ ਜ਼ਿਹਨ ਉੱਤੇ ਇੰਨੀਆਂ ਹਾਵੀ ਹੋ ਜਾਂਦੀਆਂ ਹਨ ਕਿ ਉਸਨੂੰ ਭਲੇ-ਬੁਰੇ ਦੀ ਤਮੀਜ਼ ਨਹੀਂ ਰਹਿੰਦੀ ਤੇ ਉਹ **'ਗੁਬਾਰੇ'** ਕਹਾਣੀ ਦੀ ਨਾਇਕਾ ਵਾਂਗ ਆਪਣੀਆਂ ਬੇਲਗਾਮ ਲਾਲਸਾਵਾਂ ਦਾ ਖ਼ੁਦ ਕੈਦੀ ਬਣ ਜਾਂਦਾ ਹੈ। 'ਗੁਬਾਰੇ ' ਕਹਾਣੀ ਦੀ ਨਾਇਕਾ ਇਲੈਕਟ੍ਰਾਨਿਕਸ ਦਾ ਸਮਾਨ ਵੇਚਣ ਵਾਲੀ ਵੱਡੀ ਫ਼ਰਮ ਵਿੱਚ ਪਰਸਨਲ ਸੈਕਟਰੀ ਹੈ। ਉਹ ਆਪਣੇ ਬੋਸ ਨੂੰ ਖ਼ੁਸ਼ ਕਰਨ ਲਈ ਸਾਰੇ ਅਨੈਤਿਕ ਹੱਥ ਕੰਡੇ ਵਰਤਦੀ ਹੈ। ਨਵਾਂ ਬਦਲ ਕੇ ਆਇਆ ਬੋਸ ਉਸ ਵਿੱਚ ਰੁਚੀ ਲੈਣ ਲੱਗਦਾ ਹੈ। ਦੋਹਾਂ ਦੀ ਕਾਮ-ਉਤੇਜਨਾ ਇਕ ਦੂਜੇ ਨੂੰ ਆਪਣੇ ਵੱਲ ਖਿੱਚਦੀ ਹੈ। ਮਹਿੰਗੇ ਕੱਪੜੇ, ਮਹਿੰਗੇ ਫੋਨ ਤੇ ਉਹਨਾਂ ਦੇ ਸਰੀਰਕ ਇਸ਼ਾਰੇ ਦੋਹਾਂ ਨੂੰ ਬੇਚੈਨ ਕਰਦੇ ਹਨ। ਨਵੇਂ ਬਦਲ ਕੇ ਆਏ ਬੋਸ ਦੀ ਧੌਣ ਹੀ ਰਤਾ ਕੁ ਟੇਢੀ ਨਹੀਂ ਸਗੋਂ ਉਸਦਾ ਵਿਵਹਾਰ ਵੀ ਟੇਢਾ ਅਤੇ ਗੁੰਝਲਦਾਰ ਹੈ। ਕਹਾਣੀ ਦੀ ਨਾਇਕਾ ਉਸ ਵਿੱਚ ਇੰਨਾ ਉਲਝ ਜਾਂਦੀ ਹੈ ਉਸਨੂੰ ਆਪਣੇ ਪਰਿਵਾਰ ਤੇ ਬੱਚਿਆਂ ਪ੍ਰਤੀ ਫ਼ਰਜ਼ ਵੀ ਯਾਦ ਨਹੀਂ ਰਹਿੰਦੇ ਅਚਾਨਕ ਬੋਸ ਦੀ ਬਦਲੀ ਹੋ ਜਾਂਦੀ ਹੈ ਤੇ ਉਹ ਮੁੜ ਸਰੀਰਕ ਤ੍ਰਿਪਤੀ ਲਈ ਪਤੀ ਵਲ ਅਹੁਲਦੀ ਹੈ। ਉਸਨੂੰ ਇੱਕ ਮਾਨਸਿਕ ਝਟਕਾ ਲੱਗਦਾ ਹੈ ਤੇ ਉਸਨੂੰ ਜਾਪਣ ਲੱਗ ਜਾਂਦਾ ਹੈ ਕਿ 'ਸਾਰੇ ਮਰਦ ਕੁੱਤੇ ਤੇ ਹਰਾਮਦੇ ਹਨ।' ਕਹਾਣੀ ਚੋਂ ਪ੍ਰਾਪਤ ਵਿਵੇਕ ਅਨੁਸਾਰ ਪੂੰਜੀਵਾਦੀ ਪ੍ਰਬੰਧ ਅਤੇ ਉਪਭੋਗੀ ਸੱਭਿਆਚਾਰ ਮਰਦ ਅਤੇ ਔਰਤ ਦੋਹਾਂ ਨੂੰ ਬੇਸਬਰੇ ਕੁੱਤੇ ਵਿੱਚ ਬਦਲ ਦਿੰਦਾ ਹੈ। ਇਹ ਮਨੁੱਖ ਦਾ ਪਾਸ਼ਵੀਕਰਨ ਕਰਦਾ ਹੈ।

ਪੈਸੇ ਦੀ ਸਰਦਾਰੀ ਵਾਲੇ ਸਮਾਜ ਵਿਚ ਮਨੁੱਖ ਦੀ ਹੀ ਅਧੋਗਤੀ ਨਹੀਂ ਹੁੰਦੀ ਸਗੋਂ ਆਪਣੇ ਆਪੇ ਦੀ ਬਿਹਤਰੀ ਲਈ ਮਨੁੱਖ ਦੁਆਰਾ ਸਿਰਜੀਆਂ ਸੰਸਥਾਵਾਂ ਵੀ ਭ੍ਰਿਸ਼ਟ ਹੋ ਜਾਂਦੀਆਂ ਹਨ। ਡਾਕਟਰੀ ਵਰਗਾ ਪਵਿੱਤਰ ਕਿੱਤਾ ਵੀ ਪੈਸੇ ਦੇ ਹੜ੍ਹ ਅੱਗੇ ਧੰਦਾ ਬਣ ਜਾਂਦਾ ਹੈ। **'ਉੱਚੀਆਂ ਅਵਾਜ਼ਾਂ'** ਕਹਾਣੀ ਸਿਹਤ ਸੰਸਥਾਵਾਂ ਵਿੱਚ ਹੁੰਦੀ ਮਨੁੱਖ ਦੀ ਲੁੱਟ ਬਾਰੇ ਹੈ। ਪੈਸੇ ਦੀ ਚੌਧਰ ਕਰਕੇ ਸਿਹਤ ਸੰਸਥਾਵਾਂ ਵਿੱਚ ਮਰੀਜ਼ਾਂ ਨਾਲ ਵਿਤਕਰਾ ਹੁੰਦਾ ਹੈ ਜਿਨ੍ਹਾ ਮਰੀਜ਼ਾਂ ਦੇ ਖਰਚੇ ਦੀ ਅਦਾਇਗੀ ਵੱਡੀਆਂ ਇੰਨਸ਼ੋਰੈਂਸ ਕੰਪਨੀਆਂ ਨੇ ਕਰਨੀ ਹੁੰਦੀ ਹੈ ਉਨ੍ਹਾਂ ਨੂੰ ਚੈਰੀਟੇਬਲ ਹਸਪਤਾਲਾਂ ਵਿਚ ਵੀ ਵਿਸ਼ੇਸ਼ ਸਹੂਲਤਾਂ ਮਿਲਦੀਆਂ ਹਨ। 'ਉੱਚੀਆਂਅਵਾਜ਼ਾਂ' ਕਹਾਣੀ ਦਾ ਨਾਇਕ ਰਾਮ ਲਾਲ ਇਹ ਜਾਣ ਕੇ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਮਹਿੰਗਾ ਇਲਾਜ ਕਰਵਾਉਣ ਵਾਲੇ ਮਰੀਜਾਂ ਨੂੰ ਤਾਂ ਹਸਪਤਾਲ ਵਿਚ ਰੋਟੀ ਮਿਲਦੀ ਹੈ ਪਰ ਦੂਜਿਆਂ ਨੂੰ ਨਹੀਂ। ਮਹਿੰਗਾ ਅਮਰੀਕਨ ਲੈਨਜ਼ ਅੱਖਾਂ ਵਿੱਚ ਪਵਾਉਣ ਵਾਲੇ ਰਾਮ ਮੂਰਤੀ ਦਾ ਕਿਹਾ ਇਹ ਵਿਅੰਗਾਤਮਕ ਬੋਲ ਕਿ 'ਅੱਖਾਂ ਦੀ ਧੁੰਦ ਹੀ ਨਹੀਂ ਛਟੀ ਦਿਮਾਗ਼ ਵੀ ਸਾਫ਼ ਹੋ ਗਿਆ ਹੈ।' ਇਸ ਸੰਗ੍ਰਹਿ ਦੀ ਕਹਾਣੀ **'ਨਮਸਕਾਰ'** ਦਫ਼ਤਰੀ ਬਾਬੂਆਂ ਦੇ ਦੱਬੂ, ਡਰੂ, ਸਵਾਰਥੀ ਅਤੇ ਦੋਗਲੇ ਕਿਰਦਾਰ ਉੱਤੇ ਵਿਅੰਗ ਹੈ। ਜੰਗਲਾਤ ਮਹਿਕਮੇ ਦਾ ਅਫਸਰ ਜਦੋਂ ਇੱਕ ਸਟੇਸ਼ਨ ਤੋਂ ਬਦਲ ਕੇ ਦੂਜੇ ਸ਼ਹਿਰ ਜਾਂਦਾ ਹੈ ਤਾਂ ਉਸਦੇ ਦਫ਼ਤਰ ਦੇ ਬਾਬੂ ਉਸਦੇ ਖਾਣ-ਪੀਣ, ਆਰਾਮ ਤੇ ਐਸ਼ੋ-ਇਸ਼ਰਤ ਦਾ ਪੂਰਾ ਧਿਆਨ ਰੱਖਦੇ ਹਨ। ਜੰਗਲਾਤ ਮਹਿਕਮੇ ਦੇ ਬਾਬੂ, ਠੇਕੇਦਾਰ ਤੇ ਅਫ਼ਸਰ ਰਲ਼ ਕੇ ਖੈਰ ਦੇ ਦਰੱਖਤਾਂ ਦੀ ਚੋਰੀ ਕਰਦੇ ਤੇ ਇੱਕ ਦੂਜੇ ਦਾ ਬਚਾਅ ਕਰਦੇ ਹਨ ਪਰ ਦਫ਼ਤਰ ਦੇ ਬਾਹਰ ਬੈਠੇ ਬਾਬੂਆਂ ਦੀ ਬਚੀ ਹੋਈ ਰੋਟੀ ਨੂੰ ਉਡੀਕਦੇ ਗਰੀਬ ਬੰਦੇ ਨੂੰ ਉਹ ਕੁੱਤੇ ਕੁ ਜਿੰਨਾ ਹੀ ਮਹੱਤਵ ਦਿੰਦੇ ਹਨ।

ਪਦਾਰਥਕ ਖੋਹ-ਖਿੱਚ ਤੇ ਅਫਰਾ-ਤਫਰੀ ਵਾਲੇ ਸ਼ਹਿਰੀ ਜੀਵਨ ਵਿਚ ਘਰ ਮਨੁੱਖ ਨੂੰ ਆਨੰਦ ਤੇ ਚੈਨ ਦੇਣ ਵਾਲੀ ਥਾਂ ਨਹੀਂ ਰਹਿੰਦਾ। ਘਰ ਅਤੇ ਪਦਾਰਥਾਂ ਦੀ ਲਾਲਸਾ **'ਰੇਤ ਦੇ ਘਰ'** ਕਹਾਣੀ ਦੇ ਨਾਇਕ ਵਾਂਗ ਬੰਦੇ ਨੂੰ ਚੋਰ ਬਣਾਉਂਦੀ ਹੈ। ਇਸ ਕਹਾਣੀ ਦਾ ਪੜ੍ਹਿਆ-ਲਿਖਿਆ ਨਾਇਕ ਆਪਣੇ ਪ੍ਰੋਫ਼ੈਸਰ ਦੋਸਤ ਦੀ ਉਸ ਰਮਜ਼ ਭਰਪੂਰ ਗੱਲ ਨੂੰ ਨਹੀਂ ਸਮਝ ਸਕਿਆ ਜਿਸ ਵਿੱਚ ਉਹ ਖ਼ੁਦ ਕਹਿੰਦਾ ਹੈ ਕਿ ਬਚਪਨ ਵਿੱਚ ਬਣਾਏ ਰੇਤ ਦੇ ਘਰ ਅਜੋਕੇ ਸੀਮੇਂਟ ਸਰੀਏ ਨਾਲ ਬਣੇ ਕੰਕਰੀਟ ਦੇ ਘਰਾਂ ਨਾਲੋਂ ਕਿਤੇ ਵੱਧ

ਸਕੂਨ ਦੇਣ ਵਾਲੇ ਸਨ। ਆਪਣੇ ਘਰ ਦੀ ਟਿੱਡੀਆਂ ਤੇ ਕਿਰਲੀਆਂ ਦੀ ਸੁਰੱਖਿਅਤਾ ਲਈ ਜਦੋਂ ਕਹਾਣੀ ਦਾ ਨਾਇਕ ਮਹੱਲੇ ਵਿੱਚੋਂ ਰੇਤਾਚੋਰੀ ਕਰਨ ਜਾਂਦਾ ਹੈ ਉਸਨੂੰ ਆਪਣੇ ਸਾਥੀ ਦੇ ਰੇਤ ਦੇ ਘਰਾਂ ਬਾਰੇ ਕਹੇ ਬੋਲ ਯਾਦ ਆਉਂਦੇ ਹਨ। **'ਸਿਰ ਦੇ ਵਾਲ'** ਕਹਾਣੀ ਹਿੰਸਕ ਮਾਹੌਲ ਤੋਂ ਉਪਜੀ ਨਫ਼ਰਤ ਬਾਰੇ ਹੈ। 1984 ਦੇ ਦਿੱਲੀ ਦੰਗਿਆਂ ਵਿੱਚ ਸਿੱਖਾਂ ਦੇ ਹੋਏ ਕਤਲੇਆਮ ਦੀ ਪਿੱਠ-ਭੂਮੀ ਉੱਤੇ ਉਸਰੀ ਇਸ ਕਹਾਣੀ ਵਿਚ ਭਾਰਤੀ ਲੋਕਤੰਤਰ ਦੀ ਵਿਡੰਬਨਾ ਬਾਰੇ ਹੈ ਜਿਸ ਵਿੱਚ ਧਾਰਮਿਕ ਪਛਾਣ ਹੀ ਮਨੁੱਖ ਦੀ ਦੁਸ਼ਮਣ ਬਣ ਜਾਂਦੀ ਹੈ। ਜਟਿਲ ਬਿਰਤਾਂਤ ਵਾਲੀ ਇਸ ਕਹਾਣੀ ਵਿੱਚ ਦੇਹਰਾਦੂਨ ਦੇ ਅਮੀਰ ਸਿੱਖ ਪਰਿਵਾਰ ਦੀਆਂ ਦੋ ਪੀੜ੍ਹੀਆਂ ਦੇ ਜੀਵਨ ਵੱਲ ਇਸ਼ਾਰੇ ਹਨ ।ਪਹਿਲੀ ਪੀੜ੍ਹੀ ਜਿਸਨੇ ਭਾਈਚਾਰਕ ਸਾਂਝ ਵਾਲਾ ਮਾਹੌਲ ਜੀਵਿਆਂ ਹੈ ਅਤੇ ਦੂਜੀ ਪੀੜ੍ਹੀ ਜਿਹੜੀ ਫਿਰਕੂ, ਨਸਲੀ ਤੇ ਧਾਰਮਿਕ ਪਛਾਣ ਤੋਂ ਉਪਜੇ ਵਿਤਕਰੇ ਤੇ ਨਫ਼ਰਤ ਨੂੰ ਸਹਿੰਦੀ ਹੈ।

**'ਕਿਸੇ ਪਾਤਰ ਦੀ ਉਡੀਕ ਵਿੱਚ '** ਕਹਾਣੀ ਇਸ ਸੰਗ੍ਰਹਿ ਦੀ ਮਹੱਤਵਪੂਰਨ ਰਚਨਾ ਹੈ। ਬਲੀਜੀਤ ਭਾਰਤੀ ਸਿਆਸਤ ਵਿਚ ਪਿਛਲੇ ਚਾਰ ਕੁ ਦਹਾਕਿਆਂ ਤੋਂ ਉਭਰੀ ਪਛਾਣਾਂ ਦੀ ਰਾਜਨੀਤੀ ਦੇ ਮਹੱਤਵ, ਸੀਮਾਵਾਂ ਅਤੇ ਉਸ ਵੱਲ ਪੰਜਾਬੀਆਂ ਦੇ ਰਵੱਈਏ ਨੂੰ ਇਸ ਕਹਾਣੀ ਦਾ ਕਥਾ-ਵਸਤੂ ਬਣਾਉਂਦਾ ਹੈ। ਇਸ ਕਹਾਣੀ ਵਿਚ ਦੋ ਪਰਿਵਾਰਾਂ ਦੇ ਜੀਵਨ ਦੇ ਬਿਰਤਾਂਤ ਸਮਾਂਨੰਤਰ ਚਲਦੇ ਹਨ। ਮੈਂ ਪਾਤਰ ਤੇ ਉਸਦਾ ਪਰਿਵਾਰ, ਸਥਾਨਕ ਲੋਕ ਹਨ ਜਿਨ੍ਹਾਂ ਦੇ ਕਿਰਾਏ ਦੇ ਮਕਾਨ ਵਿੱਚ ਇੱਕ ਪਾਰਸੀ ਪਰਿਵਾਰ ਨਵੇਂ ਕਿਰਾਏਦਾਰ ਵੱਜੋਂ ਆ ਜਾਂਦਾ ਹੈ। ਜੈਕ ਫਰੇਜ਼ਰ ਤੇ ਲਿੱਲੀ ਫਰੇਜ਼ਰ ਦਾ ਪਾਰਸੀ ਪਰਿਵਾਰ ਦੋ ਨਸਲਾਂ ਦੇ ਮਿਲਾਪ ਵਾਲਾ ਪਰਿਵਾਰ ਹੈ। ਜੈਕ ਫਰੇਜ਼ਰ ਸਕਾਟਲੈਂਡ ਦੇ ਪਿਛੋਕੜ ਵਾਲਾ ਹੈ ਜਿਸਦਾ ਦਾਦਾ ਈਸਟ ਇੰਡੀਆ ਕੰਪਨੀ ਦੇ ਇੰਜੀਨੀਅਰ ਵਜੋਂ ਰੇਲਵੇ ਵਿਭਾਗ ਵਿੱਚ ਨੇਪਾਲ ਬਾਰਡਰ ਕੋਲ ਨੌਕਰੀ ਕਰਨ ਆ ਗਿਆ। ਉਸਨੇ ਨੇਪਾਲਣ ਕੁੜੀ ਨਾਲ ਵਿਆਹ ਕੀਤਾ ਤੇ ਦੇਸ਼ ਆਜ਼ਾਦ ਹੋਣ ਮਗਰੋਂ ਇਹ ਪਰਿਵਾਰ ਭਾਰਤ ਵਿਚ ਹੀ ਵਸ ਗਿਆ। ਇਸ ਪਰਿਵਾਰ ਦੀਆਂ ਦੋ ਧੀਆਂ ਅਤੇ ਇੱਕ ਪੁੱਤਰ ਖਾਣ ਹੰਢਾਉਣ ਤੇ ਮੌਜ ਮਸਤੀ ਕਰਨ ਵਾਲੇ ਹਨ। ਕਹਾਣੀ ਦੇ ਮੁੱਖ ਪਾਤਰ ਦਾ ਪੰਜਾਬੀ ਪਰਿਵਾਰ ਉਨ੍ਹਾਂ ਨਾਲ ਬਹੁਤਾ ਘੁਲਦਾ ਮਿਲਦਾ ਨਹੀਂ ਸਗੋਂ ਉਨ੍ਹਾਂ ਦੇ ਵਤੀਰੇ 'ਤੇ ਹੈਰਾਨ ਹੁੰਦਾ ਹੈ ਪਰ ਫਾਰਸੀ ਪਰਿਵਾਰ ਉਨ੍ਹਾਂ ਨੂੰ ਕ੍ਰਿਸਮਿਸ ਸਮੇਂ ਖਾਣੇ 'ਤੇ ਬੁਲਾ ਕੇ ਉਚੇਚਾ ਮਾਣ ਸਤਿਕਾਰ ਦਿੰਦਾ ਹੈ। ਅਚਾਨਕ ਪੰਜਾਬੀ ਪਰਿਵਾਰ ਘਰ ਬਦਲ ਲੈਂਦਾ ਹੈ ਜਦੋਂ ਇਸ ਪਰਿਵਾਰ ਨੂੰ ਪਾਰਸੀ ਪਰਿਵਾਰ ਦੇ ਚੰਗੇ ਸੱਭਿਅਕ ਵਤੀਰੇ ਤੇ ਮਿਲਾਪੜੇ ਵਤੀਰੇ ਦੀ ਯਾਦ ਆਉਂਦੀ ਹੈ ਤਾਂ ਬੱਚਿਆਂ ਦੇ ਜ਼ੋਰ ਪਾਉਣ ਤੇ ਇਹ ਪਰਿਵਾਰ ਪਾਰਸੀ ਪਰਿਵਾਰ ਨੂੰ ਮਿਲਣ ਆਉਂਦਾ ਹੈ ਪਰ ਉਦੋਂ ਤੱਕ ਪਾਰਸੀ ਪਰਿਵਾਰ ਵੀ ਉਥੋਂ ਕਿਤੇ ਚਲਾ ਜਾਂਦਾ ਹੈ। ਕਹਾਣੀ ਦੇ ਨਾਇਕ ਨੂੰ ਪਛਤਾਵਾਂ ਹੁੰਦਾ ਹੈ ਤੇ ਉਸਦੀ ਉਡੀਕ ਹੋਰ ਤਿੱਖੀ ਹੋ ਜਾਂਦੀ ਹੈ। ਬਲੀਜੀਤ ਪੰਜਾਬੀਆਂ ਦੀ ਆਪਣੀ ਪਛਾਣ ਬਾਰੇ ਸ਼ਿਕਾਇਤੀ ਵਤੀਰੇ 'ਤੇ ਤਨਜ਼ ਕਰਦਾ ਹੈ ਕਿ ਅਸੀਂ ਦੂਜਿਆਂ ਦੀ ਪਛਾਣ ਨੂੰ ਕਿੰਨਾ ਕੁ ਸਵੀਕਾਰ ਕਰਦੇ ਹਾਂ।

ਬਲਜੀਤ ਦੀਆਂ ਬਹੁਤੀਆਂ ਕਹਾਣੀਆਂ ਲਕੀਰੀ ਜਾਂ ਰੇਖਕੀ ਬਿਰਤਾਂਤ ਵਾਲੀਆਂ ਹਨ, ਪਰ ਉਹ ਆਧੁਨਿਕ ਮਨੁੱਖ ਦੇ ਬਾਹਰੀ ਸਮਾਜਕ ਦਬਾਵਾਂ ਅਤੇ ਅੰਦਰੂਨੀ ਮਾਨਸਿਕ ਤਣਾਵਾਂ ਨੂੰ ਉਜਾਗਰ ਕਰਦੀਆਂ ਹਨ। ਦੇਖਣ ਨੂੰ ਸਰਲ ਕਥਾਨਕ ਵਾਲੀਆਂ ਇਹ ਕਹਾਣੀਆਂ ਪਾਤਰਾਂ ਦੇ ਬਾਹਰ ਮੁਖੀ ਵਿਰੋਧਾਂ ਅਤੇ ਮਨੋ-ਦਵੰਦਾਂ ਨੂੰ ਸਾਮਾਨੰਤਰ ਬਿਰਤਾਂਤ, ਦੂਹਰੇ ਬਿਰਤਾਂਤ, ਆਤਮ-ਲਾਪ, ਪਿੱਛਲ ਝਾਤ ਅਤੇ ਪ੍ਰਤੀਕਾਤਮਕ ਗਲਪੀ-ਜੁਗਤਾਂ ਰਾਹੀਂ ਰੂਪਮਾਨ ਕਰਦੀਆਂ ਹਨ। **'ਹਨੇਰੇ ਦੀ ਫ਼ਰਦ'** ਕਹਾਣੀ ਵਿੱਚ ਕਥਾਨਕ ਦੀ ਉਸਾਰੀ ਸਾਮਾਨੰਤਰ ਬਿਰਤਾਂਤ ਸਿਰਜਣ ਦੀ ਵਿਧੀ ਰਾਹੀਂ ਹੋਈ ਹੈ। ਉੱਤਮ-ਪੁਰਖੀ

ਬਿਰਤਾਂਤ ਵਾਲੀ ਇਸ ਕਹਾਣੀ ਵਿਚ ਇਕ ਸਾਂਝੇ ਕਿਰਤੀ ਦਲਿਤ ਪਰਿਵਾਰ ਦੀ ਕਥਾ ਦੇ ਨਾਲ ਨਾਲ ਕਈ ਉਪ-ਕਥਾਵਾਂ ਦੀ ਸਿਰਜਣਾ ਵੀ ਹੋਈ ਹੈ। ਇਉਂ ਕਹਾਣੀਕਾਰ ਇਕ ਪਰਿਵਾਰ ਦੇ ਹਵਾਲੇ ਨਾਲ ਹਾਸ਼ੀਏ ਦੇ ਸਮਾਜ ਦੇ ਜੀਵਨ ਦੇ ਕੁਝ ਪੱਖਾਂ ਉੱਪਰ ਵੀ ਰੌਸ਼ਨੀ ਪਾਉਂਦਾ ਹੈ ਅਤੇ ਪੰਜਾਬ ਦੇ ਤੇਜ਼ੀ ਨਾਲ ਹੋ ਰਹੇ ਸਭਿਆਚਾਰਕ ਰੂਪਾਂਤਰਿਣ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਪਿੱਛਲ ਝਾਤ ਦੀ ਜੁਗਤ ਰਾਹੀਂ ਉਹ ਬੀਤ ਚੁੱਕੇ ਅਤੇ ਹੁਣ ਦੇ ਦੌਰ-ਅਰਥਾਤ ਦੋ ਕਾਲ-ਖੰਡਾਂ ਦੀ ਠੋਸ ਜ਼ਮੀਨੀ ਹਕੀਕਤਾਂ ਨੂੰ ਬਿਆਨ ਕਰ ਜਾਂਦਾ ਹੈ। **'ਉੱਚੀਆਂ ਆਵਾਜ਼ਾਂ'** ਕਹਾਣੀ ਦੂਹਰੇ ਬਿਰਤਾਂਤ ਸਿਰਜਣ ਦੀ ਗਲਪ-ਜੁਗਤ ਨਾਲ ਉਸਾਰੀ ਗਈ ਹੈ। ਹਸਪਤਾਲ ਦੇ ਬਿਸਤਰੇ ਉੱਪਰ ਬੈਠਾ ਅੱਖਾਂ ਦੇ ਓਪਰੇਸ਼ਨ ਵਾਲੇ ਡਾਕਟਰ ਨੂੰ ਉਡੀਕਦਾ ਰਾਮ ਲਾਲ ਆਪਣੇ ਮਨ ਨਾਲ ਗੱਲਾਂ ਕਰ ਰਿਹਾ ਹੈ। ਆਤਮ-ਲਾਪ ਦੀ ਵਿਧੀ ਰਾਹੀਂ ਉਸ ਅੰਦਰ ਚਲਦੇ ਮਾਨਸਿਕ ਦਵੰਦ ਨੂੰ ਪ੍ਰਗਟਾਵਾ ਮਿਲਿਆ ਹੈ। ਉਹ ਬੇਚੈਨ ਹੈ ਕਿ ਵੱਡੀਆਂ ਇੰਨਸੋਰੈਂਸ਼ ਕੰਪਨੀਆਂ ਵੱਲੋਂ ਮੈਡੀਕਲ ਬੀਮਾ ਕਰਵਾਉਣ ਵਾਲੇ ਮਰੀਜ਼ਾਂ ਨੂੰ ਹਸਪਤਾਲ ਦੇ ਸਟਾਫ਼ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿਸ਼ੇਸ਼ ਮਰੀਜ਼ਾਂ ਨੂੰ ਹਸਪਤਾਲ ਦੇ ਸਟਾਫ਼ ਵੱਲੋਂ ਖਾਣਾ ਦਿੱਤਾ ਜਾਂਦਾ ਹੈ, ਪਰ ਗਰੀਬ ਮਰੀਜ਼ ਖਾਣੇ ਵਲੋਂ ਵਾਂਝੇ ਰਹਿੰਦੇ ਹਨ। ਰਾਮ ਲਾਲ ਦੇ ਬਾਹਰੀ ਤੇ ਅੰਦਰਲੇ ਦਵੰਦ ਨੂੰ ਦੂਹਰੇ ਬਿਰਤਾਂਤ ਦੀ ਜੁਗਤ ਰਾਹੀਂ ਜ਼ੁਬਾਨ ਮਿਲੀ ਹੈ। 'ਮੌਤ ਦੀ ਉਡੀਕ ਵਿੱਚ' ਕਹਾਣੀ ਦੀ ਨਾਇਕਾ ਕੁਸਮਵਤੀ ਅਤੇ ਉਸਦੇ ਪੁੱਤਰ ਡਾ. ਨਰੇਸ਼ ਸਿੰਗਲੇ ਦੀ ਮਨੋਬਚਨੀ ਵੀ ਕਹਾਣੀ ਦੇ ਕਥਾ-ਬਿਰਤਾਂਤ ਨੂੰ ਬਹੁ-ਪਰਤੀ ਅਤੇ ਬਹੁ- ਨਾਦੀ ਬਣਾਉਂਦੀ ਹੈ। ਕਹਾਣੀਕਾਰ ਨੇ ਪਿਛਲ ਝਾਤ ਦੀ ਗਲਪ-ਜੁਗਤ ਰਾਹੀਂ ਵੀ ਇਸ ਪਰਿਵਾਰ ਦੇ ਪਿਛੋਕੜ ਨੂੰ ਬਿਆਨ ਕੀਤਾ ਹੈ। ਇਸ ਕਹਾਣੀ ਵਿਚ ਮੌਤ ਨੂੰ ਤ੍ਰਾਸਦਿਕ ਤੇ ਅਣਚਾਹੇ ਜੀਵਨ ਤੋਂ ਛੁਟਕਾਰੇ ਦੇ ਚਿਹਨ ਵਜੋਂ ਵਰਤਿਆਂ ਗਿਆ ਹੈ। ਲਕੀਰ ਜਾਂ ਰੇਖਕੀ ਬਿਰਤਾਂਤ ਵਾਲੀਆਂ ਕਹਾਣੀਆਂ – 'ਨੂਣ', 'ਗੁਬਾਰੇ' ਅਤੇ 'ਰੇਤ ਦੇ ਘਰ' ਵਿਚ ਪ੍ਰਤੀਕਾਤਮਿਕ ਕਥਾ-ਸਿਰਜਣਾ ਦੀ ਜੁਗਤ ਵਰਤੀ ਗਈ ਹੈ। ਇਨ੍ਹਾਂ ਕਹਾਣੀਆਂ ਦੇ ਨਾਮਕਰਣ ਲਈ ਵਰਤੇ ਗਏ ਪ੍ਰਤੀਕਾਂ ਦਾ ਰਹੱਸ ਜਦੋਂ ਕਹਾਣੀਆਂ ਦੇ ਅੰਤ ਉਪਰ ਖੁੱਲ੍ਹਦਾ ਹੈ ਤਾਂ ਪਾਠਕਾਂ ਦੇ ਜ਼ਿਹਨ ਵਿਚ ਅਰਥ-ਚਮਤਕਾਰ ਜਾਂ ਅਰਥ-ਵਿਸਫੋਟ ਹੁੰਦਾ ਹੈ। ਦਲਿਤ ਪਰਿਵਾਰ ਦੀ ਆਰਥਿਕਤਾ ਦੀ ਚੂਲ (ਸਹਾਰਾ) ਹੋਣ ਕਾਰਨ ਮੱਝ ਪਰਿਵਾਰਕ ਮੈਂਬਰਾਂ ਜਿਨ੍ਹੀ ਹੀ ਮਹੱਤਵਪੂਰਨ ਹੋ ਗਈ ਹੈ, ਮਰਨ ਬਾਅਦ ਵੀ ਉਸਦੀ ਖੱਲ ਪਰਿਵਾਰ ਦੀ ਸੰਪਤੀ ਬਣ ਜਾਂਦੀ ਹੈ – 'ਨੂਣ' ਉਸਦੀ ਪਰਿਵਾਰ ਪ੍ਰਤੀ ਵਫ਼ਾਦਾਰੀ ਜਾਂ ਦਾਇਤਵ ਦਾ ਚਿਹਨ ਹੋ ਨਿਬੜਦਾ ਹੈ। 'ਸਿਰ ਦੇ ਵਾਲ਼' ਦੂਹਰੇ ਅਤੇ ਜਟਿਲ ਕਥਾ- ਬਿਰਤਾਂਤ ਵਾਲੀ ਕਹਾਣੀ ਹੈ, ਜਿਸ ਵਿਚ ਉਨ੍ਹੀ ਸੌ ਚੁਰਾਸੀ ਦੇ ਸਿੱਖ ਵਿਰੋਧੀ ਦੰਗਿਆਂ ਵਿਚ ਫਸੇ ਦੋ ਪਰਿਵਾਰਾਂ (ਵਿਅਕਤੀਆਂ ) ਦੇ ਸਹਿਮ ਤੇ ਮਾਨਸਿਕ ਸਦਮੇ ਨੂੰ ਬਿਆਨ ਕੀਤਾ ਗਿਆ ਹੈ। 'ਕਿਸੇ ਪਾਤਰ ਦੀ ਉਡੀਕ ਵਿਚ' ਕਹਾਣੀ ਸਾਮਾਨੰਤਰ ਕਥਾ-ਬਿਰਤਾਂਤ ਵਾਲੀ ਹੈ, ਇਸ ਵਿਚ ਇਕ ਪੰਜਾਬੀ ਤੇ ਇਕ ਪਾਰਸੀ ਪਰਿਵਾਰ ਦੀ ਜੀਵਨ ਸ਼ੈਲੀ ਦਾ ਵਖਰੇਵਾਂ ਤੁਲਨਾਤਮਿਕ ਜੁਗਤ ਰਾਹੀਂ ਪੇਸ਼ ਹੋਇਆ ਹੈ। ਪਾਰਸੀ ਪਰਿਵਾਰ ਦੇ ਪਿਛੋਕੜ ਨੂੰ ਬਿਰਤਾਂਤਕਾਰ ਵੱਲੋਂ ਸਿੱਧੇ ਵਰਣਨ ਅਤੇ ਪਾਰਸੀ ਪਰਿਵਾਰ ਦੇ ਪਾਤਰਾਂ ਦੇ ਆਤਮ-ਲਾਪ ਰਾਹੀਂ ਸਪੱਸ਼ਟ ਕੀਤਾ ਗਿਆ ਹੈ। ਕਹਾਣੀ ਦੇ ਅੰਤ ਉਪਰ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਦੇ ਕਹਿਣ 'ਤੇ ਪਾਰਸੀ ਪਰਿਵਾਰ ਨੂੰ ਮਿਲਣ ਜਾਂਦਾ ਹੈ ਪਰ ਉਹ ਪਰਿਵਾਰ ਘਰ ਬਦਲ ਕੇ ਜਾ ਚੁੱਕਿਆ ਹੁੰਦਾ ਹੈ, ਤਾਂ ਪੰਜਾਬੀ ਪਰਿਵਾਰ ਨੂੰ ਉਨ੍ਹਾਂ ਨਾਲ ਕੀਤੇ ਰੁੱਖੇ ਤੇ ਓਪਰਿਆਂ ਵਰਗੇ ਵਿਵਹਾਰ ਕਰਕੇ ਪਛਤਾਵਾਂ ਹੁੰਦਾ ਹੈ, ਇਹੋ ਇਸ ਕਹਾਣੀ ਦੀ ਕੇਂਦਰੀ ਧੁਨੀ ਹੈ ਕਿ ਅਸੀਂ ਆਪਣੀ ਪਛਾਣ ਲਈ ਤਾਂ ਉਤਾਵਲੇ ਹਾਂ, ਪਰ ਦੂਜਿਆਂ ਨੂੰ ਸਪੇਸ ਦੇਣ ਲਈ ਤਿਆਰ ਨਹੀਂ। ਇਹ ਕਟਾਖਸ਼ੀ ਧੁਨੀ ਹੀ ਬਲੀਜੀਤ ਦੀ ਕਥਾਕਾਰੀ ਦਾ 'ਹਾਸਿਲ' ਹੈ। *

# ਕੂੰਜਾਂ :ਨਾਵਲ ਦੀ ਨਵੀਂ ਪੈੜ ਦਾ ਵਿਹਾਰਕ ਮਾਡਲ

**ਡਾ. ਸੰਦੀਪ ਰਾਣਾ**




ਜਿਵੇਂ ਜਿਵੇਂ ਪੰਜਾਬੀ ਪੰਜਾਬ ਦੀ ਧਰਤੀ ਤੋਂ ਪਰਵਾਸ ਕਰ ਦੁਨੀਆ ਭਰ ਵਿਚ ਪਹੁੰਚੇ ਓਵੇਂ ਹੀ ਪੰਜਾਬੀ ਨਾਵਲ ਨੇ ਵੀ ਪਿੰਡਾਂ ਦੀਆਂ ਸੱਥਾਂ ਤੋਂ ਬਾਹਰ ਨਿਕਲ ਦੁਨੀਆ ਦਾ ਗੇੜਾ ਲਾ ਨਵੀਆਂ ਕਥਾਵਾਂ ਅਤੇ ਸ਼ੈਲੀਆਂ ਨੂੰ ਅਪਣਾਇਆ। ਨਾਵਲ ਨੇ ਆਪਣੇ ਵਿਸ਼ੇ ਖੇਤਰ ਵਿੱਚ ਸਮਾਜਕ, ਸਭਿਆਚਾਰਕ, ਕਾਨੂੰਨੀ, ਰਾਜਨੀਤੀ, ਧਰਮ, ਆਰਥਿਕਤਾ, ਇਤਿਹਾਸ ਅਤੇ ਸਮਾਜ ਦੇ ਹਰ ਮੁੱਦੇ ਨੂੰ ਸਥਾਨ ਦਿੱਤਾ ਹੈ ਪਰ ਇਸ ਸਭ ਦੇ ਬਾਵਜੂਦ ਮਨੁੱਖੀ ਜ਼ਿੰਦਗੀ ਤੇ ਨਾਵਲ ਇਕੋ ਜਿਹੇ ਨਹੀਂ ਹੋ ਸਕਦੇ। ਡਾ. ਹਰਿਭਜਨ ਸਿੰਘ ਅਨੁਸਾਰ, "ਵਾਸਤਵਿਕ ਜਗਤ ਨਾ ਗਲਪ ਨਾ ਨਾਵਲ ਨਾ ਬਿਰਤਾਂਤ, ਵਾਸਤਵਿਕਤਾ ਤੇ ਗਲਪ ਇਕ ਦੂਜੇ ਵਰਗੀਆਂ ਹੁੰਦੀਆਂ ਹੋਈਆਂ ਵੀ ਇਕ ਦੂਜੇ ਤੋਂ ਵੱਖਰੀਆਂ ਹਨ।[1] ਇਸ ਵੱਖਰੇਵੇਂ ਦੇ ਬਾਵਜੂਦ ਅਸਲ ਸਮਾਜ ਅਤੇ ਨਾਵਲੀ ਜਗਤ ਇਕ ਦਵੰਦਾਤਮਕ ਸਬੰਧ ਵਿੱਚ ਬੱਝੇ ਹਨ। ਨਾਵਲ ਸਮਾਜ ਦੇ ਜੀਵਨ ਦੀ ਪੇਸ਼ਕਾਰੀ ਕਰਦੇ ਹਨ ਅਤੇ ਇਸੇ ਤੱਥ ਅਧੀਨ ਪਰਵਾਸੀ ਨਾਵਲਕਾਰਾਂ ਨੇ ਉਸ ਪਰਾਈ ਧਰਤ ਦੇ ਦੁਖੜਿਆਂ ਨੂੰ ਆਪਣੀਆਂ ਸਾਹਿਤਕ ਕ੍ਰਿਤਾਂ ਦਾ ਕੇਂਦਰ ਬਿੰਦੂ ਬਣਾਇਆ। ਪਰਵਾਸੀ ਸਾਹਿਤਕਾਰਾਂ ਦੇ ਯੋਗਦਾਨ ਦੀ ਫ਼ੇਹਰਿਸਤ ਵਿੱਚ ਤਿੰਨ ਨਾਵਲ ਅਤੇ ਇਕ ਕਹਾਣੀ-ਸੰਗ੍ਰਹਿ ਪ੍ਰਕਾਸ਼ਤ ਕਰਵਾ ਚੁੱਕੇ ਜਸਵਿੰਦਰ ਰੱਤੀਆਂ ਨੇ ਪਰਾਈ ਧਰਤੀ ਦੀ ਇਸ ਜ਼ਿੰਦਗੀ ਨੂੰ ਆਪਣੀਆਂ ਰਚਨਾਵਾਂ ਵਿੱਚ ਸ਼ਾਮਲ ਕੀਤਾ ਹੈ। ਉਸ ਨੇ ਇਸ ਜ਼ਿੰਦਗੀ ਦੇ ਦੁੱਖਾਂ-ਸੁੱਖਾਂ ਨੂੰ ਆਪਣੇ ਤਨ 'ਤੇ ਹੰਢਾਇਆ ਹੈ। ਜਿਸ ਕਾਰਨ ਉਸਨੇ ਪੂਰੀ ਸ਼ਿੱਦਤ ਨਾਲ਼ ਇਸ ਜੀਵਨ ਨਾਲ ਜੁੜੇ ਕਿੱਸੇ-ਕਥਾਵਾਂ ਨੂੰ ਕਲਮ ਬੱਧ ਕਰਕੇ ਪੰਜਾਬੀ ਸਾਹਿਤ ਦਾ ਲੋੜੀਂਦਾ ਵਿਸਥਾਰ ਕੀਤਾ ਹੈ। ਜੋਗਿੰਦਰ ਸਿੰਘ ਰਾਹੀ ਦੇ ਕਥਨ ਅਨੁਸਾਰ "ਰਚਨਾ ਖਲਾਅ ਵਿੱਚੋਂ ਨਹੀਂ ਰਗੜ ਵਿੱਚੋਂ ਉਪਜਦੀ ਹੈ.... ਵਾਤਾਵਰਣ ਦੀ ਰਗੜ ਵਿੱਚੋਂ....।[2] ਵਿਦੇਸ਼ੀ ਧਰਤੀ 'ਤੇ ਵੱਸਦੇ ਜਸਵਿੰਦਰ ਰੱਤੀਆਂ ਨੇ ਵੀ ਆਪਣੇ ਨਾਵਲਾਂ ਵਿੱਚ ਦੇਸ਼ ਦੇ ਨਾਲ਼-ਨਾਲ਼ ਵਿਦੇਸ਼ੀ ਧਰਤੀ ਤੇ ਉਥੋਂ ਦੇ ਲੋਕਾਂ ਦੀ ਬਾਤ ਪਾਈ ਹੈ। ਵਿਦੇਸ ਵੱਸਦਿਆਂ ਪਰ ਜੜ੍ਹਾਂ ਨਾਲ ਜੁੜੇ ਇਸ ਨਾਵਲਕਾਰ ਦੀ ਸਮਰੱਥਾ ਇਸ ਗੱਲ ਵਿੱਚ ਸਿੱਧ ਹੁੰਦੀ ਹੈ ਕਿ ਉਹ ਸ਼ਬਦ-ਦ੍ਰਿਸ਼ਾਂ ਰਾਹੀਂ ਪਾਠਕਾਂ ਦੇ ਜ਼ਿਹਨਾਂ ਉਤੇ ਅਸਰ ਕਰਦਾ ਹੈ। ਉਹ ਸੰਘਣੇ ਬਿਰਤਾਂਤ ਦੀ ਮਦਦ ਨਾਲ਼ ਇਸ ਸਮਾਜ ਦੇ ਯਥਾਰਥਕ ਵਰਤਾਰਿਆਂ ਨੂੰ ਪ੍ਰਤੀਕਾਤਮਕ ਵਾਕਾਂ ਵਿੱਚ ਘੜਨ ਦਾ ਮਾਹਰ ਹਸਤਾਖ਼ਰ ਹੈ। ਹੱਥਲਾ ਨਾਵਲ ਵੀ ਉਸ ਦੀ ਇਸੇ ਮੁਹਾਰਤ ਦੀ ਕਹਾਣੀ ਸੁਣਾਉਂਦਾ ਹੈ। ਨਾਵਲ **'ਕੂੰਜਾਂ'** (**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 495, ਪੰਨੇ 276, ਸਾਲ 2024**) ਪੰਜਾਬ ਤੋਂ ਪਰਵਾਸ ਕਰਕੇ ਬਾਹਰਲੇ ਦੇਸ਼ਾਂ ਵਿੱਚ ਜਾ ਵਸੇ ਪੰਜਾਬੀਆਂ ਦਾ ਬਿਰਤਾਂਤ ਹੈ। ਅਸਲ ਵਿੱਚ ਕੂੰਜ, ਦੂਰ ਦੇਸ਼ਾਂ ਤੋਂ ਉੱਡ ਕੇ ਆਉਣ ਵਾਲਾ ਕਾਸ਼ਨੀ ਰੰਗ ਦਾ ਪੰਖੇਰੂ ਹੈ ਜੋ ਸਰਦੀਆਂ ਵਿੱਚ ਗਰਮ ਦੇਸ਼ਾਂ ਵੱਲ ਪਰਵਾਸ ਕਰਦਾ ਹੈ ਅਤੇ ਸਰਦੀਆਂ ਲੰਘਾ ਆਪਣੇ ਦੇਸ਼ ਮੁੜ ਜਾਂਦਾ ਹੈ। ਰੱਤੀਆਂ ਨੇ ਕੂੰਜ ਰੂਪੀ ਪ੍ਰਤੀਕ ਵਰਤ ਕੇ ਪਰਵਾਸੀ ਜਨ-ਜੀਵਨ ਦੀ ਯਥਾਰਥਕ

ਤਸਵੀਰ ਦੇ ਨਾਲ਼ ਨਾਲ਼ ਪੰਜਾਬੀ ਜਨ-ਜੀਵਨ ਵਿੱਚ ਆਧੁਨਿਕਤਾ ਕਾਰਨ ਆ ਰਹੇ ਬਦਲਾਵਾਂ ਦੀ ਕਹਾਣੀ ਵੀ ਪੇਸ਼ ਕੀਤੀ ਹੈ। ਵਿਸ਼ਾ ਸਾਧਾਰਣ ਹੋਣ ਦੇ ਬਾਵਜੂਦ ਇਸ ਨਾਵਲਕਾਰ ਦੁਆਰਾ ਚੁਣੇ ਵਿਲੱਖਣ ਸਰੋਕਾਰਾਂ ਅਤੇ ਵਰਤੀ ਵਿਲੱਖਣ ਸ਼ੈਲੀ ਕਾਰਨ ਇਹ ਨਾਵਲ ਇਕ ਨਵੇਕਲੀ ਪੈੜ ਸਾਬਤ ਹੁੰਦਾ ਹੈ। ਸਥਾਪਤ ਵਿਧਾ ਸਿਰਜਣ ਦੀਆਂ ਸਥਾਪਤ ਪ੍ਰਕ੍ਰਿਆਵਾਂ ਤੋਂ ਅੱਗੇ ਵੱਧ ਸ਼ੈਲੀ ਪੱਧਰ ’ਤੇ ਕੀਤੇ ਨਵੀਨ ਤਜਰਬੇ ਅਜੋਕੇ ਨਾਵਲ ਵਿੱਚ ਨਵੀਂ ਰੂਹ ਭਰਦੇ ਹਨ। ਇਹ ਨਾਵਲ ਵੀ ਇਸ ਤਰ੍ਹਾਂ ਦੇ ਨਵੇਂ ਤਜਰਬਿਆਂ ਦੀ ਉਦਾਹਰਣ ਬਣਦਾ ਹੈ। ਇਸ ਨਾਵਲ ਦੇ ਅਗਲੇ ਪਾਠ ਵਿੱਚੋਂ ਜੋ ਸੁਨੇਹਾ ਉੱਭਰਦਾ ਹੈ ਉਹ ਪਿਆਰ, ਸਮਝ ਤੇ ਵਿਸ਼ਵਾਸ ਦਾ ਹੈ। ਦੇਸ਼ ਅਤੇ ਵਿਦੇਸ਼ ਦੋਹਾਂ ਧਰਤੀਆਂ ਉਤੇ ਉਸਰਦੀ ਇਹ ਗਾਥਾ ਰਿਸ਼ਤਿਆਂ ਦੀਆਂ ਜਜ਼ਬਾਤੀ ਸਮੀਕਰਨਾਂ ਅਤੇ ਵਿਅਕਤੀਗਤ ਮਾਨਸਿਕਤਾ ਦੇ ਤਵਾਜ਼ਨ ਨੂੰ ਚਿਤਰਦੀ ਹੈ। ਇਹ ਨਾਵਲ ਆਪਣੇ ਵਿਸਥਾਰ ਤੇ ਵਿਸ਼ਾਲਤਾ ਦੇ ਬਾਵਜੂਦ ਵੀ ਅੰਤ ਤਕ ਪਾਠਕ ਨੂੰ ਬੰਨ੍ਹੀ ਰੱਖਦਾ ਹੈ। ਬਿਰਤਾਂਤ ਦੀ ਰਵਾਨਗੀ ਅਤੇ ਦਿਲਚਸਪ ਮੋੜ ਅੰਤ ਤਕ ਬਰਕਰਾਰ ਰਹਿਣ ਕਾਰਨ ਪਾਠਕ ਇਹ ਨਾਵਲ ਮੁੱਕਾ ਕੇ ਹੀ ਉਠਦਾ ਹੈ। ਉਸ ਤੋਂ ਬਾਅਦ ਵੀ ਪਾਠਕ ਦਾ ਜ਼ਿਹਨ ਵਿਅਕਤੀਗਤ ਪ੍ਰਤੀਬਿੰਬਾਂ ਦੁਆਲੇ ਉਲਝੇ ਰਿਸ਼ਤਿਆਂ ਦੀ ਗਾਥਾ ਨੂੰ ਸਮਝਣ ਤੇ ਸੁਲਝਾਉਣ ਵਿੱਚ ਰੁਝਿਆ ਰਹਿੰਦਾ ਹੈ। ਇਸ ਨਾਵਲ ਦੀ ਮਦਦ ਨਾਲ਼ ਰੱਤੀਆਂ ਨੇ ਇੱਕ ਸਮਰੱਥ ਲੇਖਕ ਦੇ ਰੂਪ ਵਿੱਚ ਸਮਾਜਿਕ ਦੁਰਾਚਾਰ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ ਅਤੇ ਨਾਲ਼ ਹੀ ਪੰਜਾਬੀ ਕਦਰਾਂ-ਕੀਮਤਾਂ, ਸਭਿਅਕ-ਅਸਭਿਅਕ ਵਿਹਾਰਾਂ ਅਤੇ ਲੋਭ-ਹਵਸ ਦੀਆਂ ਲਾਲਸਾਵਾਂ ਦੀ ਪੇਸ਼ਕਾਰੀ ਵੀ ਕੀਤੀ ਹੈ। ਆਮ ਜ਼ਿੰਦਗੀ ਵਿਚ ਆਮ ਜਿਹੇਪਾਤਰਾਂ ਦੀਆਂ ਅਜਿਹੀ ਕਥਾ ਨੂੰ ਬਿਆਨ ਕਰਦਾ ਇਹ ਨਾਵਲ ਆਮ ਨਹੀਂ ਕਿਉਂਕਿ ਰੱਤੀਆਂ ਨੇ ਵਿਸ਼ੇ ਤੇ ਸ਼ੈਲੀ ਪੱਖੋਂ ਪੰਜਾਬੀ ਨਾਵਲਾਂ ਦੇ ਆਮ ਜਿਹੇ ਰੁਝਾਨ ਤੋਂ ਅੱਗੇ ਵੱਧ ਇਸ ਨਾਵਲ ਵਿਚ ਕਈ ਵੱਖਰੇ ਤਜਰਬੇ ਕੀਤੇ ਹਨ। ਪੰਜਾਬ ਦੇ ਪਿੰਡਾਂ ਰਹਿਣ ਸਹਿਣ, ਸਮਾਜ ਦੀਆਂ ਬੁਰਾਈਆਂ, ਅੰਦੋਲਨਾਂ ਅਤੇ ਰਾਜਨੀਤਕ ਹੱਥ ਕੰਡਿਆਂ ਤੋਂ ਲੈ ਕੇ ਪਰਵਾਸੀ ਜ਼ਿੰਦਗੀ ਦੀ ਤਸਵੀਰ ਕਸ਼ੀ ਅਤੇ ਅੱਜ ਦੇ ਸਮੇਂ ਦੀਆਂ ਸਾਈਬਰ ਕ੍ਰਾਈਮ ਨਾਲ ਜੁੜੀਆਂ ਪਰਿਸਥਿਤੀਆਂ ਤੇ ਸੰਭਾਵਨਾਵਾਂ ਨੂੰ ਇਕ ਲਿਖਤ ਵਿਚ ਬਾਰੀਕੀ ਨਾਲ ਪਰੋਇਆ ਗਿਆ ਹੈ।

ਇਹ ਨਾਵਲ ਉਸ ਵਿਸ਼ੇ ਵਸਤੂ ਨੂੰ ਛੂੰਹਦਾ ਹੈ, ਜਿਸ ਵਿੱਚ ਪੰਜਾਬੀਆਂ ਦੇ ਆਪਣੀ ਧਰਤੀ ਤੋਂ ਪਰਦੇਸੀ ਹੋ ਕੇ ਵਿਦੇਸ਼ਾਂ ਵਿੱਚ ਪੈਰ ਜਮਾਉਣ ਪਰ ਮਾਨਸਿਕ ਰੂਪ ਵਿੱਚ ਉਥੋਂ ਦੀ ਜ਼ਿੰਦਗੀ ਨੂੰ ਸਵੀਕਾਰ ਨਾ ਕਰਨ ਦੇ ਸੰਦਰਭ ਸ਼ਾਮਲ ਹਨ। ਇਹ ਨਾਵਲ ਪਰਦੇਸ ਨੂੰ ਆਪਣਾ ਦੇਸ਼ ਬਣਾਉਣ ਦੀਆਂ ਔਖਿਆਈਆਂ ਵਿਚੋਂ ਤਨ ਅਤੇ ਮਨ ’ਤੇ ਹੰਢਾਏ ਤਜਰਬਿਆਂ ਵਿਚੋਂ ਉੱਭਰਦੀਆਂ ਦਿਲਚਸਪ ਕਹਾਣੀਆਂ ਦਾ ਬਿਰਤਾਂਤ ਹੈ ।ਦੇਸ਼ੋਂ ਪਰਦੇਸੀ ਹੋਣ ਵਾਲੇ ਪਾਤਰ ਇੰਗਲੈਂਡ ਵਿਚ ਆਪਣੀਆਂ ਜੜਾਂ ਲਾਉਂਦੇ ਲਾਉਂਦੇ ਬਹੁਤ ਕੁਝ ਪਾਉਂਦੇ ਤੇ ਗਵਾਉਂਦੇ ਹਨ ਤੇ ਜਸਵਿੰਦਰ ਰੱਤੀਆਂ ਬੜੇ ਮਨਮੋਹਕ ਢੰਗ ਨਾਲ ਪਾਠਕਾਂ ਨੂੰ ਪਾਤਰਾਂ ਦੀ ਕਹਾਣੀ ਦੇ ਵਹਿਣ ਸੰਗ ਤੋਰਦਾ ਹੈ। ਅਜੋਕੇ ਨਾਵਲ ਸਿਰਜਣਾ ਢੰਗਾਂ ਦੇ ਨਵੇਕਲੇ ਤਜਰਬੇ ਇਸ ਨਾਵਲ ਦੀ ਸਿਰਜਣਾ ਵਿੱਚ ਵੀ ਨਜ਼ਰੀਂ ਪੈਂਦੇ ਹਨ। ਨਾਵਲਕਾਰ ਨੇ ਨਾਵਲ ਦੋ ਭਾਗਾਂ ਵਿੱਚ ਲਿਖਿਆ ਹੈ। ਪਹਿਲਾ ਭਾਗ ਪ੍ਰਧਾਨ ਕਥਾਨਕ ਬਣ ਉਭਰਦਾ ਹੈ ਜਿਸ ਨਾਲ਼ ਜੁੜ ਉਪ ਕਥਾਨਕ ਗਾਲਪਨਿਕ ਸੰਸਾਰ ਦੀ ਰਚਨਾ ਕਰਦੇ ਹਨ। ਇਸ ਪ੍ਰਧਾਨ ਕਥਾਨਕ ਦੇ ਮੋਟਿਫ਼ ਦੂਜੇ ਭਾਗ ਦੇ ਉਪ ਕਥਾਨਕ ਨਾਲ਼ ਉਭਰਦੇ ਹਨ। ਵਿਸ਼ਾ-ਵਸਤੂ ’ਤੇ ਨਜ਼ਰ ਮਾਰਦਿਆਂ ਨਾਵਲ ਦੇ ਦੋ ਭਾਗਾਂ ਵਿੱਚੋਂ ਪਹਿਲੇ ਭਾਗ “ਦੇਸੀ ਕੂੰਜਾਂ’ ਦਾ ਆਗਾਜ਼ ਕਰੋਨਾ ਮਹਾਂਮਾਰੀ ਕਾਰਨ ਪੂਰੇ ਸੰਸਾਰ ਦੀ ਤਬਦੀਲ ਹੋ ਚੁੱਕੀ ਤਸਵੀਰ ਨਾਲ਼ ਹੁੰਦਾ ਹੈ। ਨਾਵਲ ਦੀ ਮੁੱਖ ਪਾਤਰ ਬਲਜੀਤ ਕੌਰ ਬੀਤਾਂ ਇਸ ਮਹਾਂਮਾਰੀ ਕਾਲ ਵਿੱਚ ਇੰਗਲੈਂਡ ਵੱਸਦੀ

ਆਪਣੀ ਧੀ ਨੂਰ, ਪਹਿਲੇ ਪਤੀ ਦੀ ਮੌਤ ਤੋਂ ਬਾਅਦ ਦਿਉਰ ਤੋਂ ਪਤੀ ਬਣੇ ਜਸਮੀਤ ਅਤੇ ਉਸ ਨਾਲ਼ ਪਤਨੀ ਵਜੋਂ ਰਹਿ ਰਹੀ ਆਪਣੀ ਭੈਣ ਗੁਰਲੀਨ ਲਈ ਫ਼ਿਕਰਮੰਦ ਦਿਸਦੀ ਹੈ। ਪਹਿਲੇ ਸਫ਼ੇ ਵਿੱਚ 'ਤੇ ਸ਼ੁਰੂਆਤੀ ਕਥਾ ਪੜ੍ਹ ਕੇ ਇਕ ਵਾਰ ਪਾਠਕ ਨਾਵਲ ਦੇ ਪਾਤਰਾਂ ਬਾਰੇ ਅਤੇ ਉਹਨਾਂ ਵਿਚਲੇ ਰਿਸ਼ਤੇ ਬਾਰੇ ਉਲਝਣ ਵਿੱਚ ਪੈ ਜਾਂਦਾ ਹੈ ਪਰ ਨਾਵਲਕਾਰ ਇਸ ਭੰਬਲਭੂਸੇ ਨੂੰ ਇਥੇ ਹੀ ਛੱਡ ਬਲਜੀਤ ਕੌਰ ਦੁਆਰਾ ਕਿਸਾਨ ਅੰਦੋਲਨ ਵਿੱਚ ਕੀਤੀ ਸ਼ਿਰਕਤ ਨੂੰ ਬਿਆਨਦਾ ਹੈ। ਉਸ ਦੀ ਯੋਗ ਅਗਵਾਈ ਕਾਰਨ ਹੀ ਪਿੰਡਾਂ ਦੀਆਂ ਔਰਤਾਂ ਇਸ ਅੰਦੋਲਨ ਵਿੱਚ ਸ਼ਾਮਲ ਹੁੰਦੀਆਂ ਹਨ। ਅਗਲੇ ਕਾਂਡ ਵਿੱਚ ਨਾਵਲਕਾਰ ਇਸ ਸਾਰੀ ਭੂਮਿਕਾ ਨੂੰ ਵਿਸਤਾਰ ਦਿੰਦਿਆਂ ਨਾਵਲ ਦਾ ਪਿਛਲ ਝਾਤ ਸ਼ੈਲੀ ਰਾਹੀਂ ਬਿਰਤਾਂਤ ਸ਼ੁਰੂ ਕਰਦਾ ਹੈ। ਇਸ ਬਿਰਤਾਂਤ ਵਿੱਚ ਸਾਧਾਰਣ ਪਿੰਡ ਦੀ ਆਮ ਜਿਹੀ ਜ਼ਿੰਦਗੀ ਦੀ ਕਹਾਣੀ ਉਸਰਦੀ ਹੈ ਅਤੇ ਹੌਲੀ-ਹੌਲੀ ਵਿਲੱਖਣ ਪਾਤਰਾਂ ਦੀ ਨਵੇਕਲੀ ਮਾਨਸਿਕਤਾ ਨਾਲ਼ ਵਿਲੱਖਣ ਬਣਦੀ ਜਾਂਦੀ ਹੈ। ਇਸ ਲਿਖਤ ਦੇ ਵਿਸਥਾਰ ਵਿੱਚ ਨਾਵਲਕਾਰ ਦੀ ਪੰਜਾਬੀ ਸਾਹਿਤ ਦੀਆਂ ਬਾਰੀਕੀਆਂ ਪ੍ਰਤੀ ਸੂਝ ਅਤੇ ਉਸਦਾ ਪੂਰਬੀ- ਪੱਛਮੀ ਜੀਵਨ ਦੇ ਸੁਮੇਲ ਨੂੰ ਜਿਊਣ ਦਾ ਤਜਰਬਾ ਇੱਕ-ਮਿੱਕ ਹੋਣ ਲੱਗ ਜਾਂਦੇ ਹਨ। ਜਿਵੇਂ ਮੌਲਿਕ ਕਥਾ ਕਿਸੇ ਵੀ ਨਾਵਲ ਦੀ ਰੂਹ ਬਣਦੀ ਹੈ ਤੇ ਉਸਦੇ ਪਾਤਰ ਉਸ ਵਿਚਲੇ ਸਾਹ ਹੁੰਦੇ ਨੇ, ਇਹ ਕਥਾ ਵੀ ਵਾਸਤਵਿਕ ਜੀਵਨ ਦੇ ਪਹਿਲੂਆਂ ਨਾਲ ਜੁੜ ਕੇ ਦਿਲਚਸਪ ਬਣਦੀ ਜਾਂਦੀ ਹੈ। ਆਪਣੇ ਪਿਛਲੇ ਨਾਵਲਾਂ ਤੋਂ ਬਾਅਦ ਨਾਵਲਕਾਰ ਰੱਤੀਆਂ ਨੂੰ ਆਪਣੇ ਪਾਠਕ ਵਰਗ ਦੀ ਡਾਢੀ ਸਮਝ ਆ ਗਈ ਲੱਗਦੀ ਹੈ ਜੋ ਪੰਜਾਬੀ ਗਲਪ ਵਿਚ ਦਿਲਚਸਪ ਸਮਾਜਿਕ ਕਹਾਣੀਆਂ ਪਰੋਸਣ ਦੇ ਨਾਲ ਨਾਲ ਆਰਥਿਕ ਤੇ ਰਾਜਨੀਤਿਕ ਹਲਕਿਆਂ ਵਿਚ ਵਿਚਰ ਰਹੀਆਂ ਮੁਸ਼ਕਲਾਂ ਤੇ ਸੰਭਾਵਨਾਵਾਂ ਦੀ ਬਾਤ ਵੀ ਇਸ ਨਾਵਲ ਵਿੱਚ ਪੇਸ਼ ਕੀਤੀ ਗਈ ਹੈ। ਇਸੇ ਲਈ ਆਮ ਜ਼ਿੰਦਗੀ ਵਿਚ ਮਿਲਦੇ ਆਮ ਜਿਹੇ ਪਾਤਰਾਂ ਦੀ ਆਮ ਜਿਹੀ ਜ਼ਿੰਦਗੀ ਨੂੰ ਬਿਆਨ ਕਰਦਾ ਇਹ ਨਾਵਲ ਆਮ ਨਹੀਂ ਕਿਉਂ ਕਿ ਰੱਤੀਆਂ ਨੇ ਪੰਜਾਬੀ ਸਾਹਿਤ ਦੇ ਆਮ ਜਿਹੇ ਢਾਂਚੇ ਤੋਂ ਪਾਸੇ ਹਟਦਿਆਂ ਇਸ ਨਾਵਲ ਵਿਚ ਕਈ ਵੱਖਰੇ ਤਜਰਬੇ ਕੀਤੇ ਹਨ।

ਨਾਵਲ ਦੇ ਅਗਲੇ ਬਿਰਤਾਂਤਕ ਵਿਸਥਾਰ ਵਿੱਚ ਪਿੰਡ ਦੇ ਲੋਕਾਂ ਦੀਆਂ ਜ਼ਮੀਨਾਂ ਹਥਿਆਉਣ ਅਤੇ ਉਹਨਾਂ ਨੂੰ ਨਸ਼ਿਆਂ 'ਤੇ ਲਾਉਣ ਲਈ ਪਿੰਡ ਦੇ ਸਰਪੰਚ ਵੱਲੋਂ ਜਦੋਂ ਰਾਜਨੀਤਕ ਪਰਪੰਚ ਅਪਣਾਏ ਜਾਣ ਲੱਗ ਪੈਂਦੇ ਹਨ ਤਾਂ ਸਮਾਜਕ ਅਤੇ ਭਾਈਚਾਰਕ ਸਦਭਾਵਨਾ ਨੂੰ ਠੇਸ ਪਹੁੰਚਦੀ ਹੈ। ਇਹਨਾਂ ਪਰਪੰਚਾਂ ਕਾਰਨ ਹੀ ਪਹਿਲਾਂ ਲੱਖਾ ਸਿੰਘ ਤੇ ਫਿਰ ਉਸਦਾ ਪੁੱਤਰ ਜਗਦੀਪ ਸਿੰਘ ਸਰਪੰਚ ਦੇ ਕਰਜ਼ਾਈ ਹੁੰਦੇ ਹਨ ਤੇ ਆਪਣੀ ਜਾਨ ਤੋਂ ਵੀ ਹੱਥ ਧੋ ਬੈਠਦੇ ਹਨ। ਫੋਕੀ ਸ਼ਾਨ ਕਾਰਨ ਵਿੱਤੋਂ ਵੱਧ ਖ਼ਰਚ ਅਤੇ ਯਾਰਾਂ ਬੇਲੀਆਂ ਦੁਆਰਾ ਪੱਟੀਆਂ ਪੜ੍ਹਾਉਣ ਕਾਰਨ ਜਗਦੀਪ ਸਿੰਘ ਕਦੇ ਵੀ ਘਰ ਤੇ ਪਤਨੀ ਦਾ ਵਫ਼ਾਦਾਰ ਨਾ ਹੋ ਸਕਿਆ। ਉਸ ਦੇ ਸਖ਼ਤ ਤੇ ਰੁਖੇ ਵਿਹਾਰ ਕਾਰਨ ਹੀ ਉਸ ਦੀ ਪਤਨੀ ਬੀਤਾਂ ਤੇ ਉਸ ਦਾ ਛੋਟਾ ਭਰਾ ਜਗਮੀਤ ਇਕ ਦੂਜੇ ਦੇ ਹਮਾਇਤੀ ਬਣ ਗਏ। ਇਸ ਸਾਧਾਰਣ ਦਿਸਦੀ ਗਾਥਾ ਵਿੱਚ ਤਿੱਖਾ ਮੋੜ ਉਸ ਵਕਤ ਆਉਂਦਾ ਹੈ ਜਦ ਜਗਦੀਪ ਸਿੰਘ ਦੀ ਬੇਵਕਤੀ ਮੌਤ ਤੋਂ ਬਾਅਦ ਪਰਿਵਾਰਕ ਹਾਲਤਾਂ ਅਨੁਸਾਰ ਬੀਤਾਂ ਨੂੰ ਜਗਮੀਤ ਦੇ ਘਰ ਬਿਠਾ ਦਿੱਤਾ ਜਾਂਦਾ ਹੈ। ਆਪਣੇ ਦਿਉਰ ਨੂੰ ਪੁੱਤਾਂ ਬਰਾਬਰ ਮੰਨਣ ਵਾਲੀ ਬੀਤਾਂ ਨੂੰ ਉਸ ਦੀ ਪਤਨੀ ਬਣਨਾ ਪੈਂਦਾ ਹੈ। ਫਿਰ ਸਮਾਜੀ ਰਿਸ਼ਤਿਆਂ ਦੀ ਇਕ ਵਿਲੱਖਣ ਦਾਸਤਾਨ ਸ਼ੁਰੂ ਹੁੰਦੀ ਹੈ। ਇਹ ਰਿਸ਼ਤੇ ਸਿੱਧ ਕਰਦੇ ਹਨ ਕਿ ਰਿਸ਼ਤਿਆਂ ਵਿਚਲੇ ਆਦਰ, ਮਾਣ. ਵਫ਼ਾਦਾਰੀ ਅਤੇ ਮੁਹੱਬਤ ਦਾ ਅੰਜ਼ਾਮ ਹਮੇਸ਼ਾ ਹਵਸ ਹੀ ਨਹੀਂ ਹੁੰਦਾ। ਸ਼ਖ਼ਸੀਅਤ ਦਾ ਮਾਨਸਿਕ ਸੰਤੁਲਨ ਹਰ ਤਰ੍ਹਾਂ ਦੇ ਰਿਸ਼ਤੇ ਵਿੱਚ ਵਿਹਾਰਕ ਪਿਆਰ ਅਤੇ ਈਮਾਨਦਾਰੀ ਭਰ ਸਕਦਾ ਹੈ। ਬੀਤਾਂ ਤੇ ਜਗਮੀਤ ਪਤੀ-ਪਤਨੀ ਹੁੰਦਿਆਂ ਹੋਇਆਂ ਵੀ ਇਕ ਜਿਸਮਾਨੀ ਰਿਸ਼ਤੇ ਤੋਂ ਦੂਰ ਇਕ ਅਲੱਗ ਆਦਰ-ਮਾਣ

ਵਾਲੇ ਰਿਸ਼ਤੇ ਵਿੱਚ ਬੱਝ ਜਾਂਦੇ ਹਨ। ਦੂਜੇ ਪਾਸੇ ਇਸ ਸਭ ਕਾਸੇ ਤੋਂ ਪਹਿਲਾਂ ਬੀਤਾਂ ਆਪਣੇ ਦਿਉਰ ਜਗਮੀਤ ਦਾ ਵਿਆਹ ਆਪਣੀ ਮਾਸੀ ਦੀ ਧੀ ਗੁਰਲੀਨ ਨਾਲ਼ ਕਰਵਾਉਣਾ ਚਾਹੁੰਦੀ ਸੀ। ਅਣਹੋਏ ਹਾਲਤਾਂ ਕਾਰਨ ਉਹ ਜਦ ਜਗਮੀਤ ਦੀ ਪਤਨੀ ਬਣ ਜਾਂਦੀ ਹੈ ਤਾਂ ਉਹ ਦੋਵਾਂ ਪ੍ਰੇਮੀਆਂ ਦੀ ਅਪਰਾਧੀ ਬਣ ਜਾਂਦੀ ਹੈ। ਪਰ ਸਮਾਂ ਬੀਤਣ ਨਾਲ਼ ਉਹ ਜਗਮੀਤ ਨੂੰ ਕੈਨੇਡਾ ਜਾਣ ਲਈ ਪ੍ਰੇਰਦੀ ਹੈ ਤੇ ਉਥੇ ਗੁਰਲੀਨ ਨਾਲ਼ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਕਹਿੰਦੀ ਹੈ। ਨਾਵਲ ਦੇ ਅਗਲੇ ਵਿਸਥਾਰ ਵਿੱਚ ਜਗਮੀਤ ਦੇ ਇੰਗਲੈਂਡ ਚਲੇ ਜਾਣ ਤੋਂ ਬਾਅਦ ਬੀਤਾਂ ਦੀ ਸ਼ਖ਼ਸੀਅਤ ਦਾ ਇਕ ਹੋਰ ਤਾਕਤਵਰ ਪਹਿਲੂ ਸਾਹਮਣੇ ਆਉਂਦਾ ਹੈ ਜਦੋਂ ਉਹ ਘਰੇਲੂ ਇਸਤਰੀ ਆਪਣੇ ਪਰਿਵਾਰ ਦਾ ਇੰਤਕਾਮ ਲੈਣ ਲਈ ਪਿੰਡ ਦੇ ਸਰਪੰਚ ਸਾਹਮਣੇ ਆ ਖੜ੍ਹੋਂਦੀ ਹੈ। ਸਰਪੰਚ ’ਤੇ ਕੇਸ ਕਰਕੇ ਸਜ਼ਾ ਕਰਵਾਉਂਦੀ ਹੈ। ਉਹ ਆਪਣੇ ਹਰ ਤਰ੍ਹਾਂ ਦੇ ਕਾਰਜਾਂ ਵਿੱਚ ਆਪਣੇ ਪਤੀ ਜਗਮੀਤ ਦੀ ਪ੍ਰੇਰਨਾ ਤੇ ਉਸ ਦੁਆਰਾ ਦਿੱਤੀ ਹਿੰਮਤ ਕਾਰਨ ਕਾਮਯਾਬ ਹੁੰਦੀ ਹੈ।

ਨਾਵਲ ਦੇ ਪਹਿਲੇ ਭਾਗ ਦੇ ਅੰਤ ਤਕ ਪਾਠਕ ਦੇ ਪਾਤਰਾਂ ਦੇ ਆਪਸੀ ਰਿਸ਼ਤਿਆਂ ਬਾਰੇ ਸ਼ੱਕ-ਸ਼ੁਭੇ ਦੂਰ ਤਾਂ ਹੋ ਜਾਂਦੇ ਹਨ ਅਤੇ ਨਾਵਲਕਾਰ ਦੀ ਲੇਖਣ ਸ਼ੈਲੀ ਦਾ ਇਕ ਹੋਰ ਪੱਖ ਸਾਹਮਣੇ ਆਉਂਦਾ ਹੈ ਜਦੋਂ ਨਾਵਲਕਾਰ ਪੰਜਾਬ ਵਿਚਲੀ ਕਥਾ ਬਿਆਨ ਕਰਨ ਤੋਂ ਬਾਅਦ ਇਸ ਨਾਵਲ ਦਾ ਦੂਜਾ ਭਾਗ "ਵਿਲਾਇਤੀ ਕੂੰਜਾਂ" ਸਿਰਲੇਖ ਹੇਠ ਸ਼ੁਰੂ ਕਰਦਾ ਹੈ। ਇਹ ਬਿਰਤਾਂਤ ਉਹ ਜਗਮੀਤ ਦੇ ਇੰਗਲੈਂਡ ਪਹੁੰਚਣ ਤੋਂ ਸ਼ੁਰੂ ਕਰਦਾ ਹੈ। ਇਹ ਵਿਸਥਾਰ ਪਿਛਲੀ ਪੰਜਾਬ ਵਿਚਲੀ ਕਹਾਣੀ ਦੇ ਸਮੇਂ ਕੈਨੇਡਾ ਵਿੱਚ ਵਿਚਰਦੇ ਪਾਤਰਾਂ ਦੀ ਕਹਾਣੀ ਹੈ ਜਿਸ ਵਿੱਚ ਪਰਵਾਸ ਦੀਆਂ ਮੁਸ਼ਕਲਾਂ, ਪਰਵਾਸ ਦੇ ਦੁੱਖ ਅਤੇ ਉਹਨਾਂ ਦੀ ਮਾਨਸਿਕਤਾ ਨੂੰ ਚਿਤਰਤ ਕੀਤਾ ਗਿਆ ਹੈ। ਕਈ ਦਹਾਕੇ ਪਹਿਲਾਂ ਆਪਣੇ ਘਰ ਦੀ ਗ਼ਰੀਬੀ ਨੂੰ ਮਾਤ ਪਾਉਣ ਲਈ ਆਪਣੇ ਸਕਿਆਂ ਨੂੰ ਪਿੱਛੇ ਛੱਡ ਇੰਗਲੈਂਡ ਆ ਲੈਂਡ ਹੋਏ ਪਾਤਰਾਂ ਨੂੰ ਪੈਸੇ ਕਮਾਉਣ ਲਈ ਪੂਰੀ ਦਿਲ ਜਾਨ ਲਾ ਕੇ ਦਿਹਾੜੀਆਂ ਕਰ ਕਰ ਆਪਣਾ ਆਪ ਸਥਾਪਤ ਕਰਨਾ ਪੈਂਦਾ ਸੀ। ਬਿਜ਼ਨੈੱਸ ਅਤੇ ਆਪਣਾ ਆਪ ਖੜ੍ਹਾ ਕਰਕੇ ਬਾਅਦ ਵਿਚ ਆਪਣੇ ਪਰਿਵਾਰ ਨੂੰ ਇੰਗਲੈਂਡ ਵਿਚ ਬੁਲਾਇਆ ਜਾਂਦਾ ਸੀ ਤੇ ਉਹ ਸਭ ਤਰੱਕੀ ਦੀ ਰਾਹ ਪੈ ਇਕ ਚੰਗਾ ਜੀਵਨ ਬਸਰ ਕਰਦੇ ਸੀ। ਇਸ ਨਾਵਲ ਵਿੱਚ ਨਾਵਲਕਾਰ ਦੁਆਰਾ ਦਰਸਾਈ ਇਹ ਕਹਾਣੀ ਬਹੁਤਾਤ ਵਿਚ ਪਰਦੇਸੀ ਪੰਜਾਬੀਆਂ ਦੀ ਜੀਵਨ-ਜਾਚ ਦੀ ਨਿਸ਼ਾਨਦੇਹੀ ਕਰਦੀ ਹੈ। ਵਿਕਰਮ, ਚਰਨੀ, ਸ਼ਰਨ ਵਰਗੇ ਪਾਤਰ ਜੋ ਆਪਣਾ ਬਚਪਨ ਤੇ ਜਵਾਨੀ ਦੇ ਕੁਝ ਸਾਲ ਪੰਜਾਬ ਵਿੱਚ ਰਹੇ ਸਨ ਤੇ ਫਿਰ ਇੰਗਲੈਂਡ ਜਾ ਵੱਸੇ ਸਨ ਉਹਨਾਂ ਦੀ ਸੋਚ ਉਹੀ ਰਿਵਾਇਤੀ ਰਹਿੰਦੀ ਹੈ, ਉਹ ਜੈਟੀ ਵਰਗੇ ਪਾਤਰਾਂ ਦੀ ਸੋਚ ਨਾਲ਼ ਨਹੀਂ ਤੁਰ ਪਾਉਂਦੇ ਜੋ ਉਥੇ ਇੰਗਲੈਂਡ ਵਿੱਚ ਹੀ ਜੰਮੇ ਪਲੇ ਸਨ। ਉਸ ਤੋਂ ਵੀ ਅੱਗੇ ਵੱਧ ਰਿੰਕੂ ਵਰਗੇ ਫ਼ਰੈਸ਼ੀ ਪੜ੍ਹਾਈ ਕਰਨ ਇੰਗਲੈਂਡ ਪੁੱਜਦੇ ਹਨ ਅਤੇ ਲੀਗਲ-ਇਲਲੀਗਲ ਤਰੀਕੇ ਵਰਤ ਕੇ ਬੱਸ ਪੱਕੇ ਹੋਣਾ ਚਾਹੁੰਦੇ ਹਨ। ਇਸ ਨਾਵਲ ਵਿੱਚ ਪਰਵਾਸੀਆਂ ਦੀਆਂ ਇਹਨਾਂ ਤਿੰਨਾਂ ਪੀੜ੍ਹੀਆਂ ਦੇ ਦੁਖੜੇ ਬੜੀ ਨਿਪੁੰਨਤਾ ਨਾਲ਼ ਪੇਸ਼ ਹੋਏ ਹਨ। ਇਹਨਾਂ ਪੀੜ੍ਹੀਆਂ ਵਿਚਾਲੇ ਪਰਿਵਾਰਕ ਅਤੇ ਜਨਤਕ ਪੱਧਰ ’ਤੇ ਸਮਝ ਬਿਲਕੁਲ ਵੀ ਨਹੀਂ ਬਣਦੀ ਕਿਉਂਕਿ ਉਹਨਾਂ ਦੀ ਸੋਚ ਅਤੇ ਮਾਨਸਿਕਤਾ ਹੀ ਵੱਖਰੀ ਹੈ। ਨਾਵਲ ਵਿੱਚ ਇਕ ਥਾਂ ਨਾਵਲਕਾਰ ਲਿਖਦਾ ਹੈ, ਦੋਹਾਂ ਜੀਆਂ ਵਿੱਚ ਇਹ ਖਿੱਚੋਤਾਣ ਅਕਸਰ ਹੀ ਚਲਦੀ ਰਹਿੰਦੀ ਸੀ। ਵਿੱਕ ਆਪਣੇ ਬੱਚਿਆਂ ਨੂੰ, ਪੰਜਾਬੀ ਕਲਚਰ ਨਾਲ ਜੋੜਨਾ ਚਾਹੁੰਦਾ ਸੀ। ਇਸ ਲਈ ਉਹ ਉਨ੍ਹਾਂ ਨੂੰ ਗੁਰਦਵਾਰੇ ਲੈ ਕੇ ਜਾਂਦਾ ਆਪਣੇ ਚਾਚਿਆਂ-ਤਾਇਆ ਨਾਲ ਮਿਲਾਉਂਦਾ। ਦੂਜੇ ਪਾਸੇ ਜੈਟੀ ਨੂੰ ਪੰਜਾਬੀ ਕਲਚਰ ਤੇ ਲੋਕਾਂ ਤੋਂ ਡਰ ਲੱਗਦਾ ਸੀ, ਇਸ ਦੇ ਕਈ ਕਾਰਨ ਸਨ।[3]

ਨਾਵਲ ਦਾ ਸ਼ਿਲਪ ਵਿਧਾਨ ਹਮੇਸ਼ਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਕਥਾਨਕ ਵਿੱਚ ਸਾਹਿਤਕਤਾ, ਮੌਲਿਕਤਾ ਤੇ ਕਲਪਨਾ ਦਾ ਅੰਸ਼ ਸਹੀ ਅਨੁਪਾਤ ਵਿੱਚ ਹੋਵੇ ।ਨਾਵਲਕਾਰ ਦੁਆਰਾ ਜੋ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਉਸ ਵਿੱਚ ਕਥਾ ਦੇ ਬਿਆਨ ਦੀ ਰਵਾਨਗੀ ਹੋਵੇ ਤੇ ਉਹ ਬਿਰਤਾਂਤ ਨੀਰਸ ਤੇ ਬੋਝਲ ਨਾ ਹੋਵੇ। ਇਸ ਨਾਵਲ ਦੇ ਅਧਿਐਨ ਨਾਲ਼ ਨਾਵਲਕਾਰ ਦੀ ਸਿਰਜਣ ਕਲਾ ਦੀ ਵਿਲੱਖਣਤਾ, ਉਸਦੀ ਸ਼ੈਲੀ ਦੀ ਸੁਭਾਵਕਤਾ ਤੇ ਸਰਲਤਾ ਦੇ ਦਰਸ਼ਨ ਪਾਠਕ ਨੂੰ ਸੁਤੇ ਸਿੱਧ ਹੀ ਹੋ ਜਾਂਦੇ ਹਨ।ਨਾਵਲਕਾਰ ਨੇ ਯਥਾਰਥਕ ਕਥਾਨਕ ਜੁਗਤਾਂ ਵਰਤ ਕੇ ਜਿਥੇ ਕਹਾਣੀ ਰਸ ਨੂੰ ਵਧਾਇਆ ਹੈ ਉਥੇ ਬਿਰਤਾਂਤ ਦੇ ਨਵੇਂ ਤਜਰਬਿਆਂ ਨਾਲ਼ ਪਲਾਟ ਦਾ ਸੁੰਦਰ ਬਿਰਤਾਂਤਕ ਢਾਂਚਾ ਸਾਹਮਣੇ ਲਿਆਂਦਾ ਹੈ। ਇਸ ਢਾਂਚੇ ਕਾਰਨ ਪਾਠਕ ਦੇ ਮਨ ਵਿੱਚ ਸਮਕਾਲੀ ਸਮਾਜਕ ਵਰਤਾਰਿਆਂ ਬਾਰੇ ਰਚਾਇਆ ਸੰਵਾਦ ਉਥਲ ਪੁਥਲ ਪੈਦਾ ਕਰਦਾ ਹੈ।ਅਗਲੇ ਪੜਾਅ'ਤੇ ਉਸਦੀ ਵਿਲੱਖਣ ਸ਼ੈਲੀ ਦਾ ਅਧਿਐਨ ਕਰਦਿਆਂ ਉਸਦੀ ਸ਼ਖ਼ਸੀਅਤ ਦੇ ਵਿਲੱਖਣ ਪੱਖ ਵੀ ਉਘੜ ਕੇ ਸਾਹਮਣੇ ਆਉਂਦੇ ਹਨ। ਦੁਨੀਆਂ-ਸਮਾਜ ਨੂੰ ਵੇਖਣ ਦਾ ਉਸਦਾ ਨਜ਼ਰੀਆ ਇਸ ਨਾਵਲ ਵਿੱਚੋਂ ਉਸ ਦੁਆਰਾ ਸਿਰਜੇ ਕਥਾਨਕ ਅਤੇ ਉਸਦੀ ਸ਼ੈਲੀ ਵਿੱਚੋਂ ਝਲਕਦਾ ਹੈ।ਉਸਦੇ ਲੇਖਨ ਦੀ ਮੌਲਿਕਤਾ, ਸਾਹਿਤਕਤਾ ਅਤੇ ਕਾਲਪਨਿਕਤਾ ਉਸਦੇ ਨਜ਼ਰੀਏ, ਉਸਦੇ ਦ੍ਰਿਸ਼ਟੀਕੋਣ ਨੂੰ ਮਹੱਤਵ ਪੂਰਨ ਬਣਾਉਂਦਾ ਹੈ।ਉਸ ਦੁਆਰਾ ਇਸ ਨਾਵਲ ਵਿੱਚ ਵਰਤੀ ਭਾਸ਼ਾ, ਸ਼ਬਦਾਂ ਦੀ ਵੰਨ ਸੁਵੰਨਤਾ ਤੇ ਰਵਾਨਗੀ ਕਹਾਣੀ ਨੂੰ ਹੋਰ ਦਿਲਚਸਪ ਬਣਾਉਂਦੀ ਹੈ।ਨਾਵਲ ਦੇ ਪਾਤਰਾਂ ਦੀ ਬੋਲੀ ਬੜੀ ਸਹਿਜ ਹੈ ਤੇ ਹਰ ਤਰ੍ਹਾਂ ਦੇ ਪੰਜਾਬੀ ਪਾਠਕ ਦੇ ਸਮਝ ਆਉਣ ਵਾਲੀ ਹੈ।

ਇਸ ਨਾਵਲ ਵਿੱਚ ਨਾਵਲਕਾਰ ਨੇ ਪਿਛਲ ਝਾਤ ਅਤੇ ਤੁਲਨਾਤਮਕ ਸ਼ੈਲੀ ਦੀ ਵਰਤੋਂ ਕੀਤੀ ਹੈ।ਕਹਾਣੀ ਪ੍ਰਵਾਹ ਵਿੱਚ ਕੁਝ ਖ਼ਾਸ ਵਰਤਾਰੇ ਕਥਾਨਕ ਮੋਟਿਫ਼ ਵਜੋਂ ਵਰਤੇ ਗਏ ਹਨ।ਰਿਸ਼ਤਿਆਂ ਦੇ ਨਵੇਂ ਸਮੀਕਰਣ ਅਤੇ ਉਹਨਾਂ ਵਿਚਲੀ ਦਿਲਕਸ਼ ਨੋਕ-ਝੋਂਕ ਅਜਿਹੇ ਮੋਟਿਫ਼-ਕਥਾਨਕਾਂ ਦੀਆਂ ਉਦਾਹਰਣਾਂ ਬਣਦੀਆਂ ਹਨ ਜਿਨ੍ਹਾਂ ਵਿੱਚ ਬਿਰਤਾਂਤ ਤੁਲਨਾਤਮਕ ਸ਼ੈਲੀ ਵਿੱਚ ਸਿਰਜਿਆ ਗਿਆ ਹੈ। ਮਨ ਦੀ ਕਸ਼ਮਕਸ਼ ਨੂੰ ਸਹੀ ਵਕਤ ਅਤੇ ਸਹੀ ਵਾਤਾਵਰਣ ਦੀ ਉਡੀਕ ਕਰ ਕੇ ਹੱਲ ਕਰਦੇ ਖੁੱਲ੍ਹ-ਦਿਲੇ ਪਾਤਰ ਦੇ ਮੂੰਹੋਂ ਵਿਅਕਤ ਕਰਵਾ ਕੇ ਜਿਥੇ ਨਾਵਲਕਾਰ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਦਾ ਹੈ ਅਤੇ ਉਥੇ ਸਮਾਜ ਦੀ ਖ਼ੁਦਗ਼ਰਜ਼ੀ ਅਤੇ ਖ਼ਤਮ ਹੋ ਰਹੇ ਨੈਤਿਕ ਮੁੱਲਾਂ ਨੂੰ ਵੀ ਵਿਸ਼ਾ ਬਣਾਉਂਦਾ ਹੈ।ਮੰਡੀ ਸਭਿਅਤਾ ਦੇ ਅਸਰ ਨੂੰ ਚਿਤਰਤ ਕਰਨ ਲਈ ਨਾਵਲਕਾਰ ਵੱਲੋਂ ਵਿਸਥਾਰਤ ਬਿਰਤਾਂਤ ਦਾ ਢੰਗ ਵਰਤਿਆ ਗਿਆ ਹੈ। ਇਸ ਨਾਵਲ ਵਿੱਚ ਪਿੰਡ ਦਾ ਸਮਾਜ ਤੇ ਸਭਿਆਚਾਰ ਤਾਂ ਚਿਤਰਤ ਹੋਇਆ ਹੀ ਹੈ ਨਾਲ਼ ਹੀ ਅਜੋਕੇ ਯੁੱਗ ਵਿੱਚ ਉਥੇ ਆ ਰਹੀ ਤਬਦੀਲੀ ਨੂੰ ਵੀ ਪੇਸ਼ ਕੀਤਾ ਹੈ। ਇਸ ਤਬਦੀਲੀ ਦੇ ਨਾਲ਼ ਹੀ ਪਰਵਾਸੀ ਜੀਵਨ ਨਾਲ਼ ਹੋ ਰਹੇ ਟਕਰਾਅ ਵੀ ਇਸ ਵਿੱਚ ਚਿਤਰਤ ਹੋਏ ਹਨ ਅਤੇ ਇਨ੍ਹਾਂ ਸਰੋਕਾਰਾਂ ਦੇ ਟਕਰਾ ਅਕਾਰ ਨਹੀ ਪਾਠਕ ਦੇ ਜ਼ਿਹਨ ਵਿੱਚ ਸਗਲੇ ਨਾਵਲ ਦਾ ਬਿਰਤਾਂਤ ਸੁਖਾਂਤ ਰੂਪ ਵਿੱਚ ਛਪ ਜਾਂਦਾ ਹੈ। ਇਸ ਵਿਲੱਖਣਤਾ ਭਰੀ ਮਿਆਰੀ ਸਾਹਿਤਕ ਰਚਨਾ ਤੋਂ ਬਾਅਦ ਨਾਵਲਕਾਰ ਦੀਆਂ ਅਗਲੀਆਂ ਰਚਨਾਵਾਂ ਦੀ ਪਾਠਕਾਂ ਨੂੰ ਉਡੀਕ ਰਹੇਗੀ।

**ਹਵਾਲੇ-**


1. ਗਲਪ ਦੀ ਵਾਸਤਵਿਕਤਾ, ਚਰਚਾ, ਅੰਕ 35, ਪੰਨਾ 7
2. ਜੁਗਿੰਦਰ ਸਿੰਘ ਰਾਹੀ, ਸਮਾਂ ਤੇ ਸੰਵਾਦ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ,ਪੰਨਾ 7
3. ਜਸਵਿੰਦਰ ਰੱਤੀਆਂ, ਕੂੰਜਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024, ਪੰਨਾ 216


(**ਸੰਪਰਕ-98728-87551**)

# ਨਾਰੀ ਦੀਆਂ ਅਧੂਰੀਆਂ ਖ਼ਾਹਿਸ਼ਾਂ ਦਾ ਬਿਰਤਾਂਤ: ਧੁੱਪ ਛਾਂ ਦੇ ਖ਼ਤ

**ਡਾ. ਜਸਵਿੰਦਰ ਕੌਰ ਬਿੰਦਰਾ**




ਮੋਬਾਇਲ, ਈਮੇਲ ਤੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਖ਼ਤਾਂ ਦੀ ਗੱਲ! ਨਾਵਲ **'ਧੁੱਪ ਛਾਂ ਦੇ ਖ਼ਤ'** (**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 300, ਪੰਨੇ 190, ਸਾਲ 2023**) ਦਾ ਸਿਰਲੇਖ ਦੇਖਦੇ ਹੀ ਸੁਭਾਵਿਕ ਹੀ ਮਨ ਵਿੱਚ ਸਵਾਲ ਪੈਦਾ ਹੁੰਦਾ ਹੈ। ਸਵਾਲ ਦੇ ਨਾਲ ਹੀ ਹੈਰਤ ਉੱਠਦੀ ਤੇ ਮਨ ਵਿੱਚ ਇਹ ਜਾਨਣ ਦੀ ਉਤਸੁਕਤਾ ਪੈਦਾ ਹੁੰਦੀ ਹੈ ਕਿ ਇਹ ਖ਼ਤ ਕਿਸ ਨੇ ਕਿਸ ਨੂੰ ਲਿਖੇ ਤੇ ਕਿਉਂ? ਤੇ ਧੁੱਪ-ਛਾਂ ਵਿਚਕਾਰ ਕੌਣ ਹੈ? ਖ਼ਤਾਂ ਰਾਹੀਂ ਅਜਿਹਾ ਕੀ ਕਿਹਾ ਤੇ ਲਿਖਿਆ ਗਿਆ ਕਿ ਨਾਵਲ ਹੀ ਬਣ ਗਿਆ। ਸੋ ਇਸ ਤਰ੍ਹਾਂ ਦੇ ਸਵਾਲ ਤੇ ਉਤਸੁਕਤਾ ਪੈਦਾ ਹੁੰਦੀ ਹੈ, ਹਰਵਿੰਦਰ ਭੰਡਾਲ ਦੇ ਨਵੀਨ ਨਾਵਲ ਨੂੰ ਦੇਖ ਕੇ!

ਨਾਵਲ ਦੇ ਅਰੰਭ ਵਿੱਚ ਪਾਤਰ ਪ੍ਰੋ. ਕਰਮਜੀਤ ਸਿੰਘ ਸੰਧੂ ਵੱਲੋਂ ਨਾਵਲ ਦੀ ਭੂਮਿਕਾ ਸੰਬੰਧੀ ਲਿਖੀ ਇਬਾਰਤ, ਇਕ ਤਰ੍ਹਾਂ ਨਾਲ ਖ਼ਤ ਦੀ ਪਰਿਭਾਸ਼ਾ, ਵਿਸ਼ਲੇਸ਼ਣ ਤੇ ਵਿਆਖਿਆ ਬਣ ਜਾਂਦੀ ਹੈ। ਇਹ ਭੂਮਿਕਾ ਇਕ ਕਾਵਿਮਈ ਪ੍ਰਵਚਨ ਵਾਂਗ ਹੈ, ਜੋ ਖ਼ਤਾਂ ਦੀ ਲੋੜ ਤੇ ਮਹੱਤਤਾ ਬਾਰੇ ਦੱਸਦੀ ਹੈ। ਲਿਖੇ ਗਏ ਸ਼ਬਦ ਜ਼ਰੂਰੀ ਨਹੀਂ ਉਸੇ ਤਰ੍ਹਾਂ ਹੀ ਪੜ੍ਹੇ ਜਾਣ ਤੇ ਫਿਰ ਸਮਝੇ ਵੀ ਜਾਣ, ਜਿਸ ਭਾਵ ਵਿੱਚ ਉਹ ਲਿਖੇ ਗਏ ਸਨ। ਖ਼ਤ ਜੋ ਦੂਰ ਰਹਿ ਕੇ ਹਾਲ-ਚਾਲ ਤੇ ਖ਼ਬਰ-ਸਾਰ ਵਜੋਂ ਅਰੰਭ ਹੋਏ, ਸਾਹਿਤਕ ਪੱਧਰ ਉਤੇ ਉਹ ਦਿਲਾਂ ਦੀਆਂ ਗੁੱਝੀਆਂ, ਡੂੰਘੀਆਂ ਤੇ ਅਧੂਰੀਆਂ ਖ਼ਾਹਿਸ਼ਾਂ ਦੇ ਭੇਦ ਬਣਦੇ ਗਏ। ਲੇਖਕ ਨੇ ਇਸ ਨੂੰ ਸਮਾਜ, ਵਰਗ ਤੇ ਖਿੱਤਿਆਂ ਦੀ ਜਾਣਕਾਰੀ ਨਾਲ ਜੋੜ ਕੇ ਹੋਰ ਵੀ ਵਿਆਪਕ ਬਣਾ ਦਿੱਤਾ।

ਨਾਵਲ ਤਿੰਨ ਵਿਦਿਆਰਥਣਾਂ ਕੁਲਜੀਤ, ਦਿਵਿਆ ਤੇ ਨੇਹਾ ਵੱਲੋਂ ਕਾਲਜ ਵਿਚਲੇ ਆਪਣੇ ਇਕ ਪ੍ਰੋਫੈਸਰ ਕਰਮਜੀਤ ਸਿੰਘ ਨੂੰ ਵਰ੍ਹਿਆਂ ਬਾਅਦ ਲਿਖੇ ਗਏ ਖ਼ਤਾਂ ਬਾਰੇ ਹੈ। ਕਾਲਜ ਦੇ ਉਸੇ ਹੀ ਪ੍ਰੋਫੈਸਰ ਨੂੰ ਕਿਉਂ? ਇਸ ਦਾ ਕਾਰਣ ਇਹ ਹੋ ਸਕਦਾ ਹੈ ਇਸ ਪ੍ਰੋਫੈਸਰ ਨੇ ਵਿਦਿਆਰਥੀਆਂ ਦੇ ਦਿਮਾਗ਼ਾਂ ਨੂੰ ਆਪਣੇ ਫੋਕੇ ਉਪਦੇਸ਼ਾਂ ਨਾਲ ਭਰਨ ਦੀ ਬਜਾਏ ਉਨ੍ਹਾਂ ਦਾ ਦੋਸਤ ਬਣ, ਜੀਵਨ ਦੀਆਂ ਕੌੜੀਆਂ ਸੱਚਾਈਆਂ ਦੇ ਰੂਬਰੂ ਕਰਨ ਤੇ ਜ਼ਿੰਦਗੀ ਨੂੰ ਉਨ੍ਹਾਂ ਦੇ ਅਨੁਭਵਾਂ ਰਾਹੀਂ ਜਾਨਣ ਯੋਗ ਬਣਾਇਆ ਸੀ। ਹਾਲਾਂਕਿ ਇਨ੍ਹਾਂ ਖ਼ਤਾਂ ਵਿੱਚ ਉਲਾਂਭੇ ਹਨ ਤੇ ਗ਼ਲਤੀਆਂ ਦਾ ਸਪਸ਼ਟੀਕਰਨ ਵੀ, ਰੋਸੇ ਵੀ ਤੇ ਪਿਆਰ ਦਾ ਇਜ਼ਹਾਰ ਵੀ।

ਪਹਿਲਾ ਖ਼ਤ ਕੁਲਜੀਤ ਵੱਲੋਂ ਲਿਖਿਆ ਗਿਆ, ਜੋ ਦਰਿਆ ਕੰਢੇ ਉਸ ਪਿੰਡ ਵਿੱਚ ਜੰਮੀ-ਪਲੀ, ਜੋ ਬਾਕੀ ਦੁਨੀਆ ਤੋਂ ਆਮ ਤੌਰ ਤੇ ਲੁਕਿਆ ਹੀ ਰਹਿੰਦਾ ਹੈ। ਇਸ ਲਈ ਇਸ ਖ਼ਤ ਦਾ ਸਿਰਨਾਵਾਂ 'ਦਰਿਆ ਦਾ ਕੰਢਾ, 'ਕਲ ਕਲ' ਦੀ ਆਵਾਜ਼ ਕੋਲ' ਪਹਿਲੀ ਜਨਵਰੀ, 2014 ਤੋਂ ਲਿਖਿਆ ਗਿਆ। ਇਸ ਕੁੜੀ ਦਾ ਖ਼ਤ ਉਸ ਦੇ ਜੀਵਨ, ਪਰਿਵਾਰ ਤੇ ਸਮਾਜ ਦੀ ਜਾਣਕਾਰੀ ਦੇਂਦਾ

ਹੈ। ਦੁਨੀਆ ਦੀਆਂ ਨਜ਼ਰਾਂ ਤੋਂ ਲੁਕੇ ਪਿੰਡ ਵਿੱਚ ਰਹਿੰਦੀ ਕੁੜੀ ਦੇ ਜੰਮਣ ਨਾਲ ਹੀ ਜੋ ਰੋਕਾਂ-ਟੋਕਾਂ, ਘੂਰਨਾ, ਦਬਾਓ, ਸ਼ਰਤਾਂ, ਦਾਇਰਿਆਂ ਵਿੱਚ ਸਿਮਟ ਕੇ ਰਹਿਣਾ, ਪਿੰਡ-ਸਮਾਜ ਦੇ ਡਰ, ਬੰਧਨ ਲਾਗੂ ਹੋ ਜਾਂਦੇ ਹਨ, ਉਹ ਸਭ ਸ਼ਾਮਲ ਸਨ। ਡਰੀ, ਸਹਿਮੀ, ਮੂੰਹੋਂ ਬੋਲ ਨ ਕੱਢਣ ਵਾਲੀ ਕੁਲਜੀਤ ਨੂੰ ਸਕੂਲ ਵਿੱਚ 'ਦੀਪਕ ਸਰ' ਜਿਹੇ ਅਧਿਆਪਕ ਕਾਰਣ ਹੀ ਆਰਟ ਕਾਲਜ ਵਿੱਚ ਜਾਣ ਦਾ ਮੌਕਾ ਮਿਲਿਆ ਤੇ ਉਥੇ ਹੀ ਅਸਲ ਵਿੱਚ ਕਰਮਜੀਤ ਪ੍ਰੋਫੇਸਰ ਵੀ। ਜਿਸ ਨੇ ਇਕ ਵਾਰ ਸਾਰੇ ਵਿਦਿਆਰਥੀਆਂ ਨੂੰ ਸਵੈ-ਚਿੱਤਰ ਲਿਖਣ ਬਾਰੇ ਕਿਹਾ ਸੀ, ਪਰ ਉਦੋਂ ਕੁਲਜੀਤ ਵਿੱਚ ਐਨੀ ਹਿੰਮਤ ਨਹੀਂ ਸੀ ਕਿ ਉਹ ਆਪਣੇ ਬਾਰੇ ਖੁੱਲ੍ਹ ਕੇ ਕੁਝ ਲਿਖ ਸਕਦੀ।ਅਸਲ ਵਿੱਚ ਉਹ ਆਪਣੇ ਬਾਰੇ ਕੁਝ ਜਾਣਦੀ ਹੀ ਨਹੀਂ ਸੀ। ਕਲਾਸ ਵਿੱਚ ਸਭ ਤੋਂ ਕਮਜ਼ੋਰ ਕੁੜੀ, ਬੋਲਣ ਵੇਲੇ ਜਿਸ ਦਾ ਸੰਘ ਸੁੱਕ ਜਾਂਦਾ, ਲਫ਼ਜ਼ ਬਹੁੜਦੇ ਹੀ ਨਹੀਂ ਸਨ ਜਦਕਿ ਪ੍ਰੋਫੇਸਰਾਂ ਨੂੰ ਤਾਂ ਪਟਾਕ-ਪਟਾਕ ਜਵਾਬ ਦੇਂਦੀਆਂ, ਸਮਰਾਟ ਵਿਦਿਆਰਥਣਾਂ ਪਸੰਦ ਆਉਂਦੀਆਂ ਸਨ।ਅੱਜ ਕੁਲਜੀਤ ਇਸ ਖ਼ਤ ਰਾਹੀਂ ਆਪਣੇ ਪ੍ਰੋਫ਼ੈਸਰ ਨੂੰ ਇਹ ਦੱਸਣਾ ਚਾਹ ਰਹੀ ਹੈ ਕਿ ਉਸ ਵਰਗੀ ਸ਼ਰਤਾਂ ਤੇ ਦਬਾਓ ਵਿੱਚ ਪਲੀ ਤੇ ਵੱਡੀ ਹੋਈ ਜਵਾਨ ਕੁੜੀ ਦਾ ਕਿਸੇ ਪਿੰਡ ਦੇ ਪ੍ਰਾਈਵੇਟ ਸਕੂਲ ਦੀ ਅਧਿਆਪਕ ਬਣ ਜਾਣਾ ਹੀ ਇਕ ਮੁਕਾਮ ਹਾਸਲ ਕਰਨ ਵਾਂਗ ਹੈ। ਹੁਣ ਉਸ ਵਿੱਚ ਐਨੀ ਹਿਮੰਤ ਵੀ ਆ ਗਈ ਹੈ ਕਿ ਉਹ ਆਪਣੇ ਮਾਪਿਆਂ ਨੂੰ ਠੋਕ ਕੇ ਕਹਿ ਆਈ ਕਿ ਉਸ ਨੇ ਅਜੇ ਵਿਆਹ ਨਹੀਂ ਕਰਵਾਉਣਾ।

ਦੂਜਾ ਖ਼ਤ 10 ਦਸੰਬਰ 2019 ਨੂੰ ਦਿਵਿਆ ਵਲੋਂ ਲਿਖਿਆ ਗਿਆ, ਜਦੋਂ ਉਸ ਨੇ ਉਹ ਖ਼ਤ ਲਿਖਿਆ, ਉਹ ਕਿਤੇ ਵੀ ਨਹੀਂ ਸੀ ਰਹੀ। ਦਿਵਿਆ ਵੀ ਉਸੇ ਆਰਟ ਸਕੂਲ ਵਿੱਚ ਪੜ੍ਹਦੀ ਰਹੀ। ਹਾਲਾਂਕਿ ਉਹ ਵਿਆਹ ਤੋਂ ਬਾਦ ਆਪਣੀ ਅਧੂਰੀ ਪੜ੍ਹਾਈ ਪੂਰੀ ਕਰਨ ਲਈ ਉਥੇ ਆਈ ਸੀ। ਸਕੂਲ ਵਿੱਚ ਹੀ ਇਕ ਜਵਾਨ ਕਾਰ ਡਰਾਈਵਰ ਹਰਿੰਦਰ ਦੀਆਂ ਨਜ਼ਰਾਂ ਵਿੱਚ ਆਪਣੇ ਲਈ ਪਿਆਰ ਦੇਖ, ਉਹ ਆਪਣੀ ਉਮਰ, ਪੱਧਰ ਤੇ ਪਰਿਵਾਰ ਨੂੰ ਭੁੱਲ ਗਈ। ਦੋਵਾਂ ਨੇ ਭੱਜ ਕੇ ਵਿਆਹ ਕਰਵਾ ਲਿਆ। ਫਿਰ ਉਹੀ ਹੋਇਆ, ਜੋ ਅਜਿਹੇ ਹੋਸ਼ ਭੁੱਲਾ ਕੇ ਕੀਤੇ ਗਏ ਵਿਆਹ ਦਾ ਨਤੀਜਾ ਹੁੰਦਾ ਹੈ। ਘਰ ਦੀ ਗਰੀਬੀ ਤੇ ਹਰਿੰਦਰ ਦੇ ਨਸ਼ੇ ਕਾਰਣ ਹਾਲਾਤ ਵਿਗੜਦੇ ਗਏ, ਹਰਿੰਦਰ ਵੱਲੋਂ ਕੀਤੇ ਜਾਂਦੇ ਸ਼ੱਕ ਤੇ ਹੱਥ ਚੁੱਕਣ ਤੇ ਸੱਸ-ਨਨਾਣ ਵਲੋਂ ਕੀਤੇ ਜਾਂਦੇ ਅਪਮਾਨ ਤੇ ਝਗੜਿਆਂ ਕਾਰਣ ਦਿਵਿਆ ਆਪਣੇ ਆਫਿਸ ਦੇ ਚੰਦਰ ਸ਼ੇਖਰ ਪ੍ਰਤੀ ਆਕਰਸ਼ਿਤ ਹੋ ਗਈ। ਜਿਸ ਬਾਰੇ ਪਤਾ ਲੱਗਣ ਤੇ ਹਰਿੰਦਰ ਨੇ ਉਸ ਦਾ ਗਲਾ ਘੋਂਟ ਦਿੱਤਾ। ਇਹ ਖ਼ਤ ਉਸ ਦੁਖੀ ਆਤਮਾ ਵੱਲੋਂ ਲਿਖਿਆ ਗਿਆ।

ਤੀਸਰਾ ਖ਼ਤ ਨੇਹਾ ਵਲੋਂ ਲਿਖਿਆ ਗਿਆ, ਜੋ ਸਮਾਜ ਦੇ ਰੱਜੇ ਤੇ ਸਨਮਾਨਤ ਪਰਿਵਾਰ ਦੀ ਕੁੜੀ, ਭਰਾਵਾਂ ਦੀ ਰਾਖ਼ੀ ਵਿੱਚ ਸੁਰੱਖਿਅਤ ਰਹਿਣ ਵਾਲੀ ਭੈਣ। ਜਿਸ ਨੂੰ ਆਪਣੇ ਜਿਹੇ ਘਰ ਦੇ ਮਾਹੌਲ ਵਿੱਚੋਂ ਹੀ ਕੱਢ ਕੇ ਸਹੁਰੇ ਘਰ ਭੇਜ ਦਿੱਤਾ ਗਿਆ। ਜਿੱਥੇ ਪੇਕਿਆਂ ਤੋਂ ਵੱਧ ਧਨ-ਦੌਲਤ, ਸੁਖ-ਸੁਵਿਧਾਵਾਂ ਦੀ ਕੋਈ ਕਮੀ ਨਹੀਂ।ਪਰ ਨੇਹਾ ਮੁਰਝਾਉਂਦੀ ਗਈ। ਕਿਉਂਕਿ ਪਤੀ ਰਾਕੇਸ਼ ਵਪਾਰੀ ਬਿਰਤੀ ਵਾਲਾ, ਜਿਸ ਨੂੰ ਜਨਮ-ਦਿਨ ਉਤੇ ਤੋਹਫ਼ੇ ਵਜੋਂ 'ਅਨੀਅਨ ਚੌਪਰ' ਦੇਣ ਵਿੱਚ ਕੋਈ ਬੁਰਾਈ ਨਹੀਂ ਲੱਗਦੀ ਸੀ। ਵਿਆਹ ਤੋਂ ਬਾਅਦ ਨੇਹਾ ਨੂੰ ਅਮੀਰੀ ਤੇ ਸਹੂਲਤਾਂ ਮਿਲੀਆਂ, ਜਿਨ੍ਹਾਂ ਦੀ ਆੜ ਵਿੱਚ ਉਹ ਆਪਣੇ ਪਤੀ ਤੇ ਸਹੁਰੇ ਪਰਿਵਾਰ ਦੇ ਸਟੇਟਸ ਦਾ ਚਲਦਾ-ਫਿਰਦਾ ਇਸ਼ਤਿਹਾਰ ਬਣ ਗਈ, ਸੁਹਣੇ ਗਹਿਣੇ ਤੇ ਕੱਪੜਿਆਂ ਨਾਲ ਸਜੀ-ਫਬੀ ਹੋਈ, ਪਰ ਨਾਲ ਹੀ ਉਸ ਨੂੰ ਮਾਈਗ੍ਰੇਨ ਵੀ ਮਿਲਿਆ, ਕਿਉਂਕਿ ਉਹ ਸੂਖ਼ਮ ਬਿਰਤੀ ਵਾਲੀ, ਆਰਟਸਿਟ ਕੁੜੀ ਸੀ।ਆਪਣੀ ਅਲ੍ਹੜ ਉਮਰੇ ਨੇਹਾ ਨੂੰ ਇਸ ਪ੍ਰੋਫ਼ੈਸਰ ਨਾਲ ਪਿਆਰ ਹੋ ਗਿਆ, ਪਰ ਪ੍ਰੋਫ਼ੈਸਰ ਨੇ ਅਧਿਆਪਕ ਤੇ ਵਿਦਿਆਰਥੀ ਦੀ

ਮਰਿਆਦਾ ਨੂੰ ਬਣਾਏ ਰੱਖਣਾ ਜ਼ਰੂਰੀ ਸਮਝਿਆ। ਹੁਣ ਨੇਹਾ ਨੇ ਇਸ ਖ਼ਤ ਰਾਹੀਂ ਪ੍ਰੋਫੈਸਰ ਤੇ ਆਪਣੇ ਪਤੀ ਤੇ ਸਹੁਰੇ ਘਰ ਤੋਂ ਮੁਕਤ ਹੋਣ ਦਾ ਫੈਸਲਾ ਕਰ ਲਿਆ ਕਿਉਂਕਿ ਕਰਮਜੀਤ ਸੰਧੂ ਦੀਆਂ ਗੱਲਾਂ ਸੁਣ ਕੇ ਨੇਹਾ ਨੂੰ ਲੱਗਦਾ ਸੀ ਕਿ ਉਹ ਦੁਨੀਆ ਬਦਲ ਦੇਣਗੀਆਂ, ਪਰ ਅਜਿਹਾ ਕੁਝ ਨਾ ਹੋਇਆ। ਸਮਾਜ ਦੇ ਡਰੋਂ ਕਰਮਜੀਤ ਨੇ ਵੀ ਨੇਹਾ ਦਾ ਹੱਥ ਫੜਨ ਦੀ ਹਿੰਮਤ ਨਹੀਂ ਕੀਤੀ ਸੀ।


ਇਹ ਤਿੰਨੋਂ ਖ਼ਤ ਅਤਿ ਆਧੁਨਿਕ ਜੀਵਨ ਵਾਲੇ ਦੌਰ ਵਿਚੋਂ ਜੀਉਣ ਵਾਲੇ ਲੋਕਾਂ ਦੀ ਸੱਚਾਈ ਨੂੰ ਬਿਆਨ ਕਰਦੇ ਹਨ। ਨਾ ਅਜੇ ਸਮਾਜ ਦੀ ਸੋਚ ਬਦਲੀ ਹੈ ਤੇ ਨਾ ਹੀ ਕੁੜੀਆਂ ਦੇ ਜੀਵਨ ਉਤੇ ਲੱਗੀਆਂ ਪਾਬੰਦੀਆਂ। ਪਰ ਕੁਲਜੀਤ ਵਰਗੀਆਂ ਸਹਿਮੀਆਂ ਡਰੀਆਂ ਕੁੜੀਆਂ, ਮੌਕਾ ਲੱਗਣ ਤੇ ਭਰਾ ਦੀ ਸਾਈਕਲ ਚਲਾਉਣ ਦਾ ਮਜ਼ਾ ਲੈਣ ਤੋਂ ਹਟਦੀਆਂ ਨਹੀਂ, ਭਾਵੇਂ ਡਾਂਟ ਜਿੰਨੀ ਮਰਜ਼ੀ ਪੈ ਜਾਵੇ। ਇਕ ਵਾਰ ਤਾਂ ਆਪਣੀ ਮਨਆਈ ਕਰਨ ਦੀ ਖ਼ੁਸ਼ੀ ਤੇ ਹੁਲਾਸ ਨੂੰ ਮਾਣਿਆ ਹੀ ਜਾ ਸਕਦਾ ਹੈ। ਇਹ ਅਨੁਭਵ ਹੋਰ ਕੁਝ ਕਰਨ ਦੀ ਤਾਂਘ ਨੂੰ ਵੀ ਹੁਲਾਰਾ ਦੇਂਦਾ ਹੈ। ਹੌਲੀ-ਹੌਲੀ ਅੱਗੇ ਵਧਦੀ ਕੁਲਜੀਤ ਨੇ ਆਪਣੀ ਪਹਿਚਾਣ ਬਣਾਉਣ ਦੀ ਕੋਸ਼ਿਸ਼ ਕੀਤੀ। ਸ਼ਹਿਰ ਵਿੱਚ ਉਸ ਨੂੰ ਸੁਨੀਤਾ ਵਰਗੀ ਕੁੜੀ ਮਿਲੀ, ਜਿਸ ਨੇ ਆਪਣੀਆਂ ਪਦਾਰਥਕ ਰੁਚੀਆਂ ਨੂੰ ਪੂਰਾ ਕਰਨ ਲਈ ਗਲਤ ਰਾਹ ਆਸਾਨੀ ਨਾਲ ਅਪਨਾ ਲਿਆ ਸੀ ਪਰ ਕੁਲਜੀਤ ਨੂੰ ਆਪਣੀ ਲੱਛਮਣ-ਰੇਖਾ ਦਾ ਪਤਾ ਸੀ, ਉਸ ਨੂੰ ਪਤਾ ਸੀ ਕਿ ਉਹ ਸੁਨੀਤਾ ਨਹੀਂ ਬਣ ਸਕਦੀ ਤੇ ਨਾ ਹੀ ਜੋਗਿੰਦਰ ਜਿਹੇ ਮਾੜਚੂ ਮੁੰਡੇ ਦੀ ਉਸ ਨੂੰ ਲੋੜ ਸੀ। ਜਦਕਿ ਦਿਵਿਆ ਨੂੰ ਉਸ ਤੋਂ ਕੁਝ ਚੰਗਾ ਤੇ ਨੇਹਾ ਨੂੰ ਸੌਖੇ ਮਾਹੌਲ ਮਿਲੇ, ਪਰ ਉਹ ਵਕਤ ਸਿਰ, ਸਹੀ ਫੈਸਲੇ ਨਾ ਕਰ ਸਕੀਆਂ। ਦਿਵਿਆ ਨੂੰ ਹੁੰਦੜਹੇਲ ਹੋਣ ਤੇ ਅਨੇਕ ਦੁਖ ਝੱਲਣੇ ਪਏ ਤੇ ਅਖ਼ੀਰ ਉਹ ਅਣਿਆਈ ਮੌਤ ਮਰ ਗਈ। ਪਰਿਵਾਰ ਦੇ ਪਿਆਰ-ਦੁਲਾਰ ਤੇ ਰਾਖ਼ੀ ਨੇ ਨੇਹਾ ਨੂੰ ਪੇਕਿਆ ਤੋਂ ਵਧ ਸਹੁਰੇ ਪਰਿਵਾਰ ਦੇ ਧਨ-ਵੈਭਵ ਨੇ ਕੁੰਠਿਤ ਕਰ ਦਿੱਤਾ।ਅਮੀਰ ਲੋਕਾਂ ਦੀ ਉੱਚੀ ਰਹਿਣੀ-ਬਹਿਣੀ ਵਿਚਕਾਰ ਉਸ ਦਾ ਪਤੀ ਰਾਕੇਸ਼ ਘਟੀਆ ਬਿਰਤੀ ਦਾ ਮਰਦ ਸਾਬਤ ਹੁੰਦਾ ਹੈ।

ਇਨ੍ਹਾਂ ਸਾਰੇ ਹੀ ਖ਼ਤਾਂ ਵਿਚੋਂ ਕੁਲਜੀਤ ਦਾ ਲਿਖਿਆ ਖ਼ਤ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਉਸ ਦਾ ਇਕ-ਇਕ ਸ਼ਬਦ, ਕਵਿਤਾ ਵਰਗਾ ਨਦੀ ਵਾਂਗ ਵਹਿੰਦਾ ਪ੍ਰਤੀਤ ਹੁੰਦਾ ਹੈ। ਉਸ ਦੇ ਲਿਖੇ ਸ਼ਬਦਾਂ ਵਿੱਚੋਂ ਪਾਣੀ ਦੀ 'ਕਲ ਕਲ' ਦੀ ਆਵਾਜ਼, ਸਹਿਜਤਾ ਤੇ ਭੋਲੇਪਨ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਖ਼ਤ ਦੱਸਦਾ ਹੈ ਕਿ ਧੁੱਪ ਵਾਂਗ ਲਿਸ਼ਕਣ ਲਈ, ਕਿਸੇ ਵਿਸ਼ੇਸ਼ ਥਾਂ ਤੇ ਸ਼ਹਿਰ ਜਾਣਾ ਜ਼ਰੂਰੀ ਨਹੀਂ, ਵਰਜਨਾਵਾਂ ਤੇ ਘੁਟਵੇਂ ਮਾਹੌਲ ਵਿਚੋਂ ਸਾਹ ਲੈਣ ਜੋਗੀ ਹਵਾ ਤੇ ਆਪਣੇ ਹਿੱਸੇ ਦਾ ਆਸਮਾਨ ਲੱਭਿਆ ਜਾ ਸਕਦਾ ਹੈ, ਭਾਵੇਂ ਘਰ ਦੇ, ਸਹੇਲੀਆਂ ਤੇ ਅਧਿਆਪਕ-ਪ੍ਰੋਫੈਸਰ ਸਾਥ ਨਾ ਵੀ ਦੇਣ।ਮੌਕੇ ਦੀ ਭਾਲ ਕਰਨਾ, ਮਿਲਣ ਤੇ ਉਸ ਦੀ ਸਹੀ ਦੀ ਵਰਤੋਂ ਕਰਨੀ ਹੀ ਅਸਲੀ ਜੀਵਨ-ਜਾਚ ਹੈ, ਜਿਸ ਵਿੱਚ ਕੁਲਜੀਤ ਖਰੀ ਉਤਰੀ। ਕਿਉਂਕਿ ਉਸ ਨੇ ਆਜ਼ਾਦੀ ਨੂੰ ਬੋਚ-ਬੋਚ ਕੇ ਹਾਸਲ ਕੀਤਾ ਜਦਕਿ ਦਿਵਿਆ ਘਰ ਦੇ ਘੁੱਟਵੇਂ ਮਾਹੌਲ ਤੋਂ ਉਕਤਾ ਕੇ ਭਟਕ ਗਈ ਤੇ ਨੇਹਾ ਨੂੰ ਕੁਝ ਕਰਕੇ ਦਿਖਾਉਣ ਦਾ ਮੌਕਾ ਹੀ ਨਾ ਮਿਲਿਆ। ਉਹ ਹਮੇਸ਼ਾ ਤੋਂ ਹੀ ਘਰ ਦੀ ਸਾਊ ਤੇ ਸ਼ਰੀਫ਼ ਕੁੜੀ ਹੀ ਬਣੀ ਰਹਿ ਗਈ। ਸੁਖ-ਸਹੂਲਤਾਂ ਵਾਲੇ ਜੀਵਨ ਨੇ ਉਸ ਦੀ ਆਪਣੀ ਪਹਿਚਾਣ ਹੀ ਉਸ ਤੋਂ ਖੋਹ ਲਈ।

ਹਰਵਿੰਦਰ ਭੰਡਾਲ ਦਾ ਪਹਿਲਾ ਨਾਵਲ 'ਮੈਲ਼ੀ ਮਿੱਟੀ' ਵੀ ਵੱਖਰੇ ਤਰੀਕੇ ਦਾ ਸੀ ਤੇ ਹੱਥਲਾ ਨਾਵਲ ਵੀ ਲੀਕੋਂ ਹੱਟ ਕੇ ਹੈ। ਭਾਵੇਂ ਨਾਵਲੀ ਬੁਣਤੀ ਵਿਚਲਾ ਬਿਰਤਾਂਤ ਪਾਠਕਾਂ ਲਈ ਕੋਈ ਨਵਾਂ ਨਹੀਂ, ਪਰ ਅਸਲੀ ਗੱਲ ਤਾਂ 'ਅੰਦਾਜ਼ੇ-ਬਿਆਂ' ਦੀ ਹੁੰਦੀ ਹੈ ਤੇ ਇਸ ਪੱਖੋਂ ਲੇਖਕ ਨੇ ਇਕ ਭੁੱਲਾ ਦਿੱਤੀ ਗਈ ਵਿਧਾ ਖ਼ਤਾਂ ਰਾਹੀਂ ਇਸ ਨੂੰ ਪੁਨਰ-ਜੀਵਿਤ ਕੀਤਾ। (**ਮੋ. 9868182835** )

# ਸਮਾਜ ਦਾ ਬਹੁਪਰਤੀ ਯਥਾਰਥ : ਮਿੱਟੀ ਦੀ ਚਿੜੀ

**ਡਾ. ਕੁਲਵਿੰਦਰ ਸਿੰਘ**




**'ਮਿੱਟੀ ਦੀ ਚਿੜੀ'** (**ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮੁੱਲ** 200, **ਪੰਨੇ** 80, **ਸਾਲ** 2021) ਨਾਵਲ ਸਾਡੇ ਸਮਾਜਿਕ ਯਥਾਰਥ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਇਸ ਨਾਵਲ ਦਾ ਨਾਇਕ ਨੌਜਵਾਨ ਹੈ ਜਿਹੜਾ ਸਮਾਜ ਦੇ ਵਿਭਿੰਨ ਸਰੋਕਾਰਾਂ ਨੂੰ ਨਵੇਂ ਦ੍ਰਿਸ਼ਟੀਕੋਣ ਅਨੁਸਾਰ ਵੇਖਦਾ ਹੈ।

ਨਾਵਲ ਇਕ ਨੌਜਵਾਨ ਦਾ ਜੀਵਨ ਬਿਰਤਾਂਤ ਹੈ। ਜਿਸ ਨੂੰ ਲੇਖਕ ਤਿੰਨ ਭਟਕਣਾਂ ਦੁਆਰਾ ਪੇਸ਼ ਕਰਦਾ ਹੈ। ਲਹੂ ਦੇ ਰਿਸ਼ਤਿਆਂ ਦੇ ਸਰਦ ਹੋਣ ਨੂੰ ਲੇਖਕ ਬਾਖ਼ੂਬੀ ਚਿਤਰਦਾ ਹੈ। ਜ਼ਿੰਦਗੀ ਤੇ ਮੌਤ ਨਾਲ ਜੂਝਦੀ ਔਰਤ ਪਾਤਰ ਸੁੱਖੂ ਦੇ ਭਰਾ-ਭਰਜਾਈ ਉਸ ਕੋਲ ਆਉਣ ਤੋਂ ਪਹਿਲਾਂ ਉਹ ਦਰਬਾਰ ਸਾਹਿਬ ਮੱਥਾ ਟੇਕਦੇ ਤੇ ਫਿਰ ਫਿਲਮ ਵੇਖਦੇ ਹਨ। ਬਜ਼ੁਰਗ ਪਿਤਾ ਦਾ ਕੁਝ ਧਨ ਬਦਲੇ ਆਪਣੀ ਧੀ ਨੂੰ ਫੌਜੀ ਅਫ਼ਸਰ ਨਾਲ ਵਿਆਹੁਣਾ, ਮੈਂ ਪਾਤਰ ਦੇ ਪਿਤਾ ਦੁਆਰਾ ਉਸਦੀ ਮਾਂ ਉੱਪਰ ਤਸ਼ੱਦਦ ਕਰਨਾ, ਉਸਦੇ ਪਿਤਾ ਦੀ ਤੀਸਰੀ ਪਤਨੀ ਦਾ ਉਸਦੇ ਛੋਟੇ ਭੈਣ-ਭਰਾ ਸਮੇਤ ਆਪਣਾ ਹਿੱਸਾ ਲੈ ਕੇ ਚਲੇ ਜਾਣਾ, ਸਿੰਦਰ ਦੇ ਮਾਪਿਆਂ ਦਾ ਉਸਦੀ ਇੱਛਾ ਵਿਰੁੱਧ ਵਿਆਹ ਕਰਨਾ ਆਦਿ ਨਾਵਲੀ ਬਿਰਤਾਂਤ ਖ਼ੂਨ ਦੇ ਰਿਸ਼ਤਿਆਂ ਨੂੰ ਆਏ ਖੇਤਲੇਪਣ ਨੂੰ ਆਲੋਚਨਾਤਮਿਕ ਰੂਪ ਵਿਚ ਪ੍ਰਗਟਾਉਂਦਾ ਹੈ।

ਕਿਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਨਾਵਲਕਾਰ ਵਾਸਤਵਿਕ ਰੂਪ ਵਿਚ ਸਿਰਜਦਾ ਹੈ। ਰਾਇ ਸਿੱਖ ਬਰਾਦਰੀ ਦੇ ਕਿਰਤੀ ਲੋਕ ਬੰਜਰ ਜ਼ਮੀਨ ਨੂੰ ਆਪਣੀ ਮਿਹਨਤ ਤੇ ਸਿਰੜ ਦੁਆਰਾ ਵਾਹੀਯੋਗ ਭੂਮੀ ਵਿਚ ਤਬਦੀਲ ਕਰਦੇ ਹਨ। ਮੈਂ ਪਾਤਰ ਦੇ ਬਲਦ ਦਾ ਸੜਨਾ, ਹੜ੍ਹਾਂ ਕਾਰਨ ਫ਼ਸਲਾਂ ਦਾ ਡੁੱਬਣਾ, ਦਿਆਲ ਤੇ ਬਾਬਾ ਮੁਣਸ਼ੇ ਦੇ ਪਰਿਵਾਰ ਦੁਆਰਾ ਹੜ੍ਹਾਂ ਸਮੇਂ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ, ਬੱਚਿਆਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣਾ, ਫੌਜ ਦੁਆਰਾ ਸਕੂਲ, ਧਰਮਸ਼ਾਲਾ, ਕਿਸੇ ਪੱਕੇ ਘਰਾਂ ਦੀਆਂ ਛੱਤੇ ਉੱਤੇ ਫਸੇ ਹੜ੍ਹ ਪੀੜ੍ਹਤਾਂ ਨੂੰ ਰਾਹਤ ਕੈਂਪਾਂ ਵਿਚ ਪਹੁੰਚਾਉਣਾ ਆਦਿ ਦਰਪੇਸ਼ ਸਮੱਸਿਆਵਾਂ ਨੂੰ ਨਾਵਲ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ।

ਬਿਰਤਾਂਤਕਾਰ ਦੀ ਇਕੱਲਤਾ ਉਸ ਨੂੰ ਸਾਹਿਤ ਸਿਰਜਣਾ ਲਈ ਪ੍ਰੇਰਦੀ ਹੈ। ਉਹ ਪਹਿਲੀ ਕਹਾਣੀ ਆਪਣੀ ਮਾਂ ਬਾਰੇ ਲਿਖਦਾ ਹੈ ਅਤੇ ਦੂਸਰੀ ਉਸ ਮਹਿਬੂਬ ਕੁੜੀ ਬਾਰੇ ਰਚਦਾ ਹੈ ਜਿਹੜੀ ਜੇ. ਬੀ. ਟੀ. ਵਿਚ ਉਸਦੀ ਸਹਿਪਾਠਣ ਸੀ। ਉਹ ਸਾਹਿਤਕ ਪਰਚਾ 'ਅੱਖਰ' ਵੀ ਕੱਢਦਾ ਹੈ। ਉਹ ਚੰਗੇ ਕਹਾਣੀਕਾਰ ਵਜੋਂ ਸਥਾਪਿਤ ਹੁੰਦਾ ਹੋਇਆ ਪ੍ਰੇਮ ਨਗਰ ਵਿਚ ਆਪਣਾ ਪੱਕਾ ਵਿਸੇਬਾ ਕਰਦਾ ਹੈ। ਉਹ ਅਧਿਆਪਕ ਹੋਣ ਕਰਕੇ ਇਸ ਵਰਗ ਉੱਪਰ ਵਿਅੰਗ ਕਰਦਾ ਹੋਇਆ ਇਸ ਕਿੱਤੇ ਨਾਲ ਜੁੜੇ ਭੈੜੇ ਵਿਵਹਾਰ ਵਾਲੇ ਅਧਿਆਪਕਾਂ ਨੂੰ ਬੇਨਕਾਬ ਵੀ ਕਰਦਾ ਹੈ। ਉਹ ਯੂਨੀਵਰਸਿਟੀਆਂ ਵਿਚ ਉੱਚ ਸਿੱਖਿਆ ਪ੍ਰਾਪਤ ਕਰਦੇ ਅਜਿਹੇ ਖੋਜਾਰਥੀਆਂ ਨੂੰ ਵੀ ਸਾਹਮਣੇ ਲਿਆਉਂਦਾ ਹੈ ਜਿਹੜੇ ਲਾਇਬ੍ਰੇਰੀਆਂ ਵਿੱਚੋਂ ਪੁਸਤਕਾਂ ਚੋਰੀ

ਕਰਦੇ ਹਨ।

ਨਾਵਲ ਬਿਰਤਾਂਤਕਾਰ ਦੀ ਅਧੂਰੇ ਰਿਸ਼ਤਿਆਂ ਪ੍ਰਤੀ ਸੰਵਦੇਨਾ ਨੂੰ ਵੀ ਪ੍ਰਗਟਾਉਂਦਾ ਹੈ। ਸਹਿਪਾਠਣ ਦੋਸਤ ਉਸ ਨੂੰ ਕੋਕਾ ਕੋਲੇ ਰੰਗ ਦਾ ਸਵੈਟਰ ਭੇਂਟ ਕਰਦੀ ਹੈ। ਇਸ ਸੰਬੰਧੀ ਉਹ 'ਕੋਕੇ ਕੋਲੇ ਰੰਗਾ ਸਵੈਟਰ' ਕਹਾਣੀ ਲਿਖ ਕੇ ਆਪਣੀ ਨਾਕਾਮ ਮੁਹੱਬਤ ਨੂੰ ਪ੍ਰਗਟਾਉਂਦਾ ਹੈ। ਉਹ ਭੋਲੀ-ਭਾਲੀ ਹਰਨੋਟੀਆਂ ਅੱਖਾ ਵਾਲੀ ਕੁੜੀ, ਨੀਲੂ ਕਮਰੇ ਨੂੰ ਘਰ ਬਣਾਉਣ ਵਾਲੀ, ਸੁੱਖੂ ਗਹਿਰੀਆਂ ਤੇ ਉਦਾਸ ਅੱਖਾਂ ਵਾਲੀ, ਬੇਟ ਦੀ ਸਾਂਵਲੀ ਸਲੋਨੀ ਮਿਰਗ ਨੈਣੀ ਕੁੜੀ ਅਤੇ ਸਿੰਦਰ ਭੈਣ ਦੇ ਅਧੂਰੇ ਰਿਸ਼ਤਿਆਂ ਨੂੰ ਬਾਖ਼ੂਬੀ ਸਿਰਜਦਾ ਹੈ।

ਬਿਰਤਾਂਤਕਾਰ ਆਪਣੇ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਦਾ ਹੋਇਆ ਪੇਂਡੂ ਧਰਾਤਲ ਦੇ ਅਨੇਕਾਂ ਰੰਗਾਂ ਨੂੰ ਉਜਾਗਰ ਕਰਦਾ ਹੈ। ਆਪਣੀਆਂ ਸਿਮਰਤੀਆਂ ਰਾਹੀਂ ਪਿੰਡ ਵਿਚ ਉਹ ਵੱਡਿਆਂ ਦੀ ਟੋਲੀ ਜਿਸ ਵਿਚ ਬਚਨਾ ਰਾਜਾ, ਸੋਹਣਾ ਸੁਨਿਆਰਾ, ਫੌਜੀ ਕੰਧਾਰਾ ਅਤੇ ਧਰਤੀ ਧਕੇਲ ਸਿੰਘ ਆਦਿ ਨਾਲ ਤਖ਼ਤਪੋਸ਼ 'ਤੇ ਬੈਠ ਕੇ ਤਾਸ਼ ਖੇਡਦਾ ਹੈ। ਉਹ ਆਪਣੇ ਦੋਸਤਾਂ ਨਾਲ ਛੱਪੜ ਕੰਢੇ ਖੇਡੀਆਂ ਖੇਡਾਂ ਵਿਚ ਖੁੱਤੀ, ਨੱਕਾਂ ਪੂਰ, ਕੌਡਾਂ ਤੇ ਬਾਂਟੇ ਖੇਡਦਾ ਅਤੇ ਨਹਾਉਂਦਾ ਹੈ। ਚੋਰ ਸਿਪਾਹੀ ਖੇਡਣ ਵੇਲੇ ਉਹ ਵਧੇਰੇ ਸਿਪਾਹੀ ਬਣਨ ਨੂੰ ਤਰਜੀਹ ਦਿੰਦਾ। ਉਹ ਪੰਜਾਬੀਆਂ ਦੇ ਘਰ ਦੇ ਬਣੇ ਪਕਵਾਨਾਂ ਸੰਬੰਧੀ ਆਖਦਾ ਹੈ ਕਿ ਸਿਆਲ 'ਚ ਉਹ ਚੁੱਲ੍ਹੇ ਦੀ ਬਲਦੀ ਅੱਗ ਮੂਹਰੇ ਬੈਠ ਅੰਮੀ ਦੇ ਹੱਥਾਂ ਦੀ ਪੱਕੀ ਮੱਕੀ ਦੀ ਰੋਟੀ ਅਤੇ ਕੌਲੇ ਸਾਗ ਦੇ ਉੱਤੇ ਮੱਖਣ ਦਾ ਪੇੜਾ ਰੱਖ ਸਵਾਦਾਂ ਨਾਲ ਖਾਣ ਅਤੇ ਗਰਮੀਆਂ 'ਚ ਲਜੀਜ਼ ਪੁਣਛੀ ਰਾਜ ਮਾਂਹ ਚੌਲਾਂ 'ਤੇ ਕੜਛੀ ਘਿਓ ਪਾ ਖਾਣ ਦਾ ਸਵਾਦ ਭਲਾ ਕੌਣ ਭੁਲਾ ਸਕਦਾ?"(ਪੰਨਾ-73)


ਨਾਵਲ ਦੇ ਅੰਤ ਵਿਚ ਉਹ ਆਪਣੇ ਮਨ ਦੇ ਅਹਿਸਾਸਾਂ ਨੂੰ ਵੀ ਬਿਆਨ ਕਰਦਾ ਹੈ। ਉਸਦੀ ਜਮਾਤਣ ਕੁੜੀ ਜਿਸਦੀ ਉਹ ਰੋਜ਼ ਸਵੇਰੇ ਸਕੂਲ ਜਾਣ ਵੇਲੇ ਉਡੀਕ ਕਰਦਾ, ਭੋਲੀ ਭਾਲੀ ਹਰਨੋਟੀਆਂ ਅੱਖਾਂ ਵਾਲੀ ਕੁੜੀ ਜਿਸਦੀ ਗੱਲ੍ਹ ਉੱਪਰ ਉਸ ਨੇ ਕਾਲੀ ਮਿੱਟੀ ਨਾਲ ਲਕੀਰ ਖਿੱਚੀ ਸੀ, ਕੋਕਾ ਕੋਲਾ ਸਵੈਟਰ ਭੇਂਟ ਕਰਨ ਵਾਲੀ ਸਹਿਪਾਠਣ ਦੇ ਹੱਥਾਂ ਦੀ ਘੁੱਟਣ ਦਾ ਨਿੱਘ, ਕਮਰੇ ਨੂੰ ਘਰ ਬਣਾਉਂਦੀ ਨੀਲੂ, ਸੁਖੂ ਦੀ ਨੀਲੀਆਂ, ਚੁੱਪ ਤੇ ਉਦਾਸ ਅੱਖਾਂ ਵਿਚਲੇ ਗੂੰਗੇ ਸੁਪਨੇ, ਸਿੰਦਰ ਭੈਣ ਦਾ ਆਪਣੀ ਮਰਜ਼ੀ ਨਾਲ ਮਾਰੂਥਲ ਵਿਚ ਗੁਆਚਣਾ, ਬੇਟ ਦੀ ਸਾਂਵਲੀ ਸਲੋਨੀ ਦਾ ਰਿਣ ਵੀ ਨਾ ਚੁਕਾ ਸਕਣਾ, ਬਾਬਾ ਮੁਣਸ਼ਾ ਤੇ ਦਿਆਲ ਦੁਆਰਾ ਸ਼ਾਇਦ ਉਸਦੇ ਕਦੇ ਨਾ ਪਰਤਣ ਦੀ ਅਰਦਾਸ ਕਰਨਾ ਅਤੇ 'ਮਿੱਟੀ ਦੀ ਚਿੜੀ' ਦਾ ਉਸ ਨੂੰ ਆਪਣੀ ਮਾਂ ਵਰਗੀ ਪ੍ਰਤੀਤ ਹੋਣ ਦੇ ਅਹਿਸਾਸ ਉਸਦੇ ਦਿਲ ਨੂੰ ਧਰਵਾਸ ਦਿੰਦੇ ਹਨ। ਉਹ ਇਨ੍ਹਾਂ ਅਹਿਸਾਸਾਂ ਨੂੰ ਆਪਣੀ ਰਹਿੰਦੀ ਜ਼ਿੰਦਗੀ ਬਤੀਤ ਕਰਨ ਲਈ ਵਧੇਰੇ ਮੁੱਲਵਾਨ ਸਮਝਦਾ ਹੈ।

ਨਾਵਲਕਾਰ ਆਪਣੀ ਸਵੈ-ਜੀਵਨੀ ਮੂਲਕ ਰਚਨਾ ਦੁਆਰਾ ਸਮੁੱਚੇ ਪੇਂਡੂ ਸਭਿਆਚਾਰ ਦੀ ਤਸਵੀਰਕਸੀ ਕਰਦਾ ਹੈ। ਨਾਵਲ ਪੜ੍ਹਦਿਆਂ ਪਾਠਕ ਇੰਝ ਮਹਿਸੂਸ ਕਰਦਾ ਹੈ ਜਿਵੇਂ ਲੇਖਕ ਉਂਗਲੀ ਫੜ ਕੇ ਉਸ ਦੀ ਪੰਜਾਬੀ ਸਮਾਜ, ਸਭਿਆਚਾਰ ਨਾਲ ਸਾਂਝ ਪਵਾਉਂਦਾ ਹੋਵੇ। ਉਹ ਪਾਤਰਾਂ ਦੀ ਮਾਨਸਿਕਤਾ ਨੂੰ ਉਘਾੜਨ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਉਹ ਪਾਤਰਾਂ ਦੀਆਂ ਇੱਛਾਵਾਂ, ਹਉਂਕੇ, ਚਾਵਾਂ, ਜ਼ਜਬਿਆਂ, ਕਿਰਿਆਵਾਂ ਤੇ ਪ੍ਰਤੀਕਿਰਿਆਵਾਂ ਨੂੰ ਬਹੁਤ ਹੀ ਸੂਖ਼ਮਤਾ ਨਾਲ ਪਕੜਦਾ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਮੁਖਤਾਰ ਗਿੱਲ ਦਾ ਇਹ ਨਿਵੇਕਲੀ ਸ਼ੈਲੀ ਵਿਚ ਲਿਖਿਆ ਨਾਵਲ ਹੈ। ਉਹ ਪੇਂਡੂ ਧਰਾਤਲ ਦੇ ਕਿਸਾਨ, ਕਿਰਤੀ ਵਰਗ ਤੋਂ ਲੈ ਕੇ ਉੱਚ ਸਿੱਖਿਆ ਨਾਲ ਸੰਬੰਧਿਤ ਯੂਨੀਵਰਸਿਟੀਆਂ ਵਿਚ ਫੈਲੇ ਭ੍ਰਿਸ਼ਟ ਤੰਤਰ, ਬੇਰੁਜ਼ਗਾਰੀ, ਰਾਜਨੀਤੀ, ਖ਼ੂਨ ਦੇ ਰਿਸ਼ਤਿਆਂ ਦਾ ਸਰਦ ਹੋਣਾ, ਔਰਤਾਂ ਦੀ ਤ੍ਰਾਸਦਿਕ ਸਥਿਤੀ ਆਦਿ ਹਰ ਵਰਤਾਰਿਆਂ ਨੂੰ ਆਪਣੀ ਰਚਨਾ ਦਾ ਹਿੱਸਾ ਬਣਾਉਂਦਾ ਹੈ। (**ਸੰਪਰਕ : 95012-45290** )

# ਪਰਵਾਸੀ ਪੰਜਾਬੀਆਂ ਦਾ ਇਤਿਹਾਸਕ ਬਿਰਤਾਂਤ : ਸ਼ਫਰ...

## ਡਾ. ਕੁਲਵਿੰਦਰ ਸਿੰਘ




ਬਰਤਾਨੀਆ ਵਿਚ ਪਰਵਾਸੀ ਪੰਜਾਬੀਆਂ ਦੇ ਜੀਵਨ ਬਾਰੇ ਨਿਰੰਤਰ ਲਿਖਣ ਵਾਲਾ ਗਲਪਕਾਰ ਹਰਜੀਤ ਅਟਵਾਲ ਹੈ। ਉਸ ਦੇ ਵਨ ਵੇਅ, ਰੇਤ, ਸਵਾਰੀ, ਸਾਊਥ ਹਾਲ, ਬ੍ਰਿਟਿਸ਼ ਬੌਰਨ ਦੇਸ਼ੀ, ਮੁੰਦਰੀ ਡੌਟ ਕੌਮ, ਹਾਦਸੇ ਆਦਿ ਨਾਵਲ ਪੰਜਾਬੀ ਸਾਹਿਤ ਜਗਤ ਵਿਚ ਜ਼ਿਕਰਯੋਗ ਵਾਧਾ ਕਰਦੇ ਹਨ। **'ਸ਼ਫਰ...'** (**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ, ਸਮਾਣਾ, ਮੁੱਲ** : 295, **ਪੰਨੇ** :192, **ਸਾਲ** : 2022) ਉਸਦਾ14 ਵਾਂ ਨਾਵਲ ਹੈ। ਇਸ ਨਾਵਲ ਰਾਹੀਂ ਨਾਵਲਕਾਰ ਵਿਸ਼ੇਸ਼ ਤੌਰ 'ਤੇ 'ਭਾਰਤੀ ਮਜ਼ਦੂਰ ਸਭਾ ਸਾਊਥਾਲ' ਦੇ ਇਤਿਹਾਸਕ ਸਫ਼ਰ ਨੂੰ ਵਾਸਤਵਿਕ ਰੂਪ ਵਿਚ ਪੇਸ਼ ਕਰਦਾ ਹੈ। ਲੇਖਕ ਖ਼ੁਦ ਇਸਦਾ ਮੈਂਬਰ ਹੋਣ ਕਾਰਨ ਪੰਜਾਬੀਆਂ ਦੀ ਸਹਾਇਤਾ ਕਰਨ ਵਾਲੀ ਇਸ ਸੰਸਥਾ ਦੇ ਕੰਮਾਂ ਦਾ ਚਸ਼ਮਦੀਦ ਗਵਾਹ ਵੀ ਹੈ।

ਇਸ ਨਾਵਲ ਦੁਆਰਾ ਲੇਖਕ ਬਰਤਾਨੀਆ ਦੇ ਪਰਵਾਸੀਆਂ ਪੰਜਾਬੀਆਂ ਦੇ ਪਰਵਾਸ ਧਾਰਨ ਤੇ ਪੱਕੇ ਹੋਣ ਲਈ ਅਨੇਕਾਂ ਸਮੱਸਿਆਵਾਂ ਤੇ ਵਿਤਕਰਿਆਂ ਨੂੰ ਮੂਰਤੀਮਾਨ ਕਰਦਾ ਹੈ। ਜਿਹਨਾਂ ਵਿਚ ਨਸਲਵਾਦ, ਰੰਗ, ਤਨਖ਼ਾਹ, ਕੰਮ ਆਦਿ ਵਿਤਕਰਿਆਂ ਨੂੰ ਉਭਾਰਦਾ ਹੈ। ਗੋਰਿਆਂ ਦਾ ਕਾਲ਼ਿਆਂ ਨੂੰ ਘਰ ਕਿਰਾਏ ਤੇ ਨਾ ਦੇਣਾ, ਪੱਗਾਂ ਵਾਲਿਆਂ ਨੂੰ ਕੰਮ ਨਾ ਦੇਣਾ, ਅੰਗਰੇਜ਼ਾਂ ਦੁਆਰਾ ਭਾਰਤੀਆਂ ਨੂੰ ਘਰ ਨਾ ਵੇਚਣਾ ਅਤੇ ਜੇ ਕੋਈ ਵੇਚਦੇ ਤਾਂ ਉਹ ਮਹਿੰਗੇ ਭਾਅ ਤੇ ਵੇਚਦਾ। ਜਿਵੇਂ-ਜਿਵੇਂ ਏਸ਼ੀਅਨਾਂ ਦੀ ਗਿਣਤੀ ਵਧਦੀ ਹੈ, ਨਸਲਵਾਦੀ ਵਿਤਕਰਾ ਵੀ ਉਸੇ ਰੂਪ ਵਿਚ ਵਧਦਾ ਹੈ। ਜਿਸ ਦਾ ਵੇਰਵਾ ਨਾਵਲ ਵਿਚ ਥਾਂ-ਥਾਂ ਮਿਲਦਾ ਹੈ। ਬਰਤਾਨੀਆ ਦੇ ਨੈਸ਼ਨਲ ਫਰੰਟ, ਟੈਡੀ ਬੁਆਏਜ਼, ਸਕਿੰਨ ਹੈੱਡ ਜਾਂ ਕੋਈ ਹੋਰ ਨਸਲਵਾਦੀ ਗਰੁੱਪ ਭਾਰਤੀਆਂ ਨਾਲ ਅਣਮਨੁੱਖੀ ਵਿਵਹਾਰ ਕਰਦੇ ਹਨ। ਉਹ ਆਪਣੇ ਅਮਾਨਵੀ ਵਿਵਹਾਰ ਦੁਆਰਾ ਬੱਚਿਆਂ ਨੂੰ ਨਹੀਂ ਬਖ਼ਸ਼ਦੇ। ਨਾਵਲ ਦੇ ਪ੍ਰਮੁੱਖ ਪਾਤਰ ਸਤਿਕਾਰ ਅਤੇ ਕਵੀ ਮੱਖਣ ਸਿੰਘ ਵੀ ਨਸਲਵਾਦੀ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ। ਅਜਿਹੇ ਨਸਲੀ ਵਿਤਕਰੇ ਕਾਰਨ ਹੀ ਨੌਜਵਾਨ ਗੁਰਦੀਪ ਸਿੰਘ ਘੱਚਰ ਨੂੰ ਆਪਣੀ ਜਾਨ ਗੁਆਉਣੀ ਪੈਂਦੀ ਹੈ। ਇਸ ਵਿਤਕਰੇ ਪ੍ਰਤੀ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਚੁੱਪ ਵੱਟੀ ਰੱਖਦੀ ਹੈ ਜਦੋਂ ਕਿ ਨਵੀਂ ਪੀੜ੍ਹੀ ਇਸ ਨਾਲ ਟੱਕਰ ਲੈਂਦੀ ਹੈ। "ਡੈਡ, ਇਹਨਾਂ ਬੁੱਢਿਆਂ ਨੇ ਸਾਨੂੰ ਸ਼ਰਮਿੰਦਿਆਂ ਕੀਤਾ ਐ?"

ਨਾਵਲ ਪ੍ਰਮੁੱਖ ਤੌਰ 'ਤੇ 'ਭਾਰਤੀ ਮਜ਼ਦੂਰ ਸਭਾ' ਸਾਊਥਾਲ ਦੇ ਇਤਿਹਾਸ, ਪ੍ਰਾਪਤੀਆਂ, ਕੰਮਾਂ ਆਦਿ ਨੂੰ ਆਪਣੇ ਨਾਵਲੀ ਸੰਵਾਦ ਦਾ ਹਿੱਸਾ ਬਣਾਉਂਦਾ ਹੈ। ਇਹ ਬਰਤਾਨੀਆ ਪਹੁੰਚੇ ਪੰਜਾਬੀਆਂ ਦੇ ਪਰਵਾਸ ਧਾਰਨ ਦੀਆਂ ਮਜ਼ਬੂਰੀਆਂ ਜਾਂ ਆਰਥਿਕਤਾ ਨਾਲੋਂ ਸਭਾ ਦੇ ਕਾਰਜਾਂ ਨੂੰ ਬਿਆਨ ਕਰਦਾ ਹੈ। ਸਭਾ ਬਣਾਉਣ ਲਈ ਅੱਗੇ ਆਉਣ ਵਾਲੇ ਵਿਅਕਤੀਆਂ, ਪ੍ਰਧਾਨਗੀ ਤੇ ਸਕੱਤਰਾਂ ਦੇ ਅਹੁਦਿਆਂ ਪਿੱਛੇ ਭੱਜਣ ਵਾਲੇ ਸਵਾਰਥੀ ਲੋਕਾਂ ਨੂੰ ਵੀ ਲੇਖਕ ਆਲੋਚਨਾਤਮਿਕ ਰੂਪ ਵਿਚ ਪਗਟਾਉਂਦਾ ਹੈ। ਸਭਾ ਦੁਆਰਾ

ਡੁਮੀਨੀਅਨ ਸਿਨੇਮਾ ਖ਼ਰੀਦ ਕੇ ਭਾਰਤੀਆਂ ਲਈ ਮਨੋਰੰਜਨ ਦਾ ਪ੍ਰਬੰਧ ਕਰਨਾ, ਸਿਨੇਮਾ ਦੇ ਮਾਧਿਅਮ ਰਾਹੀਂ ਮੈਂਬਰਾਂ ਦੀ ਗਿਣਤੀ ਤੇ ਕਮਾਈ ਵਿਚ ਵਾਧਾ ਹੋਣਾ। ਇਸੇ ਤਰ੍ਹਾਂ ਗੁਰਦੁਆਰੇ ਵੀ ਪਰਵਾਸੀਆਂ ਲਈ ਸਭਿਆਚਾਰਕ ਕੇਂਦਰ ਵਜੋਂ ਕੰਮ ਕਰਦੇ ਹਨ। ਜਿੱਥੇ ਲੋਕ ਇਕ-ਦੂਸਰੇ ਨੂੰ ਮਿਲਣ ਆਉਂਦੇ, ਦੁੱਖ-ਸੁੱਖ ਸਾਂਝੇ ਕਰਦੇ ਤੇ ਨਵੀਆਂ ਸਾਂਝਾਂ ਪਾਉਂਦੇ ਹੋਏ ਨਵੇਂ ਰਿਸ਼ਤੇ ਵੀ ਸਿਰਜਦੇ ਹਨ।

ਪਹਿਲਾਂ-ਪਹਿਲ ਪਰਵਾਸੀਆਂ ਨੂੰ ਫੈਕਟਰੀਆਂ ਵਿਚ ਕੰਮ ਕਰਨਾ ਪੈਂਦਾ ਹੈ ਅਤੇ ਫਿਰ ਉਹ ਇਸ ਕੰਮ ਨੂੰ ਛੱਡ ਕੇ ਏਅਰਪੋਰਟ, ਡਾਕਖਾਨੇ, ਟਰਾਂਸਪੋਰਟ, ਬ੍ਰਿਟਿਸ਼ ਰੇਲਵੇ, ਟੈਲੀਫੋਨ ਐਂਡ ਕਮਨੀਕੇਸ਼ਨਜ਼ ਆਦਿ ਮਹਿਕਮਿਆਂ ਵਿਚ ਕੰਮ ਕਰਨ ਲੱਗਦੇ ਹਨ। ਨਾਵਲ ਦਾ ਕੇਂਦਰੀ ਪਾਤਰ ਸਤਿਕਾਰ ਵੀ ਡਾਕਖਾਨੇ ਵਿਚ ਨੌਕਰੀ ਕਰਨ ਨੂੰ ਪ੍ਰਮੁੱਖਤਾ ਦਿੰਦਾ ਹੈ। ਇਸ ਤੋਂ ਇਲਾਵਾ ਪੂਰਨ ਪੁਰੇਵਾਲ ਦਾ ਆਪਣਾ ਰੈਸਟੋਰੈਂਟ ਖੋਲਣਾ, ਗੁਰਮੇਲ ਸਹੋਤਾ ਦਾ ਬੀਮੇ ਦਾ ਕੰਮ ਕਰਨਾ, ਸਤਵੰਤ ਮਾਨ ਦਾ ਟਰੈਵਲ ਏਜੰਸੀ, ਸੁਰਜੀਤ ਥਾਂਦੀ ਦਾ ਗਰੌਸਰੀ ਦੀ ਦੁਕਾਨ, ਗੁਰਨਾਮ ਗਿੱਲ ਦਾ ਸ਼ਰਾਬ ਦਾ ਠੇਕਾ, ਪੱਬਾਂ, ਕਲੱਬਾਂ ਆਦਿ ਹੋਰ ਵਿਭਿੰਨ ਕਿੱਤੇ ਅਪਣਾਉਂਦੇ ਹਨ।

ਨਾਵਲ ਬਰਤਾਨੀਆ ਦੇ ਆਰਥਿਕ, ਸਮਾਜਿਕ ਤੇ ਰਾਜਨੀਤਕ ਹਾਲਤਾਂ ਨੂੰ ਵੀ ਬਿਆਨ ਕਰਦਾ ਹੈ, ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਥੈਚਰ ਨੂੰ ਕਿਸੇ ਦੁਆਰਾ ਲੈਟਰ ਬੰਬ ਭੇਜਣਾ ਪਰ ਉਸਦਾ ਬਚ ਨਿਕਲਣਾ, ਬੇਰੁਜ਼ਗਾਰੀ ਦਾ ਹੋਰ ਵਧਣਾ, ਆਈਰਸ਼ ਫਰੀਡਮ ਫਾਈਟਰਾਂ ਦਾ ਤਰਥੱਲੀ ਮਚਾਉਣਾ, ਆਈ. ਆਰ. ਏ. ਆਇਰਲੈਂਡ ਦੀ ਖਾੜਕੂ ਜਥੇਬੰਦੀ ਦੇ ਲੜਾਕਿਆਂ ਦੁਆਰਾ ਜੇਲ੍ਹ ਵਿਚ ਹੜਤਾਲ ਕਰਨਾ, ਬੌਬੀ ਸੈਂਡਜ਼ ਦਾ 66 ਦਿਨਾਂ ਦੀ ਹੜਤਾਲ ਤੋਂ ਬਾਅਦ ਸ਼ਹੀਦ ਹੋਣਾ, ਥੈਚਰ ਦੁਆਰਾ ਉਨ੍ਹਾਂ ਦੀ ਕੋਈ ਵੀ ਮੰਗ ਨਾ ਮੰਨਣਾ, ਲਿਵਰਪੂਲ ਵਿਚ ਨਸਲਵਾਦੀ ਫਸਾਦ ਸ਼ੁਰੂ ਹੋਣਾ ਆਦਿ ਪ੍ਰਸਥਿਤੀਆਂ ਨੂੰ ਨਾਵਲ ਵਾਸਤਵਿਕ ਰੂਪ ਵਿਚ ਚਿਤਰਦਾ ਹੈ। ਇਸਦੇ ਨਾਲ ਹੀ ਭਾਰਤ ਤੇ ਪੰਜਾਬ ਦੇ ਸਮਾਜਿਕ ਤੇ ਰਾਜਨੀਤਕ ਹਾਲਤਾਂ ਵਿਚ ਖਾਲਿਸਤਾਨੀ ਲਹਿਰ ਦਾ ਜ਼ੋਰ ਫੜਨਾ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਧਾਰਮਿਕ ਨੇਤਾ ਵਜੋਂ ਉਭਰਨਾ, ਪੰਜਾਬ ਕਾਂਗਰਸ ਤੇ ਅਕਾਲੀਆਂ ਦੀ ਰਾਜਨੀਤਕ ਦੁਸ਼ਮਣੀ ਹੋਣਾ, ਸੰਤ ਜੀ ਦਾ ਦੋਵਾਂ ਪਾਰਟੀਆਂ ਦੇ ਖਿਲਾਫ਼ ਹੋਣਾ, ਪੰਜਾਬ ਵਿਚ ਆਤੰਕਵਾਦ ਦਾ ਵਧਣਾ, ਕਤਲੋ-ਗਾਰਤ ਹੋਣਾ, ਬੱਸਾਂ ਵਿਚੋਂ ਕੱਢ-ਕੱਢ ਕੇ ਲੋਕਾਂ ਦਾ ਮਾਰਿਆ ਜਾਣਾ, ਸਿੱਖਾਂ ਨੂੰ ਆਤੰਕਵਾਦੀ ਕੌਮ ਦੇ ਤੌਰ 'ਤੇ ਪੇਸ਼ ਕਰਨਾ ਆਦਿ ਹਾਲਤਾਂ ਨੂੰ ਨਾਵਲ ਬਾਖ਼ੂਬੀ ਪ੍ਰਗਟਾਉਂਦਾ ਹੈ। ਬਰਤਾਨੀਆ ਵਿਚ ਖਾਲਿਸਤਾਨੀ ਲਹਿਰ ਦੇ ਪੱਖ ਵਿਚ ਲੋਕਾਂ ਦਾ ਇਕੱਤਰ ਹੋਣਾ, ਸਤਿਕਾਰ ਦੀ ਪਤਨੀ ਜੀਤੀ ਦਾ ਇਸ ਲਹਿਰ ਤੋਂ ਪ੍ਰਭਾਵਿਤ ਹੋਣਾ ਆਦਿ ਵਰਤਾਰਿਆਂ ਨੂੰ ਵੀ ਲੇਖਕ ਨਾਵਲੀ ਸੰਵਾਦ ਦਾ ਹਿੱਸਾ ਬਣਾਉਂਦਾ ਹੈ।

ਪੀੜ੍ਹੀ ਪਾੜੇ ਦੀ ਸਮੱਸਿਆ ਨੂੰ ਵੀ ਲੇਖਕ ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਪਰਸਪਰ ਸੰਵਾਦ ਰਾਹੀਂ ਉਭਾਰਦਾ ਹੈ। ਪੁਰਾਣੀ ਪੀੜ੍ਹੀ ਰੂਸ ਨੂੰ ਸਮਾਜਵਾਦੀ ਮੁਲਕ ਹੋਣ ਕਾਰਨ ਉਸਦੇ ਲੋਕ ਭਲਾਈ ਕਾਰਜਾਂ ਦੀ ਪ੍ਰਸੰਸਾ ਕਰਦੀ ਹੈ ਜਦੋਂ ਕਿ ਨਵੀਂ ਪੀੜ੍ਹੀ ਉਸ ਨੂੰ ਡਿਕਟੇਟਰਸ਼ਿਪ ਘੋਸਿਤ ਕਰਦੀ ਹੈ। "ਡੈਡ, ਆਪਣੇ ਅੰਕੜੇ ਠੀਕ ਕਰ, ਇਥੇ ਡੈਮੋਕਰੇਸੀ ਐ, ਉਥੇ ਡਿਕਟੇਟਰਸ਼ਿਪ। ਲੋਕ-ਭਲਾਈ ਇਹ ਹਕੂਮਤ ਐ।" ਨਵੀਂ ਪੀੜ੍ਹੀ ਆਪਣੇ ਮਾਪਿਆਂ ਨੂੰ ਕਹਿੰਦੀ ਹੈ ਕਿ ਇਸ ਮੁਲਕ ਵਿਚ ਆਉਣ ਦਾ ਫੈਸਲਾ ਤੁਹਾਡਾ ਆਪਣਾ ਸੀ। ਤੁਸੀਂ ਇਸ ਮੁਲਕ ਵਿਚ ਰਹਿੰਦੇ ਹੋ ਅਤੇ ਭਲਾਈ ਤੁਸੀਂ ਦੂਸਰੇ ਦੇਸ ਰੂਸ ਦੀ ਚਾਹੁੰਦੇ ਹੋ। ਨਾਵਲਕਾਰ ਪੀੜ੍ਹੀ ਪਾੜੇ ਵਿਚਲੀ ਇਸ ਸੋਚ ਦੁਆਰਾ ਪਰਵਾਸੀ ਪੰਜਾਬੀਆਂ ਅੱਗੇ ਅਨੇਕਾਂ ਸੁਆਲ ਖੜ੍ਹੇ ਕਰਦਾ ਹੈ।

ਇਸ ਤੋਂ ਇਲਾਵਾ ਸਕੂਲਾਂ ਵਿਚ ਬੱਸਿੰਗ ਦੀ ਨੀਤੀ, ਸਕੂਲਾਂ ਵਿਚ ਅੰਗਰੇਜ਼ਾਂ ਤੇ ਪੰਜਾਬੀਆਂ ਦੇ ਬੱਚਿਆਂ ਵਿਚ ਆਪਸੀ ਵਿਤਕਰਾ, ਪਰਵਾਸੀਆਂ ਦਾ ਬਰਤਾਨੀਆ ਦੀ ਰਾਜਨੀਤੀ ਵਿਚ ਸਰਗਰਮ

ਹੋਣਾ, ਭੰਗੜੇ, ਕਬੱਡੀ, ਫੁੱਟਬਾਲ ਦੀਆਂ ਟੀਮਾਂ ਬਣਾਉਣਾ, ਸਭਾ ਦੁਆਰਾ ਗੈਰ-ਕਾਨੂੰਨੀਆਂ ਨੂੰ ਪੱਕੇ ਕਰਵਾਉਣ ਲਈ ਸਰਕਾਰ ਉੱਪਰ ਦਬਾਅ ਬਣਾਉਣਾ, ਇੰਮੀਗਰੇਸ਼ਨ ਐਕਟਾਂ ਵਿਰੁੱਧ ਹੜਤਾਲਾਂ ਕਰਨਾ, ਬੱਚਿਆਂ ਦੇ ਪੱਗਾਂ ਸਮੇਤ ਸਕੂਲਾਂ ਵਿਚ ਦਾਖਲੇ ਕਰਵਾਉਣਾ, ਪਰਵਾਸੀਆਂ ਦੁਆਰਾ ਵੱਡੇ ਅਹੁਦੇ ਪ੍ਰਾਪਤ ਕਰਨਾ ਆਦਿ ਅਨੇਕਾਂ ਸਮੱਸਿਆਵਾਂ ਨੂੰ ਨਾਵਲ ਬਾਖ਼ੂਬੀ ਚਿਤਰਦਾ ਹੈ।

ਇਸ ਨਾਵਲ ਨੂੰ ਪੜ੍ਹਦਿਆਂ ਕੁਝ ਸੁਆਲ ਉਭਰ ਕੇ ਸਾਹਮਣੇ ਆਉਂਦੇ ਹਨ ਜਿਵੇਂ ਕਿ ਜਿਹੜੇ ਪੰਜਾਬੀ ਸ਼ੁਰੂਆਤੀ ਦੌਰ ਵਿਚ ਪਰਵਾਸ ਧਾਰਦੇ ਹਨ ਉਹ ਵਿਦੇਸ਼ਾਂ ਵਿਚ ਮਜ਼ਦੂਰ ਸਭਾਵਾਂ ਬਣਾ ਕੇ ਆਪਣੇ ਅਧਿਕਾਰਾਂ ਪ੍ਰਤੀ ਸੰਘਰਸ਼ ਕਰਦੇ ਹਨ ਪਰੰਤੂ ਉਨ੍ਹਾਂ ਨੇ ਅਜਿਹੇ ਸੰਘਰਸ਼ ਆਪਣੇ ਦੇਸ਼ ਵਿਚ ਕਿਉਂ ਨਹੀਂ ਕੀਤੇ? ਜਦੋਂ ਕਿ ਉਹ ਬਰਤਾਨੀਆ ਵਿਚ ਬਦ ਤੋਂ ਬਦਤਰ ਪ੍ਰਸਥਿਤੀਆਂ ਵਿਚ ਰਹਿਣ ਲਈ ਮਜ਼ਬੂਰ ਹੁੰਦੇ ਹਨ। ਦੂਸਰਾ, ਕਮਿਊਨਿਸਟ ਸੋਚ ਦੇ ਧਾਰਨੀ ਪਾਤਰ ਨਿੱਜੀ ਜਾਇਦਾਦ ਦਾ ਵਿਰੋਧ ਕਰਦੇ ਹੋਏ ਸਰਮਾਏਦਾਰੀ ਦੇਸ਼ਾਂ ਨੂੰ ਭੰਡਦੇ ਹਨ ਜਦੋਂ ਕਿ ਉਹ ਖ਼ੁਦ ਬਰਤਾਨੀਆ ਵਰਗੇ ਮੁਲਕਾਂ ਵਿਚ ਪੱਕੇ ਹੋਣ ਲਈ ਜਦੋ-ਜਹਿਦ ਕਰਦੇ ਹਨ। ਪਰਵਾਸੀਆਂ ਨਾਲ ਨਸਲੀ ਵਿਤਕਰਾ ਹੋਣ ਦੇ ਬਾਵਜੂਦ ਵੀ ਭਾਈਚਾਰਕ ਸਾਂਝ, ਭੂ-ਹੇਰਵਾ, ਬਜ਼ੁਰਗ ਮਾਪਿਆਂ ਪ੍ਰਤੀ ਮੋਹ, ਪੰਜਾਬ ਵਾਪਿਸ ਪਰਤਣ ਦੀ ਤਾਂਘ,ਆਦਿ ਭਾਵਨਾਵਾਂ ਉਨ੍ਹਾਂ ਦੇ ਅੰਤਰੀਵੀ ਮਨ ਵਿੱਚੋਂ ਉਜਾਗਰ ਨਾ ਹੋਣ ਦੀ ਘਾਟ ਵੀ ਨਾਵਲ ਵਿਚ ਰੜਕਦੀ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਵਲਕਾਰ ਭਾਰਤੀ ਮਜ਼ਦੂਰ ਸਭਾ ਦੇ ਇਤਿਹਾਸ ਨੂੰ ਪੇਸ਼ ਕਰਨ ਦੇ ਨਾਲ-ਨਾਲ ਉਸਦੇ ਕਾਰਜਾਂ ਤੇ ਪ੍ਰਾਪਤੀਆਂ ਨੂੰ ਉਜਾਗਰ ਕਰਨ ਵਿਚ ਸਫ਼ਲ ਰਿਹਾ ਹੈ। ਉਹ ਸਭਾ ਦੇ ਇਤਿਹਾਸ ਨੂੰ ਪੇਸ਼ ਕਰਦਾ ਹੋਇਆ ਆਪਣੇ ਗਲਪੀ ਪ੍ਰਵਚਨ ਦੁਆਰਾ ਨਾਵਲ ਨੂੰ ਬੋਝਲ ਨਹੀਂ ਬਣਨ ਦਿੰਦਾ। ਉਹ ਨਾਵਲ ਵਿਚ ਮੁਹਾਵਰੇ ਤੇ ਅਖਾਣਾਂ ਦੀ ਸੁਚੱਜੀ ਵਰਤੋਂ ਕਰਦਾ ਹੈ। ਸੋ, ਨਾਵਲਕਾਰ ਵਧਾਈ ਦਾ ਹੱਕਦਾਰ ਹੈ, ਜਿਸਨੇ ਇਸ ਨਾਵਲ ਦੁਆਰਾ ਪੰਜਾਬੀ ਸਾਹਿਤ ਜਗਤ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ। (**ਸੰਪਰਕ : 95012-45290**)

**ਹਵਾਲੇ ਤੇ ਟਿੱਪਣੀਆਂ :**

1. ਹਰਜੀਤ ਅਟਵਾਲ , ਸਫ਼ਰ, ਸੰਗਮ ਪਬਲੀਕੇਸ਼ਨ ਸਮਾਣਾ, 2022, ਪੰਨਾ-148


2. ਉਹੀ , ਪੰਨਾ-181

**'ਕਹਾਣੀ ਧਾਰਾ' ਨੂੰ ਰੀਵਿਊ ਲਈ ਪਹੁੰਚੀਆਂ ਪੁਸਤਕਾਂ**



# 'ਓਹਦੀਆਂ ਅੱਖਾਂ 'ਚ ਸੂਰਜ ਹੈ' ਦੀ ਪੜ੍ਹਤ

## ਐੱਚ. ਐੱਸ. ਡਿੰਪਲ




ਜਤਿੰਦਰ ਸਿੰਘ ਹਾਂਸ ਪੰਜਾਬੀ ਕਹਾਣੀ ਦੀ ਚੌਥੀ ਪੀੜ੍ਹੀ ਦਾ ਗੌਲਣਯੋਗ ਹਸਤਾਖ਼ਰ ਹੈ। ਉਸਦੀ ਕਹਾਣੀ ਮੌਕਾ-ਮੇਲ ਦੇ ਕਥਾ-ਦੋਸ਼ ਤੋਂ ਮੁਕਤ, ਕਥਾ-ਰਸ ਨਾਲ ਭਰਪੂਰ, ਲੋਕ-ਧਾਰਾ ਵਿੱਚ ਗੜੁੱਚ, ਸੁਖਾਂਤ ਤੇ ਦੁਖਾਂਤ ਨੂੰ ਨਾਲੋ-ਨਾਲ ਪੇਸ਼ ਕਰਦੀ, ਨਿਰੰਤਰ ਤਣਾਉ ਸਿਰਜਦੀ ਪਾਠਕ ਨੂੰ ਅਚੰਭਿਤ ਕਰਦੀ ਹੋਈ, ਸੱਤਾ ਦਾ ਸੂਖਮ ਤੇ ਸੋਹਜਮਈ ਪ੍ਰਤੀਰੋਧ ਸਿਰਜਦਿਆਂ, ਇੱਕ ਵਿਸਫੋਟਕ ਅੰਤ ਨਾਲ ਖਤਮ ਹੁੰਦੀ ਹੈ। ਉਸਦੀ ਕਹਾਣੀ ਵਿੱਚ ਪਾਤਰ ਸਮੇਂ, ਸੱਤਾ ਤੇ ਸ਼ਕਤੀ ਦੇ ਸ਼ਿਕਾਰ ਹੁੰਦੇ ਹੋਏ, ਆਪਣਾ ਪੰਜਾਬੀ ਖਾਸਾ ਕਾਇਮ ਰੱਖਦੇ ਹਨ। ਪ੍ਰਤੀਰੋਧ ਦਾ ਮਾਦਾ ਦਿਖਾਉਂਦੇ ਹੋਏ, ਟਿੱਚਰ-ਤਨਜ਼ ਵਿੱਚ ਯਕੀਨ ਰੱਖਦਿਆਂ, ਆਪਣੇ ਸੁਭਾਅ ਮੁਤਾਬਿਕ ਵਿਹਾਰ ਕਰਦੇ ਹਨ। ਉਸਦੀ ਕਹਾਣੀ ਪਾਠਕ ਨੂੰ ਨਾਲ ਤੋਰਦੀ ਹੈ, ਕਹਾਣੀ ਵਿੱਚ ਨਿਰੰਤਰ ਰੁਚੀ ਕਾਇਮ ਰੱਖਦੀ ਹੈ। ਇੱਕ ਕਥਾਕਾਰ ਵਜੋਂ ਉਹ ਕਹਾਣੀ ਵਿੱਚ ਸ਼ੋਸ਼ਿਤ ਤੇ ਪੀੜਤ ਧਿਰ ਨਾਲ ਖੜ੍ਹਦਾ ਦਿਖਾਈ ਦਿੰਦੈ। ਨਿੱਕੇ-ਨਿੱਕੇ ਵਾਕਾਂ ਰਾਹੀਂ, ਸੰਘਣਾ ਤੇ ਭਾਵਪੂਰਤ ਬਿਰਤਾਂਤ ਉਸਾਰਦਾ ਹਾਂਸ ਪਾਠਕ ਦੇ ਦਿਮਾਗ ਵਿੱਚ ਉੱਠਦੇ ਸਵਾਲਾਂ ਦਾ ਜਵਾਬ ਦਿੰਦਾ, ਉਸਨੂੰ ਸ਼ਾਂਤ ਕਰਦਾ ਹੋਇਆ, ਬੜੀ ਚੁਸਤ ਚਾਲ ਅੱਗੇ ਵਧਦਾ, ਪਾਠਕ ਦੀ ਉਂਗਲੀ ਫੜ ਕੇ ਉਸਨੂੰ ਅੰਤ ਤੱਕ ਲੈ ਕੇ ਜਾਂਦਾ ਹੈ। ਗੌਰਤਲਬ ਹੈ ਕਿ ਕਹਾਣੀ ਦਾ ਮੂਲ ਢਾਂਚਾ ਤਾਂ ਇੱਕ ਫਰੇਮ / ਖੋਲ਼ ਹੁੰਦਾ ਹੈ, ਜਿਸ ਰਾਹੀਂ ਉਹ ਗੋਂਦ ਦੀ ਉਸਾਰੀ ਕਰਦਾ। ਗਲਪਕਾਰ ਦੀ ਕਥਾ-ਦ੍ਰਿਸ਼ਟੀ ਤਾਂ ਇਸਦੇ ਬਿਰਤਾਂਤ ਵਿੱਚ ਗੁੰਨ੍ਹੀ ਹੁੰਦੀ ਹੈ, ਜਿਸਨੂੰ ਡੀਕੋਡ ਕਰਨਾ ਇੱਕ ਆਲੋਚਕ ਦੀ ਜ਼ਿੰਮੇਵਾਰੀ ਹੈ।

**'ਓਹਦੀਆਂ ਅੱਖਾਂ 'ਚ ਸੂਰਜ ਹੈ'** (**ਪ੍ਰਕਾਸ਼ਕ ਆੱਟਮ ਆਰਟ**, **ਪੰਨੇ 111 , ਕੀਮਤ195/-**, **ਸਾਲ 2023**) ਵਿੱਚ11 ਕਹਾਣੀਆਂ ਸ਼ਾਮਿਲ ਹਨ। ਕਹਾਣੀ 'ਬੰਦਾ ਮਰਦਾ ਕਿੱਥੇ ਦੇਖ ਹੁੰਦਾ' ਵਿੱਚ ਦੋ ਸਕੂਲ ਅਧਿਆਪਕਾਵਾਂ ਦਾ ਆਪਸੀ ਸੂਟਾਂ ਦਾ ਮੁਕਾਬਲਾ ਤਾਂ ਇੱਕ ਕਥਾ-ਜੁਗਤ ਹੈ। ਇਸ ਵਿੱਚ ਅਧਿਆਪਕਾਵਾਂ ਹੀ ਚੇਅਰਮੈਨ ਦੀ ਮਾਂ ਦੀ ਮੌਤ ਤੇ ਦੁੱਖ ਵੰਡਾਉਣ ਦੀ ਰਸਮ ਨਿਭਾਉਣ ਦੇ ਸਮਾਜਿਕ ਫਰਜ਼ ਤੱਕ ਸੀਮਤ ਨਹੀਂ, ਚੇਅਰਮੈਨ ਖੁਦ ਵੀ ਹੈ। ਬੰਦੇ ਅੰਦਰ ਮਰ ਚੁੱਕੀ ਸੰਵੇਦਨਾ ਦੇ ਪਿਆਜ਼ ਦੇ ਅਨੇਕ ਛਿਲਕੇ, ਅਨੇਕ ਪਰਤਾਂ ਉਘਾੜਦਾ ਹਾਂਸ, ਬੜਾ ਸਹਿਜ, ਮਾਅਰਕੇਬਾਜ਼ੀ ਤੇ ਭਾਸ਼ਣਬਾਜ਼ੀ ਤੋਂ ਮੁਕਤ ਹੋ ਕੇ ਹਾਸੇ ਵਿੱਚ ਗੱਲ ਸੂਖਮ ਜਿਹੇ ਸੁਖਦ ਅਹਿਸਾਸ ਨਾਲ ਮੁਕਾਉਂਦਾ ਹੋਇਆ ਕਥਾ-ਜੁਗਤ ਦੇ ਮਾਧਿਅਮ ਰਾਹੀਂ ਸੰਵੇਦਨਹੀਣਤਾ ਨੂੰ ਬੇਪਰਦ ਕਰਦੈ।

ਸਮਕਾਲ ਦੇ ਨਾਜ਼ੁਕ ਮਸਲਿਆਂ ਨੂੰ ਪੂਰੀ ਸ਼ਿੱਦਤ, ਸੰਜੀਦਗੀ ਅਤੇ ਸੂਖਮਤਾ ਨਾਲ ਪੇਸ਼ ਕਰਨ ਦੇ ਨਾਲ-ਨਾਲ ਬਿਨਾਂ ਕਿਸੇ ਵਾਦ-ਵਰਤਾਰੇ ਦਾ ਘੋਸ਼ਿਤ ਬੁਲਾਰਾ ਬਣਦਿਆਂ, ਬੜੇ ਪੁਖਤਾ ਢੰਗ ਨਾਲ ਹਾਂਸ ਆਪਣੀ ਕਲਮ ਨੂੰ ਲੋਕ-ਧਾਰਾ, ਧਰਮ ਅਤੇ ਮਿਥਿਹਾਸ ਦੀ ਚਾਸ਼ਨੀ ਵਿੱਚ ਡੁਬੋ ਕੇ ਗੰਭੀਰ ਮੁੱਦਿਆਂ ਨੂੰ

ਕਥਾ-ਰਸ ਵਿੱਚ ਗੁੰਨ੍ਹਦਾ ਹੈ। ਧਰਮ, ਮਿਥਿਹਾਸ, ਲੋਕਧਾਰਾ, ਔਰਤ ਜ਼ਾਤ ਦੀ ਤਰਾਸਦੀ, ਘੱਟ-ਗਿਣਤੀਆਂ ਦੇ ਦੁਖਾਂਤ, ਪਸ਼ੂਆਂ ਦੇ ਦਰਦ ਅਤੇ ਸੱਤਾ ਦੇ ਪ੍ਰਤੀਰੋਧ ਨੂੰ ਸਮਰੱਥਾ, ਡੂੰਘਾਈ ਅਤੇ ਸ਼ਿੱਦਤ ਨਾਲ ਹਾਂਸ ਮਹਿਸੂਸ ਕਰਵਾਉਂਦੈ, ਤੇ ਕੁਸ਼ਲਤਾ ਅਤੇ ਰੌਚਿਕਤਾ ਨਾਲ ਇਨ੍ਹਾਂ ਮੁੱਦਿਆਂ ਨੂੰ ਕਹਾਣੀ ਵਿੱਚ ਨਿਭਾਉਂਦਾ ਹੈ। ਕਹਾਣੀ ਵਿੱਚ ਕਈ ਸਿਖ਼ਰ-ਬਿੰਦੂ ਹਨ ਅਤੇ ਕਹਾਣੀ ਦਾ ਅੰਤ ਪਾਠਕ ਨੂੰ ਹੈਰਾਨ ਹੀ ਨਹੀਂ, ਪ੍ਰੇਸ਼ਾਨ ਵੀ ਕਰਦੈ। ਕਹਾਣੀ ਦੇ ਦ੍ਰਿਸ਼ ਸਦੀਵੀ ਪਾਠਕ-ਮਨ ਤੇ ਛਪ ਜਾਂਦੇ ਹਨ। ਕਹਾਣੀ ਦਾ ਸਿਰਲੇਖ਼ ਐਨ ਢੁਕਵਾਂ, ਠੋਸ ਅਤੇ ਦਿਲ-ਖਿੱਚਵਾਂ ਹੈ। ਕਹਾਣੀ ਵਿੱਚ ਕਈ ਗੰਢਾਂ, ਕਈ ਘੁੰਡੀਆਂ, ਕਈ ਤਨਜ਼ਾਂ ਬੜੀਆਂ ਸੂਖਮ ਜੋ ਪਾਠਕ ਦੇ ਮਨ ਨੂੰ ਦ੍ਰਵਿਤ ਕਰਕੇ ਉਸਦੀ ਸੰਵੇਦਨਾ ਨੂੰ ਹਲੂਣਦੀਆਂ ਹਨ।

ਕਿਸ ਤਰ੍ਹਾਂ ਹਾਲਾਤਾਂ ਤੋਂ ਉਹ ਬਚਦੀ ਹੈ, ਕਿਵੇਂ ਆਪਣੀ ਹੋਣੀ ਨੂੰ ਗਾਂ 'ਮਿੱਠੋ' ਨਾਲ ਜੋੜਦੀ ਹੈ, ਕਿਵੇਂ ਉਸਦੇ ਨਰਮ-ਦਿਲ, ਹਮਦਰਦੀ, ਸੇਵਾ-ਭਾਵ ਅਤੇ ਕੁਰਬਾਨੀ ਵਾਲੇ ਕਿਰਦਾਰ ਦੀ ਘਾੜਤ ਹੁੰਦੀ ਹੈ, ਅਤੇ ਕਿਵੇਂ ਉਸਨੂੰ ਆਪਣੀ ਜਾਨ ਨਾਲੋਂ 'ਮਿੱਠੋ' ਵੱਧ ਅਹਿਮ ਬਣਦੀ ਹੈ, ਇਹ ਸਭ ਮਨੋਵਿਗਿਆਨਕ ਅਤੇ ਸਮਾਜ-ਸ਼ਾਸ਼ਤਰੀ ਨੁਕਤਿਆਂ ਨੂੰ ਬਾਖ਼ੂਬੀ ਪਕੜਿਆ ਹੈ ਕਥਾਕਾਰ ਨੇ।

ਦੂਜੀ ਕਹਾਣੀ 'ਸ਼ਗ੍ਰੀਂਹ ਦੇ ਪੱਤ' ਸਾਡੇ ਅੰਦਰਲੀ ਬਦੀ ਨੂੰ ਝੰਜੋੜ ਦੀ ਹੈ। ਅਚੰਭਤ ਕਰਨ ਵਾਲੇ ਆਰੰਭ ਨਾਲ ਹੀ ਪਾਠਕ ਨੂੰ ਬੰਨ੍ਹ ਤੇ ਜੋੜ ਲੈਣ ਬਾਅਦ ਹਾਂਸ, ਜਿਸ ਤਰ੍ਹਾਂ ਠੋਸ, ਢੁਕਵੇਂ ਬਿਰਤਾਂਤ ਰਾਹੀ ਂਕਥਾਨਕ ਨੂੰ ਉਭਾਰਦਾ ਹੋਇਆ, ਇੱਕ ਰਹੱਸ ਦੀ ਸਿਰਜਣਾ ਕਰਦਿਆਂ, ਲੋਕ-ਧਾਰਾਈ ਵੇਰਵਿਆਂ, ਚੁਸਤ ਫ਼ਿਕਰਿਆਂ ਤੇ ਪਾਤਰਾਂ ਦੀ ਅੰਤਰੀਵ ਮਾਨਸਿਕ ਅਵਸਥਾ ਨੂੰ ਚਿਤਰਦਾ, ਰਹੱਸ ਨੂੰ ਹੋਰ ਸੂਖਮ, ਡੂੰਘਾ ਤੇ ਗੂੜ੍ਹਾ ਕਰਦਿਆਂ ਸਧਾਰਣ ਪਾਠਕ ਮਨ ਅੰਦਰ ਚਲਦੇ ਸਵਾਲਾਂ ਦੀ ਤੋਰ ਪਛਾਣਦਾ, ਬੇਲੋੜੇ ਵੇਰਵੇ ਤੋਂ ਰਹਿਤ ਬਿਰਤਾਂਤ ਰਾਹੀਂ ਘੋਰ ਦੁਖਾਂਤ ਅੰਦਰ, ਪੰਜਾਬੀ ਸੁਭਾਅ ਵਾਲਾ ਹਾਸਾ ਤੇ ਤਨਜ਼ ਕਾਇਮ / ਪੈਦਾ ਹੀ ਨਹੀਂ ਕਰਦਾ, ਇਨਸਾਨ ਦੀ ਸਵਾਰਥੀ ਬਿਰਤੀ ਦੀ ਦ੍ਰਿੜ ਪੇਸ਼ਕਾਰੀ ਵੀ ਕਰਦੈ।

ਤੀਜੀ ਕਹਾਣੀ 'ਖੰਨਾ-ਖੰਨਾ ਈ ਆ' ਵਿਦੇਸ਼ਾਂ ਵੱਲ ਹੋ ਰਹੇ ਪ੍ਰਵਾਸ ਨੂੰ ਸੰਬੋਧਤ ਹੈ। ਇਸ ਕਹਾਣੀ ਵਿੱਚ ਨਾ ਅਵਚੇਤਨ ਹੈ, ਨਾ ਕਿਸੇ ਵਿਸੰਗਤੀ, ਦਵੰਦ ਜਾਂ ਵਿਰੋਧਾ ਭਾਸ ਨੂੰ ਫੜਿਆ ਹੈ, ਨਾ ਨਵੇਂ ਮਾਪਦੰਡ ਸਥਾਪਤ ਕੀਤੇ ਹਨ, ਨਾ ਰਿਸ਼ਤਿਆਂ ਦੀ ਟੁੱਟ-ਭੱਜ ਹੈ, ਨਾ ਮਾਨਸਿਕ + ਸਮਾਜਿਕ ਦਾਬੇ ਦਾ ਜ਼ਿਕਰ ਤੇ ਨਾ ਸੰਵੇਦਨਾ ਦਾ ਕੋਈ ਸਿਖ਼ਰ ਹੈ। ਇਹ ਕਹਾਣੀ ਨਾ ਸੂਖਮ ਹੈ, ਨਾ ਕੋਈ ਬਹੁਤ ਲੁਕੇ ਸੱਚ ਉਜਾਗਰ ਕਰਦੀ ਹੈ। ਇਸਦੇ ਬਾਵਜੂਦ, ਇਹ ਕਹਾਣੀ ਦਿਲ ਨੂੰ ਛੋਂਹਦੀ ਹੈ, ਕਿਉਂਕਿ ਇਸ ਵਿੱਚ ਕਥਾ-ਭਾਸ਼ਾ ਹੈ।

ਜਤਿੰਦਰ ਹਾਂਸ ਕਥਾ-ਜਗਤ ਦਾ ਅਨੂਠਾ ਹਸਤਾਖ਼ਰ ਹੈ। ਉਸਦੀ ਕਹਾਣੀ ਦਾ ਆਪਣਾ ਵਿਲੱਖਣ ਰੰਗ ਹੈ। ਇਹ ਰੰਗ ਉਸਦੇ ਵਿਸ਼ਿਆਂ ਵਿੱਚ ਘੱਟ, ਅਤੇ ਉਸਦੇ ਨਿਭਾਅ ਵਿੱਚ ਵੱਧ ਹੈ। ਉਸਦੀ ਕਹਾਣੀ ਨੂੰ ਪੜ੍ਹਦਿਆਂ ਇਹ ਗੱਲ ਸਾਡੇ ਸਮਝ ਪੈਂਦੀ ਹੈ। ਕਹਾਣੀ ਲਿਖਦਿਆਂ ਵਾਧੂ ਵੇਰਵਿਆਂ ਦੀ ਆਮਦ ਸੁਭਾਵਿਕ ਹੈ। ਪਰ, ਉਹ ਆਪਣੀ ਕਹਾਣੀ ਵਿੱਚੋਂ ਅਜਿਹੇ ਵੇਰਵੇ ਪਾਸੇ ਕਰਕੇ, ਕਹਾਣੀ ਨੂੰ ਕਹਾਣੀ ਹੀ ਰਹਿਣ ਦਿੰਦੈ, ਨਸਰ ਨਹੀਂ ਬਣਨ ਦਿੰਦਾ। ਕਹਾਣੀ ਦੀ ਬੁਨਿਆਦੀ ਸਮਝ ਉਸਨੂੰ ਹੈ।

ਇਸ ਕਹਾਣੀ ਵਿੱਚ ਛਿੰਦਾ ਤੇ ਸਵੀਟੀ ਦੀ ਕਹਾਣੀ ਪਿਛੋਕੜ ਵਿੱਚ ਪਈ ਹੈ, ਅਤੇ ਪਾਠਕ ਉਸ ਕਹਾਣੀ ਨੂੰ ਲੱਭਦਾ ਹੀ ਪੜ੍ਹਦਾ ਤੁਰਿਆ ਜਾਂਦਾ ਹੈ। ਵਿਵਰਜਿਤ ਰਿਸ਼ਤਿਆਂ ਨੂੰ ਨਾ ਅਸੀਂ ਪ੍ਰਵਾਨ ਕਰਦੇ ਹਾਂ, ਨਾ ਇਨ੍ਹਾਂ ਪ੍ਰਤੀ ਸਾਡਾ ਆਕਰਸ਼ਣ ਘਟਦਾ ਹੈ। ਇਹ ਘਟੇਗਾ ਵੀ ਨਹੀਂ। 'ਵਰਜਿਤ' ਦੀ ਖਿੱਚ ਸੁਭਾਵਿਕ ਹੈ। ਹਾਂਸ ਇਹ ਜਾਣਦਾ ਹੈ।

ਇਸ ਕਹਾਣੀ ਵਿੱਚ ਉਹ ਕੌਰੂੰ ਦੀ ਲੋਕ-ਗਾਥਾ ਹੀ ਨਹੀਂ ਸੁਣਾਉਂਦਾ, ਰਿੱਛ ਤੇ ਪਰੀ ਦੀ ਵੀ

ਸੁਣਾਉਂਦਾ। ਬਾਅਦ ਵਿੱਚ ਰਿੱਛ ਤੇ ਆਦਮੀ ਦੀ ਵੀ। ਉਸ ਕੋਲ ਪਰੀ-ਕਥਾਵਾਂ ਤੇ ਨੀਤੀ-ਕਥਾਵਾਂ ਜਿਹੀਆਂ ਲੋਕ-ਕਥਾਵਾਂ ਦਾ ਭੰਡਾਰ ਤਾਂ ਹੈ ਹੀ, ਇਨ੍ਹਾਂ ਨੂੰ ਢੁਕਵੇਂ ਥਾਂ ਵਰਤਣ ਅਤੇ ਉਨ੍ਹਾਂ ਨੂੰ ਨਵੇਂ ਅਰਥ ਦੇਣ ਦਾ ਵੀ ਹੁਨਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਵਾਸ ਦਾ ਮਸਲਾ ਇੱਕ ਗੰਭੀਰ ਮਸਲਾ ਹੈ, ਪਰ ਹਾਂਸ ਅਜਿਹੇ ਪੇਚੀਦਾ ਮੁੱਦੇ ਨੂੰ ਵੀ ਬੜੇ ਰੌਚਿਕ ਢੰਗ ਨਾਲ ਪੇਸ਼ ਕਰਦਾ, ਅਤੇ ਪਾਠਕ ਵਿੱਚ ਨਿਰੰਤਰ ਉਤਸੁਕਤਾ ਅਤੇ ਉਤੇਜਨਾ ਪੈਦਾ ਕਰਕੇ, ਅਚੰਭੇ ਵਾਲੀ ਭਾਸ਼ਾ ਵਿੱਚ ਨਿਬੇੜਾ ਕਰਦਾ ਹੈ। ਉਸਦੀ ਕਹਾਣੀ ਦਾ ਅੰਤ ਹਮੇਸ਼ਾ ਹੀ ਵਿਸਫ਼ੋਟਕ ਅਤੇ ਤਸੱਲੀ-ਭਰਪੂਰ ਹੁੰਦਾ ਹੈ।

ਦਰਅਸਲ, ਇਹ ਕਹਾਣੀ ਮੁੱਖ ਪਾਤਰ ਕੁਲਵਿੰਦਰ ਉਰਫ਼ ਛਿੰਦੇ ਅਤੇ ਸਵੀਟੀ ਦੀ ਕਹਾਣੀ ਹੈ। ਇਹ ਕਹਾਣੀ ਤਾਂ ਦੁਹਾਂ ਦੀ ਹੈ, ਅਤੇ ਇਹੀ ਕਹਾਣੀ ਦੀ ਮੂਲ ਤੰਦ ਹੈ, ਪਰ ਇਸ ਮੂਲ ਕਥਾ ਦੁਆਲੇ ਪ੍ਰਵਾਸ ਦੀ ਕਥਾ ਬੁਣੀ ਹੈ। ਹੁਣ ਉਸਦਾ ਪੁੱਤਰ ਤੇ ਪਤਨੀ ਵੀ ਕੈਨੇਡਾ ਚਲੇ ਗਏ ਹਨ। ਇਹ ਉਪ-ਕਹਾਣੀ ਹੈ। ਇਸਨੂੰ ਸਮਾਂਤਰ ਕਹਾਣੀ ਨਹੀਂ ਆਖਿਆ ਜਾ ਸਕਦਾ, ਕਿਉਂ ਕਿ ਕਥਾ-ਜਗਤ ਵਿੱਚ ਇਸ਼ਕ ਦਾ ਸਥਾਨ ਪਹਿਲਾ ਅਤੇ ਵਿਆਹ ਦਾ ਦੂਜੈਲਾ ਹੈ। ਵੈਸੇ ਵੀ, ਸਮਾਜ ਸ਼ਾਸ਼ਤਰੀ ਵਿਆਹ ਨੂੰ ਇੱਕ ਬਨਾਵਟੀ ਸੰਸਥਾ ਮੰਨਦੇ ਹਨ, ਭਾਵੇਂ ਕਿ ਸਮਾਜ ਦੇ ਠੇਕੇਦਾਰਾਂ ਲਈ ਇਹ ਹੀ ਅਸਲ ਸੰਸਥਾ ਹੈ, ਅਤੇ ਇਸ਼ਕ ਦਾ ਸਥਾਨ ਦੂਸਰਾ ਨਹੀਂ, ਸਗੋਂ ਕੋਈ ਨਹੀਂ ਹੈ। ਕਥਾਕਾਰ ਇਸ ਸਮਾਜਿਕ ਸਮਝ ਨੂੰ ਚੁਣੌਤੀ ਦਿੰਦਾ ਹੈ। ਪਰ, ਕਥਾਕਾਰ ਹੋਰ ਮਸਲਿਆਂ ਨੂੰ ਉਭਾਰਨ ਅਤੇ ਉਘਾੜਣ ਵੱਲ ਵੱਧ ਚੇਤਨ ਹੈ। ਕਹਾਣੀ ਵਿੱਚ ਮੂਲ ਰੂਪ ਵਿੱਚ 'ਖੰਨਾ' ਆਪਣੀ ਧਰਤੀ ਦਾ ਬਿੰਬ ਹੈ। ਭੌਂ-ਹੇਰਵਾ ਤਾਂ ਬਹੁਤ ਬਾਅਦ ਦੀ ਗੱਲ ਹੈ। ਜੜਾਂ ਨਾਲੋਂ ਟੁੱਟਣ ਦਾ ਦਰਦ ਤਾਂ ਇਨਸਾਨ ਨੂੰ ਹੁੰਦਾ ਹੈ। ਇਹ ਇੱਕ ਠੋਸ ਸੱਚਾਈ ਹੈ।

ਛੇਵੀਂ ਕਹਾਣੀ 'ਅਰਘ' ਦੀਆਂ ਬਾਰੀਕ ਰਮਜ਼ਾਂ ਹਨ। ਪਿਆਰ ਇੱਕ ਮੂਲ ਪ੍ਰਵਿਰਤੀ ਹੈ, ਜਿਸ ਨੂੰ ਸਮਝਣਵਿੱਚ ਮਨੁੱਖ ਹੀ ਨਹੀਂ ਦੇਵਤੇ ਵੀ ਟਪਲਾ ਖਾ ਗਏ। ਇਸੇ ਲਈ ਧਰਮ ਅਤੇ ਸਮਾਜ, ਦੋਹਾਂ ਵਲੋਂ ਇਸਸ਼ਬਦ ਅਤੇ ਇਸ ਮਸਲੇ ਨੂੰ ਰੱਜ ਕੇ ਮਧੋਲਿਆ ਗਿਆ। ਸ਼ਿਰਜਨੀਸ਼ਲ਼ ਅਨੁਸਾਰ ਕਿਸੇ ਵੀ ਇੱਛਾ ਵਿੱਚ ਪੂਰਾ ਰੱਜ ਹਾਸਲ ਕਰਨ ਨਾਲ ਹੀ ਉਸ ਤੋਂ ਮੁਕਤੀ ਹਾਸਲ ਕੀਤੀ ਜਾ ਸਕਦੀ ਹੈ। ਰੱਜ ਤੋਂ ਬਿਨਾਂ ਉਸ ਇੱਛਾ ਤੋਂ ਦੂਰ ਹੋਣ ਦਾ ਯਤਨ ਹਮੇਸ਼ਾ ਅਸਫ਼ਲ ਹੀ ਨਹੀਂ ਰਹੇਗਾ, ਮਨੁੱਖ ਅੰਦਰ ਸਵੈ-ਵਿਰੋਧੀ ਅਤੇ ਸਮਾਜ-ਵਿਰੋਧੀ ਵਰਤਾਰੇ ਪੈਦਾ ਕਰੇਗਾ। ਪਿਆਰ ਅਤੇ ਕਾਮ ਵੀ ਅਜਿਹੀਆਂ ਮੂਲ ਇਨਸਾਨੀ ਬਿਰਤੀਆਂ ਹਨ, ਜਿਨ੍ਹਾਂ ਨੂੰ ਦਬਾਉਣਾ ਵਿਅਕਤੀਗਤ ਅਤੇ ਸਮਾਜਿਕ ਵਿਗਾੜਾਂ ਨੂੰ ਜਨਮ ਦੇਣਾ ਹੈ।

ਜਤਿੰਦਰ ਹਾਂਸ ਆਪਣੀ ਹਰ ਕਹਾਣੀ ਵਿੱਚ ਵੱਖਰਾ ਮਸਲਾ, ਵੱਖਰਾ ਢੰਗ ਅਤੇ ਵੱਖਰੀ ਸ਼ੈਲੀ ਵਰਤਦਾ ਹੈ, ਈਜਾਦ ਕਰਦਾ ਹੈ। ਪਰ, ਉਸਦੀਆਂ ਕਹਾਣੀਆਂ ਵਿੱਚ ਵਰਜਿਤ ਰਿਸ਼ਤਿਆਂ ਦੀ ਪੁੱਠ, ਉਸਦੀ ਕਹਾਣੀ ਨੂੰ ਅਸਲੀਅਤ ਦੇ ਨੇੜੇ ਹੀ ਨਹੀਂ ਲਿਜਾਂਦੀ, ਕਥਾਰਸ ਭਰਪੂਰ ਵੀ ਕਰਦੀ ਹੈ। ਕਾਮ ਦੀ ਜਿਸ ਭੁੱਬਲ ਨੂੰ ਦਬਾਉਣ ਲਈ ਸਾਡਾ ਸਮਾਜ ਅਤੇ ਧਰਮ ਲੱਗਾ ਹੈ, ਉਸਦੀਆਂ ਚੰਗਿਆੜੀਆਂ ਹਰ ਘਰ ਵਿੱਚੋਂ ਥੋੜ੍ਹੇ ਜਾਂ ਬਹੁਤੇ ਜ਼ੋਰ ਨਾਲ ਨਿਕਲਦੀਆਂ ਆਮ ਦੇਖੀਆਂ ਜਾ ਸਕਦੀਆਂ ਹਨ।

ਇਸ ਕਹਾਣੀ ਵਿੱਚ ਹਾਂਸ ਨੇ ਬਾਣੀਆ-ਬੁੱਧੀ ਤੇ ਹੀ ਰੌਸ਼ਨੀ ਨਹੀਂ ਪਾਈ, ਕਹਾਣੀ ਦਾ ਮੁੱਖ ਪਾਤਰ ਦੀਪਕ ਗੋਇਲ ਬਣਾਇਆ ਹੈ, ਜਿਸਦੇ ਗੇਅ (ਗਐ) ਹੋਣ ਕਰਕੇ ਉਸਦੀ ਪਤਨੀ ਅੰਜਲੀ ਵਿਆਹੀ ਹੋਣ ਦੇ ਬਾਵਜੂਦ ਕਾਮ-ਤੇਹ ਹੰਢਾਉਂਦੀ ਹੈ। ਆਪਣੇ ਇਸ ਔਗੁਣ ਨੂੰ ਛੁਪਾਉਣ ਲਈ, ਦੀਪਕ ਵਪਾਰ ਅਤੇ ਧਰਮ ਪ੍ਰਤੀ ਵਫ਼ਾਦਾਰੀ ਹੀ ਨਹੀਂ ਨਿਭਾਉਂਦਾ, ਆਪਣੇ ਇੱਕ ਮਰਦ-ਦੋਸਤ ਨਾਲ ਲੁਕ-ਛਿਪ ਕੇ ਆਪਣੀ ਗੇਅ-ਇੱਛਾ ਵੀ ਪੂਰੀ ਕਰਦਾ ਹੈ। ਜਿਸ ਸਮਾਜ ਵਿੱਚ ਗੇਅ ਹੋਣਾ ਗੁਨਾਹ ਅਤੇ ਮਜ਼ਾਕ ਦਾ ਪਾਤਰ ਸਮਝਿਆ ਜਾਵੇ, ਅਤੇ ਵਿਆਹ ਇੱਕ ਜ਼ਰੂਰੀ ਕਾਰਜ, ਉੱਥੇ ਇਸ ਧੱਕੇ ਦੀ ਕੀਮਤ ਦੋਹਾਂ (ਮਰਦ ਅਤੇ

ਔਰਤ) ਨੂੰ ਸਾਰੀ ਉਮਰ ਹੰਢਾਉਣੀ ਪੈਂਦੀ ਹੈ, ਅਤੇ ਇਸੇ ਸਮਾਜਿਕ ਨੂੜ ਵਿੱਚੋਂ ਆਪਣੇ-ਆਪ ਵਰਜਿਤ ਰਿਸ਼ਤਿਆਂ ਦਾ ਜਨਮ ਹੋਣਾ ਸੁਭਾਵਿਕ ਹੈ। ਇਸ ਸਮੁੱਚੇ ਵਰਤਾਰੇ ਅਤੇ ਵੱਡੀ ਸਮੱਸਿਆ ਨੂੰ ਬੜੇ ਹੀ ਦਿਲ ਟੁੰਬਵੇਂ ਢੰਗ ਨਾਲ ਹਾਂਸ ਨੇ ਆਪਣੀ ਕਹਾਣੀ ਵਿੱਚ ਗੁੰਦਿਆ ਹੈ।

ਔਰਤ ਦੇ ਮਨ ਦੀਆਂ ਭਾਵਨਾਵਾਂ ਦਾ ਇਜ਼ਹਾਰ ਬੜੇ ਹੀ ਢੁਕਵੇਂ ਅਤੇ ਨਿਰਾਲੇ ਢੰਗ ਨਾਲ ਕਰਨਾ ਹਾਂਸ ਦੀ ਕਥਾ-ਸ਼ੈਲੀ ਦੀ ਵਿਲੱਖਣਤਾ ਹੈ। ਕਹਾਣੀ ਕਾਰ ਦੀ ਮੌਲਿਕਤਾ ਸਮਾਜਿਕ ਮੁਹਾਵਰਿਆਂ ਨੂੰ ਵਿਅਕਤੀਗਤ ਰੰਗਣ ਦੇਣ ਵਿੱਚ ਛਿਪੀ ਹੈ। ਔਰਤ ਦਾ ਮਰਦ ਲਈ ਸਜਣਾ ਵੀ ਇੱਕ ਤਪੱਸਿਆ (ਵਜੋਂ ਪੇਸ਼ ਕੀਤਾ ਗਿਆ) ਹੈ। ਇੱਕ ਬਚਨੀ/ਮਨ ਬਚਨੀ ਦੇ ਰੂਪ ਵਿੱਚ ਲਿਖੀ ।

ਇਸ ਵਿਰੋਧੀ-ਜੁੱਟ ਦੀ ਜੁਗਤ ਰਾਹੀਂ ਉਸਨੇ ਔਰਤ ਮਨ ਦੀ ਥਾਹ ਪਾਉਣ ਦਾ ਯਤਨ ਕੀਤੈ, "ਉਹ ਥਾਲੀ ਮਗਰ ਰਸੋਈ ਵਿੱਚ ਆ ਗਿਆ। ਕਾਸ਼ ਕਦੇ ਮੇਰੇ ਮਗਰ ਵੀ ਆਉਂਦਾ।" ਰਾਧੇ-ਰਾਅਧੇ ਕਰਨ ਵਾਲਾ ਦੀਪਕ ਲਸਣ ਤੱਕ ਨਹੀਂ ਖਾਂਦਾ, ਸ਼ਰਾਬ ਨਹੀਂ ਪੀਂਦਾ। ਪਰ, ਅੰਜਲੀ ਆਖਦੀ ਹੈ, "ਤੈਨੂੰ ਪਤਾ ਪਾਪ-ਪੁੰਨ ਕੀ ਹੁੰਦਾ? ਕਿਸੇ ਦੀ ਆਤਮਾ ਤਪਾਉਣੀ ਕਿੰਨਾ ਵੱਡਾ ਪਾਪ ਆ?" ਤੇ ਫੇਰ, "ਜਿਵੇਂ ਰੋਟੀ ਦੀ ਭੁੱਖ ਲੱਗਦੀ ਆ, ਪਾਣੀ ਦੀ ਤ੍ਰੇਹ ਲੱਗਦੀ ਆ, ਉਵੇ ਸਾਡੀਆਂ ਹੋਰ ਵੀ ਸਰੀਰਕ ਲੋੜਾਂ ਨੇ। ਪਿਆਰ ਦੀ ਵੀ ਤ੍ਰੇਹ ਲਗਦੀ ਆ।" ਇਸ ਤ੍ਰੇਹ ਵੇਲੇ ਔਰਤ ਦੇ ਸਰੀਰ ਦੀ ਮਹਿਕ ਦੀ ਗੱਲ ਪੰਜਾਬੀ ਕਹਾਣੀ ਵਿੱਚ ਹਾਂਸ ਦੀ ਕਹਾਣੀ ਵਿੱਚ ਮੈਂ ਪਹਿਲੀ ਵਾਰ ਪੜ੍ਹੀ ਹੈ, ਭਾਵੇਂ ਕਿ ਇਸ ਵਿਗਿਆਨਕ ਸੱਚਾਈ ਫਰਾਇਡ ਨੇ ਸਦੀ ਪਹਿਲਾਂ ਲਿਖ ਦਿੱਤੀ ਸੀ।

ਦਰਅਸਲ, ਕਹਾਣੀਕਾਰ ਦੀ ਸਫ਼ਲਤਾ ਗੁੱਝੀਆਂ ਗੱਲਾਂ ਨੂੰ ਸਧਾਰਣ ਬੋਲ-ਚਾਲ ਦੀ ਭਾਸ਼ਾ ਵਿੱਚ ਪੇਸ਼ ਕਰਨ ਵਿੱਚ ਛਿਪੀ ਹੈ। ਕਹਾਣੀਕਾਰ ਨੇ ਰਾਜਸੀ ਜਾਂ ਸਮਾਜਿਕ ਸਮੱਸਿਆਵਾਂ ਦਾ ਕੋਈ ਜਾਦੂਮਈ ਹੱਲ ਨਹੀਂ ਦੇਣਾ ਹੁੰਦਾ, ਸਗੋਂ ਸਮਾਜ ਵਿੱਚ ਪਈਆਂ ਉਨ੍ਹਾਂ ਗੁੰਝਲਾਂ ਵੱਲ ਸੂਖਮ ਇਸ਼ਾਰਾ ਕਰਨਾ ਹੁੰਦਾ ਹੈ, ਜਿਨ੍ਹਾਂ ਤੋਂ ਮੁਕਤੀ ਹਾਸਲ ਕਰਕੇ ਅਸੀਂ ਇਨ੍ਹਾਂ ਦਿੱਕਤਾਂ ਦੇ ਪੈਦਾ ਹੋਣ ਦਾ ਰਾਹ ਰੋਕ ਸਕਦੇ ਹਾਂ।

ਔਰਤ ਦੀਆਂ ਇਛਾਵਾਂ ਦਾ ਦਮਨ ਐਨਾ ਸੁਭਾਵਿਕ ਅਤੇ ਕਰੁਣਾ ਮਈ ਹੈ, ਕਿ ਉਸ ਦੇ ਅੰਦਰ ਭਖ ਰਹੀ ਇੱਛਾ ਅਤੇ ਤੜਫ਼ ਵੱਲ ਕਿਸੇ ਦਾ ਧਿਆਨ ਹੀ ਨਹੀਂ। ਸੱਸ ਆਖਦੀ ਹੈ, "ਮਰਿਆਦਾ ਨਾਲ ਰੱਖੀਂ ਵਰਤ। ਜੇ ਕੋਈ ਭੰਗਣਾ ਪੈ ਜਾਵੇ, ਦੇਵੀ ਕਰੋਪ ਹੋ ਜਾਂਦੀ ਹੈ। ਪਤੀ ਨੂੰ ਦੁੱਖ ਮਿਲਦਾ।" ਪਤਨੀ ਦੇ ਦੁੱਖ ਵੱਲ ਨਾ ਤਾਂ ਸੱਸ ਦਾ ਧਿਆਨ ਹੈ, ਨਾ ਹੀ ਧਾਰਮਿਕ ਰਿਵਾਜਾਂ ਵਿੱਚ। ਇਹ ਇਸ਼ਾਰਾ ਹਾਂਸ ਦੀ ਜੁਅਰਤ ਹੈ।

ਜਤਿੰਦਰ ਹਾਂਸ ਦੀ ਕਹਾਣੀ 'ਰੇਸ' ਮਾਪਿਆਂ ਦੁਆਰਾ ਆਪਣੇ ਬੱਚਿਆਂ ਦੇ ਕੱਰੀਅਰ ਪ੍ਰਤੀ ਲੋੜ ਤੋਂ ਵੱਧ ਚੇਤਨ ਹੋ ਕੇ ਉਨ੍ਹਾਂ ਤੇ ਆਪਣੀ ਸੋਚ ਥੋਪਣ ਦੇ ਨਾਂਹ ਪੱਖੀ ਨਤੀਜਿਆਂ ਨੂੰ ਬਾਖੂਬੀ ਪ੍ਰਗਟ ਕੀਤਾ ਹੈ। ਕਹਾਣੀ ਵਿੱਚ ਦੁਖਾਂਤ ਨੂੰ ਸੁਖਾਂਤ ਦੀ ਪੁੱਠ ਚੜ੍ਹਾਉਣ ਦੀ ਹਾਂਸ ਦੀ ਟ੍ਰੇਡ-ਮਾਰਕ ਕਥਾ-ਜੁਗਤ ਪੂਰੇ ਜਲੌਅ ਵਿੱਚ ਮੌਜੂਦ ਹੈ। ਇਸੇ ਤਰ੍ਹਾਂ 'ਆ ਜਾ ਪਿਆਰ ਲੈ ਜਾ' ਕਹਾਣੀ ਵਿੱਚ ਪ੍ਰਵਾਸੀ ਮਜ਼ਦੂਰ ਪਰਿਵਾਰਾਂ ਦੇ ਪੰਜਾਬੀ ਪਰਿਵਾਰਾਂ ਵਿੱਚ ਰਚ-ਮਿਚ ਜਾਣ ਦੀ ਗਾਥਾ ਬਿਆਨ ਕੀਤੀ ਹੈ। 'ਔਂਸੀਆਂ' ਕਹਾਣੀ ਵਿੱਚ ਕਿਧਰੇ ਗੁੰਮ ਹੋ ਗਏ ਪੁੱਤਰ ਦੀ ਮਾਂ ਦੇ ਮਨੋਵਿਗਿਆਨ ਨੂੰ ਫੜਦਾ ਖੁੱਲ੍ਹੇ ਅੰਤ ਵਾਲਾ ਬਿਰਤਾਂਤ ਹੈ। 'ਗੰਦਲਾਂ' ਕਹਾਣੀ ਵਿੱਚ ਇਸ ਮੈਟਾਫਰ ਦੇ ਭਾਵ ਪੂਰਤ ਅਰਥ ਪੇਸ਼ ਕਰਨ ਦਾ ਯਤਨ ਹੈ। ਸਮੁੱਚੇ ਰੂਪ ਵਿੱਚ ਕਥਾ-ਕਿਤਾਬ ਪਾਠਕ ਮਨ ਅੰਦਰ ਅਨੇਕ ਸਵਾਲ ਖੜ੍ਹੇ ਕਰਕੇ ਉਸਨੂੰ ਸੰਵੇਦਨਸ਼ੀਲ ਬਣਾਉਣ ਵਿੱਚ ਠੋਸ ਤੇ ਢੁਕਵੀਂ ਭੂਮਿਕਾ ਨਿਭਾਉਂਦੀ ਨਜ਼ਰ ਆਉਂਦੀ ਹੈ।

(**ਸੰਪਰਕ-88885 69669**)

# ਪ੍ਰਵਾਸੀ ਜੀਵਨ ਦੀਆਂ ਮਾਨਸਿਕ ਗੁੰਝਲਾਂ ਦਾ ਬਿਰਤਾਂਤ: ਮਸਤ

## ਡਾ. ਪਰਗਟ ਸਿੰਘ ਟਿਵਾਣਾ




ਹੁਣ ਦੇ ਸਮਿਆਂ 'ਚ ਪੰਜਾਬ ਤੇ ਪੰਜਾਬੀਆਂ ਲਈ ਨਸ਼ਾ ਅਤੇ ਪ੍ਰਵਾਸ ਦੋ ਉੱਭਰਦੇ ਮਸਲੇ ਹੀ ਨਹੀ ਸਗੋਂ ਪੰਜਾਬ ਹਿਤੈਸ਼ੀਆ ਲਈ ਚਿੰਤਾ ਕਰਨ ਵਾਲੇ ਮਸਲੇ ਹਨ। ਜਿਨ੍ਹਾਂ ਤੇ ਚਿੰਤਨ ਕਰਨ ਦੀ ਲੋੜ ਹੈ। ਪ੍ਰਵਾਸ ਕੋਈ ਹੁਣ ਦਾ ਵਰਤਾਰਾ ਨਹੀਂ ਸਗੋਂ ਇਸ ਦਾ ਇੱਕ ਲੰਮਾ ਇਤਿਹਾਸ ਹੈ। ਪ੍ਰਵਾਸ ਕਰਨ ਤੋਂ ਬਾਅਦ ਨਵੀਂ ਧਰਤੀ, ਨਵੇਂ ਲੋਕ, ਨਵੇਂ ਸੱਭਿਆਚਾਰ ਦੇ ਸਨਮੁੱਖ ਵਿਚਰਦਿਆਂ ਪੰਜਾਬੀ ਬੰਦੇ ਲਈ ਅਨੇਕਾਂ ਦੁਸ਼ਵਾਰੀਆਂ ਪੈਦਾ ਹੋਈਆਂ, ਉਥੇ ਹੀ ਜ਼ਿੰਦਗੀ ਦੇ ਨਵੇਂ ਰਾਹ ਵੀ ਪੰਜਾਬੀਆਂ ਲਈ ਖੁੱਲੇ। ਪੰਜਾਬੀਆਂ ਨੇ ਨਵੀਂ ਧਰਤੀ ਤੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਆਪਣੇ ਪਿੰਡੇ ਤੇ ਹੰਢਾਇਆ, ਜਿਵੇਂ ਨਸਲਵਾਦ, ਭੂ-ਹੇਰਵਾ, ਨਵੀਂ ਪੀੜ੍ਹੀ ਦਾ ਜੜ੍ਹਾਂ ਤੋਂ ਟੁੱਟਣਾ ਆਦਿ ਸਮੱਸਿਆਵਾਂ ਕਾਰਨ ਜਿਨ੍ਹਾਂ ਮਾਨਸਿਕ ਗੁੰਝਲਾਂ ਦਾ ਪੰਜਾਬੀ ਬੰਦਾ ਸ਼ਿਕਾਰ ਹੋਇਆ ਉਹ ਪੰਜਾਬੀ ਸਾਹਿਤ 'ਚ ਉੱਭਰਵੇਂ ਰੂਪ 'ਚ ਪੇਸ਼ ਹੁੰਦਾ ਰਿਹਾ ਹੈ। ਪ੍ਰਵਾਸ ਦੀਆਂ ਅਨੇਕਾਂ ਸਮੱਸਿਆਵਾਂ ਪੰਜਾਬੀ ਸਾਹਿਤਕ ਕ੍ਰਿਤਾਂ ਦਾ ਮਰਕਜ਼ ਬਣਦੀਆਂ ਰਹੀਆਂ ਹਨ। ਇਹਨਾਂ ਵਰਤਾਰਿਆਂ/ਸਮੱਸਿਆਵਾਂ ਨੂੰ ਹਮੇਸ਼ਾ ਸਮੇਂ ਦੇ ਹਾਣ ਦਾ ਹੋ ਕੇ ਲਿਖਣ ਵਾਲਾ ਅਟਵਾਲ ਚਰਚਿਤ ਗਲਪਕਾਰ ਹੈ। ਜਿਸਦੇ ਪ੍ਰਵਾਸ ਬਾਰੇ ਲੰਮੇ/ਵਿਸਤਰਤ ਨਿੱਜੀ ਤਜ਼ਰਬੇ ਹੀ ਉਸ ਦੀਆਂ ਸਾਹਿਤਕ ਲਿਖਤਾਂ 'ਚ ਕੇਂਦਰ ਬਿੰਦੂ ਵਜੋਂ ਬਣਕੇ ਉਭਰਦੇ ਹਨ।

**'ਮਸਤ' (ਪ੍ਰਕਾਸ਼ਕ ਸੰਗਮ ਪਬਲੀਕੇਸ਼ਨ ਸਮਾਣਾ, ਮੁੱਲ 195, ਪੰਨੇ 144, ਸਾਲ 2022)** ਹਰਜੀਤ ਅਟਵਾਲ ਦਾ ਨਵਾਂ ਕਹਾਣੀ ਸੰਗ੍ਰਹਿ ਹੈ। ਜਿਸ ਵਿਚ ਲੇਖਕ ਨੇ ਪ੍ਰਵਾਸ ਦੀਆਂ ਅਨੇਕਾਂ ਸਮੱਸਿਆਵਾਂ ਤੇ ਉਨ੍ਹਾਂ ਦੀਆਂ ਬਾਰੀਕ ਤੰਦਾਂ ਨੂੰ ਆਪਣੀਆਂ ਕਹਾਣੀਆਂ 'ਚ ਬੁਣਿਆ ਹੈ। 'ਮਸਤ' ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਹੈ। ਜਿਸ ਵਿਚ ਲੇਖਕ ਵਾਈਲਡ ਲਾਇਫ ਫੋਟੋਗ੍ਰਾਫੀ ਦੇ ਸ਼ੌਕ ਤਹਿਤ ਨਵੀਂ ਥਾਂ ਤੇ ਪਹੁੰਚਦਾ ਹੈ, ਜਿੱਥੇ ਉਸ ਦਾ ਮਿਲਾਪ ਇੱਕ ਨਿਰਵਸਤਰ ਔਰਤ ਟੀਆ ਨਾਲ ਹੁੰਦਾ ਹੈ। ਜੋ ਉਸਨੂੰ ਨੇਚੁਰਿਸਟ ਲੋਕਾਂ ਦੇ ਵਿਵਹਾਰ, ਉਨ੍ਹਾਂ ਦੀਆਂ ਲੋੜਾਂ ਅਤੇ ਲੋਕਾਂ ਦਾ ਉਨ੍ਹਾਂ ਪ੍ਰਤੀ ਵਿਵਹਾਰ ਬਾਰੇ ਦੱਸਦੀ ਹੈ। ਇਸ ਕਹਾਣੀ ਤੋਂ ਯੂਰਪ ਵਿਚ ਵੀਹਵੀਂ ਸਦੀ ਦੇ ਅੱਠਵੇਂ-ਨੌਵੇਂ ਦਹਾਕੇ ਵਿਚ ਨੇਚੁਰਿਸਟ ਲੋਕਾਂ ਦੀ ਲੋਕ-ਲਹਿਰ ਅਤੇ ਉਨ੍ਹਾਂ ਦੇ ਜੀਣ-ਥੀਣ ਦੇ ਢੰਗ ਬਾਰੇ ਪਤਾ ਲੱਗਦਾ ਹੈ। ਲੇਖਕ ਜਿੱਥੇ ਜੰਗਲ 'ਚ ਰਹਿੰਦੇ ਮਨੁੱਖ ਤੋਂ ਵਿਕਾਸ ਕਰਕੇ ਸਮਾਜਕ ਸੰਗਠਨ 'ਚ ਵਿਚਰਦੇ ਮਨੁੱਖ ਦਾ ਹਾਮੀ ਹੁੰਦਾ ਹੈ।

ਪੱਛਮ/ਯੂਰਪ ਦੇ ਅਗਾਂਹਵਧੂ, ਓਪਨ ਸਮਾਜ ਅਤੇ ਖੁੱਲ੍ਹੇ ਵਿਚਾਰਾਂ ਵਾਲੇ ਇਨਸਾਨਾਂ ਦੀ ਹਮੇਸ਼ਾਂ ਚਰਚਾ ਹੁੰਦੀ ਹੈ। ਜਿੱਥੋਂ ਦੇ ਖੁੱਲ੍ਹੇ-ਡੁੱਲ੍ਹੇ ਕਾਮ ਸੰਬੰਧਾਂ ਤੇ ਔਰਤ ਅਜ਼ਾਦੀ ਬਾਰੇ ਵੀ ਕਾਫ਼ੀ ਜ਼ਿਕਰ ਮਿਲਦਾ ਹੈ ਪਰ 'ਮੈਰੀਐਨ' ਆਇਰਲੈਂਡ ਦੀ ਇੱਕ ਅਜਿਹੀ ਔਰਤ ਦੀ ਕਹਾਣੀ ਹੈ ਜੋ ਨਾਬਾਲਗ ਹੁੰਦੀ ਹੋਈ ਗਰਭਵਤੀ ਹੋ ਜਾਂਦੀ ਹੈ ਤਾਂ ਪਿਤਾ ਤੇ ਭਰਾ ਦੁਆਰਾ ਮੈਰੀਐਨਾ ਨੂੰ ਡਰੋਅ ਹਾਊਸ/ਕੈਥੋਲਿਕ ਚਰਚ ਦਾ ਹਿੱਸਾ ਜਿੱਥੇ ਅਣਵਿਆਹੀਆਂ ਔਰਤਾਂ ਨੂੰ ਸਮਾਜ ਤੋਂ ਛੁਪਾ ਕੇ ਰੱਖਿਆ ਜਾਂਦਾ

ਸੀ, ਉੱਥੇ ਛੱਡ ਦਿੱਤਾ ਜਾਂਦਾ ਹੈ। ਜਿੱਥੇ ਮੈਰੀਐਨਾ ਦੀ ਧੀ ਐਡਨਾ ਨੂੰ ਮਾਂ ਤੋਂ ਵੱਖ ਕਰਕੇ ਕੈਥੋਲਿਕ ਚਰਚ ਦੁਆਰਾ ਅਡੌਪਟ ਕਰਨ ਦੇ ਨਾਮ ਉੱਤੇ ਉੱਥੇ ਰੱਖ ਕੇ ਚਰਚ ਦੁਆਰਾ ਐਡਨਾ ਨੂੰ ਅੱਗੇ ਵੇਚ ਦਿੱਤਾ ਜਾਂਦਾ ਹੈ। ਕਹਾਣੀ ਪੂਰੇ ਸੰਸਾਰ ਪੱਧਰੀ ਮਰਦ ਹਾਊਮੈ ਤੇ ਔਰਤ ਪ੍ਰਤੀ ਤੰਗਦਿਲੀ ਸੋਚ ਅਤੇ ਔਰਤ ਜਾਤ ਦੇ ਮਾਰਮਿਕ ਜ਼ਜ਼ਬਿਆਂ ਨੂੰ ਬਾਖ਼ੂਬੀ ਬਿਆਨ ਕਰਦੀ ਹੈ।

ਨਿੰਮੀ ਅਤੇ ਜਗਦੀਅਸ਼ ਦੀ ਬਚਪਨ ਤੋਂ ਜੁਆਨੀ ਦੀ ਦਹਿਲੀਜ਼ ਤੱਕ ਅੱਪੜਦਿਆਂ ਦੀ ਆਪਸੀ ਸਾਂਝ/ਮੁਹੱਬਤ ਅੱਗੇ ਪਤੀ-ਪਤਨੀ ਦੇ ਸਥਾਈ ਰਿਸ਼ਤੇ 'ਚ ਨਹੀਂ ਬੱਝਦੀ ਸਗੋਂ ਦੋਨੋ ਹੀ ਅਗਲੇਰੀ ਜ਼ਿੰਦਗੀ ਦੀਆਂ ਜਿੰਮੇਵਾਰੀਆਂ ਲਈ ਸਟੋਕ ਸ਼ਹਿਰ ਛੱਡਕੇ ਆਪਣੇ-ਆਪਣੇ ਰਸਤੇ ਅਖ਼ਤਿਆਰ ਕਰ ਲੈਂਦੇ ਹਨ। ਜਗਦੀਅਸ਼ ਆਪਣੇ ਨਾਲ ਕੰਮ ਕਰਦੀ ਕੁੜੀ ਸ਼ੈਰਨ ਨਾਲ ਵਿਆਹ ਕਰਵਾ ਲੈਂਦਾ ਹੇ ਅਤੇ ਨਿੰਮੀ ਕਈ ਥਾਵੇਂ ਰਿਸ਼ਤੇ ਜੋੜਦੀ ਤੋੜਦੀ ਵਿਆਹੁਤਾ ਜ਼ਿੰਦਗੀ ਦੇ ਰਸਤੇ ਤੋਂ ਥਿੜਕ ਜਾਂਦੀ ਹੈ। ਉਸਦੀ ਜਗਦੀਅਸ਼ ਨੂੰ ਮੁੜ ਪ੍ਰਾਪਤ ਕਰਨ ਦੀ ਲਾਲਸਾ ਉਸਨੂੰ ਮੁੜ ਸਟੋਕ ਵੱਲ ਖਿੱਚ ਲਿਆਉਂਦੀ ਹੈ। ਉਸ ਸਮੇਂ ਤੱਕ ਜਗਦੀਅਸ਼ ਆਪਣੀ ਵਿਆਹੁਤਾ ਜ਼ਿੰਦਗੀ 'ਚ ਰੁੱਝਿਆ ਹੋਣ ਕਾਰਨ ਨਿੰਮੀ ਦੇ ਸਾਥ 'ਚ ਵਿਚਰਨ ਤੋਂ ਕਿਨਾਰਾ ਕਰ ਲੈਂਦਾ ਹੈ। ਅਜਿਹੀ ਸਥਿਤੀ 'ਚ ਨਿੰਮੀ ਆਪਣੀ ਹਾਰ ਮੰਨ ਕੇ ਮਾਨਸਿਕ ਤੌਰ ਤੇ ਟੁੱਟ ਜਾਂਦੀ ਹੈ। ਕਹਾਣੀਕਾਰ ਪਰਛਾਵੇਂ ਦੇ ਸਿੰਬਲ ਰਾਹੀਂ ਨਿੰਮੀ ਦੀ ਮਾਨਸਿਕ ਸਥਿਤੀ ਨੂੰ ਬਿਆਨ ਕਰਨ 'ਚ ਕਾਮਯਾਬ ਰਿਹਾ ਹੈ, ਪਰਛਾਵੇਂ ਪਕੜ 'ਚ ਨਹੀਂ ਆਉਂਦੇ।

'ਅੱਕ' ਕਹਾਣੀ ਸਦੀਆਂ ਦੇ ਜਾਤ-ਪਾਤ ਦੇ ਡੰਗ ਦੇ ਡੰਗੇ ਮਨੁੱਖ ਦੀ ਬਾਤ ਪਾਉਂਦੀ ਖ਼ੂਬਸੂਰਤ ਕਹਾਣੀ ਹੈ। ਜਾਤ-ਪਾਤ ਕਿਸ ਕਦਰ ਸਾਡੇ ਖ਼ੂਨ 'ਚ ਰਚ ਗਈ ਹੈ, 'ਅੱਕ' ਕਹਾਣੀ ਉਸ ਦੀ ਖ਼ੂਬਸੂਰਤ ਮਿਸਾਲ ਹੈ। ਕਹਾਣੀ ਦਾ ਮੁੱਖ ਪਾਤਰ ਭਜਨ ਆਪਣੇ ਘਰ ਕੰਮ ਕਰਦੀ ਨਿਮਨ ਜਾਤ ਦੀ ਰਾਜੋ ਨੂੰ ਵਿਦੇਸ਼ ਸੈੱਟ ਹੋਣ 'ਚ ਮਦਦ ਕਰਦਾ ਹੈ। ਇੱਕ ਦਿਨ ਰਾਜੋ ਭਜਨ ਦੀ ਪੈਂਤੀ ਸਾਲਾਂ ਦੀ ਕੁੜੀ ਪ੍ਰੀਤੀ ਲਈ ਜਦੋਂ ਆਪਣੇ ਦੇਵਰ ਦੇ ਰਿਸ਼ਤੇ ਲਈ ਉਸ ਨਾਲ ਗੱਲ ਚਲਾਉਂਦੀ ਹੈ ਤਾਂ ਉਹ ਰਾਜੋ ਉੱਪਰ ਆਪਣੀ ਉੱਚ ਜਾਤੀ ਹਾਊਮੈ ਤੇ ਰਾਜੋ ਦੇ ਨਿਮਨ ਜਾਤੀ ਹੋਣ ਕਾਰਣ ਉਸ ਤੇ ਭੜਕ ਪੈਂਦਾ ਹੈ। ਕਹਾਣੀਕਾਰ ਪ੍ਰਵਾਸ ਕਰ ਗਏ ਨਵੀਂ ਜੀਵਨ-ਜਾਂਚ 'ਚ ਜ਼ਿੰਦਗੀ ਬਸਰ ਕਰਦੇ ਇਨਸਾਨਾਂ ਦੇ ਜ਼ਿਹਨ 'ਚ ਵਸੀ ਜਾਤੀ ਹਾਊਮੈਂ ਤੋਂ ਮੁਕਤ ਨਾ ਹੋਣ ਨੂੰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕਰਦਾ ਹੈ।

ਵਿਦੇਸ਼ ਗਈ ਪੁਰਾਣੀ ਪੀੜ੍ਹੀ ਲਈ ਸਭ ਤੋਂ ਦਰਦਨਾਕ ਪ੍ਰਸਥਿਤੀਆਂ ਉਦੋਂ ਪੈਦਾ ਹੁੰਦੀਆਂ ਹਨ ਜਦੋਂ ਉਨ੍ਹਾਂ ਦੀ ਔਲਾਦ ਆਪਣੇ ਸੱਭਿਆਚਾਰ, ਧਰਮ, ਜਾਤ, ਭਾਸ਼ਾ ਤੋਂ ਟੁੱਟ ਹੋਰ ਨਸਲਾਂ ਦੇ ਇਨਸਾਨਾਂ ਨਾਲ ਵਿਆਹ ਪ੍ਰਬੰਧ ਵਿੱਚ ਬੱਝਦੇ ਹਨ। ਮਾਪੇ ਅਜਿਹੇ ਹਲਾਤਾਂ ਵਿੱਚ ਕਰ ਤਾਂ ਕੁੱਝ ਨਹੀਂ ਸਕਦੇ ਸਗੋਂ ਅੰਦਰੋਂ-ਅੰਦਰ ਕੁੜਦੇ ਮਾਨਸਿਕ ਪੀੜਾਂ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਜਿਵੇਂ 'ਚੀਅਰਜ਼' ਕਹਾਣੀ ਵਿੱਚ ਰਣਬੀਰ ਤੇ ਤਾਰਾ ਦਾ ਮੁੰਡਾ ਵਿੱਕੀ ਗੁਜਰਾਤਣ ਕੁੜੀ ਨਾਲ ਵਿਆਹ ਕਰਵਾ ਲੈਂਦਾ ਹੈ ਅਤੇ ਕੁੜੀ ਰਿੰਕੀ ਜਦੋਂ ਡਾਂਸ ਫਲੋਅਰ ਉੱਤੇ ਕਾਲੇ ਮੁੰਡੇ ਨਾਲ ਨੱਚਦੀ ਹੈ ਤਾਂ ਉਸ ਸਮੇਂ ਮਾਂ-ਪਿਉ ਲਈ ਅਸਹਿਣਯੋਗ ਪ੍ਰਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਜਦੋਂ ਆਪਣੀ ਹੀ ਨਸਲ/ਧਰਮ ਦਾ ਮੁੰਡਾ ਪ੍ਰਿਤਪਾਲ ਕਾਲੇ ਮੁੰਡੇ ਨੂੰ ਰਿੰਕੀ ਤੋਂ ਦੂਰ ਕਰਦਾ ਹੈ ਤਾਂ ਰਿੰਕੀ ਦਾ ਪਿਉ ਰਣਬੀਰ ਡਾਂਸ ਫਲੋਅਰ ਤੇ ਪ੍ਰਿਤਪਾਲ ਨਾਲ ਪੈਗ ਚੀਅਰਜ਼ ਕਰਦਾ ਹੈ। ਇਹ ਖ਼ੁਸ਼ੀ, ਉਲਾਸ ਆਪਣੇ ਧਰਮ, ਸੱਭਿਆਚਾਰ, ਭਾਸ਼ਾ ਨਾਲ ਲੰਮੇ ਜੁੜਾਵ ਦੀ ਨਿਸ਼ਾਨੀ ਹੈ। ਜਿਸ ਤੋਂ ਮੁਕਤ ਹੋਣਾ ਆਸਾਨ ਨਹੀਂ।

ਭਾਰਤੀ ਸੱਭਿਆਚਾਰ ਸਿਸਟਮ 'ਚ ਬੁਢਾਪੇ ਵਿੱਚ ਮਾਪਿਆਂ ਦੀ ਸੇਵਾ ਨੂੰ ਪੁੰਨ ਦਾ ਫ਼ਲ ਸਮਝਿਆ ਜਾਂਦਾ ਹੈ। ਇਸੇ ਲਈ ਸਰਵਣ ਪੁੱਤਰ ਵਰਗੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ, ਭਾਵੇਂ

ਪੰਜਾਬ ਵਿੱਚ ਵੀ ਇਹ ਰਿਸ਼ਤਾ ਨਾਤਾ ਪ੍ਰਬੰਧ ਖੁਰਦਾ ਰਸਾਤਲ ਵੱਲ ਜਾ ਰਿਹਾ ਹੈ ਪਰ ਵਿਦੇਸ਼ੀ ਧਰਤੀ ਤੇ ਵਸੇ ਪੰਜਾਬੀਆਂ ਲਈ ਤਾਂ ਬੁਢਾਪਾ ਹੋਰ ਵੀ ਕਸ਼ਟਦਾਇਕ ਹੋ ਨਿਬੱੜਦਾ ਹੈ। 'ਵਰ੍ਹੇ-ਗੰਢ ਮੁਬਾਰਕ' ਕਹਾਣੀ ਦਾ ਸਤਨਾਮ ਆਪਣੀ ਪਤਨੀ ਇੰਦਰ ਕੌਰ ਨੂੰ ਉਸਦੇ ਅੰਤਲੇ ਸਮੇਂ ਵਿੱਚ ਨਰਸਿੰਗ ਹੋਮ ਵਿੱਚ ਛੱਡਣਾ ਚਾਹੁੰਦਾ ਹੈ ਤਾਂ ਜੋ ਉਸ ਦੀ ਚੰਗੀ ਦੇਖ-ਭਾਲ ਹੋ ਸਕੇ ਕਿਉਂਕਿ ਪੁੱਤਰ ਅਵਤਾਰ ਤੇ ਨੂੰਹ ਸੰਭਾਲ ਕਰਨ ਲਈ ਤਿਆਰ ਨਹੀਂ ਹਨ। ਨਰਸਿੰਗ ਹੋਮ ਵਾਲਿਆਂ ਵੱਲੋਂ ਬੁਜ਼ਰਗਾਂ ਦੀ ਸੰਭਾਲ ਬਦਲੇ ਸੇਵਾ ਫ਼ਲ ਦੇ ਤੌਰ ਤੇ ਪੈਸੇ ਨਾ ਦੇਣ ਦੀ ਸਥਿਤੀ ਵਿੱਚ ਸੰਪਤੀ ਨੂੰ ਅਟੈਚ ਕੀਤਾ ਜਾਂਦਾ ਹੈ ਇਸ ਕਰਕੇ ਪੁੱਤਰ ਪਿਉ ਦੁਆਰਾ ਬਣਾਏ ਅਤੇ ਆਪਣੇ ਨਾਮ ਰੱਖੇ ਘਰ ਪ੍ਰਤੀ ਚਿੰਤਤ ਹੈ। ਉਸਨੂੰ ਲੱਗਦਾ ਹੈ ਕਿ ਘਰ ਇੱਕ ਦਿਨ ਨਰਸਿੰਗ ਹੋਮ ਵਾਲਿਆਂ ਦੇ ਕਬਜ਼ੇ 'ਚ ਚਲਾ ਜਾਵੇਗਾ। ਇਸ ਲਈ ਪੁੱਤਰ ਘਰ/ ਮਕਾਨ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ। ਇਸੇ ਯਤਨ ਤਹਿਤ ਪੰਜਾਹਵੇਂ ਵਰ੍ਹੇ-ਗੰਢ ਤੇ ਆਪਣੇ ਮਾਤਾ ਪਿਤਾ ਲਈ ਤੋਹਫ਼ੇ ਦੇ ਤੌਰ ਤੇ ਕੇਕ ਲੈ ਕੇ ਆਉਂਦਾ ਹੈ ਤੇ ਘਰ ਆਪਣੇ ਨਾਮ ਕਰਵਾਉਣ ਦੀ ਗੱਲ ਕਰਦਾ ਹੈ। ਪਿਤਾ ਦੇ ਜਵਾਬ ਦੇਣ ਤੇ ਪੁੱਤਰ ਗਾਲੀ-ਗਲੋਚ ਵਾਲੇ ਸਲੂਕ ਉੱਪਰ ਉੱਤਰ ਆਉਂਦਾ ਹੈ ਤੇ ਕੇਕ ਨੂੰ ਲੱਤ ਮਾਰ ਘਰ ਤੋਂ ਬਾਹਰ ਚਲਾ ਜਾਂਦਾ ਹੈ। ਕਹਾਣੀ ਪ੍ਰਵਾਸ ਕਰ ਗਈ ਪਹਿਲੀ ਪੀੜ੍ਹੀ ਪ੍ਰਤੀ ਨਵੀਂ ਪੀੜ੍ਹੀ ਦੇ ਨਜ਼ਰੀਏ ਨੂੰ ਸੰਵੇਦਨਸ਼ੀਲ ਨਜ਼ਰੀਏ ਤੋਂ ਪੇਸ਼ ਕਰਦੀ ਹੈ।

ਕਾਲਜ ਪੜ੍ਹਦੇ ਪਲਵੀ ਅਤੇ ਲਵੀ ਦੋਵੇਂ ਪਿਆਰ ਦੇ ਬੰਧਨ 'ਚ ਬੱਝਦੇ ਹਨ ਪਰ ਸਮੇਂ ਦੀਆਂ ਤਲਖ਼ ਹਕੀਕਤਾਂ ਕਾਰਣ ਲਵੀ ਤੇ ਪਲਵੀ ਵਿਆਹ ਦੇ ਬੰਧਨ 'ਚ ਬੱਝਣ 'ਚ ਅਸਮਰਥ ਰਹਿਣ ਤੇ ਲਵੀ ਇੰਗਲੈਂਡ ਚਲਾ ਜਾਂਦਾ ਹੈ ਤੇ ਪਲਵੀ ਚੰਗੇ ਘਰ ਦੀ ਧੀ ਹੋਣ ਕਾਰਨ ਗੱਜਣ ਸਿੰਘ ਪ੍ਰੋਫ਼ੈਸਰ ਨਾਲ ਵਿਆਹੀ ਜਾਂਦੀ ਹੈ। ਪਲਵੀ ਅਤੇ ਲਵੀ ਦਾ ਆਪਸ ਵਿੱਚ ਚਿੱਠੀਆਂ ਦਾ ਅਦਾਨ-ਪ੍ਰਦਾਨ ਹੌਲੀ-ਹੌਲੀ ਬੰਦ ਹੋ ਜਾਂਦਾ ਹੈ। ਇੱਕ ਦਿਨ ਅੱਤਵਾਦੀਆਂ ਦੁਆਰਾ ਪਲਵੀ ਦੇ ਭਰਾ ਤੇ ਪਿਤਾ ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਇਸ ਸਮੇਂ ਹੀ ਪਲਵੀ ਦਾ ਪਤੀ ਸੱਜਣ ਨਕਲੀ ਤਲਾਕ ਲੈ ਕੇ ਕੈਨੇਡਾ ਵੱਸ ਨਵਾਂ ਵਿਆਹ ਕਰਵਾ ਲੈਂਦਾ ਹੈ। ਇਸ ਇੱਕਲਤਾ ਵਿੱਚ ਪੱਲਵੀ ਪੱਥਰ ਬਣ ਜਾਂਦੀ ਹੈ। ਅਚਾਨਕ ਲਵੀ ਨੂੰ ਅਖ਼ਬਾਰ ਰਾਹੀਂ ਪਲਵੀ ਦੇ ਪਰਿਵਾਰ ਬਾਰੇ ਪਤਾ ਲੱਗਦਾ ਹੈ ਤਾਂ ਉਹ ਇੰਡੀਆਂ ਆ ਪਲਵੀ ਦੇ ਘਰ ਪਹੁੰਚਦਾ ਹੈ। ਉਸ ਸਮੇਂ ਪਲਵੀ ਦੇ ਅੰਦਰ ਦਾ ਕੜ੍ਹ ਪਾਟ ਜਾਂਦਾ ਹੈ ਤੇ ਉਹ ਰੋ-ਰੋ ਆਪਣਾ ਆਪ ਹਲਕਾ ਮਹਿਸੂਸ ਕਰਦੀ ਹੈ। ਇੱਥੇ ਕਹਾਣੀਕਾਰ ਇਸ 'ਮੌਢਾ' ਕਹਾਣੀ ਰਾਹੀਂ ਇਹ ਸਮਝਾਉਣ 'ਚ ਕਾਮਯਾਬ ਹੋਇਆ ਹੈ ਕਿ ਸੱਚਾ ਸਾਥ ਹੀ ਜ਼ਿੰਦਗੀ ਦਾ ਸਰਮਾਇਆ ਹੁੰਦਾ ਹੈ।

ਵਿਦੇਸ਼ੀ ਧਰਤੀ ਤੇ ਰਿਸ਼ਤਿਆਂ ਦੀ ਬੁਣਤਰ ਤੇ ਬਣਤਰ ਅਜੀਬ ਤਰ੍ਹਾਂ ਦੀ ਹੈ। ਤਲਾਕ ਆਮ ਵਰਤਾਰਾ ਹੈ। ਰਿਸ਼ਤੇ ਬਣਦੇ-ਟੁੱਟਦੇ ਹੀ ਨਹੀਂ ਲੰਮੀਆਂ ਸਾਂਝਾ/ਯਾਦਾਂ ਰਿਸ਼ਤਿਆਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਦੀਆਂ ਹਨ। ਨਿੰਮੀ ਦੋ ਬੱਚਿਆਂ ਦੀ ਮਾਂ ਤਲਾਕ ਤੋਂ ਬਾਅਦ ਵਾਲੀ ਔਕੜਾਂ ਭਰੀ ਜ਼ਿੰਦਗੀ ਬਸਰ ਕਰਦੀ ਹੈ। ਇਸ ਸਮੇਂ ਉਸ ਦਾ ਮਦੱਦਗਾਰ 'ਸਿੰਘ' ਬਣਦਾ ਹੈ ਜੋ ਆਪ ਵੀ ਤਲਾਕਸ਼ੁਦਾ ਜ਼ਿੰਦਗੀ ਜਿਉਂ ਰਿਹਾ ਹੈ। ਦੋਵਾਂ ਦੀ ਸਾਂਝ ਪਿਆਰ 'ਚ ਬਦਲ ਜਾਂਦੀ ਹੈ। ਪਰ ਸਿੰਘ ਨਿੰਮੀ ਦੇ ਦੋ ਬੱਚਿਆਂ ਦਾ ਪਿਉ ਬਣਨ ਲਈ ਤਿਆਰ ਨਹੀਂ। ਇਸ ਸਮੇਂ ਦੌਰਾਨ ਹੀ ਮਾਪਿਆਂ ਦੇ ਦਬਾਓ ਅਧੀਨ ਪੰਜਾਬ ਆ ਕੇ ਵਿਆਹ ਕਰਵਾ ਲੈਂਦੀ ਹੈ।

'ਨੌਟੀ ਕੌਰਨਰ' ਦੀ ਕਮਲਜੀਤ ਕੌਰ ਕੈਮ ਏਅਰ ਪੋਰਟ ਤੇ ਕੰਮ ਕਰਦੀ ਹੈ ਜਿੱਥੇ ਮੈਂ ਪਾਤਰ ਸੀ.ਸੀ. ਟੀ.ਵੀ. ਕੈਮਰਿਆਂ ਨੂੰ ਕੰਟਰੋਲ ਕਰਨ ਦਾ ਇੰਚਾਰਜ ਦੇ ਤੌਰ ਤੇ ਕੰਮ ਕਰਦਾ ਹੈ। ਕੰਮ ਤੇ ਹੀ ਕੈਮ ਦੀ ਸਾਂਝ ਇੱਕ ਮੁਸਲਮਾਨ ਮੁੰਡੇ ਅਸਲਮ ਨਾਲ ਪੈ ਜਾਂਦੀ ਹੈ ਤੇ ਦੋਵੇਂ ਸਾਂਝ ਵਧਾਉਂਦੇ ਜਿੰਦਗੀ 'ਚ ਅੱਗੇ

ਵਧਦੇ ਹਨ। ਕੰਮ ਤੋਂ ਬਰੇਕ ਸਮੇਂ ਅਸਲਮ ਤੇ ਕੈਮ ਪਾਰਕਿੰਗ ਵਿੱਚ ਖੜੀ ਕੈਮ ਦੀ ਗੱਡੀ 'ਚ ਸਮਾਂ ਬਿਤਾਉਂਦੇ ਹਨ। ਜਿਸ ਨੂੰ ਮੈਂ ਪਾਤਰ ਕੈਮਰਿਆਂ ਰਾਹੀਂ ਨਿਰੰਤਰ ਦੇਖਦਾ ਰਹਿੰਦਾ ਹੈ। ਜਿੱਥੇ ਕੈਮ ਦੀ ਕਾਰ ਰੁਕਦੀ ਹੈ ਮੈਂ ਪਾਤਰ ਉਸਨੂੰ ਨੌਟੀ ਕੌਰਨਰ ਦਾ ਨਾਮ ਦੇ ਦਿੰਦਾ ਹੈ। ਕੁੱਝ ਸਮੇਂ ਬਾਅਦ ਕੈਮ ਦੀ ਕਾਰ ਨੌਟੀ ਕੌਰਨਰ ਤੋਂ ਗਾਇਬ ਰਹਿਣ ਲੱਗਦੀ ਤੇ ਉਹ ਕੰਮ ਤੋਂ ਵੀ ਅਸਤੀਫ਼ਾ ਦੇ ਦਿੰਦੀ ਹੈ। ਨੌਕਰੀ ਤੋਂ ਅਸਤੀਫੇ ਦਾ ਕਾਰਣ ਜਦੋਂ ਮੈਂ ਪਾਤਰ ਅਸਲਮ ਤੋਂ ਪੁੱਛਦਾ ਹੈ ਤਾਂ ਉਹ ਦੱਸਦਾ ਹੈ ਕਿ ਇਸ ਦਾ ਕਾਰਣ ਤੁਸੀਂ ਹੋ ਕਿਉਂਕਿ ਤੁਸੀਂ ਕੈਮਰੇ ਰਾਹੀਂ ਜੋ ਦੇਖਦੇ ਸੀ ਉਹ ਤੁਹਾਡੇ ਨਾਲ ਕੰਮ ਕਰਦੇ ਸਹਾਇਕ ਅਸ਼ੋਕ ਪਟੇਲ ਨੇ ਦੇਖ ਲਿਆ ਤੇ ਸਾਰਾ ਕੁੱਝ ਗੁਰਚਰਨ ਸਿੰਘ ਨੂੰ ਦੱਸ ਦਿੱਤਾ। ਜੋ ਸੌੜੀ ਸੋਚ ਦਾ ਮਾਲਕ ਅੰਤਰ ਧਰਮੀ ਰਿਸ਼ਤਿਆਂ ਨੂੰ ਸਹਿਣ ਨਹੀਂ ਕਰਦਾ ਸਗੋਂ ਰੰਗ 'ਚ ਭੰਗ ਪਾਉਣ ਦਾ ਮਾਹਿਰ ਹੈ। ਕਹਾਣੀ ਦੇ ਅੰਤ ਤੇ ਮੈਂ ਪਾਤਰ ਦੁਖੀ ਹੁੰਦਾ ਹੈ ਕਿਉਂਕਿ ਦੋਵਾਂ ਨੂੰ ਕੈਮਰੇ ਰਾਹੀਂ ਦੇਖਣ ਪਿੱਛੇ ਉਸ ਦਾ ਕੋਈ ਅਜਿਹਾ ਮਕਸਦ ਨਹੀਂ ਸੀ ਪਰ ਉਸ ਦੀ ਵਜ੍ਹਾ ਕਰਕੇ ਇਹ ਖ਼ੂਬਸੂਰਤ ਸਾਂਝ/ਜੋੜੀ ਦਾ ਅੰਤ ਹੋ ਜਾਂਦਾ ਹੈ ਤੇ ਨੌਟੀ ਕੌਰਨਰ ਤੇ ਹਮੇਸ਼ਾਂ ਲਈ ਵਿਰਾਨਗੀ ਛਾ ਜਾਂਦੀ ਹੈ।


'ਗੁਆਂਢੀ' ਕਹਾਣੀ ਪ੍ਰਵਾਸ ਦੇ ਦੋ ਅਹਿਮ ਬਿੰਦੂਆਂ ਨੂੰ ਕੇਂਦਰ 'ਚ ਰੱਖ ਕੇ ਬੁਣੀ ਗਈ ਹੈ। ਇੱਕ ਪੰਜਾਬੀ ਬੰਦੇ ਦੇ ਸੁਭਾਅ ਖ਼ਾਸ ਤੌਰ ਤੇ ਪੰਜਾਬੀ ਔਰਤ ਦੇ ਅਚੇਤਨ ਮਨ 'ਚ ਵਸੇ ਵਹਿਮ-ਭਰਮ ਕਿਸੇ ਤਰੱਕੀ ਪਸੰਦ ਮੁਲਕ ਦੀ ਧਰਤੀ ਤੇ ਜਾ ਕੇ ਵੀ ਰਹਿੰਦੇ ਹਨ ਜੋ ਪੰਜਾਬ ਦੀ ਧਰਤੀ ਉੱਤੇ ਹੁੰਦੇ ਹਨ। ਦੂਜਾ ਅਹਿਮ ਬਿੰਦੂ ਪ੍ਰਵਾਸੀ ਜੀਵਨ ਵਿਚਲੀ ਇੱਕਲਤਾ। ਸਾਡੇ ਇੱਥੇ ਪੰਜਾਬ ਵਿੱਚ ਸਾਂਝੇ ਪਰਿਵਾਰਾਂ ਦੀ ਪਿਰਤ ਸੀ ਪਰ ਪ੍ਰਵਾਸੀ ਜੀਵਨ ਵਿੱਚ ਇੱਕਹਿਰੇ ਪਰਿਵਾਰ ਦੀ ਹੋਂਦ ਹੈ। ਕਹਾਣੀ ਵਿਚਲੀ ਚੇਤਨੀ ਅਤੇ ਦੇਵ ਦੇ ਘਰ ਦੀ ਕੰਧ ਦੇ ਦੂਜੇ ਪਾਸੇ ਹੈਰੀ ਅਤੇ ਸਿੰਬਾ (ਕੁੱਤਾ) ਹੀ ਰਹਿੰਦੇ ਹਨ। ਜਿਨ੍ਹਾਂ ਨਾਲ ਕਦੇ-ਕਦੇ ਗੱਲਬਾਤ ਹੁੰਦੀ ਹੈ। ਇੱਕ ਦਿਨ ਲੰਮੇ ਸਮੇਂ ਦੀਆਂ ਸਰਦੀਆਂ ਤੋਂ ਬਾਅਦ ਜਦੋਂ ਦੇਵ ਘਰ ਦੇ ਬਾਹਰ ਨਿਕਲਦਾ ਹੈ ਤਾਂ ਉਹ ਦੇਖਦਾ ਹੈ ਕਿ ਪੁਲਿਸ ਅਤੇ ਸਿਹਤ ਮਹਿਕਮੇ ਵਾਲਿਆਂ ਦੀਆਂ ਕਾਰਾਂ ਹੈਰੀ ਦੇ ਘਰ ਦੇ ਬਾਹਰ ਆ ਕੇ ਰੁਕਦੀਆਂ ਹਨ ਅਤੇ ਪਤਾ ਲੱਗਦਾ ਹੈ ਕਿ ਹੈਰੀ ਨੂੰ ਮਰੇ ਤਾਂ ਕਈ ਮਹੀਨੇ ਹੋ ਗਏ ਅਤੇ ਹੈਰੀ ਦਾ ਕੁੱਤਾ ਵੀ ਗੇਟ ਬੰਦ ਹੋਣ ਕਾਰਨ ਅੰਦਰ ਹੀ ਮਰ ਗਿਆ। ਉਸ ਦਿਨ ਅਧਿਕਾਰੀਆਂ ਨੂੰ ਦੋਵਾਂ ਦੀਆਂ ਸਿਰਫ ਹੱਡੀਆਂ ਹੀ ਮਿਲਦੀਆਂ ਹਨ ਕਿਉਂਕਿ ਦੋਵਾਂ ਦਾ ਮਾਸ ਤਾਂ ਕੀੜੀਆਂ ਖਾ ਚੁੱਕੀਆਂ ਹੁੰਦੀਆਂ ਹਨ। ਇਹ ਕਹਾਣੀ ਪ੍ਰਵਾਸ ਦੀ ਉਸ ਯਥਾਰਥਕ ਸੱਚਾਈ ਨੂੰ ਬਿਆਨ ਕਰਦੀ ਹੈ ਜਿੱਥੇ ਕਿਸੇ ਕੋਲ ਕਿਸੇ ਲਈ ਕੋਈ ਸਮਾਂ ਨਹੀਂ ਸਗੋਂ ਮਨੁੱਖ ਇਕੱਲਤਾ ਦਾ ਸ਼ਿਕਾਰ ਹੋ ਰਿਹਾ ਹੈ। ਇਹ ਵਰਤਾਰਾ ਹੁਣ ਤਾਂ ਭਾਰਤੀ ਮਹਾਂਨਗਰੀ ਜ਼ਿੰਦਗੀ ਵਿੱਚ ਵੀ ਦੇਖਣ ਨੂੰ ਮਿਲਣਾ ਸ਼ੁਰੂ ਹੋ ਗਿਆ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਹਰਜੀਤ ਅਟਵਾਲ ਦਾ ਪ੍ਰਵਾਸ ਦਾ ਲੰਮਾਂ ਅਨੁਭਵ ਅਤੇ ਬਦਲ ਰਹੀਆਂ ਪ੍ਰਸਥਿਤੀਆਂ ਦੇ ਸਮਵਿੱਥ ਨਵਾਂ ਦੇਖਣ/ਜਾਨਣ ਤੇ ਉਸ ਨੂੰ ਸਮਝਣ ਦੀ ਨੀਝ ਇਹਨਾਂ ਕਹਾਣੀਆਂ ਵਿੱਚ ਸਪਸ਼ਟ ਤੌਰ ਤੇ ਦੇਖਣ ਨੂੰ ਮਿਲਦੀ ਹੈ। ਸਾਰੀਆਂ ਹੀ ਕਹਾਣੀਆਂ ਵੱਖ-ਵੱਖ ਰੰਗ ਦੀਆਂ ਹਨ। ਜਿੱਥੇ ਪੱਛਮ ਦੇ ਸਮਾਜ ਵਿੱਚ ਰਹਿੰਦੇ ਪੰਜਾਬੀ ਬੰਦੇ ਦੀਆਂ ਸਮੱਸਿਆਵਾਂ ਤੇ ਉਹਨਾਂ ਕਾਰਨ ਪੈਦਾ ਹੋਈਆਂ ਮਾਨਸਿਕ ਗੁੰਝਲਾਂ ਦੀ ਤਸਵੀਰ ਉਘੜਦੀ ਹੈ। ਉੱਥੇ ਹੀ ਪਿਆਰ, ਸਾਂਝ, ਭੇਦ-ਭਾਵ, ਰਿਸ਼ਤਿਆਂ ਦੀ ਬਣਤਰ ਤੇ ਬੁਣਤਰ ਦੀਆਂ ਅਨੇਕਾਂ ਬਾਰੀਕ ਤੰਦਾਂ ਬਾਰੇ ਵੀ ਪਤਾ ਲੱਗਦਾ ਹੈ।

(**ਸੰਪਰਕ-94638-74394**)

# ਮਨੁੱਖੀ ਜੀਵਨ ਦੀ ਦਾਰਸ਼ਨਿਕ ਵਿਆਖਿਆ : ਚਾਲੀ ਦਿਨ

**ਨਿਰੰਜਣ ਬੋਹਾ**




ਪਰਵਾਸੀ ਨਾਵਲਕਾਰ ਡਾ. ਧੁੱਗਾ ਗੁਰਪ੍ਰੀਤ ਦੇ ਪਲੇਠੇ ਨਾਵਲ **'ਚਾਲੀ ਦਿਨ'** (**ਪ੍ਰਕਾਸ਼ਕ ਆਟੱਮ ਆਰਟ, ਪਟਿਆਲਾ ਮੁੱਲ** : 200 **ਰੁਪਏ**     **ਪੰਨੇ** : 155, **ਸਾਲ** 2023) ਦੇ ਚਾਲੀ ਕਾਂਡ ਜੀਵਨ ਵਿੱਚ ਆਉਣ ਵਾਲੇ ਦੁੱਖਾਂ ਤੇ ਸੁੱਖਾਂ ਬਾਰੇ ਗੰਭੀਰ ਪ੍ਰਵਚਨ ਸਿਰਜਦਿਆਂ ਇਸ ਸੰਵਾਦਕ ਚਰਚਾ ਨੂੰ ਵੀ ਅੱਗੇ ਤੋਰਦੇ ਹਨ ਕਿ ਅਹਿਸਾਸ ਦੇ ਪੱਧਰ 'ਤੇ ਇਨ੍ਹਾਂ ਤੋਂ ਉੱਪਰ ਕਿਵੇਂ ਉੱਠਿਆ ਜਾ ਸਕਦਾ ਹੈ? ਨਾਵਲਕਾਰ ਜਦੋਂ ਮਨੁੱਖੀ ਜੀਵਨ ਵਿਚ ਵੱਧ ਰਹੇ ਦੁੱਖਾਂ- ਕਲੇਸ਼ਾ, ਤਣਾਵਾਂ, ਸ਼ੰਕਾਵਾਂ, ਦੁਬਿਧਾਵਾਂ ਤੇ ਚਿੰਤਾਵਾਂ ਦੇ ਕਾਰਨ ਤਲਾਸ਼ਦਾ ਹੈ ਤਾਂ ਇਹ ਸਿੱਟਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਆਜੋਕੇ ਯੁੱਗ ਦੀਆਂ ਲੋਭ ਲਾਲਚ, ਹੰਕਾਰ ਤੇ ਸਵਾਰਥ ਵਰਗੀਆਂ ਨਿੱਜ-ਪ੍ਰਸਤ ਪ੍ਰਵਿਰਤੀਆਂ ਮਨੁੱਖ ਨੂੰ ਆਪਣੇ ਅੱਸਤਿਤਵ ਜਾਂ ਹੋਂਦ ਨਾਲ ਜੁੜਣ ਨਹੀਂ ਦੇ ਰਹੀਆਂ, ਜਿਸ ਕਾਰਨ ਉਹ ਆਪਣੇ ਜੀਵਨ ਦੇ ਅਸਲ ਮੰਤਵ ਨੂੰ ਹੀ ਭੁੱਲਦਾ ਜਾ ਰਿਹਾ ਹੈ। ਨਾਵਲ ਜੀਵਨ ਜਿਉਣ ਦੀਆਂ ਸਨਾਤਨੀ ਜੁਗਤਾਂ ਨੂੰ ਇਕ ਵਾਰ ਫਿਰ ਮਨੁੱਖੀ ਜੀਵਨ ਜਾਚ ਦਾ ਹਿੱਸਾ ਬਣਾਉਣ ਬਾਰੇ ਵੀ ਚਰਚਾ ਛੇੜਦਾ ਹੈ। ਮਨੁੱਖੀ ਜੀਵਨ ਦੇ ਅੰਤਰਮੁਖੀ ਸਰੋਕਾਰਾਂ ਨਾਲ ਜੁੜੇ ਸੁਆਲਾਂ ਦੇ ਜਵਾਬ ਦੇਣ ਲਈ ਉਹ ਸ੍ਰੀ ਗੁਰੂ ਗਰੰਥ ਸਾਹਿਬ ਤੇ ਸਿੱਖ ਇਤਿਹਾਸ ਤੋਂ ਇਲਾਵਾ ਭਾਰਤੀ ਦਰਸ਼ਨ ਦੇ ਹੋਰ ਪ੍ਰਾਚੀਨ ਧਾਰਮਿਕ ਸਰੋਤਾਂ ਤੇ ਗਰੰਥਾਂ ਤੋਂ ਲਈਆਂ ਪੁਸ਼ਟੀ ਮੂਲਕ ਉਦਾਹਰਣਾ ਦੀ ਵਰਤੋਂ ਵੀ ਸੁਚੇਤ ਪੱਧਰ 'ਤੇ ਕਰਦਾ ਹੈ।

ਨਾਵਲ ਵਿੱਚ ਪਰਸਪਰ ਵਿਰੋਧੀ ਵਿਖਾਈ ਦਿੰਦੀਆਂ ਦੋ ਵਿਚਾਰਧਰਾਵਾਂ ਸਮਾਂਤਰ ਲੀਹਾਂ 'ਤੇ ਤੁਰਦੀਆਂ ਵਿਖਾਈ ਦਿੰਦੀਆਂ ਹਨ, ਜਿਸ ਕਾਰਨ ਨੌਜਵਾਨ ਪਾਤਰ ਕੇਸਰ ਤੇ ਲੰਬੀ ਦਾੜ੍ਹੀ ਵਾਲੇ ਬਜ਼ੁਰਗ ਫਕੀਰ ਦੇ ਸਫ਼ਰ ਦੀ ਮੰਜ਼ਲ ਵੀ ਇੱਕੋ ਹੀ ਵਿਖਾਈ ਗਈ ਹੈ। ਕੇਸਰ ਦੇ ਬੀਕਾਨੇਰ (ਰਾਜਸਥਾਨ) ਵੱਲ ਜਾਣ ਦਾ ਕਾਰਨ ਰੁਜ਼ਗਾਰ ਦੀ ਤਲਾਸ਼ ਵਿਚ ਇਸ ਸ਼ਹਿਰ ਵਿਚ ਜਾਣ ਤੋਂ ਬਾਅਦ ਗੁੰਮ ਹੋਏ ਆਪਣੇ ਬਾਪੂ ਨੂੰ ਵਾਪਸ ਮੋੜ ਲਿਆਉਣ ਦੇ ਮਕਸਦ ਨਾਲ ਜੁੜਿਆ ਹੋਇਆ ਹੈ, ਜਦੋਂ ਕਿ ਬਜ਼ੁਰਗ ਫਕੀਰ ਅੰਨ੍ਹੀ ਪਦਾਰਥਕ ਦੌੜ ਵਿੱਚ ਸ਼ਾਮਿਲ ਲੋਕਾਂ ਦੇ ਜੀਵਨ ਵਿੱਚੋਂ ਗੁਆਚੇ ਸਹਿਜ, ਸੁਹਜ ਤੇ ਸਥਿਰਤਾ ਨੂੰ ਵਾਪਸ ਲਿਆਉਣ ਦੇ ਉਦੇਸ਼ ਨਾਲ ਉਸਦਾ ਸਹਿ-ਯਾਤਰੀ ਬਣਦਾ ਹੈ। ਚਾਲੀ ਦਿਨ ਦੇ ਸਫ਼ਰ ਦੌਰਾਨ ਬਹੁਤ ਸਾਰੇ ਰਾਹੀ -ਪਾਂਧੀ ਬਜ਼ੁਰਗ ਫ਼ਕੀਰ ਨਾਲ ਆਪਣੇ ਦੁੱਖ-ਦਰਦ ਸਾਂਝੇ ਕਰਦੇ ਹਨ ਤੇ ਉਹ ਭਾਰਤ ਦਰਸ਼ਨ ਦੀ ਤਰਜ਼ਮਾਨੀ ਕਰਦੀਆਂ ਨੀਤੀ ਕਥਾਵਾਂ, ਉਪਦੇਸ਼ਾ ਤੇ ਦਾਰਸ਼ਨਿਕ ਉਕਤੀਆਂ ਦੇ ਹਵਾਲੇ ਨਾਲ ਇਨ੍ਹਾਂ ਸਮੱਸਿਆਵਾਂ ਦੇ ਵਿਵਾਹਾਰਕ ਹੱਲ ਵੱਲ ਇਸ਼ਾਰੇ ਕਰਦਾ ਹੈ। ਬਜ਼ੁਰਗ ਫ਼ਕੀਰ ਅੰਦਰਲੀ ਦਾਰਸ਼ਨਿਕਤਾ ਦਾ ਤੱਤਸਾਰ ਇਹ ਹੈ ਕਿ ਮਨੁੱਖ ਨੂੰ ਦਰਪੇਸ਼ ਵਧੇਰੇ ਸਮੱਸਿਆਵਾਂ ਉਸ ਆਪ ਹੀ ਪੈਦਾ ਕੀਤੀਆਂ ਹੁੰਦੀਆਂ ਹਨ ਤੇ ਉਹ ਆਪਣੀ ਸੋਚ ਤੇ ਜੀਵਨ ਵਿਉਂਤਬੰਦੀ ਨੂੰ ਠੀਕ ਦਿਸ਼ਾ


ਵਿੱਚ ਲਿਜਾ ਕੇ ਇਨ੍ਹਾਂ ਦਾ ਸਹਿਜ ਨਿਵਾਰਣ ਵੀ ਆਪ ਹੀ ਕਰ ਸਕਦਾ ਹੈ। ਪੁਸਤਕ ਵਿਚਲੀ ਦਾਰਸ਼ਨਿਕਤਾ ਦਾ ਮੀਰੀ ਪੱਖ ਇਹ ਹੈ ਕਿ ਇਸ ਵਿਚਲਾ ਦਰਸ਼ਨ ਕਰਮ ਯੋਗ ਨੂੰ ਉਤਸਾਹਿਤ ਕਰਨ ਅਤੇ ਮਨੁੱਖੀ ਜੀਵਨ ਤੋਰ ਨੂੰ ਅੱਗੇ ਲੈ ਕੇ ਜਾਣ ਵਾਲਾ ਹੈ।

ਨਾਵਲਕਾਰ ਇਸ ਯਾਤਰਾ ਦਾ ਸਬੰਧ ਕੇਸਰ ਵੱਲੋਂ ਵੇਖੇ ਸੁਪਨੇ ਨਾਲ ਜੋੜਦਿਆਂ ਸਾਡੇ ਵੱਲੋਂ ਵੇਖੇ ਜਾਣ ਵਾਲੇ ਸੁਪਨਿਆਂ ਨੂੰ ਸਾਡੇ ਅਵਚੇਤਨੀ ਯਥਾਰਥ ਦਾ ਹੀ ਇਕ ਸਾਜੀਵ ਹਿੱਸਾ ਕਰਾਰ ਦਿੰਦਾ ਹੈ। ਇਸ ਤਰ੍ਹਾਂ ਆਪਣੇ ਅਵਚੇਤਨੀ ਸੁਫਨਿਆਂ ਰਾਹੀ ਕੇਸਰ ਆਪਣੀ ਵਿਛੜੀ ਭੈਣ ਤਾਰੋ ਨੂੰ ਵੀ ਵੇਖ ਲੈਂਦਾ ਹੈ ਅਤੇ ਨਾਲ ਤੁਰਦੇ ਰਹੇ ਫ਼ਕੀਰ ਵਿੱਚੋਂ ਆਪਣੇ ਬਾਪੂ ਦੇ ਨਕਸ਼ ਵੀ ਪਛਾਣ ਲੈਂਦਾ ਹੈ। ਇਹ ਸੁਫ਼ਨਾ ਉਸ ਅੰਦਰ ਇਹ ਵਿਸਵਾਸ਼ ਵੀ ਪੈਦਾ ਕਰਦਾ ਹੈ ਕਿ ਉਹ ਬਿਨਾਂ ਉਤੇਜਿਤ ਹੋਏ ਸਹਿਜ ਯਤਨ ਕਰਦਿਆਂ ਵੀ ਆਪਣੀ ਪ੍ਰੇਮਿਕਾ ਜੀਤੀ ਦਾ ਜੀਵਨ ਸਾਥ ਪ੍ਰਾਪਤ ਕਰਨ ਦੇ ਟੀਚੇ ਤੱਕ ਪਹੁੰਚ ਸਕਦਾ ਹੈ। ਇਸ ਤਰ੍ਹਾਂ ਨਾਵਲ ਆਪਣੀ ਇਹ ਵਿਚਾਰਧਾਰਕ ਸਥਾਪਨਾ ਉਚੇਚੇ ਤੌਰ 'ਤੇ ਕਰਦਾ ਹੈ ਕਿ ਨੈਤਿਕਤਾ ਵਿਹੂਣੀਆਂ ਬੇ-ਕਾਬੂ ਇਛਾਵਾਂ ਸਾਡੇ ਅੰਦਰ ਬੇ-ਚੈਨੀ ਤੇ ਆਸ਼ਾਂਤੀ ਦੇ ਭਾਵ ਪੈਦਾ ਕਰਦੀਆਂ ਹਨ, ਜਦੋਂ ਕਿ ਜੀਵਨ ਦੀ ਸਹਿਜ ਵਿਉਂਤਬੰਦੀ, ਸੂਝ ਤੇ ਸਿਆਣਪ ਜੀਵਨ ਵਿੱਚ ਸਥਿਰਤਾ ਅਤੇ ਠਹਿਰਾਓ ਲਿਆ ਕੇ ਸਾਨੂੰ ਆਪਣੇ ਲਈ ਨਿਸਚਿਤ ਕੀਤੀ ਮੰਜ਼ਲ ਤਕ ਪਹੁੰਚਾ ਸਕਦੀਆਂ ਹਨ।

ਇਸ ਪੁਸਤਕ ਦਾ ਪਾਠ ਸਵੈ ਦੀ ਖੋਜ ਕਰਨ ਅਤੇ ਮਨੁੱਖੀ ਗੁਣਾਂ ਵਿਚ ਵਾਧਾ ਕਰਨ ਸਬੰਧੀ ਤੀਬਰ ਉਤਸੁਕਤਾ ਪੈਦਾ ਕਰਨ ਵਾਲਾ ਹੈ। ਚਾਹੇ ਆਧੁਨਿਕਤਾ ਦੇ ਰੰਗ ਵਿਚ ਰੰਗੇ ਕੁਝ ਪਾਠਕ ਇਸ ਨਾਵਲ ਨੂੰ ਆਦਰਸ਼ਕ ਰੰਗ ਦਾ ਨਾਵਲ ਕਰਾਰ ਦੇ ਸਕਦੇ ਹਨ ਤੇ ਇਸ ਵਿਚਲੇ ਦਰਸ਼ਨ ਨੂੰ ਹੋਰ ਅਧਿਆਤਮਕ ਸਰੋਤਾਂ ਤੋਂ ਉਧਾਰ ਲਈ ਜਾਣਕਾਰੀ ਤੇ ਦੁਹਰਾਓ ਵੀ ਕਹਿ ਸਕਦੇ ਹਨ। ਪਰ ਇੱਕੀਵੀਂ ਸਦੀ ਦਾ ਮਨੁੱਖ ਜਿਸ ਤਰ੍ਹਾਂ ਆਪਣੇ ਮਨੁੱਖੀ ਖਾਸੇ ਨਾਲ ਟੁੱਟ ਕੇ ਭਾਵਨਾਵਾਂ ਰਹਿਤ ਮਸ਼ੀਨ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੈ, ਉਸ ਮੁਤਾਬਿਕ ਅਜਿਹੇ ਮਾਨਵਤਾਵਾਦੀ ਆਦਰਸ਼ ਦੀ ਵਾਪਸੀ ਵੀ ਹੁਣ ਜ਼ਰੂਰੀ ਵਿਖਾਈ ਦੇਣ ਲੱਗ ਪਈ ਹੈ। ਮਨੁੱਖੀ ਜੀਵਨ ਨੂੰ ਮਨੁੱਖੀ ਢੰਗ ਨਾਲ ਹੀ ਜਿਉਣ ਵਿਚ ਵਿਸਵਾਸ਼ ਰੱਖਦੇ ਪਾਠਕਾਂ ਦੀ ਸੁਹਜ ਤ੍ਰਿਪਤੀ ਲਈ ਇਸ ਨਾਵਲ ਦਾ ਪਾਠ ਬਹੁਤ ਲਾਹੇਵੰਦ ਹੈ। ਨਾਵਲ ਲਿਖਦਿਆਂ ਨਾਵਲਕਾਰ ਦੇ ਮਨ ਵਿਚ ਮਨੁੱਖੀ ਜੀਵਨ ਦੇ ਨੈਤਿਕ ਉਥਾਨ ਲਈ ਯਤਨਸ਼ੀਲ ਰਹੇ ਬੁੱਧ ਪੁਰਸ਼ਾ ਦੇ ਪੜ੍ਹੇ-ਸੁਣੇ ਪ੍ਰਵਚਨਾ ਦਾ ਪ੍ਰਭਾਵ ਜ਼ਰੂਰ ਮੌਜੂਦ ਰਿਹਾ ਹੋਵੇਗਾ ਪਰ ਇਸ ਪ੍ਰਭਾਵ ਨੂੰ ਹੋਰ ਪ੍ਰਭਾਵੀ ਬਣਾ ਕੇ ਪਾਠਕਾ ਤੱਕ ਪੁੱਜਦਾ ਕਰਨ ਦੀ ਸਚੁੱਜੀ ਵਿਉਂਤਬੰਦੀ ਉਸਦੀ ਆਪਣੀ ਹੈ ਤੇ ਆਪਣੀ ਗੱਲ ਕਹਿਣ ਵਿਚ ਸਫ਼ਲ ਵੀ ਰਿਹਾ ਹੈ।

ਸੁਪਨਿਆਂ ਤੇ ਸਿਮਰਤੀਆਂ ਦੇ ਸੁਮੇਲ ਰਾਹੀਂ ਤਿਆਰ ਕੀਤਾ ਨਾਵਲ ਦਾ ਦਰਾਸ਼ਨਿਕ ਖਾਕਾ ਭਾਵੇ ਪਰੰਪਰਾਂਗਤ ਨਾਵਲਾਂ ਤੋਂ ਬਹੁਤ ਵੱਖਰਾ ਹੈ ਫਿਰ ਵੀ ਇਹ ਆਪਣੇ ਆਪਣੀ ਪੜ੍ਹਣ ਯੋਗਤਾ ਨੂੰ ਬਰਕਰਾਰ ਰੱਖਦਾ ਹੈ। ਇਸ ਨਾਵਲ ਦੇ ਵਧੇਰੇ ਵਰਤਾਰੇ ਪ੍ਰਗਟ ਰੂਪ ਵਿਚ ਵਾਪਰਣ ਦੀ ਬਜਾਏ ਨੌਜਵਾਨ ਕੇਸਰ ਦੇ ਜਗਿਆਸੂ ਸੁਆਲਾਂ ਅਤੇ ਦਰਵੇਸ਼ ਫ਼ਕੀਰ ਦੇ ਦਾਰਸ਼ਨਿਕ ਜੁਆਬਾਂ ਰਾਹੀਂ ਰੂਪਮਾਨ ਹੁੰਦੇ ਹਨ, ਇਸ ਲਈ ਇਸ ਵਿੱਚੋਂ ਕਹਾਣੀ ਰੱਸ ਲੱਭਣ ਵਾਲੇ ਪਾਠਕਾਂ ਦੀ ਪੂਰੀ ਸੁਹਜ ਸਤੁੰਸ਼ਟੀ ਤਾਂ ਨਹੀਂ ਹੁੰਦੀ ਪਰ ਜੀਵਨ ਦੀ ਪ੍ਰੇਰਕ ਊਰਜਾ ਹਾਸਿਲ ਕਰਨ ਦੇ ਮੰਤਵ ਨਾਲ ਕੀਤਾ ਇਸਦਾ ਪਾਠ ਬਹੁਤ ਸਤੁੰਸ਼ਟੀ ਜਨਕ ਸਾਬਤ ਹੁੰਦਾ ਹੈ। ਇਸ ਨਾਵਲ ਦੇ ਰਾਹੀਂ ਪਾਠਕ ਤਿੰਨੇ ਪ੍ਰਮੁੱਖ ਸਾਹਿਤ ਵਿਧਾਵਾ ਗਲਪ, ਵਾਰਤਕ ਤੇ ਕਵਿਤਾ ਦੇ ਪਾਠ ਦਾ ਅਨੰਦ ਇੱਕੋਂ ਸਮੇ ਲੈ ਸਕਦੇ ਹਨ। ਭਾਵੇਂ ਇਹ ਨਾਵਲ ਨਾਵਲੀ ਵਿਧਾ ਦੀਆਂ ਬਹੁਤੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ , ਫਿਰ ਵੀ ਨਾਵਲ ਦੇ ਖੇਤਰ ਵਿਚ ਮਾਨਵੀ ਕਦਰਾਂ ਕੀਮਤਾਂ ਦੇ ਪਸਾਰ ਲਈ ਕੀਤੇ ਇਸ ਨਵੇਂ ਤਜਰਬੇ ਦਾ ਸਵਾਗਤ ਕਰਨਾ ਬਣਦਾ ਹੈ।(**ਸੰਪਰਕ -89682-82700**)

# ਸਮਕਾਲ ਦੇ ਜੀਵੰਤ ਸਮਾਜਿਕ ਮਸਲਿਆਂ ਨੂੰ ਸੰਬੋਧਿਤ 'ਕਹਾਣੀ ਧਾਰਾ' -72 ਦੀਆਂ ਕਹਾਣੀਆਂ/ - ਨਿਰੰਜਣ ਬੋਹਾ




ਭਗਵੰਤ ਰਸੂਲਪੁਰੀ ਵੱਲੋਂ ਕੀਤੀ ਗਈ ਮਿਹਨਤ ਦੀ ਪੁਖ਼ਤਾ ਗਵਾਹੀ ਦੇਣ ਵਾਲੇ ਪਰਚੇ 'ਕਹਾਣੀ ਧਾਰਾ' ਦੇ ਜਨਵਰੀ–ਮਾਰਚ 2024 ਅੰਕ ਵਿੱਚ ਪੰਜਾਬੀ ਭਾਸ਼ਾ ਦੀਆਂ ਛੇ ਕਹਾਣੀਆਂ ਤੋਂ ਇਲਾਵਾ ਹਿੰਦੀ ਤੇ ਪੋਲਿਸ਼ ਭਾਸ਼ਾ ਦੀ ਇੱਕ ਇੱਕ ਕਹਾਣੀ ਵੀ ਸ਼ਾਮਿਲ ਹੈ । ਇਹ ਕਹਾਣੀਆਂ ਆਪਣੇ ਸਮਕਾਲ ਦੇ ਜੀਵੰਤ ਮਨੋ– ਸਮਾਜਿਕ ਮਸਲਿਆ ਨੂੰ ਸੰਬੋਧਿਤ ਹੁੰਦਿਆਂ ਕੁਝ ਅਜਿਹੇ ਖੁਲਾਸੇ ਕਰਦੀਆਂ ਹਨ ਜੋ ਸਮਕਾਲੀ ਪੰਜਾਬੀ ਕਹਾਣੀ ਦੀ ਨਿਵੇਕਲੀ ਪਛਾਣ ਸਥਾਪਿਤ ਕਰਨ ਵਿਚ ਸਹਾਈ ਬਣਦੇ ਹਨ। ਪੋਲਿਸ਼ ਤੇ ਹਿੰਦੀ ਕਹਾਣੀ ਆਪਣੇ ਵੱਖਰੇ ਵੱਖਰੇ ਸਮਾਜਿਕ ਤੇ ਸੱਭਿਆਚਾਰਕ ਧਰਾਤਲ ਨਾਲ ਜੁੜੀ ਹੋਈ ਹੈ , ਇਸ ਲਈ ਇਨ੍ਹਾਂ ਦੀ ਚਰਚਾ ਵੀ ਵੱਖਰੀ ਲਿਖਤ ਦੀ ਹੀ ਮੰਗ ਕਰਦੀ । ਆਪਣੀ ਇਸ ਲਿਖਤ ਵਿਚ ਮੈਂ ਪੰਜਾਬੀ ਭਾਸ਼ਾ ਦੀਆਂ ਛੇ ਕਹਾਣੀਆਂ ਨੂੰ ਹੀ ਆਪਣੀ ਚਰਚਾ ਦਾ ਵਿਸ਼ਾ ਬਣਾਇਆ ਹੈ। ਇਨ੍ਹਾਂ ਵਿੱਚੋਂ ਪੰਜ ਕਹਾਣੀਆਂ ਮੈਨੂੰ ਵਿਸ਼ੇ ਦੀ ਚੋਣ ਤੋਂ ਲੈ ਕਲਾਤਮਿਕ ਪੇਸ਼ਕਾਰੀ ਤੱਕ ਨਵੀਂ ਪੰਜਾਬੀ ਕਹਾਣੀ ਨਾਲ ਪੂਰਾ ਵਰ ਮੇਚਦੀਆਂ ਲੱਗੀਆਂ ਹਨ। ਛੇਵੀ ਕਹਾਣੀ ਵਿਸ਼ੇ ਦੀ ਚੋਣ ਪੱਖੋਂ ਤਾਂ ਪਾਠਕੀ ਸ਼ਾਬਸ਼ ਲੈਣ ਦੀ ਹੱਕਦਾਰ ਹੈ ਪਰ ਇਸਦਾ ਕਥਾਨਕ ਉਸਾਰਦਾ ਘਟਨਾਕ੍ਰਮ ਗੈਰ ਸੁਭਾਵਿਕ ਤੇ ਲੋੜੋਂ ਵੱਧ ਨਾਟਕੀਅਤਾ ਭਰਪੂਰ ਹੋਣ ਕਾਰਨ ਪਾਠਕਾਂ ਦੀ ਸੁਹਜ ਸੰਤੁਸ਼ਟੀ ਕਰਵਾ ਸਕਣ ਤੋਂ ਅਸਮਰੱਥ ਜਾਪਦਾ ਹੈ।

ਪਰਚੇ ਵਿਚ ਛਪੀ ਸਰਬਜੀਤ ਕੌਰ ਸੋਹਲ ਦੀ ਕਹਾਣੀ **'ਬੁਰਜ ਖ਼ਲੀਫ਼ਾ'** ਹੀਣ ਭਾਵਨਾ ਗ੍ਰਸਤ ਮਨੁੱਖੀ ਮਾਨਸਿਕਤਾ ਦੇ ਕ੍ਰਿਸ਼ਮਈ ਨਤੀਜਿਆਂ ਬਾਰੇ ਅਹਿਮ ਖੁਲਾਸੇ ਕਰਦੀ ਹੈ। ਇਹ ਨਤੀਜੇ ਸਕਾਰਤਮਕ ਵੀ ਹੋ ਸਕਦੇ ਹਨ ਤੇ ਨਕਾਰਤਮਕ ਵੀ । ਜਦੋਂ ਅਜਿਹੀ ਭਾਵਨਾ ਗ੍ਰਸਤ ਕੋਈ ਮਨੁੱਖ ਆਪਣੀ ਸਮਾਜਿਕ ਉਪਯੋਗਤਾ ਨੂੰ ਸਾਬਤ ਕਰਨ ਦਾ ਦ੍ਰਿੜ ਸੰਕਲਪੀ ਇਰਾਦਾ ਧਾਰ ਲਵੇ ਤਾਂ ਉਹ ਦੁਨੀਆ ਨੂੰ ਕੁਝ ਬਣ ਕੇ ਵੀ ਵਿਖਾ ਸਕਦਾ ਹੈ, ਪਰ ਜੇ ਉਸ ਅੰਦਰਲੀ ਇਹ ਭਾਵਨਾ ਬਦਲਾ ਲਊ ਮਾਨਸਿਕ ਕੁੰਠਾਂ ਵਿਚ ਤਬਦੀਲ ਹੋ ਜਾਵੇ ਤਾਂ ਉਸ ਲਈ ਨੈਤਿਕ ਤੇ ਸਦਾਚਾਰਕ ਕੀਮਤਾਂ ਵੀ ਅਰਥਹੀਣ ਹੋ ਜਾਂਦੀਆਂ ਹਨ। ਇਸ ਅਵਸਥਾ ਵਿਚ ਉਸਦਾ ਮਕਸਦ ਉਸਨੂੰ ਹੀਣਾ ਸਮਝਣ ਵਾਲੇ ਲੋਕਾਂ ਨੂੰ ਹਰ ਹਾਲ ਤੇ ਹਰ ਹੀਲੇ ਆਪਣੇ ਤੋਂ ਨੀਵਾਂ ਸਾਬਤ ਕਰਨਾ ਹੁੰਦਾ ਹੈ ਅਤੇ ਇਸ ਲਈ ਉਹ ਕੁਝ ਵੀ ਕਰ ਗੁਜਰਨ ਲਈ ਤਿਆਰ ਰਹਿੰਦਾ ਹੈ।

ਆਪਣੇ ਕਾਲੇ ਰੰਗ ਤੇ ਮਧਰੇ ਕੱਦ ਕਰਨ ਅਹਿਸਾਸੇ– ਕਮਤਰੀ ਦੀ ਸ਼ਿਕਾਰ ਹੋਈ ਇਸ ਕਹਾਣੀ ਦੀ ਪਾਤਰ ਸੰਜੂ ਬਾਸਕਿਟ ਬਾਲ ਦੀ ਸਟਾਰ ਖਿਡਾਰੀ ਬਣ ਕੇ ਆਪਣੇ ਕਾਲਜ਼ ਦੇ ਸਹਿਪਾਠੀਆਂ ਤੇ ਪ੍ਰੋਫ਼ੈਸਰਾਂ ਦਾ ਧਿਆਨ ਤਾਂ ਆਪਣੇ ਵੱਲ ਖਿੱਚ ਲੈਂਦੀ ਹੈ ਪਰ ਮੁੰਡਿਆਂ ਦੀ ਟੀਮ ਦੇ ਕੈਪਟਨ ਦੀ ਇਹ ਬੋਲੀ 'ਜਿਹੋ

ਜਿਹੀ ਇਹ ਆਪ ਹੈ, ਇਹੋ ਜਿਹੀ ਇਸ ਦੀ ਗੇਮ ਹੋਵੇਗੀ।' ਉਸ ਅੰਦਰਲੀ ਬੇਚੈਨੀ ਨੂੰ ਸ਼ਾਤ ਨਹੀਂ ਹੋਣ ਦਿੰਦੀ । ਉਸ ਦੇ ਸ਼ਰਾਬ ਜਾਂ ਸਿਗਰਟ ਪੀਣ ਦੀ ਆਦਤ ਵੀ ਉਸਦੀ ਇਸੇ ਮਾਨਸਿਕ ਕੁੰਠਾਂ ਵਿੱਚੋਂ ਜਨਮ ਲੈਂਦੀ ਹੈ। ਉਸਦੀ ਮਾਨਸਿਕ ਤੜਫ਼ਣਾ ਉਦੋਂ ਕੁਝ ਸ਼ਾਂਤ ਹੁੰਦੀ ਹੈ, ਜਦੋਂ ਉਹ ਆਪਣਾ ਮਜ਼ਾਕ ਉਡਾਉਣ ਵਾਲੇ ਵਨੀਤ ਨੂੰ ਭਾਵੁਕ ਪਲਾਂ ਵਿਚ ਉਕਸਾ ਕੇ ਉਸ ਨਾਲ ਸਰੀਰਕ ਸਬੰਧ ਜੋੜ ਲੈਂਦੀ ਹੈ। ਇਸ ਤੋਂ ਬਾਅਦ ਉਹ ਉਸ ਵੱਲ ਤਵੱਜ਼ੋ ਨਾ ਦੇਣ ਵਾਲੇ ਆਪਣੇ ਪ੍ਰੋਫੈਸਰ ਨਾਲ ਵੀ ਅਜਿਹਾ ਹੀ ਕਰਦੀ ਹੈ ਅਤੇ ਇਸ ਨੂੰ ਲੱਤ ਹੇਠੋਂ ਲੰਘਾਉਣ ਦਾ ਨਾਂ ਦੇ ਕੇ ਕੁਝ ਪਲ ਲਈ ਮਾਨਸਿਕ ਰਾਹਤ ਮਹਿਸੂਸ ਕਰਦੀ ਹੈ। ਅਜਿਹੀ ਅਵਸਥਾ ਵਿਚ 'ਔਰਤ ਕੀ ਕਰੇ' ਦੇ ਸਵਾਲ ਨੂੰ ਲੈ ਕੇ ਹਰ ਪਾਠਕ ਦੀ ਆਪਣੀ ਰਾਇ ਹੋ ਸਕਦੀ ਹੈ ਤੇ ਉਹ ਮੁੱਖ ਪਾਤਰ ਦੀ ਇਸ ਤਰ੍ਹਾਂ ਦੀ ਮਾਨਸਿਕ ਪ੍ਰਤੀਕਿਰਿਆ ਨੂੰ ਉਸ ਲਈ ਸਵੈ ਵਿਨਾਸ਼ਕ ਵੀ ਕਰਾਰ ਦੇ ਸਕਦਾ ਹੈ, ਪਰ ਜਿਸ ਤਰ੍ਹਾਂ ਸੋਹਲ ਨੇ ਉਸਦੀ ਹੀਣਭਾਵਨਾ ਗ੍ਰਸਤ ਮਾਨਸਿਕਤਾ ਦੀਆਂ ਪਰਤਾਂ ਵਿੱਚਲੀ ਸੂਖ਼ਮਤਾ ਨੂੰ ਪਕੜਿਆ ਹੈ,ਉਸ ਲਈ ਉਹ ਪ੍ਰਸੰਸਾ ਦੀ ਪੂਰੀ ਹੱਕਦਾਰ ਹੈ।

ਜਸਵਿੰਦਰ ਰੱਤੀਆਂ ਦੀ ਕਹਾਣੀ **'ਮੈ ਵੀ ਹਾਰਨਾ ਸਿਖ ਲਿਆ'** ਵਿਚਾਰਧਾਰਕ ਪ੍ਰਤੀਬੱਧਤਾ ਦੇ ਵਿਵਹਾਰਿਕ ਅਰਥਾਂ ਨੂੰ ਪੁਨਰ ਰੂਪ ਵਿੱਚ ਵਿਸ਼ਲੇਸ਼ਿਤ ਤੇ ਪਰਿਭਾਸ਼ਿਤ ਕਰਦੀ ਹੈ। ਕੋਈ ਵਿਚਾਰਧਾਰਾ ਕਿੰਨੀ ਵੀ ਉੱਤਮ , ਅਗਾਂਹਵਧੂ ਤੇ ਉਸਾਰੂ ਕਿਉਂ ਨਾ ਹੋਵੇ, ਉਸ ਨੂੰ ਜ਼ਿੰਦਗੀ ਵਿੱਚ ਕਿਸੇ ਫਾਰਮੂਲੇ ਵਾਂਗ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਕਹਾਣੀ ਪਰਿਵਾਰਕ ਰਿਸ਼ਤਿਆਂ ਪ੍ਰਤੀ ਸੰਤੁਲਿਤ ਤੇ ਦੂਸਰਿਆਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲੀ ਪਹੁੰਚ ਅਪਣਾਉਣ ਦੀ ਲੋੜ ਨੂੰ ਉਭਾਰਦੀ ਹੈ। ਕਹਾਣੀ ਵਿੱਚਲੇ ਦੋਸਤ ਰਤਨ ਤੇ ਸੁੱਖ, ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ । ਰਤਨ ਵਿਚਾਰਧਾਰਕ ਪ੍ਰਤੀਬੱਧਤਾ ਦੇ ਮਾਮਲੇ ਵਿਚ ਸੁੱਖ ਨਾਲੋਂ ਬਹੁਤ ਅੱਗੇ ਹੈ। ਉਹ ਘਰ ਪਰਿਵਾਰ ਵਿੱਚ ਵੀ ਵਿਚਾਰਧਾਰਕ ਅਨੁਸਾਸ਼ਨ ਲਾਗੂ ਕਰਨ ਦਾ ਹਾਮੀ ਹੈ ਪਰ ਸੁੱਖ ਆਪਣੇ ਪਤਨੀ ਦੀ ਭਾਵਨਾਵਾਂ ਦੀ ਕਦਰ ਕਰਦਿਆਂ ਘਰ ਪਰਿਵਾਰ ਚਲਾਉਣ ਦੇ ਨਿਯਮਾਂ ਪ੍ਰਤੀ ਸਮੇਂ ਸਮੇਂ 'ਤੇ ਲਚਕੀਲੀ ਪਹੁੰਚ ਵੀ ਅਪਣਾ ਲੈਂਦਾ ਹੈ। ਘਰ ਵਿੱਚ ਲਾਗੂ ਕੱਟੜ ਮਾਰਕਸੀ ਵਿਚਾਰਧਾਰਾ ਦੀ ਤਾਨਾਸ਼ਾਹੀ ਦੇ ਚਲਦਿਆਂ ਰਤਨ ਦੇ ਪਰਿਵਾਰਕ ਮੈਂਬਰ ਏਨੀ ਘੁਟਨ ਮਹਿਸੂਸ ਕਰਦੇ ਹਨ ਕਿ ਉਸਦੀ ਪਤਨੀ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦੀ ਹੈ। ਸਭ ਕੁਛ ਲੁੱਟਾ ਕੇ ਹੋਸ਼ ਵਿਚ ਆਉਣ ਦੀ ਕਹਾਵਤ ਵਾਂਗ ਉਹ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੇ ਕਾਬਿਲ ਬਣਦਾ ਹੈ ਤਾਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਕਹਾਣੀ ਦਾ ਰਚਨਾਤਮਕ ਸੰਗਠਨ ਜ਼ਿੰਦਗੀ ਦੇ ਸਫ਼ਰ ਦੌਰਾਨ ਪਰਿਵਾਰਕ ਰਿਸ਼ਤਿਆਂ ਪ੍ਰਤੀ ਅਪਣਾਈ ਜਾ ਸਕਦੀ ਵਿਵਹਾਰਿਕ ਜਾਂ ਮੂਲਵਾਦੀ ਅਨੁਸ਼ਾਸਨੀ ਪਹੁੰਚ ਦੇ ਤੁਲਨਾਤਮਕ ਮੁਕਾਬਲੇ ਰਾਹੀਂ ਉਸਾਰਿਆ ਗਿਆ ਹੈ। ਭਾਵੇਂ ਕਹਾਣੀ ਸਿਰਜਣਾ ਦੀ ਇਹ ਤਕਨੀਕ ਨਵੀਂ ਨਹੀਂ ਹੈ, ਫਿਰ ਵੀ ਕਹਾਣੀਕਾਰ ਆਪਣੀ ਗੱਲ ਸੁਚਾਰੂ ਢੰਗ ਨਾਲ ਪਾਠਕਾਂ ਤੱਕ ਪੁੱਜਦਾ ਕਰਨ ਵਿੱਚ ਸਫਲ ਰਿਹਾ ਹੈ।

ਸੋਮਾ ਸਬਲੋਕ ਦੀ ਕਹਾਣੀ **'ਚਿਰਾ.ਗ'** ਧਾਰਮਿਕ ਫਸਾਦਾਂ ਦੇ ਪਿੱਛੇ ਕਾਰਜ਼ਸ਼ੀਲ ਰਹਿਣ ਵਾਲੀ ਲੁਕਵੀਂ ਸਿਆਸਤ ਦੀ ਸਨਾਖ਼ਤ ਕਰਦੀ ਹੈ । ਪੰਜਾਬ ਹਮੇਸ਼ਾ ਭਾਈਚਾਰਕ ਸਾਂਝ ਦਾ ਹਿਮਾਇਤੀ ਰਿਹਾ ਹੈ, ਪਰ ਸਿਆਸਤ ਦੇ ਅੰਨ੍ਹੇ ਨਿਸ਼ਾਨਚੀ ਕਦੇ ਸਾਰੇ ਫਿਰਕਿਆਂ ਦੀ ਸ਼ਰਧਾ ਨੂੰ ਆਪਣੇ ਨਾਲ ਜੋੜਣ ਵਾਲੀ ਮਜ਼ਾਰ ਦੇ ਸ਼ਰਧਾਲੂਆਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਂਦੇ ਹਨ ਤੇ ਕਦੇ ਇੱਕ ਫਿਰਕੇ ਦੇ ਲੋਕਾਂ ਨੂੰ ਬੱਸਾਂ ਵਿੱਚੋਂ ਲਾਹ ਕੇ ਬਿਨਾਂ ਕਸੂਰ ਤੋਂ ਕਤਲ ਕਰਦੇ ਹਨ। ਮਜ਼ਾਰ ਤੇ ਹੋਈ ਗੋਲੀਬਾਰੀ ਵਿੱਚ ਜੇ ਇੱਕ ਗੋਲੀ ਨਾਲ ਮੁਸਲਮਾਨ ਫਿਰਕੇ ਦਾ ਹੁਸੈਨ ਮਰਦਾ ਹੈ ਤਾਂ ਦੂਜੀ ਗੋਲੀ ਸ਼ਰਧਾਲੂ ਦੇ ਰੂਪ ਵਿਚ ਆਏ ਸਿੱਖ ਨੌਜਵਾਨ ਬੇਅੰਤ ਨੂੰ ਆਪਣਾ ਸ਼ਿਕਾਰ ਬਣਾ ਲੈਂਦੀ ਹੈ। ਕਹਾਣੀ ਇਕ ਪਾਸੇ ਕੁਰਸੀ ਨਾਲ ਜੁੜੀ

ਸਿਆਸਤ ਪ੍ਰਤੀ ਨਫ਼ਰਤ ਦੇ ਭਾਵ ਪੈਦਾ ਕਰਦੀ ਹੈ ਤਾਂ ਦੂਜੇ ਪਾਸੇ ਇਸ ਲੋਕ ਦੋਖੀ ਸਿਆਸੀ ਪ੍ਰਵਚਨ ਦਾ ਪ੍ਰਤੀਉੱਤਰ ਮਾਨਵਤਾਪੱਖੀ ਪ੍ਰਵਚਨ ਸਿਰਜ ਕੇ ਵੀ ਦਿੰਦੀ ਹੈ।ਕਹਾਣੀ ਦਾ ਮੁੱਖ ਪਾਤਰ ਨਜ਼ਾਮ ਮਲਕ ਮਜ਼ਾਰ 'ਤੇ ਕਰਵਾਏ ਗਏ ਫਿਰਕੂ ਦੰਗੇ ਦੌਰਾਨ ਆਪਣੇ ਪੁੱਤਰ ਹੁਸੈਨ ਦੇ ਮਾਰੇ ਜਾਣ ਤੋਂ ਤੋਂ ਬੇਹੱਦ ਦੁਖੀ ਹੈ ।ਉਸ ਲਈ ਵੱਡਾ ਸਿਤਮ ਇਹ ਹੈ ਕਿ ਉਹ ਆਪਣੇ ਮੋਏ ਪੁੱਤਰ ਨੂੰ ਦਫਨਾਉਣ ਦੀ ਰਸਮ ਵੀ ਨਹੀਂ ਨਿਭਾਅ ਸਕਿਆ ।ਕਹਾਣੀ ਦੀ ਉਦੇਸ਼ਾਤਮਕ ਦਿਸ਼ਾ ਉਸ ਵੇਲੇ ਮਾਨਵਤਾਵਾਦੀ ਪਹੁੰਚ ਨਾਲ ਜਾ ਜੁੜਦੀ ਹੈ ਜਦੋਂ ਆਪਣੇ ਮਨ ਅੰਦਰਲੇ ਰੋਸ ਦੇ ਹਿੰਸਾਤਮਕ ਪ੍ਰਗਟਾਵੇ ਦੀ ਥਾਂ ਉਹ ਹਰੇਕ ਫ਼ਿਰਕੇ ਦੀ ਲਾਵਾਰਸ ਲਾਸ਼ ਨੂੰ ਦਫਨਾਉਣ ਜਾਂ ਸਸਕਾਰ ਕਰਨ ਦਾ ਜਿੰਮੇਵਾਰੀ ਸੰਭਾਲ ਕੇ ਸਾਰੇ ਫ਼ਿਰਕਿਆਂ ਦਾ ਸਾਂਝਾ ਬਾਬਾ ਬਣ ਜਾਂਦਾ ਹੈ ।ਭਾਵੇ ਕਹਾਣੀ ਕੁਝ ਆਦਰਸ਼ਕ ਰੰਗਤ ਵਾਲੀ ਹੈ ਪਰ ਫਿਰਕੂ ਦੰਗਿਆਂ ਵਰਗੀਆਂ ਕੁਝ ਖਾਸ ਸਥਿਤੀਆਂ ਵਿਚ ਅਜਿਹੇ ਆਦਰਸ਼ ਸਮੇਂ ਦੀ ਲੋੜ ਬਣ ਜਾਂਦੇ ਹਨ।

ਗੁਰਿੰਦਰ ਕਲਸੀ ਦੀ ਕਹਾਣੀ **'ਦਰਦ ਦੇ ਰੰਗ'** ਦਰਦਾਮੰਦਾਂ ਦੀ ਆਪਸੀ ਸਾਂਝ ਨੂੰ ਸਰਵੋਤਮ ਮਨੁੱਖੀ ਸਾਂਝ ਦਾ ਦਰਜ਼ਾ ਦਿੰਦਿਆਂ ਇਸ ਲੋਕ ਉਕਤੀ ਦੀ ਪੁਸ਼ਟੀ ਕਰਦੀ ਹੈ ਕਿ ਖੁਦ ਦਰਦ ਸਹਿਣ ਕਰ ਰਿਹਾ ਕੋਈ ਮਨੁੱਖ ਹੀ ਦੂਜੇ ਦੇ ਦਰਦ ਦੇ ਰੰਗ ਦੀ ਸਹੀ ਪਛਾਣ ਕਰ ਸਕਦਾ ਹੈ।ਕਹਾਣੀ ਦੀ ਪਾਤਰ ਤ੍ਰਿਪਤਾ ਅਰੋੜਾ ਅੰਦਰਲੇ ਦਰਦ ਦੇ ਰੰਗਾਂ ਦੀ ਪਛਾਣ ਉਸਦੇ ਡਾਕਟਰ ਪਤੀ ਜਾਂ ਉਸਦੇ ਬੱਚਿਆਂ ਤੋਂ ਨਹੀਂ ਕਰ ਹੁੰਦੀ ਪਰ ਉਸ ਤੋਂ ਪੰਦਰਾਂ ਸਾਲ ਛੋਟਾ ਉਸਦਾ ਸਹਿਕਰਮੀ ਅਧਿਆਪਕ ਜਸਵੀਰ ਇਹਨਾਂ ਦੇ ਰੰਗਾਂ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ। ਦਰਦਾਂ ਦੀ ਇਹ ਆਪਸੀ ਸਾਂਝ ਵਕਤੀ ਤੌਰ ਤੇ ਦੋਵਾਂ ਦੇ ਦਰਦਾਂ ਦੀ ਦਵਾ ਵੀ ਬਣਦੀ ਹੈ।

ਤ੍ਰਿਪਤਾ ਆਪਣੇ ਪਤੀ ਵੱਲੋਂ ਮੋਹ ਤੇ ਪਿਆਰ ਨਾ ਮਿਲ ਸਕਣ ਕਾਰਨ ਮਾਨਸਿਕ ਤੌਰ 'ਤੇ ਅਤ੍ਰਿਪਤ ਹੈ ਅਤੇ ਇਕੱਲਤਾ ਦਾ ਅਹਿਸਾਸ ਉਸ ਨੂੰ ਲਗਾਤਾਰ ਬੇ- ਚੈਨ ਤੇ ਤਣਾਓਸ਼ੀਲ ਰੱਖਦਾ ਹੈ । ਜਦੋਂ ਅਧਿਆਪਨ ਦਾ ਕੋਰਸ ਕਰਦਿਆਂ ਉਸਦੀ ਮਾਨਸਿਕ ਨੇੜਤਾ ਮਨਜੀਤ ਮੱਕੜ ਨਾਲ ਬਣਦੀ ਹੈ ਤਾਂ ਮਾਪਿਆਂ ਦੀ ਇੱਜ਼ਤ ਦਾ ਸਵਾਲ ਉਨ੍ਹਾਂ ਦੇ ਪਿਆਰ ਸਬੰਧਾਂ ਦੇ ਰਾਹ ਦੀ ਰੁਕਾਵਟ ਬਣ ਜਾਂਦਾ ਹੈ। ਵਿਆਹ ਦੀ ਉਮਰ ਲੰਘ ਜਾਣ 'ਤੇ ਜਦੋਂ ਉਹ ਦੋ ਬੱਚਿਆਂ ਦੇ ਬਾਪ ਡਾ.ਰਾਜਵੰਸ ਗਿੱਲ ਨਾਲ ਵਿਆਹ ਤਾਂ ਕਰਵਾਉਂਦੀ ਹੈ ਤਾਂ ਪਤੀ ਪਤਨੀ ਵਿਚਲੀ ਸਰੀਰਕ ਸਾਂਝ ਮਨ ਦੀ ਸਾਂਝ ਵਿੱਚ ਤਬਦੀਲ ਨਹੀਂ ਹੁੰਦੀ। ਕਹਾਣੀ ਵਿਚ ਨਵਾਂ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਉਸਦੇ ਜੁਆਈ ਦੇ ਨਸ਼ੇੜੀ ਹੋਣ ਕਾਰਨ ਉਸਦੀ ਧੀ ਪੁਨੀਤ ਨੂੰ ਵੀ ਉਸ ਵਾਂਗ ਹੀ ਮਾਨਸਿਕ ਸੰਤਾਪ ਭੋਗਣਾ ਪੈਂਦਾ ਹੈ।ਜਦੋਂ ਧੀ ਆਪਣੇ ਪਤੀ ਨੂੰ ਸਿੱਧੇ ਰਾਹ ਪਾਉਣ ਲਈ ਕਿਸੇ ਜੋਤਸ਼ੀ ਕੋਲ ਜਾਣ ਦੀ ਜ਼ਿੱਦ ਕਰਦੀ ਹੈ ਤਾਂ ਮਾਂ ਅੰਦਰਲੇ ਦਰਦ ਦੀ ਇਕ ਨਵੀਂ ਪਰਤ ਸਾਹਮਣੇ ਆਉਂਦੀ ਹੈ ਕਿ ਕਿਸੇ ਜੋਤਸ਼ੀ ਵੱਲੋਂ ਉਸਦੇ ਮਾਂ ਨਾ ਬਣ ਸਕਣ ਦੀ ਕੀਤੀ ਝੂਠੀ ਭਵਿੱਖਬਾਣੀ ਕਾਰਨ ਹੀ ਉਸਨੂੰ ਇਕ ਦੁਹਾਜੂ ਨਾਲ ਵਿਆਹ ਕਰਾਉਣਾ ਪਿਆ ਸੀ ।

ਭਾਵੇ ਇਹ ਕਹਾਣੀ ਔਰਤ ਅੰਦਰਲੀਆਂ ਮਾਨਸਿਕ ਅਤ੍ਰਿਪਤੀਆਂ ਨੂੰ ਸਫ਼ਲਤਾ ਪੂਰਬਕ ਰੂਪਮਾਨ ਕਰਨ ਵਿਚ ਸਫ਼ਲ ਰਹੀ ਹੈ ਪਰ ਇਸ ਦੀ ਕਥਾਤਮਕ ਬੁਣਤਰ ਵਿਚਲੇ ਕੁਝ ਝੋਲ ਇਸ ਦੇ ਕਲਾਤਮਿਕ ਸੁਹਜ ਨੂੰ ਘਟਾਉਂਦੇ ਲੱਗਦੇ ਹਨ। ਆਪਣੇ ਪਹਿਲੇ ਪਿਆਰ ਤੋਂ ਛੁਟਕਾਰਾ ਪਾਉਣ ਲਈ ਉਸ ਵੱਲੋਂ ਪ੍ਰੇਮੀ ਨੂੰ ਬਦਨਾਮ ਕਰਕੇ ਉਸ ਦੇ ਦਿਲ ਵਿਚ ਆਪਣੇ ਲਈ ਨਫ਼ਰਤ ਪੈਦਾ ਕਰਨ ਦੀ ਕੁਰਬਾਨੀ ਲੋੜੋਂ ਵੱਧ ਆਦਰਸ਼ਕ ਤੇ ਫਿਲਮੀ ਰੰਗਤ ਵਾਲੀ ਜਾਪਦੀ ਹੈ। ਇਕ ਪੜ੍ਹੀ ਲਿਖੀ ਤੇ ਅਧਿਆਪਕ ਲੱਗੀ ਔਰਤ ਅਤੇ ਉਸ ਦੇ ਮਾਪਿਆਂ ਵੱਲੋਂ ਕੇਵਲ ਇਕ ਜੋਤਸ਼ੀ ਦੀ ਗੱਲ ਤੇ ਵਿਸਵਾਸ਼ ਕਰਕੇ ਕਿਸੇ ਡਾਕਟਰ ਦੀ ਸਲਾਹ ਨਾ ਲੈਣ ਦੀ ਗੱਲ ਵੀ ਵਿਵਹਾਰਕਤਾ ਦੀ ਕਸਵੱਟੀ 'ਤੇ ਖਰੀ ਨਹੀਂ ਉਤਰਦੀ ।

ਬਲਵੰਤ ਫਰਵਾਲੀ ਦੀ ਕਹਾਣੀ **'ਡੌਗ ਫਾਰਮ'** ਇਸ ਕੌੜੇ ਸੱਚ ਦਾ ਬੇਬਾਕ ਖੁਲਾਸਾ ਕਰਦੀ ਹੈ ਕਿ ਸਮਾਜ ਦੀ ਮੌਜੂਦਾ ਪੂੰਜੀ ਅਧਾਰਿਤ ਵਿਕਾਸ ਪ੍ਰਕਿਰਿਆ ਮਨੁੱਖ ਨੂੰ ਸਮੂਹ ਨਾਲੋਂ ਤੋੜ ਕੇ ਇਕੱਲਾ ਪਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਅ ਰਹੀ ਹੈ। ਇਹ ਇਕੱਲਤਾ ਮਨੁੱਖ ਅੰਦਰ ਅਜਿਹੇ ਖਲਾਅ ਪੈਦਾ ਕਰਦੀ ਹੈ ਜਿਹੜੇ ਪਰਿਵਾਰਕ ਰਿਸ਼ਤਿਆਂ ਵਿੱਚੋਂ ਮਿਲਣ ਵਾਲੀ ਨਿੱਘ ਨਾਲ ਹੀ ਭਰੇ ਜਾ ਸਕਦੇ ਹਨ। ਕਹਾਣੀ ਅਨੁਸਾਰ ਜਦੋਂ ਵੱਧ ਰਹੀ ਨਿੱਜਪ੍ਰਸਤੀ ਕਾਰਨ ਪਰਿਵਾਰਕ ਰਿਸ਼ਤੇ ਇਹ ਨਿੱਘ ਦੇਣ ਤੋਂ ਇੰਨਕਾਰੀ ਹੋ ਜਾਂਦੇ ਹਨ ਤਾਂ ਮਨੁੱਖ ਕੁੱਤੇ ਬਿੱਲੀਆਂ ਨਾਲ ਅਪਣੱਤ ਦਾ ਰਿਸ਼ਤਾ ਜੋੜ ਕਿ ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਮਜਬੂਰ ਹੋ ਜਾਂਦਾ ਹੈ। ਕਹਾਣੀ ਵਿਚਲੇ ਪਤੀ ਪਤਨੀ ਪ੍ਰੀਤਮ ਤੇ ਪਲਕ ਖੁਦ ਅਨਾਥ ਆਸ਼ਰਮ ਵਿਚ ਪਲੇ ਹਨ, ਇਸ ਲਈ ਘਰ ਦੇ ਪਿਆਰ ਦੀ ਰਾਹੀ ਰਹੀ ਘਾਟ ਕਾਰਨ ਉਨ੍ਹਾਂ ਅੰਦਰਲੇ ਖਾਲਅ ਹੋਰ ਵੀ ਵੱਡੇ ਹਨ। ਬੈਂਕ ਵਿਚ ਨੌਕਰੀ ਲੱਗਣ ਤੋ ਬਾਅਦ ਪ੍ਰੀਤਮ ਨਸਲੀ ਕੁੱਤੇ ਕੁੱਕੂ ਨਾਲ ਪੁੱਤਾਂ ਵਰਗਾ ਰਿਸ਼ਤਾ ਜੋੜ ਕੇ ਇਕੱਲਤਾ ਦੇ ਅਹਿਸਾਸ ਤੋਂ ਮੁਕਤੀ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਪਲਕ ਨਾਲ ਕੋਰਟ ਮੈਰਿਜ਼ ਕਰਾਉਣ ਤੋਂ ਬਾਅਦ ਭਾਵੇ ਉਨ੍ਹਾਂ ਅੰਦਰਲਾ ਖਲਾਅ ਕੁਝ ਭਰਨ ਵੀ ਲੱਗਦਾ ਹੈ ਪਰ ਕੁੱਕੂ ਦਾ ਸਾਥ ਫਿਰ ਵੀ ਦੋਵਾਂ ਦੀ ਮਾਨਸਿਕ ਲੋੜ ਬਣਿਆ ਰਹਿੰਦਾ ਹੈ।

ਕਹਾਣੀ ਆਧੁਨਿਕ ਸਮਾਜ ਦੀ ਇਸ ਵਿਡੰਬਮਈ ਸਥਿਤੀ ਨੂੰ ਵਿਸ਼ੇਸ਼ ਤੌਰ ਤੇ ਆਪਣੇ ਵਿਸ਼ਲੇਸ਼ਣੀ ਬੋਧ ਦਾ ਹਿੱਸਾ ਬਣਾਉਂਦੀ ਹੈ ਸਮਾਜਿਕ ਵਿਵਸਥਾ ਦੇ ਆਏ ਵੱਡੇ ਬਦਲਾਵਾਂ ਕਾਰਨ ਮਨੁੱਖ ਤੇ ਜਾਨਵਰ ਦਾ ਰਿਸ਼ਤਾ ਮਨੁੱਖ ਤੇ ਮਨੁੱਖ ਵਿਚਲੇ ਰਿਸ਼ਤੇ ਨਾਲੋਂ ਵਧੇਰੇ ਭਰੋਸੇਯੋਗ ਸਾਬਤ ਰਿਹਾ ਹੈ ਤੇ ਮਨੁੱਖ ਆਪਣੀ ਨਸਲ ਨਾਲੋਂ ਜਾਨਵਰ ਦੇ ਵੱਧ ਵਿਸ਼ਵਾਸ ਰੱਖਣ ਲੱਗ ਪਿਆ ਹੈ। ਪਲਕ ਤੇ ਪ੍ਰੀਤਮ ਇਸ ਭਰਮ ਦਾ ਸ਼ਿਕਾਰ ਹੋ ਕੇ ਕੁੱਕੂ ਨੂੰ ਆਪਣੇ ਤੋਂ ਵੱਖ ਕਰ ਦਿੰਦੇ ਹਨ ਕਿ ਉਨ੍ਹਾਂ ਦੇ ਮਾਸੂਮ ਪੁੱਤਰ ਗੁਲਾਬ ਦੇ ਦੰਦੀ ਵੱਢ ਕੇ ਉਸਨੂੰ ਜ਼ਖ਼ਮੀ ਕੀਤਾ ਹੈ। ਅਸਲੀਅਤ ਦਾ ਪਤਾ ਚਲਣ 'ਤੇ ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਵੀ ਹੁੰਦਾ ਹੈ ਤੇ ਕੁੱਕੂ ਦੇ ਘਾਟ ਵੀ ਮਹਿਸੂਸ ਹੁੰਦੀ ਹੈ। ਜਦੋਂ ਉਨ੍ਹਾਂ ਦਾ ਇਕਲੌਤਾ ਪੁੱਤਰ ਉਨ੍ਹਾਂ ਨੂੰ ਇੱਕਲੇ ਛੱਡ ਕੇ ਵਿਦੇਸ਼ ਚਲਾ ਜਾਂਦਾ ਹੈ ਇਹ ਘਾਟ ਹੋਰ ਵੀ ਤੀਬਰਤਾ ਨਾਲ ਮਹਿਸੂਸ ਹੋਣ ਲੱਗਦੀ ਹੈ। ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਉਨ੍ਹਾ ਕੋਲ ਹੋਰ ਕੋਈ ਚਾਰਾ ਨਹੀਂ ਰਹਿੰਦਾ ਕਿ ਉਹ ਡੌਗ ਫਾਰਮ ਵਿਚ ਜਾ ਕੇ ਕਿਸੇ ਹੋਰ ਕੁੱਕੂ ਨੂੰ ਆਪਣੇ ਘਰ ਲੈ ਆਉਣ। ਕਹਾਣੀ ਪਾਠ ਦੀ ਸਮਾਪਤੀ ਪਾਠਕ ਨੂੰ ਪ੍ਰੇਸ਼ਾਨ ਕਰਨ ਵਾਲਾ ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਆਉਣ ਵਾਲੇ ਸਮੇਂ ਵਿੱਚ ਅਸੀਂ ਕੇਵਲ ਜਾਨਵਰਾਂ ਜਾਂ ਪੰਛੀਆਂ ਦੇ ਪਿਆਰ 'ਤੇ ਹੀ ਨਿਰਭਰ ਹੋ ਕੇ ਰਹਿ ਜਾਵਾਂਗੇ। ਇਹ ਸੁਆਲ ਕਹਾਣੀ ਦਾ ਕੇਂਦਰੀ ਮੈਟਾਫਰ ਵੀ ਬਣ ਕੇ ਪਾਠਕਾਂ ਨੂੰ ਬਹੁਤ ਕੁਝ ਸੋਚਣ , ਸਮਝਣ ਤੇ ਵਿਚਾਰਣ ਲਈ ਵੀ ਪ੍ਰੇਰਿਤ ਕਰਦਾ ਹੈ।


ਅਮਰ ਗਰਗ ਕਲਮਦਾਨ ਦੀ ਕਹਾਣੀ **'ਸਲੋਚਨਾ'** ਦਾ ਵਿਸ਼ਾ ਆਪਣੇ ਆਪ ਵਿਚ ਵੱਡੀ ਅਹਿਮੀਅਤ ਰੱਖਦਾ ਹੈ। ਆਜੋਕੇ ਵਿਗਿਆਨਕ ਯੁੱਗ ਵਿਚ ਜਨਮ ਪੱਤਰੀ ਜਾਂ ਕੁੰਡਲੀ ਦੇ ਅੰਧ ਵਿਸਵਾਸ਼ੀ ਅਤੇ ਗੈਰ ਵਿਗਿਆਨਕ ਵਰਤਾਰਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਦੇ ਅਜਿਹੇ ਵਿਸ਼ਿਆਂ 'ਤੇ ਕਹਾਣੀਆਂ ਲਿਖੇ ਜਾਣ ਦੀ ਬਹੁਤ ਲੋੜ ਵੀ ਹੈ। ਪਰ ਇਸ ਕਹਾਣੀ ਦਾ ਕਥਾਨਕ ਗੈਰ ਸੁਭਾਵਿਕ ਘਟਨਾਵਾਂ ਤੇ ਵਰਤਾਰਿਆਂ ਰਾਹੀ ਉਸਾਰੇ ਜਾਣ ਕਾਰਨ ਇਸ ਦਾ ਕਲਾਤਮਕ ਪੱਖ ਬਹੁਤ ਕੰਮਜੋਰ ਰਹਿ ਗਿਆ ਹੈ। ਫੌਜ ਲਈ ਹਥਿਆਰਾਂ ਦੀ ਨਵੀ ਤਕਨੀਕ ਦੀ ਖੋਜ ਕਰਨ ਵਾਲੇ ਵਿਗਿਆਨ ਦੇ ਵਿਦਿਆਰਥੀਆਂ ਵੱਲੋਂ ਮੋਮਬਤੀ ਦੁਆਲੇ ਫੇਰੇ ਲੈਣੇ, ਸਰੀਰਕ ਮੇਲ ਦੀ ਮੂਵੀ ਬਣਾ ਕੇ ਆਪਣੇ ਮਾਪਿਆਂ ਨੂੰ ਵਿਆਹ ਲਈ ਤਿਆਰ ਜਾਂ ਬਲੈਕਮੇਲ ਕਰਨ , ਵਿਆਹ ਦਾ ਵਿਰੋਧ ਕਰਨ ਵਾਲੇ ਪੰਡਤ ਦਾ ਕਤਲ ਕਰਨ ਅਤੇ ਜੱਜ ਵੱਲੋ ਸਜ਼ਾ ਦਾ ਫੈਸਲਾ ਪੰਡਤ ਦਾ ਕਤਲ ਕਰਨ ਵਾਲੀ ਕੁੜੀ 'ਤੇ ਹੀ ਛੱਡਣ ਵਰਗੀਆਂ ਗੈਰ ਸੁਭਾਵਿਕ ਘਟਨਾਵਾਂ

ਪੰਜਾਬੀ ਕਹਾਣੀ ਵਿਚ ਤਾਂ ਕੀ ਹੁਣ ਸਟੰਟ ਕਿਸਮ ਦੀਆਂ ਪੰਜਾਬੀ ਫਿਲਮਾਂ ਵਿਚ ਵੀ ਨਹੀਂ ਮਿਲਦੀਆਂ।ਕੁਲ ਮਿਲਾ ਇਸ ਅੰਕ ਦੀਆਂ ਕਹਾਣੀਆਂ ਨਵੀ ਕਹਾਣੀ ਨੂੰ ਹੋਰ ਨਵਾਂਪਣ ਪ੍ਰਦਾਨ ਕਰਨ ਵਾਲੀਆਂ ਹਨ।ਇਹਨਾਂ ਕਹਾਣੀਆਂ ਦੇ ਪਾਠ ਰਾਹੀਂ ਸਮਾਜ ਦੇ ਬਦਲ ਰਹੇ ਸਰੂਪ ਅਨੁਸਾਰ ਬਦਲ ਰਹੀ ਮਨੁੱਖੀ ਤਾਸੀਰ ਨੂੰ ਭਲੀ ਭਾਂਤ ਜਾਣਿਆ ਜਾ ਸਕਦਾ ਹੈ ।ਨਵੀ ਪੰਜਾਬੀ ਕਹਾਣੀ ਦੀਆ ਵਿਸ਼ੇਸ਼ ਪ੍ਰਵਿਰਤੀਆ ਤੇ ਝੁਕਾਵਾਂ ਨੂੰ ਸਮਝਣ ਲਈ ਵੀ ਇਸ ਅੰਕ ਦੀਆਂ ਕਹਾਣੀਆਂ ਦਾ ਪਾਠ ਬਹੁਤ ਲਾਹੇਵੰਦ ਹੈ।

(**ਸੰਪਰਕ-ਮੋਬਾਇਲ- 89682-82700**)

## ਕਹਾਣੀ ਧਾਰਾ-72 ਦੀਆਂ ਕਹਾਣੀਆਂ ਦੀ ਪੜ੍ਹਤ

### - ਡਾ. ਬਲਵੀਰ ਕੌਰ ਰੀਹਲ




ਕਹਾਣੀ ਧਾਰਾ-72 ਅੰਕ ਦੀਆਂ ਕਹਾਣੀਆਂ ਵਿਸ਼ੇਸ਼ ਧਿਆਨ ਖਿੱਚਣ ਵਾਲੀਆਂ ਕਹਾਣੀਆਂ ਹਨ।ਕਹਾਣੀ ਚਾਹੇ ਮੂਲ ਪੰਜਾਬੀ ਦੀ ਹੋਵੇ ਜਾਂ ਅਨੁਵਾਦ ਹੋਵੇ ,ਉਸ ਪਿੱਛੇ ਸੰਪਾਦਕੀ ਸੂਝ ਝਲਕਦੀ ਹੈ। ਇਸ ਅੰਕ ਵਿਚ ਪੋਲਿਸ਼ ਕਹਾਣੀ **'ਇਕ ਨਾਚ, ਇਕ ਟਪੂਸੀ'** (ਆਈਜ਼ਾਕ ਬਸੇਵਿਸ ਸਿੰਗਰ) ਛਪੀ ਹੈ। ਜਿਸ ਦਾ ਉਲੱਥਾ ਮਕਸੂਦ ਸਾਕਿਬ ਤੇ ਲਿਪੀਆਂਤਰ ਜੋਗਿੰਦਰ ਪਾਲ ਮਾਨ ਨੇ ਕੀਤਾ ਹੈ। ਇਹ ਕਹਾਣੀ ਤਿੰਨ ਭੈਣ-ਭਰਾ ਦੇ ਦੁਆਲੇ ਘੁੰਮਦੀ ਹੈ, ਜਿਹੜੀਆਂ ਵਿਆਹ ਨਹੀਂ ਕਰਵਾਉਂਦੀਆਂ।

**'ਬੋਲੋ ਜੈ, ਬੋਲੋ ਜੈ ਗੁਰੂਦੇਵ ਦੀ'** ਹਿੰਦੀ ਕਹਾਣੀ ਦਾ ਮੂਲ ਲੇਖਕ ਕਿਸ਼ੁਕ ਗੁਪਤਾ ਹੈ।ਇਸ ਕਹਾਣੀ ਦਾ ਅਨੁਵਾਦ ਸੁਕੀਰਤ ਨੇ ਕੀਤਾ ਹੈ। ਇਹ ਕਹਾਣੀ ਅਖੌਤੀ ਬਾਬਿਆਂ ਦੇ ਡੇਰਿਆਂ ਦੇ ਪਾਜ ਉਧੇੜ ਰਹੀ ਹੈ।ਬਾਬੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਮਾਇਆ ਜਾਲ਼ ਵਿਚ ਫਸਾ ਕੇ ਆਪ ਐਸ਼ਾਂ ਕਰਦੇ ਹਨ।ਭਾਰਤ ਵਿਚ ਗਾਂ ਸੇਵਾ ਦੇ ਨਾਮ 'ਤੇ ਰਾਜਨੀਤੀ ਹੋ ਰਹੀ ਹੈ। ਲੇਖਕ ਨੇ ਪਾਠਕਾਂ ਦਾ ਧਿਆਨ ਇਸ ਮੁੱਦੇ ਵੱਲ ਵੀ ਕੇਂਦਰਿਤ ਕੀਤਾ ਹੈ। ਗੁਰੂਦੇਵ ਸੰਤੋਸ਼ ਵਰਗੇ ਬਾਬੇ ਕਾਮਵਾਸ਼ਨਾ ਵਿਚ ਇਕ ਤੋਂ ਵੱਧ ਔਰਤਾਂ ਨਾਲ ਕਾਮੁਕ ਰਿਸ਼ਤੇ ਬਣਾਉਂਦੇ ਹਨ ਤੇ ਪਰਿਵਾਰਕ ਰਿਸ਼ਤਿਆਂ ਵਿੱਚ ਤਲਾਕ ਦਾ ਕਾਰਣ ਅਜਿਹੇ ਬਾਬੇ ਬਣਦੇ ਹਨ।

ਕਹਾਣੀ ਦੇ ਮੈਂ ਪਾਤਰ ਦਾ ਬਾਬਿਆਂ ਦੀ ਗ੍ਰਿਫ਼ਤ ਵਿਚ ਆ ਚੁੱਕੀ ਪਤਨੀ ਸੁਹਾਨੀ ਨਾਲ ਰਿਸ਼ਤਾ ਤਲਾਕ ਤੱਕ ਆ ਪਹੁੰਚਦਾ ਹੈ। ਮੈਂ ਪਾਤਰ ਅਜਿਹੀ ਕਸ਼ਮਕਸ਼ ਵਿੱਚ ਆਪਣੀ ਸਾਲੀ ਸੁਨਿਧੀ ਵੱਲ ਖਿੱਚਿਆ ਜਾਂਦਾ ਹੈ।ਪਰ ਅਖੀਰ ਵਿਚ ਕਹਾਣੀ ਇਕਦਮ ਮੋੜਾ ਕੱਟ ਜਾਂਦੀ ਹੈ ਤੇ ਮੈਂ ਪਾਤਰ ਮਹਿਸੂਸ ਕਰਦਾ ਹੈ ਜਿਵੇਂ ਉਸ ਦੀ ਪਤਨੀ ਉਸ ਨਾਲ ਧੋਖਾ ਕਰ ਰਹੀ ਸੀ ਉਸੇ ਤਰ੍ਹਾਂ ਹੀ ਉਹ ਆਪਣੀ ਸਾਲੀ ਸੁਨਿਧੀ ਵੱਲੋਂ ਪੈਰ ਪਿੱਛੇ ਮੋੜ ਕੇ ਉਹਦੇ ਨਾਲ ਵੀ ਅਜਿਹਾ ਹੀ ਸਲੂਕ ਕਰਦਾ ਹੈ।

ਕਹਾਣੀ ਦਾ ਮੈਂ ਪਾਤਰ ਮਰਦ ਦੀ ਮਾਨਸਿਕਤਾ ਨੂੰ ਫੜਨ ਵਿਚ ਕਾਮਯਾਬ ਹੋਇਆ ਹੈ। ਇਹ ਕਹਾਣੀ ਅੰਨੇ ਭਗਤਾਂ ਦੀਆਂ ਅੱਖਾਂ ਤੋਂ ਪੱਟੀ ਲਾਹੁਣ ਦਾ ਕੰਮ ਵੀ ਕਰਦੀ ਹੈ।ਬਾਬੇ ਗਊ ਮਾਤਾ ਦੇ ਨਾਮ

’ਤੇ ਭਗਤਾਂ ਦੀਆਂ ਜੇਬਾਂ ਖਾਲ਼ੀ ਕਰਵਾ ਦਿੰਦੇ ਹਨ। ਇਹ ਕਹਾਣੀ ਇਕ ਪਰਤੀ ਨਾ ਹੋ ਕੇ ਬਹੁਪਰਤੀ ਕਹਾਣੀ ਹੋ ਨਿੱਬੜੀ ਹੈ। ਇਸ ਕਹਾਣੀ ਨੂੰ ਪੰਜਾਬੀ ਪਾਠਕਾਂ ਤਕ ਪਹੁੰਚਾਉਣ ਲਈ ਸੁਕੀਰਤ ਅਤੇ ‘ਕਹਾਣੀ ਧਾਰਾ’ ਦੇ ਸੰਪਾਦਕ ਦੋਵੇਂ ਹੀ ਵਧਾਈ ਦੇ ਪਾਤਰ ਹਨ।

ਪੋਲਿਸ਼ ਕਹਾਣੀ **‘ਇਕ ਨਾਚ, ਇਕ ਟਪੂਸੀ’** ਨਾਲੋਂ ਇਸ ਕਹਾਣੀ ਵਿਚ ਪਾਠਕ ਨੂੰ ਆਪਣੇ ਨਾਲ ਤੋਰਨ ਦੀ ਕਲਾਤਮਕਤਾ ਹੈ ਤੇ ਵਿਸ਼ੇ ਦਾ ਨਿਭਾਅ ਲੇਖਕ ਨੇ ਬਹੁਤ ਵਧੀਆ ਕੀਤਾ ਹੈ। ‘ਬੋਲੋ ਜੈ, ਬੋਲੋ ਜੈ ਗੁਰਦੇਵ’ ਦੀ ਕਹਾਣੀ ਦਾ ਵਿਸ਼ਾ ਸਮਕਾਲੀ ਦੇਸ ਵਿਚ ਧਰਮ ਦੇ ਨਾਂ ਤੇ ਬਣ ਰਹੇ ਹਾਲਾਤਾਂ ਨੂੰ ਪੇਸ਼ ਕਰ ਰਿਹਾ ਹੈ। ਧਾਰਮਿਕ ਪਾਖੰਡਵਾਦ ਕਿਵੇਂ ਆਮ ਜਨਤਾ ਦਾ ਬ੍ਰੇਨਵਾਸ਼ ਕਰਦਾ ਹੈ, ਤੇ ਪਰਿਵਾਰਕ ਰਿਸ਼ਤਿਆਂ ਦੀ ਅਜਿਹੇ ਡੇਰੇ ਕਿਵੇਂ ਤਿੜਕ ਦਾ ਕਾਰਣ ਬਣਦੇ ਹਨ ਆਦਿ ਵਿਸ਼ੇ ਕਹਾਣੀ ਵਿਚ ਪੇਸ਼ ਹੋਣ ਦੇ ਨਾਲ ਨਾਲ ਔਰਤ ਮਰਦ ਦੀਆਂ ਸਰੀਰਕ ਲੋੜਾ ਦੀ ਪੂਰਤੀ ਵੱਲ ਵੀ ਲੇਖਕ ਧਿਆਨ ਕੇਂਦਰਿਤ ਕਰਦਾ ਹੈ। ਸਮਾਜ ਦਾ ਯਥਾਰਥ ਹੈ ਉਹ ਔਰਤ ਪ੍ਰਤੀ ਤਾਂ ਹਮਦਰਦੀ ਰੱਖਦੀ ਹੈ ਪਰ ਮਰਦ ਨਾਲ ਕੀ ਬੀਤ ਰਹੀ ਹੈ, ਇਸ ਵੱਲ ਘੱਟ ਧਿਆਨ ਜਾਂਦਾ ਹੈ। ਕੁੱਲ ਮਿਲਾ ਕੇ ਕਹਾਣੀ ਕਾਬਿਲ-ਏ-ਗੌਰ ਹੈ।

ਸਰਬਜੀਤ ਕੌਰ ਸੋਹਲ ਦੀ ਕਹਾਣੀ **‘ਬੁਰਜ ਖ਼ਲੀਫ਼ਾ’** ਕਈ ਪਹਿਲੂਆਂ ਤੋਂ ਵਿਸ਼ੇਸ਼ ਧਿਆਨ ਖਿੱਚਣ ਵਾਲੀ ਰਚਨਾ ਹੈ। ਇਸ ਕਹਾਣੀ ਦੀ ਪਾਤਰ ਸੰਜੂ ਦੇ ਮਨ ਵਿੱਚ ਕਈ ਸਾਰੀਆਂ ਗੰਢਾਂ ਬੱਝ ਗਈਆਂ ਹਨ। ਇਹਨਾਂ ਗੰਢਾਂ ਦਾ ਕਾਰਣ ਉਸ ਦਾ ਕਰੂਪ ਹੋਣਾ ਹੈ। ਸਮਾਜ ਕੁੜੀਆਂ ਨੂੰ ਸੋਹਣੀਆਂ-ਸੁਨੱਖੀਆਂ ਵੇਖਣ ਦਾ ਇੱਛੁਕ ਹੈ। ਮੰਜੂ ਜੋ ਸੀ ਉਹ ਦਿਸਦੀ ਨਹੀਂ, ਜੋ ਦਿਸਦੀ ਹੈ, ਉਹ ਹੈ ਨਹੀਂ। ਉਸ ਬਾਸਕਿਟ ਬਾਲ ਦੀ ਖੇਡ ਖੇਡਦੀ ਹੈ। ਉਹ ਆਪਣੀ ਕਰੂਪਤਾ ਨੂੰ ਛੁਪਾਉਣ ਲਈ ਖੇਡ ਵਿਚ ਪ੍ਰਪੱਕ ਹੁੰਦੀ ਹੈ। ਉਸ ਦਾ ਮਾਨਸਿਕ ਤਣਾਓ ਉਸ ਨੂੰ ਸਿਗਰਟ ਤੇ ਸ਼ਰਾਬ ਪੀਣ ਲਈ ਮਜਬੂਰ ਕਰ ਦਿੰਦਾ ਹੈ। ਮੁੰਡਿਆਂ ਦੀ ਬਾਸਕਿਟਬਾਲ ਟੀਮ ਦਾ ਵਨੀਤ ਸੰਜੂ ਨੂੰ ਟਿੱਚ ਨਹੀਂ ਜਾਣਦਾ। ਸਮਾਜਿਕ ਰਵੱਈਆ ਸੰਜੂ ਅੰਦਰ ਬਦਲੇ ਦੀ ਭਾਵਨਾ ਪੈਦਾ ਕਰਦਾ ਹੈ। ਉਹ ਆਪਣੀ ਖੇਡ ਨੂੰ ਚਮਕਾਉਂਦੀ ਹੈ ਤੇ ਵਨੀਤ ਦੇ ਵਿਅੰਗ ਦਾ ਬਦਲਾ ਲੈਂਦੀ ਹੈ। ਬਿਰਤਾਂਤ ’ਚ ਉਹ ਕਹਿੰਦੀ ਹੈ, “ਲਾਹ ਤਾਂ ਥੱਲੇ, ਪਾਤੇ ਮੋਛੇ, ਵੱਢ ਲਿਆ ਕੁੱਕੜ, ਐਵੇਂ ਬਹੁਤਾ ਕੁੜ ਕੁੜ ਕਰਦਾ ਸੀ। ਹੁਣ ਕੱਸੇ ਮੇਰੇ ’ਤੇ ਵਿਅੰਗ, ਹੁਣ ਮਾਰੇ ਬੋਲ, ਹੁਣ ਹੱਸੇ ਮੇਰੇ ਤੇ...ਭੈਣ।” ਤੇ ਸੰਜੂ ਨੇ ਗਾਲ੍ਹ ਮੂੰਹ ਵਿੱਚ ਘੁੱਟ ਲਈ ਸੀ।

ਸੰਜੂ ਇਕੱਲੇ ਵਨੀਤ ਦੀ ਹੀ ਹਿੰਢ ਨਹੀਂ ਭੰਨਦੀ, ਉਹ ਪ੍ਰੋਫ਼ੈਸਰ ਨੂੰ ਵੀ ਨੀਵਾਂ ਵਿਖਾਉਣ ਲਈ ਉਹ ਕੁੱਝ ਕਰਦੀ ਹੈ ਜੋ ਵਨੀਤ ਨਾਲ ਕੀਤਾ। ਪ੍ਰੋਫ਼ੈਸਰ ਦੀ ਪਤਨੀ ਉਸ ਨੂੰ ਛੱਡ ਕੇ ਚਲੀ ਜਾਂਦੀ ਹੈ, ਪਤਨੀ ਨੂੰ ਲੱਗਦਾ ਸੀ ਉਹ ਆਪਣੀ ਪਤਨੀ ਨਾਲੋਂ ਵੱਧ ਤਰਜੀਹ ਖੋਜ ਕਰ ਰਹੀਆਂ ਆਪਣੀਆਂ ਵਿਦਿਆਰਥਣਾਂ ਨੂੰ ਦਿੰਦਾ ਹੈ। ਸੰਜੂ ਪ੍ਰੋਫ਼ੈਸਰ ਕੋਲੋਂ ਬਦਲਾ ਲੈਣਾ ਚਾਹੁੰਦੀ ਹੈ। ਇਸੇ ਕਰਕੇ ਉਹਨੂੰ ਲੱਗਦਾ ਹੈ ਉਹਨੇ ਬੁਰਜ ਖ਼ਲੀਫ਼ਾ ਢਾਹ ਦਿੱਤਾ ਹੈ। ‘ਬੁਰਜ ਖ਼ਲੀਫ਼ਾ’ ਇਕ ਚਿਹਨ ਹੈ ਜਿਹੜਾ ਕਹਾਣੀ ਦੇ ਬਿਰਤਾਂਤ ਵਿਚ ਫੈਲਿਆ ਪਿਆ ਹੈ।

**‘ਚਿਰਾ.ਗ’** ਕਹਾਣੀ ਦੀ ਲੇਖਿਕਾ ਸੋਮਾ ਸਬਲੋਕ ਹੈ। ਇਹ ਕਹਾਣੀ 1947, 1984 ਤੇ ਕੋਵਿਡ ਮਹਾਮਾਰੀ ਦੇ ਲੰਬੇ ਕਾਲ ਨੂੰ ਪੇਸ਼ ਕਰ ਰਹੀ ਹੈ। 1947 ਤੋਂ ਪਹਿਲਾਂ ਹਿੰਦੂ ਮੁਸਲਿਮ ਇਕੱਠੇ ਰਹਿ ਰਹੇ ਸਨ। ਧਾਰਮਿਕ ਸਥਾਨ ਧਾਰਮਿਕ ਰੰਗਤ ਤੋਂ ਬਗੈਰ ਸਭ ਧਰਮਾਂ ਲਈ ਇਕੋ ਜਿਹਾ ਮਹੱਤਵ ਰੱਖਦੇ ਸਨ। ਨੇਤਾਵਾਂ ਨੇ ਧਰਮ ਦੇ ਨਾਮ ’ਤੇ ਦੇਸ ਦੋ ਟੁਕੜਿਆਂ ਵਿਚ ਵੰਡਿਆ ਗਿਆ। ਸਾਂਝ ਪੀਰ ਦੀ ਮਜਾਰ ’ਤੇ ਹਿੰਦੂ ਮੁਸਲਮਾਨ ਸਭ ਚਿਰਾ.ਗ ਕਰਨ ਜਾਂਦੇ। ਇਹ ਪੀਰ ਸਭ ਦਾ ਸਾਂਝਾ ਸੀ। ਸਿਆਸਤਦਾਨਾਂ ਨੇ ਧਰਮ ਦੇ ਨਾਂ ਤੇ ਸਾਂਝ ਪੀਰ ਦੀ ਮਜਾਰ ’ਤੇ ਕਤਲੇਆਮ ਕਰਵਾਇਆ। ਨਜਾਮ ਮਲਕ ਦਾ ਪੁੱਤਰ ਤੇ ਬਾਬੇ ਨਿਸ਼ਾਨ ਦਾ

ਪੋਤਰਾ ਬੇਅੰਤ ਦੋਵੇਂ ਬੜੀ ਸ਼ਰਧਾ ਨਾਲ ਮਜਾਰ 'ਤੇ ਸੇਵਾ ਕਰਦੇ। ਉਹ ਦੋਵੇਂ ਮਾਰੇ ਗਏ , ਭਾਵ ਮਰਵਾ ਦਿੱਤੇ ਗਏ। ਨਜਾਮ ਮਲਕ ਦਾ ਮੋਇਆ ਪੁੱਤਰ ਕਦੇ ਨਾ ਮਿਲ ਸਕਿਆ। ਨਜਾਮ ਮਲਕ ਦੀ ਪਤਨੀ ਆਪਣੇ ਪੁੱਤਰ ਦੇ ਵਿਯੋਗ ਵਿਚ ਹੀ ਮਰ ਗਈ। ਕਹਾਣੀਕਾਰ ਫਿਰ 1984 ਦੇ ਦੌਰ ਦੀ ਗੱਲ ਕਰਦੀ ਹੈ। ਨਿਸ਼ਾਨ ਦਾ ਪੁੱਤਰ ਹਰਬੰਸ ਸਿਰੋਂ ਮੋਨਾ ਸੀ ਉਸ ਨੂੰ ਮੂੰਹ ਲਕੋਏ ਹੋਏ ਲੋਕਾਂ ਵੱਲੋਂ ਬੱਸ ਵਿਚੋਂ ਉਤਾਰ ਕੇ ਹਿੰਦੂ ਸਮਝਦਿਆਂ ਗੋਲੀਆਂ ਮਾਰ ਕੇ ਮਾਰ ਦਿੱਤਾ। ਲੋਕ ਘਰਾਂ ਵਿਚ ਧਾਰਮਿਕ ਵਿਤਕਰਿਆਂ ਤੋਂ ਬਗੈਰ ਰਹਿੰਦੇ ਸਨ, ਧਾਰਮਿਕ ਵੰਡੀਆਂ ਕਿਸ ਨੇ ਪਾਈਆਂ, ਇਹ ਵਿਸ਼ਾ ਲੇਖਕਾ ਕਹਾਣੀ ਵਿਚ ਉਭਾਰਦੀ ਹੈ ਤੇ ਲਿਖਦੀ ਹੈ, "ਇਹ ਤਾਂ ਬਸ ਕੰਜਰ ਦਿਆਂ ਦੀ ਚੌਧਰ ਦੀ ਭੁੱਖ... ਸੱਤਾ ਦੀ ਲਾਲਚ ਘਾਣ ਕਰੀ ਜਾਂਦਾ... ਅਸਾਂ ਲੋਕਾਂ ਦਾ।"

ਨਜਾਮ ਮਲਕ ਸਭ ਧਰਮਾਂ ਤੋਂ ਉੱਪਰ ਉੱਠ ਕੇ ਲਵਾਰਿਸ ਲਾਸ਼ਾਂ ਦਾ ਸੰਸਕਾਰ-ਦਫਨਾਉਣ ਦਾ ਕੰਮ ਕਰਨ ਲੱਗਦਾ ਹੈ। ਕੁੰਦਨ ਉਸ ਦਾ ਗਵਾਂਢੀ ਹੈ ਉਸ ਨੂੰ ਨਜਾਮ ਮਲਕ ਆਪਣੇ ਨਾਲ ਇਸ ਕੰਮ ਵਿਚ ਲਾ ਲੈਂਦਾ ਹੈ। ਕੁੰਦਨ ਵੀ ਲਾਸ਼ਾਂ ਸਮੇਟਣ ਦਾ ਕੰਮ ਕਰਵਾਉਂਦਾ ਹੈ। ਕੋਵਿਡ ਦੇ ਦੌਰਾਨ ਕੁੰਦਨ ਦਾ ਛੋਟਾ ਮੋਟਾ ਕੰਮ ਬੰਦ ਹੋ ਜਾਂਦਾ ਹੈ। ਉਹ ਹਸਪਤਾਲਾਂ ਦੀਆਂ ਲਾਸ਼ਾਂ ਦਾ ਨਿਪਟਾਰਾ ਕਰਨ ਦਾ ਕੰਮ ਕਰਨ ਲੱਗ ਜਾਂਦਾ ਹੈ ਤੇ ਆਪਣੀ ਦਾਲ ਰੋਟੀ ਚਲਾਉਂਦਾ ਹੈ। ਹੁਣ ਤੱਕ ਨਜਾਮ ਮਲਕ ਪ੍ਰਸ਼ਾਸ਼ਨ ਅਨੁਸਾਰ ਛੱਤੀ ਸੌ ਲਾਸ਼ਾਂ ਦਾ ਨਿਪਟਾਰਾ ਕਰ ਚੁੱਕਾ ਹੈ। 80 ਵਰ੍ਹਿਆਂ ਨੂੰ ਢੁੱਕ ਚੁੱਕਾ ਹੈ ਤੇ ਉਸ ਦੀਆਂ ਅੱਖਾਂ ਦਾ ਅਪਰੇਸ਼ਨ ਹੋਣਾ ਹੈ। ਹਸਪਤਾਲ ਵਿਚ ਉਸ ਲਈ ਹਿੰਦੂ, ਮੁਸਲਮਾਨ ਸਾਰੇ ਪੁੱਜ ਜਾਂਦੇ ਹਨ। ਲੇਖਕਾ ਨੇ ਕਹਾਣੀ ਵਿਚ ਧਰਮ ਨਾਲੋਂ ਮਾਨਵਤਾ ਨੂੰ ਉੱਤੇ ਰੱਖਿਆ ਹੈ। ਮਾਨਵਵਾਦੀ ਕਹਾਣੀ ਹੈ। ਕੋਵਿਡ ਦੇ ਘਟਨਾਕ੍ਰਮ ਨੂੰ ਕਹਾਣੀ ਵਿਚ ਭਾਵੇਂ ਨਾ ਵੀ ਪੇਸ਼ ਕੀਤਾ ਜਾਂਦਾ ਤਦ ਵੀ ਕਹਾਣੀ ਮੁਕੰਮਲ ਹੋ ਸਕਦੀ ਸੀ। ਕਰੋਨਾ ਮਹਾਮਾਰੀ ਨਾਲ ਸੰਬੰਧਿਤ ਅਲੱਗ ਕਹਾਣੀ ਵੀ ਬਣ ਸਕਦੀ ਸੀ। ਲੇਖਕਾ ਆਪਣਾ ਸੁਨੇਹਾ ਦੇਣ 'ਚ ਵੀ ਕਾਮਯਾਬ ਹੋਈ ਹੈ। ਲੇਖਕ ਦਾ ਇਹੀ ਧਰਮ ਹੁੰਦਾ ਹੈ ਕਿ ਉਹ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਸਾਹਿਤ ਸਿਰਜਣਾ ਕਰੇ।

**'ਮੈਂ ਵੀ ਹਾਰਨਾ ਸਿੱਖ ਲਿਆ'** ਕਹਾਣੀ ਦਾ ਲੇਖਕ ਜਸਵਿੰਦਰ ਰੱਤੀਆਂ ਹੈ। ਕਹਾਣੀ ਦਾ ਪਾਤਰ ਰਤਨ ਖੱਬੇ ਪੱਖੀ ਸੋਚ ਦਾ ਧਾਰਣੀ ਹੈ ਤੇ ਉਹ ਮੈਂ ਪਾਤਰ ਦਾ ਦੋਸਤ ਹੈ। ਮੈਂ ਪਾਤਰ ਦਾ ਰਤਨ ਕੰਮ 'ਤੇ ਦੋਸਤ ਬਣ ਜਾਂਦਾ ਹੈ। ਰਤਨ ਹਮੇਸ਼ਾ ਇਕ ਡਾਇਲਾਗ ਬੋਲਦਾ ਹੈ, "ਇਹ ਘੋਲ ਆਂਏ ਨਹੀਂ ਜਿੱਤੇ ਜਾਂਦੇ। ਰਤਨ ਆਪਣੀ ਵਿਚਾਰਧਾਰਾ ਤੇ ਸਾਰੀ ਉਮਰ ਪਹਿਰਾ ਦਿੰਦਾ ਹੈ ਤੇ ਅਖੀਰ ਉਸ ਦੀ ਪਤਨੀ ਗੁਰਦੇਵ ਕੌਰ ਖੁਦਕਸ਼ੀ ਕਰ ਜਾਂਦੀ ਹੈ। ਮੈਂ ਪਾਤਰ ਦੀ ਲਵ ਮੈਰਿਜ ਹੁੰਦੀ ਹੈ, ਮੈਂ ਪਾਤਰ ਹਰ ਵਾਰ ਆਪਣੀ ਪਤਨੀ ਦੀਆਂ ਦਲੀਲਾਂ ਅੱਗੇ ਹਾਰ ਜਾਂਦਾ ਹੈ ਤੇ ਉਹ ਪਤਨੀ ਰੀਤ ਨਾਲ ਗੱਡੀ ਰੋੜ੍ਹੀ ਜਾਂਦਾ ਹੈ। ਕਹਾਣੀ ਦੇ ਬਿਰਤਾਂਤ ਤੋਂ ਪਤਾ ਲੱਗਦਾ ਹੈ ਵਿਚਾਰਧਾਰਾ ਦੇ ਨਾਲ ਨਾਲ ਪਰਿਵਾਰ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ। ਜਿਹੜੇ ਲੋਕ ਆਪਣੀ ਵਿਚਾਰਧਾਰਾ ਕਰਕੇ ਕੱਟੜ ਕਿਸਮ ਦੇ ਹੋ ਜਾਂਦੇ ਹਨ, ਉਹਨਾਂ ਦੇ ਜੀਵਨ ਵਿੱਚੋਂ ਖੁਸ਼ੀਆਂ ਗਾਇਬ ਹੋ ਜਾਂਦੀਆਂ ਹਨ, ਜਿਵੇਂ ਰਤਨ ਜ਼ਿੰਦਗੀ ਦੇ ਅਖੀਰੀ ਪੜ੍ਹਾਅ ਤੇ ਇਕੱਲਾ ਰਹਿ ਜਾਂਦਾ ਹੈ। ਮੈਂ ਪਾਤਰ ਪਤਨੀ ਰੀਤ ਅੱਗੇ ਹਥਿਆਰ ਸੁੱਟ ਦਿੰਦਾ ਹੈ ਪਰ ਉਹ ਜੀਵਨ ਦੀਆਂ ਸਾਰੀਆਂ ਖੁਸ਼ੀਆਂ ਨੂੰ ਮਾਣਦਾ ਹੈ। ਲੇਖਕ ਕਹਾਣੀ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਤੀ-ਪਤਨੀ ਨੂੰ ਇਕ ਦੂਜੇ ਦੇ ਦੁੱਖ-ਸੁੱਖ ਦਾ ਖਿਆਲ ਰੱਖਣਾ ਚਾਹੀਦਾ ਹੈ, ਦੋਹਾਂ ਧਿਰਾਂ ਨੂੰ ਇਹ ਮਹਿਸੂਸ ਨਾ ਹੋਵੇ ਕਿ ਇਕ ਧਿਰ ਦੂਜੀ ਧਿਰ ਦੀ ਆਜ਼ਾਦੀ ਖਤਮ ਕਰ ਰਹੀ ਹੈ। ਕਹਾਣੀ ਵਿਚ ਲੇਖਕ ਨੇ ਦੱਸਿਆ ਹੈ ਕਿਸੇ ਦਾ ਦਿਲ ਜਿੱਤਣ ਲਈ ਹਾਰਨਾ ਬਹੁਤ ਜ਼ਰੂਰੀ ਹੈ। ਜੇ ਪਤੀ ਪਤਨੀ ਇਕ ਦੂਜੇ ਦੀਆਂ ਖੁਸ਼ੀਆਂ ਦਾ ਖਿਆਲ ਨਹੀਂ ਰੱਖਦੇ ਤਾਂ ਕਹਾਣੀ ਦੇ ਪਾਤਰ ਰਤਨ ਵਾਂਗ ਇਕੱਲੇ ਰਹਿ ਜਾਂਦੇ ਹਨ।

ਅਗਲੀ ਕਹਾਣੀ **'ਦਰਦ ਦਾ ਰੰਗ'** ਗੁਰਿੰਦਰ ਸਿੰਘ ਕਲਸੀ ਦੀ ਕਹਾਣੀ ਹੈ। ਕਹਾਣੀ ਦੀ ਪਾਤਰ ਤ੍ਰਿਪਤਾ ਮਨਜੀਤ ਮੱਕੜ ਨੂੰ ਪਿਆਰ ਕਰਦੀ ਹੈ ਪਰ ਉਹ ਪਿਆਰ ਵਿਆਹ ਕਰਵਾ ਨਹੀਂ ਸਕੀ ਤੇ ਉਸ ਦਾ ਵਿਆਹ ਡਾ. ਰਾਜਵੰਸ ਗਿੱਲ ਨਾਲ ਹੋ ਜਾਂਦਾ ਹੈ, ਜਿਸ ਦੀ ਜਵਾਨ ਪਤਨੀ ਦੋ ਛੋਟੇ ਮਾਸੂਮ ਬੱਚਿਆਂ ਨੂੰ ਛੱਡ ਕੇ ਮਰ ਜਾਂਦੀ ਹੈ। ਤ੍ਰਿਪਤਾ ਸਿੱਖਿਆ ਵਿਭਾਗ ਦੇ ਪ੍ਰਾਇਮਰੀ ਸਕੂਲ ਦੀ ਸੇਵਾ ਮੁਕਤ ਅਧਿਆਪਕ ਹੈ। ਉਸ ਦੇ ਦੋਵੇਂ ਬੱਚੇ ਵਿਆਹੇ ਗਏ ਤੇ ਬੇਟਾ ਸੜਕ ਹਾਦਸੇ ਵਿਚ ਮਾਰਿਆ ਗਿਆ। ਤ੍ਰਿਪਤਾ ਦੀ ਆਪਣੀ ਬੇਟੀ ਪੁਨੀਤ ਦਾ ਵਿਆਹ ਹੋ ਤਾਂ ਗਿਆ ਪਰ ਉਹ ਦੁਖੀ ਹੈ, ਕਿਉਂਕਿ ਉਸ ਦਾ ਪਤੀ ਵੀ ਉਸ ਦੇ ਪਿਓ ਵਾਂਗ ਸ਼ਰਾਬ ਪੀਣ ਦਾ ਆਦੀ ਹੈ। ਮਾਸਟਰ ਜਗਦੀਪ ਤ੍ਰਿਪਤਾ ਦਾ ਦੁੱਖ ਦਰਦ ਸਮਝਦਾ ਸੀ। ਤ੍ਰਿਪਤਾ ਦੇ ਦੁੱਖਾਂ ਨੂੰ ਵੱਡਾ ਕਰਨ ਵਾਲਾ ਇਕ ਜੋਤਸ਼ੀ ਸੀ ਜਿਸ ਦੇ ਕਹੇ ਲੱਗ ਤ੍ਰਿਪਤਾ ਦੇ ਘਰ ਵਾਲਿਆਂ ਨੇ ਉਸ ਦਾ ਦਾਹਜੂ ਪਤੀ ਨਾਲ ਵਿਆਹ ਕਰ ਦਿੱਤਾ। ਮਨੁੱਖ ਮਨੁੱਖ ਦਾ ਦਰਦ ਸਮਝ ਸਕਦਾ ਹੈ। ਜੋਤਸ਼ੀ ਲੋਕਾਂ ਦਾ ਜੀਵਨ ਬਰਬਾਦ ਕਰ ਦਿੰਦੇ ਹਨ। ਇਸੇ ਕਰਕੇ ਤ੍ਰਿਪਤਾ ਆਪਣੀ ਬੇਟੀ ਪੁਨੀਤ ਨਾਲ ਜੋਤਸ਼ੀ ਦੇ ਜਾਣ ਲਈ ਤਿਆਰ ਨਹੀਂ ਹੁੰਦੀ ਤੇ ਉਹ ਰੁੱਸ ਕੇ ਚਲੀ ਜਾਂਦੀ ਹੈ। ਫੋਕੇ ਕਰਮ ਕਾਂਡਾਂ ਉੱਤੇ ਚੋਟ ਕਰਦੀ ਕਲਸੀ ਦੀ ਇਹ ਕਹਾਣੀ ਹੈ।

**'ਡੌਗ ਫਾਰਮ'** ਕਹਾਣੀ ਦਾ ਲੇਖਕ ਬਲਵੰਤ ਫ਼ਰਵਾਲ਼ੀ ਹੈ। ਪ੍ਰੀਤਮ ਅਨਾਥ ਸੀ ਇਸ ਕਰਕੇ ਉਸਦਾ ਪਾਲਣ ਪੋਸ਼ਣ ਅਨਾਥ ਆਸ਼ਰਮ ਵਿਚ ਹੀ ਹੋਇਆ, ਜਦੋਂ ਉਸ ਨੂੰ ਨੌਕਰੀ ਮਿਲ ਗਈ ਤਾਂ ਪ੍ਰੀਤਮ ਨੇ ਇਸ ਛੋਟਾ ਜਿਹਾ ਕਤੂਰਾ ਪਾਲ਼ ਲਿਆ। ਪ੍ਰੀਤਮ ਦੇ ਵਿਆਹ ਮਗਰੋਂ ਕੁੱਕੂ (ਕਤੂਰਾ) ਨੂੰ ਕਮਰੇ ਤੋਂ ਬਾਹਰ ਅਣਮੰਨੇ ਮਨ ਨਾਲ ਰੱਖ ਦਿੱਤਾ ਗਿਆ। ਪ੍ਰੀਤਮ ਛੁੱਟੀ ਖਤਮ ਹੁੰਦਿਆ ਹੀ ਘਰੋਂ ਚਲਿਆ ਗਿਆ ਤੇ ਉਹ ਪਲਕ ਦਾ ਦਿਲ ਲਾਈ ਰੱਖਦਾ। ਇਹ ਕਹਾਣੀ ਪਿਛਲ ਝਾਤ ਸ਼ੈਲੀ ਵਿਚ ਲਿਖੀ ਗਈ ਹੈ। ਪਲਕ ਵਾਰ ਵਾਰ ਗੁਲਾਬ (ਪੁੱਤਰ) ਦੀ ਫੋਟੋ ਆਪਣੇ ਸੀਨੇ ਲਾਉਂਦੀ ਹੈ ਜਿਹੜਾ ਪ੍ਰਦੇਸ਼ ਤੁਰ ਗਿਆ ਹੈ। ਪਲਕ ਦੀ ਕੁੱਤੇ ਪ੍ਰਤੀ ਨਫ਼ਰਤ ਵਧਣ ਲੱਗ ਪਈ। ਨਫ਼ਰਤ ਦੀ ਲਾਗ ਬਿੰਨੀ ਨੌਕਰਾਣੀ ਕਰਕੇ ਲੱਗ ਜਾਂਦੀ ਹੈ ਜਦ ਕਿ ਕਤੂਰੇ ਦਾ ਕਸੂਰ ਕੁੱਝ ਵੀ ਨਹੀਂ ਸੀ। ਪ੍ਰੀਤਮ ਕੁੱਕੂ ਨੂੰ ਡੌਗ ਫਾਰਮ ਛੱਡ ਆਏ, ਉਹ ਕਦੇ ਵਾਪਸ ਨਾ ਮਿਲਿਆ। ਚਾਵਾਂ-ਲਾਡਾਂ ਨਾਲ ਪਾਲਿਆ ਗੁਲਾਬ ਪੁੱਤ ਕੈਨੇਡਾ ਉਡਾਰੀ ਮਾਰ ਗਿਆ। ਪਲਕ ਦਾ ਜੀਵਨ ਇਕੱਲਤਾ ਨੇ ਉਪਰਾਮ ਕਰ ਦਿੱਤਾ। ਪਲਕ ਪੁੱਤ ਕੋਲ ਕੈਨੇਡਾ ਵਿਜਟਰ ਵੀਜੇ ਤੇ ਜਾਂਦੀ ਹੈ ਪਰ ਪੁੱਤ ਕੋਲ ਮਾਂ ਨੂੰ ਦੇਣ ਲਈ ਸਮਾਂ ਨਹੀਂ, ਉਹ ਵਾਪਸ ਪਰਤ ਆਉਂਦੀ ਹੈ ਤੇ ਪ੍ਰੀਤਮ ਨੂੰ ਡੌਗ ਫਾਰਮ ਜਾਣ ਲਈ ਆਖਦੀ ਹੈ ਕਿਉਂਕਿ ਉਹ ਹੁਣ ਹੋਰ ਕਤੂਰਾ ਲਿਆਉਣਾ ਚਾਹੁੰਦੀ ਹੈ, ਜਿਹੜਾ ਉਸ ਨਾਲ ਪਿਆਰ ਦੀ ਵਫ਼ਾ ਨਿਭਾਅ ਸਕੇ।

**'ਸਲੋਚਨਾ'** ਕਹਾਣੀ ਦਾ ਲੇਖਕ ਅਮਰ ਗਰਗ ਕਲਮਦਾਨ ਹੈ। ਸਲੋਚਨਾ ਅਤੇ ਅਸ਼ੋਕ ਨੇ ਵੈਪਨ ਇੰਜਨੀਅਰਿੰਗ ਵਿਚ ਬੀ. ਟੈੱਕ ਪਾਸ ਕੀਤੀ ਹੈ ਤੇ ਦੋਵੇਂ ਜੰਬੂਦੀਪ ਆਰਡੀਨੈਂਸ ਇੰਸਟੀਚਿਊਸ਼ਨ ਵਿਚ ਨੌਕਰੀ ਕਰਦੇ ਹਨ। ਦੋਵੇਂ ਪ੍ਰੇਮ ਵਿਆਹ ਕਰਨਾ ਚਾਹੁੰਦੇ ਹਨ ਪਰ ਉਹਨਾਂ ਦੇ ਵਿਆਹ ਵਿਚ ਜੋਤਸ਼ੀਆਂ ਵੱਲੋਂ ਕੁਚਲੀਆਂ ਨਾ ਮਿਲਣ ਦਾ ਦੋਸ਼ ਨਿਕਲਦਾ ਹੈ। ਲੇਖਕ ਕਹਾਣੀ ਰਾਹੀਂ ਦੱਸਣਾ ਚਾਹੁੰਦਾ ਹੈ ਜਿੱਥੇ ਕੁੜੀ ਮੁੰਡਾ ਰਾਜੀ ਹੋਣ ਉੱਥੇ ਹੀ ਵਿਆਹ ਕਰਨਾ ਚਾਹੀਦਾ ਹੈ ਕਿਸੇ ਦੇ ਮਗਰ ਨਹੀਂ ਲੱਗਣਾ ਚਾਹੀਦਾ।

ਇਹਨਾਂ ਕਹਾਣੀਆਂ ਤੋਂ ਇਲਾਵਾ ਇਸ ਅੰਕ ਵਿਚ ਗੋਸ਼ਟੀ-4,5 ਵੀ ਪ੍ਰਕਾਸ਼ਿਤ ਹੋਈ ਹੈ। ਜਿਸ ਵਿਚ ਵੱਖ ਵੱਖ ਕਹਾਣੀਕਾਰਾਂ ਨੇ ਆਪਣੀ ਆਪਣੀ ਕਹਾਣੀ ਲਿਖਣ ਦੇ ਪਿਛੋਕੜ ਦੇ ਪ੍ਰਸੰਗ ਬਿਆਨ ਕੀਤੇ ਹਨ। ਇਸ ਅੰਕ ਦੀ ਸੰਪਾਦਕੀ 'ਸ਼ਾਹਮੁੱਖੀ ਲਿਪੀ ਦੀ ਪੰਜਾਬੀ ਕਹਾਣੀ' ਉੱਤੇ ਕੇਂਦਰਿਤ ਹੈ। ਸੰਪਾਦਕ ਨੇ ਸ਼ਾਹਮੁੱਖੀ ਕਹਾਣੀ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਹੈ। **(ਸੰਪਰਕ-94643-30803)**

## 'ਕਹਾਣੀ ਧਾਰਾ'-72 ਦੀ ਗੋਸ਼ਟੀ ਪੜ੍ਹਦਿਆਂ/ -ਡਾ. ਸੰਦੀਪ ਰਾਣਾ

'ਕਹਾਣੀ ਧਾਰਾ' ਪਰਚੇ ਵਿੱਚ ਪਿਛਲੇ ਚਾਰ ਕੁ ਅੰਕਾਂ ਤੋਂ 'ਗੋਸ਼ਟੀ' ਸਿਰਲੇਖ ਅਧੀਨ ਨਾਮਵਰ ਸਾਹਿਤਕਾਰਾਂ ਦਰਮਿਆਨ ਹੋਈ ਵਿਚਾਰ-ਚਰਚਾ ਨੂੰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।ਅਜਿਹੀਆਂ ਗੋਸ਼ਟੀਆਂ ਨੂੰ ਪ੍ਰਕਾਸ਼ਿਤ ਕਰਨ ਨਾਲ਼ ਇਕ ਤਾਂ ਵੱਡੀ ਗਿਣਤੀ ਵਿੱਚ ਪਾਠਕ ਆਪਣੇ ਚਹੇਤੇ ਸਾਹਿਤਕਾਰਾਂ ਦੇ ਰਚਨਾ ਜਗਤ ਬਾਰੇ ਜਾਣੂ ਹੁੰਦੇ ਹਨ ਅਤੇ ਦੂਜਾ ਇਸ ਢੰਗ ਨਾਲ਼ ਇਹ ਚਰਚਾਵਾਂ ਭਵਿੱਖ ਲਈ ਵੀ ਸਾਂਭੀਆਂ ਜਾਂਦੀਆਂ ਹਨ।ਅੰਕ-72 ਵਿੱਚ ਵੀ ਦੋ ਗੋਸ਼ਟੀਆਂ ਸ਼ਾਮਲ ਕੀਤੀਆਂ ਗਈਆਂ ਹਨ।ਪਹਿਲੀ ਵਿਚਾਰ-ਚਰਚਾ "ਕਹਾਣੀ ਕਿਵੇਂ ਜੁੜਦੀ ਏ" ਵਿਸ਼ੇ 'ਤੇ ਅਤੇ ਦੂਸਰੀ "ਕਹਾਣੀ 'ਚ ਪਾਤਰ ਉਸਾਰੀ" ਵਿਸ਼ੇ 'ਤੇ ਕਰਵਾਈ ਗਈ ਸੀ। ਇਹ ਵਿਚਾਰ ਚਰਚਾਵਾਂ 22 ਨਵੰਬਰ 2023 ਨੂੰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿੱਚ ਕਰਵਾਈਆਂ ਗਈਆਂ ਸਨ।ਵਿਚਾਰ ਅਧੀਨ ਗੋਸ਼ਟੀ ਵਿੱਚ ਅੱਜ ਦੇ ਸਮੇਂ ਦੇ ਨਾਮਵਰ ਕਹਾਣੀਕਾਰਾਂ ਬਲਬੀਰ ਪਰਵਾਨਾ, ਜਿੰਦਰ ਅਤੇ ਸਾਂਵਲ ਧਾਮੀ ਨੇ ਭਾਗ ਲਿਆ ਅਤੇ 'ਕਹਾਣੀ ਧਾਰਾ' ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ਆਪ ਇਸ ਵਿਚਾਰ-ਚਰਚਾ ਵਿੱਚ ਸੂਤਰਧਾਰ ਵਜੋਂ ਭਾਗ ਲਿਆ।

"ਕਹਾਣੀ 'ਚ ਪਾਤਰ ਉਸਾਰੀ" ਵਿਸ਼ੇ 'ਤੇ ਚਰਚਾ ਕਰਦਿਆਂ ਇਹਨਾਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿਚਲੇ ਪਾਤਰਾਂ ਦੀ ਗੱਲ ਕੀਤੀ ਹੈ ਅਤੇ ਉਹਨਾਂ ਪਾਤਰਾਂ ਪਿੱਛੇ ਕੰਮ ਕਰ ਰਹੇ ਅਸਲ ਪਾਤਰਾਂ ਨਾਲ਼ ਜਾਣ-ਪਛਾਣ ਵੀ ਕਰਵਾਈ ਹੈ।ਇਹ ਤਿੰਨੇ ਕਹਾਣੀਕਾਰ ਆਪਣੀ ਆਪਣੀ ਵੱਖਰੀ ਵਿਚਾਰਧਾਰਾ ਅਧੀਨ ਆਪਣੇ ਜੀਵਨ ਵਿੱਚ ਵਿਚਰ ਰਹੇ ਉਹਨਾਂ ਪਾਤਰਾਂ ਦੀਆਂ ਗੱਲਾਂ ਸੁਣਾਉਂਦੇ ਹਨ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੇ ਕਹਾਣੀਆਂ ਦੇ ਪਾਤਰ ਘੜੇ ਹਨ।ਇਸ ਵਿਚਾਰਧਾਰਾ ਅਤੇ ਅਨੁਭਵਾਂ ਤੋਂ ਅੱਗੇ ਵੱਧ ਵਿਲੱਖਣ ਬਿਰਤਾਂਤਕ ਪੈਟਰਨਾਂ ਰਾਹੀਂ ਆਪਣੀਆਂ ਕਹਾਣੀਆਂ ਦੇ ਵਿਲੱਖਣ ਪਾਤਰ ਪਾਠਕਾਂ ਦੀ ਨਜ਼ਰੀਂ ਕਰਦੇ ਹਨ।

ਇਸ ਚਰਚਾ ਦੀ ਸ਼ੁਰੂਆਤ ਵਿੱਚ ਹੀ ਲਗਭਗ 40 ਸਾਲਾਂ ਤੋਂ ਕਹਾਣੀ ਖੇਤਰ ਵਿੱਚ ਸਰਗਰਮ ਅਤੇ 'ਜ਼ਖ਼ਮ' , 'ਸੇਫ਼ਟੀ ਕਿੱਟ' ,'ਵਿੱਥ' , 'ਰਫ਼ਤਾਰ' ਅਤੇ 'ਔਕਾਤ' ਵਰਗੀਆਂ 70 ਤੋਂ ਉਪਰ ਕਹਾਣੀਆਂ ਰਚ ਚੁੱਕੇ ਕਹਾਣੀਕਾਰ ਜਿੰਦਰ ਨੇ ਆਪਣੇ ਬਚਪਨ ਸਮੇਂ ਝੱਲੀ ਗ਼ਰੀਬੀ ਦੀ ਮਾਰ, ਆਪਣੀ ਸਿੱਖਿਆ ਅਤੇ ਆਪਣੇ ਪੇਂਡੂ ਨਿਮਨ ਵਰਗ ਨਾਲ਼ ਤਾਅਲੁੱਕ ਆਦਿ ਨੂੰ ਆਪਣੇ ਕਥਾ ਸੰਸਾਰ ਦੇ ਆਧਾਰ ਵਜੋਂ ਸਥਾਪਿਤ ਕੀਤਾ ਹੈ।ਜੀਵਨ ਵਿੱਚ ਅੱਗੇ ਚੱਲ ਕੇ ਉਸ ਦੀਆਂ ਬਾਹਰਲੇ ਦੇਸ਼ਾਂ ਦੀਆਂ ਫੇਰੀਆਂ, ਉਸ ਦੁਆਰਾ ਰੋਜ਼ੀ ਰੋਟੀ ਲਈ ਕੀਤੀ ਨੌਕਰੀ ਅਤੇ ਉਸ ਦੀ ਮਹਾਂਭਾਰਤ ਅਤੇ ਕੁਰਾਨ ਸ਼ਰੀਫ਼ ਵਰਗੀਆਂ ਪੁਸਤਕਾਂ ਵਿੱਚ ਦਿਲਚਸਪੀ ਉਸ ਦੇ ਸਿਰਜਣਾਤਮਕ ਸੰਸਾਰ ਨੂੰ ਹੋਰ ਜ਼ਿਆਦਾ ਰਚਨਾਤਮਕਤਾ ਪ੍ਰਦਾਨ ਕਰਦੀ ਹੈ। ਉਸ ਦੇ ਇਸੇ ਸੰਸਾਰ ਵਿੱਚ ਉਸ ਦੇ ਪਾਤਰ ਕਈ ਪਰਤਾਂ ਵਿੱਚ ਵਿਚਰਦੇ ਹਨ।ਉਸ ਨੇ ਇਸ ਚਰਚਾ ਸਮੇਂ ਆਪਣੇ ਪਿਤਾ ਦੇ ਮਾਮੇ ਦਾ ਜ਼ਿਕਰ ਕੀਤਾ ਹੈ ਜਿਸ ਦੇ ਕਿਰਦਾਰ ਦੀ ਝਲਕ ਕਹਾਣੀਕਾਰ ਦੀਆਂ ਕਈ ਕਹਾਣੀਆਂ ਦੇ ਪਾਤਰਾਂ ਵਿੱਚ ਮਿਲਦੀ ਹੈ।ਇਸ ਵਿਚਾਰ-ਚਰਚਾ ਵਿੱਚ ਦੂਜੇ ਕਹਾਣੀਕਾਰ ਬਲਬੀਰ ਪਰਵਾਨਾ ਦੀਆਂ ਕਹਾਣੀਆਂ ਉਸਨੂੰ ਖੱਬੇ-ਪੱਖੀ ਕਮਿਊਨਿਸਟ ਲਹਿਰ ਦਾ ਕਹਾਣੀਕਾਰ ਸਿੱਧ ਕਰਦੀਆਂ ਹਨ।ਕਹਾਣੀਕਾਰ ਦੇ ਆਪ ਇਸ ਲਹਿਰ ਨਾਲ਼ ਜੁੜੇ ਹੋਣ ਕਾਰਨ ਉਹ ਆਪ "ਕਾਮਰੇਡ ਮਿਹਰ ਸਿੰਘ ਦੀ ਵਿਰਾਸਤ" , "ਇਕ ਸੱਚੇ ਕਾਮਰੇਡ ਦਾ ਇਕਲਾਪਾ" , "ਆਪਨੜੈ ਗਿਰੀਵਾਨ ਮਹਿੰ" , "ਦੀਨ ਕੇ ਹੇਤ" ਕਹਾਣੀਆਂ ਦੇ ਪਾਤਰਾਂ ਵਿਚਕਾਰ ਵਿਚਰਦਾ ਰਿਹਾ ਹੈ। ਵਿਦਿਆਰਥੀ ਜੀਵਨ ਵਿੱਚ ਹੀ ਕਹਾਣੀਕਾਰ ਦੇ ਲਹਿਰ

ਨਾਲ਼ ਜੁੜ ਜਾਣ ਕਾਰਨ ਉਸ ਵਾਤਾਵਰਣ ਨੇ ਉਸ ਦੀ ਸੋਚ ’ਤੇ ਵੀ ਪ੍ਰਭਾਵ ਪਾਇਆ। ਆਤਮ ਚਿੰਤਨ ਅਤੇ ਨਿੱਜੀ ਅਨੁਭਵਾਂ ਦੇ ਜੋੜ ਨਾਲ਼ ਹੀ ਅਜਿਹੇ ਵਿਸ਼ਿਆਂ ਵਾਲੀਆਂ ਕਹਾਣੀਆਂ ਹੋਂਦ ਵਿੱਚ ਆ ਸਕੀਆਂ। ਇਸ ਚਰਚਾ ਵਿੱਚ ਉਹ “ਇਕ ਸੱਚੇ ਕਾਮਰੇਡ ਦਾ ਇਕਲਾਪਾ” ਕਹਾਣੀ ਦੇ ਮੁੱਖ ਪਾਤਰ ਪਿੱਛੇ ਜੋ ਅਸਲ ਕਾਮਰੇਡ ਸੀ, ਉਸ ਨਾਲ਼ ਵੀ ਜਾਣ ਪਛਾਣ ਕਰਵਾਉਂਦਾ ਹੈ। ਇਸੇ ਤਰ੍ਹਾਂ ਕਹਾਣੀਕਾਰ ਸਾਂਵਲ ਧਾਮੀ ਵੀ “ਮੱਲ੍ਹਮ” ਕਹਾਣੀ ਦੇ ਪਾਤਰ ਫ਼ਜ਼ਲ ਪਿੱਛੇ ਅਸਲ ਮੁਸਲਮਾਨ ਪਾਤਰ ਨਾਲ਼ ਜਾਣ-ਪਛਾਣ ਕਰਵਾਉਂਦਾ ਹੈ ਜੋ ਵੰਡ ਤੋਂ ਚਾਲੀ ਸਾਲ ਬਾਅਦ ਜਦੋਂ ਪਿੰਡ ਆਉਂਦਾ ਹੈ ਤਾਂ ਆਪਣੇ ਪਿੰਡ ਵਾਸੀਆਂ ਲਈ ਮੱਲ੍ਹਮ ਦੀਆਂ ਡੱਬੀਆਂ ਲੈ ਕੇ ਆਉਂਦਾ ਹੈ। ਕਹਾਣੀ “ਪੁਲ਼” ਦਾ ਕਰਤਾਰ ਸਿੰਘ ਕਈ ਅਸਲ ਪਾਤਰਾਂ ਦੇ ਕਿਰਦਾਰਾਂ ਦਾ ਰਲਾਅ ਹੈ।

ਇਸ ਕਹਾਣੀਕਾਰ ਨੇ ਬਹੁਤ ਵਿਸਥਾਰ ਵਿੱਚ ਆਪਣੇ ਪਾਤਰਾਂ ਅਤੇ ਪਾਤਰ ਘੜੇ ਜਾਣ ਦੀ ਪ੍ਰਕ੍ਰਿਆ ਬਾਰੇ ਜਾਣਕਾਰੀ ਦਿੱਤੀ ਹੈ। ਵਿਚਾਰ-ਚਰਚਾ ਵਿੱਚ ਹੋਰ ਅੱਗੇ ਵੱਧ ਕਹਾਣੀਕਾਰ ਜਿੰਦਰ ਜਾਣਕਾਰੀ ਦਿੰਦਾ ਹੈ ਕਿ ਕਿਵੇਂ ਕਿਸੇ ਵਿਅਕਤੀ ਦੀ ਦਿੱਖ, ਪਹਿਰਾਵੇ ਅਤੇ ਗੱਲਬਾਤ ਕਰਨ ਦੇ ਢੰਗ ਵਿੱਚੋਂ ਪਾਤਰ ਲੱਭਿਆ ਜਾਂਦਾ ਹੈ ਅਤੇ ਕਈ ਵਾਰ ਕਿਵੇਂ ਇਕ ਤੋਂ ਵੱਧ ਪਾਤਰਾਂ ਵਿੱਚੋਂ ਕਹਾਣੀ ਦਾ ਕੋਈ ਇਕ ਪਾਤਰ ਹੋਂਦ ਵਿੱਚ ਆਉਂਦਾ ਹੈ। ਬਲਬੀਰ ਪਰਵਾਨਾ ਦੇ ਕਹਿਣ ਅਨੁਸਾਰ ਪੇਂਡੂ-ਸ਼ਹਿਰੀ ਵਾਤਾਵਰਣ, ਹਾਈ-ਮਿਡਲ ਕਲਾਸ ਸੁਸਾਇਟੀ ਅਤੇ ਨਿਰੰਤਰ ਬਦਲ ਰਹੀ ਜ਼ਿੰਦਗੀ ਦੇ ਗੁਣ ਹੀ ਅਸਲ ਵਿੱਚ ਪਾਤਰ ਚਿੱਤਰਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਸਾਂਵਲ ਧਾਮੀ ਨੇ “ਗਾਈਡ” ਵਰਗੀਆਂ ਆਪਣੀਆਂ ਕਹਾਣੀਆਂ ਪਿੱਛੇ ਕੰਮ ਕਰ ਰਹੀ ਸੱਚਾਈ ਵੀ ਦੱਸੀ ਹੈ ਕਿ ਕਿਸੇ ਵਿਅਕਤੀ ਦੇ ਅਵਚੇਤਨ ਨੂੰ ਫਰੋਲ ਕੇ ਕਿਵੇਂ ਕਥਾ ਪਾਤਰ ਹੋਂਦ ਵਿੱਚ ਆਉਂਦੇ ਹਨ। ਇਸ ਢੰਗ ਨਾਲ਼ ਇਹ ਗੋਸ਼ਟੀ ਪ੍ਰਕਾਸ਼ਿਤ ਕਰਨ ਦੀ ਨਵੀਂ ਪਿਰਤ ਸ਼ੁਰੂ ਕਰਨ ਲਈ ਸੰਪਾਦਕ ਵਧਾਈ ਦੇ ਪਾਤਰ ਹਨ। (**ਸਮਾਪਤ**)*

**‘ਕਹਾਣੀ ਧਾਰਾ’** ਵਿਚਲੀਆਂ ਸਭ ਕਹਾਣੀਆਂ ਸਮਕਾਲੀ ਸਮਾਜ ਦੇ ਵੱਖ ਵੱਖ ਸਰੋਕਾਰਾਂ ਨੂੰ ਉਘਾੜਦੀਆਂ ਹਨ। ਸੋਮਾ ਸਬਲੋਕ ਹੁਰਾਂ ਦੀ ਕਹਾਣੀ ‘ਚਿਰਾਗ਼’ ਉਹਨਾਂ ਲੋਕਾਂ ਦੀ ਬਾਤ ਪਾਉਂਦੀ ਹੈ ਜੋ ਆਪਣੀ ਰੋਜੀ-ਰੋਟੀ ਲਈ ਲਾਸ਼ਾਂ ਦੀ ਢੋਅ-ਢੁਆਈ ਕਰਦੇ ਹਨ। ਨਿੱਜ ਤੋਂ ਸਰਬੱਤ ਫੈਲਦਾ ਬਾਪ ਨਜਾਮ ਹੈ ਜਿਸਦੇ ਪੁੱਤ ਦੀ ਲਾਸ਼ ਨੂੰ ਮਿੱਟੀ ਨਹੀਂ ਜੁੜਦੀ ਤੇ ਫਿਰ ਉਸ ਬਾਪ ਲਈ ਸਮੁੱਚਤਾ ਦਾ ਦਰਦ ਉਹਦਾ ਆਪਣਾ ਦਰਦ ਹੋ ਜਾਂਦਾ ਹੈ। ਕਹਾਣੀ ਵਿਚਲੇ ਪਾਤਰ ਸੰਤਾਪ ਤੋਂ ਸੰਤੋਖ ਕਿਵੇਂ ਹਾਸਿਲ ਕਰਦੇ ਹਨ ਤੇ ਕਿਵੇਂ ਚਿਰਾਗ਼ ਬਣ ਬਲਦੇ ਹਨ, ਇਸਦਾ ਜਵਾਬ ਇਹ ਕਹਾਣੀ ਦੇਂਦੀ ਹੈ। ਸੋਮਾ ਸਬਲੋਕ ਹੁਰਾਂ ਨੂੰ ਬਹੁਤ ਬਹੁਤ ਮੁਬਾਰਕ। ਬਲਵੰਤ ਫ਼ਰਵਾਲੀ ਦੀ **‘ਡੌਗ ਫਾਰਮ’** ਅਜੋਕੇ ਸਮੇਂ ’ਚ ਪ੍ਰਦੇਸੀ ਹੋਏ, ਪੁੱਤ ਦੀ ਬੇਗਾਨਗੀ ਤੇ ਪਿੱਛਲ ਝਾਤ ਰਾਹੀਂ ਪਾਲਤੂ ਕੁੱਕੂ ਦੇ ਮੋਹ ਦੀ ਬਾਤ ਪਾਉਂਦੀ ਹੈ ਤੇ ਕਹਾਣੀ ਦੇ ਅੰਤ ਤੇ ਆਪਣੇ ਇਕਲਾਬੇ ਨਾਲ ਨਜਿੱਠਣ ਲਈ ਮਾਪੇ ‘ਡੋਗ-ਫ਼ਾਰਮ’ ਤੇ ਜਾ ਖਲੋਂਦੇ ਹਨ। ਕਹਾਣੀ ਵਿਚਲੀਆਂ ਕੁੱਕੂ ਦੀਆਂ ਸਰੀਰਕ ਹਰਕਤਾਂ ਉਸਦੇ ਅਣਕਹੇ ਨੂੰ ਜ਼ਬਾਨ ਦੇਂਦੀਆਂ ਹੋਈਆਂ ਭਾਵੁਕ ਕਰਦੀਆਂ ਹਨ।

ਸਰਬਜੀਤ ਸੋਹਲ ਹੁਰਾਂ ਨੇ **‘ਬੁਰਜ ਖ਼ਲੀਫ਼ਾ’** ਕਹਾਣੀ ’ਚ ਸੰਜੂ ਦੀ ਮਾਨਸਿਕਤਾ ਨੂੰ ਕਲਾਤਮਕ ਢੰਗ ਨਾਲ ਉਘਾੜਿਆ ਹੈ। ਇਹ ਕਹਾਣੀਆਂ ‘ਕਹਾਣੀ ਧਾਰਾ’ ਦਾ ਹਾਸਿਲ ਹਨ। ਸੁਕੀਰਤ ਹੁਰਾਂ ਵੱਲੋਂ ਅਨੁਵਾਦ ਕੀਤੀ ਹਿੰਦੀ ਕਹਾਣੀ ਡੇਰੇਵਾਦ ਦੇ ਅਣ-ਛੋਹੇ ਪੱਖਾਂ ਨੂੰ ਤੇ ਉਸਦੇ ਮੂਰਛਿਤ ਕੀਤੇ ਭਗਤਾਂ ਦੀ ਯਥਾਰਥਕ ਤਸਵੀਰ ਪੇਸ਼ ਕਰਨ ’ਚ ਸਫ਼ਲ ਹੋਈ ਹੈ। ਚੰਗੀਆਂ ਕਹਾਣੀਆਂ ਨਾਲ ਸਾਂਝ ਪੁਆਉਣ ਲਈ ਸ਼ੁਕਰੀਆ ‘ਕਹਾਣੀ ਧਾਰਾ। ਤਨਵੀਰ ਦਾ ਸ਼ੇਅਰ ‘ਕਹਾਣੀ ਧਾਰਾ’ ਤੇ ਪੂਰਾ ਢੁੱਕਦਾ ਹੈ-ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ, ਤੁਹਾਨੂੰ ਕੀ ਦਿਆਂ ਪਰਮਾਣ ਮੈਂ..... **- ਸਰਘੀ, ਅੰਮ੍ਰਿਤਸਰ**

## ਮੇਰਾ ਸਟੱਡੀ ਟੇਬਲ/- ਭਗਵੰਤ ਰਸੂਲਪੁਰੀ



**ਵਾਗਰਥ (ਸੰਪਾਦਕ ਸੰਭੂਨਾਥ)**

ਭਾਰਤੀ ਭਾਸ਼ਾ ਪ੍ਰੀਸ਼ਦ ਦਾ ਵਾਗਰਥ ਪਿਛਲੇ 30 ਸਾਲ ਤੋਂ ਨਿਕਲ ਰਿਹਾ ਚਰਚਿਤ ਮਾਸਿਕ ਮੈਗਜ਼ੀਨ ਏ। ਇਹ ਮੈਗਜ਼ੀਨ ਸਮੇਂ ਸਮੇਂ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਦਾ ਰਹਿੰਦਾ ਏ। ਮਾਰਚ, 24 ਅੰਕ 'ਅੱਜ ਦੇ ਨਾਰੀ ਸਾਹਿਤ' ਤੇ ਕੇਂਦਰਤ ਹੈ। ਆਪਣੀ ਸੰਪਾਦਕੀ 'ਚ ਸੰਭੂਨਾਥ ਹੁਰਾਂ ਇਤਿਹਾਸਕ ਪ੍ਰਸੰਗ ਨਾਲ ਜੋੜ ਕੇ ਹਿੰਦੀ ਸਾਹਿਤ ਦਾ ਵਿਸ਼ਲੇਸ਼ਣ ਕੀਤਾ ਏ। ਆਮ ਇਸਤਰੀ ਦਾ ਯਥਾਰਥ, ਧਰਮ 'ਚ ਇਸਤਰੀ ਦਾ ਭਵਿੱਖ, ਨਾਰੀ ਦਮਨ ਦੇ ਸੰਦ, ਮਰਦ ਸੱਤਾਂ ਦੇ ਭਿੰਨ ਭਿੰਨ ਚਿਹਰੇ, ਨਾਰੀ ਮੁਕਤੀ ਅੰਦੋਲਨ ਵਰਗੇ ਮੁੱਦੇ ਸੰਪਾਦਕੀ'ਚ ਉਭਾਰੇ ਹਨ। ਨਾਰੀ ਲੇਖਕ ਉਰਮਿਲਾ ਸ਼ਿਰੀਣ (ਬਹਿਸ ਦੇ ਬਾਹਰ), ਛਾਯਾ ਸਿੰਘ (ਸਟੇਪਨੀ), ਸਰੋਜਿਨੀ ਨੌਟਿਆਲ (ਸਪੇਸ), ਪੂਨਮ ਮਨੂੰ ਦੀਆਂ ਨਾਰੀ ਵਾਦੀ ਸਰੋਕਾਰਾਂ ਨਾਲ ਜੁੜੀਆਂ ਕਹਾਣੀਆਂ ਹਨ। ਇਕ ਗੁਜਰਾਤੀ ਕਹਾਣੀਕਾਰਾਂ ਵਰਸ਼ਾ ਅਡਾਲਜਾ ਦੀ ਕਹਾਣੀ 'ਡੈਥ ਕਲੀਨਿੰਗ' ਕਮਾਲ ਦੀ ਕਹਾਣੀ ਏ। ਦਰਜਨ ਦੇ ਕਰੀਬ ਕਵਿਤਰੀਆਂ ਦੀਆਂ ਕਵਿਤਾਵਾਂ ਵੀ ਦਰਜ ਹਨ। ਪਰਚੇ ਦੇ ਹਰ ਅੰਕ ਵਿਚ ਵੱਖ ਵੱਖ ਮੁੱਦਿਆ ਤੇ ਵਿਚਾਰ ਚਰਚਾ ਵਿਚਾਰ ਉਤੇਜਿਤ ਹੁੰਦੀ ਏ। ਇਸ ਅੰਕ 'ਚ 'ਹਿੰਦੀ ਪ੍ਰਦੇਸ਼ ਦੀਆਂ ਬੋਲੀਆਂ ਅਤੇ ਉਨ੍ਹਾਂ ਦਾ ਸਮਾਜ' ਵਿਸ਼ੇ 'ਤੇ ਵਿਦਵਾਨਾਂ ਦੇ ਉਲੇਖ ਧਿਆਨ ਖਿੱਚਦੇ ਹਨ। 'ਲੋਕ ਰੰਗ ਪ੍ਰੰਪਰਾ 'ਚ ਬਹਾਦੁਰ ਲੜਕੀ ਗੁਲਾਬ ਬਾਈ' ਆਲੇਖ ਵਿਚ ਨਾਰੀ ਸਰੋਕਾਰਾਂ ਨਾਲ ਭਰਪੂਰ ਏ।

**ਤਦਭਵ (ਸੰਪਾਦਕ ਅਖਿਲੇਸ਼)**

ਛੇ ਮਹੀਨੇ ਬਾਅਦ ਛਪਣ ਵਾਲਾ ਤਦਭਵ ਹਿੰਦੀ ਦਾ ਇਕ ਚਰਚਿਤ ਰਸਾਲਾ ਏ। ਜਿਸ ਦੇ ਨਵੇਂ ਅੰਕ ਦੇ ਪੰਨੇ 318 ਤੇ ਮੁੱਲ 200 ਰੁਪਏ ਹੈ। ਸੰਪਾਦਕ ਹਰ ਸਾਹਿਤ, ਸਮਾਜ, ਇਤਿਹਾਸ ਅਤੇ ਫਲਸਫੇ ਉੱਤੇ ਬਹੁਤ ਗੰਭੀਰ ਕਿਸਮ ਦੇ ਲੰਮੇ ਲੇਖ ਛਾਪਦਾ ਏ। ਇਸ ਨਵੇਂ ਅੰਕ 'ਚ ਵਿਨੋਦ ਤਿਵਾਰੀ ਦਾ ਲੇਖ ਪੰਜਾਬ 'ਚ ਜਾਤੀ ਜਕੜਬੰਦੀ ਅਤੇ ਦਲਿਤ ਪ੍ਰਸੰਗ ਲੇਖ ਪ੍ਰਕਾਸ਼ਤ ਕੀਤਾ ਗਿਆ ਏ। ਜਿਸ ਵਿਚ 'ਪੰਜਾਬੀ ਨਾਵਲਾਂ ਦੇ ਪ੍ਰਸੰਗ ਵਿਚ ਗੱਲ ਕੀਤੀ ਏ। ਸਮਲਾ ਵਾਸੀ ਨੇ ਆਪਣੇ ਲੇਖ 'ਉਪਨਿਵੇਸ਼ ਤੇ ਭਾਰਤੀ ਸੈਨਾ,ਭੋਜਨ ਤੇ ਜਾਤੀ-ਰਸੋਈਆਂ ਦੇ ਵਿਸ਼ੇਸ਼ ਸੰਦਰਭ ਵਿਚ' ਕਮਾਲ ਦਾ ਲੇਖ ਏ। ਦੇਵਿੰਦਰ, ਮੋ. ਆਰਿਫ, ਕੁਨਾਲ ਸਿੰਘ ਤੇ ਪ੍ਰਵੀਣ ਕੁਮਾਰ ਦੀਆਂ ਕਹਾਣੀਆਂ ਨਵੀਂ ਹਿੰਦੀ ਕਹਾਣੀ ਦੀ ਬਾਤ ਪਾਉਂਦੀਆਂ ਹਨ। ਮਨੋਜ ਕੁਮਾਰ ਪਾਂਡੇ ਦੀ ਲੰਮੀ ਕਹਾਣੀ 'ਪ੍ਰਤਿਰੋਧ' ਪਰਚੇ ਦਾ ਹਾਸਲ ਏ। ਬਾਕੀ ਮੈਟਰ ਵੀ ਉੱਚ ਪਾਏ ਦਾ ਏ। 'ਕਬੀਰ ਦਾ ਹਿੰਦੂਕਰਣ' ਲੇਖ ਵੀ ਅਹਿਮ ਮੁੱਦੇ ਉਭਾਰਨ ਵਾਲਾ ਏ।



**ਸੰਵਾਦ (ਸੰਪਾਦਕ ਡਾ. ਆਤਮ ਸਿੰਘ ਰੰਧਾਵਾ)**




'ਸੰਵਾਦ' ਖ਼ਾਲਸਾ ਕਾਲਜ ਅੰਮ੍ਰਿਤਸਰ ਦਾ ਛਮਾਹੀ ਖੋਜ ਰਸਾਲਾ ਏ। ਅਕਾਦਮਿਕ ਗਲਿਆਰੇ 'ਚ 'ਸੰਵਾਦ' ਆਲੋਚਨਾ ਤੇ ਚਿੰਤਨ ਦਾ ਗੰਭੀਰ ਪੇਪਰ ਏ। ਇਹ ਅੰਕ 'ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ' ਤੇ ਕੇਂਦਰਤ ਹੈ। ਮਸ਼ੀਨੀ ਬੁੱਧੀ ਕਿਵੇਂ ਮਨੁੱਖੀ ਦੀ ਮਾਨੋਚੇਤਨਾ ਘੜ ਰਹੀ ਏ। ਇਸ ਪਲੇਟਫਾਰਮ ਉੱਤੇ ਪੰਜਾਬੀ ਭਾਸ਼ਾ ਨੂੰ ਕਿਸੇ ਕਿਸਮ ਦੇ ਖਤਰੇ ਨੇ ਆਦਿ ਦਾ ਵਿਸ਼ਲੇਸ਼ਣ ਕੀਤਾ ਗਿਆ ਏ। ਸਮਕਾਲ 'ਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਰਿਹਾ ਏ। ਇਸ ਵਰਤਾਰੇ ਨੇ ਸਮਕਾਲ ਦੇ ਮਨੁੱਖ ਨੂੰ ਆਪਣੀ ਗ੍ਰਿਫਤ 'ਚ ਐਨੀ ਬੁਰੀ ਤਰ੍ਹਾਂ ਲੈ ਲਿਆ ਏ ਕਿ ਇਹਦੇ ਪ੍ਰਭਾਵ ਗਹਿਰੇ ਤੇ ਮਨੁੱਖੀ ਮਾਨਸਿਕਤਾ ਨੂੰ ਉੱਥਲ ਪੁੱਥਲ ਕਰਨ ਵਾਲੇ ਬਣ ਰਹੇ ਨੇ। ਇਹ ਵਰਤਾਰਾ ਸਾਹਿਤ ਦਾ ਹਿੱਸਾ ਵੀ ਤੇਜੀ ਨਾਲ ਬਣ ਰਿਹਾ ਏ। ਆਰਟੀਫ਼ੀਸ਼ੀਅਲ ਸੰਦਾਂ ਨੂੰ ਲੇਖਕ ਚਿਹਨ ਦੇ ਤੌਰ ਤੇ ਵਰਤ ਕੇ ਮਨੁੱਖੀ ਵਿਹਾਰ ਦੀਆਂ ਪਰਤਾਂ ਨੂੰ ਪੇਸ਼ ਕਰ ਰਹੇ ਹਨ। ਇਸ ਅੰਕ ਵਿਚ ਇਸ ਵਿਸ਼ੇ ਨਾਲ ਬਹੁਤ ਸਾਰੇ ਸਿਧਾਂਤਰ ਲੇਖ ਦਰਜ ਹਨ, ਜਿਹੜੇ ਬਹੁਤ ਜ਼ਰੂਰੀ ਸਨ। ਕਿਵੇਂ ਸਮਾਜਕ ਸੰਤੁਲਨ ਵਿਗੜ ਰਿਹਾ ਏ, ਮਨੁੱਖਤਾ ਦਾ ਭਵਿੱਖ ਕਿਸ ਤਰ੍ਹਾਂ ਬਣ ਰਿਹਾ ਏ, ਭਾਰਤੀ ਭਾਸ਼ਾਵਾਂ ਤੇ ਇਹਦਾ ਕਿਸ ਕਿਸਮ ਦਾ ਪ੍ਰਭਾਵ ਏ, ਗਿਆਨ ਦੇ ਕਿਸ ਤਰ੍ਹਾਂ ਦੇ ਸਰੋਤ ਆ ਰਹੇ ਨੇ, ਟੈਕਨੋ ਕਲਚਰ ਕਿਸ ਤਰ੍ਹਾਂ ਦਾ ਵਿਕਸਤ ਹੋ ਰਿਹਾ ਏ। ਪੇਪਰ ਦੇ ਮੁੱਖ ਸੰਪਾਦਕ ਡਾ. ਮਹਿਲ ਸਿੰਘ ਹਨ। ਸੁੰਦਰ ਦਿੱਖ ਵਾਲੇ 172 ਪੰਨਿਆ ਦੇ ਇਸ ਅੰਕ ਦਾ ਮੁੱਲ 200 ਰੁਪਏ ਏ।


**ਰਾਗ (ਮੁੱਖ ਸੰਪਾਦਕ ਇੰਦਰਜੀਤ ਪੁਰੇਵਾਲ)**




ਪੁਰੇਵਾਲ ਦੀ ਸੰਪਾਦਨਾ ਹੇਠ ਰਾਗ ਦਾ 16 ਵਾਂ ਅੰਕ ਛਪਿਆ ਏ। ਸਾਹਿਤਕ ਪੱਤਰਕਾਰੀ 'ਚ ਰਾਗ ਚਰਚਾ 'ਚ ਰਹਿਣ ਵਾਲਾ ਪੇਪਰ ਏ। ਵੱਡੇ ਆਕਾਰ ਵਿਚ ਪੇਪਰ ਸੰਪਾਦਤ ਕਰਨਾ ਤੇ ਉਹ ਵੀ ਪੰਜਾਬੀ ਭਾਸ਼ਾ 'ਚ ਬੜਾ ਜਿਗਰੇ ਵਾਲਾ ਕਾਰਜ ਏ। ਮੇਰਾ ਪੰਨਾ 'ਚ ਪੁਰੇਵਾਲ ਨੇ 'ਰਾਗ' ਨਾਲ ਸੰਬੰਧਤ ਖੱਟੇ-ਮਿੱਠੇ ਅਨੁਭਵ ਸਾਂਝੇ ਕੀਤੇ ਨੇ। 'ਇਸਰਾਈਲ-ਫ਼ਲਸਤੀਨ ਯੁੱਧ' ਨਾਲ ਸੰਬੰਧਤ ਹਰਵਿੰਦਰ ਸਿੰਘ ਦਾ ਲੇਖ ਪੇਪਰ ਦੀ ਪ੍ਰਾਪਤੀ ਏ। ਲੇਖਕ ਨੇ ਯੁੱਧ ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਏ। ਜਗਜੀਤ ਬਰਾੜ, ਸੁਰਿੰਦਰ ਨੀਰ, ਮੇਜਰ ਮਾਂਗਟ, ਨਿਰੰਜਣ ਬੋਹਾ, ਪਰਗਟ ਸਤੌਜ, ਪਰਮਜੀਤ ਮਾਨ, ਰਾਜਵਿੰਦਰ ਰਾਜਾ, ਜੋਗੇ ਭੰਗਲ, ਬਲਵੰਤ ਫ਼ਰਵਾਲੀ ਤੇ ਕੁਲਵਿੰਦਰ ਕੌਰ ਰੂਹਾਨੀ ਦੀਆਂ ਕਹਾਣੀਆਂ ਨਵੀਂ ਪੰਜਾਬੀ ਕਹਾਣੀ ਦੀ ਬਾਤ ਪਾਉਂਦੀਆਂ ਨੇ। ਜੰਗ ਬਹਾਦੁਰ ਗੋਇਲ ਦੀ ਮੁਲਾਕਾਤ ਵੀ ਕਾਫੀ ਰੌਚਿਕ ਏ। 248 ਪੰਨਿਆ ਤੇ ਫੈਲਿਆ ਮੈਟਰ ਖਾਸ ਕਰਕੇ ਰੇਖਾ ਚਿੱਤਰ, ਯਾਦਾਂ, ਵਰਤਕ ਭਾਗ ਅਤੇ ਹੋਰ ਮੈਟਰ ਵੀ ਪੜ੍ਹਨਯੋਗ ਏ।


**ਇਜ਼ਰਾਈਲ ਫ਼ਲਸਤੀਨ ਸੰਘਰਸ਼**

**(ਡਾ. ਅਜ਼ੀਜ਼ੁਰ ਰਹਿਮਾਨ ਆਜ਼ਮੀ)**




ਯੁੱਧ ਕੋਈ ਵੀ ਹੋਵੇ ਉਸ ਵਿਚ ਮਨੁੱਖਤਾ ਦਾ ਘਾਣ ਹੋਣਾ ਲਾਜ਼ਮੀ ਏ। ਇਜ਼ਰਾਈਲ-ਫ਼ਲਸਤੀਨ ਯੁੱਧ ਵਿਚ ਮਨੁੱਖਤਾ ਦਾ ਜੋ ਘਾਣ ਹੋਇਆ ਏ ਉਸ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ ਏ। ਇਸ ਯੁੱਧ ਦੇ ਇਤਿਹਾਸਿਕ ਪਿਛੋਕੜ ਨੂੰ ਸਮਝਣ ਲਈ ਆਜ਼ਮੀ ਨੇ ਇਸ ਪੁਸਤਕ ਵਿਚ ਸਾਰਥਕ ਉਪਰਾਲਾ ਕੀਤਾ ਏ। ਫ਼ਲਸਤੀਨੀ ਲੋਕ ਕਈ ਦਹਾਕਿਆ ਤੋਂ ਯੁੱਧ ਦਾ ਦੁਖਾਂਤ ਭੋਗਦੇ ਆ ਰਹੇ ਨੇ। ਇਨ੍ਹਾਂ ਲੋਕਾਂ ਨੂੰ ਵਾਰ ਵਾਰ ਉਨ੍ਹਾਂ ਦੀ ਜ਼ਮੀਨ ਤੇ ਘਰਾਂ 'ਚੋਂ ਕੱਢ ਕੇ ਇਜ਼ਰਾਈਲੀ ਲੋਕ ਭਜਾ ਕੇ ਸ਼ਰਨਾਰਥੀ ਕੈਂਪਾ ਵੱਲ ਧੱਕਦੇ ਰਹੇ। ਐਨੇ ਸਾਲ ਬੀਤਣ ਦੇ ਬਾਵਜੂਦ ਵੀ ਅਰਬ-ਇਜ਼ਰਾਈਲ ਸਮੱਸਿਆ ਉਸੇ ਤਰ੍ਹਾਂ ਬਣੀ ਹੋਈ ਏ। ਇਸ ਸੰਕਟ ਦਾ ਮੁੱਢ 1948 'ਚ ਬੱਝਦਾ ਏ, ਜਿਸ 'ਚ 500 ਪਿੰਡ ਉਜਾੜ ਦਿੱਤੇ ਜਾਂਦੇ ਨੇ। ਯਹੂਦੀ ਕੌਮ ਦਾ ਐਨਾ ਘਾਣ ਵਾਰ ਵਾਰ ਹੁੰਦਾ ਰਿਹਾ ਪਰ ਉਹ ਆਪਣੀ ਧਰਤੀ 'ਤੇ ਹੱਕਾਂ ਲਈ ਲਗਾਤਾਰ ਲੜਦੇ ਆ ਰਹੇ ਨੇ। ਸਮਾਜ 'ਚ ਫੈਲੀ ਜਾਤੀ ਨਫ਼ਰਤ ਯਹੂਦੀਆਂ ਨੂੰ ਗੰਦੀਆਂ ਬਸਤੀਆਂ 'ਚ ਨਰਕੀ ਜੀਵਨ ਜੀਉਣ ਲਈ ਮਜ਼ਬੂਰ ਕਰਦੀ ਏ। ਫ਼ਲਸਤੀਨ ਨੂੰ ਦੋ ਹਿੱਸਿਆ (ਫ਼ਲਸਤੀਨ-ਇਜ਼ਰਾਈਲ) 'ਚ ਵੰਡ ਦਿੱਤਾ ਜਾਂਦਾ ਏ। ਉਹ ਬੇਘਰੇ ਹੋ ਗਏ ਨੇ ਇਸ ਸਾਰੇ ਸੰਕਟ ਨੂੰ ਪੁਸਤਕ ਵਿਚ ਤੱਥਾਂ ਤੇ ਅੰਕੜਿਆ ਨਾਲ ਉਭਾਰਿਆ ਗਿਆ ਏ। ਕਿਤਾਬ ਦਾ ਅਨੁਵਾਦ ਹਰਜੋਤ ਤੇ ਸੰਪਾਦਨ ਕਿੰਦਾ ਨਾਹਲ ਨੇ ਕੀਤਾ ਏ। ਪੁਸਤਕ **'ਵਾਈਟ ਕਰੋਅ'** ਨੇ ਛਾਪੀ ਏ।

**ਕਾਕੋਰੀ ਤੋਂ ਨਕਸਲਬਾੜੀ (ਸੰਪਾਦਕ ਸੁਰੇਸ਼ ਸਲਿਲ, ਅਨੁਵਾਦ ਬਲਬੀਰ ਲੌਂਗੋਵਾਲ)**





ਸ਼ਿਵ ਕੁਮਾਰ ਮਿਸ਼ਰ ਇਕ ਅਜਿਹੇ ਕ੍ਰਾਂਤੀਕਾਰ ਦੇਸ਼ ਭਗਤ ਹੋਏ ਨੇ ਜੋ ਗਰਮ ਸੁਭਾ ਕਰਕੇ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲੈ ਕੇ ਹਥਿਆਰਬੰਦ ਅੰਦੋਲਨ ਵਿਚ ਕੁੱਦ ਪਏ ਸਨ। ਕ੍ਰਾਂਤੀਕਾਰੀ ਸ਼ਿਵ ਕੁਮਾਰ ਦੇ ਜੀਵਨ ਸੰਘਰਸ਼ ਦੀ ਪੁਸਤਕ ਬਾਤ ਪਾਉਂਦੀ ਏ। ਇਹ ਉਸਦੀ ਸਵੈ ਜੀਵਨੀ ਏ। ਪੁਸਤਕ 'ਚ ਸ਼ਿਵ ਕੁਮਾਰ ਦਾ ਸਵੈ ਹੀ ਨਹੀਂ ਬਲਕਿ 1930 ਤੋਂ 70 ਤੱਕ ਦਾ ਰਾਜਨੀਤਕ ਦਸਤਾਵੇਜ ਵੀ ਏ। ਕਾਕੋਰੀ ਦੀ ਘਟਨਾ ਤੋਂ ਪ੍ਰਭਾਵਿਤ ਹੋ ਕੇ ਉਹ ਆਜ਼ਾਦੀ ਸੰਗਰਾਮ 'ਚ ਕੁੱਦ ਪੈਂਦੇ ਨੇ। ਅਤੇ ਸਮਾਜਵਾਦੀ ਪਰਜਾਤੰਤਰ ਸੰਘ ਤੇ ਸੈਨਾ ਦੇ ਮੈਂਬਰ ਬਣ ਕੇ ਕਾਨਪੁਰ ਦੇਹਰਾਦੂਨ ਕੇਸ (1933) ਤੇ ਸੇਨ ਅਗਵਾ ਕਾਂਡ ਦਾ ਆਪਣਾ ਰੋਲ ਅਦਾ ਕਰਦੇ ਨੇ। ਕਿਸਾਨ ਅੰਦੋਲਨਾ 'ਚ ਭਾਗ ਲੈਂਦੇ ਹੋਏ ਉਹ ਕਮਿਊਨਿਸਟ ਪਾਰਟੀ 'ਚ ਸਿਖਰਲੇ ਆਹੁਦੇ ਵਿਚ ਪੁੱਜਣ ਉਪਰੰਤ ਨਕਸਲਵਾਦੀ ਬਣ ਜਾਂਦੇ ਨੇ। ਤਿੰਨ ਵੱਖ ਵੱਖ ਪਰਟੀਆਂ 'ਚ ਰਹਿ ਕੇ ਉਹ ਆਮ ਲੋਕਾਂ ਦੀ ਆਵਾਜ਼ ਬਣਦੇ ਰਹੇ। ਕਿਤਾਬ **'ਵਾਈਟ ਕਰੋਅ'** ਨੇ ਛਾਪੀ ਏ।

**ਜ਼ੁਬੈਰ ਅਹਿਮਦ ਦੀਆਂ ਚੋਣਵੀਆਂ ਕਹਾਣੀਆਂ**





ਜ਼ੁਬੈਰ ਲਹਿੰਦੇ ਪੰਜਾਬ ਦੀ ਕਹਾਣੀ 'ਚ ਵੱਖਰਾ ਖੜਾ ਦਿੱਸਦਾ ਏ। ਉਹਦੀ ਆਪਣੀ ਨਵੇਕਲੀ ਸ਼ੈਲੀ ਤੇ ਜਾਇਕਾ ਏ। ਪੁਸਤਕ ਨੂੰ ਖ਼ਾਲਿਦ ਫ਼ਰਹਾਦ ਧਾਰੀਵਾਲ ਨੇ ਸੰਪਾਦਤ ਕੀਤਾ ਏ। ਸੰਪਾਦਕ ਨੇ ਤਿੰਨ ਕਿਤਾਬਾਂ 'ਚੋਂ 15 ਕਹਾਣੀਆਂ ਦੀ ਚੋਣ ਕੀਤੀ ਏ। ਉਹ ਕਹਾਣੀ ਨੂੰ ਪਿਛੋਕੜ 'ਚੋਂ ਚੁੱਕ ਕੇ ਵਰਤਮਾਨ 'ਚ ਲੈ ਆਉਂਦਾ ਏ। ਪਾਤਰਾਂ ਦੇ ਪਿਛੋਕੜ ਦਾ ਜ਼ੁਬੈਰ ਕੋਲ ਖਾਸ਼ਾ ਤਜਰਬਾ ਏ। 'ਪਾਣੀ ਦੀ ਕੰਧ' ਦਾ ਬਿਰਤਾਂਤ ਭਾਵੇਂ ਏਧਰਲਾ ਪੰਜਾਬ ਏ ਪਰ ਉਹ ਜਦੋਂ ਮੈਂ ਪਾਤਰ ਦੇ ਸਵੈ ਦੀ ਤ੍ਰਾਸ਼ਦੀ ਨਾਲ ਜੋੜਦਾ ਏ ਤਾਂ ਕਹਾਣੀ ਆਪਣੀ ਕਿਸਮ ਦੇ ਅਰਥ ਉਜਾਗਰ ਕਰਦੀ ਏ। 'ਸਵੈਟਰ' ਅਤੇ 'ਨਿਰੀ ਇੱਕ ਵਾਜ ਲਈ' ਕਹਾਣੀਆਂ ਦਾ ਲੁਕਿਆ ਹੋਇਆ ਯਥਾਰਥ ਪਾਠਕ ਨੂੰ ਬੰਨ੍ਹ ਲੈਂਦਾ ਏ। 'ਮੀਂਹ, ਬੂਹੇ ਤਾ ਬਾਰੀਆਂ' ਇਕ ਬੰਦੇ ਦੇ ਅਵੇਚਤਨ ਵਿਚ ਖੁਰ ਰਹੇ ਸ਼ਹਿਰ ਦੀ ਹੀ ਕਹਾਣੀ ਨਹੀਂ ਬਲਕਿ ਬੰਦੇ ਦੀ ਖੁਰ ਰਹੀ ਹੋਂਦ ਦੀ ਕਹਾਣੀ ਏ। ਕਿਤਾਬ ਦੀਆਂ ਕਾਫੀ ਕਹਾਣੀਆਂ ਉਹ 'ਮੈਂ' ਪਾਤਰ ਨਾਲ ਕਹਿੰਦਾ ਏ ਪਰ ਗੱਲ ਉਹ ਅਜਿਹੇ ਪਾਤਰਾਂ ਦੀ ਕਰ ਜਾਂਦਾ ਏ ਜਿਹਦੇ ਵੱਲ ਆਮ ਲੋਕਾਂ ਦਾ ਘੱਟ ਧਿਆਨ ਜਾਂਦਾ ਏ। 'ਕਬੂਤਰ, ਬਨੇਰੇ ਤੇ ਗਲੀਆਂ' ਦਾ ਪਹਿਲਾ ਫ਼ਿਕਰਾ ਪਾਠਕ ਨੂੰ ਬੰਨ ਲੈਂਦਾ ਏ, 'ਇਹ ਕਹਾਣੀ ਸ਼ੋਰੇ ਗਾਮੇ ਦੀ ਏ, ਕਬੂਤਰਾਂ ਦੀ, ਕੋਠੇ ਦੇ ਬਨੇਰਿਆਂ ਦੀ ਜਾਂ ਫਿਰ ਮੇਰੀ।' ਅੰਤ 'ਚ ਖ਼ਾਲਿਦ ਦਾ ਜ਼ੁਬੈਰ ਨਾਲ ਕੀਤਾ ਇੰਟਰਵਿਊ ਦਿਲਚਸਪ ਏ।

**ਚੌਲ਼ਾਂ ਦੀ ਬੁਰਕੀ** (**ਜਾਵੇਦ ਬੂਟਾ**)





ਜਾਵੇਦ ਬੂਟਾ ਸ਼ਾਹਮੁੱਖੀ ਜ਼ੁਬਾਨ ਦਾ ਅਜਿਹਾ ਕਥਾਕਾਰ ਏ ਜਿਸ ਦੀ ਕਥਾਕਾਰੀ ਨਿਵੇਕਲੀ ਤੇ ਵੱਖਰੀ ਕਿਸਮ ਦੀ ਏ। ਕਿਤਾਬ ਦੀਆਂ 18 ਕਹਾਣੀਆਂ ਮੇਰੇ ਵਰਗੇ ਪਾਠਕ ਨੂੰ ਬੰਨ੍ਹ ਮਾਰ ਕੇ ਕੋਲ ਬਿਠਾ ਲੈਂਦੀਆਂ ਨੇ। ਉਸ ਦੀ ਕਹਾਣੀ ਬਾਹਰੋਂ ਵੇਖਣ ਤੇ ਬੜੀ ਸਧਾਰਨ ਲੱਗਦੀ ਏ ਪਰ ਉਸ ਦੇ ਬਿਰਤਾਂਤ ਦੀ ਜਟਿਲਤਾ ਕਮਾਲ ਦੀ ਏ। ਜਾਵੇਦ ਦੀ ਸ਼ੈਲੀ ਪਾਠਕ ਨੂੰ ਆਪਣੇ ਕੋਲ ਬਿਠਾ ਲੈਂਦੀ ਏ। 'ਮਿੱਠੀ ਗਾਜਰ' ਦਾ ਪਾਤਰ ਭਾਵੇਂ ਵਿਦੇਸ਼ ਸਬਜੀ ਕੱਟਣ ਦਾ ਕਾਰਜ ਕਰਦਾ ਏ ਪਰ ਉਹਦੇ ਅਵਚੇਤਨ 'ਚ ਬਚਪਨ ਵਾਲਾ ਗਾਜਰ ਤੇ ਘਰ ਦਾ ਸਵਾਦ ਪਿਆ ਏ। ਜਾਵੇਦ ਦੀ ਸਾਰੀ ਕਹਾਣੀ 'ਪਿਛਲ-ਝਾਤ' ਤੇ ਖੜੀ ਏ। ਇਹ ਜੁਗਤ ਉਹਦੀ ਕਹਾਣੀ ਨੂੰ ਵੱਡੀ ਤੇ ਗਹਿਰੀ ਬਣਾਉਂਦੀ ਏ। 'ਸੁਫ਼ਨਾ' ਤੇ ਹੈ ਈ ਅਵਚੇਤਨ ਦੀ ਕਹਾਣੀ। ਕਿਵੇਂ ਮਨੁੱਖ ਦਾ ਆਲਾ ਦੁਆਲਾ ਉਹਦੇ ਦਿਮਾਗੀ ਤਵਾਜ਼ਨ ਨੂੰ ਹਿਲਾ ਦਿੰਦਾ ਏ। ਮੁਸਲਿਮ ਕਲਚਰ ਉਹਦੀ ਕਹਾਣੀ ਵਿਚ ਸਹਿਜ ਗਤੀ ਨਾਲ ਆਉਂਦਾ ਏ। ਜਿਸ ਰਾਹੀਂ ਅਸੀਂ ਬੰਦੇ ਦੇ ਵਿਹਾਰ ਨੂੰ ਸਮਝ ਸਕਦੇ ਹਾਂ। ਲਿੱਪੀਆਂਤਰ ਕੀਤਾ ਏ ਅਮਰੀਕ ਗ਼ਾਫ਼ਿਲ ਤੇ ਸੁਰਿੰਦਰ ਸੋਹਲ ਨੇ।

**ਚੋਣਵੀਆਂ ਖੇਡ ਕਹਾਣੀਆਂ (ਸੰਪਾਦਕ ਬਲਵੰਤ ਸਿੰਘ ਸੰਧੂ)**





ਪਿਛਲੇ ਸਮੇਂ 'ਚ ਇਕ ਵਿਸ਼ੇ ਨੂੰ ਲੈ ਕੇ ਕਹਾਣੀਆਂ ਸੰਪਾਦਤ ਕਰਨ ਦੀ ਪ੍ਰੰਪਰਾ ਕਾਫੀ ਹਰਮਨ ਪਿਆਰੀ ਹੋ ਰਹੀ ਏ। ਬਲਵੰਤ ਸੰਧੂ ਹੁਰਾਂ ਨੇ ਪੰਜਾਬੀ ਦੀਆਂ ਖੇਡ ਕਹਾਣੀਆਂ ਨੂੰ ਇਕ ਥਾਂ ਇਕੱਤਰ ਕਰਕੇ ਮੁੱਲਵਾਨ ਕਾਰਜ ਕੀਤਾ ਏ। ਕਿਤਾਬ ਦੇ ਸ਼ੁਰੂ 'ਚ ਉਸ ਨੇ ਖੇਡ ਕਹਾਣੀਆਂ ਦਾ ਵਿਸ਼ਲੇਸ਼ਣ ਕਰਦੀ ਸੰਪਾਦਕੀ ਲਿਖੀ ਏ ਜਿਸ ਵਿਚ ਉਸ ਨੇ ਇਹ ਗੱਲ ਉਭਾਰੀ ਏ ਕਿ ਇਨ੍ਹਾਂ ਕਹਾਣੀਆਂ ਦੇ ਪਾਤਰ ਜਿਹੜੇ ਖੇਡਾਂ ਵਿਚ ਆਪਣੀ ਪਛਾਣ ਬਣਾਉਣ ਲੱਗੇ ਹੋਏ ਹਨ ਕਿਵੇਂ ਸਮਾਜ 'ਚ ਵਿਚਰਦੇ ਨੇ ਤੇ ਉਨ੍ਹਾਂ ਦੀ ਮਨੋਚੇਤਨਾ ਕਿਵੇਂ ਦੀ ਬਣਦੀ ਏ। ਗਲਪ 'ਚ ਖੇਡ ਪਾਤਰ ਭਾਵੇਂ ਅਜੇ ਓਨੇ ਭਰਪੂਰ ਮਾਤਰਾ 'ਚ ਨਹੀਂ ਆਏ ਜਿੰਨੇ ਆਉਣੇ ਚਾਹੀਦੇ ਹਨ। ਕਿਤਾਬ 'ਚ ਦੁੱਗਲ, ਗਾਰਗੀ, ਬਲਵਿੰਦਰ ਗਰੇਵਾਲ, ਭਗਵੰਤ ਰਸੂਲਪੁਰੀ, ਕੜਿਆਲਵੀ, ਬਲਵੰਤ ਸੰਧੂ, ਮਨਦੀਪ ਰਿੰਪੀ , ਜਸਵੀਰ ਰਾਣਾ ਤੇ ਸੁਖਰਾਜ ਧਾਲੀਵਾਲ ਤੇ ਹੋਰਾਂ ਦੀਆਂ ਕਹਾਣੀਆਂ ਹਨ। ਸਾਰੀਆਂ ਕਹਾਣੀਆਂ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਏ ਕਿ ਇਹ ਕਹਾਣੀਆਂ ਮਿੱਥ ਕੇ ਨਹੀਂ ਲਿਖੀਆਂ ਗਈਆਂ ਨਾ ਲਿਖਵਾਈਆਂ ਗਈਆਂ ਹਨ ਕਿ ਖੇਡਾਂ ਨਾਲ ਸੰਬੰਧਤ ਕਹਾਣੀਆਂ ਲਿਖਣੀਆਂ ਨੇ। ਇਨ੍ਹਾਂ ਕਹਾਣੀਆਂ ਰਾਹੀਂ ਅਸੀਂ ਪਾਤਰਾਂ ਦੀ ਮਾਨਸਿਕ ਉਥਲਪੁੱਥਲ ਨੂੰ ਸਮਝ ਸਕਦੇ ਹਾਂ। ਖੇਡਾਂ ਕਲਚਰ ਦੀ ਗਿਰਾਵਟ ਦੀ ਤ੍ਰਾਸਦੀ, ਖੇਡ ਮੈਦਾਨ ਵਿਚ ਸਪੇਸ ਬਣਾਉਣ ਦੇ ਸੰਘਰਸ਼ ਨੂੰ ਪਾਠਕ ਇਨ੍ਹਾਂ 'ਚੋਂ ਸਮਝ ਸਕਦੇ ਹਨ।

**ਕਹਾਣੀ ਪੰਜਾਬ (ਸੰਪਾਦਕ ਕਰਾਂਤੀਪਾਲ)**





ਪ੍ਰਸਿੱਧ ਗਲਪਕਾਰ ਦੀ ਮਿਸ਼ਾਲ 'ਕਹਾਣੀ ਪੰਜਾਬ' ਨੂੰ ਜਗਾਈ ਰੱਖਣ ਲਈ ਕਰਾਂਤੀਪਾਲ ਸਰਗਰਮ ਏ। ਹੁਣ ਉਹ ਸਾਲ ਵਿਚ ਇਕ ਵੱਡ ਅਕਾਰੀ ਅੰਕ ਸੰਪਾਦਤ ਕਰਦਾ ਆ ਰਿਹਾ ਏ। ਜਿਸ ਦਾ ਮੈਟਰ 400 ਪੰਨਿਆ ਤੱਕ ਫੈਲਿਆ ਹੁੰਦਾ ਏ। ਇਸ ਅੰਕ ਵਿਚ ਅਨੁਵਾਦ ਕੀਤੀਆਂ ਰਚਨਾਵਾਂ ਪਾਠਕ ਦਾ ਖਾਸ ਧਿਆਨ ਖਿੱਚਦੀਆਂ ਹਨ।ਸੰਪਾਦਕੀ 'ਚ ਕਰਾਂਤੀਪਾਲ ਨੇ ਰਸ ਵਿਹੂਣੀਆਂ ਕਹਾਣੀਆਂ ਦੀ ਬਾਤ ਪਾਈ ਏ। ਜਿਨ੍ਹਾਂ 'ਚ ਖਲਾਰਾ ਬਹੁਤ ਹੁੰਦਾ ਏ ਪਰ ਪੜ੍ਹਨ ਵਾਲੀ ਗੱਲ ਕੋਈ ਨਹੀਂ। ਸੰਤ ਜਰਨੈਲ ਸਿੰਘ ਬਾਰੇ ਹਰਪਾਲ ਪੰਨੂ ਦੀ ਲਿਖਤ ਕਾਫੀ ਰੌਚਿਕ ਏ। ਵਰਿਆਮ ਸੰਧੂ, ਗੁਰਬਚਨ ਭੁੱਲਰ ਤੇ ਹਰਮਿੰਦਰ ਬੇਦੀ ਦੀਆਂ ਯਾਦਾਂ 'ਚ ਕਹਾਣੀ ਰਸ ਏ। ਦਰਬਾਰ ਸਾਹਿਬ ਹਮਲੇ ਨਾਲ ਸਬੰਧਤ ਜਸਪਾਲ ਸਿੱਧੂ ਦੀ ਲੰਮੀ ਲਿਖਤ ਪਰਚੇ ਦੀ ਪ੍ਰਾਪਤੀ ਏ। ਰਮਾਨਾਥ ਰਾਏ ਦਾ ਨਾਵਲੈੱਟ 'ਮੁੱਖ ਮੰਤਰੀ' ਸਮੇਤ ਵਿਗਿਆਨ ਕਥਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਰਾਂਤੀਪਾਲ ਦੇ ਸਿਰੜ ਨੂੰ ਸਲਾਮ।

**ਚਿਤਵਣੀਆਂ** (**ਚੰਦਨ ਨੇਗੀ**)





ਇਹ 422 ਪੰਨਿਆਂ 'ਚ ਫੈਲੀ ਨੇਗੀ ਦੀ ਸਵੈ ਜੀਵਨੀ ਏ। ਨੇਗੀ ਦਾ ਬਚਪਨ ਉਜਾੜੇ, ਟੱਬਰਾਂ ਦੀ ਬਰਬਾਦੀ ਤੇ ਕਤਲੇਆਮ, ਰਾਵੀ ਦੇ ਆਰ-ਪਾਰ ਲੋਕਾਂ ਦੀ ਭੱਜ ਦੌੜ ਦੀਆਂ ਘਟਨਾਵਾਂ ਨਾਲ ਸਵੈ ਬਿਰਤਾਂਤ ਦਾ ਮੁੱਢ ਬੱਝਦਾ ਏ। ਇਨ੍ਹਾਂ ਚਿਤਵਣੀਆਂ 'ਚੋਂ ਚੰਦਨ ਨੇਗੀ ਦੀਆਂ ਅਨੇਕਾਂ ਕਹਾਣੀਆਂ ਤੇ ਨਾਵਲ ਨਿਕਲਦੇ ਨੇ। ਉਹ ਬੜੇ ਮਾਣ ਨਾਲ ਆਪਣੇ ਟੱਬਰ ਦੀਆਂ ਜੈਤੋ ਦੇ ਮੋਰਚੇ ਦੀਆਂ ਕੁਰਬਾਨੀਆਂ ਚੇਤੇ ਕਰਦੀ ਏ। ਕਸ਼ਮੀਰ ਤੇ ਜੰਮੂ ਵਿਚ ਲੇਖਿਕਾਂ ਦਾ ਬਹੁਤਾ ਸਮਾਂ ਬੀਤਦਾ ਏ। ਬਚਪਨ ਦੀਆਂ ਕੌੜੀਆਂ ਕਸੈਲੀਆਂ ਯਾਦਾਂ ਦੇ ਨਾਲ ਨਾਲ ਉਹ ਉਮਰ ਦੇ ਆਖਰੀ ਪੜ੍ਹਾ ਦਾ ਜ਼ਿਕਰ ਵੀ ਕਰਦੀ ਏ। ਆਪਣੇ ਪਿਤਾ ਹਰਨਾਮ ਸਿੰਘ ਤੇਗ ਦਾ ਜ਼ਿਕਰ ਬਤੌਰ ਕਹਾਣੀਕਾਰ ਵੀ ਕਰਦੀ ਏ। ਜੰਮੂ ਤੋਂ ਪੰਜਾਬ ਵੱਲ ਹਿਜ਼ਰਤ ਦਾ ਸਮਾਂ ਲੇਖਿਕਾਂ ਲਈ ਪੀੜ ਦੇਣ ਵਾਲਾ ਰਿਹਾ ਏ। ਵੱਖ ਵੱਖ ਥਾਵਾਂ ਤੋਂ ਉਸ ਦੇ ਅਨੁਭਵ ਬਹੁਤ ਅਮੀਰ ਬਣਦੇ ਨੇ ਜਿਹੜੇ ਕਹਾਣੀਆਂ ਤੇ ਨਾਵਲਾਂ ਦੀ ਸਿਰਜਣਾ ਦੇ ਸਰੋਤ ਬਣਦੇ ਜਾਂਦੇ ਨੇ। 1971 ਦੀ ਜੰਗ ਦਾ ਵਿਸਥਾਰ ਨਾਲ ਜਿਕਰ ਕਰਦਿਆਂ ਮਨੁੱਖੀ ਤ੍ਰਾਸ਼ਦੀ ਬਿਆਨ ਵੀ ਕਰ ਜਾਂਦੀ ਏ। ਸਮੇਂ ਸਮੇਂ ਚੰਦਨ ਦਾ ਵਾਹ ਵਣਜਾਰਾ ਬੇਦੀ, ਅਤਰ ਸਿੰਘ, ਸਿਵ ਕੁਮਾਰ , ਰਜਿੰਦਰ ਸਿੰਘ ਬੇਦੀ ਤੇ ਹੋਰ ਅਨੇਕਾਂ ਵੱਡੇ ਕੱਦ ਦੇ ਲੇਖਕਾਂ ਤੇ ਅਦੀਬਾਂ ਨਾਲ ਪੈਂਦਾ ਏ। ਕਿਤਾਬ ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ ਨੇ ਛਾਪੀ ਏ।

**ਕਿਵੇਂ ਗੁਜ਼ਾਰੀ ਜ਼ਿੰਦਗੀ** (**ਹਰਭਜਨ ਸਿੰਘ ਹੁੰਦਲ**)




ਹੁੰਦਲ ਲੋਕ ਪੱਖੀ ਤੇ ਸੰਘਰਸ਼ਾ 'ਚ ਰਿਹਾ ਅਜਿਹਾ ਵੱਡਾ ਲੇਖਕ ਏ ਜਿਨ ਨੇ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਆਮ ਲੋਕਾਂ ਦੇ ਲੇਖੇ ਲਾਇਆ ਤੇ ਉਨ੍ਹਾਂ ਆਮ ਲੋਕਾਂ ਲਈ ਕਵਿਤਾਵਾਂ ਲਿਖੀਆਂ ਨੇ। 496 ਪੰਨਿਆਂ 'ਚ ਫੈਲੀ ਇਹ ਜੀਵਨੀ 'ਚ ਹੁੰਦਲ ਹੁਰਾਂ ਅੱਖੀਂ ਡਿੱਠੇ ਤੇ ਹੰਡੀ ਹੰਢਾਏ ਸੱਚ ਨੂੰ ਬੜੀ ਇਮਾਨਦਾਰੀ ਨਾਲ ਪੇਸ਼ ਕੀਤਾ ਏ। ਲੇਖਕ ਬੜੀ ਸੁਹਿਰਦਾ ਨਾਲ ਪੰਜਾਬ ਦੇ ਬੀਤੇ ਪੰਜਾਹ ਸਾਲਾਂ ਦੀ ਸਮਾਜਿਕ, ਰਾਜਨੀਤਿਕ ਤੇ ਸੱਭਿਆਚਾਰਕ ਇਤਿਹਾਸਕਾਰੀ ਕਰਦਾ ਏ। ਪਿਛਲੇ ਪਿੰਡੇ ਤੇ ਸੰਤਾਲੀ ਦੇ ਦਿਨਾਂ ਦਾ ਜਿਕਰ ਕਰਦਾ ਹੋਇਆ ਮਨੁੱਖਤਾ ਦੇ ਘਾਣ 'ਚ ਦੋਸ਼ੀ ਚਿਹਰਿਆਂ ਨੂੰ ਸਵਾਲਾਂ ਦੇ ਘੇਰੇ 'ਚ ਲਿਆਂਦਾ ਏ। 'ਘਸਮੈਲੇ ਚਿਹਰੇ' ਅਧੀਨ ਉਹ ਆਪਣੇ ਆਲੇ ਦੁਆਲੇ ਵਿਚਰਦੇ ਉਨ੍ਹਾਂ ਲੋਕਾਂ ਦੇ ਸ਼ਬਦ ਚਿੱਤਰ ਲਿਖਦਾ ਏ। ਟੀਚਰਨ ਯੂਨੀਅਨ ਦਾ ਸਮਾਂ, ਜੇਲ੍ਹ ਯਾਤਰਾ ਦੇ ਅਨੁਭਵ ਸਮੇਤ ਬਹੁਤ ਸਾਰੇ ਅਨੁਭਵਾਂ ਨੂੰ ਉਹ ਸਵੈ ਜੀਵਨੀ 'ਚ ਜ਼ਿਕਰ ਕਰਦਾ ਏ। ਪੁਸਤਕ ਵਿਚ ਹੁੰਦਲ ਇਕ ਸੰਘਰਸ਼ਸ਼ੀਲ ਮਨੁੱਖ ਵਜੋਂ ਉਭਰਦਾ ਏ। ਪ੍ਰਗਤੀਸ਼ੀਲ ਧਾਰਾ ਵਾਲੀ ਸੋਚ ਵੀ ਪੁਸਤਕ ਦੇ ਨਾਲ ਨਾਲ ਚਲਦੀ ਏ। ਕਿਤਾਬ **ਰਵੀ ਸਾਹਿਤ ਪ੍ਰਕਾਸ਼ਨ** ਨੇ ਛਾਪੀ ਏ।


**ਅਨੇਮਨ ਸਿੰਘ ਦੀ 'ਚਿਕਨ ਸ਼ਾਪ'**





ਅਨੇਮਨ ਨੇ ਪਿਛਲੇ ਸਮੇਂ ਵਿਚ ਅਨੇਕਾਂ ਚੇਤੇ ਰਹਿਣ ਵਾਲੀਆਂ ਕਹਾਣੀਆਂ ਪੜ੍ਹਨ ਨੂੰ ਦਿੱਤੀਆਂ ਨੇ। 'ਆਈ ਲਾਚਾ' ਕਿਤਾਬ ਦੀਆਂ ਅਜੇ ਕਹਾਣੀਆਂ ਪੜ੍ਹ ਹੀ ਰਹੇ ਸਾਂ ਕਿ 'ਚਿਕਨ ਸ਼ਾਪ' ਆ ਗਈ। ਇਸ ਕਿਤਾਬ ਦੀਆਂ ਅੱਠ ਕਹਾਣੀਆਂ ਦਾ ਪਾਠ ਕਰਨ ਉਪਰੰਤ ਮੈਨੂੰ ਲੱਗਾ ਕਿ ਉਹਨੇ ਵੱਖ ਵੱਖ ਕਿਸਮ ਦੇ ਪਾਤਰਾਂ ਦਾ ਮਨੋਵਿਗਿਆਨਿਕ ਬਿਰਤਾਂਤ ਕਹਾਣੀਆਂ ਵਿਚ ਪੜ੍ਹਨ ਲਈ ਸਾਨੂੰ ਦਿੱਤਾ ਏ। ਉਹਦੇ ਕੋਲ ਮਨੋਰੋਗੀ ਕਿਸਮ ਦੇ ਪਾਤਰ ਆਉਂਦੇ ਨੇ ਜਿਹੜੇ ਕਹਾਣੀਆਂ ਲਿਖਣ ਲਈ ਉਹਦੇ ਹੁੱਝਾ ਮਾਰਦੇ ਰਹਿੰਦੇ ਨੇ। ਇਕ ਸਮਾਂ ਸੀ ਮੰਟੋ ਨੂੰ ਵੀ ਕਹਾਣੀਆਂ ਲਿਖਣ ਦੇ ਦੌਰੇ ਪੈਂਦੇ ਸਨ ਤੇ ਉਸ ਨੇ ਕਮਾਲ ਦੀਆਂ ਕਹਾਣੀਆਂ ਸਾਨੂੰ ਪੜ੍ਹਨ ਨੂੰ ਦਿੱਤੀਆਂ, ਅਜਿਹੀ ਸਥਿਤੀ ਅਨੇਮਨ ਸਿੰਘ ਦੀ ਮੈਨੂੰ ਲੱਗ ਰਹੀ ਏ। ਸਾਡੇ ਆਲੇ ਦੁਆਲੇ ਐਨੀ ਕਰੂਰਤਾ ਪਈ ਕਿ ਸੰਵੇਂਦਨਸ਼ੀਲ ਮਨੁੱਖ ਉਨ੍ਹਾਂ ਦੇ ਨੇੜੇ ਜਾ ਕੇ ਬੇਚੈਨ ਹੋ ਜਾਂਦਾ ਏ। ਪਰ ਅਨੇਮਨ ਨੇ ਮੇਰੇ ਜਿਹਾ ਕੁਝ, ਚਾਕਲੇਟ, ਚਿਕਨ ਸ਼ਾਪ, ਡੌਂਟ ਮਾਈਂਡ ਤੇ ਚਿਕਨ ਸ਼ਾਪ ਵਰਗੀਆਂ ਕਹਾਣੀਆਂ ਲਿਖ ਕੇ ਸੂਝਵਾਨ ਕਹਾਣੀਕਾਰ ਹੋਣ ਦਾ ਪ੍ਰਗਟਾਵਾ ਕਰ ਦਿੱਤਾ ਏ। ਅਨੇਮਨ ਬੇਚੈਨ ਬੰਦਾ ਏ, ਬੇਚੈਨ ਪਾਤਰਾਂ ਨੂੰ ਕਹਾਣੀ ਦੇ ਬਿਰਤਾਂਤ ਵਿਚ ਲਿਆ ਬਿਠਾਉਂਦਾ ਏ। ਹੱਥਲੀ ਕਿਤਾਬ ਉਹਦੇ ਵਿਕਾਸ ਦੀ ਅਗਲੀ ਕੜੀ ਕਹੀ ਜਾ ਸਕਦੀ ਏ। ਕਿਤਾਬ ਨੂੰ **ਸਾਹਿਬਦੀਪ ਪਬਲੀਕੇਸ਼ਨ, ਭੀਖੀ, ਮਾਨਸਾ** ਨੇ ਛਾਪਿਆ ਏ।


**ਮਨਦੀਪ ਰਿੰਪੀ 'ਹਾਂ ! ਮੈਂ ਲਾਲਚੀ ਹਾਂ'**

ਪੰਜਾਬੀ ਕਹਾਣੀ ਵਿਚ ਨਾਰੀ ਕਥਾਕਾਰਾਂ ਬਹੁਤ ਘੱਟ ਨੇ। ਮਨਦੀਪ ਰਿੰਪੀ ਕਵਿਤਾ ਤੇ ਬਾਲ ਸਾਹਿਤ ਵੀ ਲਿਖਦੀ ਆ ਰਹੀ ਏ। ਉਹਦੀ ਕਹਾਣੀਆਂ ਦੀ ਕਿਤਾਬ ਪੜ੍ਹ ਕੇ ਮੈਂ ਕਹਿ ਸਕਦਾ ਹਾਂ ਕਿ ਜੇ ਉਹ ਭਵਿੱਖ 'ਚ ਆਪਣਾ ਧਿਆਨ ਕਹਾਣੀ ਤੇ ਫੋਕਸ ਕਰੇ ਤਾਂ ਇਕ ਚਰਚਿਤ ਕਹਾਣੀਕਾਰ ਦੇ ਤੌਰ ਤੇ ਆਪਣੀ ਪਛਾਣ ਬਣਾ ਸਕਦੀ ਏ। ਪੁਸਤਕ ਵਿਚ 12 ਕਹਾਣੀਆਂ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਹਨ। ਕਹਾਣੀਆਂ ਦੇ ਕੇਂਦਰ ਵਿਚ ਉਹ ਨਾਰੀ ਏ ਜਿਹਦੀ ਹੋਂਦ ਮਰਦ ਨਾਲ ਬੱਝੀ ਹੁੰਦੀ ਏ। ਤਕਰੀਬਨ ਸਾਰੀਆਂ ਕਹਾਣੀਆਂ ਵਿਚ ਨਾਰੀ ਘਰ ਵਿਚ ਆਪਣੀ ਸਪੇਸ ਨਿਰਧਾਰਤ ਕਰਵਾਉਂਦੀ ਏ। ਪਿਤਰੀ ਸੱਤਾ ਕਿਵੇਂ ਨਾਰੀ ਦਾ ਸਮਾਜ ਤੇ ਘਰ 'ਚ ਦਮਨ ਕਰਦੀ ਏ ਤੇ ਨਾਰੀ ਕਿਵੇਂ ਪਿਤਰੀ ਸੱਤਾ ਤੋਂ ਬਾਗੀ ਸੁਰ ਅਖ਼ਤਿਆਰ ਕਰਕੇ ਆਪਣੇ ਅਸਤਿਤਵ ਨੂੰ ਬਚਾਉਣ ਲਈ ਨਾਬਰੀ ਦੀ ਸੁਰ ਨਾਲ ਸਮਾਜ ਵਿਚ ਆਪਣੀ ਸਪੇਸ ਨਿਰਧਾਰਤ ਕਰਦੀ ਏ। ਕਹਾਣੀ 'ਹਾਂ ! ਮੈਂ ਲਾਲਚੀ ਹਾਂ' ਇਹਦੀ ਨਿੱਗਰ ਮਿਸ਼ਾਲ ਏ। ਕਿਤਾਬ **ਤਰਲੋਚਨ ਪਬਲਿਸ਼ਰਜ਼** ਨੇ ਛਾਪੀ ਏ।








ਨੈਸ਼ਨਲ ਬੁੱਕ ਟਰੱਸਟ, ਇੰਡੀਆ




ਨੈਸ਼ਨਲ ਬੁੱਕ ਟਰੱਸਟ, ਇੰਡੀਆ





ਸੰਗਮ ਪਬਲੀਕੇਸ਼ਨ, ਸਮਾਣਾ




ਪ੍ਰਕਾਸ਼ਨ ਵਿਭਾਗ, ਭਾਰਤ ਸਰਕਾਰ

ਕਥਾਕਾਰ ਭਗਵੰਤ ਰਸੂਲਪੁਰੀ
ਦੀਆਂ ਪਿਛਲੇ ਸਮੇਂ ਛਪੀਆਂ ਪੜ੍ਹਨਯੋਗ ਪੁਸਤਕਾਂ...
ਕਥਾਕਾਰੀ ਤੋਂ ਹੱਟ ਕੇ ਕੀਤਾ ਗਿਆ
ਖੋਜ ਕਾਰਜ ਅਤੇ ਸੰਪਾਦਨ ਕਾਰਜ...
ਇਨ੍ਹਾਂ ਪੁਸਤਕਾਂ ਨੂੰ ਵੱਡੇ ਪ੍ਰਕਾਸ਼ਕਾਂ ਨੇ ਪ੍ਰਕਾਸ਼ਤ ਕੀਤਾ ਏ।
ਤੁਸੀਂ ਹੇਠ ਲਿਖੇ ਨੰਬਰ 'ਤੇ ਸੰਪਰਕ ਕਰਕੇ ਪੁਸਤਕਾਂ ਵੀ ਮੰਗਵਾਂ ਸਕਦੇ ਹੋ।
ਸੰਪਰਕ-94170-64350

Year: 19 issue:73 ISSN: 2321-4445
'Kahani Dhara' (Punjabi Quarterly) April to June.,2024, R.N.I.Regd. No. PUN2006/19971




ਪ੍ਰੇਮ ਮਾਨ ਇਕ ਸੁਲਝਿਆ ਹੋਇਆ ਕਥਾਕਾਰ ਏ। ਇਹ ਉਸ ਦਾ ਪਹਿਲਾ ਗੁਣ ਏ। ਪਰ ਨਾਲ ਨਾਲ ਉਹ ਮਿਆਰੀ ਵਾਰਤਕ ਵੀ ਲਿਖਦਾ ਰਹਿੰਦਾ ਏ। ਇਹ ਉਸ ਦਾ ਦੂਜਾ ਵੱਡਾ ਗੁਣ ਏ। ਉਸ ਦੇ ਲਿਖੇ ਸ਼ਬਦ ਚਿੱਤਰ ਪੰਜਾਬੀ ਪਾਠਕਾਂ ਦੇ ਅਜੇ ਵੀ ਮਨਾਂ 'ਚ ਘਰ ਕਰੀ ਬੈਠੇ ਨੇ। ਅਮਰੀਕਾ 'ਚ ਪਰਵਾਸੀ ਹੋ ਕੇ ਪ੍ਰੇਮ ਮਾਨ ਯੂਨੀਵਰਸਿਟੀ ਵਿੱਚ ਅਰਥ ਸ਼ਾਸ਼ਤਰ ਅਤੇ ਅੰਕੜਾ ਵਿਗਿਆਨ ਦਾ ਗਿਆਨ ਉਥੋਂ ਦੇ ਵਿਦਿਆਰਥੀਆਂ ਨੂੰ ਵੀ ਦਿੰਦਾ ਰਿਹਾ ਏ। ਇਹ ਉਸ ਦਾ ਤੀਜਾ ਵੱਡਾ ਗੁਣ ਏ। ਹੁਣ ਉਹ ਲਿਖਣ ਤੇ ਪੜ੍ਹਨ ਦਾ ਕਾਰਜ ਕਰ ਰਿਹਾ ਏ।

'ਨਿੱਕੀਆਂ-ਵੱਡੀਆਂ ਗੱਲਾਂ' ਉਸ ਦੀ ਵਾਰਤਕ ਦੀ ਨਵੀਂ ਪੁਸਤਕ ਏ। ਜਿਸ ਵਿਚ ਪ੍ਰੇਮ ਮਾਨ ਹੁਰਾਂ ਨੇ ਸਮੇਂ ਸਮੇਂ ਲਿਖੇ ਲੇਖਾਂ ਦੇ ਰੂਪ 'ਚ 'ਮੋਤੀ' ਇਸ ਪੁਸਤਕ ਦੇ ਧਾਗੇ 'ਚ ਪਰੋਏ ਨੇ। ਇਨ੍ਹਾਂ ਮੋਤੀਆਂ ਦੀ ਸੁਰ ਜਿੱਥੇ ਚਿੰਤਨੀ ਏ ਉੱਥੇ ਫ਼ਿਕਰ ਵਾਲੀ ਵੀ ਏ। ਉਹ ਵੱਖ ਵੱਖ ਮੁੱਦਿਆਂ 'ਤੇ ਆਪਣਾ ਫ਼ਿਕਰ ਜ਼ਾਹਰ ਕਰਦਾ ਹੋਇਆ ਆਪਣੇ ਲੇਖਕ ਹੋਣ ਦਾ ਧਰਮ ਨਿਭਾਉਂਦਾ ਆ ਰਿਹਾ ਏ। ਪ੍ਰੇਮ ਮਾਨ ਬਹੁਤ ਥੋੜ੍ਹਾ ਲਿਖਦਾ ਏ ਪਰ ਜੋ ਲਿਖਦਾ ਏ ਉਹ ਨਿੱਗਰ ਹੁੰਦਾ ਏ। ਉਹ ਅਰਥ ਭਰਪੂਰ ਹੁੰਦਾ ਏ।

ਇਸ ਵਾਰਤਕ ਪੁਸਤਕ ਦਾ ਸਿਰਲੇਖ 'ਨਿੱਕੀਆਂ-ਵੱਡੀਆਂ ਗੱਲਾਂ' ਏ। ਕਹਿ ਸਕਦੇ ਹਾਂ ਕਿ ਗੱਲਾਂ ਨਿੱਕੀਆਂ ਨੇ ਪਰ ਉਨ੍ਹਾਂ ਦੇ ਅਰਥ ਬਹੁਤ ਵੱਡੇ ਨੇ। ਕਿਉਂਕਿ ਉਸਦੇ ਚਿੰਤਨ ਦਾ ਪਸਾਰ ਗਲੋਬਲ ਏ। ਉਸ ਦੀ ਇਸ ਵਾਰਤਕ ਪੁਸਤਕ ਦਾ ਸਵਾਗਤ ਏ।